

# ॥ ਅਧਿਆਇ-1 ॥

### *ਵੰਦਨਾ, ਕਣਕ ਪੀਸਣ ਵਾਲਾ ਅਨੋਖਾ ਸੰਤ, ਕਣਕ ਪੀਸਣ ਦੀ ਕਥਾ ਅਤੇ ਉਸਦਾ ਅਰਥ।*

ਪੁਰਾਤਨ ਰੀਤੀ ਅਨੁਸਾਰ ਸ੍ਰੀ ਹੇਮਾਂਡਪੰਤ ਸ੍ਰੀ ਸਾਈਂ ਸੱਚਰਿੱਤਰ ਦਾ ਸ਼ੁਰੂ ਵੰਦਨਾ ਨਾਲ ਕਰਦੇ ਹਨ।

(1) ਪਹਿਲਾਂ ਸ੍ਰੀ ਗਣੇਸ਼ ਨੂੰ ਸ਼ਸ਼ਟਾਂਗ ਪ੍ਰਨਾਮ ਕਰਦੇ ਹਨ, ਜਿਹੜੇ ਹਰ ਕੰਮ ਨੂੰ ਨਿਰਵਿਘਨ ਪੂਰਾ ਕਰਕੇ ਉਸ ਨੂੰ ਯਸ਼ਸਵੀ ਬਣਾਉਂਦੇ ਹਨ ਅਤੇ ਕਹਿੰਦੇ ਹਨ ਕਿ ਸ੍ਰੀ ਸਾਈਂ ਹੀ ਗਣਪਤੀ ਹਨ।

(2) ਫੇਰ ਭਗਵਤੀ, ਸਰਸਵਤੀ ਨੂੰ ਜਿਨ੍ਹਾਂ ਨੇ ਕਾਵਿ ਰਚਨ ਦੀ ਪ੍ਰੇਰਨਾ ਦਿੱਤੀ ਅਤੇ ਕਹਿੰਦੇ ਹਨ ਕਿ ਸ੍ਰੀ ਸਾਈਂ ਭਗਵਤੀ ਤੋਂ ਵੱਖਰੇ ਨਹੀਂ ਹਨ, ਜਿਹੜੇ ਕਿ ਆਪ ਹੀ ਆਪਣਾ ਜੀਵਨ ਸੰਗੀਤ ਬਿਆਨ ਕਰ ਰਹੇ ਹਨ।

(3) ਫੇਰ ਬ੍ਰਹਮਾ, ਵਿਸ਼ਣੂ ਅਤੇ ਮਹੇਸ਼ ਨੂੰ ਜਿਹੜੇ ਕ੍ਰਮਵਾਰ ਉਤਪਤੀ, ਸਥਿਤੀ ਅਤੇ ਨਾਸ਼ਕਰਤਾ ਹਨ ਅਤੇ ਕਹਿੰਦੇ ਹਨ ਕਿ ਸ੍ਰੀ ਸਾਈਂ ਅਤੇ ਉਹ ਅਭਿੰਨ ਹਨ। ਉਹ ਆਪ ਹੀ ਗੁਰੂ ਬਣ ਕੇ ਭਵਸਾਗਰ ਤੋਂ ਪਾਰ ਉਤਾਰ ਦੇਣਗੇ।

(4) ਫੇਰ ਆਪਣੇ ਕੁਲਦੇਵਤਾ ਸ੍ਰੀ ਨਾਰਾਯਣ ਆਦਿਨਾਥ ਦੀ ਵੰਦਨਾ ਕਰਦੇ ਹਨ, ਜਿਹੜੇ ਕੋਂਕਣ ਵਿਚ ਪ੍ਰਗਟ ਹੋਏ। ਕੋਂਕਣ ਉਹ ਧਰਤੀ ਹੈ, ਜਿਸਨੂੰ ਸ੍ਰੀ ਪਰਸ਼ੂਰਾਮ ਜੀ ਨੇ ਸਮੁੰਦਰ ਵਿਚੋਂ ਕੱਢ ਕੇ ਸਥਾਪਿਤ ਕੀਤਾ ਸੀ। ਉਸ ਤੋਂ ਬਾਅਦ ਉਹ ਆਪਣੇ ਕੁੱਲ ਦੇ ਵਡੇਰਿਆਂ ਨੂੰ ਨਮਸਕਾਰ ਕਰਦੇ ਹਨ।

(5) ਫੇਰ ਸ੍ਰੀ ਭਾਰਦਵਾਜ ਮੁਨੀ ਨੂੰ, ਜਿਨ੍ਹਾਂ ਦੀ ਗੋਤ ਵਿਚ ਉਨ੍ਹਾਂ ਦਾ ਜਨਮ ਹੋਇਆ। ਉਸ ਤੋਂ ਬਾਅਦ ਉਨ੍ਹਾਂ ਰਿਸ਼ੀਆਂ ਨੂੰ ਜਿਵੇਂ—ਯਾਗਵਲਕਯ, ਭਰਿਗੂ, ਪਰਾਸ਼ਰ, ਨਾਰਦ, ਵੇਦਵਿਆਸ, ਵਾਮਦੇਵ, ਜੈਮਿਨੀ ਵੈਸ਼ੰਪਾਯਨ, ਨਵਯੋਗਿੰਦਰ ਆਦਿ ਅਤੇ ਆਧੁਨਿਕ ਸੰਤ ਜਿਵੇਂ ਨਿਵਰਤੀ, ਗਿਆਨਦੇਵ, ਸੋਪਾਨ, ਮੁਕਤਾਬਾਈ, ਜਨਾਰਦਨ, ਏਕਨਾਥ, ਨਾਮਦੇਵ, ਤੁਕਾਰਾਮ, ਕਾਨਹਾ, ਨਰਹਰੀ ਆਦਿ ਨੂੰ ਨਮਸਕਾਰ ਕਰਦੇ ਹਨ।

(6) ਫੇਰ ਆਪਣੇ ਦਾਦਾ ਸਦਾਸ਼ਿਵ, ਪਿਤਾ ਰਘੁਨਾਥ ਅਤੇ ਮਾਤਾ ਨੂੰ ਜਿਹੜੇ ਉਨ੍ਹਾਂ ਦੇ ਬਚਪਨ ਵਿਚ ਹੀ ਸਵਰਗਵਾਸ ਹੋ ਗਏ ਸੀ। ਫੇਰ ਆਪਣੀ ਚਾਚੀ ਜਿਨ੍ਹਾਂ ਨੇ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ ਅਤੇ ਆਪਣੇ ਵੱਡੇ ਭਰਾ ਨੂੰ ਨਮਸਕਾਰ ਕਰਦੇ ਹਨ।

(7) ਫੇਰ ਪਾਠਕਾਂ ਨੂੰ ਨਮਸਕਾਰ ਕਰਦੇ ਹਨ ਜਿਨ੍ਹਾਂ ਨੂੰ ਉਹ ਬੇਨਤੀ ਕਰਦੇ ਹਨ ਕਿ ਉਹ ਇਕਚਿਤ ਹੋ ਕੇ ਇਸ ਕਥਾ ਦਾ ਅੰਮ੍ਰਿਤ-ਪਾਨ ਕਰਨ।

(8) ਅੰਤ ਵਿਚ ਸ੍ਰੀ ਸਚਿਦਾਨੰਦ ਸਤਿਗੁਰੂ ਸਾਈਂਨਾਥ ਮਹਾਰਾਜ ਨੂੰ, ਜਿਹੜੇ ਕਿ ਸ੍ਰੀ ਦਤਾਤ੍ਰੇਯ ਦੇ ਅਵਤਾਰ ਅਤੇ ਉਨ੍ਹਾਂ ਨੂੰ ਆਸਰਾ ਦੇਣ ਵਾਲੇ ਹਨ ਅਤੇ ਜਿਹੜੇ "ਬ੍ਰਹਮਾ ਸੱਚ ਅਤੇ ਜਗ ਮਿਥਿਆ" ਦਾ ਗਿਆਨ ਕਰਵਾ ਕੇ ਸਾਰੇ ਪ੍ਰਾਣੀਆਂ ਵਿਚ ਇਕ ਹੀ ਬ੍ਰਹਮ ਦੀ ਵਿਆਪਕਤਾ ਦਾ ਅਨੁਭਵ ਕਰਵਾਉਂਦੇ ਹਨ।

ਸ੍ਰੀ ਪਰਾਸ਼ਰ, ਵਿਆਸ ਅਤੇ ਸ਼ਾਂਡਲੇ ਆਦਿ ਦੇ ਬਰਾਬਰ ਭਗਤੀ ਦੇ ਤਰੀਕਿਆਂ ਦਾ ਸੰਖੇਪ ਵਿਚ ਵਰਨਣ





ਕਰ ਕੇ ਹੁਣ ਗ੍ਰੰਥਕਾਰ ਹੇਠ ਲਿਖੀ ਕਥਾ ਸ਼ੁਰੂ ਕਰਦੇ ਹਨ:

## ਕਣਕ ਪੀਸਣ ਦੀ ਕਥਾ

"ਸੰਨ 1910 ਵਿਚ ਇਕ ਦਿਨ ਮੈਂ ਸਵੇਰੇ ਸ੍ਰੀ ਸਾਈਂ ਬਾਬਾ ਦੇ ਦਰਸ਼ਨ ਕਰਨ ਮਸਜਿਦ ਵਿਚ ਗਿਆ। ਉਥੋਂ ਦਾ ਅਜੀਬ ਨਜ਼ਾਰਾ ਦੇਖ ਕੇ ਮੇਰੀ ਹੈਰਾਨਗੀ ਦੀ ਹੱਦ ਨਾ ਰਹੀ ਕਿ ਸਾਈਂ ਬਾਬਾ ਮੂੰਹ ਹੱਥ ਧੋਣ ਤੋਂ ਬਾਅਦ ਚੱਕੀ ਪੀਸਣ ਦੀ ਤਿਆਰੀ ਕਰਨ ਲਗੇ। ਉਨ੍ਹਾਂ ਨੇ ਫ਼ਰਸ਼ ਉੱਪਰ ਇਕ ਟਾਟ ਦਾ ਟੁੱਕੜਾ ਵਿਛਾਇਆ ਅਤੇ ਉਸ ਉੱਪਰ ਹੱਥ ਨਾਲ ਪੀਸਣ ਵਾਲੀ ਚੱਕੀ ਰਖੀ ਅਤੇ ਕੁਝ ਕਣਕ ਪਾ ਕੇ ਪੀਸਣਾ ਸ਼ੁਰੂ ਕਰ ਦਿੱਤਾ।"

ਮੈਂ ਸੋਚਣ ਲਗਾ ਕਿ ਬਾਬਾ ਦੇ ਚੱਕੀ ਪੀਸਣ ਦਾ ਕੀ ਲਾਭ ਹੈ? ਉਨ੍ਹਾਂ ਕੋਲ ਕੋਈ ਵੀ ਨਹੀਂ ਹੈ ਅਤੇ ਉਹ ਆਪਣਾ ਗੁਜ਼ਾਰਾ ਵੀ ਭਿੱਖਿਆ ਮੰਗ ਕੇ ਕਰਦੇ ਹਨ। ਇਸ ਘਟਨਾ ਦੇ ਵੇਲੇ ਉਥੇ ਹਾਜ਼ਰ ਬਾਕੀ ਆਦਮੀਆਂ ਦੀ ਵੀ ਇਹੀ ਧਾਰਨਾ ਸੀ। ਪਰ ਉਨ੍ਹਾਂ ਕੋਲੋਂ ਪੁੱਛਣ ਦੀ ਹਿੰਮਤ ਕਿਸੇ ਵਿਚ ਨਹੀਂ ਸੀ। ਬਾਬਾ ਦੇ ਚੱਕੀ ਪੀਸਣ ਦੀ ਖ਼ਬਰ ਛੇਤੀ ਹੀ ਸਾਰੇ ਪਿੰਡ ਵਿਚ ਫੈਲ ਗਈ ਅਤੇ ਉਨ੍ਹਾਂ ਦੀ ਇਹ ਅਜੀਬ ਲੀਲ੍ਹਾ ਦੇਖਣ ਲਈ ਤੁਰੰਤ ਹੀ ਨਰ-ਨਾਰੀਆਂ ਦੀ ਭੀੜ ਮਸਜਿਦ ਵਲ ਦੌੜ ਪਈ।

ਉਨ੍ਹਾਂ ਵਿਚੋਂ ਚਾਰ ਨਿਡਰ ਔਰਤਾਂ ਭੀੜ ਨੂੰ ਚੀਰਦੀਆਂ ਹੋਈਆਂ ਉੱਪਰ ਆਈਆਂ ਅਤੇ ਬਾਬਾ ਨੂੰ ਜ਼ਬਰਦਸਤੀ ਉਥੋਂ ਹਟਾ ਕੇ ਉਨ੍ਹਾਂ ਦੇ ਹੱਥੋਂ ਚੱਕੀ ਦਾ ਡੰਡਾ ਖੋਹ ਕੇ ਬਾਬਾ ਦੀਆਂ ਲੀਲ੍ਹਾਵਾਂ ਦਾ ਗੁਣਗਾਣ ਕਰਦੇ ਹੋਏ ਕਣਕ ਪੀਸਣੀ ਸ਼ੁਰੂ ਕਰ ਦਿੱਤੀ।

ਪਹਿਲਾਂ ਤਾਂ ਬਾਬਾ ਗੁੱਸੇ ਵਿਚ ਆਏ ਪਰ ਫੇਰ ਉਨ੍ਹਾਂ ਦਾ ਭਗਤੀਭਾਵ ਦੇਖ ਕੇ ਉਹ ਸ਼ਾਂਤ ਹੋ ਕੇ ਮੁਸਕਰਾਉਣ ਲਗੇ। ਪੀਸਦੇ-ਪੀਸਦੇ ਉਨ੍ਹਾਂ ਔਰਤਾਂ ਦੇ ਮਨ ਵਿਚ ਖ਼ਿਆਲ ਆਇਆ ਕਿ ਬਾਬਾ ਦਾ ਨਾ ਘਰ-ਬਾਰ ਹੈ, ਨਾ ਉਨ੍ਹਾਂ ਦੇ ਬਾਲ-ਬੱਚੇ ਹਨ ਅਤੇ ਨਾ ਕੋਈ ਦੇਖਭਾਲ ਕਰਨ ਵਾਲਾ ਹੈ। ਉਹ ਆਪ ਭਿੱਖਿਆ ਮੰਗ ਕੇ ਹੀ ਆਪਣਾ ਗੁਜ਼ਾਰਾ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਭੋਜਨ ਲਈ ਆਟੇ ਦੀ ਕੀ ਲੋੜ ਹੈ? ਬਾਬਾ ਤਾਂ ਬੜੇ ਦਿਆਲੂ ਹਨ। ਹੋ ਸਕਦਾ ਹੈ ਕਿ ਇਹ ਆਟਾ ਉਹ ਸਾਨੂੰ ਸਾਰਿਆਂ ਨੂੰ ਹੀ ਵੰਡ ਦੇਣ। ਇਨ੍ਹਾਂ ਖ਼ਿਆਲਾਂ ਵਿਚ ਮਘਨ ਹੋ ਕੇ ਗੀਤ ਗਾਉਂਦੇ-ਗਾਉਂਦੇ ਹੀ ਉਨ੍ਹਾਂ ਨੇ ਸਾਰਾ ਆਟਾ ਪੀਸ ਦਿੱਤਾ। ਫੇਰ ਉਨ੍ਹਾਂ ਨੇ ਚੱਕੀ ਨੂੰ ਪਰੇ ਕਰਕੇ ਆਟੇ ਨੂੰ ਚਾਰ ਬਰਾਬਰ ਹਿੱਸਿਆਂ ਵਿਚ ਵੰਡ ਲਿਆ ਅਤੇ ਆਪਣਾ ਆਪਣਾ ਹਿੱਸਾ ਲੈ ਕੇ ਉਥੋਂ ਜਾਣ ਲਈ ਤਿਆਰ ਹੋ ਗਈਆਂ। ਹੁਣ ਤਕ ਸ਼ਾਂਤਚਿਤ ਬੈਠੇ ਬਾਬਾ ਗੁੱਸੇ ਵਿਚ ਆ ਗਏ ਅਤੇ ਉਨ੍ਹਾਂ ਨੂੰ ਬੁਰਾ ਭਲਾ ਕਹਿਣ ਲਗੇ—"ਔਰਤੋਂ, ਕੀ ਤੁਸੀਂ ਪਾਗਲ ਹੋ ਗਈਆਂ ਹੋ? ਤੁਸੀਂ ਕਿਸਦੇ ਪਿਓ ਦਾ ਮਾਲ ਹੜਪ ਕੇ ਲਿਜਾ ਰਹੀਆਂ ਹੋ? ਇਹ ਕੋਈ ਕਿਸੇ ਕਰਜ਼ਦਾਰ ਦਾ ਮਾਲ ਹੈ ਜਿਹੜਾ ਏਨੀ ਅਸਾਨੀ ਨਾਲ ਚੁੱਕ ਕੇ ਲਿਜਾ ਰਹੀਆਂ ਹੋ? ਚੰਗਾ, ਹੁਣ ਇਕ ਕੰਮ ਕਰੋ ਕਿ ਇਸ ਆਟੇ ਨੂੰ ਲਿਜਾ ਕੇ ਪਿੰਡ ਦੀ ਹੱਦ 'ਤੇ ਖਿਲਾਰ ਆਓ।"

ਮੈਂ ਸ਼ਿਰਡੀ ਵਾਸੀਆਂ ਨੂੰ ਸੁਆਲ ਕੀਤਾ ਕਿ ਜੋ ਕੁਝ ਬਾਬਾ ਨੇ ਹੁਣੇ ਕੀਤਾ ਹੈ, ਉਸਦਾ ਅਸਲ ਵਿਚ ਕੀ ਅਰਥ ਹੈ? ਉਨ੍ਹਾਂ ਨੇ ਮੈਨੂੰ ਦੱਸਿਆ ਕਿ ਪਿੰਡ ਵਿਚ ਹੈਜ਼ੇ ਦੀ ਬਹੁਤ ਕਰੋਪੀ ਹੈ ਅਤੇ ਉਸ ਤੋਂ ਛੁਟਕਾਰੇ

ਵਾਸਤੇ ਹੀ ਬਾਬਾ ਦਾ ਇਹ ਉਪਰਾਲਾ ਹੈ। ਹੁਣੇ ਜੋ ਕੁਝ ਤੁਸੀਂ ਪੀਸਦੇ ਦੇਖਿਆ ਸੀ ਉਹ ਕਣਕ ਨਹੀਂ, ਉਹ ਹੈਜ਼ਾ ਸੀ, ਜਿਹੜਾ ਪੀਸ ਕੇ ਨਸ਼ਟ ਕਰ ਦਿੱਤਾ ਗਿਆ ਹੈ। ਇਸ ਘਟਨਾ ਦੇ ਬਾਅਦ ਸੱਚਮੁੱਚ ਹੀ ਹੈਜ਼ੇ ਦੀ ਬਿਮਾਰੀ ਦੀ ਕਰੋਪੀ ਸ਼ਾਂਤ ਹੋ ਗਈ ਅਤੇ ਪਿੰਡ ਵਾਸੀ ਸੁੱਖੀ ਹੋ ਗਏ।

ਇਹ ਜਾਣ ਕੇ ਮੇਰੀ ਖ਼ੁਸ਼ੀ ਦੀ ਹੱਦ ਨਾ ਰਹੀ। ਮੇਰੀ ਇਸ ਬਾਰੇ ਜਾਣਨ ਦੀ ਤੀਬਰ ਇੱਛਾ ਜਾਗ ਪਈ। ਮੈਂ ਆਪਣੇ ਆਪ ਨੂੰ ਸੁਆਲ ਕਰਨ ਲਗਾ ਕਿ ਆਟੇ ਅਤੇ ਹੈਜ਼ੇ ਦੇ ਰੋਗ ਦਾ ਆਪਸੀ ਕੀ ਸਬੰਧ ਹੈ। ਇਸ ਦਾ ਭੇਦ ਕਿਵੇਂ ਪਤਾ ਲਗੇ ? ਘਟਨਾ ਵਿਚਾਰਨ ਵਾਲੀ ਨਹੀਂ ਲਗਦੀ। ਆਪਣੇ ਦਿਲ ਦੀ ਤਸੱਲੀ ਲਈ ਇਸ ਸੁੰਦਰ ਲੀਲ੍ਹਾ ਦਾ ਮੈਨੂੰ ਚਾਰ ਸ਼ਬਦਾਂ ਵਿਚ ਮਹੱਤਵ ਜ਼ਰੂਰ ਦੱਸਣਾ ਚਾਹੀਦਾ ਹੈ। ਇਸ ਲੀਲ੍ਹਾ 'ਤੇ ਵਿਚਾਰ ਕਰਦੇ ਹੋਏ ਮੇਰਾ ਦਿਲ ਗੱਦ-ਗੱਦ ਹੋ ਗਿਆ ਅਤੇ ਇਸ ਤਰ੍ਹਾਂ ਬਾਬਾ ਦਾ ਜੀਵਨ-ਚਰਿੱਤਰ ਲਿਖਣ ਦੀ ਮੈਨੂੰ ਪ੍ਰੇਰਨਾ ਮਿਲੀ। ਇਹ ਤਾਂ ਸਾਰੇ ਲੋਕ ਜਾਣਦੇ ਹਨ ਕਿ ਇਹ ਕੰਮ ਬਾਬਾ ਦੀ ਕਿਰਪਾ ਅਤੇ ਸ਼ੁਭ ਆਸ਼ੀਰਵਾਦ ਨਾਲ ਹੀ ਸਫ਼ਲਤਾ ਨਾਲ ਸੰਪੂਰਨ ਹੋ ਗਿਆ।

## ਆਟਾ ਪੀਸਣ ਦਾ ਮਹੱਤਵ

ਸ਼ਿਰਡੀ ਵਾਸੀਆਂ ਨੇ ਆਟਾ ਪੀਸਣ ਦੀ ਘਟਨਾ ਦਾ ਜਿਹੜਾ ਅਰਥ ਸਮਝਿਆ, ਉਹ ਠੀਕ ਹੀ ਹੈ, ਪਰ ਉਸ ਤੋਂ ਇਲਾਵਾ ਮੇਰੇ ਵਿਚਾਰ ਵਿਚ ਕੋਈ ਹੋਰ ਵੀ ਅਰਥ ਹੈ। ਬਾਬਾ ਸ਼ਿਰਡੀ ਵਿਚ 60 ਸਾਲਾਂ ਤਕ ਰਹੇ ਅਤੇ ਸਾਰਾ ਵਕਤ ਉਨ੍ਹਾਂ ਨੇ ਆਟਾ ਪੀਸਣ ਦਾ ਕੰਮ ਹਰ ਰੋਜ਼ ਹੀ ਕੀਤਾ। ਪੀਸਣ ਦਾ ਅਰਥ ਕਣਕ ਤੋਂ ਨਹੀਂ ਬਲਕਿ ਆਪਣੇ ਭਗਤਾਂ ਦੇ ਪਾਪਾਂ, ਮੰਦੇ ਭਾਗਾਂ, ਮਾਨਸਿਕ ਅਤੇ ਸਰੀਰਿਕ ਤਕਲੀਫ਼ਾਂ ਤੋਂ ਸੀ। ਉਨ੍ਹਾਂ ਦੀ ਚੱਕੀ ਦੇ ਦੋ ਪਾਟਾਂ ਵਿਚ ਉੱਪਰ ਦਾ ਪਾਟ ਭਗਤੀ ਅਤੇ ਥੱਲੇ ਦਾ ਕਰਮ ਦਾ ਸੀ। ਚੱਕੀ ਦਾ ਮੁੱਠਾ ਜਿਸ ਨੂੰ ਫੜ ਕੇ ਉਹ ਪੀਸਦੇ ਸੀ, ਉਹ ਸੀ ਗਿਆਨ। ਬਾਬਾ ਦਾ ਪੱਕਾ ਵਿਸ਼ਵਾਸ ਸੀ ਕਿ ਜਦੋਂ ਤਕ ਮਨੁੱਖ ਦੇ ਦਿਲ ਵਿਚੋਂ ਲੋਭ, ਮੋਹ, ਘਿਰਣਾ ਅਤੇ ਹੰਕਾਰ ਨਸ਼ਟ ਨਹੀਂ ਹੋ ਜਾਂਦੇ, ਜਿਨ੍ਹਾਂ ਦਾ ਨਸ਼ਟ ਹੋਣਾ ਅਤਿਅੰਤ ਮੁਸ਼ਕਿਲ ਹੈ, ਉਦੋਂ ਤਕ ਗਿਆਨ ਅਤੇ ਆਤਮਾਨੁਭੂਤੀ ਸੰਭਵ ਨਹੀਂ ਹੈ।

ਇਹ ਘਟਨਾ ਕਬੀਰ ਜੀ ਦੀ ਇਸ ਨਾਲ ਮਿਲਦੀ-ਜੁਲਦੀ ਘਟਨਾ ਦੀ ਯਾਦ ਕਰਾਉਂਦੀ ਹੈ। ਕਬੀਰ ਜੀ ਇਕ ਔਰਤ ਨੂੰ ਅਨਾਜ ਪੀਸਦੇ ਦੇਖ ਕੇ ਆਪਣੇ ਗੁਰੂ ਨਿਪਟਨਿਰੰਜਨ ਨੂੰ ਕਹਿਣ ਲਗੇ ਕਿ ਮੈਂ ਇਸ ਲਈ ਰੋ ਰਿਹਾ ਹਾਂ ਕਿ ਜਿਸ ਤਰ੍ਹਾਂ ਅਨਾਜ ਚੱਕੀ ਵਿਚ ਪੀਸਿਆ ਜਾਂਦਾ ਹੈ, ਉਸ ਤਰ੍ਹਾਂ ਮੈਂ ਵੀ ਭਵਸਾਗਰ ਰੂਪੀ ਚੱਕੀ ਵਿਚ ਪੀਸੇ ਜਾਣ ਦੀ ਤਕਲੀਫ਼ ਮਹਿਸੂਸ ਕਰ ਰਿਹਾ ਹਾਂ। ਉਨ੍ਹਾਂ ਦੇ ਗੁਰੂ ਨੇ ਜਵਾਬ ਦਿੱਤਾ ਕਿ ਘਬਰਾਉ ਨਾ, **ਚੱਕੀ ਦੇ ਕੇਂਦਰ ਵਿਚ ਜੋ ਗਿਆਨ ਰੂਪੀ ਡੰਡਾ ਹੈ, ਉਸ ਨੂੰ ਮਜ਼ਬੂਤੀ ਨਾਲ ਫੜ ਲਵੋ, ਜਿਸ ਤਰ੍ਹਾਂ ਤੁਸੀਂ ਮੈਨੂੰ ਕਰਦੇ ਦੇਖ ਰਹੇ ਹੋ। ਉਸ ਤੋਂ ਦੂਰ ਨਾ ਜਾਉ, ਬਸ, ਕੇਂਦਰ ਵਲ ਵੱਧਦੇ ਜਾਉ ਅਤੇ ਤਾਂ ਫਿਰ ਇਹ ਯਕੀਨੀ ਹੈ ਕਿ ਤੁਸੀਂ ਇਸ ਭਵਸਾਗਰ ਰੂਪੀ ਚੱਕੀ ਕੋਲੋਂ ਜ਼ਰੂਰ ਹੀ ਬੱਚ ਜਾਉਗੇ।**

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**





# ॥ ਅਧਿਆਇ-2 ॥

***ਗ੍ਰੰਥ ਲਿਖਣ ਦਾ ਮੰਤਵ, ਕੰਮ ਸ਼ੁਰੂ ਕਰਨ ਵਿਚ ਅਸਮਰੱਥਾ ਅਤੇ ਹਿੰਮਤ, ਗਰਮਾਗਰਮ ਬਹਿਸ, ਅਰਥਪੂਰਨ ਉਪਾਧੀ, 'ਹੇਮਾਂਡਪੰਤ', ਗੁਰੂ ਦੀ ਜਰੂਰਤ।***

ਪਿੱਛਲੇ ਅਧਿਆਇ ਵਿਚ ਗ੍ਰੰਥਕਾਰ ਨੇ ਆਪਣੇ ਮੌਲਿਕ ਗ੍ਰੰਥ ਸ੍ਰੀ ਸਾਈਂ ਸੱਚਚਰਿੱਤਰ (ਮਰਾਠੀ ਭਾਸ਼ਾ) ਵਿਚ ਉਨ੍ਹਾਂ ਕਾਰਨਾਂ 'ਤੇ ਰੋਸ਼ਨੀ ਪਾਈ ਸੀ ਜਿਨ੍ਹਾਂ ਕਰ ਕੇ ਉਨ੍ਹਾਂ ਨੂੰ ਗ੍ਰੰਥ ਰਚਨ ਦੇ ਕੰਮ ਨੂੰ ਸ਼ੁਰੂ ਕਰਨ ਦੀ ਪ੍ਰੇਰਨਾ ਮਿਲੀ। ਹੁਣ ਉਹ ਗ੍ਰੰਥ ਪੜ੍ਹਨ ਦੇ ਯੋਗ ਅਧਿਕਾਰੀਆਂ ਅਤੇ ਹੋਰ ਵਿਸ਼ਿਆਂ ਦਾ ਇਸ ਅਧਿਆਇ ਵਿਚ ਵਰਨਣ ਕਰਦੇ ਹਨ।

## ਗ੍ਰੰਥ ਲਿਖਣ ਦਾ ਮੰਤਵ

ਕਿਸ ਤਰ੍ਹਾਂ ਹੈਜ਼ੇ ਦੀ ਕਰੋਪੀ ਨੂੰ ਆਟਾ ਪਿਸਵਾ ਕੇ ਅਤੇ ਆਟੇ ਨੂੰ ਪਿੰਡ ਦੇ ਬਾਹਰ ਸੁਟਵਾ ਕੇ ਰੋਕਿਆ ਅਤੇ ਉਸ ਦਾ ਨਾਸ਼ ਕੀਤਾ, ਬਾਬਾ ਦੀ ਇਸ ਲੀਲ੍ਹਾ ਦਾ ਵਰਨਣ ਪਹਿਲੇ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ। ਮੈਂ ਬਾਬਾ ਦੀਆਂ ਹੋਰ ਵੀ ਲੀਲ੍ਹਾਵਾਂ ਸੁਣੀਆਂ, ਜਿਨ੍ਹਾਂ ਨਾਲ ਮੇਰੇ ਦਿਲ ਨੂੰ ਬਹੁਤ ਆਨੰਦ ਆਇਆ ਅਤੇ ਇਹੀ ਆਨੰਦ ਦਾ ਸੋਮਾ ਕਾਵਿ ਰੂਪ ਵਿਚ ਪ੍ਰਗਟ ਹੋਇਆ। ਮੈਂ ਸੋਚਿਆ ਕਿ ਇਹ ਮਹਾਨ ਹੈਰਾਨ ਕਰਨ ਵਾਲੀਆਂ ਲੀਲ੍ਹਾਵਾਂ ਦਾ ਵਰਨਣ ਬਾਬਾ ਦੇ ਭਗਤਾਂ ਲਈ ਮਨੋਰੰਜਕ ਅਤੇ ਸਿੱਖਿਆਦਾਇਕ ਸਿੱਧ ਹੋਏਗਾ ਅਤੇ ਉਨ੍ਹਾਂ ਦੇ ਪਾਪ ਜੜ੍ਹੋਂ ਨਸ਼ਟ ਹੋ ਜਾਣਗੇ। ਇਸ ਲਈ ਮੈਂ ਬਾਬਾ ਦੀ ਪਵਿੱਤਰ ਜੀਵਨੀ ਅਤੇ ਉਨ੍ਹਾਂ ਦੇ ਸੁੰਦਰ ਉਪਦੇਸ਼ਾਂ ਨੂੰ ਲਿਖਣਾ ਸ਼ੁਰੂ ਕਰ ਦਿੱਤਾ। ਸ੍ਰੀ ਸਾਈਂ ਦੀ ਜੀਵਨੀ ਨਾ ਤਾਂ ਉਲਝਨਪੂਰਣ ਹੈ ਅਤੇ ਨਾ ਹੀ ਤੰਗ ਹੈ, ਬਲਕਿ ਸੱਚ ਅਤੇ ਅਧਿਆਤਮਿਕ ਰਾਹ ਦੀ ਅਸਲੀ ਜਾਣਕਾਰੀ ਦਿੰਦੀ ਹੈ।

## ਕੰਮ ਸ਼ੁਰੂ ਕਰਨ ਵਿਚ ਅਸਮਰੱਥਾ ਅਤੇ ਹਿੰਮਤ

ਸ੍ਰੀ ਹੇਮਾਂਡਪੰਤ ਨੂੰ ਇਹ ਵਿਚਾਰ ਆਇਆ ਕਿ ਮੈਂ ਇਸ ਕੰਮ ਲਈ ਯੋਗ ਪਾਤਰ ਨਹੀਂ ਹਾਂ। ਮੈਂ ਤਾਂ ਆਪਣੇ ਪਰਮ ਦੋਸਤ ਦੀ ਜੀਵਨੀ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਹਾਂ ਅਤੇ ਨਾ ਹੀ ਆਪਣੇ ਸੁਭਾਅ ਤੋਂ। ਫੇਰ ਮੇਰੇ ਵਰਗਾ ਮੂਰਖ ਭਲਾ ਇਕ ਮਹਾਨ ਸੰਤਪੁਰਖ ਦੀ ਜੀਵਨੀ ਲਿਖਣ ਦੀ ਹਿੰਮਤ ਕਿਵੇਂ ਕਰ ਸਕਦਾ ਹੈ। ਅਵਤਾਰਾਂ ਦੇ ਸੁਭਾਅ ਦਾ ਵਰਨਣ ਕਰਨ ਵਿਚ ਤਾਂ ਵੇਦ ਵੀ ਆਪਣੀ ਅਸਮਰੱਥਾ ਪ੍ਰਗਟ ਕਰਦੇ ਹਨ। ਕਿਸੇ ਸੰਤ ਦਾ ਚਰਿੱਤਰ ਸਮਝਣ ਲਈ ਆਪਣੇ ਆਪ ਨੂੰ ਸੰਤ ਹੋਣਾ ਬਹੁਤ ਜ਼ਰੂਰੀ ਹੈ। ਫੇਰ ਮੈਂ ਤਾਂ ਉਨ੍ਹਾਂ ਦਾ ਗੁਣਗਾਣ ਕਰਨ ਦੇ ਬਿਲਕੁਲ ਯੋਗ ਨਹੀਂ ਹਾਂ। ਸੰਤਾਂ ਦੀ ਜੀਵਨੀ ਲਿਖਣ ਲਈ ਇਕ ਵੱਡੇ ਹੌਂਸਲੇ ਦੀ ਲੋੜ ਹੈ ਅਤੇ ਕਿਤੇ ਇਸ ਤਰ੍ਹਾਂ ਨਾ ਹੋਏ ਕਿ ਚਾਰ ਲੋਕਾਂ ਅੱਗੇ ਮੈਨੂੰ ਮਜ਼ਾਕ ਦਾ ਪਾਤਰ ਬਣਨਾ ਪਏ, ਇਸ ਲਈ ਸ੍ਰੀ ਸਾਈਂ ਬਾਬਾ ਦੀ ਕ੍ਰਿਪਾ ਪ੍ਰਾਪਤ ਕਰਨ ਲਈ ਮੈਂ ਈਸ਼ਵਰ ਨੂੰ ਪ੍ਰਾਰਥਨਾ ਕਰਨ ਲਗਾ।



ਮਹਾਂਰਾਸ਼ਟਰ ਦੇ ਮਹਾਨ ਸੰਤ ਸ੍ਰੀ ਗਿਆਨੇਸ਼ਵਰ ਮਹਾਰਾਜ ਦਾ ਕਥਨ ਹੈ ਕਿ ਸੰਤ ਚਰਿੱਤਰ ਰਚਣ ਵਾਲੇ ਤੋਂ ਪਰਮਾਤਮਾ ਅਤਿ ਪ੍ਰਸੰਨ ਹੁੰਦੇ ਹਨ। ਤੁਲਸੀਦਾਸ ਜੀ ਨੇ ਵੀ ਕਿਹਾ ਹੈ ਕਿ— "ਸਾਧੂਚਰਿਤ ਸ਼ੁਭ ਸਰਿਸ ਕਪਾਸੂ। ਨਿਰਸ ਵਿਸ਼ਦ ਗੁਣਮਯ ਫਲ ਜਾਸੂ॥ ਜੋ ਸਹਿ ਦੁੱਖ ਪਰ ਛਿਦਰ ਦੁਰਾਵਾ। ਵੰਦਨੀਯ ਜੇਹਿ ਜਗ ਜਸ ਪਾਵਾ॥" ਭਗਤਾਂ ਨੂੰ ਵੀ ਸੰਤਾਂ ਦੀ ਸੇਵਾ ਕਰਨ ਦੀ ਇੱਛਾ ਰਹਿੰਦੀ ਹੈ। ਸੰਤਾਂ ਦਾ ਕੰਮ ਪੂਰਾ ਕਰਵਾਉਣ ਦਾ ਢੰਗ ਵੀ ਅਦਭੁੱਤ ਹੀ ਹੈ। ਅਸਲ ਵਿਚ ਪ੍ਰੇਰਨਾ ਤਾਂ ਸੰਤ ਹੀ ਦਿੰਦੇ ਹਨ, ਭਗਤ ਤਾਂ ਇਕ ਜ਼ਰੀਆ ਹੀ ਹੈ ਜਾਂ ਸਮਝੋ ਕੰਮ ਕਰਨ ਲਈ ਇਕ ਜੰਤਰ ਹੀ ਹਨ। ਉਦਾਹਰਣ—ਸ਼ਕ ਸੰਨ 1700 ਵਿਚ ਕਵੀ ਮਹੀਪਤੀ ਨੂੰ ਸੰਤ–ਚਰਿੱਤਰ ਲਿਖਣ ਦੀ ਪ੍ਰੇਰਨਾ ਹੋਈ। ਈਸ਼ਵਰ ਨੇ ਸੰਤਾਂ ਵਿਚ ਪ੍ਰੇਰਨਾ ਪੈਦਾ ਕੀਤੀ ਅਤੇ ਕੰਮ ਪੂਰਾ ਹੋ ਗਿਆ। ਇਸੇ ਤਰ੍ਹਾਂ ਸ਼ਕ ਸੰਨ 1800 ਵਿਚ ਸ੍ਰੀ ਦਾਸਗਣੁ ਦੀ ਸੇਵਾ ਸਵੀਕਾਰ ਹੋਈ। ਮਹੀਪਤੀ ਨੇ ਚਾਰ ਕਾਵਿ ਰਚੇ—ਭਗਤ ਵਿਜਯ, ਸੰਤ ਵਿਜਯ, ਭਗਤ ਲੀਲ੍ਹਾ ਅਮ੍ਰਿਤ ਅਤੇ ਸੰਤ ਲੀਲ੍ਹਾ ਅੰਮ੍ਰਿਤ, ਅਤੇ ਦਾਸਗਣੁ ਨੇ ਕੇਵਲ ਦੋ-ਭਗਤ ਲੀਲ੍ਹਾ ਅੰਮ੍ਰਿਤ ਅਤੇ ਸੰਤ ਕਥਾ ਅੰਮ੍ਰਿਤ—ਜਿਸ ਵਿਚ ਆਧੁਨਿਕ ਸੰਤਾਂ ਦੇ ਚਰਿੱਤਰਾਂ ਦਾ ਵਰਨਣ ਹੈ। ਭਗਤ ਲੀਲ੍ਹਾ ਅੰਮ੍ਰਿਤ ਦੇ ਅਧਿਆਇ 31, 32, 33 ਅਤੇ ਸੰਤ ਕਥਾ ਅੰਮ੍ਰਿਤ ਦੇ 57ਵੇਂ ਅਧਿਆਇ ਵਿਚ ਸ੍ਰੀ ਸਾਈਂ ਬਾਬਾ ਦੀ ਸੁੰਦਰ ਜੀਵਨੀ ਅਤੇ ਅਮੁੱਲ ਉਪਦੇਸ਼ਾਂ ਦਾ ਵਰਨਣ ਸੁੰਦਰ ਅਤੇ ਮਨੋਰੰਜਕ ਢੰਗ ਨਾਲ ਕੀਤਾ ਗਿਆ ਹੈ। ਇਸ ਦਾ ਉਤਾਰਾ ਸ੍ਰੀ ਸਾਈਂ ਲੀਲ੍ਹਾ ਮੈਗਜ਼ੀਨ ਦੇ ਅੰਕ 11, 12 ਅਤੇ 17 ਵਿਚ ਦਿੱਤਾ ਗਿਆ ਹੈ। ਪਾਠਕਾਂ ਨੂੰ ਇਹ ਅੰਕ ਪੜ੍ਹਨ ਦੀ ਬੇਨਤੀ ਹੈ। ਇਸ ਤਰ੍ਹਾਂ ਸ੍ਰੀ ਸਾਈਂ ਬਾਬਾ ਦੀਆਂ ਅਦਭੁੱਤ ਲੀਲ੍ਹਾਵਾਂ ਦਾ ਵਰਨਣ ਇਕ ਬਹੁਤ ਸੁੰਦਰ ਛੋਟੀ ਜਿਹੀ ਕਿਤਾਬ—ਸ੍ਰੀ ਸਾਈਂਨਾਥ ਭਜਨਮਾਲਾ ਵਿਚ ਕੀਤਾ ਗਿਆ ਹੈ। ਇਸ ਦੀ ਰਚਨਾ ਬਾਂਦਰਾ ਦੀ ਸ੍ਰੀਮਤੀ ਸਵਿਤਰੀਬਾਈ ਰਘੁਨਾਥ ਤੇਂਡੁਲਕਰ ਨੇ ਕੀਤੀ ਹੈ।

ਸ੍ਰੀ ਦਾਸਗਣੁ ਮਹਾਰਾਜ ਨੇ ਵੀ ਸ੍ਰੀ ਸਾਈਂ ਬਾਬਾ 'ਤੇ ਕਈ ਸੁੰਦਰ ਕਵਿਤਾਵਾਂ ਦੀ ਰਚਨਾ ਕੀਤੀ ਹੈ। ਇਕ ਹੋਰ ਭਗਤ ਅਮੀਦਾਸ ਭਵਾਨੀ ਮੇਹਤਾ ਨੇ ਵੀ ਬਾਬਾ ਦੀਆਂ ਕੁਝ ਕਥਾਵਾਂ ਨੂੰ ਗੁਜਰਾਤੀ ਵਿਚ ਪ੍ਰਕਾਸ਼ਿਤ ਕੀਤਾ ਹੈ। 'ਸਾਈਂ ਪ੍ਰਭਾ' ਨਾਂਅ ਦੀ ਮੈਗਜ਼ੀਨ ਵਿਚ ਵੀ ਕੁਝ ਲੀਲ੍ਹਾਵਾਂ ਸ਼ਿਰਡੀ ਦੇ 'ਦਕਸ਼ਿਨਾ ਭਿਕਸ਼ਾ ਸੰਸਥਾਨ' ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜਦੋਂ ਸ੍ਰੀ ਸਾਈਂ ਨਾਥ ਮਹਾਰਾਜ ਦੇ ਜੀਵਨ 'ਤੇ ਰੋਸ਼ਨੀ ਪਾਉਣ ਵਾਲਾ ਏਨਾ ਸਾਹਿਤ ਮੌਜੂਦ ਹੈ, ਫੇਰ ਇਕ ਹੋਰ ਗ੍ਰੰਥ ਸਾਈਂ ਸੱਚਚਰਿੱਤਰ ਰਚਨ ਦੀ ਲੋੜ ਹੀ ਕਿਉਂ ਪੈਦਾ ਹੋਈ ? ਇਸਦਾ ਜਵਾਬ ਸਿਰਫ਼ ਇਹ ਹੈ ਕਿ ਸ੍ਰੀ ਸਾਈਂ ਬਾਬਾ ਦੀ ਜੀਵਨੀ ਸਮੁੰਦਰ ਵਾਂਗ ਡੂੰਘੀ, ਵਿਸ਼ਾਲ ਅਤੇ ਅਥਾਹ ਹੈ। ਜੇ ਉਸ ਵਿਚ ਡੂੰਘੇ ਗੋਤੇ ਲਾਏ ਜਾਣ ਤਾਂ ਗਿਆਨ ਅਤੇ ਭਗਤੀ ਰੂਪੀ ਅਮੁੱਲ ਰਤਨਾਂ ਦੀ ਸਹਿਜ ਹੀ ਪ੍ਰਾਪਤੀ ਹੋ ਸਕਦੀ ਹੈ, ਜਿਸ ਨਾਲ ਮੁਮੁਕਸ਼ੁਆਂ ਨੂੰ ਬਹੁਤ ਲਾਭ ਹੋਏਗਾ। ਸ੍ਰੀ ਸਾਈਂ ਬਾਬਾ ਦੀ ਜੀਵਨੀ, ਉਨ੍ਹਾਂ ਦੀਆਂ ਮਿਸਾਲਾਂ ਅਤੇ ਉਪਦੇਸ਼ ਬਹੁਤ ਹੈਰਾਨੀ ਭਰਪੂਰ ਹਨ। ਦੁੱਖੀ ਅਤੇ ਬਦਕਿਸਮਤ ਮਨੁੱਖਾਂ ਨੂੰ ਇਨ੍ਹਾਂ ਨਾਲ ਸ਼ਾਂਤੀ ਅਤੇ ਸੁੱਖ ਪ੍ਰਾਪਤ ਹੋਏਗਾ ਅਤੇ ਲੋਕ-ਪਰਲੋਕ ਵਿਚ ਗਿਆਨ ਦੀ ਪ੍ਰਾਪਤੀ ਹੋਏਗੀ। ਜੇ ਸ੍ਰੀ ਸਾਈਂ ਬਾਬਾ ਦੇ ਉਪਦੇਸ਼ਾਂ ਦਾ, ਜੋ ਕਿ ਵੈਦਿਕ

ਸਿੱਖਿਆ ਦੇ ਵਾਂਗ ਹੀ ਮਨੋਰੰਜਕ ਅਤੇ ਸਿੱਖਿਆਦਾਇਕ ਹਨ, ਧਿਆਨ ਨਾਲ ਸਰਵਣ ਅਤੇ ਵਿਚਾਰ ਕੀਤਾ ਜਾਏ ਤਾਂ ਭਗਤਾਂ ਨੂੰ ਮਨਚਾਹੇ ਫਲ ਦੀ ਪ੍ਰਾਪਤੀ ਹੋ ਜਾਏਗੀ, ਬ੍ਰਹਮਾ ਨਾਲ ਅਭਿੰਨਤਾ, ਅਸ਼ਟਾਂਗ ਯੋਗ ਦੀ ਸਿੱਧੀ ਅਤੇ ਸਮਾਧੀ ਆਨੰਦ ਆਦਿ ਦੀ ਪ੍ਰਾਪਤੀ ਆਸਾਨੀ ਨਾਲ ਹੋ ਜਾਏਗੀ। ਇਹ ਸੋਚ ਕੇ ਹੀ ਮੈਂ ਚਰਿੱਤਰ ਦੀਆਂ ਕਥਾਵਾਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਨਾਲ ਹੀ ਮੈਨੂੰ ਇਹ ਵਿਚਾਰ ਵੀ ਆਇਆ ਕਿ ਮੇਰੇ ਲਈ ਸਭ ਤੋਂ ਉੱਤਮ ਸਾਧਨਾ ਸਿਰਫ਼ ਇਹ ਹੀ ਹੈ, ਜਿਹੜੇ ਭੋਲੇ-ਭਾਲੇ ਪ੍ਰਾਣੀ ਸ੍ਰੀ ਸਾਈਂ ਬਾਬਾ ਦੇ ਦਰਸ਼ਨਾਂ ਨਾਲ ਨੇਤਰ ਸਫ਼ਲ ਕਰਨ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਲਈ ਇਹ ਚਰਿੱਤਰ ਅਤਿ ਆਨੰਦਦਾਇਕ ਹੋਏਗਾ। ਇਸ ਲਈ ਮੈਂ ਵੀ ਆਪਣਾ ਹੰਕਾਰ ਬਾਬਾ ਦੇ ਚਰਣਾਂ ’ਤੇ ਵਾਰ ਦਿੱਤਾ। ਮੈਂ ਸੋਚਿਆ ਹੁਣ ਰਾਹ ਬਹੁਤ ਆਸਾਨ ਹੋ ਗਿਆ ਹੈ ਅਤੇ ਬਾਬਾ ਮੈਨੂੰ ਇਸ ਲੋਕ ਅਤੇ ਪਰਲੋਕ ਵਿਚ ਸੁੱਖੀ ਬਣਾ ਦੇਣਗੇ।

ਮੈਂ ਆਪ ਬਾਬਾ ਦੀ ਆਗਿਆ ਪ੍ਰਾਪਤ ਕਰਨ ਦੀ ਹਿੰਮਤ ਨਹੀਂ ਕਰ ਸਕਦਾ ਸੀ। ਇਸ ਲਈ ਮੈਂ ਸ੍ਰੀ ਮਾਧਵਰਾਵ ਉਪਨਾਮ ਸ਼ਾਮਾ, ਜਿਹੜੇ ਕਿ ਬਾਬਾ ਦੇ ਖਾਸ ਭਗਤਾਂ ਵਿਚੋਂ ਸੀ, ਇਸ ਲਈ ਪ੍ਰਾਰਥਨਾ ਕੀਤੀ। ਸ਼ਾਮਾ ਨੇ ਇਸ ਕੰਮ ਦੇ ਲਈ ਸ੍ਰੀ ਸਾਈਂ ਬਾਬਾ ਨੂੰ ਨਿਮਰਤਾ ਭਰੇ ਸ਼ਬਦਾਂ ਵਿਚ ਇਸ ਤਰ੍ਹਾਂ ਬੇਨਤੀ ਕੀਤੀ, “ਇਹ ਅਣਾਸਾਹਿਬ ਤੁਹਾਡੀ ਜੀਵਨੀ ਲਿਖਣ ਦੇ ਲਈ ਉਤਸੁਕ ਹਨ। ਪਰ ਤੁਸੀਂ ਕ੍ਰਿਪਾ ਕਰ ਕੇ ਇਹ ਨਾ ਕਹਿਣਾ ਕਿ ਮੈਂ ਤਾਂ ਇਕ ਫ਼ਕੀਰ ਹਾਂ ਅਤੇ ਮੇਰੀ ਜੀਵਨੀ ਲਿਖਣ ਦੀ ਕੀ ਲੋੜ ਹੈ। ਤੁਹਾਡੀ ਕ੍ਰਿਪਾ ਅਤੇ ਆਗਿਆ ਨਾਲ ਹੀ ਇਹ ਲਿਖ ਸਕਣਗੇ, ਜਾਂ ਤੁਹਾਡੇ ਸ੍ਰੀ ਚਰਣਾਂ ਦਾ ਪੁੰਨ ਪ੍ਰਤਾਪ ਹੀ ਇਸ ਕੰਮ ਨੂੰ ਸਫ਼ਲ ਬਣਾ ਦੇਵੇਗਾ। ਤੁਹਾਡੀ ਆਗਿਆ ਅਤੇ ਆਸ਼ੀਰਵਾਦ ਤੋਂ ਬਿਨਾਂ ਕੋਈ ਵੀ ਕੰਮ ਯਸ਼ਸਵੀ ਨਹੀਂ ਹੋ ਸਕਦਾ।” ਇਹ ਪ੍ਰਾਰਥਨਾ ਸੁਣ ਕੇ ਬਾਬਾ ਨੂੰ ਦਯਾ ਆ ਗਈ। ਉਨ੍ਹਾਂ ਤਸੱਲੀ ਅਤੇ ਉਦੀ ਦੇ ਕੇ ਆਪਣਾ ਮਿਹਰ ਭਰਿਆ ਹੱਥ ਮੇਰੇ ਸਿਰ ’ਤੇ ਰਖਿਆ ਅਤੇ ਕਹਿਣ ਲਗੇ ਕਿ “ਇਨ੍ਹਾਂ ਨੂੰ ਜੀਵਨ ਅਤੇ ਉਪਦੇਸ਼ਾਂ ਨੂੰ ਇਕੱਠੇ ਕਰ ਕੇ ਲਿਪੀਬੰਦ ਕਰਨ ਦਿਉ, ਮੈਂ ਇਨ੍ਹਾਂ ਦੀ ਮਦਦ ਕਰਾਂਗਾ। **ਮੈਂ ਆਪ ਹੀ ਆਪਣੀ ਜੀਵਨੀ ਲਿਖ ਕੇ ਭਗਤਾਂ ਦੀ ਇੱਛਾ ਪੂਰਨ ਕਰਾਂਗਾ।** ਪਰ ਇਨ੍ਹਾਂ ਨੂੰ ‘ਮੈਂ’ ਤਿਆਗ ਕੇ ਮੇਰੀ ਸ਼ਰਨ ਵਿਚ ਆਉਣਾ ਚਾਹੀਦਾ ਹੈ। ਜਿਹੜਾ ਆਪਣੇ ਜੀਵਨ ਵਿਚ ਇਸ ਤਰ੍ਹਾਂ ਆਚਰਣ ਕਰਦਾ ਹੈ, ਮੈਂ ਉਸ ਦੀ ਬਹੁਤ ਮਦਦ ਕਰਦਾ ਹਾਂ। ਮੇਰੀ ਜੀਵਨ ਕਥਾਵਾਂ ਦੀ ਗੱਲ ਤਾਂ ਸਹਿਜ ਹੈ, ਮੈਂ ਤਾਂ ਇਨ੍ਹਾਂ ਨੂੰ ਘਰ ਬੈਠੇ ਹੀ ਕਈ ਤਰ੍ਹਾਂ ਨਾਲ ਮਦਦ ਪਹੁੰਚਾਉਂਦਾ ਹਾਂ। ਜਦੋਂ ਇਨ੍ਹਾਂ ਦੀ ‘ਮੈਂ’ ਪੂਰੀ ਤਰ੍ਹਾਂ ਨਸ਼ਟ ਹੋ ਜਾਏਗੀ ਅਤੇ ਖੋਜਣ ’ਤੇ ਰਤੀ ਭਰ ਵੀ ਨਹੀਂ ਮਿਲੇਗੀ, ਤਾਂ **ਮੈਂ ਇਨ੍ਹਾਂ ਦੇ ਹਿਰਦੇ ਵਿਚ ਪ੍ਰਗਟ ਹੋ ਕੇ ਆਪ ਹੀ ਆਪਣੀ ਜੀਵਨੀ ਲਿਖਾਂਗਾ। ਮੇਰੇ ਚਰਿੱਤਰ ਅਤੇ ਉਪਦੇਸ਼ਾਂ ਦੇ ਸਰਵਣ ਮਾਤਰ ਨਾਲ ਹੀ ਭਗਤਾਂ ਦੇ ਦਿਲ ਵਿਚ ਸ਼ਰਧਾ ਜਾਗ ਕੇ ਆਸਾਨੀ ਨਾਲ ਆਤਮਾਨੁਭੂਤੀ ਅਤੇ ਪ੍ਰਮਾਨੰਦ ਦੀ ਪ੍ਰਾਪਤੀ ਹੋ ਜਾਏਗੀ।** ਗ੍ਰੰਥ ਵਿਚ ਆਪਣੇ ਮਤ ਦਾ ਪ੍ਰਮਾਣ ਅਤੇ ਦੂਜਿਆਂ ਦਾ ਖੰਡਨ ਅਤੇ ਹੋਰ ਕਿਸੇ ਵਿਸ਼ੇ ਦੇ ਹੱਕ ਵਿਚ ਜਾਂ ਖ਼ਿਲਾਫ਼ ਫ਼ਜ਼ੂਲ ਬਹਿਸ ਦੀ ਮਾੜੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ।”



## ਅਰਥਪੂਰਨ ਉਪਾਧੀ 'ਹੇਮਾਂਡਪੰਤ'

'ਵਾਦ ਵਿਵਾਦ' ਸ਼ਬਦ ਤੋਂ ਮੈਨੂੰ ਯਾਦ ਆਇਆ ਕਿ ਮੈਂ ਪਾਠਕਾਂ ਨੂੰ ਵਚਨ ਦਿੱਤਾ ਹੈ ਕਿ 'ਹੇਮਾਂਡਪੰਤ' ਉਪਾਧੀ ਕਿਸ ਤਰ੍ਹਾਂ ਪ੍ਰਾਪਤ ਹੋਈ, ਇਸ ਦਾ ਵਰਨਣ ਕਰਾਂਗਾ। ਹੁਣ ਮੈਂ ਉਸਦਾ ਵਰਨਣ ਕਰਦਾ ਹਾਂ।

ਸ੍ਰੀ ਕਾਕਾਸਾਹਿਬ ਦਿਕਸ਼ਿਤ ਅਤੇ ਨਾਨਸਾਹਿਬ ਚਾਂਦੋਰਕਰ ਮੇਰੇ ਖ਼ਾਸ ਦੋਸਤਾਂ ਵਿਚੋਂ ਸੀ। ਉਨ੍ਹਾਂ ਨੇ ਮੈਨੂੰ ਸ਼ਿਰਡੀ ਜਾ ਕੇ ਸ੍ਰੀ ਸਾਈਂ ਬਾਬਾ ਦੇ ਦਰਸ਼ਨਾਂ ਦਾ ਲਾਭ ਲੈਣ ਦੀ ਬੇਨਤੀ ਕੀਤੀ। ਮੈਂ ਉਨ੍ਹਾਂ ਨੂੰ ਵਚਨ ਦਿੱਤਾ, ਪਰ ਕੁਝ ਰੁਕਾਵਟ ਆ ਜਾਣ ਕਰ ਕੇ ਮੇਰੀ ਸ਼ਿਰਡੀ-ਯਾਤਰਾ ਮੁਲਤਵੀ ਹੋ ਗਈ। ਮੇਰੇ ਇਕ ਖ਼ਾਸ ਦੋਸਤ ਦਾ ਪੁੱਤਰ ਲੋਨਾਵਾਲਾ ਵਿਚ ਬਿਮਾਰ ਹੋ ਗਿਆ ਸੀ। ਉਨ੍ਹਾਂ ਨੇ ਸਾਰੇ ਆਦਿਭੌਤਿਕ ਅਤੇ ਅਧਿਆਤਮਿਕ ਇਲਾਜ ਕੀਤੇ ਪਰ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਹੋ ਗਈਆਂ ਅਤੇ ਬੁਖ਼ਾਰ ਕਿਸੇ ਵੀ ਤਰ੍ਹਾਂ ਘਟ ਨਾ ਹੋਇਆ। ਅੰਤ ਵਿਚ ਉਨ੍ਹਾਂ ਨੇ ਆਪਣੇ ਗੁਰੂਦੇਵ ਨੂੰ ਉਸ ਦੇ ਸਰਹਾਣੇ ਬੈਠਾਇਆ, ਪਰ ਨਤੀਜਾ ਉਹ ਹੀ ਪਹਿਲਾਂ ਵਾਲਾ ਹੀ ਹੋਇਆ। ਇਹ ਘਟਨਾ ਦੇਖ ਕੇ ਮੈਨੂੰ ਵਿਚਾਰ ਆਇਆ ਕਿ ਜੇ ਗੁਰੂ ਇਕ ਬੱਚੇ ਦੇ ਪ੍ਰਾਣਾਂ ਦੀ ਰਖਿਆ ਕਰਨ ਵਿਚ ਅਸਮਰਥ ਹੈ, ਫੇਰ ਉਸ ਦੀ ਲੋੜ ਵੇਲੇ ਯੋਗਤਾ ਦਾ ਲਾਭ ਹੀ ਕੀ ਹੈ? ਅਤੇ ਜਦੋਂ ਉਸ ਵਿਚ ਕੋਈ ਯੋਗਤਾ ਨਹੀਂ, ਤਾਂ ਸ਼ਿਰਡੀ ਜਾਣ ਦਾ ਕੀ ਮਤਲਬ ਹੈ? ਇਹ ਸੋਚ ਕੇ ਮੈਂ ਸ਼ਿਰਡੀ-ਯਾਤਰਾ ਮੁਲਤਵੀ ਕਰ ਦਿੱਤੀ। ਪਰ ਜੋ ਹੋਣਾ ਹੈ, ਉਹ ਤਾਂ ਹੋ ਕੇ ਹੀ ਰਹੇਗਾ ਅਤੇ ਉਹ ਇਸ ਤਰ੍ਹਾਂ ਹੋਇਆ। ਪ੍ਰਾਂਤ ਅਧਿਕਾਰੀ ਨਾਨਾਸਾਹਿਬ ਚਾਂਦੋਰਕਰ ਵਸਈ ਦੌਰੇ 'ਤੇ ਜਾ ਰਹੇ ਸੀ। ਉਹ ਠਾਣੇ ਤੋਂ ਦਾਦਰ ਪਹੁੰਚੇ ਅਤੇ ਵਸਈ ਜਾਣ ਵਾਲੀ ਗੱਡੀ ਦੀ ਉਡੀਕ ਕਰ ਰਹੇ ਸੀ। ਉਸੇ ਵੇਲੇ ਬਾਂਦਰਾਂ ਲੋਕਲ ਆ ਗਈ, ਜਿਸ ਵਿਚ ਬੈਠ ਕੇ ਉਹ ਬਾਂਦਰਾ ਪਹੁੰਚੇ ਅਤੇ ਸ਼ਿਰਡੀ-ਯਾਤਰਾ ਮੁਲਤਵੀ ਕਰਨ ਲਈ ਮੇਰੀ ਖ਼ਬਰ ਲਈ। ਨਾਨਾਸਾਹਿਬ ਦੀ ਦਲੀਲ ਮੈਨੂੰ ਠੀਕ ਅਤੇ ਸੁੱਖਦਾਈ ਮਹਿਸੂਸ ਹੋਈ ਅਤੇ ਉਸ ਦੇ ਫਲਸਰੂਪ ਮੈਂ ਉਸੇ ਰਾਤ ਸ਼ਿਰਡੀ ਜਾਣ ਦਾ ਇਰਾਦਾ ਕਰ ਲਿਆ ਅਤੇ ਸਮਾਨ ਬੰਨ੍ਹ ਕੇ ਸ਼ਿਰਡੀ ਲਈ ਰਵਾਨਾ ਹੋ ਗਿਆ। ਮੈਂ ਸਿੱਧਾ ਦਾਦਰ ਜਾ ਕੇ ਉਥੋਂ ਮਨਮਾਡ ਦੀ ਗੱਡੀ ਫੜਨ ਦਾ ਪ੍ਰੋਗਰਾਮ ਬਣਾਇਆ। ਇਸ ਇਰਾਦੇ ਨਾਲ ਮੈਂ ਦਾਦਰ ਵਾਲੀ ਗੱਡੀ ਦੇ ਡੱਬੇ ਵਿਚ ਬੈਠ ਗਿਆ। ਗੱਡੀ ਚੱਲਣ ਵਾਲੀ ਹੀ ਸੀ ਕਿ ਇਕ ਮੁਸਲਮਾਨ ਮੇਰੇ ਡੱਬੇ ਵਿਚ ਆਇਆ ਅਤੇ ਮੇਰਾ ਸਮਾਨ ਦੇਖ ਕੇ ਮੈਨੂੰ ਪੁੱਛਣ ਲਗਾ ਕਿ ਕਿੱਥੇ ਜਾ ਰਹੇ ਹੋ? ਮੈਂ ਆਪਣਾ ਪ੍ਰੋਗਰਾਮ ਉਸ ਨੂੰ ਦੱਸ ਦਿੱਤਾ। ਉਸ ਨੇ ਮੈਨੂੰ ਕਿਹਾ ਕਿ ਮਨਮਾਡ ਵਾਲੀ ਗੱਡੀ ਦਾਦਰ ਖੜੀ ਨਹੀਂ ਹੁੰਦੀ, ਇਸ ਲਈ ਸਿੱਧੇ ਬੋਰੀਬੰਦਰ ਤੋਂ ਹੋ ਕੇ ਜਾਉ। ਜੇ ਇਹ ਇਕ ਸਾਧਾਰਣ ਜਿਹੀ ਘਟਨਾ ਨਾ ਘਟੀ ਹੁੰਦੀ ਤਾਂ ਮੈਂ ਆਪਣੇ ਪ੍ਰੋਗਰਾਮ ਦੇ ਮੁਤਾਬਿਕ ਸ਼ਿਰਡੀ ਨਾ ਪਹੁੰਚ ਸਕਣ ਦੇ ਕਾਰਨ ਕਈ ਤਰ੍ਹਾਂ ਦੇ ਸ਼ੱਕ ਅਤੇ ਵਹਿਮਾਂ ਵਿਚ ਪੈ ਜਾਂਦਾ। ਪਰ ਏਦਾਂ ਹੋਣਾ ਨਹੀਂ ਸੀ। ਕਿਸਮਤ ਨੇ ਸਾਥ ਦਿੱਤਾ ਅਤੇ ਦੂਜੇ ਦਿਨ 9-10 ਵਜੇ ਤੋਂ ਪਹਿਲਾਂ ਹੀ ਮੈਂ ਸ਼ਿਰਡੀ ਪਹੁੰਚ ਗਿਆ। ਇਹ ਸੰਨ 1910 ਦੀ ਗੱਲ ਹੈ, ਜਦੋਂ ਬਾਹਰੋਂ ਆਏ ਭਗਤਾਂ ਦੇ ਰਹਿਣ ਲਈ ਸਾਠੇਵਾੜਾ ਹੀ ਇਕੋ ਇਕ ਥਾਂ ਸੀ। ਟਾਂਗੇ ਤੋਂ ਉਤਰ ਕੇ ਮੈਂ ਸਾਈਂ ਬਾਬਾ ਦੇ ਦਰਸ਼ਨਾਂ ਲਈ ਬਹੁਤ ਉਤਾਵਲਾ ਸੀ। ਉਸ ਵੇਲੇ ਭਗਤਪ੍ਰਵਰ ਸ੍ਰੀ ਤਾਤਿਆ ਸਾਹਿਬ ਨੂਲਕਰ ਮਸਜਿਦ ਤੋਂ ਵਾਪਸ ਆਏ ਹੀ ਸੀ। ਉਨ੍ਹਾਂ ਨੇ ਦੱਸਿਆ ਕਿ ਇਸ ਵਕਤ

ਸ੍ਰੀ ਸਾਈਂ ਬਾਬਾ ਮਸਜਿਦ ਦੇ ਮੋੜ 'ਤੇ ਹੀ ਹਨ। ਹੁਣ ਸਿਰਫ਼ ਉਨ੍ਹਾਂ ਦਾ ਸ਼ੁਰੂਆਤੀ ਦਰਸ਼ਨ ਹੀ ਕਰ ਲਵੋ ਅਤੇ ਫੇਰ ਇਸ਼ਨਾਨ ਆਦਿ ਕਰਕੇ ਆਰਾਮ ਨਾਲ ਮੁਲਾਕਾਤ ਕਰਨ ਜਾਣਾ। ਇਹ ਸੁਣਦੇ ਹੀ ਮੈਂ ਦੌੜ ਕੇ ਗਿਆ ਅਤੇ ਬਾਬਾ ਦੇ ਚਰਣ ਛੂਹੇ। ਮੇਰੀ ਖ਼ੁਸ਼ੀ ਦੀ ਹੱਦ ਨਾ ਰਹੀ। ਮੈਨੂੰ ਕੀ ਨਹੀਂ ਮਿਲ ਗਿਆ ਸੀ ? ਮੇਰਾ ਸਰੀਰ ਪ੍ਰਫੁਲਿਤ ਜਿਹਾ ਹੋ ਗਿਆ। ਮੇਰੀ ਭੁੱਖ ਪਿਆਸ ਦੀ ਸੁੱਧ ਚਲੀ ਗਈ। ਜਿਸ ਵਕਤ ਤੋਂ ਉਨ੍ਹਾਂ ਦੇ ਭਵਵਿਨਾਸ਼ਕ ਚਰਣਾਂ ਦੀ ਛੋਹ ਪ੍ਰਾਪਤ ਹੋਈ, ਮੇਰੇ ਜੀਵਨ ਵਿਚ ਇਕ ਨਵੀਂ ਖ਼ੁਸ਼ੀ ਆ ਗਈ। ਮੈਂ ਉਨ੍ਹਾਂ ਦਾ ਸਦਾ ਲਈ ਕਰਜ਼ਾਈ ਹੋ ਗਿਆ। ਉਨ੍ਹਾਂ ਦਾ ਇਹ ਉਪਕਾਰ ਮੈਂ ਕਦੀ ਵੀ ਨਹੀਂ ਭੁੱਲ ਸਕਾਂਗਾ। ਮੈਂ ਹਮੇਸ਼ਾਂ ਉਨ੍ਹਾਂ ਨੂੰ ਯਾਦ ਕਰ ਕੇ ਉਨ੍ਹਾਂ ਨੂੰ ਮਾਨਸਿਕ ਪ੍ਰਨਾਮ ਕਰਦਾ ਹਾਂ। ਜਿਵੇਂ ਕਿ ਮੈਨੂੰ ਮਹਿਸੂਸ ਹੋਇਆ ਹੈ ਕਿ ਸਾਈਂ ਦੇ ਦਰਸ਼ਨ ਦੀ ਇਹ ਵਿਸ਼ੇਸ਼ਤਾ ਹੈ ਕਿ ਵਿਚਾਰ ਬਦਲ ਕੇ, ਪਿਛਲੇ ਕਰਮਾਂ ਦਾ ਅਸਰ ਜਲਦੀ ਘੱਟਣ ਲਗਦਾ ਹੈ ਅਤੇ ਹੌਲੀ-ਹੌਲੀ ਵਿਸ਼ੇ-ਵਿਕਾਰਾਂ ਅਤੇ ਸੰਸਾਰਿਕ ਭੋਗਾਂ ਤੋਂ ਵੈਰਾਗ ਵੱਧਦਾ ਜਾਂਦਾ ਹੈ। ਸਿਰਫ਼ ਪਿੱਛਲੇ ਜਨਮਾਂ ਦੇ ਅਨੇਕ ਸ਼ੁਭ ਸੰਸਕਾਰ ਇਕੱਠੇ ਹੋਣ ਕਰ ਕੇ ਹੀ ਇਵੇਂ ਦਰਸ਼ਨ ਪ੍ਰਾਪਤ ਹੋ ਸਕਦੇ ਹਨ। ਪਾਠਕੋ, ਮੈਂ ਤੁਹਾਨੂੰ ਸਹੁੰ ਖਾ ਕੇ ਕਹਿੰਦਾ ਹਾਂ ਕਿ ਜੇ ਤੁਸੀਂ ਸ੍ਰੀ ਸਾਈਂ ਬਾਬਾ ਨੂੰ ਇਕ ਵਾਰੀ ਨਜ਼ਰ ਭਰ ਕੇ ਦੇਖ ਲਵੋਗੇ ਤਾਂ ਤੁਹਾਨੂੰ ਸਾਰਾ ਸੰਸਾਰ ਹੀ ਸਾਈਂਮਯ ਦਿਖਾਈ ਦੇਵੇਗਾ।

## ਗਰਮਾਗਰਮ ਬਹਿਸ

ਸ਼ਿਰਡੀ ਪਹੁੰਚਣ ਦੇ ਪਹਿਲੇ ਦਿਨ ਹੀ ਬਾਲਾਸਾਹਿਬ ਅਤੇ ਮੇਰੇ ਵਿਚ ਗੁਰੂ ਦੀ ਜ਼ਰੂਰਤ 'ਤੇ ਵਾਦ-ਵਿਵਾਦ ਛਿੜ ਗਿਆ। ਮੇਰਾ ਮਤ ਸੀ ਕਿ ਆਜ਼ਾਦੀ ਛੱਡ ਕੇ ਗੁਲਾਮ ਕਿਉਂ ਹੋਈਏ ਅਤੇ ਜਦੋਂ ਕਰਮ ਆਪ ਹੀ ਕਰਨਾ ਹੈ ਤਾਂ ਗੁਰੁ ਦੀ ਜ਼ਰੂਰਤ ਕਿੱਥੇ ਹੈ ? ਹਰੇਕ ਨੂੰ ਪੂਰੀ ਕੋਸ਼ਿਸ਼ ਕਰ ਕੇ ਆਪਣੇ ਆਪ ਅੱਗੇ ਵਧਣਾ ਚਾਹੀਦਾ ਹੈ। ਗੁਰੂ ਚੇਲੇ ਲਈ ਕਰਦਾ ਹੀ ਕੀ ਹੈ ? ਉਹ ਤਾਂ ਸੁੱਖ ਨਾਲ ਨੀਂਦ ਦਾ ਆਨੰਦ ਲੈਂਦਾ ਹੈ। ਇਸ ਤਰ੍ਹਾਂ ਮੈਂ ਆਜ਼ਾਦੀ ਦਾ ਪੱਖ ਪੂਰਿਆ ਅਤੇ ਬਾਲਾਸਾਹਿਬ ਨੇ ਗੁਰੂ ਦੀ ਲੋੜ ਦਾ। ਉਨ੍ਹਾਂ ਨੇ ਕਿਹਾ ਕਿ ਜੋ ਵਿਧੀ ਵਿਚ ਲਿਖਿਆ ਹੈ, ਉਹ ਤਾਂ ਹੋ ਕੇ ਹੀ ਰਹੇਗਾ। ਇਸ ਵਿਚ ਉੱਚ ਕੋਟੀ ਦੇ ਮਹਾਂਪੁਰਖ ਵੀ ਅਸਫਲ ਹੋ ਗਏ ਹਨ। ਕਹਾਵਤ ਹੈ—"ਮੇਰੇ ਮਨ ਕੁਝ ਹੋਰ, ਵਿਧਾਤਾ ਦੇ ਕੁਝ ਹੋਰ।" ਫੇਰ ਸਲਾਹ ਦਿੰਦੇ ਹੋਏ ਬੋਲੇ, ਭਾਈ ਸਾਹਿਬ, ਇਹ ਨਿਰੀ ਸਿਆਣਪ ਛੱਡ ਦਿਉ। ਇਹ ਹੰਕਾਰ ਤੁਹਾਡੀ ਕੋਈ ਮਦਦ ਨਹੀਂ ਕਰ ਸਕੇਗਾ। ਇਸ ਤਰ੍ਹਾਂ ਦੋਵਾਂ ਧਿਰਾਂ ਦੇ ਖੰਡਨ-ਮੰਡਨ ਵਿਚ ਲਗਭਗ ਇਕ ਘੰਟਾ ਬੀਤ ਗਿਆ ਅਤੇ ਹਮੇਸ਼ਾਂ ਦੀ ਤਰ੍ਹਾਂ ਕੋਈ ਨਤੀਜਾ ਨਾ ਨਿਕਲ ਸਕਿਆ। ਇਸ ਲਈ ਤੰਗ ਅਤੇ ਮਜਬੂਰ ਹੋ ਕੇ ਬਹਿਸ ਨੂੰ ਮੁਲਤਵੀ ਕਰਨਾ ਪਿਆ। ਇਸ ਦਾ ਨਤੀਜਾ ਇਹ ਹੋਇਆ ਕਿ ਮੇਰੀ ਮਾਨਸਿਕ ਸ਼ਾਂਤੀ ਭੰਗ ਹੋ ਗਈ ਅਤੇ ਮੈਨੂੰ ਮਹਿਸੂਸ ਹੋਇਆ ਕਿ ਜਦੋਂ ਤਕ ਘੋਰ ਸਰੀਰਿਕ ਬੁੱਧੀ ਅਤੇ ਹੰਕਾਰ ਨਾ ਹੋਵੇ, ਉਦੋਂ ਤਕ ਬਹਿਸ ਸੰਭਵ ਨਹੀਂ। ਅਸਲ ਵਿਚ ਇਹ ਹੰਕਾਰ ਹੀ ਬਹਿਸ ਦੀ ਜੜ੍ਹ ਹੈ।

ਜਦੋਂ ਮੈਂ ਬਾਕੀ ਲੋਕਾਂ ਨਾਲ ਮਸਜਿਦ ਗਿਆ, ਤਾਂ ਬਾਬਾ ਨੇ ਕਾਕਾਸਾਹਿਬ ਨੂੰ ਸੰਬੋਧਨ ਕਰ ਕੇ ਸੁਆਲ

ਕੀਤਾ ਕਿ ਸਾਠੇਵਾੜਾ ਵਿਚ ਕੀ ਹੋ ਰਿਹਾ ਸੀ ? ਕਿਸ ਵਿਸ਼ੇ ’ਤੇ ਬਹਿਸ ਹੋ ਰਹੀ ਸੀ ? ਫੇਰ ਮੇਰੇ ਵੱਲ ਦੇਖ ਕੇ ਬੋਲੇ ਕਿ ਇਸ ‘ਹੇਮਾਂਡਪੰਤ’ ਨੇ ਕੀ ਕਿਹਾ। ਇਹ ਸ਼ਬਦ ਸੁਣ ਕੇ ਮੈਨੂੰ ਬਹੁਤ ਹੈਰਾਨੀ ਹੋਈ। ਸਾਠੇਵਾੜਾ ਅਤੇ ਮਸਜਿਦ ਵਿਚ ਕਾਫ਼ੀ ਦੂਰੀ ਸੀ। ਅੰਤਰਯਾਮੀ ਹੋਏ ਬਿਨਾਂ ਬਾਬਾ ਨੂੰ ਬਹਿਸ ਦਾ ਗਿਆਨ ਕਿਵੇਂ ਹੋ ਸਕਦਾ ਸੀ ?

ਮੈਂ ਸੋਚਣ ਲਗਾ ਕਿ ਬਾਬਾ ‘ਹੇਮਾਂਡਪੰਤ’ ਦੇ ਨਾਂਅ ਨਾਲ ਮੈਨੂੰ ਸੰਬੋਧਨ ਕਰ ਰਹੇ ਹਨ। ਇਹ ਸ਼ਬਦ ਤਾਂ ‘ਹੇਮਾਦਰੀਪੰਤ’ ਦਾ ਵਿਗੜਿਆ ਰੂਪ ਹੈ। ‘ਹੇਮਾਦਰੀਪੰਤ’ ਦੇਵਗਿਰੀ ਦੇ ਯਾਦਵ ਰਾਜਵੰਸ਼ੀ ਮਹਾਰਾਜਾ ਮਹਾਂਦੇਵ ਅਤੇ ਰਾਮਦੇਵ ਦੇ ਪ੍ਰਸਿੱਧ ਮੰਤਰੀ ਸੀ। ਉਹ ਉੱਚ ਕੋਟੀ ਦੇ ਵਿਦਵਾਨ, ਉੱਤਮ ਸੁਭਾਅ ਅਤੇ ‘ਚਤੁਰਵਰਗ ਚਿੰਤਾਮਣੀ’ (ਜਿਸ ਵਿਚ ਅਧਿਆਤਮਿਕ ਵਿਸ਼ਿਆਂ ਦੀ ਸਮੀਖਿਆ ਹੈ) ਅਤੇ ‘ਰਾਜ ਪ੍ਰਸ਼ਾਸਿਤ’ ਵਰਗੇ ਉੱਤਮ ਕਾਵਿ ਦੇ ਰਚਨਹਾਰ ਸੀ। ਉਨ੍ਹਾਂ ਨੇ ਹੀ ਹਿਸਾਬ-ਕਿਤਾਬ ਰੱਖਣ ਦੇ ਨਵੇਂ ਢੰਗ ਦੀ ਖੋਜ ਕੀਤੀ ਸੀ ਅਤੇ ਵਹੀਖਾਤੇ ਦੀ ਰੀਤ ਨੂੰ ਜਨਮ ਦਿੱਤਾ ਸੀ ਅਤੇ ਕਿੱਥੇ ਮੈਂ ਇਸ ਦੇ ਉਲਟ ਇਕ ਅਗਿਆਨੀ ਮੂਰਖ ਅਤੇ ਘੱਟ-ਬੁੱਧੀ ਹਾਂ। ਇਸ ਲਈ ਮੇਰੀ ਸਮਝ ਵਿਚ ਨਾ ਆਇਆ ਕਿ ਮੈਨੂੰ ਇਸ ਖ਼ਾਸ ਉਪਾਧੀ ਨਾਲ ਸੁਭਾਇਮਾਨ ਕਰਨ ਦਾ ਕੀ ਮਤਲਬ ਹੈ ? ਡੂੰਘੀ ਸੋਚ ਕਰਨ ’ਤੇ ਮੈਂ ਇਸ ਨਤੀਜੇ ’ਤੇ ਪਹੁੰਚਿਆ ਕਿ ਕਿਤੇ ਬਾਬਾ ਨੇ ਮੇਰੇ ਹੰਕਾਰ ਨੂੰ ਚੂਰ ਕਰਨ ਦੇ ਲਈ ਹੀ ਤਾਂ ਇਸ ਹਥਿਆਰ ਦਾ ਪ੍ਰਯੋਗ ਨਹੀਂ ਕੀਤਾ, ਤਾਂ ਕਿ ਮੈਂ ਭਵਿੱਖ ਵਿਚ ਹਮੇਸ਼ਾਂ ਲਈ ਹੰਕਾਰ ਛੱਡ ਕੇ ਨਿਮਰ ਹੋ ਜਾਵਾਂ ਜਾਂ ਕਿਤੇ ਇਹ ਮੇਰੇ ਸ਼ਬਦਾਂ ਦੀ ਚਤੁਰਾਈ ਕਰ ਕੇ ਮੇਰੀ ਤਾਰੀਫ਼ ਤਾਂ ਨਹੀਂ ਕਰ ਰਹੇ।

ਭਵਿੱਖ ’ਤੇ ਨਜ਼ਰ ਮਾਰਨ ਨਾਲ ਪਤਾ ਲਗਦਾ ਹੈ ਕਿ ਬਾਬਾ ਵੱਲੋਂ ‘ਹੇਮਾਂਡਪੰਤ’ ਦੀ ਉਪਾਧੀ ਨਾਲ ਸੁਭਾਇਮਾਨ ਕਰਨਾ ਕਿੰਨਾ ਅਰਥਪੂਰਨ ਅਤੇ ਭਵਿੱਖ ਜਾਨਣਯੋਗ ਸੀ। ਸਾਰੇ ਜਾਣਦੇ ਹਨ ਕਿ ਆਉਣ ਵਾਲੇ ਵਕਤ ਵਿਚ ਦਾਭੋਲਕਰ ਨੇ ਸ੍ਰੀ ਸਾਈਂ ਬਾਬਾ ਸੰਸਥਾਨ ਦਾ ਪ੍ਰਬੰਧ ਕਿੰਨੇ ਸੁਚੱਜੇ ਅਤੇ ਸਿਆਣੇ ਢੰਗ ਨਾਲ ਕੀਤਾ ਸੀ। ਹਿਸਾਬ-ਕਿਤਾਬ ਕਿੰਨੇ ਉੱਤਮ ਤਰੀਕੇ ਨਾਲ ਰੱਖੇ ਅਤੇ ਨਾਲ-ਨਾਲ ‘ਮਹਾਂਕਾਵਿ ਸਾਈਂ ਸੱਚ ਚਰਿਤੱਰ’ ਦੀ ਰਚਨਾ ਵੀ ਕੀਤੀ। ਇਸ ਗ੍ਰੰਥ ਵਿਚ ਮਹੱਤਵਪੂਰਨ ਅਤੇ ਅਧਿਆਤਮਿਕ ਵਿਸ਼ਿਆਂ ਜਿਵੇਂ ਗਿਆਨ, ਭਗਤੀ, ਵੈਰਾਗ, ਸ਼ਰਨਾਗਤੀ ਅਤੇ ਆਤਮ-ਸਮਰਪਣ ਆਦਿ ਦਾ ਸੁਮੇਲ ਹੈ।

## ਗੁਰੂ ਦੀ ਜ਼ਰੂਰਤ

ਇਸ ਵਿਸ਼ੇ ਤੇ ਬਾਬਾ ਨੇ ਕੀ ਉਚਾਰਣ ਕੀਤਾ, ਇਸ ਬਾਰੇ ਵਿਚ ਹੇਮਾਂਡਪੰਤ ਦਾ ਲਿਖਿਆ ਕੋਈ ਲੇਖ ਜਾਂ ਯਾਦ ਪੱਤਰ ਨਹੀਂ ਮਿਲਿਆ। ਪਰ ਕਾਕਾਸਾਹਿਬ ਦੀਕਸ਼ਿਤ ਨੇ ਇਸ ਵਿਸ਼ੇ ’ਤੇ ਆਪਣੇ ਲੇਖ ਪ੍ਰਕਾਸ਼ਿਤ ਕੀਤੇ ਹਨ। ਬਾਬਾ ਨਾਲ ਮੁਲਾਕਾਤ ਕਰਨ ਦੇ ਦੂਜੇ ਦਿਨ ‘ਹੇਮਾਂਡਪੰਤ’ ਅਤੇ ਕਾਕਾਸਾਹਿਬ ਨੇ ਮਸਜਿਦ ਵਿਚ ਜਾ ਕੇ ਘਰ ਵਾਪਸ ਜਾਣ ਦੀ ਆਗਿਆ ਮੰਗੀ। ਬਾਬਾ ਨੇ ਆਗਿਆ ਦੇ ਦਿੱਤੀ।

ਕਿਸੇ ਨੇ ਸੁਆਲ ਕੀਤਾ—ਬਾਬਾ ਕਿੱਥੇ ਜਾਈਏ ?

ਜਵਾਬ ਮਿਲਿਆ—ਉੱਪਰ ਜਾਓ।

ਸੁਆਲ—ਰਾਹ ਕਿਸ ਤਰ੍ਹਾਂ ਦਾ ਹੈ?

ਬਾਬਾ—ਅਨੇਕ ਰਾਹ ਹਨ। ਇਥੋਂ ਵੀ ਇਕ ਰਾਹ ਹੈ। ਪਰ ਇਹ ਰਾਹ ਔਖਾ ਹੈ ਅਤੇ ਸ਼ੇਰ ਅਤੇ ਭੇੜੀਏ ਵੀ ਮਿਲਦੇ ਹਨ।

ਕਾਕਾਸਾਹਿਬ—ਜੇ ਰਾਹ ਦਿਖਾਉਣ ਵਾਲਾ ਵੀ ਨਾਲ ਹੋਵੇ ਤਾਂ?

ਬਾਬਾ—ਤਾਂ ਕੋਈ ਤਕਲੀਫ਼ ਨਹੀਂ ਹੋਏਗੀ। ਰਾਹ ਦਿਖਾਉਣ ਵਾਲਾ ਤੁਹਾਡੀ ਸ਼ੇਰ, ਭੇੜੀਏ ਅਤੇ ਖੱਡਾਂ ਤੋਂ ਰਖਿਆ ਕਰ ਕੇ ਤੁਹਾਨੂੰ ਸਿੱਧੇ ਨਿਸ਼ਚਤ ਥਾਂ 'ਤੇ ਪਹੁੰਚਾ ਦੇਵੇਗਾ। ਪਰ ਉਸ ਦੇ ਨਾਲ ਨਾ ਹੋਣ 'ਤੇ ਜੰਗਲ ਵਿਚ ਰਾਹ ਭੁੱਲਣ ਜਾਂ ਖੱਡ ਵਿਚ ਡਿੱਗਣ ਦਾ ਖ਼ਤਰਾ ਹੈ। ਦਾਭੋਲਕਰ ਇਸ ਪ੍ਰਸੰਗ ਦੇ ਮੌਕੇ 'ਤੇ ਹਾਜ਼ਰ ਸੀ। ਉਨ੍ਹਾਂ ਨੇ ਸੋਚਿਆ ਕਿ ਜੋ ਕੁਝ ਬਾਬਾ ਕਹਿ ਰਹੇ ਹਨ, ਉਹ "ਗੁਰੂ ਦੀ ਜ਼ਰੂਰਤ ਕਿਉਂ ਹੈ?" ਇਸ ਸੁਆਲ ਦਾ ਜਵਾਬ ਹੈ (ਸਾਈਂ ਲੀਲ੍ਹਾ ਭਾਗ–1, ਨੰਬਰ 5 ਅਤੇ ਸਫ਼ਾ 47 ਦੇ ਅਨੁਸਾਰ) ਉਨ੍ਹਾਂ ਨੇ ਸਦਾ ਲਈ ਮਨ ਵਿਚ ਗੰਢ ਬੰਨ੍ਹ ਲਈ ਕਿ ਹੁਣ ਕਦੀ ਵੀ ਇਸ ਵਿਸ਼ੇ 'ਤੇ ਬਹਿਸ ਨਹੀਂ ਕਰਨਗੇ ਕਿ ਆਜ਼ਾਦ ਜਾਂ ਗੁਲਾਮ ਆਦਮੀ ਅਧਿਆਤਮਿਕ ਵਿਸ਼ਿਆਂ ਲਈ ਕਿਸ ਤਰ੍ਹਾਂ ਦਾ ਸਿੱਧ ਹੋਏਗਾ? ਜਵਾਬ ਇਸ ਦੇ ਉਲਟ ਅਸਲ ਵਿਚ ਪ੍ਰਮਾਰਥ-ਲਾਭ ਸਿਰਫ਼ ਗੁਰੂ ਦੇ ਉਪਦੇਸ਼-ਪਾਲਣ ਵਿਚ ਲੁਕਿਆ ਹੋਇਆ ਹੈ। ਇਨ੍ਹਾਂ ਉਪਦੇਸ਼ਾਂ ਦਾ ਵਰਨਣ ਮੂਲ ਕਾਵਿ ਗ੍ਰੰਥ ਦੇ ਇਸੇ ਅਧਿਆਇ ਵਿਚ ਕੀਤਾ ਗਿਆ ਹੈ, ਜਿਸ ਵਿਚ ਲਿਖਿਆ ਹੈ ਕਿ ਰਾਮ ਅਤੇ ਕ੍ਰਿਸ਼ਨ ਅਵਤਾਰੀ ਪੁਰਖ ਹੁੰਦੇ ਹੋਏ ਵੀ ਆਤਮਾਨੁਭੂਤੀ ਦੇ ਲਈ ਰਾਮ ਨੂੰ ਆਪਣੇ ਗੁਰੂ ਵਸ਼ਿਸ਼ਠ ਅਤੇ ਕ੍ਰਿਸ਼ਨ ਨੂੰ ਆਪਣੇ ਗੁਰੂ ਸੰਦੀਪਨੀ ਦੀ ਸ਼ਰਨ ਵਿਚ ਜਾਣਾ ਪਿਆ ਸੀ। ਇਸ ਰਾਹ ਵਿਚ ਉੱਨਤੀ ਪ੍ਰਾਪਤ ਕਰਨ ਦੇ ਲਈ ਸਿਰਫ਼ ਸ਼ਰਧਾ ਅਤੇ ਧੀਰਜ—ਇਹ ਹੀ ਦੋ ਗੁਣ ਮਦਦਗਾਰ ਹਨ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**





# ॥ ਅਧਿਆਇ-3 ॥

***ਸ੍ਰੀ ਸਾਈਂ ਬਾਬਾ ਦੀ ਮਨਜ਼ੂਰੀ, ਆਗਿਆ ਅਤੇ ਪ੍ਰਤਿਗਿਆ, ਭਗਤਾਂ ਨੂੰ ਕੰਮ ਸੌਂਪਣਾ, ਬਾਬਾ ਦਾ ਚਰਿੱਤਰ : ਰੋਸ਼ਨ ਥੰਮ, ਮਾਤਾ ਦਾ ਪਿਆਰ, ਰੋਹਿਲਾ ਦੀ ਕਥਾ, ਬਾਬਾ ਦੇ ਸੁੰਦਰ ਉਪਦੇਸ਼।***

## ਸ੍ਰੀ ਸਾਈਂ ਬਾਬਾ ਦੀ ਮਨਜ਼ੂਰੀ ਅਤੇ ਵਚਨ ਦੇਣਾ

ਜਿਵੇਂ ਕਿ ਪਿਛਲੇ ਅਧਿਆਇ ਵਿਚ ਵਰਨਣ ਕੀਤਾ ਗਿਆ ਹੈ, ਬਾਬਾ ਨੇ ਸੱਚਚਰਿੱਤਰ ਲਿਖਣ ਦੀ ਆਗਿਆ ਦੇਣ ਲਗੇ ਕਿਹਾ ਕਿ ਸੱਚਚਰਿੱਤਰ ਲਿਖਣ ਦੀ ਪੂਰਨ ਆਗਿਆ ਹੈ। ਤੁਸੀਂ ਆਪਣਾ ਮਨ ਟਿਕਾ ਕੇ, ਮੇਰੇ ਵਚਨਾਂ ਵਿਚ ਸ਼ਰਧਾ ਰਖੋ ਅਤੇ ਨਿਡਰ ਹੋ ਕੇ ਕਰਤੱਵ ਪਾਲਣ ਕਰਦੇ ਰਹੋ। ਜੇ ਮੇਰੀਆ ਲੀਲ੍ਹਾਵਾਂ ਲਿਖੀਆਂ ਗਈਆਂ ਤਾਂ ਅਨਪੜ੍ਹਤਾ ਦਾ ਨਾਸ਼ ਹੋਏਗਾ ਅਤੇ ਧਿਆਨ ਅਤੇ ਭਗਤੀ ਨਾਲ ਸਰਵਣ ਕਰਨ ਨਾਲ ਸਰੀਰਿਕ ਬੁੱਧੀ ਨਸ਼ਟ ਹੋ ਕੇ ਭਗਤੀ ਅਤੇ ਪਿਆਰ ਦੀ ਤੀਬਰ ਲਹਿਰ ਚਲੇਗੀ ਅਤੇ ਜਿਹੜਾ ਇਨ੍ਹਾਂ ਲੀਲ੍ਹਾਵਾਂ ਦੀ ਜ਼ਿਆਦਾ ਡੂੰਘਾਈ ਨਾਲ ਖੋਜ ਕਰੇਗਾ, ਉਸ ਨੂੰ ਗਿਆਨ-ਰੂਪੀ ਅਮੁੱਲ ਰਤਨ ਦੀ ਪ੍ਰਾਪਤੀ ਹੋ ਜਾਏਗੀ।

ਇਹ ਵਚਨ ਸੁਣ ਕੇ ਹੇਮਾਂਡਪੰਤ ਨੂੰ ਬਹੁਤ ਖ਼ੁਸ਼ੀ ਹੋਈ ਅਤੇ ਉਹ ਨਿਡਰ ਹੋ ਗਏ। ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਇਹ ਕਾਰਜ ਜ਼ਰੂਰ ਹੀ ਸਫ਼ਲ ਹੋਏਗਾ।

ਬਾਬਾ ਨੇ ਸ਼ਾਮਾ ਵੱਲ ਦੇਖ ਕੇ ਕਿਹਾ—"ਜਿਹੜਾ, ਪਿਆਰ ਨਾਲ ਮੇਰਾ ਨਾਮ ਸਿਮਰਨ ਕਰੇਗਾ, ਮੈਂ ਉਸ ਦੀਆਂ ਸਾਰੀਆ ਇੱਛਾਵਾਂ ਪੂਰੀਆਂ ਕਰ ਦੇਵਾਂਗਾ। ਉਸ ਦੀ ਭਗਤੀ ਵਿਚ ਲਗਾਤਾਰ ਵਾਧਾ ਹੋਏਗਾ। ਜਿਹੜਾ ਮੇਰੇ ਚਰਿੱਤਰ ਅਤੇ ਕਾਰਜਾਂ ਨੂੰ ਸ਼ਰਧਾ ਨਾਲ ਗਾਏਗਾ, ਉਸ ਦੀ ਮੈਂ ਹਰ ਤਰ੍ਹਾਂ ਮਦਦ ਕਰਾਂਗਾ। **ਜਿਹੜੇ ਭਗਤ ਦਿਲ ਅਤੇ ਪ੍ਰਾਣਾਂ ਨਾਲ ਮੈਨੂੰ ਚਾਹੁੰਦੇ ਹਨ, ਉਨ੍ਹਾਂ ਨੂੰ ਮੇਰੀਆਂ ਕਥਾਵਾਂ ਸਰਵਣ ਕਰਕੇ ਕੁਦਰਤੀ ਖ਼ੁਸ਼ੀ ਹੋਏਗੀ। ਵਿਸ਼ਵਾਸ ਰਖੋ ਕਿ ਜਿਹੜਾ ਕੋਈ ਮੇਰੀਆਂ ਲੀਲ੍ਹਾਵਾਂ ਦਾ ਕੀਰਤਨ ਕਰੇਗਾ, ਉਸ ਨੂੰ ਪਰਮਾਨੰਦ ਅਤੇ ਸਦਾ ਲਈ ਸਬਰ-ਸੰਤੋਖ ਦੀ ਪ੍ਰਾਪਤੀ ਹੋ ਜਾਏਗੀ। ਇਹ ਮੇਰੀ ਖ਼ਾਸੀਅਤ ਹੈ ਕਿ ਜਿਹੜਾ ਇਕਾਗਰ ਭਾਵ ਨਾਲ ਮੇਰੀ ਸ਼ਰਨ ਆਉਂਦਾ ਹੈ, ਜਿਹੜਾ ਸ਼ਰਧਾ ਨਾਲ ਮੇਰੀ ਪੂਜਾ, ਲਗਾਤਾਰ ਸਿਮਰਨ ਅਤੇ ਮੇਰਾ ਹੀ ਧਿਆਨ ਕਰਦਾ ਹੈ, ਮੈਂ ਉਸ ਨੂੰ ਮੁਕਤੀ ਦੇ ਦਿੰਦਾ ਹਾਂ।"**

"ਜਿਹੜੇ ਹਰ ਰੋਜ਼ ਮੇਰਾ ਨਾਮ ਸਿਮਰਨ ਅਤੇ ਪੂਜਾ ਕਰ ਕੇ ਮੇਰੀਆਂ ਕਥਾਵਾਂ ਅਤੇ ਲੀਲ੍ਹਾਵਾਂ **ਦਾ ਪਿਆਰ ਨਾਲ ਚਿੰਤਨ ਕਰਦੇ ਹਨ, ਏਦਾਂ ਦੇ ਭਗਤਾਂ ਵਿਚ ਸੰਸਾਰਿਕ ਵਾਸਨਾਵਾਂ ਅਤੇ ਅਗਿਆਨ ਰੂਪੀ ਪ੍ਰਵਿਰਤੀਆਂ ਕਿਵੇਂ ਟਿਕ ਸਕਦੀਆਂ ਹਨ ? ਮੈਂ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾ ਲੈਂਦਾ ਹਾਂ।"**

**"ਮੇਰੀਆਂ ਕਥਾਵਾਂ ਸਰਵਣ ਕਰਨ ਨਾਲ ਮੁਕਤੀ ਮਿਲ ਜਾਏਗੀ। ਇਸ ਲਈ ਮੇਰੀਆਂ ਕਥਾਵਾਂ ਸ਼ਰਧਾ ਨਾਲ ਸੁਣੋ ਅਤੇ ਵਿਚਾਰ ਕਰੋ।** ਸੁੱਖ ਅਤੇ ਸੰਤੋਖ ਪ੍ਰਾਪਤੀ ਦਾ ਸਭ ਤੋਂ ਆਸਾਨ ਰਾਹ ਇਹ ਹੀ ਹੈ। ਇਸ





ਨਾਲ ਸਰੋਤਿਆਂ ਦੇ ਮਨ ਨੂੰ ਸ਼ਾਂਤੀ ਮਿਲੇਗੀ ਅਤੇ ਜਦੋਂ ਧਿਆਨ ਡੂੰਘਾ ਅਤੇ ਵਿਸ਼ਵਾਸ ਪੱਕਾ ਹੋਏਗਾ, ਉਦੋਂ ਅਖੰਡ ਚਿਤਸਰੂਪ ਆਤਮਾ ਨਾਲ ਅਭਿੰਨਤਾ ਪ੍ਰਾਪਤ ਹੋ ਜਾਏਗੀ। ਸਿਰਫ਼ 'ਸਾਈਂ', 'ਸਾਈਂ' ਦੇ ਉਚਾਰਣ ਨਾਲ ਹੀ ਉਨ੍ਹਾਂ ਦੇ ਸਾਰੇ ਪਾਪ ਨਸ਼ਟ ਹੋ ਜਾਣਗੇ।"

## ਅਲਗ-ਅਲਗ ਕੰਮਾਂ ਦੀ ਭਗਤਾਂ ਨੂੰ ਪ੍ਰੇਰਨਾ

ਭਗਵਾਨ ਆਪਣੇ ਕਿਸੇ ਭਗਤ ਨੂੰ ਮੰਦਿਰ, ਮਠ, ਕਿਸੇ ਨੂੰ ਨਦੀ ਦੇ ਕੰਢੇ ਘਾਟ ਬਨਵਾਉਣ, ਕਿਸੇ ਨੂੰ ਤੀਰਥ ਯਾਤਰਾ ਕਰਨ ਅਤੇ ਕਿਸੇ ਨੂੰ ਭਗਵਤ-ਕੀਰਤਨ ਕਰਨ ਅਤੇ ਵੱਖ-ਵੱਖ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਹਨ। ਪਰ ਉਨ੍ਹਾਂ ਨੇ ਮੈਨੂੰ 'ਸਾਈਂ ਸੱਚਚਰਿੱਤਰ' ਲਿਖਣ ਦੀ ਪ੍ਰੇਰਨਾ ਦਿੱਤੀ। ਕਿਸੇ ਵੀ ਵਿੱਦਿਆ ਦਾ ਪੂਰਾ ਗਿਆਨ ਨਾ ਹੋਣ ਕਰ ਕੇ ਮੈਂ ਇਸ ਕੰਮ ਲਈ ਬਿਲਕੁਲ ਯੋਗ ਨਹੀਂ ਸੀ। ਇਸ ਲਈ ਮੈਨੂੰ ਇਸ ਔਖੇ ਕੰਮ ਨੂੰ ਕਰਨ ਦੀ ਹਿੰਮਤ ਕਿਉਂ ਕਰਨੀ ਚਾਹੀਦੀ ਹੈ ? ਸ੍ਰੀ ਸਾਈਂ ਮਹਾਰਾਜ ਦੀ ਅਸਲ ਜੀਵਨੀ ਦਾ ਵਰਨਣ ਕਰਨ ਦੀ ਯੋਗਤਾ ਕਿਸ ਨੂੰ ਹੈ ? ਉਨ੍ਹਾਂ ਦੀ ਕ੍ਰਿਪਾ ਨਾਲ ਹੀ ਕੰਮ ਸੰਪੂਰਨ ਹੋਣਾ ਸੰਭਵ ਹੈ। ਇਸ ਲਈ ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਤਾਂ **ਬਾਬਾ ਨੇ ਮੇਰਾ ਹੰਕਾਰ ਨਸ਼ਟ ਕਰ ਦਿੱਤਾ ਅਤੇ ਉਨ੍ਹਾਂ ਨੇ ਆਪ ਹੀ ਆਪਣਾ ਚਰਿੱਤਰ ਰਚਿਆ। ਇਸ ਕਰ ਕੇ ਚਰਿੱਤਰ ਦਾ ਨਾਮਣਾ ਉਨ੍ਹਾਂ ਨੂੰ ਹੀ ਹੈ, ਮੈਨੂੰ ਨਹੀਂ।** ਜਨਮ ਤੋਂ ਬ੍ਰਾਹਮਣ ਹੁੰਦੇ ਹੋਏ ਵੀ ਮੈਂ ਦੈਵੀ ਨਜ਼ਰ ਤੋਂ ਖ਼ਾਲੀ ਸੀ। ਇਸ ਲਈ 'ਸਾਈਂ ਸੱਚਚਰਿੱਤਰ' ਲਿਖਣ ਦੇ ਬਿਲਕੁਲ ਯੋਗ ਨਹੀਂ ਸੀ। ਪਰ ਸ੍ਰੀ ਹਰੀ ਕ੍ਰਿਪਾ ਨਾਲ ਕੀ ਨਹੀਂ ਹੋ ਸਕਦਾ ? ਗੂੰਗਾ ਵੀ ਵਕਤਾ ਬਣ ਜਾਂਦਾ ਹੈ, ਅਪਾਹਜ ਵੀ ਪਹਾੜ ਦੀ ਚੋਟੀ 'ਤੇ ਚੜ੍ਹ ਜਾਂਦਾ ਹੈ। ਆਪਣੀ ਮਰਜ਼ੀ ਨਾਲ ਕੰਮ ਪੂਰਨ ਕਰਨ ਦੀ ਜੁਗਤ ਉਹ ਆਪ ਹੀ ਜਾਨਣ। ਹਾਰਮੋਨੀਅਮ ਤੇ ਬੰਸਰੀ ਨੂੰ ਇਹ ਨਹੀਂ ਪਤਾ ਹੁੰਦਾ ਕਿ ਆਵਾਜ਼ ਕਿਵੇਂ ਨਿਕਲ ਰਹੀ ਹੈ ? ਇਸ ਦਾ ਗਿਆਨ ਤਾਂ ਵਾਦਕ ਨੂੰ ਹੀ ਹੈ। ਚੰਦਰਕਾਂਤਮਣੀ ਦੀ ਉਤਪਤੀ ਅਤੇ ਜਵਾਰਭਾਟੇ ਦਾ ਭੇਦ ਮਣੀ ਜਾਂ ਸਮੁੰਦਰ ਨਹੀਂ, ਬਲਕਿ ਚੰਦ੍ਰਮਾਂ ਦਾ ਆਕਾਰ ਘਟਣ ਅਤੇ ਵਧਣ ਵਿਚ ਲੁਕਿਆ ਹੈ।

## ਬਾਬਾ ਦਾ ਚਰਿੱਤਰ : ਰੋਸ਼ਨ ਥੰਮ ਸਰੂਪ

ਸਮੁੰਦਰ ਵਿਚ ਅਨੇਕ ਥਾਵਾਂ 'ਤੇ ਰੋਸ਼ਨੀ ਦੇ ਖੰਬੇ, ਇਸ ਲਈ ਬਣਾਏ ਜਾਦੇ ਹਨ, ਜਿਸ ਨਾਲ ਮਲਾਹ ਚੱਟਾਨਾਂ ਅਤੇ ਦੁਰਘਟਨਾਵਾਂ ਤੋਂ ਬਚ ਜਾਣ ਅਤੇ ਜਹਾਜ਼ ਨੂੰ ਕੋਈ ਨੁਕਸਾਨ ਨਾ ਹੋਏ। ਇਸ ਭਵਸਾਗਰ ਵਿਚ ਸ੍ਰੀ ਸਾਈਂ ਬਾਬਾ ਦਾ ਚਰਿੱਤਰ ਵੀ ਰੋਸ਼ਨ ਥੰਮ ਦੀ ਤਰ੍ਹਾਂ ਉਪਯੋਗੀ ਹੈ। ਉਹ ਅੰਮ੍ਰਿਤ ਨਾਲੋਂ ਵੀ ਮਧੁਰ ਅਤੇ ਸੰਸਾਰਿਕ ਰਾਹ ਨੂੰ ਸੁਖਾਲਾ ਬਨਾਉਣ ਵਾਲਾ ਹੈ। ਜਦੋਂ ਉਹ ਕੰਨਾਂ ਦੇ ਰਸਤੇ ਦਿਲ ਵਿਚ ਦਾਖ਼ਲ ਹੁੰਦਾ ਹੈ, ਤਾਂ ਸਰੀਰਿਕ ਬੁੱਧੀ ਨਸ਼ਟ ਹੋ ਜਾਂਦੀ ਹੈ ਅਤੇ ਦਿਲ ਵਿਚ ਜਮ੍ਹਾਂ ਕਰਨ ਨਾਲ ਸਾਰੇ ਮਾੜੇ ਸ਼ਕ ਗਾਇਬ ਹੋ ਜਾਂਦੇ ਹਨ। ਹੰਕਾਰ ਦਾ ਨਾਸ਼ ਹੋ ਜਾਂਦਾ ਹੈ ਅਤੇ ਬੁੱਧੀ ਦਾ ਪਰਦਾ ਹੱਟ ਕੇ ਗਿਆਨ ਪ੍ਰਗਟ ਹੋ ਜਾਂਦਾ ਹੈ। **ਬਾਬਾ ਦੀ ਸ਼ੁੱਧ ਕੀਰਤੀ ਦਾ ਵਰਨਣ ਸ਼ਰਧਾ ਨਾਲ ਸਰਵਣ ਕਰਨ ਨਾਲ ਭਗਤਾਂ ਦੇ ਪਾਪ ਨਸ਼ਟ ਹੋਣਗੇ। ਇਸ ਲਈ ਇਹ ਮੋਕਸ਼ ਪ੍ਰਾਪਤ ਕਰਨ ਦਾ ਆਸਾਨ ਸਾਧਨ ਹੈ।** ਸਤਿਯੁਗ ਵਿਚ ਸ਼ਮ ਅਤੇ ਦਮ, ਤ੍ਰੇਤਾ ਵਿਚ



ਤਿਆਗ, ਦੁਵਾਪਰ ਵਿਚ ਪੂਜਾ ਅਤੇ ਕਲਯੁੱਗ ਵਿਚ ਭਗਵਤ–ਕੀਰਤਨ ਹੀ ਮੋਕਸ਼ ਦਾ ਸਾਧਨ ਹੈ। ਇਹ ਆਖ਼ਰੀ ਸਾਧਨ, ਚਾਰਾਂ ਵਰਣਾਂ ਦੇ ਲੋਕਾਂ ਨੂੰ ਸਹਿਜ ਵੀ ਹੈ। ਹੋਰ ਸਾਧਨ ਯੋਗ, ਤਿਆਗ, ਧਿਆਨ ਕਰਨਾ ਆਦਿ ਆਚਰਣ ਕਰਨ ਵਿਚ ਔਖੇ ਹਨ, ਪਰ ਚਰਿੱਤਰ ਅਤੇ ਹਰੀ ਕੀਰਤਨ ਸਰਵਣ ਕਰਨਾ ਤਾਂ ਬਹੁਤ ਸੌਖਾ ਹੈ। ਸਿਰਫ਼ ਉਸ 'ਤੇ ਧਿਆਨ ਦੇਣ ਦੀ ਲੋੜ ਹੈ। ਕਥਾ-ਸਰਵਣ ਅਤੇ ਕੀਰਤਨ ਨਾਲ ਇੰਦਰੀਆਂ ਦਾ ਕੁਦਰਤੀ ਵਿਸ਼ਿਆਂ ਲਈ ਮੋਹ ਨਸ਼ਟ ਹੋ ਜਾਂਦਾ ਹੈ ਅਤੇ ਭਗਤ ਵਾਸਨਾ ਨੂੰ ਛੱਡ ਕੇ ਆਤਮਸ਼ਾਕਸ਼ਾਤਕਾਰ ਵੱਲ ਵਧਣ ਲਗ ਜਾਂਦਾ ਹੈ। ਇਹੀ ਫਲ ਦੇਣ ਦੇ ਲਈ ਬਾਬਾ ਨੇ ਸੱਚਚਰਿੱਤਰ ਦੀ ਰਚਨਾ ਕਰਵਾਈ। ਭਗਤ ਹੁਣ ਆਸਾਨੀ ਨਾਲ ਚਰਿੱਤਰ ਪੜ੍ਹਨ ਅਤੇ ਨਾਲ ਹੀ ਉਨ੍ਹਾਂ ਦੇ ਮਨੋਹਰ ਸਰੂਪ ਦਾ ਧਿਆਨ ਕਰ ਕੇ, ਗੁਰੂ ਅਤੇ ਭਗਵਤ-ਭਗਤੀ ਦੇ ਭਾਗੀ ਬਣਨ ਅਤੇ ਕਾਮਨਾ ਰਹਿਤ ਹੋ ਕੇ ਆਤਮ-ਦਰਸ਼ਨ ਨੂੰ ਪ੍ਰਾਪਤ ਹੋਣ। 'ਸਾਈਂ ਸੱਚਚਰਿੱਤਰ' ਦਾ ਸਫ਼ਲਤਾ ਨਾਲ ਪੂਰਨ ਹੋਣਾ, ਇਹ ਸਾਈਂ-ਮਹਿਮਾ ਹੀ ਸਮਝੋ, ਸਾਨੂੰ ਤਾਂ ਇਕ ਜ਼ਰੀਆ ਹੀ ਬਣਾਇਆ ਗਿਆ ਹੈ।

## ਮਾਤਾ ਦਾ ਪਿਆਰ

ਗਾਂ ਦਾ ਆਪਣੇ ਵੱਛੇ ਨਾਲ ਪਿਆਰ ਸਾਰੇ ਜਾਣਦੇ ਹਨ। ਉਸ ਦੇ ਥਣ ਹਮੇਸ਼ਾਂ ਦੁੱਧ ਨਾਲ ਭਰੇ ਰਹਿੰਦੇ ਹਨ ਅਤੇ ਜਦੋਂ ਭੁੱਖਾ ਵੱਛਾ ਥਣਾਂ ਦੇ ਵੱਲ ਦੌੜ ਕੇ ਆਉਂਦਾ ਹੈ ਤਾਂ ਦੁੱਧ ਦੀ ਧਾਰ ਆਪਣੇ ਆਪ ਹੀ ਵੱਗਣ ਲੱਗ ਪੈਂਦੀ ਹੈ। ਉਸੇ ਤਰ੍ਹਾਂ ਮਾਤਾ ਵੀ ਆਪਣੇ ਬੱਚੇ ਦੀ ਲੋੜ ਦਾ ਪਹਿਲਾਂ ਤੋਂ ਹੀ ਧਿਆਨ ਰਖਦੀ ਹੈ ਅਤੇ ਠੀਕ ਵਕਤ 'ਤੇ ਬੱਚੇ ਨੂੰ ਦੁੱਧ ਪਿਆਉਂਦੀ ਹੈ। ਉਹ ਬੱਚੇ ਦਾ ਸ਼ਿੰਗਾਰ ਚੰਗੀ ਤਰ੍ਹਾਂ ਕਰਦੀ ਹੈ, ਪਰ ਬੱਚੇ ਨੂੰ ਇਸ ਦਾ ਕੁਝ ਵੀ ਪਤਾ ਨਹੀਂ ਹੁੰਦਾ। ਬੱਚੇ ਦਾ ਸੁੰਦਰ ਸ਼ਿੰਗਾਰ ਆਦਿ ਦੇਖ ਕੇ ਮਾਤਾ ਦੀ ਖ਼ੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਮਾਤਾ ਦਾ ਪਿਆਰ ਅਨੋਖਾ, ਅਸਧਾਰਣ ਅਤੇ ਬਿਨਾਂ ਮਤਲਬ ਦੇ ਹੁੰਦਾ ਹੈ। ਜਿਸ ਦੀ ਕੋਈ ਤੁਲਨਾ ਨਹੀਂ। ਠੀਕ ਇਸੇ ਤਰ੍ਹਾਂ ਸਤਿਗੁਰੂ ਦਾ ਪਿਆਰ ਆਪਣੇ ਭਗਤ ਨਾਲ ਹੁੰਦਾ ਹੈ। ਇਵੇਂ ਦਾ ਹੀ ਪਿਆਰ ਬਾਬਾ ਦਾ ਮੇਰੇ ਨਾਲ ਸੀ, ਉਸ ਦੀ ਉਦਾਹਰਣ ਇਸ ਤਰ੍ਹਾਂ ਹੈ—

ਸੰਨ 1916 ਵਿਚ ਮੈਂ ਨੌਕਰੀ ਤੋਂ ਛੁੱਟੀ ਕਰ ਲਈ। ਜੋ ਪੈਨਸ਼ਨ ਮੈਨੂੰ ਮਿਲਦੀ ਸੀ ਉਹ ਮੇਰੇ ਪਰਿਵਾਰ ਦੇ ਗੁਜ਼ਾਰੇ ਲਈ ਕਾਫ਼ੀ ਨਹੀਂ ਸੀ। ਉਸੇ ਸਾਲ ਗੁਰੂ ਪੂਰਨਿਮਾ ਵਾਲੇ ਦਿਨ ਮੈਂ ਹੋਰ ਭਗਤਾਂ ਨਾਲ ਸ਼ਿਰਡੀ ਗਿਆ। ਉਥੇ ਅਣਾ ਚਿਚਣੀਕਰ ਨੇ ਆਪ ਹੀ ਮੇਰੇ ਲਈ ਬਾਬਾ ਨੂੰ ਇਸ ਤਰ੍ਹਾਂ ਪ੍ਰਾਰਥਨਾ ਕੀਤੀ, "ਇਨ੍ਹਾਂ 'ਤੇ ਕ੍ਰਿਪਾ ਕਰੋ। ਜੋ ਪੈਨਸ਼ਨ ਇਨ੍ਹਾਂ ਨੂੰ ਮਿਲਦੀ ਹੈ, ਉਸ ਨਾਲ ਗੁਜ਼ਾਰਾ ਨਹੀਂ ਹੋ ਸਕਦਾ। ਪਰਿਵਾਰ ਵਿਚ ਵਾਧਾ ਹੋ ਰਿਹਾ ਹੈ। ਕ੍ਰਿਪਾ ਕਰਕੇ ਹੋਰ ਕੋਈ ਨੌਕਰੀ ਦਿਵਾ ਦਿਉ, ਤਾਂ ਕਿ ਇਨ੍ਹਾਂ ਦਾ ਫ਼ਿਕਰ ਦੂਰ ਹੋ ਜਾਏ ਅਤੇ ਇਹ ਸੁੱਖ ਨਾਲ ਰਹਿਣ। ਬਾਬਾ ਨੇ ਜਵਾਬ ਦਿੱਤਾ ਕਿ ਇਨ੍ਹਾਂ ਨੂੰ ਨੌਕਰੀ ਮਿਲ ਜਾਏਗੀ, ਪਰ ਹੁਣ ਇਨ੍ਹਾਂ ਨੂੰ ਆਪਣਾ ਧਿਆਨ ਮੇਰੇ ਵੱਲ ਕਰਕੇ, ਅਧਾਰਮਿਕ ਅਤੇ ਦੁਰਾਚਾਰੀਆਂ ਦੀ ਸੰਗਤ ਤੋਂ ਦੂਰ ਰਹਿਣਾ ਚਾਹੀਦਾ ਹੈ। ਇਨ੍ਹਾਂ ਨੂੰ ਸਾਰਿਆਂ ਨਾਲ ਦਯਾ ਅਤੇ ਨਿਮਰਤਾ ਵਾਲਾ ਵਰਤਾਵ ਅਤੇ ਦਿਲ ਨਾਲ ਮੇਰੀ

ਉਪਾਸਨਾ ਕਰਨੀ ਚਾਹੀਦੀ ਹੈ। ਜੇ ਇਹ ਇਸ ਤਰ੍ਹਾਂ ਆਚਰਣ ਕਰ ਸਕਣ ਤਾਂ ਸਦੀਵੀ ਆਨੰਦ ਦੇ ਭਾਗੀ ਹੋ ਜਾਣਗੇ।

## ਰੋਹਿਲਾ ਦੀ ਕਥਾ

ਇਹ ਕਥਾ ਸ੍ਰੀ ਸਾਈਂ ਬਾਬਾ ਦੇ ਸਾਰੇ ਪ੍ਰਾਣੀਆਂ ਨਾਲ ਇਕੋ ਜਿਹੇ ਪਿਆਰ ਦੀ ਗਵਾਹ ਹੈ। ਇਕ ਰੋਹਿਲਾ ਜਾਤ ਦਾ ਮਨੁੱਖ ਸ਼ਿਰਡੀ ਆਇਆ। ਉਹ ਉੱਚਾ ਲੰਮਾ, ਤਾਕਤਵਰ ਅਤੇ ਗੱਠੇ ਹੋਏ ਸਰੀਰ ਵਾਲਾ ਸੀ। ਬਾਬਾ ਦੇ ਪਿਆਰ ਦੇ ਮੋਹ ਕਰਕੇ ਉਹ ਸ਼ਿਰਡੀ ਵਿਚ ਹੀ ਰਹਿਣ ਲਗਾ। ਉਹ ਅੱਠੇ ਪਹਿਰ ਆਪਣੀ ਉੱਚੀ ਅਤੇ ਖੁਰਦਰੀ ਆਵਾਜ਼ ਵਿਚ ਕੁਰਾਨ ਸ਼ਰੀਫ਼ ਦੇ ਕਲਮੇ ਪੜ੍ਹਦਾ ਅਤੇ 'ਅੱਲ੍ਹਾ ਹੂ ਅਕਬਰ' ਦੇ ਨਾਰੇ ਲਗਾਉਂਦਾ ਸੀ। ਸ਼ਿਰਡੀ ਦੇ ਜ਼ਿਆਦਾ ਲੋਕ ਖੇਤਾਂ ਵਿਚ ਸਾਰਾ ਦਿਨ ਕੰਮ ਕਰਨ ਤੋਂ ਬਾਅਦ ਜਦੋਂ ਰਾਤ ਨੂੰ ਘਰ ਵਾਪਸ ਮੁੜਦੇ ਤਾਂ ਰੋਹਿਲਾ ਦੀ ਕੜਕਦੀ ਆਵਾਜ਼ ਉਨ੍ਹਾਂ ਦਾ ਸਵਾਗਤ ਕਰਦੀ। ਇਸ ਕਰ ਕੇ ਉਨ੍ਹਾਂ ਨੂੰ ਰਾਤ ਭਰ ਆਰਾਮ ਨਹੀਂ ਮਿਲਦਾ ਸੀ, ਜਿਸ ਕਰ ਕੇ ਉਨ੍ਹਾਂ ਨੂੰ ਜ਼ਿਆਦਾ ਤਕਲੀਫ਼ ਅਤੇ ਬੇਆਰਾਮੀ ਮਹਿਸੂਸ ਹੋਣ ਲਗੀ। ਕਈ ਦਿਨਾਂ ਤੱਕ ਤਾਂ ਉਹ ਚੁੱਪ ਰਹੇ, ਪਰ ਜਦੋਂ ਤਕਲੀਫ਼ ਬਰਦਾਸ਼ਤ ਤੋਂ ਬਾਹਰ ਹੋ ਗਈ, ਤਾਂ ਉਨ੍ਹਾਂ ਨੇ ਬਾਬਾ ਕੋਲ ਜਾ ਕੇ ਰੋਹਿਲਾ ਨੂੰ ਮਨ੍ਹਾਂ ਕਰ ਕੇ ਇਸ ਬਖੇੜੇ ਨੂੰ ਰੋਕਣ ਦੀ ਪ੍ਰਾਰਥਨਾ ਕੀਤੀ। ਬਾਬਾ ਨੇ ਉਨ੍ਹਾਂ ਦੀ ਪ੍ਰਾਰਥਨਾ 'ਤੇ ਧਿਆਨ ਨਹੀਂ ਦਿੱਤਾ। ਇਸ ਦੇ ਉਲਟ ਪਿੰਡ ਵਾਲਿਆਂ ਨੂੰ ਕਿਹਾ ਕਿ ਉਹ ਆਪਣੇ ਕੰਮ ਵੱਲ ਧਿਆਨ ਦੇਣ ਅਤੇ ਰੋਹਿਲਾ ਵੱਲ ਧਿਆਨ ਨਾ ਦੇਣ। ਬਾਬਾ ਨੇ ਉਨ੍ਹਾਂ ਨੂੰ ਕਿਹਾ ਕਿ ਰੋਹਿਲਾ ਦੀ ਪਤਨੀ ਬੁਰੇ ਸੁਭਾਅ ਦੀ ਹੈ ਅਤੇ ਉਹ ਰੋਹਿਲਾ ਨੂੰ ਅਤੇ ਮੈਨੂੰ ਬਹੁਤ ਤਕਲੀਫ਼ ਦਿੰਦੀ ਹੈ, ਪਰ ਉਸ ਦੇ ਕਲਮਿਆਂ ਦੇ ਅੱਗੇ ਆਉਣ ਦੀ ਹਿੰਮਤ ਨਹੀਂ ਕਰਦੀ ਹੈ ਅਤੇ ਇਸ ਕਰ ਕੇ ਉਹ ਸੁੱਖ ਸ਼ਾਂਤੀ ਵਿਚ ਹੈ। ਅਸਲ ਵਿਚ ਰੋਹਿਲਾ ਦੀ ਕੋਈ ਪਤਨੀ ਨਹੀਂ ਸੀ। ਬਾਬਾ ਦਾ ਇਸ਼ਾਰਾ ਸਿਰਫ਼ ਭੈੜੇ ਵਿਚਾਰਾਂ ਵੱਲ ਸੀ। ਹੋਰ ਵਿਸ਼ਿਆਂ ਦੇ ਮੁਕਾਬਲੇ ਬਾਬਾ ਪ੍ਰਾਰਥਨਾ ਅਤੇ ਈਸ਼ਵਰ ਦੀ ਪੂਜਾ ਨੂੰ ਮਹੱਤਵ ਦਿੰਦੇ ਸੀ। ਇਸ ਲਈ ਉਨ੍ਹਾਂ ਨੇ ਰੋਹਿਲਾ ਦੀ ਮਦਦ ਕਰ ਕੇ ਪਿੰਡ ਵਾਸੀਆਂ ਨੂੰ ਸ਼ਾਂਤੀ ਨਾਲ ਥੋੜ੍ਹੀ ਦੇਰ ਤਕ ਇਹ ਰੌਲਾ ਸਹਿਣ ਦੀ ਸਲਾਹ ਦਿੱਤੀ।

## ਬਾਬਾ ਦੇ ਸੁੰਦਰ ਅੰਮ੍ਰਿਤ ਉਪਦੇਸ਼

ਇਕ ਦਿਨ ਦੁਪਹਿਰ ਦੀ ਆਰਤੀ ਤੋਂ ਬਾਅਦ ਭਗਤ ਆਪਣੇ ਘਰਾਂ ਨੂੰ ਵਾਪਸ ਜਾ ਰਹੇ ਸੀ, ਉਦੋਂ ਬਾਬਾ ਨੇ ਹੇਠਾਂ ਲਿਖਿਆ ਅਤਿ ਸੁੰਦਰ ਉਪਦੇਸ਼ ਦਿੱਤਾ—"ਤੁਸੀਂ ਭਾਵੇਂ ਜਿਥੇ ਮਰਜ਼ੀ ਰਹੋ, ਜੋ ਦਿਲ ਕਰੇ, ਉਹ ਕਰੋ, ਪਰ ਇਹ ਹਮੇਸ਼ਾਂ ਯਾਦ ਰਖੋ ਕਿ ਜੋ ਕੁਝ ਤੁਸੀਂ ਕਰਦੇ ਹੋ, ਉਹ ਸਭ ਮੈਨੂੰ ਪਤਾ ਹੈ। **ਮੈਂ ਹੀ ਸਾਰੇ ਪ੍ਰਾਣੀਆਂ ਦਾ ਪ੍ਰਭੂ ਅਤੇ ਘਟ-ਘਟ ਵਿਚ ਬਿਰਾਜਮਾਨ ਹਾਂ। ਮੇਰੇ ਹੀ ਪੇਟ ਵਿਚ ਸਾਰੇ ਜੜ੍ਹ ਅਤੇ ਚੇਤਨ ਪ੍ਰਾਣੀ ਸਮਾਏ ਹੋਏ ਹਨ**। ਮੈਂ ਹੀ ਸਾਰੇ ਬ੍ਰਹਮੰਡ ਨੂੰ ਕੰਟਰੋਲ ਕਰਦਾ ਅਤੇ ਚਲਾਉਂਦਾ ਹਾਂ। ਮੈਂ ਹੀ ਉਤਪਤੀ, ਸਥਿਤੀ ਅਤੇ ਨਾਸ਼ਕਰਤਾ ਹਾਂ। ਮੇਰੀ ਭਗਤੀ ਕਰਨ ਵਾਲਿਆਂ ਨੂੰ ਕੋਈ ਹਾਨੀ ਨਹੀਂ ਪਹੁੰਚਾ ਸਕਦਾ। ਮੇਰੇ ਧਿਆਨ

ਦੀ ਲਾਪਰਵਾਹੀ ਕਰਨ ਵਾਲਾ, ਮਾਇਆ ਦੇ ਜਾਲ ਵਿਚ ਫਸ ਜਾਂਦਾ ਹੈ। ਸਾਰੇ ਜੀਵ-ਜੰਤੂ, ਕੀੜੀਆਂ ਅਤੇ ਦਿਖਾਈ ਦੇਣ ਵਾਲਾ ਚਲਦਾ ਫਿਰਦਾ ਅਤੇ ਟਿਕਾਊ ਸੰਸਾਰ ਮੇਰਾ ਹੀ ਸਰੂਪ ਹੈ।

ਇਸ ਸੁੰਦਰ ਅਤੇ ਅਮੁੱਲ ਉਪਦੇਸ਼ ਨੂੰ ਸੁਣ ਕੇ ਮੈਂ ਤੁਰੰਤ ਇਹ ਪੱਕਾ ਇਰਾਦਾ ਕਰ ਲਿਆ ਕਿ ਭਵਿੱਖ ਵਿਚ ਆਪਣੇ ਗੁਰੂ ਤੋਂ ਇਲਾਵਾ ਹੋਰ ਕਿਸੇ ਮਨੁੱਖ ਦੀ ਸੇਵਾ ਨਹੀਂ ਕਰਾਂਗਾ। "ਤੈਨੂੰ ਨੌਕਰੀ ਮਿਲ ਜਾਏਗੀ"—ਬਾਬਾ ਦੇ ਇਹ ਵਚਨ ਮੇਰੇ ਦਿਮਾਗ ਵਿਚ ਘੜੀ-ਮੁੜੀ ਚੱਕਰ ਕੱਢਣ ਲੱਗੇ। ਮੈਨੂੰ ਵਿਚਾਰ ਆਉਣ ਲੱਗਾ, ਕੀ ਸੱਚ-ਮੁੱਚ ਏਦਾਂ ਹੋਏਗਾ ? ਭਵਿੱਖ ਦੀਆਂ ਘਟਨਾਵਾਂ ਤੋਂ ਸਾਫ਼ ਹੈ ਕਿ ਬਾਬਾ ਦੇ ਵਚਨ ਸੱਚ ਹੋਏ ਅਤੇ ਮੈਨੂੰ ਥੋੜ੍ਹੇ ਵਕਤ ਦੇ ਲਈ ਨੌਕਰੀ ਮਿਲ ਗਈ। ਇਸ ਦੇ ਬਾਅਦ ਮੈਂ ਆਜ਼ਾਦ ਹੋ ਕੇ ਇਕਚਿਤ ਨਾਲ ਜੀਵਨ ਭਰ ਬਾਬਾ ਦੀ ਹੀ ਸੇਵਾ ਕਰਦਾ ਰਿਹਾ।

ਇਸ ਅਧਿਆਇ ਨੂੰ ਖਤਮ ਕਰਨ ਤੋਂ ਪਹਿਲਾਂ ਮੇਰੀ ਪਾਠਕਾਂ ਨੂੰ ਨਿਮਰ ਬੇਨਤੀ ਹੈ ਕਿ ਉਹ ਸਾਰੀਆਂ ਰੁਕਾਵਟਾਂ—ਜਿਵੇਂ ਆਲਸ, ਨੀਂਦ, ਮਨ ਦੀ ਚੰਚਲਤਾ ਅਤੇ ਇੰਦਰੀਆਂ ਦੇ ਮੋਹ ਦੂਰ ਕਰ ਕੇ ਅਤੇ ਇਕਚਿਤ ਹੋ ਕੇ ਆਪਣਾ ਧਿਆਨ ਬਾਬਾ ਦੀਆਂ ਲੀਲ੍ਹਾਵਾਂ ਵੱਲ ਅਤੇ ਕੁਦਰਤੀ ਪਿਆਰ ਬਣਾ ਕੇ ਭਗਤੀ ਦੇ ਭੇਦ ਨੂੰ ਜਾਣਨ ਅਤੇ ਹੋਰ ਸਾਧਨਾਵਾਂ ਵਿਚ ਬੇਕਾਰ ਮਿਹਨਤ ਨਾ ਕਰਨ। **ਉਨ੍ਹਾਂ ਨੂੰ ਸਿਰਫ਼ ਇਕ ਹੀ ਸੌਖੀ ਜੁਗਤ ਦਾ ਪਾਲਣ ਕਰਨਾ ਚਾਹੀਦਾ ਹੈ ਅਤੇ ਉਹ ਹੈ ਸ੍ਰੀ ਸਾਈਂ ਲੀਲ੍ਹਾਵਾਂ ਦਾ ਸਰਵਣ**। ਇਸ ਨਾਲ ਉਨ੍ਹਾਂ ਦਾ ਅਗਿਆਨ ਨਸ਼ਟ ਹੋ ਕੇ ਮੋਕਸ਼ ਦਾ ਰਾਹ ਖੁਲ੍ਹ ਜਾਏਗਾ। ਜਿਸ ਤਰ੍ਹਾਂ ਅਨੇਕਾਂ ਥਾਵਾਂ 'ਤੇ ਯਾਤਰਾ ਕਰਦੇ ਹੋਏ ਵੀ ਲਾਲਚੀ ਆਦਮੀ ਆਪਣੇ ਦੱਬੇ ਹੋਏ ਧਨ ਦੇ ਲਈ ਹਮੇਸ਼ਾਂ ਫ਼ਿਕਰਮੰਦ ਰਹਿੰਦਾ ਹੈ, ਉਸੇ ਤਰ੍ਹਾਂ ਸ੍ਰੀ ਸਾਈਂ ਨੂੰ ਆਪਣੇ ਦਿਲ ਵਿਚ ਧਾਰਨ ਕਰੋ। ਅਗਲੇ ਅਧਿਆਇ ਵਿਚ ਸ੍ਰੀ ਸਾਈਂ ਬਾਬਾ ਦੇ ਸ਼ਿਰਡੀ ਆਉਣ ਦਾ ਵਰਨਣ ਹੋਏਗਾ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**



# ॥ ਅਧਿਆਇ-4 ॥

***ਸੰਤਾਂ ਦਾ ਅਵਤਾਰ ਕਾਰਜ, ਪਵਿੱਤਰ ਤੀਰਥ ਸ਼ਿਰਡੀ, ਸ੍ਰੀ ਸਾਈਂ ਬਾਬਾ ਦੀ ਸ਼ਖ਼ਸੀਅਤ, ਗੌਲੀ ਬੁਵਾ ਦਾ ਅਨੁਭਵ, ਸ੍ਰੀ ਵਿੱਠਲ ਦਾ ਪ੍ਰਗਟ ਹੋਣਾ, ਕਸ਼ੀਰਸਾਗਰ ਦੀ ਕਥਾ, ਦਾਸਗਣੁ ਦਾ ਪ੍ਰਯਾਗ-ਇਸ਼ਨਾਨ, ਸ੍ਰੀ ਸਾਈਂ ਬਾਬਾ ਦਾ ਸ਼ਿਰਡੀ ਵਿਚ ਪਹਿਲੀ ਵਾਰੀ ਆਉਣਾ, ਤਿੰਨ ਵਾੜੇ।***

## ਸੰਤਾਂ ਦਾ ਅਵਤਾਰ ਕਾਰਜ

ਭਗਵਤ ਗੀਤਾ (ਚੌਥਾ ਅਧਿਆਇ 7–8) ਵਿਚ ਭਗਵਾਨ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ "ਜਦੋਂ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ, ਉਦੋਂ ਉਦੋਂ ਮੈਂ ਅਵਤਾਰ ਧਾਰਨ ਕਰਦਾ ਹਾਂ। ਧਰਮ ਦੀ ਸਥਾਪਨਾ, ਦੁਰਾਚਾਰੀਆਂ ਦਾ ਨਾਸ਼ ਅਤੇ ਸਾਧੂਆਂ ਦੀ ਰਖਿਆ ਦੇ ਲਈ ਮੈਂ ਯੁਗ-ਯੁਗ ਵਿਚ ਜਨਮ ਲੈਂਦਾ ਹਾਂ।" ਸਾਧੂ ਅਤੇ ਸੰਤ ਭਗਵਾਨ ਦੇ ਨੁਮਾਇੰਦੇ ਦੇ ਬਰਾਬਰ ਹਨ। ਉਹ ਠੀਕ ਵਕਤ 'ਤੇ ਪ੍ਰਗਟ ਹੋ ਕੇ ਆਪਣੇ ਢੰਗ ਨਾਲ ਆਪਣਾ ਅਵਤਾਰ–ਕਾਰਜ ਪੂਰਾ ਕਰਦੇ ਹਨ। ਜਾਂ ਜਦੋਂ ਬ੍ਰਾਹਮਣ, ਖੱਤਰੀ ਅਤੇ ਵੈਸ਼ ਆਪਣੇ ਕਰਤੱਵਾਂ ਤੋਂ ਬੇਮੁੱਖ ਹੋ ਜਾਂਦੇ ਹਨ, ਜਦੋਂ ਸ਼ੂਦਰ ਉੱਚੀਆਂ ਜਾਤਾਂ ਦੇ ਹੱਕ ਖੋਹਣ ਲਗਦੇ ਹਨ, ਜਦੋਂ ਧਰਮ ਦੇ ਗੁਰੂਆਂ ਦਾ ਅਨਾਦਰ ਅਤੇ ਨਿੰਦਿਆ ਹੋਣ ਲਗਦੀ ਹੈ, ਜਦੋਂ ਲੋਕ ਮਨਾਹੀ ਵਾਲੇ ਭੋਜਨ ਪਦਾਰਥਾਂ ਅਤੇ ਸ਼ਰਾਬ ਆਦਿ ਦੀ ਵਰਤੋਂ ਕਰਨ ਲਗਦੇ ਹਨ, ਜਦੋਂ ਧਰਮ ਦੀ ਆੜ ਵਿਚ ਭੈੜੇ ਕੰਮ ਹੋਣ ਲਗਦੇ ਹਨ, ਜਦੋਂ ਵੱਖ-ਵੱਖ ਧਰਮਾਂ ਦੇ ਲੋਕ ਆਪਸ ਵਿਚ ਲੜਨ ਲਗਦੇ ਹਨ, ਜਦੋਂ ਬ੍ਰਾਹਮਣ ਸ਼ਾਮ ਦੀ ਪੂਜਾ ਆਦਿ ਧਾਰਮਿਕ ਕਰਮ ਛੱਡ ਦਿੰਦੇ ਹਨ, ਮਿਹਨਤੀ ਲੋਕਾਂ ਨੂੰ ਧਾਰਮਿਕ ਕੰਮਾਂ ਵਿਚ ਰੁਚੀ ਨਹੀਂ ਹੁੰਦੀ, ਜਦੋਂ ਯੋਗੀ ਧਿਆਨ ਆਦਿ ਕਰਨਾ ਛੱਡ ਦਿੰਦੇ ਹਨ ਅਤੇ ਜਦੋਂ ਆਮ ਲੋਕਾਂ ਦੀ ਇਹ ਧਾਰਨਾ ਹੋ ਜਾਂਦੀ ਹੈ ਕਿ ਸਿਰਫ਼ **ਧਨ, ਔਲਾਦ ਅਤੇ ਪਤਨੀ ਹੀ ਸਭ ਕੁਝ ਹੈ ਅਤੇ ਇਸ ਤਰ੍ਹਾਂ ਜਦੋਂ ਲੋਕ ਸੱਚੇ ਰਾਹ ਤੋਂ ਹੱਟ ਕੇ ਅਧੋਗਤੀ ਵੱਲ ਜਾਣ ਲਗਦੇ ਹਨ, ਤਾਂ ਸੰਤ ਪ੍ਰਗਟ ਹੋ ਕੇ ਆਪਣੇ ਉਪਦੇਸ਼ਾਂ ਅਤੇ ਆਚਰਣ ਨਾਲ ਧਰਮ ਦੀ ਫੇਰ ਸਥਾਪਨਾ ਕਰਦੇ ਹਨ**। ਉਹ ਸਮੁੰਦਰ ਦੇ ਰੋਸ਼ਨ-ਥੰਮ ਦੀ ਤਰ੍ਹਾਂ ਸਾਨੂੰ ਠੀਕ ਰਾਹ ਦਿਖਾਉਂਦੇ ਹਨ ਅਤੇ ਸੱਚੇ ਰਾਹ 'ਤੇ ਚਲਣ ਲਈ ਉਤਸ਼ਾਹਿਤ ਕਰਦੇ ਹਨ। ਇਸੇ ਰਾਹ 'ਤੇ ਅਨੇਕਾਂ ਸੰਤ-ਨਿਵ੍ਰਿਤੀਨਾਥ, ਗਿਆਨ ਦੇਵ, ਮੁਕਤਾਬਾਈ, ਨਾਮ ਦੇਵ, ਗੋਰਾਂ, ਗੋਣਾਈ, ਏਕਨਾਥ, ਤੁਕਾਰਾਮ, ਨਰਹਰੀ, ਨਰਸੀ ਭਾਈ, ਸਜਨ ਕਸਾਈ, ਸਾਂਵਤਾ ਮਾਲੀ ਅਤੇ ਰਾਮ ਦਾਸ ਅਤੇ ਕਈ ਹੋਰ ਸੰਤ ਸੱਚੇ ਰਾਹ ਦੀ ਜਾਣਕਾਰੀ ਕਰਾਉਣ ਲਈ ਵੱਖ-ਵੱਖ ਮੌਕਿਆਂ 'ਤੇ ਪ੍ਰਗਟ ਹੋਏ ਅਤੇ ਇਨ੍ਹਾਂ ਸਭ ਤੋਂ ਬਾਅਦ ਸ਼ਿਰਡੀ ਵਿਚ ਸ੍ਰੀ ਸਾਈਂ ਬਾਬਾ ਦਾ ਅਵਤਾਰ ਹੋਇਆ।

## ਪਵਿੱਤਰ ਤੀਰਥ ਸ਼ਿਰਡੀ

ਅਹਿਮਦ ਨਗਰ ਜ਼ਿਲ੍ਹੇ ਵਿਚ ਗੋਦਾਵਰੀ ਨਦੀ ਦੇ ਕੰਢੇ ਬੜੇ ਹੀ ਭਾਗਾਂ ਵਾਲੇ ਹਨ, ਜਿਥੇ ਅਨੇਕਾਂ ਸੰਤਾਂ ਨੇ ਜਨਮ ਧਾਰਨ ਕੀਤਾ ਅਤੇ ਅਨੇਕਾਂ ਨੇ ਉਥੇ ਆਸਰਾ ਪਾਇਆ। ਏਦਾਂ ਦੇ ਸੰਤਾਂ ਵਿਚ ਸ੍ਰੀ ਗਿਆਨੇਸ਼ਵਰ ਮਹਾਰਾਜ ਪ੍ਰਮੁੱਖ ਸਨ। ਸ਼ਿਰਡੀ, ਅਹਿਮਦ ਨਗਰ ਜ਼ਿਲ੍ਹੇ ਦੇ ਕੋਪਰਗਾਂਵ ਤਹਿਸੀਲ ਵਿਚ ਹੈ। ਗੋਦਾਵਰੀ ਨਦੀ ਪਾਰ ਕਰਨ ਦੇ ਬਾਅਦ ਰਾਹ ਸਿੱਧਾ ਸ਼ਿਰਡੀ ਨੂੰ ਜਾਂਦਾ ਹੈ। ਅੱਠ ਮੀਲ ਚਲਣ ਤੋਂ ਬਾਅਦ ਜਦੋਂ ਤੁਸੀਂ ਨੀਮਗਾਂਵ ਪਹੁੰਚੋਗੇ ਤਾਂ ਉਥੋਂ ਸ਼ਿਰਡੀ ਨਜ਼ਰ ਆਉਣ ਲਗ ਜਾਂਦੀ ਹੈ। ਕ੍ਰਿਸ਼ਨਾ ਨਦੀ ਦੇ ਕੰਢੇ ’ਤੇ ਹੋਰ ਤੀਰਥ ਸਥਾਨ ਗਾਣਗਾਪੁਰ, ਨਰਸਿੰਹਵਾੜੀ ਅਤੇ ਔਦੁੰਬਰ ਦੇ ਵਾਂਗ ਹੀ ਸ਼ਿਰਡੀ ਵੀ ਪ੍ਰਸਿੱਧ ਤੀਰਥ ਹੈ। ਜਿਸ ਤਰ੍ਹਾਂ ਦਾਮੋਜੀ ਨੇ ਮੰਗਲਵੇੜਾ ਨੂੰ (ਪੰਡਰਪੁਰ ਦੇ ਨੇੜੇ), ਸਮਰੱਥ ਰਾਮਦਾਸ ਨੇ ਸੱਜਨਗੜ ਨੂੰ, ਦਤਾ ਅਵਤਾਰ ਸ੍ਰੀ ਨਰਸਿੰਹ ਸਰਸਵਤੀ ਨੇ ਵਾੜੀ ਨੂੰ ਪਵਿੱਤਰ ਕੀਤਾ, ਉਸੇ ਤਰ੍ਹਾਂ ਸ੍ਰੀ ਸਾਈਂ ਨਾਥ ਨੇ ਸ਼ਿਰਡੀ ਵਿਚ ਅਵਤਾਰ ਲੈ ਕੇ ਉਸ ਨੂੰ ਪਵਿੱਤਰ ਬਣਾਇਆ।

## ਸ੍ਰੀ ਸਾਈਂ ਬਾਬਾ ਦੀ ਸ਼ਖ਼ਸੀਅਤ

ਸ੍ਰੀ ਸਾਈਂ ਬਾਬਾ ਦੀ ਨੇੜਤਾ ਨਾਲ ਸ਼ਿਰਡੀ ਦਾ ਮਹੱਤਵ ਖ਼ਾਸ ਵੱਧ ਗਿਆ। ਹੁਣ ਅਸੀਂ ਉਨ੍ਹਾਂ ਦੇ ਚਰਿੱਤਰ ਦਾ ਅਧਿਅਨ ਕਰਾਂਗੇ। ਉਨ੍ਹਾਂ ਨੇ ਇਸ ਭਵਸਾਗਰ ਨੂੰ ਸਰ ਕਰ ਲਿਆ ਸੀ, ਜਿਸ ਨੂੰ ਪਾਰ ਕਰਨਾ ਬਹੁਤ ਹੀ ਮੁਸ਼ਕਿਲ ਹੈ। ਸ਼ਾਂਤੀ ਉਨ੍ਹਾਂ ਦਾ ਗਹਿਣਾ ਸੀ ਅਤੇ ਉਹ ਗਿਆਨ ਦੀ ਪ੍ਰਤੱਖ ਮੂਰਤ ਸਨ। ਵੈਸ਼ਨਵ ਭਗਤ ਹਮੇਸ਼ਾਂ ਉਥੇ ਆਸਰਾ ਪਾਉਂਦੇ ਸੀ। ਦਾਨਵੀਰਾਂ ਵਿਚ ਉਹ ਰਾਜਾ ਕਰਨ ਵਰਗੇ ਦਾਨੀ ਸਨ। ਉਹ ਸਾਰੇ ਸਾਰਾਂ ਦੇ ਸਾਰ ਰੂਪ ਸੀ। ਦੁਨਿਆਵੀ ਚੀਜ਼ਾਂ ਨਾਲ ਉਨ੍ਹਾਂ ਨੂੰ ਕੋਈ ਰੁਚੀ ਨਹੀਂ ਸੀ। ਸਦਾ ਆਤਮਸਰੂਪ ਵਿਚ ਮਗਨ ਰਹਿਣਾ ਹੀ ਉਨ੍ਹਾਂ ਦੇ ਜੀਵਨ ਦਾ ਮੁੱਖ ਮੰਤਵ ਸੀ। ਸੰਸਾਰਿਕ ਚੀਜ਼ਾਂ ਦਾ ਮੋਹ ਉਨ੍ਹਾਂ ਨੂੰ ਛੂਹਿਆ ਤਕ ਨਹੀਂ ਸੀ। ਉਨ੍ਹਾਂ ਦਾ ਦਿਲ ਸ਼ੀਸ਼ੇ ਵਾਂਗ ਸਾਫ਼ ਸੀ। ਉਨ੍ਹਾਂ ਦੇ ਸ੍ਰੀ ਮੁੱਖ ਤੋਂ ਹਮੇਸ਼ਾਂ ਅੰਮ੍ਰਿਤ ਵਰਖਾ ਹੁੰਦੀ ਸੀ। ਅਮੀਰ ਅਤੇ ਗ਼ਰੀਬ ਉਨ੍ਹਾਂ ਲਈ ਇਕ ਬਰਾਬਰ ਸਨ। ਮਾਨ-ਅਪਮਾਨ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਸੀ। ਉਹ ਨਿਡਰ ਹੋ ਕੇ ਬੋਲਦੇ, ਤਰ੍ਹਾਂ ਤਰ੍ਹਾਂ ਦੇ ਲੋਕਾਂ ਨਾਲ ਮਿਲ ਜੁਲ ਕੇ ਰਹਿੰਦੇ, ਨੱਚਣ ਵਾਲੀਆਂ ਦਾ ਨਾਚ ਦੇਖਦੇ ਅਤੇ ਗ਼ਜ਼ਲ-ਕਵਾਲੀਆਂ ਵੀ ਸੁਣਦੇ ਸੀ। ਏਨਾ ਸਭ ਕੁਝ ਕਰਦੇ ਹੋਏ ਵੀ ਉਨ੍ਹਾਂ ਦੀ ਸਮਾਧੀ ਜ਼ਰਾ ਵੀ ਭੰਗ ਨਹੀਂ ਹੁੰਦੀ ਸੀ। ਅੱਲ੍ਹਾ ਦਾ ਨਾਂਅ ਸਦਾ ਉਨ੍ਹਾਂ ਦੇ ਮੁੱਖ ’ਤੇ ਰਹਿੰਦਾ ਸੀ। ਜਦੋਂ ਦੁਨੀਆ ਜਾਗਦੀ ਤਾਂ ਉਹ ਸੌਂਦੇ ਅਤੇ ਜਦੋਂ ਦੁਨੀਆ ਸੌਂਦੀ ਤਾਂ ਉਹ ਜਾਗਦੇ ਸੀ। ਉਨ੍ਹਾਂ ਦਾ ਦਿਲ ਪ੍ਰਸ਼ਾਂਤ ਮਹਾਂਸਾਗਰ ਵਾਂਗ ਸ਼ਾਂਤ ਸੀ। ਨਾ ਉਨਾਂ ਦੀ ਰਿਹਾਇਸ਼ ਦਾ ਕੋਈ ਪਤਾ ਸੀ ਅਤੇ ਨਾ ਉਨ੍ਹਾਂ ਦੇ ਕੰਮ ਕਰਨ ਦੇ ਢੰਗ ਦਾ ਕੋਈ ਅੰਤ ਸੀ। ਕਹਿਣ ਨੂੰ ਤਾਂ ਉਹ ਇਕ ਥਾਂ ਤੇ ਰਹਿੰਦੇ ਸੀ, ਪਰ ਦੁਨੀਆ ਦੇ ਸਾਰੇ ਕਾਰ-ਵਿਹਾਰਾਂ ਅਤੇ ਵਪਾਰਾਂ ਦਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਗਿਆਨ ਸੀ। ਉਨ੍ਹਾਂ ਦੇ ਦਰਬਾਰ ਦਾ ਰੰਗ ਹੀ ਨਿਰਾਲਾ ਸੀ। ਉਹ ਹਰ ਰੋਜ਼ ਅਨੇਕ ਕਥਾਵਾਂ ਸੁਣਾਉਂਦੇ ਸੀ ਪਰ ਉਨ੍ਹਾਂ ਦੀ ਅਖੰਡ ਸ਼ਾਂਤੀ ਜ਼ਰਾ ਵੀ ਭੰਗ ਨਹੀਂ ਹੁੰਦੀ ਸੀ। ਉਹ ਸਦਾ ਮਸਜਿਦ

ਦੀ ਕੰਧ ਦੇ ਸਹਾਰੇ ਬੈਠੇ ਰਹਿੰਦੇ ਸੀ ਅਤੇ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਲੇਂਡੀ ਅਤੇ ਚਾਵੜੀ ਵੱਲ ਹਵਾ ਖਾਣ ਲਈ ਜਾਂਦੇ ਤਾਂ ਵੀ ਸਦਾ ਆਤਮਸਥਿਤ ਹੀ ਰਹਿੰਦੇ ਸੀ। ਆਪ ਹੀ ਉਹ ਸਿੱਧ ਹੋ ਕੇ ਵੀ ਸਾਧਕਾਂ ਵਾਂਗ ਆਚਰਣ ਕਰਦੇ ਸੀ। ਉਹ ਨਿਮਰ, ਦਿਆਲੂ ਅਤੇ ਹੰਕਾਰ ਤੋਂ ਦੂਰ ਸਨ। ਉਨ੍ਹਾਂ ਨੇ ਸਾਰਿਆਂ ਨੂੰ ਸਦਾ ਸੁੱਖ ਪਹੁੰਚਾਇਆ। ਏਦਾਂ ਦੇ ਸਨ ਸ੍ਰੀ ਸਾਈਂ ਬਾਬਾ, ਜਿਨ੍ਹਾਂ ਦੇ ਸ੍ਰੀਚਰਣਾਂ ਦੀ ਛੋਹ ਨਾਲ ਸ਼ਿਰਡੀ ਪਵਿੱਤਰ ਬਣ ਗਈ। ਉਸ ਦਾ ਮਹੱਤਵ ਅਸਧਾਰਣ ਹੋ ਗਿਆ। ਜਿਸ ਤਰ੍ਹਾਂ ਗਿਆਨੇਸ਼ਵਰ ਨੇ ਆਲੰਦੀ ਅਤੇ ਏਕਨਾਥ ਨੇ ਪੈਂਠਣ ਦੀ ਉਨਤੀ ਕੀਤੀ, ਉਹੀ ਗਤੀ ਸ੍ਰੀ ਸਾਈਂ ਬਾਬਾ ਨੇ ਸ਼ਿਰਡੀ ਨੂੰ ਦਿੱਤੀ। ਸ਼ਿਰਡੀ ਦੇ ਫੁੱਲ, ਪੱਤੇ, ਕੰਕਰ ਅਤੇ ਪੱਥਰ ਵੀ ਧੰਨ ਹਨ, ਜਿਨ੍ਹਾਂ ਨੂੰ ਸਾਈਂ ਚਰਣਾਂ ਦੀ ਛੋਹ ਅਤੇ ਉਨ੍ਹਾਂ ਦੀ ਚਰਣ-ਧੂੜ ਮੱਥੇ 'ਤੇ ਧਾਰਨ ਕਰਨ ਦੇ ਚੰਗੇ ਭਾਗ ਪ੍ਰਾਪਤ ਹੋਏ। ਭਗਤਾਂ ਲਈ ਸ਼ਿਰਡੀ ਇਕ ਦੂਸਰਾ ਪੰਡਰਪੁਰ, ਜਗਨਨਾਥਪੁਰੀ, ਦਵਾਰਕਾ, ਬਨਾਰਸ (ਕਾਂਸ਼ੀ), ਮਹਾਂਕਾਲੇਸ਼ਵਰ ਅਤੇ ਗੋਕ੍ਰਣ ਮਹਾਂਬਾਲੇਸ਼ਵਰ ਬਣ ਗਈ। ਸ੍ਰੀ ਸਾਈਂ ਦਾ ਦਰਸ਼ਨ ਕਰਨਾ ਹੀ ਭਗਤਾਂ ਦਾ ਵੇਦ ਮੰਤਰ ਸੀ, ਜਿਸ ਦੇ ਨਾਲ ਸੰਸਾਰਿਕ ਮੋਹ ਘੱਟਦਾ ਅਤੇ ਆਤਮਦਰਸ਼ਨ ਦਾ ਰਾਹ ਸੌਖਾ ਹੋ ਜਾਂਦਾ ਸੀ। ਉਨ੍ਹਾਂ ਦਾ ਸ੍ਰੀ ਦਰਸ਼ਨ ਹੀ ਯੋਗ-ਸਾਧਨਾ ਸੀ ਅਤੇ ਉਨ੍ਹਾਂ ਨਾਲ ਗੱਲਬਾਤ ਕਰਨ ਨਾਲ ਹੀ ਸਾਰੇ ਪਾਪ ਨਸ਼ਟ ਹੋ ਜਾਂਦੇ ਸੀ। ਉਨ੍ਹਾਂ ਦੇ ਚਰਣਾਂ ਦੀ ਸੇਵਾ ਕਰਨਾ ਹੀ ਤ੍ਰਿਵੇਨੀ (ਪ੍ਰਯਾਗ) ਇਸ਼ਨਾਨ ਕਰਨ ਦੇ ਬਰਾਬਰ ਸੀ ਅਤੇ ਉਨ੍ਹਾਂ ਦਾ ਚਰਣ-ਅੰਮ੍ਰਿਤ ਪੀਣ ਨਾਲ ਹੀ ਸਾਰੀਆਂ ਇੱਛਾਵਾਂ ਤ੍ਰਿਪਤ ਹੋ ਜਾਂਦੀਆਂ ਸੀ। ਉਨ੍ਹਾਂ ਦੀ ਆਗਿਆ ਸਾਡੇ ਲਈ ਵੇਦਾਂ ਵਾਂਗ ਸੀ। ਪ੍ਰਸ਼ਾਦ ਅਤੇ ਉਦੀ ਗ੍ਰਹਿਣ ਕਰਨ ਨਾਲ ਚਿੱਤ ਦੀ ਸ਼ੁੱਧੀ ਹੁੰਦੀ ਸੀ। ਉਹ ਹੀ ਸਾਡੇ ਰਾਮ ਅਤੇ ਕ੍ਰਿਸ਼ਨ ਸੀ ਜਿਨ੍ਹਾਂ ਨੇ ਸਾਨੂੰ ਮੁਕਤੀ ਦਿੱਤੀ, ਉਹ ਹੀ ਸਾਡੇ ਪਾਰਬ੍ਰਹਮ ਸੀ। ਉਹ ਕਦੀ ਬੇਚੈਨ ਜਾਂ ਪਰੇਸ਼ਾਨ ਨਹੀਂ ਹੁੰਦੇ ਸੀ। ਉਹ ਸਦਾ ਆਤਮਸਥਿਤ ਚੇਤਨਧੰਨ ਅਤੇ ਆਨੰਦ ਦੀ ਮੰਗਲ ਮੂਰਤੀ ਸਨ। ਕਹਿਣ ਨੂੰ ਤਾਂ ਸ਼ਿਰਡੀ ਉਨ੍ਹਾਂ ਦਾ ਮੁੱਖ ਕੇਂਦਰ ਸੀ, ਪਰ ਉਨ੍ਹਾਂ ਦਾ ਕੰਮ ਦਾ ਇਲਾਕਾ ਪੰਜਾਬ, ਕਲਕੱਤਾ, ਉੱਤਰੀ ਭਾਰਤ, ਗੁਜਰਾਤ, ਢਾਕਾ ਅਤੇ ਕੌਂਕਣ ਤਕ ਫੈਲਿਆ ਹੋਇਆ ਸੀ। ਸ੍ਰੀ ਸਾਈਂਨਾਥ ਦੀ ਕੀਰਤੀ ਦਿਨੋ-ਦਿਨ ਚਾਰੇ ਪਾਸੇ ਫੈਲਣ ਲਗੀ ਅਤੇ ਥਾਂ-ਥਾਂ ਤੋਂ ਆ ਕੇ ਭਗਤ ਦਰਸ਼ਨਾਂ ਦਾ ਲਾਭ ਲੈਣ ਲਗੇ। ਸਿਰਫ਼ ਦਰਸ਼ਨਾਂ ਨਾਲ ਹੀ ਮਨੁੱਖਾਂ, ਭਾਵੇਂ ਉਹ ਸ਼ੁੱਧ ਜਾਂ ਅਸ਼ੁੱਧ ਦਿਲ ਦੇ ਹੋਣ, ਦੇ ਮਨ ਨੂੰ ਪਰਮ ਸ਼ਾਂਤੀ ਮਿਲ ਜਾਂਦੀ ਸੀ। ਉਨ੍ਹਾਂ ਨੂੰ ਉਸੇ ਆਨੰਦ ਦਾ ਅਨੁਭਵ ਹੁੰਦਾ ਜਿਵੇਂ ਕਿ ਪੰਡਰਪੁਰ ਵਿਚ ਸ੍ਰੀ ਵਿੱਠਲ ਦੇ ਦਰਸ਼ਨਾਂ ਨਾਲ ਹੁੰਦਾ ਸੀ। ਇਹ ਕੋਈ ਅੱਤਕਥਨੀ ਨਹੀਂ ਹੈ। ਦੇਖੋ, ਇਕ ਭਗਤ ਨੇ ਇਹੀ ਅਨੁਭਵ ਕੀਤਾ ਹੈ—

## ਗੌਲੀ ਬੁਵਾ

ਲਗਭਗ 95 ਸਾਲਾਂ ਦੇ ਬਜ਼ੁਰਗ ਭਗਤ ਜਿਨ੍ਹਾਂ ਦਾ ਨਾਮ ਗੌਲੀ ਬੁਵਾ ਸੀ, ਪੰਡਰੀ ਦੇ ਇਕ ਵਾਰਕਾਰੀ ਸੀ। ਉਹ 8 ਮਹੀਨੇ ਪੰਡਰਪੁਰ ਅਤੇ 4 ਮਹੀਨੇ (ਅੱਸੂ ਤੋਂ ਕੱਤਕ ਤਕ) ਗੰਗਾ ਕੰਢੇ ਰਹਿੰਦੇ ਸੀ। ਸਮਾਨ ਢੋਣ ਦੇ ਲਈ ਉਹ ਇਕ ਖੋਤਾ ਆਪਣੇ ਕੋਲ ਰਖਦੇ ਸੀ ਅਤੇ ਇਕ ਚੇਲਾ ਹਮੇਸ਼ਾਂ ਉਨ੍ਹਾਂ ਦੇ ਨਾਲ ਰਹਿੰਦਾ



ਸੀ। ਉਹ ਹਰ ਸਾਲ ਵਾਰੀ ਲੈ ਕੇ ਪੰਡਰਪੁਰ ਜਾਂਦੇ ਸੀ ਅਤੇ ਵਾਪਸੀ ਵੇਲੇ ਸ੍ਰੀ ਸਾਈਂ ਬਾਬਾ ਦੇ ਦਰਸ਼ਨਾਂ ਲਈ ਸ਼ਿਰਡੀ ਆਉਂਦੇ ਸੀ। ਬਾਬਾ ਨਾਲ ਉਨ੍ਹਾਂ ਦਾ ਬੇਹੱਦ ਪਿਆਰ ਸੀ। ਉਹ ਬਾਬਾ ਵੱਲ ਦੇਖਦੇ ਅਤੇ ਕਹਿੰਦੇ ਸੀ ਕਿ ਇਹ ਤਾਂ ਸ੍ਰੀ ਪੰਡਰੀਨਾਥ, ਸ੍ਰੀ ਵਿੱਠਲ ਦੇ ਅਵਤਾਰ ਹਨ, ਜਿਹੜੇ ਅਨਾਥ-ਨਾਥ, ਦੀਨ ਦਿਆਲੂ ਅਤੇ ਦੀਨਾਂ ਦੇ ਨਾਥ ਹਨ। ਗੌਲੀ ਬੁਵਾ ਸ੍ਰੀ ਵਿਠੋਬਾ ਦੇ ਪਰਮ ਭਗਤ ਸੀ। ਉਨ੍ਹਾਂ ਨੇ ਅਨੇਕਾਂ ਵਾਰੀ ਪੰਡਰੀ ਦੀ ਯਾਤਰਾ ਕੀਤੀ ਅਤੇ ਪ੍ਰਤੱਖ ਅਨੁਭਵ ਕੀਤਾ ਕਿ ਸ੍ਰੀ ਸਾਈਂ ਬਾਬਾ ਸੱਚਮੁੱਚ ਵਿਚ ਹੀ ਪੰਡਰੀਨਾਥ ਹਨ।

## ਸ੍ਰੀ ਵਿੱਠਲ ਆਪ ਪ੍ਰਗਟ ਹੋਏ

ਸ੍ਰੀ ਸਾਈਂ ਬਾਬਾ ਦੀ ਈਸ਼ਵਰ-ਧਿਆਨ ਅਤੇ ਭਜਨ ਕਰਨ ਵਿਚ ਖ਼ਾਸ ਰੁਚੀ ਸੀ। ਉਹ ਸਦਾ 'ਅੱਲ੍ਹਾ ਮਾਲਿਕ' ਬੋਲਦੇ ਅਤੇ ਭਗਤਾਂ ਕੋਲੋਂ ਕੀਰਤਨ-ਸਪਤਾਹ ਕਰਵਾਉਂਦੇ ਸੀ। ਇਸ ਨੂੰ ਨਾਮ ਸਪਤਾਹ ਵੀ ਕਹਿੰਦੇ ਹਨ। ਇਕ ਵਾਰੀ ਉਨ੍ਹਾਂ ਨੇ ਦਾਸਗਣੂ ਨੂੰ ਕੀਰਤਨ-ਸਪਤਾਹ ਕਰਨ ਦੀ ਆਗਿਆ ਦਿੱਤੀ। ਦਾਸਗਣੂ ਨੇ ਬਾਬਾ ਨੂੰ ਕਿਹਾ ਕਿ "ਤੁਹਾਡੀ ਆਗਿਆ ਸਿਰ ਮੱਥੇ ਹੈ, ਪਰ ਇਸ ਗੱਲ ਦਾ ਭਰੋਸਾ ਮਿਲਣਾ ਚਾਹੀਦਾ ਹੈ ਕਿ ਸਪਤਾਹ ਦੇ ਅੰਤ ਵਿਚ ਵਿੱਠਲ ਜ਼ਰੂਰ ਪ੍ਰਗਟ ਹੋਣਗੇ।" ਬਾਬਾ ਨੇ ਆਪਣੇ ਦਿਲ 'ਤੇ ਹੱਥ ਰੱਖ ਕੇ ਕਿਹਾ ਕਿ ਵਿੱਠਲ ਜ਼ਰੂਰ ਪ੍ਰਗਟ ਹੋਣਗੇ। ਪਰ ਨਾਲ ਹੀ ਭਗਤਾਂ ਵਿਚ ਸ਼ਰਧਾ ਅਤੇ ਤੀਬਰ ਉਤਸੁਕਤਾ ਦਾ ਹੋਣਾ ਵੀ ਜ਼ਰੂਰੀ ਹੈ। ਠਾਕੁਰ ਨਾਥ ਦੀ ਡੰਕਪੁਰੀ, ਵਿੱਠਲ ਦੀ ਪੰਡਰੀ, ਰਣਛੋੜ ਦੀ ਦਵਾਰਕਾ ਇਹ ਹੀ ਤਾਂ ਹੈ। ਕਿਸੇ ਨੂੰ ਦੂਰ ਜਾਣ ਦੀ ਲੋੜ ਨਹੀਂ ਹੈ। ਕੀ ਵਿੱਠਲ ਕਿਤੋਂ ਬਾਹਰੋਂ ਆਉਣਗੇ ? ਉਹ ਤਾਂ ਇਥੇ ਹੀ ਬਿਰਾਜਮਾਨ ਹਨ। **ਜਦੋਂ ਭਗਤਾਂ ਵਿਚ ਪਿਆਰ ਅਤੇ ਭਗਤੀ ਦਾ ਸੋਮਾ ਵੱਗਦਾ ਹੋਏਗਾ ਤਾਂ ਵਿੱਠਲ ਆਪ ਹੀ ਇਥੇ ਪ੍ਰਗਟ ਹੋ ਜਾਣਗੇ**।

ਸਪਤਾਹ ਖਤਮ ਹੋਣ ਦੇ ਬਾਅਦ ਵਿੱਠਲ ਭਗਵਾਨ ਇਸ ਤਰ੍ਹਾਂ ਪ੍ਰਗਟ ਹੋਏ। ਕਾਕਾਸਾਹਿਬ ਦੀਕਸ਼ਿਤ ਹਮੇਸ਼ਾਂ ਦੀ ਤਰ੍ਹਾਂ ਇਸ਼ਨਾਨ ਕਰਨ ਤੋਂ ਬਾਅਦ ਜਦੋਂ ਧਿਆਨ ਕਰਨ ਲਈ ਬੈਠੇ ਤਾਂ ਉਨ੍ਹਾਂ ਨੂੰ ਵਿੱਠਲ ਦੇ ਦਰਸ਼ਨ ਹੋਏ। ਦੁਪਹਿਰ ਨੂੰ ਜਦੋਂ ਉਹ ਬਾਬਾ ਦੇ ਦਰਸ਼ਨਾਂ ਲਈ ਮਸਜਿਦ ਗਏ ਤਾਂ ਬਾਬਾ ਨੇ ਉਨ੍ਹਾਂ ਨੂੰ ਪੁੱਛਿਆ, "ਕਿਉਂ ਵਿੱਠਲ ਪਾਟਿਲ ਆਏ ਸੀ ਨਾ ? ਕੀ ਤੁਹਾਨੂੰ ਉਨ੍ਹਾਂ ਦੇ ਦਰਸ਼ਨ ਹੋਏ ? ਉਹ ਬਹੁਤ ਚੰਚਲ ਹਨ। ਉਨ੍ਹਾਂ ਨੂੰ ਮਜ਼ਬੂਤੀ ਨਾਲ ਫੜ ਲਵੋ। ਜੇ ਜ਼ਰਾ ਵੀ ਢਿੱਲ ਕੀਤੀ ਤਾਂ ਉਹ ਬਚ ਕੇ ਨਿਕਲ ਜਾਣਗੇ। ਇਹ ਸਵੇਰ ਦੀ ਘਟਨਾ ਸੀ ਅਤੇ ਦੁਪਹਿਰ ਨੂੰ ਉਨ੍ਹਾਂ ਨੂੰ ਫੇਰ ਦਰਸ਼ਨ ਹੋਏ। ਉਸੇ ਦਿਨ ਇਕ ਤਸਵੀਰਾਂ ਵੇਚਣ ਵਾਲਾ ਵਿਠੋਬਾ ਦੀਆਂ 25-30 ਤਸਵੀਰਾਂ ਲੈ ਕੇ ਉਥੇ ਵੇਚਣ ਆਇਆ। ਇਹ ਤਸਵੀਰ ਠੀਕ ਉਵੇਂ ਦੀ ਸੀ, ਜਿਵੇਂ ਕਿ ਕਾਕਾਸਾਹਿਬ ਦੀਕਸ਼ਿਤ ਨੂੰ ਧਿਆਨ ਵਿਚ ਦਰਸ਼ਨ ਹੋਏ ਸੀ। ਤਸਵੀਰ ਦੇਖ ਕੇ ਅਤੇ ਬਾਬਾ ਦੇ ਸ਼ਬਦਾਂ ਨੂੰ ਯਾਦ ਕਰਕੇ ਕਾਕਾਸਾਹਿਬ ਨੂੰ ਬੜੀ ਹੈਰਾਨੀ ਅਤੇ ਖ਼ੁਸ਼ੀ ਹੋਈ। ਉਨ੍ਹਾਂ ਨੇ ਇਕ ਤਸਵੀਰ ਖ਼ੁਸ਼ੀ ਨਾਲ ਖ਼ਰੀਦ ਲਈ ਅਤੇ ਆਪਣੇ ਮੰਦਿਰ ਵਿਚ ਆਦਰ ਨਾਲ ਰਖ ਲਈ।

ਠਾਣੇ ਦੇ ਸੇਵਾ ਮੁਕਤ ਮਾਮਲੇਦਾਰ ਸ੍ਰੀ ਬੀ.ਵੀ. ਦੇਵ ਨੇ ਆਪਣੀ ਖੋਜ ਨਾਲ ਇਹ ਸਾਬਤ ਕਰ ਦਿੱਤਾ

ਹੈ ਕਿ ਸ਼ਿਰਡੀ ਪੰਡਰਪੁਰ ਦੇ ਘੇਰੇ ਵਿਚ ਆਉਂਦੀ ਹੈ। ਦੱਖਣ ਵਿਚ ਪੰਡਰਪੁਰ ਸ੍ਰੀ ਕ੍ਰਿਸ਼ਨ ਦਾ ਪ੍ਰਸਿੱਧ ਸਥਾਨ ਹੈ, ਇਸ ਲਈ ਸ਼ਿਰਡੀ ਹੀ ਦਵਾਰਕਾ ਹੈ (ਸਾਈਂ ਲੀਲ੍ਹਾ ਮੈਗਜ਼ੀਨ ਭਾਗ 1, 2, 3 ਦੇ ਅਨੁਸਾਰ)।

ਦਵਾਰਕਾ ਦੀ ਇਕ ਹੋਰ ਵਿਆਖਿਆ ਸੁਣਨ ਵਿਚ ਆਈ ਹੈ, ਜੋ ਕਿ ਕੈ. ਨਾਰਾਇਣ ਆਈਅਰ ਦੇ ਲਿਖੇ "ਭਾਰਤ ਵਰਸ਼ ਦਾ ਸਥਾਈ ਇਤਿਹਾਸ" ਵਿਚ ਸਕੰਦਪੁਰਾਣ (ਭਾਗ 2, ਸਫ਼ਾ 90) ਤੋਂ ਲਈ ਗਈ ਹੈ। ਉਹ ਇਸ ਤਰ੍ਹਾਂ ਹੈ—

"ਚਤੁਰਵਰਣਾਮਪਿ ਵੰਗਾਰਣਾ ਯਤਰ ਦਵਾਰਾਣਿ ਸਰਵਤ:।<br>
ਅਤੋ ਦਵਾਰਵਤੀਤਯੁਕਤਾ ਵਿਦਵਦਿਭਸਤਤਵਵਾਦਿਤਿ:॥"

ਜਿਹੜੀ ਥਾਂ ਚਾਰ ਵਰਣਾਂ ਦੇ ਲੋਕਾਂ ਨੂੰ ਧਰਮ, ਅਰਥ, ਕਾਮ ਅਤੇ ਮੋਕਸ਼ ਦੇ ਲਈ ਖੁੱਲ੍ਹੀ ਹੋਏ, ਗਿਆਨੀ ਲੋਕ ਉਸ ਨੂੰ 'ਦਵਾਰਕਾ' ਦੇ ਨਾਂਅ ਨਾਲ ਬੁਲਾਉਂਦੇ ਹਨ। ਸ਼ਿਰਡੀ ਵਿਚ ਬਾਬਾ ਦੀ ਮਸਜਿਦ ਸਿਰਫ਼ ਚਾਰ ਵਰਣਾਂ ਦੇ ਲਈ ਹੀ ਨਹੀਂ ਸਗੋਂ ਦਲਿਤ, ਅਛੂਤ ਅਤੇ ਭਾਗੋਜੀ ਸ਼ਿੰਦੇ ਵਰਗੇ ਕੋੜ੍ਹੀ ਆਦਿ ਸਾਰਿਆਂ ਲਈ ਖੁੱਲ੍ਹੀ ਸੀ। ਇਸ ਲਈ ਸ਼ਿਰਡੀ ਨੂੰ ਦਵਾਰਕਾ ਕਹਿਣਾ ਬਿਲਕੁਲ ਠੀਕ ਹੈ।

## ਭਗਵੰਤਰਾਵ ਕਸ਼ੀਰਸਾਗਰ ਦੀ ਕਥਾ

ਸ੍ਰੀ ਵਿੱਠਲ ਦੀ ਪੂਜਾ ਵਿਚ ਬਾਬਾ ਨੂੰ ਕਿੰਨੀ ਰੁਚੀ ਸੀ, ਇਹ ਭਗਵੰਤਰਾਵ ਕਸ਼ੀਰਸਾਗਰ ਦੀ ਕਥਾ ਤੋਂ ਸਪਸ਼ਟ ਹੈ। ਭਗਵੰਤਰਾਵ ਦੇ ਪਿਤਾ ਵਿਠੋਬਾ ਦੇ ਪਰਮ ਭਗਤ ਸੀ, ਜਿਹੜੇ ਹਰ ਸਾਲ ਪੰਡਰਪੁਰ ਵਾਰੀ (ਚੌਂਕੀ) ਲੈ ਕੇ ਜਾਂਦੇ ਸੀ। ਉਨ੍ਹਾਂ ਦੇ ਘਰ ਵਿਚ ਵਿਠੋਬਾ ਦੀ ਇਕ ਮੂਰਤੀ ਸੀ, ਜਿਸ ਦੀ ਉਹ ਹਰ ਰੋਜ਼ ਪੂਜਾ ਕਰਦੇ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਭਗਵੰਤਰਾਵ ਨੇ ਵਾਰੀ, ਪੂਜਾ, ਸਰਾਧ ਆਦਿ ਸਾਰੇ ਕੰਮ ਕਰਨੇ ਛੱਡ ਦਿੱਤੇ। ਜਦੋਂ ਭਗਵੰਤਰਾਵ ਸ਼ਿਰਡੀ ਆਏ ਤਾਂ ਬਾਬਾ ਉਨ੍ਹਾਂ ਨੂੰ ਦੇਖਦੇ ਹੀ ਕਹਿਣ ਲਗੇ ਕਿ "ਇਨ੍ਹਾਂ ਦੇ ਪਿਤਾ ਮੇਰੇ ਪਰਮ ਮਿੱਤਰ ਸੀ। ਇਸ ਕਰਕੇ ਹੀ ਮੈਂ ਇਨ੍ਹਾਂ ਨੂੰ ਇਥੇ ਬੁਲਾਇਆ ਹੈ। ਇਨ੍ਹਾਂ ਨੇ ਕਦੀ ਨੈਵੇਦ ਅਰਪਣ ਨਹੀਂ ਕੀਤਾ ਅਤੇ ਮੈਨੂੰ ਅਤੇ ਵਿਠੋਬਾ ਨੂੰ ਭੁੱਖੇ ਮਾਰਿਆ ਹੈ। ਇਸ ਲਈ ਮੈਂ ਇਨ੍ਹਾਂ ਨੂੰ ਇਥੇ ਆਉਣ ਲਈ ਉਤਸ਼ਾਹਿਤ ਕੀਤਾ ਹੈ। ਹੁਣ ਮੈਂ ਇਨ੍ਹਾਂ ਨੂੰ ਜ਼ਬਰਦਸਤੀ ਪੂਜਾ ਵਿਚ ਲਾ ਦੇਵਾਂਗਾ।"

## ਦਾਸਗਣੂ ਦਾ ਪ੍ਰਯਾਗ ਇਸ਼ਨਾਨ

ਗੰਗਾ ਅਤੇ ਯਮੁਨਾ ਨਦੀ ਦੇ ਸੰਗਮ 'ਤੇ ਪ੍ਰਯਾਗ ਪ੍ਰਸਿੱਧ ਪਵਿੱਤਰ ਤੀਰਥ ਹੈ। ਹਿੰਦੂਆਂ ਦੀ ਇਹ ਭਾਵਨਾ ਹੈ ਕਿ ਉਥੇ ਇਸ਼ਨਾਨ ਕਰਨ ਨਾਲ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਇਸ ਕਰਕੇ ਹਰੇਕ ਤਿਉਹਾਰ 'ਤੇ ਹਜ਼ਾਰਾਂ ਭਗਤ ਉਥੇ ਜਾਂਦੇ ਹਨ ਅਤੇ ਇਸ਼ਨਾਨ ਦਾ ਲਾਭ ਉਠਾਉਂਦੇ ਹਨ। ਇਕ ਵਾਰੀ ਦਾਸਗਣੂ ਨੇ ਵੀ ਉਥੇ ਜਾ ਕੇ ਇਸ਼ਨਾਨ ਕਰਨ ਦਾ ਇਰਾਦਾ ਕੀਤਾ। ਇਸ ਵਿਚਾਰ ਨਾਲ ਉਹ ਬਾਬਾ ਕੋਲੋਂ ਆਗਿਆ ਲੈਣ ਗਏ। ਬਾਬਾ ਨੇ ਕਿਹਾ, **"ਏਨੀ ਦੂਰ ਫ਼ਜ਼ੂਲ ਭਟਕਣ ਦੀ ਕੀ ਲੋੜ ਹੈ? ਆਪਣਾ ਪ੍ਰਯਾਗ ਤਾਂ ਇਥੇ ਹੀ ਹੈ। ਮੇਰੇ**



**’ਤੇ ਵਿਸ਼ਵਾਸ ਕਰੋ।”** ਹੈਰਾਨੀ ਬੜੀ ਹੈਰਾਨੀ! ਜਿਵੇਂ ਹੀ ਦਾਸਗਣੁ ਨੇ ਬਾਬਾ ਦੇ ਚਰਨਾਂ ’ਤੇ ਮੱਥਾ ਟੇਕਿਆ ਤਾਂ ਬਾਬਾ ਦੇ ਸ੍ਰੀਚਰਨਾਂ ਵਿਚੋਂ ਗੰਗਾ-ਯਮੁਨਾ ਦੀ ਧਾਰ ਤੇਜ਼ੀ ਨਾਲ ਵੱਗਣ ਲਗੀ। ਇਹ ਚਮਤਕਾਰ ਦੇਖ ਕੇ ਦਾਸਗਣੁ ਦਾ ਪਿਆਰ ਅਤੇ ਭਗਤੀ ਉਮੜ ਪਈ। ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਵੱਗਣ ਲਗੀ। ਉਨ੍ਹਾਂ ਨੂੰ ਅੰਦਰੋਂ ਕੁਝ ਉਤੇਜਨਾ ਹੋਈ ਅਤੇ ਉਨ੍ਹਾਂ ਦੇ ਮੁੱਖ ਤੋਂ ਸ੍ਰੀ ਸਾਈਂ ਬਾਬਾ ਦੀ ਸਿਫ਼ਤ ਅਤੇ ਲੀਲ੍ਹਾਵਾਂ ਦਾ ਗੁਣਗਾਣ ਆਪਣੇ ਆਪ ਹੀ ਸ਼ੁਰੂ ਹੋ ਗਿਆ।

## ਸ੍ਰੀ ਸਾਈਂ ਬਾਬਾ ਦਾ ਸ਼ਿਰਡੀ ਵਿਚ ਪਹਿਲੀ ਵਾਰੀ ਆਉਣਾ

ਸ੍ਰੀ ਸਾਈਂ ਬਾਬਾ ਦੇ ਮਾਤਾ ਪਿਤਾ, ਉਨ੍ਹਾਂ ਦਾ ਜਨਮ ਅਤੇ ਜਨਮ ਦੀ ਥਾਂ ਦਾ ਕਿਸੇ ਨੂੰ ਵੀ ਗਿਆਨ ਨਹੀਂ ਹੈ। ਇਸ ਬਾਰੇ ਵਿਚ ਬਹੁਤ ਜਾਂਚ-ਪੜਤਾਲ ਕੀਤੀ ਗਈ। ਬਾਬਾ ਕੋਲੋਂ ਅਤੇ ਹੋਰ ਲੋਕਾਂ ਕੋਲੋਂ ਵੀ ਇਸ ਵਿਸ਼ੇ ਵਿਚ ਪੁੱਛਗਿੱਛ ਕੀਤੀ ਗਈ, ਪਰ ਕੋਈ ਤਸੱਲੀਬਖ਼ਸ਼ ਜਵਾਬ ਜਾਂ ਪਤਾ ਹੱਥ ਨਹੀਂ ਆਇਆ। ਅਸਲ ਵਿਚ ਅਸੀਂ ਲੋਕ ਇਸ ਵਿਚ ਬਿਲਕੁਲ ਅਨਜਾਣ ਹਾਂ। ਨਾਮਦੇਵ ਅਤੇ ਕਬੀਰਦਾਸ ਜੀ ਦਾ ਜਨਮ ਆਮ ਲੋਕਾਂ ਵਾਂਗ ਨਹੀਂ ਹੋਇਆ ਸੀ। ਉਹ ਬਾਲ-ਰੂਪ ਵਿਚ ਕੁਦਰਤ ਦੀ ਗੋਦ ਵਿਚ ਮਿਲੇ ਸੀ। ਨਾਮਦੇਵ ਭੀਮਰਥੀ ਨਦੀ ਕੇ ਕੰਢੇ ’ਤੇ ਪਏ ਹੋਏ ਤਮਾਲ ਨੂੰ ਮਿਲੇ ਸੀ ਅਤੇ ਏਦਾਂ ਹੀ ਸ੍ਰੀ ਸਾਈਂ ਬਾਬਾ ਦੇ ਸਬੰਧ ਵਿਚ ਸੀ। ਉਹ ਨਿੰਮ ਦੇ ਦਰੱਖ਼ਤ ਦੇ ਥੱਲੇ 16 ਸਾਲ ਦੀ ਉਮਰ ਵਿਚ ਆਪ ਭਗਤਾਂ ਦੇ ਕਲਿਆਣ ਦੇ ਲਈ ਪ੍ਰਗਟ ਹੋਏ ਸੀ। ਉਸ ਵੇਲੇ ਵੀ ਉਹ ਪੂਰਨ ਬ੍ਰਹਮਗਿਆਨੀ ਪ੍ਰਤੀਤ ਹੁੰਦੇ ਸੀ। ਸੁਪਨੇ ਵਿਚ ਵੀ ਉਨ੍ਹਾਂ ਨੂੰ ਕਿਸੇ ਦੁਨਿਆਵੀ ਚੀਜ਼ ਦੀ ਇੱਛਾ ਨਹੀਂ ਸੀ। ਉਨ੍ਹਾਂ ਨੇ ਮਾਇਆ ਨੂੰ ਠੁਕਰਾ ਦਿੱਤਾ ਸੀ ਅਤੇ ਮੁਕਤੀ ਉਨ੍ਹਾਂ ਦੇ ਚਰਨਾਂ ਵਿਚ ਰਹਿੰਦੀ ਸੀ। ਸ਼ਿਰਡੀ ਪਿੰਡ ਦੀ ਇਕ ਬਜ਼ੁਰਗ ਔਰਤ ਨਾਨਾ ਚੋਪਦਾਰ ਦੀ ਮਾਤਾ ਨੇ ਉਨ੍ਹਾਂ ਦਾ ਇਸ ਤਰ੍ਹਾਂ ਵਰਨਣ ਕੀਤਾ ਹੈ— ਇਕ ਗੱਭਰੂ, ਸੁੰਦਰ, ਫੁਰਤੀਲਾ ਅਤੇ ਬਹੁਤ ਰੂਪਵਾਨ ਬਾਲਕ ਪਹਿਲੀ ਵਾਰੀ ਨਿੰਮ ਦੇ ਦਰੱਖ਼ਤ ਥੱਲੇ ਸਮਾਧੀ ਵਿਚ ਲੀਨ ਦਿਖਾਈ ਦਿੱਤਾ। ਸਰਦੀ ਅਤੇ ਗਰਮੀ ਦੀ ਉਨ੍ਹਾਂ ਨੂੰ ਜ਼ਰਾ ਵੀ ਫ਼ਿਕਰ ਨਹੀਂ ਸੀ। ਉਨ੍ਹਾਂ ਨੂੰ ਏਨੀ ਘੱਟ ਉਮਰ ਵਿਚ ਇਸ ਤਰ੍ਹਾਂ ਕਠਿਨ ਤਪੱਸਿਆ ਕਰਦੇ ਦੇਖ ਕੇ ਲੋਕਾਂ ਨੂੰ ਬਹੁਤ ਹੈਰਾਨੀ ਹੋਈ। ਦਿਨ ਵਿਚ ਉਹ ਕਿਸੇ ਨੂੰ ਨਹੀਂ ਮਿਲਦੇ ਸੀ ਅਤੇ ਰਾਤ ਨੂੰ ਨਿਡਰ ਹੋਕੇ ਇਕਾਂਤ ਵਿਚ ਘੁੰਮਦੇ ਸੀ। ਲੋਕ ਹੈਰਾਨ ਹੋ ਕੇ ਪੁੱਛਦੇ ਫਿਰਦੇ ਸੀ ਕਿ ਇਸ ਜਵਾਨ ਦਾ ਕਿਥੋਂ ਆਉਣਾ ਹੋਇਆ ਹੈ? ਉਨ੍ਹਾਂ ਦੀ ਬਣਤਰ ਅਤੇ ਸ਼ਕਲ ਏਨੀ ਸੁੰਦਰ ਸੀ ਕਿ ਇਕ ਵਾਰੀ ਦੇਖਣ ਨਾਲ ਹੀ ਲੋਕ ਖਿੱਚੇ ਜਾਂਦੇ ਸਨ। ਉਹ ਸਦਾ ਨਿੰਮ ਦੇ ਦਰੱਖ਼ਤ ਹੇਠਾਂ ਬੈਠੇ ਰਹਿੰਦੇ ਅਤੇ ਕਿਸੇ ਦੇ ਦਰਵਾਜ਼ੇ ’ਤੇ ਨਹੀਂ ਜਾਂਦੇ ਸੀ। ਭਾਵੇਂ ਉਹ ਦੇਖਣ ਵਿਚ ਜਵਾਨ ਪ੍ਰਤੀਤ ਹੁੰਦੇ ਸੀ, ਪਰ ਉਨ੍ਹਾਂ ਦਾ ਆਚਰਣ ਮਹਾਤਮਾਵਾਂ ਵਾਂਗ ਸੀ। ਉਹ ਤਿਆਗ ਅਤੇ ਵੈਰਾਗ ਦੀ ਪ੍ਰਤੱਖ ਮੂਰਤ ਸਨ। ਇਕ ਵਾਰੀ ਇਕ ਹੈਰਾਨੀਜਨਕ ਘਟਨਾ ਹੋਈ। ਇਕ ਭਗਤ ਵਿਚ ਭਗਵਾਨ ਖੰਡੋਬਾ ਪ੍ਰਗਟ ਹੋਏ। ਲੋਕਾਂ ਨੇ ਆਪਣਾ ਸ਼ੱਕ ਦੂਰ ਕਰਨ ਲਈ ਸੁਆਲ ਕੀਤਾ ਕਿ ਹੇ ਦੇਵ ਕ੍ਰਿਪਾ ਕਰ ਕੇ ਦੱਸੋ ਕਿ ਇਹ ਕਿਸ ਭਾਗਾਂ ਵਾਲੇ ਪਿਤਾ ਦੀ ਔਲਾਦ ਹੈ ਅਤੇ ਇਹ ਕਿੱਥੋਂ ਆਏ ਹਨ। ਭਗਵਾਨ ਖੰਡੋਬਾ ਨੇ ਇਕ ਗੇਂਤੀ ਮੰਗਵਾਈ ਅਤੇ ਇਕ

ਥਾਂ ਤੋਂ ਪੁੱਟਣ ਦਾ ਇਸ਼ਾਰਾ ਕੀਤਾ। ਜਦੋਂ ਉਹ ਥਾਂ ਪੂਰੀ ਤਰ੍ਹਾਂ ਪੁੱਟੀ ਗਈ ਤਾਂ ਉਥੇ ਇਕ ਪੱਥਰ ਚੁਕਦੇ ਹੀ ਇਕ ਦਰਵਾਜ਼ਾ ਦਿੱਸਿਆ, ਜਿਥੇ ਚਾਰ ਦੀਵੇ ਜਗ ਰਹੇ ਸੀ। ਉਸ ਦਰਵਾਜ਼ੇ ਤੋਂ ਰਾਹ ਇਕ ਗੁਫ਼ਾ ਵਿਚ ਜਾਂਦਾ ਸੀ, ਜਿਥੇ ਗਊਮੁਖੀ ਆਕਾਰ ਦੀ ਇਮਾਰਤ, ਲੱਕੜ ਦੇ ਫੱਟੇ, ਮਾਲਾ ਆਦਿ ਪਈਆਂ ਸਨ। ਭਗਵਾਨ ਖੰਡੋਬਾ ਕਹਿਣ ਲਗੇ ਕਿ ਇਸ ਜਵਾਨ ਨੇ ਇਸ ਥਾਂ 'ਤੇ 12 ਸਾਲ ਤਪੱਸਿਆ ਕੀਤੀ ਹੈ। ਤਾਂ ਲੋਕ ਜਵਾਨ ਕੋਲੋਂ ਸੁਆਲ ਪੁੱਛਣ ਲਗੇ। ਪਰ ਉਸ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਇਹ ਮੇਰੇ ਸ੍ਰੀ ਗੁਰਦੇਵ ਦੀ ਪਵਿੱਤਰ ਭੂਮੀ ਹੈ ਇਸ ਲਈ ਮੇਰਾ ਪੂਜਣਯੋਗ ਥਾਂ ਹੈ, ਤਾਂ ਲੋਕਾਂ ਨੇ ਦਰਵਾਜ਼ਾ ਉਸੇ ਤਰ੍ਹਾਂ ਬੰਦ ਕਰ ਦਿੱਤਾ। ਜਿਸ ਤਰ੍ਹਾਂ ਅਸ਼ਵਤਥ ਅਤੇ ਔਦੁੰਬਰ ਦੇ ਦਰੱਖ਼ਤ ਪਵਿੱਤਰ ਮੰਨੇ ਜਾਂਦੇ ਹਨ, ਉਸੇ ਤਰ੍ਹਾਂ ਬਾਬਾ ਨੇ ਵੀ ਇਸ ਨਿੰਮ ਦੇ ਦਰੱਖ਼ਤ ਨੂੰ ਉਨਾ ਹੀ ਪਵਿੱਤਰ ਮੰਨਿਆ ਅਤੇ ਪਿਆਰ ਕੀਤਾ। ਮਹਾਲਸਾਪਤਿ ਅਤੇ ਸ਼ਿਰਡੀ ਦੇ ਹੋਰ ਭਗਤ ਇਸ ਥਾਂ ਨੂੰ ਬਾਬਾ ਦੇ ਗੁਰੂ ਦੀ ਸਮਾਧੀ ਦੀ ਥਾਂ ਮੰਨ ਕੇ ਹਮੇਸ਼ਾਂ ਨਮਸਕਾਰ ਕਰਦੇ ਸੀ।

## ਤਿੰਨ ਵਾੜੇ

ਨਿੰਮ ਦੇ ਦਰੱਖ਼ਤ ਦੇ ਆਲੇ-ਦੁਆਲੇ ਦੀ ਜ਼ਮੀਨ ਸ੍ਰੀ ਹਰੀ ਵਿਨਾਯਕ ਸਾਠੇ ਨੇ ਮੁੱਲ ਲੈ ਲਈ ਅਤੇ ਉਸ ਥਾਂ 'ਤੇ ਇਕ ਵਿਸ਼ਾਲ ਭਵਨ ਬਣਵਾਇਆ, ਜਿਸ ਦਾ ਨਾਂਅ ਸਾਠੇ–ਵਾੜਾ ਰਖਿਆ ਗਿਆ। ਬਾਹਰੋਂ ਆਉਣ ਵਾਲੇ ਯਾਤਰੀਆਂ ਲਈ ਇਹ ਵਾੜਾ (ਸਰਾਂ) ਹੀ ਰਹਿਣ ਦੀ ਇਕ ਹੀ ਥਾਂ ਸੀ, ਜਿਥੇ ਹਮੇਸ਼ਾਂ ਭੀੜ ਲਗੀ ਰਹਿੰਦੀ ਸੀ। ਨਿੰਮ ਦੇ ਹੇਠਾਂ ਚਾਰੇ ਪਾਸੇ ਚਬੂਤਰਾ ਬਣਾਇਆ ਗਿਆ। ਪੌੜੀਆਂ ਦੇ ਹੇਠਾਂ ਦੱਖਣ ਵੱਲ ਇਕ ਛੋਟਾ ਜਿਹਾ ਮੰਦਿਰ ਹੈ, ਜਿਥੇ ਭਗਤ ਲੋਕ ਚਬੂਤਰੇ ਦੇ ਉੱਪਰ ਉੱਤਰ ਵੱਲ ਮੂੰਹ ਕਰ ਕੇ ਬੈਠਦੇ ਹਨ। ਏਦਾਂ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿਹੜੇ ਭਗਤ ਵੀਰਵਾਰ ਅਤੇ ਸ਼ੁਕਰਵਾਰ ਸ਼ਾਮ ਨੂੰ ਉਥੇ ਧੂਪ, ਅਗਰਬੱਤੀ ਆਦਿ ਖ਼ੁਸ਼ਬੂ ਵਾਲੀਆਂ ਚੀਜ਼ਾਂ ਬਾਲਦੇ ਹਨ, ਉਹ ਈਸ਼ਵਰ ਦੀ ਕ੍ਰਿਪਾ ਨਾਲ ਸਦਾ ਸੁੱਖੀ ਹੋਣਗੇ। ਇਹ ਵਾੜਾ ਬਹੁਤ ਪੁਰਾਣਾ ਅਤੇ ਖਸਤਾ ਹਾਲ ਵਿਚ ਸੀ ਅਤੇ ਇਸ ਦੀ ਮੁਰੰਮਤ ਦੀ ਬਹੁਤ ਲੋੜ ਸੀ, ਜਿਹੜੀ ਸੰਸਥਾਨ ਨੇ ਪੂਰੀ ਕਰ ਦਿੱਤੀ। ਕੁਝ ਵਕਤ ਬਾਅਦ ਇਕ ਦੂਸਰਾ ਵਾੜਾ ਬਣਿਆ, ਜਿਸ ਦਾ ਨਾਂਅ ਦਿਕਸ਼ਿਤ-ਵਾੜਾ ਰਖਿਆ ਗਿਆ। ਕਾਕਾਸਾਹਿਬ ਦਿਕਸ਼ਿਤ, ਕਾਨੂੰਨੀ ਸਲਾਹਕਾਰ (Solicitor) ਜਦੋਂ ਇੰਗਲੈਂਡ ਵਿਚ ਸੀ, ਉਦੋਂ ਉਥੇ ਉਨ੍ਹਾਂ ਨੂੰ ਕਿਸੇ ਦੁਰਘਟਨਾ ਵਿਚ ਪੈਰ 'ਤੇ ਸੱਟ ਲਗੀ ਸੀ। ਉਨ੍ਹਾਂ ਨੇ ਕਈ ਇਲਾਜ ਕੀਤੇ ਪਰ ਪੈਰ ਠੀਕ ਨਹੀਂ ਹੋਇਆ। ਨਾਨਾਸਾਹਿਬ ਚਾਂਦੋਰਕਰ ਨੇ ਉਨ੍ਹਾਂ ਨੂੰ ਬਾਬਾ ਦੀ ਕ੍ਰਿਪਾ ਪ੍ਰਾਪਤ ਕਰਨ ਦੀ ਸਲਾਹ ਦਿੱਤੀ। ਇਸ ਲਈ ਉਨ੍ਹਾਂ ਨੇ ਸੰਨ 1909 ਵਿਚ ਬਾਬਾ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਬਾਬਾ ਨੂੰ ਪੈਰ ਦੀ ਥਾਂ ਆਪਣੇ ਮਨ ਦੀ ਅਪਾਹਜਤਾ ਦੂਰ ਕਰਨ ਦੀ ਪ੍ਰਾਰਥਨਾ ਕੀਤੀ। ਬਾਬਾ ਦੇ ਦਰਸ਼ਨਾਂ ਨਾਲ ਉਨ੍ਹਾਂ ਨੂੰ ਏਨਾ ਸੁੱਖ ਮਿਲਿਆ ਕਿ ਉਨ੍ਹਾਂ ਨੇ ਪੱਕੇ ਤੌਰ 'ਤੇ ਸ਼ਿਰਡੀ ਵਿਚ ਰਹਿਣ ਦਾ ਮਨ ਬਣਾ ਲਿਆ ਅਤੇ ਇਸ ਲਈ ਉਨ੍ਹਾਂ ਨੇ ਆਪਣੇ ਅਤੇ ਭਗਤਾਂ ਦੇ ਰਹਿਣ ਲਈ ਇਕ ਵਾੜਾ ਬਣਵਾਇਆ। ਇਸ ਭਵਨ ਦੀ ਨੀਂਹ 9–12–1910 ਨੂੰ ਰਖੀ ਗਈ। ਉਸੇ ਦਿਨ ਹੋਰ ਦੋ ਖ਼ਾਸ ਘਟਨਾਵਾਂ ਹੋਈਆਂ—(1) ਸ੍ਰੀ ਦਾਦਾਸਾਹਿਬ

ਖਾਪਰਡੇ ਨੂੰ ਘਰ ਵਾਪਸ ਜਾਣ ਦੀ ਆਗਿਆ ਮਿਲ ਗਈ। (2) ਚਾਵੜੀ ਵਿਚ ਰਾਤ ਦੀ ਆਰਤੀ ਸ਼ੁਰੂ ਹੋ ਗਈ। ਕੁਝ ਦੇਰ ਬਾਅਦ ਵਾੜਾ ਪੂਰਨ ਰੂਪ ਵਿਚ ਬਣ ਗਿਆ ਅਤੇ 1911 ਦੀ ਰਾਮਨੌਮੀ ਦੇ ਸ਼ੁਭ ਮੌਕੇ 'ਤੇ ਇਸ ਦਾ ਉਦਘਾਟਨ ਕਰ ਦਿੱਤਾ ਗਿਆ। ਇਸ ਦੇ ਬਾਅਦ ਇਕ ਹੋਰ ਵਾੜਾ, ਜਿਵੇਂ ਸ਼ਾਹੀ ਭਵਨ ਹੋਵੇ, ਨਾਗਪੁਰ ਦੇ ਪ੍ਰਸਿੱਧ ਸ੍ਰੀਮਾਨ ਬੂਟੀ ਨੇ ਬਣਵਾਇਆ। ਇਸ ਭਵਨ ਨੂੰ ਬਣਵਾਉਣ ਵਿਚ ਬਹੁਤ ਧਨ ਖ਼ਰਚ ਹੋਇਆ। ਉਨ੍ਹਾਂ ਦੀ ਸਾਰੀ ਮਿਹਨਤ ਸਫ਼ਲ ਹੋ ਗਈ, ਕਿਉਂਕਿ ਬਾਬਾ ਦਾ ਸਰੀਰ ਹੁਣ ਉਥੇ ਸ਼ਾਂਤੀ ਪਾ ਰਿਹਾ ਹੈ ਅਤੇ ਹੁਣ ਇਹ ਸਮਾਧੀ ਮੰਦਿਰ ਦੇ ਨਾਂਅ ਨਾਲ ਮਸ਼ਹੂਰ ਹੈ। ਇਸ ਮੰਦਿਰ ਵਾਲੀ ਥਾਂ 'ਤੇ ਪਹਿਲਾਂ ਇਕ ਬਗੀਚਾ ਸੀ, ਜਿਸ ਵਿਚ ਬਾਬਾ ਆਪ ਪੌਦਿਆਂ ਨੂੰ ਪਾਣੀ ਦਿੰਦੇ ਅਤੇ ਪੌਦਿਆਂ ਦੀ ਦੇਖ-ਭਾਲ ਕਰਦੇ ਸੀ। ਜਿਥੇ ਪਹਿਲਾਂ ਛੋਟੀ ਜਿਹੀ ਕੁਟੀਆ ਵੀ ਨਹੀਂ ਸੀ, ਉਥੇ ਤਿੰਨ-ਤਿੰਨ ਵਾੜੇ ਬਣ ਗਏ। ਇਨ੍ਹਾਂ ਵਿਚੋਂ ਸਾਠੇ-ਵਾੜਾ ਪੁਰਾਣੇ ਵਕਤ ਵਿਚ ਬਹੁਤ ਉਪਯੋਗੀ ਸੀ।

ਬਗੀਚੇ ਦੀ ਕਥਾ, ਵਾਮਨ ਤਾਤਿਆ ਦੀ ਮਦਦ ਨਾਲ ਆਪ ਬਗੀਚੇ ਦੀ ਦੇਖਭਾਲ, ਸ਼ਿਰਡੀ ਤੋਂ ਸ੍ਰੀ ਸਾਈਂਬਾਬਾ ਦੀ ਆਰਜ਼ੀ ਗ਼ੈਰ-ਹਾਜ਼ਰੀ ਅਤੇ ਚਾਂਦ ਪਾਟਿਲ ਦੀ ਬਰਾਤ ਨਾਲ ਫੇਰ ਸ਼ਿਰਡੀ ਵਾਪਸੀ, ਦੇਵੀ ਦਾਸ, ਜਾਨਕੀ ਦਾਸ ਅਤੇ ਗੰਗਾਹੀਰ ਦੀ ਸੰਗਤ, ਮੋਹਿਦੀਨ ਤਮਬੋਲੀ ਨਾਲ ਕੁਸ਼ਤੀ, ਮਸਜਿਦ ਵਿਚ ਡੇਰਾ, ਸ੍ਰੀ ਡੇਂਗਲੇ ਅਤੇ ਹੋਰ ਭਗਤਾਂ ਨਾਲ ਪਿਆਰ ਅਤੇ ਹੋਰ ਘਟਨਾਵਾਂ ਦਾ ਅਗਲੇ ਅਧਿਆਇ ਵਿਚ ਵਰਨਣ ਕੀਤਾ ਗਿਆ ਹੈ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**







# ॥ ਅਧਿਆਇ-5 ॥

***ਚਾਂਦ ਪਾਟਿਲ ਦੀ ਬਰਾਤ ਦੇ ਨਾਲ ਸ੍ਰੀ ਸਾਈਂ ਬਾਬਾ ਦਾ ਫੇਰ ਆਉਣਾ, ਸਵਾਗਤ ਅਤੇ 'ਸ੍ਰੀ ਸਾਈਂ' ਸ਼ਬਦ ਨਾਲ ਸੰਬੋਧਨ, ਹੋਰ ਸੰਤਾਂ ਨਾਲ ਮੁਲਾਕਾਤ, ਪਹਿਰਾਵਾ ਅਤੇ ਰੋਜ਼ ਦਾ ਪ੍ਰੋਗਰਾਮ, ਖੜਾਵਾਂ ਦੀ ਕਥਾ, ਮੋਹਿਦੀਨ ਨਾਲ ਕੁਸ਼ਤੀ ਅਤੇ ਜੀਵਨ-ਬਦਲਾਅ, ਪਾਣੀ ਨੂੰ ਤੇਲ ਵਿਚ ਬਦਲਣਾ, ਨਕਲੀ ਗੁਰੂ ਜੌਹਰਅਲੀ।***

ਜਿਵੇਂ ਪਿਛਲੇ ਅਧਿਆਇ ਵਿਚ ਦੱਸਿਆ ਗਿਆ ਹੈ, ਮੈਂ ਹੁਣ ਸ੍ਰੀ ਸਾਈਂ ਬਾਬਾ ਦੇ ਸ਼ਿਰਡੀ ਵਿਚੋਂ ਅੰਤਰ-ਧਿਆਨ ਹੋਣ ਦੇ ਬਾਅਦ ਸ਼ਿਰਡੀ ਵਿਚ ਫੇਰ ਕਿਸ ਤਰ੍ਹਾਂ ਆਉਣਾ ਹੋਇਆ ? ਇਸਦਾ ਵਰਨਣ ਕਰਾਂਗਾ।

## ਚਾਂਦ ਪਾਟਿਲ ਦੀ ਬਰਾਤ ਦੇ ਨਾਲ ਵਾਪਸੀ

ਜ਼ਿਲ੍ਹਾ ਔਰੰਗਾਬਾਦ (ਨਿਜ਼ਾਮ ਸਟੇਟ) ਦੇ ਧੂਪਗਾਂਵ ਵਿਚ ਚਾਂਦ ਪਾਟਿਲ ਨਾਂਅ ਦਾ ਇਕ ਅਮੀਰ ਮੁਸਲਮਾਨ ਰਹਿੰਦਾ ਸੀ। ਜਦੋਂ ਉਹ ਔਰੰਗਾਬਾਦ ਜਾ ਰਿਹਾ ਸੀ ਤਾਂ ਰਾਹ ਵਿਚ ਉਸ ਦੀ ਘੋੜੀ ਗੁਆਚ ਗਈ। ਦੋ ਮਹੀਨੇ ਉਸ ਨੇ ਘੋੜੀ ਲੱਭਣ ਲਈ ਬਹੁਤ ਸਖ਼ਤ ਮਿਹਨਤ ਕੀਤੀ, ਪਰ ਉਸ ਦਾ ਕੋਈ ਪਤਾ ਨਾ ਲੱਗਾ। ਅੰਤ ਵਿਚ ਨਾ-ਉਮੀਦ ਹੋ ਕੇ ਉਸ ਦੀ ਜ਼ੀਨ ਨੂੰ ਪਿੱਠ 'ਤੇ ਲਟਕਾ ਕੇ ਔਰੰਗਾਬਾਦ ਵਾਪਸ ਜਾ ਰਿਹਾ ਸੀ। ਤਾਂ ਕੋਈ 14 ਮੀਲ ਤੁਰਨ ਤੋਂ ਬਾਅਦ ਉਨ੍ਹਾਂ ਨੇ ਅੰਬ ਦੇ ਦਰਖ਼ਤ ਥੱਲੇ ਇਕ ਫ਼ਕੀਰ ਨੂੰ ਚਿਲਮ ਤਿਆਰ ਕਰਦੇ ਦੇਖਿਆ, ਜਿਸ ਦੇ ਸਿਰ 'ਤੇ ਇਕ ਟੋਪੀ, ਤਨ 'ਤੇ ਕਫ਼ਨੀ ਅਤੇ ਕੋਲ ਇਕ ਸਟਕਾ (ਡੰਡਾ) ਪਿਆ ਸੀ। ਫ਼ਕੀਰ ਦੇ ਬੁਲਾਉਣ 'ਤੇ ਚਾਂਦ ਪਾਟਿਲ ਉਨ੍ਹਾਂ ਦੇ ਕੋਲ ਗਏ। ਜ਼ੀਨ ਦੇਖ ਕੇ ਫ਼ਕੀਰ ਨੇ ਪੁੱਛਿਆ, "ਇਹ ਜ਼ੀਨ ਕਿਸ ਲਈ ?" ਚਾਂਦ ਪਾਟਿਲ ਨੇ ਨਿਰਾਸਤਾ ਭਰੀ ਅਵਾਜ਼ ਵਿਚ ਕਿਹਾ, "ਕੀ ਦੱਸਾਂ ?" ਮੇਰੀ ਇਕ ਘੋੜੀ ਸੀ, ਉਹ ਗੁਆਚ ਗਈ ਹੈ ਅਤੇ ਇਹ ਉਸ ਘੋੜੀ ਦੀ ਜ਼ੀਨ ਹੈ।

ਫ਼ਕੀਰ ਬੋਲਿਆ—"ਜ਼ਰਾ ਨਾਲੇ ਵੱਲ ਵੀ ਲੱਭੋ।" ਚਾਂਦ ਪਾਟਿਲ ਨਾਲੇ ਦੇ ਨੇੜੇ ਗਏ ਤੇ ਆਪਣੀ ਘੋੜੀ ਨੂੰ ਉਥੇ ਚਰਦੇ ਦੇਖ ਕੇ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਨੇ ਸੋਚਿਆ ਕਿ ਫ਼ਕੀਰ ਕੋਈ ਆਮ ਆਦਮੀ ਨਹੀਂ, ਬਲਕਿ ਕੋਈ ਉੱਚਕੋਟੀ ਦਾ ਮਨੁੱਖ ਲਗਦਾ ਹੈ। ਘੋੜੀ ਲੈ ਕੇ ਜਦੋਂ ਉਹ ਫ਼ਕੀਰ ਦੇ ਕੋਲ ਵਾਪਸ ਆਏ, ਉਦੋਂ ਤੱਕ ਚਿਲਮ ਭਰ ਕੇ ਤਿਆਰ ਹੋ ਚੁੱਕੀ ਸੀ। ਸਿਰਫ਼ ਦੋ ਚੀਜ਼ਾਂ ਦੀ ਲੋੜ ਰਹਿ ਗਈ ਸੀ, ਇਕ ਤਾਂ ਚਿਲਮ ਸੁਲਗਾਉਣ ਦੇ ਲਈ ਅੱਗ ਅਤੇ ਦੂਸਰਾ ਸਾਫੀ ਗਿੱਲੀ ਕਰਨ ਲਈ ਪਾਣੀ। ਫ਼ਕੀਰ ਨੇ ਆਪਣਾ ਚਿਮਟਾ ਜ਼ਮੀਨ ਵਿਚ ਵਾੜ ਕੇ ਉੱਪਰ ਖਿੱਚਿਆ ਤਾਂ ਉਸ ਦੇ ਨਾਲ ਇਕ ਬਲਦਾ ਹੋਇਆ ਅੰਗਿਆਰ ਬਾਹਰ ਨਿਕਲਿਆ ਅਤੇ ਉਹ ਅੰਗਿਆਰ ਚਿਲਮ 'ਤੇ ਰੱਖਿਆ ਗਿਆ। ਫੇਰ ਫ਼ਕੀਰ ਨੇ ਸਟਕਾ ਜ਼ੋਰ ਨਾਲ ਜ਼ਮੀਨ 'ਤੇ ਮਾਰਿਆ ਤਾਂ ਉਥੋਂ ਪਾਣੀ ਨਿਕਲਣ ਲੱਗਾ ਅਤੇ ਉਸ ਨਾਲ ਸਾਫੀ ਗਿੱਲੀ ਕਰਕੇ ਚਿਲਮ ਨੂੰ ਲਪੇਟ ਲਿਆ। ਇਸ ਤਰ੍ਹਾਂ ਸਾਰੇ ਪ੍ਰਬੰਧ ਕਰਕੇ ਫ਼ਕੀਰ ਨੇ ਚਿਲਮ ਪੀਤੀ ਅਤੇ ਉਸ ਦੇ ਬਾਅਦ



ਚਾਂਦ ਪਾਟਿਲ ਨੂੰ ਵੀ ਦਿੱਤੀ। ਇਹ ਸਾਰਾ ਚਮਤਕਾਰ ਦੇਖ ਕੇ ਚਾਂਦ ਪਾਟਿਲ ਨੂੰ ਬੜੀ ਹੈਰਾਨਗੀ ਹੋਈ। ਚਾਂਦ ਪਾਟਿਲ ਨੇ ਫ਼ਕੀਰ ਨੂੰ ਆਪਣੇ ਘਰ ਚੱਲਣ ਲਈ ਬੇਨਤੀ ਕੀਤੀ। ਦੂਸਰੇ ਦਿਨ ਚਾਂਦ ਪਾਟਿਲ ਨਾਲ ਫ਼ਕੀਰ ਉਨ੍ਹਾਂ ਦੇ ਘਰ ਆ ਗਿਆ ਅਤੇ ਉਥੇ ਕੁਝ ਦਿਨਾਂ ਤੱਕ ਰਿਹਾ। ਪਾਟਿਲ ਧੂਪਗਾਂਵ ਦਾ ਅਧਿਕਾਰੀ ਸੀ। ਉਸ ਦੇ ਘਰ ਉਸ ਦੇ ਸਾਲੇ ਦੇ ਪੁੱਤਰ ਦਾ ਵਿਆਹ ਹੋਣਾ ਸੀ ਅਤੇ ਬਰਾਤ ਸ਼ਿਰਡੀ ਜਾਣੀ ਸੀ। ਇਸ ਲਈ ਚਾਂਦ ਪਾਟਿਲ ਸ਼ਿਰਡੀ ਨੂੰ ਰਵਾਨਾ ਹੋਣ ਲਈ ਸਾਰੇ ਪ੍ਰਬੰਧ ਕਰਨ ਲੱਗਾ। ਫ਼ਕੀਰ ਵੀ ਬਰਾਤ ਨਾਲ ਹੀ ਗਿਆ। ਵਿਆਹ ਠੀਕ-ਠਾਕ ਹੋ ਗਿਆ ਅਤੇ ਬਰਾਤ ਖ਼ੈਰੀਅਤ ਨਾਲ ਧੂਪਗਾਂਵ ਵਾਪਸ ਆ ਗਈ ਪਰ ਉਹ ਫ਼ਕੀਰ ਉਥੇ ਹੀ ਰੁਕ ਗਿਆ ਅਤੇ ਜੀਵਨ ਭਰ ਉਥੇ ਹੀ ਰਿਹਾ।

## ਫ਼ਕੀਰ ਨੂੰ 'ਸਾਈਂ' ਨਾਂਅ ਕਿਵੇਂ ਮਿਲਿਆ

ਜਦੋਂ ਬਰਾਤ ਸ਼ਿਰਡੀ ਪਹੁੰਚੀ ਤਾਂ ਖੰਡੋਬਾ ਦੇ ਮੰਦਿਰ ਦੇ ਨੇੜੇ ਮਹਾਲਸਾਪਤਿ ਦੇ ਖੇਤ ਵਿਚ ਇਕ ਦਰਖ਼ਤ ਹੇਠਾਂ ਠਹਿਰਾਈ ਗਈ। ਖੰਡੋਬਾ ਦੇ ਮੰਦਿਰ ਸਾਹਮਣੇ ਹੀ ਸਾਰੀਆਂ ਬੈਲ-ਗੱਡੀਆਂ ਖੋਲ੍ਹੀਆਂ ਗਈਆਂ ਅਤੇ ਸਾਰੇ ਬਰਾਤੀ ਇਕ-ਇਕ ਕਰਕੇ ਹੇਠਾਂ ਉਤਰਨ ਲੱਗੇ। ਜਵਾਨ ਫ਼ਕੀਰ ਨੂੰ ਉਤਰਦੇ ਦੇਖ ਕੇ ਮਹਾਲਸਾਪਤਿ ਨੇ 'ਆਉ ਸਾਈਂ' ਕਹਿ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਬਾਕੀ ਲੋਕਾਂ ਨੇ ਵੀ 'ਸਾਈਂ' ਸ਼ਬਦ ਨਾਲ ਹੀ ਸੰਬੋਧਨ ਕਰਕੇ ਉਨ੍ਹਾਂ ਦਾ ਆਦਰ ਕੀਤਾ। ਇਸ ਦੇ ਬਾਅਦ ਉਹ ਸਾਈਂ ਨਾਂਅ ਨਾਲ ਹੀ ਪ੍ਰਸਿੱਧ ਹੋ ਗਏ।

## ਹੋਰ ਸੰਤਾਂ ਨਾਲ ਮੁਲਾਕਾਤ

ਸ਼ਿਰਡੀ ਆਉਣ 'ਤੇ ਸ੍ਰੀ ਸਾਈਂ ਬਾਬਾ ਮਸਜਿਦ ਵਿਚ ਰਹਿਣ ਲੱਗ ਪਏ। ਬਾਬਾ ਦੇ ਸ਼ਿਰਡੀ ਆਉਣ ਤੋਂ ਪਹਿਲਾਂ ਦੇਵੀਦਾਸ ਨਾਂਅ ਦੇ ਇਕ ਸੰਤ ਕਈ ਸਾਲਾਂ ਤੋਂ ਉਥੇ ਰਹਿੰਦੇ ਸਨ। ਬਾਬਾ ਨੂੰ ਉਹ ਬਹੁਤ ਚੰਗੇ ਲੱਗਦੇ ਸੀ। ਬਾਬਾ ਉਨ੍ਹਾਂ ਨਾਲ ਕਦੀ ਹਨੂੰਮਾਨ ਮੰਦਿਰ ਵਿਚ ਅਤੇ ਕਦੀ ਚਾਵੜੀ ਵਿਚ ਰਹਿੰਦੇ ਸੀ। ਕੁਝ ਦੇਰ ਬਾਅਦ ਜਾਨਕੀਦਾਸ ਨਾਂਅ ਦੇ ਇਕ ਸੰਤ ਸ਼ਿਰਡੀ ਆਏ। ਹੁਣ ਬਾਬਾ ਜਨਕੀਦਾਸ ਨਾਲ ਗੱਲਬਾਤ ਕਰਨ ਵਿਚ ਆਪਣਾ ਬਹੁਤਾ ਵਕਤ ਗੁਜ਼ਾਰਨ ਲੱਗ ਪਏ। ਜਾਨਕੀਦਾਸ ਵੀ ਕਦੀ-ਕਦੀ ਬਾਬਾ ਕੋਲ ਆ ਜਾਂਦੇ ਸੀ ਅਤੇ ਪੁਣਤਾਂਬੇ ਦੇ ਸ੍ਰੀ ਗੰਗਾਹੀਰ ਨਾਂਅ ਦੇ ਇਕ ਪਰਿਵਾਰਿਕ ਵੈਸ਼ ਸੰਤ ਵੀ ਬਾਬਾ ਕੋਲ ਅਕਸਰ ਆਉਂਦੇ-ਜਾਂਦੇ ਸੀ। ਜਦੋਂ ਪਹਿਲੀ ਵਾਰੀ ਉਨ੍ਹਾਂ ਨੇ ਸ੍ਰੀ ਸਾਈਂ ਬਾਬਾ ਨੂੰ ਬਗ਼ੀਚੇ ਨੂੰ ਪਾਣੀ ਦੇਣ ਲਈ ਪਾਣੀ ਢੋਂਦੇ ਦੇਖਿਆ ਤਾਂ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ "**ਸ਼ਿਰਡੀ ਬਹੁਤ ਭਾਗਾਂਵਾਲੀ ਹੈ, ਜਿਥੇ ਇਕ ਅਮੁੱਲ ਹੀਰਾ ਹੈ**। ਜਿਨ੍ਹਾਂ ਨੂੰ ਤੁਸੀਂ ਇਸ ਤਰ੍ਹਾਂ ਮਿਹਨਤ ਕਰਦੇ ਦੇਖ ਰਹੇ ਹੋ, ਉਹ ਕੋਈ ਆਮ ਆਦਮੀ ਨਹੀਂ ਹੈ। ਸਗੋਂ ਇਹ ਧਰਤੀ ਬਹੁਤ ਭਾਗਾਂ ਵਾਲੀ ਅਤੇ ਮਹਾਨ ਪੁੰਨ-ਭੂਮੀ ਹੈ, ਇਸ ਕਰਕੇ ਇਸ ਨੂੰ ਇਹ ਰਤਨ ਪ੍ਰਾਪਤ ਹੋਇਆ ਹੈ।" ਇਸੇ ਤਰ੍ਹਾਂ ਹੀ ਸ੍ਰੀ ਅਕਲਕੋਟ ਮਹਾਰਾਜ ਦੇ ਇਕ ਪ੍ਰਸਿੱਧ ਚੇਲੇ ਸੰਤ ਆਨੰਦ ਨਾਥ (ਯੇਵਲਾਮਠ) ਜਿਹੜੇ ਕੁਝ ਸ਼ਿਰਡੀ ਵਾਸੀਆਂ ਦੇ ਨਾਲ ਸ਼ਿਰਡੀ ਪਧਾਰੇ, ਉਨ੍ਹਾਂ ਨੇ ਵੀ ਸਪਸ਼ਟ ਕਿਹਾ ਕਿ "**ਭਾਵੇਂ ਦੇਖਣ ਵਿਚ ਇਹ ਸਧਾਰਣ ਆਦਮੀ ਵਰਗੇ ਪ੍ਰਤੀਤ ਹੁੰਦੇ ਹਨ, ਪਰ ਇਹ**

**ਸੱਚਮੁੱਚ ਅਸਧਾਰਣ ਆਦਮੀ ਹਨ। ਇਸ ਦਾ ਤੁਹਾਨੂੰ ਲੋਕਾਂ ਨੂੰ ਭਵਿੱਖ ਵਿਚ ਅਨੁਭਵ ਹੋਵੇਗਾ।"** ਏਦਾਂ ਕਹਿ ਕੇ ਉਹ ਯੇਵਲਾ ਵਾਪਸ ਚਲੇ ਗਏ। ਇਹ ਉਸ ਵਕਤ ਦੀ ਗੱਲ ਹੈ, ਜਦੋਂ ਸ਼ਿਰਡੀ ਬਹੁਤ ਹੀ ਸਧਾਰਣ ਜਿਹਾ ਪਿੰਡ ਸੀ ਅਤੇ ਸਾਈਂ ਬਾਬਾ ਛੋਟੀ ਉਮਰ ਦੇ ਸਨ।

## ਬਾਬਾ ਦਾ ਰਹਿਣ-ਸਹਿਣ ਅਤੇ ਰੋਜ਼ ਦਾ ਪ੍ਰੋਗਰਾਮ

ਜਵਾਨੀ ਵਿਚ ਸ੍ਰੀ ਸਾਈਂ ਬਾਬਾ ਨੇ ਆਪਣੇ ਵਾਲ ਕਦੀ ਵੀ ਨਹੀਂ ਕਟਵਾਏ ਅਤੇ ਉਹ ਹਮੇਸ਼ਾਂ ਇਕ ਪਹਿਲਵਾਨ ਵਾਂਗ ਰਹਿੰਦੇ ਸੀ। ਜਦੋਂ ਉਹ ਰਾਹਾਤਾ ਜਾਂਦੇ (ਜੋ ਕਿ ਸ਼ਿਰਡੀ ਤੋਂ 3 ਮੀਲ ਦੂਰ ਸੀ) ਤਾਂ ਉਥੋਂ ਉਹ ਗੇਂਦਾ, ਜਾਈ ਅਤੇ ਜੂਹੀ ਦੇ ਪੌਦੇ ਮੁੱਲ ਲੈ ਆਉਂਦੇ ਸੀ। ਉਹ ਪੌਦਿਆਂ ਨੂੰ ਸਾਫ਼ ਕਰਕੇ ਠੀਕ ਭੂਮੀ ਦੇਖ ਕੇ ਲਗਾ ਦਿੰਦੇ ਅਤੇ ਆਪ ਪਾਣੀ ਦਿੰਦੇ ਸੀ। ਵਾਮਨ ਤਾਤਿਆ ਨਾਂਅ ਦਾ ਇਕ ਭਗਤ ਬਾਬਾ ਨੂੰ ਰੋਜ਼ ਮਿੱਟੀ ਦੇ ਦੋ ਘੜੇ ਦਿੰਦਾ ਸੀ। ਇਨ੍ਹਾਂ ਘੜਿਆਂ ਨਾਲ ਬਾਬਾ ਆਪ ਹੀ ਪੌਦਿਆਂ ਨੂੰ ਪਾਣੀ ਪਾਉਂਦੇ ਸੀ। ਉਹ ਆਪ ਖੂਹ ਵਿਚੋਂ ਪਾਣੀ ਕੱਢਦੇ ਅਤੇ ਸ਼ਾਮ ਨੂੰ ਘੜਿਆਂ ਨੂੰ ਨਿੰਮ ਦੇ ਦਰਖ਼ਤ ਥੱਲੇ ਰੱਖ ਦਿੰਦੇ ਸੀ। ਜਦੋਂ ਹੀ ਉਹ ਘੜੇ ਉਥੇ ਰੱਖਦੇ, ਉਦੋਂ ਹੀ ਘੜੇ ਟੁੱਟ ਜਾਂਦੇ ਸੀ ਕਿਉਂਕਿ ਉਹ ਬਿਨਾਂ ਤਪਾਏ ਅਤੇ ਕੱਚੀ ਮਿੱਟੀ ਦੇ ਬਣੇ ਹੁੰਦੇ ਸੀ। ਦੂਸਰੇ ਦਿਨ ਤਾਤਿਆ ਬਾਬਾ ਨੂੰ ਫੇਰ ਦੋ ਨਵੇਂ ਘੜੇ ਦੇ ਦਿੰਦੇ ਸੀ। ਇਹ ਸਿਲਸਿਲਾ ਤਿੰਨ ਸਾਲਾਂ ਤੱਕ ਚੱਲਦਾ ਰਿਹਾ ਅਤੇ ਸ੍ਰੀ ਸਾਈਂ ਬਾਬਾ ਦੀ ਸਖ਼ਤ ਮਿਹਨਤ ਅਤੇ ਕੋਸ਼ਿਸ਼ਾਂ ਨਾਲ ਉਥੇ ਫੁੱਲਾਂ ਦੀ ਇਕ ਸੁੰਦਰ ਫੁਲਵਾੜੀ ਬਣ ਗਈ। ਅੱਜਕਲ ਇਸ ਥਾਂ 'ਤੇ ਬਾਬਾ ਦੇ ਸਮਾਧੀ–ਮੰਦਿਰ ਦੀ ਇਮਾਰਤ ਸੁਭਾਇਮਾਨ ਹੈ, ਜਿਥੇ ਹਜ਼ਾਰਾਂ ਭਗਤ ਆਉਂਦੇ–ਜਾਂਦੇ ਹਨ।

## ਨਿੰਮ ਦੇ ਦਰਖ਼ਤ ਹੇਠਾਂ ਖੜਾਵਾਂ ਦੀ ਕਥਾ

ਸ੍ਰੀ ਅਕਲਕੋਟ ਮਹਾਰਾਜ ਦੇ ਇਕ ਭਗਤ, ਜਿਨ੍ਹਾਂ ਦਾ ਨਾਂਅ ਭਾਈ ਕ੍ਰਿਸ਼ਨ ਜੀ ਅਲੀਬਾਗਕਰ ਸੀ, ਉਨ੍ਹਾਂ ਦੀ ਤਸਵੀਰ ਦੀ ਹਰ ਰੋਜ਼ ਪੂਜਾ ਕਰਦੇ ਸੀ। ਇਕ ਵਾਰੀ ਉਨ੍ਹਾਂ ਨੇ ਅਕਲਕੋਟ (ਸ਼ੋਲਾਪੁਰ ਜ਼ਿਲ੍ਹਾ) ਜਾ ਕੇ ਮਹਾਰਾਜ ਦੀਆਂ ਖੜਾਵਾਂ ਦੇ ਦਰਸ਼ਨ ਅਤੇ ਪੂਜਾ ਕਰਨ ਦਾ ਇਰਾਦਾ ਬਣਾਇਆ। ਪਰ ਜਾਣ ਤੋਂ ਪਹਿਲਾਂ ਅਕਲਕੋਟ ਮਹਾਰਾਜ ਨੇ ਸੁਪਨੇ ਵਿਚ ਦਰਸ਼ਨ ਦੇ ਕੇ ਉਨ੍ਹਾਂ ਨੂੰ ਕਿਹਾ ਅੱਜਕਲ ਸ਼ਿਰਡੀ ਮੇਰਾ ਵਿਸ਼ਰਾਮ ਘਰ ਹੈ ਅਤੇ ਤੁਸੀਂ ਉਥੇ ਹੀ ਜਾ ਕੇ ਮੇਰੀ ਪੂਜਾ ਕਰੋ। ਇਸ ਲਈ ਭਾਈ ਨੇ ਆਪਣਾ ਪ੍ਰੋਗਰਾਮ ਬਦਲ ਕੇ ਸ਼ਿਰਡੀ ਆ ਕੇ ਸ੍ਰੀ ਸਾਈਂ ਬਾਬਾ ਦੀ ਪੂਜਾ ਕੀਤੀ। ਉਹ ਖ਼ੁਸ਼ੀ ਨਾਲ ਸ਼ਿਰਡੀ ਵਿਚ ਛੇ ਮਹੀਨੇ ਰਹੇ ਅਤੇ ਇਸ ਸੁਪਨੇ ਦੀ ਯਾਦ ਵਿਚ ਉਨ੍ਹਾਂ ਨੇ ਖੜਾਵਾਂ ਬਣਵਾਈਆਂ। ਸ਼ਕ ਸੰਨ 1834 ਈ. ਵਿਚ ਸਾਉਣ ਦੇ ਮਹੀਨੇ ਵਿਚ ਸ਼ੁਭ ਦਿਨ ਦੇਖ ਕੇ ਨਿੰਮ ਦੇ ਦਰਖ਼ਤ ਹੇਠਾਂ ਉਹ ਖੜਾਵਾਂ ਸਥਾਪਿਤ ਕਰ ਦਿੱਤੀਆਂ। ਦਾਦਾ ਕੇਲਕਰ ਅਤੇ ਉਪਾਸਨੀ ਮਹਾਰਾਜ ਨੇ ਵਿਧੀਪੂਰਵਕ ਸਥਾਪਨਾ ਦਾ ਕਾਰਜ ਪੂਰਾ ਕੀਤਾ। ਇਕ ਦਿਕਸ਼ਿਤ ਬ੍ਰਾਹਮਣ ਪੂਜਾ ਦੇ ਲਈ ਰੱਖਿਆ ਗਿਆ ਅਤੇ ਪ੍ਰਬੰਧ ਦਾ ਕੰਮ ਇਕ ਭਗਤ ਸਗੁਣ ਮੇਰੂ ਨਾਯਕ ਨੂੰ ਸੌਂਪਿਆ ਗਿਆ।

## ਕਥਾ ਦਾ ਪੂਰਨ ਵਿਸਥਾਰ

ਠਾਣੇ ਦੇ ਸੇਵਾ-ਮੁਕਤ ਮਾਮਲੇਦਾਰ ਬੀ.ਵੀ. ਦੇਵ, ਜਿਹੜੇ ਸ੍ਰੀ ਸਾਈਂ ਬਾਬਾ ਦੇ ਇਕ ਪਰਮ ਭਗਤ ਸੀ, ਉਨ੍ਹਾਂ ਨੇ ਸਗੁਣ ਮੇਰੂ ਨਾਯਕ ਅਤੇ ਗੋਵਿੰਦ ਕਮਲਾਕਰ ਦਿਕਸ਼ਿਤ ਕੋਲੋਂ ਇਸ ਬਾਰੇ ਵਿਚ ਪੜਤਾਲ ਕੀਤੀ। ਖੜਾਵਾਂ ਦਾ ਪੂਰਨ ਵਿਸਥਾਰ ਸ੍ਰੀ ਸਾਈਂ ਲੀਲ੍ਹਾ ਭਾਗ 11, ਨੰਬਰ 1, ਸਫ਼ਾ 25 ਵਿਚ ਪ੍ਰਕਾਸ਼ਿਤ ਹੋਇਆ, ਜੋ ਇਸ ਤਰ੍ਹਾਂ ਹੈ—ਸ਼ਕ ਸੰਨ 1834 (ਸੰਨ 1912) ਵਿਚ ਬੰਬਈ ਦੇ ਇਕ ਭਗਤ ਡਾ. ਰਾਮਰਾਵ ਕੋਠਾਰੇ ਬਾਬਾ ਦੇ ਦਰਸ਼ਨਾਂ ਲਈ ਸ਼ਿਰਡੀ ਆਏ। ਉਨ੍ਹਾਂ ਦਾ ਕੰਪਾਉਡਰ ਅਤੇ ਇਕ ਦੋਸਤ ਭਾਈ ਕ੍ਰਿਸ਼ਨ ਜੀ ਅਲੀਬਾਗਕਰ ਵੀ ਉਨ੍ਹਾਂ ਦੇ ਨਾਲ ਸੀ। ਕੰਪਾਉਡਰ ਅਤੇ ਭਾਈ ਦੀ ਸਗੁਣ ਮੇਰੂ ਨਾਯਕ ਅਤੇ ਜੀ.ਕੇ. ਦਿਕਸ਼ਿਤ ਨਾਲ ਪੱਕੀ ਦੋਸਤੀ ਹੋ ਗਈ। ਹੋਰ ਵਿਸ਼ਿਆਂ 'ਤੇ ਚਰਚਾ ਕਰਦੇ ਹੋਏ ਇਨ੍ਹਾਂ ਲੋਕਾਂ ਨੂੰ ਖ਼ਿਆਲ ਆਇਆ ਕਿ ਸ੍ਰੀ ਸਾਈਂ ਬਾਬਾ ਦੇ ਸ਼ਿਰਡੀ ਵਿਚ ਪਹਿਲੀ ਵਾਰ ਆਉਣ ਅਤੇ ਪਵਿੱਤਰ ਨਿੰਮ ਦੇ ਦਰਖ਼ਤ ਦੇ ਹੇਠਾਂ ਨਿਵਾਸ ਕਰਨ ਦੀ ਇਤਿਹਾਸਿਕ ਯਾਦ ਵਿਚ ਕਿਉਂ ਨਾ ਖੜਾਵਾਂ ਸਥਾਪਿਤ ਕੀਤੀਆਂ ਜਾਣ? ਜਦੋਂ ਖੜਾਵਾਂ ਬਣਾਉਣ ਦਾ ਵਿਚਾਰ ਹੋਣ ਲੱਗਾ, ਤਾਂ ਭਾਈ ਦੇ ਦੋਸਤ ਕੰਪਾਉਡਰ ਨੇ ਕਿਹਾ ਕਿ ਜੇ ਇਹ ਗੱਲ ਮੇਰੇ ਸਵਾਮੀ ਕੋਠਾਰੇ ਨੂੰ ਪਤਾ ਲੱਗ ਜਾਵੇ ਤਾਂ ਉਹ ਇਸ ਕੰਮ ਲਈ ਬਹੁਤ ਸੁੰਦਰ ਖੜਾਵਾਂ ਬਣਵਾ ਦੇਣਗੇ। ਇਹ ਪ੍ਰਸਤਾਵ ਸਾਰਿਆਂ ਨੇ ਮੰਨ ਲਿਆ ਅਤੇ ਡਾ. ਕੋਠਾਰੇ ਨੂੰ ਇਸ ਦੀ ਖ਼ਬਰ ਦਿੱਤੀ ਗਈ। ਉਨ੍ਹਾਂ ਨੇ ਸ਼ਿਰਡੀ ਆ ਕੇ ਖੜਾਵਾਂ ਦੀ ਰੂਪ-ਰੇਖਾ ਬਣਾਈ ਅਤੇ ਇਸ ਬਾਰੇ ਵਿਚ ਉਪਾਸਨੀ ਮਹਾਰਾਜ ਨਾਲ ਵੀ ਖੰਡੋਬਾ ਦੇ ਮੰਦਿਰ ਵਿਚ ਮੁਲਾਕਾਤ ਕੀਤੀ। ਉਪਾਸਨੀ ਮਹਾਰਾਜ ਨੇ ਉਸ ਵਿਚ ਬਹੁਤ ਸਾਰੇ ਸੁਧਾਰ ਕੀਤੇ ਅਤੇ ਕਮਲ ਦਾ ਫੁੱਲ ਆਦਿ ਬਣਾ ਦਿੱਤੇ ਅਤੇ ਹੇਠਾਂ ਲਿਖਿਆ ਸਲੋਕ ਵੀ ਰਚਿਆ, ਜਿਹੜਾ ਨਿੰਮ ਦੇ ਦਰਖ਼ਤ ਦੇ ਮਹੱਤਵ ਅਤੇ ਬਾਬਾ ਦੀ ਯੋਗ ਸ਼ਕਤੀ ਦਾ ਪ੍ਰਮਾਣ ਸੀ, ਜੋ ਇਸ ਤਰ੍ਹਾਂ ਹੈ:

ਸਦਾ ਨਿੰਬਵ੍ਰਕਸ਼ਸਯ ਮੂਲਧਿਵਾਮਾਤ  
ਸੁਧਾਸਰਾਵਿਣੰ ਤਿਕਤਮਪਯਪ੍ਰਿਯੰ ਤਮ।  
ਤਰੂੰ ਕਲਪਵ੍ਰਕਸ਼ਾਧਿਕੰ ਸਾਧਯਨਤੰ  
ਨਮਾਮੀਸ਼ਵਰੰ ਸਦਗੁਰੂੰ ਸਾਈਨਾਥਮ॥

ਭਾਵ—ਮੈਂ ਭਗਵਾਨ ਸਾਈਂ ਨਾਥ ਨੂੰ ਨਮਨ ਕਰਦਾ ਹਾਂ, ਜਿਨ੍ਹਾਂ ਦੀ ਨੇੜਤਾ ਪਾ ਕੇ ਨਿੰਮ ਦਾ ਦਰਖ਼ਤ ਕੌੜਾ ਅਤੇ ਪਿਆਰਾ ਨਾ ਹੁੰਦੇ ਹੋਏ ਵੀ ਅੰਮ੍ਰਿਤ ਦੀ ਵਰਖਾ ਕਰਦਾ ਸੀ (ਇਸ ਦਰਖ਼ਤ ਦਾ ਰਸ ਅੰਮ੍ਰਿਤ ਕਹਾਉਂਦਾ ਹੈ) ਇਸ ਵਿਚ ਅਨੇਕਾਂ ਬਿਮਾਰੀਆਂ ਤੋਂ ਛੁਟਕਾਰਾ ਕਰ ਦੇਣ ਦੇ ਗੁਣ ਹੋਣ ਕਰਕੇ ਹੀ ਇਸ ਨੂੰ 'ਕਲਪਵ੍ਰਕਸ਼' ਨਾਲੋਂ ਵੀ ਮਹਾਨ ਕਿਹਾ ਗਿਆ ਹੈ।

ਉਪਾਸਨੀ ਮਹਾਰਾਜ ਦਾ ਵਿਚਾਰ ਸਭ ਨੇ ਮਨਜ਼ੂਰ ਕੀਤਾ ਅਤੇ ਕੰਮ ਪੂਰਨ ਹੋ ਗਿਆ। ਖੜਾਵਾਂ ਬੰਬਈ ਵਿਚ ਤਿਆਰ ਕਰਵਾਈਆਂ ਗਈਆਂ ਅਤੇ ਕੰਪਾਉਡਰ ਦੇ ਹੱਥ ਸ਼ਿਰਡੀ ਭੇਜੀਆਂ ਗਈਆਂ। ਬਾਬਾ ਦੀ ਆਗਿਆ ਅਨੁਸਾਰ ਖੜਾਵਾਂ ਦੀ ਸਥਾਪਨਾ ਸਾਉਣ ਦੀ ਪੂਰਨਮਾਸ਼ੀ ਵਾਲੇ ਦਿਨ ਕੀਤੀ ਗਈ। ਇਸ ਦਿਨ





ਸਵੇਰੇ 11 ਵਜੇਂ ਜੀ.ਕੇ. ਦਿਕਸ਼ਿਤ ਖੜਾਵਾਂ ਸਿਰ 'ਤੇ ਰੱਖ ਕੇ ਖੰਡੋਬਾ ਦੇ ਮੰਦਿਰ ਤੋਂ ਧੂਮਧਾਮ ਨਾਲ ਜਲੂਸ ਨਾਲ ਦਵਾਰਕਾਮਾਈ ਵਿਚ ਲਿਆਏ। ਬਾਬਾ ਨੇ ਖੜਾਵਾਂ ਨੂੰ ਛੂਹ ਕੇ ਕਿਹਾ ਕਿ "ਇਹ ਭਗਵਾਨ ਦੇ ਸ੍ਰੀ ਚਰਣ ਹਨ। ਇਨ੍ਹਾਂ ਦੀ ਨਿੰਮ ਦੇ ਹੇਠਾਂ ਸਥਾਪਨਾ ਕਰ ਦਿਉ।" ਇਸ ਤੋਂ ਇਕ ਦਿਨ ਪਹਿਲਾਂ ਬੰਬਈ ਦੇ ਇਕ ਪਾਰਸੀ ਭਗਤ ਪਾਸਤਾ ਸ਼ੇਟ ਨੇ 25 ਰੁਪਏ ਦਾ ਮਨੀਆਰਡਰ ਭੇਜਿਆ। ਬਾਬਾ ਨੇ ਇਹ ਰੁਪਏ ਖੜਾਵਾਂ ਦੀ ਸਥਾਪਨਾ ਲਈ ਦੇ ਦਿੱਤੇ। ਸਥਾਪਨਾ ਦਾ ਕੁਲ ਖ਼ਰਚਾ 100 ਰੁਪਏ ਹੋਇਆ, ਬਾਕੀ 75 ਰੁਪਏ ਚੰਦੇ ਨਾਲ ਇਕੱਠੇ ਹੋਏ। ਪਹਿਲੇ ਪੰਜ ਸਾਲ ਤੱਕ ਡਾ. ਕੋਠਾਰੇ ਦੀਵੇ ਲਈ 2 ਰੁਪਏ ਮਹੀਨਾ ਭੇਜਦੇ ਰਹੇ। ਉਨ੍ਹਾਂ ਨੇ ਖੜਾਵਾਂ ਦੇ ਚਾਰੇ ਪਾਸੇ ਲਗਾਉਣ ਲਈ ਲੋਹੇ ਦੀਆਂ ਸੀਖਾਂ ਵੀ ਭੇਜੀਆਂ। ਸਟੇਸ਼ਨ ਤੋਂ ਸੀਖਾਂ ਢੋਣ ਅਤੇ ਛੱਤ ਬਣਾਉਣ ਦਾ ਖ਼ਰਚ (7 ਰੁਪਏ 8 ਆਨੇ) ਸਗੁਣ ਮੇਰੂ ਨਾਯਕ ਨੇ ਕੀਤਾ। ਅੱਜਕਲ੍ਹ ਜਰਬਾੜੀ (ਨਾਨਾ ਪੁਜਾਰੀ) ਪੂਜਾ ਕਰਦੇ ਹਨ ਅਤੇ ਸਗੁਣ ਮੇਰੂ ਨਾਯਕ ਨੈਵੇਦ ਅਰਪਣ ਕਰਦੇ ਹਨ ਅਤੇ ਸ਼ਾਮ ਨੂੰ ਦੀਵਾ ਜਗਾਉਂਦੇ ਹਨ। ਭਾਈ ਕ੍ਰਿਸ਼ਨ ਜੀ ਪਹਿਲੇ ਅਕਲਕੋਟ ਮਹਾਰਾਜ ਦੇ ਚੇਲੇ ਸੀ। ਅਕਲਕੋਟ ਜਾਂਦੇ ਹੋਏ ਉਹ ਸ਼ਕ ਸੰਨ 1834 ਵਿਚ ਖੜਾਵਾਂ ਸਥਾਪਨਾ ਦੇ ਸ਼ੁੱਭ ਮੌਕੇ 'ਤੇ ਸ਼ਿਰਡੀ ਆਏ ਅਤੇ ਦਰਸ਼ਨ ਕਰਨ ਤੋਂ ਬਾਅਦ ਜਦੋਂ ਉਨ੍ਹਾਂ ਨੇ ਬਾਬਾ ਕੋਲੋਂ ਅਕਲਕੋਟ ਜਾਣ ਦੀ ਆਗਿਆ ਮੰਗੀ ਤਾਂ ਬਾਬਾ ਕਹਿਣ ਲੱਗੇ, "ਅਰੇ! ਅਕਲਕੋਟ ਵਿਚ ਕੀ ਹੈ? ਤੁਸੀਂ ਉਥੇ ਫ਼ਜ਼ੂਲ ਕਿਉਂ ਜਾਂਦੇ ਹੋ? ਉਥੋਂ ਦੇ ਮਹਾਰਾਜ ਤਾਂ ਇਥੇ (ਮੈਂ ਆਪ) ਹਨ।" ਇਹ ਸੁਣ ਕੇ ਭਾਈ ਨੇ ਅਕਲਕੋਟ ਜਾਣ ਦਾ ਵਿਚਾਰ ਛੱਡ ਦਿੱਤਾ। ਖੜਾਵਾਂ ਸਥਾਪਿਤ ਹੋਣ ਦੇ ਬਾਅਦ ਉਹ ਅਕਸਰ ਸ਼ਿਰਡੀ ਆਉਂਦੇ ਸੀ। ਸ੍ਰੀ ਬੀ.ਵੀ. ਦੇਵ ਨੇ ਅੰਤ ਵਿਚ ਏਦਾਂ ਲਿਖਿਆ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਦਾ ਹੇਮਾਂਡਪੰਤ ਨੂੰ ਪਤਾ ਨਹੀਂ ਸੀ। ਨਹੀਂ ਤਾਂ ਉਹ ਸ੍ਰੀ ਸਾਈਂ ਸੱਚਚਰਿੱਤਰ ਵਿਚ ਲਿਖਣਾ ਕਦੀ ਨਾ ਭੁਲਦੇ।

## ਮੋਹਿਦੀਨ ਤਮਬੋਲੀ ਨਾਲ ਕੁਸ਼ਤੀ ਅਤੇ ਜੀਵਨ-ਬਦਲਾਅ

ਸ਼ਿਰਡੀ ਵਿਚ ਇਕ ਪਹਿਲਵਾਨ ਸੀ, ਜਿਸ ਦਾ ਨਾਂਅ ਮੋਹਿਦੀਨ ਤਮਬੋਲੀ ਸੀ। ਬਾਬਾ ਦਾ ਉਸ ਨਾਲ ਕਿਸੇ ਗੱਲ 'ਤੇ ਮਤਭੇਦ ਹੋ ਗਿਆ। ਇਸ ਦੇ ਫ਼ਲਸਰੂਪ ਦੋਵਾਂ ਵਿਚ ਕੁਸ਼ਤੀ ਹੋਈ ਅਤੇ ਬਾਬਾ ਹਾਰ ਗਏ। ਇਸ ਤੋਂ ਬਾਅਦ ਬਾਬਾ ਨੇ ਆਪਣੀ ਪੋਸ਼ਾਕ ਅਤੇ ਰਹਿਣ-ਸਹਿਣ ਬਦਲ ਲਿਆ। ਉਹ ਕਫ਼ਨੀ ਪਹਿਨਦੇ, ਲੰਗੋਟ ਬੰਨ੍ਹਦੇ ਅਤੇ ਕੱਪੜੇ ਦੇ ਟੁਕੜੇ ਨਾਲ ਸਿਰ ਢੱਕਦੇ ਸੀ। ਉਹ ਬੈਠਣ ਅਤੇ ਸੌਣ ਲਈ ਇਕ ਟਾਟ ਦਾ ਟੁਕੜਾ ਵਰਤਦੇ ਸੀ। ਇਸ ਤਰ੍ਹਾਂ ਫਟੇ-ਪੁਰਾਣੇ ਚਿੱਥੜੇ ਪਾ ਕੇ ਉਹ ਬਹੁਤ ਸੰਤੁਸ਼ਟ ਪ੍ਰਤੀਤ ਹੁੰਦੇ ਸੀ। ਉਹ ਹਮੇਸ਼ਾਂ ਇਹੀ ਕਹਿੰਦੇ ਸੀ ਕਿ "ਗ਼ਰੀਬੀ ਅੱਵਲ ਬਾਦਸ਼ਾਹੀ, ਅਮੀਰੀ ਸੇ ਲਾਖ ਸਵਾਈ, ਗ਼ਰੀਬੋਂ ਕਾ ਅੱਲ੍ਹਾ ਭਾਈ।" ਗੰਗਾਹੀਰ ਨੂੰ ਵੀ ਕੁਸ਼ਤੀ ਨਾਲ ਬਹੁਤ ਪ੍ਰੀਤ ਸੀ। ਇਕ ਵਾਰੀ ਜਦੋਂ ਉਹ ਕੁਸ਼ਤੀ ਲੜ ਰਿਹਾ ਸੀ ਤਾਂ ਇਸੇ ਤਰ੍ਹਾਂ ਉਸ ਦੀ ਵੀ ਤਿਆਗ ਦੀ ਭਾਵਨਾ ਜਾਗ ਪਈ। ਠੀਕ ਉਸ ਵੇਲੇ 'ਤੇ ਦੇਵ ਵਾਣੀ ਹੋਈ—"**ਭਗਵਾਨ ਦੇ ਨਾਲ ਖੇਡ ਵਿਚ ਆਪਣਾ ਸਰੀਰ ਲਾ ਦੇਣਾ ਚਾਹੀਦਾ ਹੈ।**" ਇਸ ਕਰਕੇ ਉਹ ਸੰਸਾਰ ਛੱਡ ਕੇ ਆਤਮ-ਅਨੁਭੂਤੀ ਦੇ ਵੱਲ ਝੁਕ ਗਿਆ। ਪੁਣਤਾਂਬੇ ਦੇ ਨੇੜੇ ਇਕ ਮੱਠ ਸਥਾਪਿਤ ਕਰਕੇ ਉਹ ਆਪਣੇ



ਚੇਲਿਆਂ ਨਾਲ ਉਥੇ ਰਹਿਣ ਲੱਗ ਪਿਆ। ਸ੍ਰੀ ਸਾਈਂ ਬਾਬਾ ਲੋਕਾਂ ਨੂੰ ਨਾ ਮਿਲਦੇ ਅਤੇ ਨਾ ਹੀ ਗੱਲਬਾਤ ਕਰਦੇ ਸੀ। ਜਦੋਂ ਕੋਈ ਉਨ੍ਹਾਂ ਨੂੰ ਕੋਈ ਸੁਆਲ ਪੁੱਛਦਾ ਤਾਂ ਉਹ ਸਿਰਫ਼ ਉਨਾ ਹੀ ਜਵਾਬ ਦਿੰਦੇ ਸੀ। ਦਿਨ ਵੇਲੇ ਉਹ ਨਿੰਮ ਦੇ ਦਰਖ਼ਤ ਦੇ ਹੇਠਾਂ ਬੈਠੇ ਰਹਿੰਦੇ ਸੀ। ਕਦੀ-ਕਦੀ ਉਹ ਪਿੰਡ ਦੇ ਬਾਹਰ ਨਾਲੇ ਦੇ ਕੰਢੇ ਇਕ ਕਿੱਕਰ ਦੇ ਦਰਖ਼ਤ ਦੀ ਛਾਂ ਵਿਚ ਵੀ ਬੈਠੇ ਰਹਿੰਦੇ ਸੀ ਅਤੇ ਸ਼ਾਮ ਨੂੰ ਆਪਣੀ ਮਰਜ਼ੀ ਨਾਲ ਕਿਤੇ ਵੀ ਹਵਾ ਖਾਣ ਲਈ ਚਲੇ ਜਾਂਦੇ ਸੀ। ਨੀਮਗਾਂਵ ਵਿਚ ਅਕਸਰ ਬਾਲਾਸਾਹਿਬ ਡੇਂਗਲੇ ਦੇ ਘਰ ਜਾਂਦੇ ਸੀ। ਬਾਬਾ ਸ੍ਰੀ ਬਾਲਾਸਾਹਿਬ ਨੂੰ ਬਹੁਤ ਪਿਆਰ ਕਰਦੇ ਸੀ। ਉਨ੍ਹਾਂ ਦੇ ਛੋਟੇ ਭਰਾ, ਜਿਸ ਦਾ ਨਾਂਅ ਨਾਨਾਸਾਹਿਬ ਸੀ, ਦੇ ਦੂਸਰਾ ਵਿਆਹ ਕਰਨ 'ਤੇ ਵੀ ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਬਾਲਾਸਾਹਿਬ ਨੇ ਨਾਨਾਸਾਹਿਬ ਨੂੰ ਸ੍ਰੀ ਸਾਈਂ ਬਾਬਾ ਦੇ ਦਰਸ਼ਨਾਂ ਲਈ ਸ਼ਿਰਡੀ ਭੇਜਿਆ। ਕੁਝ ਵਕਤ ਬਾਅਦ ਬਾਬਾ ਦੀ ਸ੍ਰੀ ਕ੍ਰਿਪਾ ਨਾਲ ਨਾਨਾਸਾਹਿਬ ਦੇ ਘਰ ਇਕ ਪੁੱਤਰ ਰਤਨ ਹੋਇਆ। ਇਸੇ ਵਕਤ ਤੋਂ ਬਾਬਾ ਦੇ ਦਰਸ਼ਨਾਂ ਲਈ ਲੋਕਾਂ ਦਾ ਜ਼ਿਆਦਾ ਗਿਣਤੀ ਵਿਚ ਆਉਣਾ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਦੀ ਕੀਰਤੀ ਵੀ ਦੂਰ-ਦੂਰ ਤੱਕ ਫੈਲਣ ਲੱਗੀ। ਅਹਿਮਦ ਨਗਰ ਵਿਚ ਉਨ੍ਹਾਂ ਦੀ ਬਹੁਤ ਪ੍ਰਸਿੱਧੀ ਹੋ ਗਈ। ਉਦੋਂ ਤੋਂ ਨਾਨਾਸਾਹਿਬ ਚਾਂਦੋਰਕਰ, ਕੇਸ਼ਵ ਚਿਦੰਬਰ ਅਤੇ ਹੋਰ ਕਈ ਭਗਤ ਸ਼ਿਰਡੀ ਵਿਚ ਆਉਣ ਲੱਗੇ। ਬਾਬਾ ਦਿਨ ਭਰ ਆਪਣੇ ਭਗਤਾਂ ਨਾਲ ਘਿਰੇ ਰਹਿੰਦੇ ਅਤੇ ਰਾਤ ਨੂੰ ਟੁੱਟੀ-ਭੱਜੀ ਮਸਜਿਦ ਵਿਚ ਸੌਂਦੇ ਸੀ। ਇਸ ਵਕਤ ਬਾਬਾ ਕੋਲ ਕੁਲ ਸਮਾਨ—ਚਿਲਮ, ਤੰਬਾਕੂ, ਇਕ ਟਮਰੇਲ, ਇਕ ਲੰਮੀ ਕਫ਼ਨੀ, ਸਿਰ ਦੇ ਚਾਰੇ ਪਾਸੇ ਲਪੇਟਣ ਲਈ ਕੱਪੜਾ ਅਤੇ ਇਕ ਸਟਕਾ ਸੀ, ਜਿਸਨੂੰ ਉਹ ਹਮੇਸ਼ਾਂ ਆਪਣੇ ਕੋਲ ਰੱਖਦੇ ਸੀ। ਸਿਰ 'ਤੇ ਚਿੱਟੇ ਕੱਪੜੇ ਦਾ ਟੁਕੜਾ ਉਹ ਹਮੇਸ਼ਾਂ ਇਸ ਤਰ੍ਹਾਂ ਬੰਨ੍ਹਦੇ ਸੀ ਕਿ ਉਸ ਦਾ ਇਕ ਸਿਰਾ ਖੱਬੇ ਕੰਨ ਤੋਂ ਪਿੱਠ 'ਤੇ ਡਿੱਗਦਾ ਹੋਇਆ ਇੰਝ ਜਾਪਦਾ ਸੀ ਕਿ ਜਿਵੇਂ ਵਾਲਾਂ ਦਾ ਜੂੜਾ ਹੋਵੇ। ਹਫ਼ਤਿਆਂ ਤੱਕ ਉਹ ਕੱਪੜੇ ਧੋਂਦੇ ਨਹੀਂ ਸੀ। ਪੈਰਾਂ ਵਿਚ ਜੁੱਤੀ ਜਾਂ ਚੱਪਲ ਨਹੀਂ ਪਾਉਂਦੇ ਸੀ, ਸਿਰਫ਼ ਇਕ ਟਾਟ ਦਾ ਟੁਕੜਾ ਹੀ ਸਾਰਾ ਦਿਨ ਉਨ੍ਹਾਂ ਦੇ ਆਸਨ ਦਾ ਕੰਮ ਦਿੰਦਾ ਸੀ। ਉਹ ਇਕ ਲੰਗੋਟੀ ਧਾਰਨ ਕਰਦੇ ਅਤੇ ਸਰਦੀ ਤੋਂ ਬਚਣ ਲਈ ਦੱਖਣ ਵੱਲ ਮੂੰਹ ਕਰਕੇ ਧੂਣੀ ਸੇਕਦੇ ਸੀ। ਉਹ ਧੂਣੀ ਵਿਚ ਲੱਕੜ ਦੇ ਟੁਕੜੇ ਪਾਉਂਦੇ ਸੀ ਅਤੇ ਹੰਕਾਰ, ਇੱਛਾਵਾਂ ਅਤੇ ਵਿਸ਼ਿਆਂ ਦੇ ਮੋਹ ਦੀ ਉਸ ਵਿਚ ਆਹੂਤੀ ਦਿੰਦੇ ਹੁੰਦੇ ਸੀ। ਉਹ 'ਅੱਲ੍ਹਾ ਮਾਲਿਕ' ਦਾ ਹਮੇਸ਼ਾਂ ਉਚਾਰਣ ਕਰਦੇ ਸੀ। ਜਿਸ ਮਸਜਿਦ ਵਿਚ ਉਹ ਆਏ ਸੀ, ਉਸ ਵਿਚ ਸਿਰਫ਼ ਦੋ ਕਮਰਿਆਂ ਦੇ ਬਰਾਬਰ ਲੰਮੀ ਥਾਂ ਸੀ ਅਤੇ ਇਥੇ ਹੀ ਸਾਰੇ ਭਗਤ ਉਨ੍ਹਾਂ ਦੇ ਦਰਸ਼ਨ ਕਰਦੇ ਸੀ। 1912 ਦੇ ਬਾਅਦ ਕੁਝ ਬਦਲਾਅ ਹੋਇਆ। ਪੁਰਾਣੀ ਮਸਜਿਦ ਦੀ ਮੁਰੰਮਤ ਹੋ ਗਈ ਅਤੇ ਉਸ ਵਿਚ ਫ਼ਰਸ਼ ਵੀ ਬਣਾਇਆ ਗਿਆ। ਮਸਜਿਦ ਵਿਚ ਰਹਿਣ ਤੋਂ ਪਹਿਲਾਂ ਬਾਬਾ ਬਹੁਤ ਦੇਰ ਤੱਕ ਤਕੀਆ ਵਿਚ ਰਹੇ। ਉਹ ਪੈਰਾਂ ਵਿਚ ਘੁੰਗਰੂ ਬੰਨ੍ਹ ਕੇ ਪਿਆਰ ਨਾਲ ਮਸਤ ਹੋ ਕੇ ਨੱਚਦੇ ਅਤੇ ਗਾਉਂਦੇ ਹੁੰਦੇ ਸੀ।

## ਪਾਣੀ ਦਾ ਤੇਲ ਵਿਚ ਬਦਲਾਅ

ਬਾਬਾ ਨੂੰ ਰੋਸ਼ਨੀ ਨਾਲ ਬਹੁਤ ਪ੍ਰੀਤ ਸੀ। ਉਹ ਸ਼ਾਮ ਨੂੰ ਦੁਕਾਨਦਾਰਾਂ ਕੋਲੋਂ ਭਿੱਖਿਆ ਵਿਚ ਤੇਲ ਮੰਗ

ਲਿਆਉਂਦੇ ਸੀ ਅਤੇ ਦੀਵਿਆਂ ਨਾਲ ਮਸਜਿਦ ਨੂੰ ਸਜਾ ਕੇ, ਰਾਤ ਭਰ ਦੀਵੇ ਜਗਾਉਂਦੇ ਹੁੰਦੇ ਸੀ। ਇਹ ਸਿਲਸਿਲਾ ਕੁਝ ਦਿਨਾਂ ਤਕ ਠੀਕ ਇਸ ਤਰ੍ਹਾਂ ਚੱਲਦਾ ਰਿਹਾ। ਹੁਣ ਬਾਣੀਏ ਤੰਗ ਆ ਗਏ ਅਤੇ ਉਨ੍ਹਾਂ ਨੇ ਇਕੱਠੇ ਹੋ ਕੇ ਫ਼ੈਸਲਾ ਕੀਤਾ ਕਿ ਅੱਜ ਕੋਈ ਵੀ ਬਾਬਾ ਨੂੰ ਤੇਲ ਦੀ ਭਿੱਖਿਆ ਨਾ ਦੇਵੇ। ਰੋਜ਼ ਵਾਂਗ ਜਦੋਂ ਬਾਬਾ ਤੇਲ ਮੰਗਣ ਲਈ ਆਏ ਤਾਂ ਹਰੇਕ ਥਾਂ 'ਤੇ ਉਨ੍ਹਾਂ ਨੂੰ ਨਾਂਹ ਹੋਈ। ਕਿਸੇ ਨੂੰ ਕੁਝ ਨਾ ਕਹੇ ਬਿਨਾਂ ਬਾਬਾ ਮਸਜਿਦ ਵਾਪਸ ਆ ਗਏ ਅਤੇ ਸੁੱਕੀਆਂ ਬੱਤੀਆਂ ਦੀਵਿਆਂ ਵਿਚ ਪਾ ਦਿੱਤੀਆਂ। ਬਾਣੀਏ ਤਾਂ ਬੜੇ ਉਤਸੁਕ ਹੋ ਕੇ ਉਨ੍ਹਾਂ ਨੂੰ ਦੇਖ ਰਹੇ ਸੀ। ਬਾਬਾ ਨੇ ਟਮਰੇਲ ਚੁੱਕਿਆ, ਜਿਸ ਵਿਚ ਥੋੜ੍ਹਾ ਜਿਹਾ ਤੇਲ ਸੀ। ਉਨ੍ਹਾਂ ਨੇ ਉਸ ਵਿਚ ਪਾਣੀ ਮਿਲਾਇਆ ਅਤੇ ਤੇਲ ਵਾਲਾ ਪਾਣੀ ਪੀ ਲਿਆ। ਉਨ੍ਹਾਂ ਨੇ ਉਸ ਨੂੰ ਫੇਰ ਟੀਨਪਾਟ ਵਿਚ ਉਗਲ ਦਿੱਤਾ ਅਤੇ ਉਸ ਤੇਲ ਵਾਲੇ ਪਾਣੀ ਨੂੰ ਦੀਵਿਆਂ ਵਿਚ ਪਾ ਕੇ ਦੀਵੇ ਜਗਾ ਦਿੱਤੇ। ਉਤਸੁਕ ਬਾਣੀਆਂ ਨੇ ਜਦੋਂ ਦੀਵੇ ਸਾਰੀ ਰਾਤ ਜਗਦੇ ਦੇਖੇ ਤਾਂ ਉਨ੍ਹਾਂ ਨੂੰ ਆਪਣੇ ਕੀਤੇ 'ਤੇ ਬਹੁਤ ਦੁੱਖ ਹੋਇਆ ਅਤੇ ਉਨ੍ਹਾਂ ਨੇ ਬਾਬਾ ਕੋਲੋਂ ਮਾਫ਼ੀ ਮੰਗੀ। ਬਾਬਾ ਨੇ ਉਨ੍ਹਾਂ ਨੂੰ ਮਾਫ਼ ਕਰਕੇ ਭਵਿੱਖ ਵਿਚ ਸੱਚਾ ਵਿਹਾਰ ਕਰਨ ਲਈ ਸੁਚੇਤ ਕੀਤਾ।

## ਨਕਲੀ ਗੁਰੂ ਜੌਹਰ ਅਲੀ

ਮੋਹਿਦੀਨ ਨਾਲ ਕੁਸ਼ਤੀ ਦੇ ਪੰਜ ਸਾਲ ਬਾਅਦ ਜੌਹਰ ਅਲੀ ਨਾਂਅ ਦੇ ਇਕ ਫ਼ਕੀਰ ਆਪਣੇ ਚੇਲਿਆਂ ਨਾਲ ਰਾਹਾਤਾ ਆਏ। ਉਹ ਵੀਰਭੱਦਰ ਮੰਦਿਰ ਦੇ ਨੇੜੇ ਇਕ ਮਕਾਨ ਵਿਚ ਰਹਿਣ ਲੱਗੇ। ਫ਼ਕੀਰ ਵਿਦਵਾਨ ਸੀ। ਕੁਰਾਨ ਦੀਆਂ ਆਇਤਾਂ ਉਸ ਨੂੰ ਜ਼ੁਬਾਨੀ ਯਾਦ ਸਨ। ਉਸ ਦੀ ਆਵਾਜ਼ ਸੁੰਦਰ ਸੀ। ਪਿੰਡ ਦੇ ਬਹੁਤ ਸਾਰੇ ਧਾਰਮਿਕ ਅਤੇ ਸ਼ਰਧਾਲੂ ਲੋਕ ਉਸ ਕੋਲ ਆਉਣ ਲੱਗ ਪਏ ਅਤੇ ਉਸ ਦਾ ਕਾਫ਼ੀ ਆਦਰ ਹੋਣ ਲੱਗਾ। ਲੋਕਾਂ ਕੋਲੋਂ ਆਰਥਿਕ ਮਦਦ ਲੈ ਕੇ ਉਸਨੇ ਵੀਰਭੱਦਰ ਮੰਦਿਰ ਦੇ ਨੇੜੇ ਇਕ ਈਦਗਾਹ ਬਣਾਉਣ ਦਾ ਫ਼ੈਸਲਾ ਕੀਤਾ। ਇਸ ਗੱਲ ਤੋਂ ਕੁਝ ਝਗੜਾ ਹੋ ਗਿਆ, ਜਿਸ ਦੇ ਫ਼ਲਸਰੂਪ ਜੌਹਰ ਅਲੀ ਰਾਹਾਤਾ ਛੱਡ ਕੇ ਸ਼ਿਰਡੀ ਆ ਗਿਆ ਅਤੇ ਬਾਬਾ ਨਾਲ ਮਸਜਿਦ ਵਿਚ ਰਹਿਣ ਲੱਗਾ। ਉਸ ਨੇ ਆਪਣੀ ਸੁੰਦਰ ਵਾਣੀ ਨਾਲ ਲੋਕਾਂ ਦਾ ਮਨ ਜਿੱਤ ਲਿਆ। ਉਹ ਬਾਬਾ ਨੂੰ ਵੀ ਆਪਣਾ ਇਕ ਚੇਲਾ ਦੱਸਣ ਲੱਗ ਪਿਆ। ਬਾਬਾ ਨੇ ਕੋਈ ਇਤਰਾਜ਼ ਨਹੀਂ ਕੀਤਾ ਅਤੇ ਉਸ ਦਾ ਚੇਲਾ ਹੋਣਾ ਸਵੀਕਾਰ ਕਰ ਲਿਆ ਤਾਂ ਗੁਰੂ ਅਤੇ ਚੇਲਾ ਦੋਵੇਂ ਫੇਰ ਰਾਹਾਤਾ ਜਾ ਕੇ ਰਹਿਣ ਲੱਗ ਪਏ। ਗੁਰੂ, ਚੇਲੇ ਦੀ ਯੋਗਤਾ ਤੋਂ ਅਨਜਾਣ ਸੀ, ਪਰ ਚੇਲਾ ਗੁਰੂ ਦੇ ਅਵਗੁਣਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਇਹ ਜਾਣਦੇ ਹੋਏ ਵੀ ਬਾਬਾ ਨੇ ਕਦੀ ਉਸ ਦਾ ਅਨਾਦਰ ਨਹੀਂ ਕੀਤਾ ਅਤੇ ਪੂਰੀ ਲਗਨ ਨਾਲ ਆਪਣਾ ਕਰਤੱਵ ਨਿਭਾਉਂਦੇ ਰਹੇ ਅਤੇ ਉਸ ਦੀ ਕਈ ਤਰ੍ਹਾਂ ਨਾਲ ਸੇਵਾ ਕੀਤੀ। ਉਹ ਦੋਵੇਂ ਕਦੀ-ਕਦੀ ਸ਼ਿਰਡੀ ਵੀ ਆਉਂਦੇ ਸੀ, ਪਰ ਮੁੱਖ ਨਿਵਾਸ ਰਾਹਾਤਾ ਵਿਚ ਹੀ ਸੀ। ਸ੍ਰੀ ਬਾਬਾ ਦੇ ਪ੍ਰੇਮੀ ਭਗਤਾਂ ਨੂੰ ਉਨ੍ਹਾਂ ਦਾ ਦੂਰ ਰਾਹਾਤਾ ਵਿਚ ਰਹਿਣਾ ਚੰਗਾ ਨਹੀਂ ਲੱਗਦਾ ਸੀ। ਇਸ ਲਈ ਉਹ ਸਾਰੇ ਇਕੱਠੇ ਹੋ ਕੇ ਬਾਬਾ ਨੂੰ ਸ਼ਿਰਡੀ ਵਾਪਸ ਲਿਆਉਣ ਲਈ ਰਾਹਾਤਾ ਗਏ। ਇਨ੍ਹਾਂ ਲੋਕਾਂ ਦੀ ਈਦਗਾਹ ਕੋਲ ਹੀ ਬਾਬਾ



ਨਾਲ ਮੁਲਾਕਾਤ ਹੋ ਗਈ ਅਤੇ ਉਨ੍ਹਾਂ ਨੂੰ ਆਪਣੇ ਆਉਣ ਦਾ ਮੰਤਵ ਦੱਸਿਆ। ਬਾਬਾ ਨੇ ਉਨ੍ਹਾਂ ਨੂੰ ਸਮਝਾਇਆ ਕਿ ਫ਼ਕੀਰ ਦੇ ਆਉਣ ਤੋਂ ਪਹਿਲਾਂ ਹੀ ਤੁਸੀਂ ਸ਼ਿਰਡੀ ਵਾਪਸ ਚਲੇ ਜਾਉ। ਇਸ ਤਰ੍ਹਾਂ ਗੱਲਬਾਤ ਹੋ ਹੀ ਰਹੀ ਸੀ ਕਿ ਫ਼ਕੀਰ ਆ ਗਿਆ। ਇਸ ਤਰ੍ਹਾਂ ਆਪਣੇ ਚੇਲੇ ਨੂੰ ਉਥੋਂ ਲੈ ਕੇ ਜਾਣ ਦੀ ਮਾੜੀ ਕੋਸ਼ਿਸ਼ ਕਰਦੇ ਦੇਖ ਕੇ ਉਹ ਬਹੁਤ ਹੀ ਗੁੱਸੇ ਹੋਇਆ। ਕੁਝ ਬਹਿਸ ਕਰਨ ਦੇ ਬਾਅਦ ਹਾਲਾਤ ਬਦਲ ਗਏ ਅਤੇ ਅੰਤ ਵਿਚ ਫ਼ੈਸਲਾ ਇਹ ਹੋਇਆ ਕਿ ਫ਼ਕੀਰ ਅਤੇ ਚੇਲਾ ਦੋਵੇਂ ਹੀ ਸ਼ਿਰਡੀ ਵਿਚ ਹੀ ਰਹਿਣ ਅਤੇ ਇਸ ਲਈ ਉਹ ਸ਼ਿਰਡੀ ਆ ਕੇ ਰਹਿਣ ਲੱਗ ਪਏ। ਕੁਝ ਦਿਨਾਂ ਬਾਅਦ ਦੇਵੀਦਾਸ ਨੇ ਗੁਰੂ ਦੀ ਪ੍ਰੀਖਿਆ ਲਈ ਅਤੇ ਉਸ ਵਿਚ ਕੁਝ ਕਮੀ ਦੇਖੀ। ਚਾਂਦ ਪਾਟਿਲ ਦੀ ਬਰਾਤ ਨਾਲ ਜਦੋਂ ਬਾਬਾ ਸ਼ਿਰਡੀ ਆਏ ਸੀ, ਉਸ ਤੋਂ 12 ਸਾਲ ਪਹਿਲਾਂ ਦੇਵੀਦਾਸ ਲਗਭਗ 10 ਜਾਂ 11 ਸਾਲ ਦੀ ਉਮਰ ਵਿਚ ਸ਼ਿਰਡੀ ਆਏ ਸੀ ਅਤੇ ਹਨੂੰਮਾਨ ਮੰਦਿਰ ਵਿਚ ਰਹਿੰਦੇ ਸੀ। ਦੇਵੀਦਾਸ ਸੁਡੋਲ, ਸੁੰਦਰ ਸਰੀਰ ਅਤੇ ਤੇਜ਼ ਬੁੱਧੀ ਦੇ ਮਾਲਕ ਸੀ। ਉਹ ਤਿਆਗ ਦੀ ਪ੍ਰਤੱਖ ਮੂਰਤ ਅਤੇ ਅਥਾਹ ਗਿਆਨੀ ਸਨ। ਬਹੁਤ ਸਾਰੇ ਸੱਜਣ ਜਿਵੇਂ ਤਾਤਿਆ ਕੋਤੇ, ਕਾਂਸ਼ੀਨਾਥ ਅਤੇ ਹੋਰ ਲੋਕ, ਉਨ੍ਹਾਂ ਨੂੰ ਆਪਣੇ ਗੁਰੂ ਵਾਂਗ ਸਮਝਦੇ ਸੀ। ਲੋਕ ਜੌਹਰ ਅਲੀ ਨੂੰ ਉਨ੍ਹਾਂ ਦੇ ਸਾਹਮਣੇ ਲਿਆਏ। ਬਹਿਸ ਵਿਚ ਜੌਹਰ ਅਲੀ ਬੁਰੀ ਤਰ੍ਹਾਂ ਹਾਰ ਗਿਆ ਅਤੇ ਸ਼ਿਰਡੀ ਛੱਡ ਕੇ ਵੈਜ਼ਾਪੁਰ ਦੌੜ ਗਿਆ। ਉਹ ਬਹੁਤ ਸਾਲਾਂ ਬਾਅਦ ਸ਼ਿਰਡੀ ਆਇਆ ਅਤੇ ਸ੍ਰੀ ਸਾਈਂ ਬਾਬਾ ਦੀ ਚਰਣ-ਵੰਦਨਾ ਕੀਤੀ। ਉਸ ਦਾ ਇਹ ਭੁਲੇਖਾ ਕਿ 'ਉਹ ਗੁਰੂ ਸੀ ਅਤੇ ਸ੍ਰੀ ਸਾਈਂ ਬਾਬਾ ਉਸ ਦੇ ਚੇਲੇ', ਹੁਣ ਦੂਰ ਹੋ ਚੁੱਕਾ ਸੀ। ਸ੍ਰੀ ਸਾਈਂ ਬਾਬਾ ਉਸ ਦਾ ਗੁਰੂ ਵਾਂਗ ਹੀ ਆਦਰ ਕਰਦੇ ਸੀ, ਇਹ ਯਾਦ ਕਰਕੇ ਉਸ ਨੂੰ ਬਹੁਤ ਪਛਤਾਵਾ ਹੋਇਆ। ਇਸ ਤਰ੍ਹਾਂ ਸ੍ਰੀ ਸਾਈਂ ਬਾਬਾ ਨੇ ਆਪਣੇ ਪ੍ਰਤੱਖ ਆਚਰਣ ਨਾਲ ਆਦਰਸ਼ ਪੇਸ਼ ਕੀਤਾ ਕਿ ਹੰਕਾਰ ਤੋਂ ਕਿਸ ਤਰ੍ਹਾਂ ਛੁਟਕਾਰਾ ਪਾ ਕੇ ਚੇਲੇ ਦੇ ਕਰਤੱਵਾਂ ਦਾ ਪਾਲਣ ਕਰਕੇ ਕਿਵੇਂ ਆਤਮਾਨੁਭਵ ਵੱਲ ਵਧਣਾ ਚਾਹੀਦਾ ਹੈ। ਉੱਪਰ ਵਰਨਣ ਕਥਾ ਮਹਾਲਸਾਪਤਿ ਦੇ ਕਥਨ ਮੁਤਾਬਿਕ ਹੈ। ਅਗਲੇ ਅਧਿਆਇ ਵਿਚ ਰਾਮਨੌਮੀ ਦਾ ਤਿਉਹਾਰ, ਮਸਜਿਦ ਦੀ ਪਹਿਲੀ ਹਾਲਤ ਅਤੇ ਬਾਅਦ ਵਿਚ ਉਸ ਦੀ ਮੁਰੰਮਤ ਆਦਿ ਦਾ ਵਰਨਣ ਹੋਏਗਾ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**







# ॥ ਅਧਿਆਇ-6 ॥

***ਗੁਰੂ ਦੇ ਹੱਥਾਂ ਦੀ ਛੋਹ ਦੇ ਗੁਣ, ਰਾਮਨੌਮੀ ਉਤਸਵ, ਚੰਦਨ ਸਮਾਰੋਹ, ਉਰਸ ਅਤੇ ਰਾਮਨੌਮੀ ਦਾ ਏਕੀਕਰਨ, ਮਸਜਿਦ ਦੀ ਮੁਰੰਮਤ।***

## ਗੁਰੂ ਦੇ ਹੱਥਾਂ ਦੀ ਛੋਹ ਦੇ ਗੁਣ

ਜਦੋਂ ਸਤਿਗੁਰੂ ਹੀ ਬੇੜੀ ਦੇ ਮਲਾਹ ਹਨ ਤਾਂ ਇਹ ਯਕੀਨਨ ਹੈ ਕਿ ਖ਼ੈਰੀਅਤ ਅਤੇ ਆਸਾਨੀ ਨਾਲ ਇਸ ਭਵਸਾਗਰ ਦੇ ਪਾਰ ਉਤਾਰ ਦੇਣਗੇ। ਸਤਿਗੁਰੂ ਸ਼ਬਦ ਉਚਾਰਣ ਕਰਦੇ ਹੀ ਮੈਨੂੰ ਸ੍ਰੀ ਸਾਈਂ ਦੀ ਯਾਦ ਆ ਰਹੀ ਹੈ। ਇਵੇਂ ਪ੍ਰਤੀਤ ਹੁੰਦਾ ਹੈ ਕਿ ਉਹ ਆਪ ਮੇਰੇ ਸਾਹਮਣੇ ਖੜ੍ਹੇ ਹਨ ਅਤੇ ਮੇਰੇ ਮੱਥੇ 'ਤੇ ਉਦੀ ਲਗਾ ਰਹੇ ਹਨ। ਦੇਖੋ, ਦੇਖੋ, ਉਹ ਆਪਣਾ ਮਿਹਰਾਂ ਭਰਿਆ ਹੱਥ ਮੇਰੇ ਮੱਥੇ 'ਤੇ ਰੱਖ ਰਹੇ ਹਨ। ਹੁਣ ਮੇਰਾ ਦਿਲ ਖ਼ੁਸ਼ੀ ਨਾਲ ਭਰ ਗਿਆ ਹੈ। ਮੇਰੀਆਂ ਅੱਖਾਂ ਵਿਚੋਂ ਪ੍ਰੇਮ ਦੇ ਅੱਥਰੂ ਵਗ ਰਹੇ ਹਨ। ਸਤਿਗੁਰੂ ਦੀ ਛੋਹ ਦੀ ਸ਼ਕਤੀ ਮਹਾਨ ਅਤੇ ਹੈਰਾਨੀਜਨਕ ਹੈ। ਲਿੰਗ ਸਰੀਰ, ਜਿਹੜਾ ਸੰਸਾਰ ਨੂੰ ਭਸਮ ਕਰਨ ਵਾਲੀ ਅੱਗ ਨਾਲ ਵੀ ਨਸ਼ਟ ਨਹੀਂ ਹੁੰਦਾ ਹੈ, ਉਹ ਗੁਰੂ ਦੇ ਹੱਥਾਂ ਦੀ ਛੋਹ ਨਾਲ ਇਕ ਪਲ ਵਿਚ ਹੀ ਨਸ਼ਟ ਹੋ ਜਾਂਦਾ ਹੈ। ਕਈ ਜਨਮਾਂ ਦੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਏਦਾਂ ਦੇ ਆਦਮੀ, ਜਿਨ੍ਹਾਂ ਨੂੰ ਧਾਰਮਿਕ ਅਤੇ ਈਸ਼ਵਰ ਦੇ ਪ੍ਰਸੰਗਾਂ ਵਿਚ ਕੋਈ ਰੁਚੀ ਨਹੀਂ ਹੁੰਦੀ, ਉਨ੍ਹਾਂ ਦੇ ਵੀ ਮਨ ਟਿਕ ਜਾਂਦੇ ਹਨ। ਸ੍ਰੀ ਸਾਈਂ ਬਾਬਾ ਦੇ ਮਨੋਹਰ ਰੂਪ ਦੇ ਦਰਸ਼ਨ ਕਰਕੇ ਗਲਾ ਖ਼ੁਸ਼ੀ ਨਾਲ ਭਰ ਜਾਂਦਾ ਹੈ, ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਵਗਣ ਲੱਗ ਪੈਂਦੀ ਹੈ ਅਤੇ ਜਦੋਂ ਦਿਲ ਭਾਵਾਂ ਨਾਲ ਭਰ ਜਾਂਦਾ ਹੈ ਤਾਂ ਸੋਹਮ ਭਾਵ ਜਾਗ ਕੇ ਆਤਮਾਨੁਭਵ ਦਾ ਆਨੰਦ ਮਹਿਸੂਸ ਹੋਣ ਲੱਗਦਾ ਹੈ। ਮੈਂ ਅਤੇ ਤੂੰ ਦਾ ਭੇਦ ਨਸ਼ਟ ਹੋ ਜਾਂਦਾ ਹੈ ਅਤੇ ਇਕਦਮ ਬ੍ਰਹਮਾ ਨਾਲ ਅਭਿੰਨਤਾ ਪ੍ਰਾਪਤ ਹੋ ਜਾਂਦੀ ਹੈ। ਜਦੋਂ ਮੈਂ ਧਾਰਮਿਕ ਗ੍ਰੰਥਾਂ ਦਾ ਪਾਠ ਕਰਦਾ ਹਾਂ ਤਾਂ ਪਲ-ਪਲ ਵਿਚ ਸਤਿਗੁਰੂ ਦੀ ਯਾਦ ਆ ਜਾਂਦੀ ਹੈ। ਬਾਬਾ ਰਾਮ ਜਾਂ ਕ੍ਰਿਸ਼ਨ ਦਾ ਰੂਪ ਧਾਰ ਕੇ ਮੇਰੇ ਸਾਹਮਣੇ ਖੜੇ ਹੋ ਜਾਂਦੇ ਹਨ ਅਤੇ ਆਪ ਹੀ ਆਪਣੀ ਜੀਵਨ-ਕਥਾ ਮੈਨੂੰ ਸੁਣਾਉਣ ਲੱਗਦੇ ਹਨ ਭਾਵ ਜਦੋਂ ਮੈਂ ਭਾਗਵਤ ਦਾ ਸਰਵਣ ਕਰਦਾ ਹਾਂ ਤਾਂ ਸ੍ਰੀ ਕ੍ਰਿਸ਼ਨ ਦਾ ਸਰੂਪ ਧਾਰ ਲੈਂਦੇ ਹਨ ਅਤੇ ਉਦੋਂ ਮੈਨੂੰ ਏਦਾਂ ਲੱਗਦਾ ਹੈ ਕਿ ਉਹ ਹੀ ਭਾਗਵਤ ਜਾਂ ਭਗਤਾਂ ਦੇ ਕਲਿਆਣ ਲਈ ਉਦਵਗੀਤਾ ਸੁਣਾ ਰਹੇ ਹਨ। ਜਦੋਂ ਕਦੀ ਵੀ ਮੈਂ ਕਿਸੇ ਨਾਲ ਗੱਲਬਾਤ ਕਰਦਾ ਹਾਂ ਤਾਂ ਮੈਂ ਬਾਬਾ ਦੀਆਂ ਕਥਾਵਾਂ ਨੂੰ ਧਿਆਨ ਵਿਚ ਰੱਖਦਾ ਹਾਂ, ਜਿਸ ਨਾਲ ਉਨ੍ਹਾਂ ਦਾ ਠੀਕ ਅਰਥ ਸਮਝਾਉਣ ਵਿਚ ਸਫ਼ਲ ਹੋ ਸਕਾਂ। ਉਦੋਂ ਇਕ ਸ਼ਬਦ ਜਾਂ ਵਾਕ ਦੀ ਰਚਨਾ ਵੀ ਨਹੀਂ ਕਰ ਸਕਦਾ, ਪਰ ਜਦੋਂ ਉਹ ਆਪ ਕ੍ਰਿਪਾ ਕਰਕੇ ਮੇਰੇ ਕੋਲੋਂ ਲਿਖਵਾਉਣ ਲੱਗਦੇ ਹਨ ਤਾਂ ਫੇਰ ਉਸ ਦਾ ਕੋਈ ਅੰਤ ਨਹੀਂ ਹੁੰਦਾ। ਜਦੋਂ ਭਗਤਾਂ ਵਿਚ ਹੰਕਾਰ ਵਧਣ ਲੱਗਦਾ ਹੈ ਤਾਂ ਉਹ ਸ਼ਕਤੀ ਦੇ ਕੇ ਉਨ੍ਹਾਂ ਦਾ ਹੰਕਾਰ ਖ਼ਤਮ ਕਰਕੇ ਆਖ਼ਰੀ ਮੰਤਵ ਦੀ ਪ੍ਰਾਪਤੀ ਕਰਾ ਦਿੰਦੇ ਹਨ ਅਤੇ ਉਨ੍ਹਾਂ ਨੂੰ ਸੰਤੁਸ਼ਟ ਕਰਕੇ ਅਬਿਨਾਸ਼ੀ ਸੁੱਖ ਦੇ ਭਾਗੀ ਬਣਾ ਦਿੰਦੇ



ਹਨ। **ਜਿਹੜਾ ਬਾਬਾ ਨੂੰ ਨਮਨ ਕਰਕੇ ਇਕਾਗਰ ਭਾਵ ਨਾਲ ਉਨ੍ਹਾਂ ਦੀ ਸ਼ਰਨ ਵਿਚ ਜਾਂਦਾ ਹੈ, ਉਸ ਨੂੰ ਫੇਰ ਕੋਈ ਸਾਧਨਾ ਕਰਨ ਦੀ ਲੋੜ ਨਹੀਂ ਹੈ। ਧਰਮ, ਅਰਥ, ਕਾਮ ਅਤੇ ਮੋਕਸ਼ ਉਸ ਨੂੰ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ**। ਈਸ਼ਵਰ ਦੇ ਕੋਲ ਪਹੁੰਚਣ ਦੇ ਚਾਰ ਰਾਹ ਹਨ—ਕਰਮ, ਗਿਆਨ, ਯੋਗ ਅਤੇ ਭਗਤੀ। ਇਨ੍ਹਾਂ ਸਾਰਿਆਂ ਵਿਚੋਂ ਭਗਤੀ ਦਾ ਰਾਹ ਜ਼ਿਆਦਾ ਮੁਸ਼ਕਿਲ, ਖੱਡਿਆਂ/ਖੱਡਾਂ ਨਾਲ ਭਰਿਆ ਹੋਇਆ ਹੈ। ਪਰ ਜੇ ਸਤਿਗੁਰੂ 'ਤੇ ਭਰੋਸਾ ਕਰਕੇ ਖੱਡਿਆਂ/ਖੱਡਾਂ ਤੋਂ ਬਚਦੇ ਹੋਏ ਸਿੱਧੇ ਅੱਗੇ ਵੱਧਦੇ ਜਾਉਗੇ ਤਾਂ ਤੁਸੀਂ ਆਪਣੇ ਮੰਤਵ ਭਾਵ ਈਸ਼ਵਰ ਤੱਕ ਆਸਾਨੀ ਨਾਲ ਪਹੁੰਚ ਜਾਉਗੇ। ਸ੍ਰੀ ਸਾਈਂ ਬਾਬਾ ਨੇ ਫ਼ੈਸਲਾਕੁੰਨ ਸ਼ਬਦਾਂ ਵਿਚ ਕਿਹਾ ਹੈ ਕਿ ਬ੍ਰਹਮਾ ਅਤੇ ਉਨ੍ਹਾਂ ਦੀ, ਸੰਸਾਰ ਨੂੰ ਪੈਦਾ, ਰੱਖਿਆ ਅਤੇ ਵਿਲੀਨ ਕਰਨ ਆਦਿ ਦੀਆਂ ਵੱਖ-ਵੱਖ ਸ਼ਕਤੀਆਂ ਦੇ ਵੱਖਰੇਪਨ ਵਿਚ ਵੀ ਏਕੀਕਰਨ ਹੈ। ਇਸ ਨੂੰ ਗ੍ਰੰਥਕਾਰਾ ਨੇ ਦਰਸਾਇਆ ਹੈ। ਭਗਤਾਂ ਦੇ ਕਲਿਆਣ ਵਾਸਤੇ ਹੀ ਸ੍ਰੀ ਸਾਈਂ ਬਾਬਾ ਨੇ ਆਪ ਜਿਹੜੇ ਵਚਨਾਂ ਨਾਲ ਭਰੋਸਾ ਦਿੱਤਾ ਸੀ, ਉਨ੍ਹਾਂ ਵਚਨਾਂ ਨੂੰ ਹੇਠਾਂ ਲਿਖਿਆ ਗਿਆ ਹੈ:

**"ਮੇਰੇ ਭਗਤਾਂ ਦੇ ਘਰ ਕਦੀ ਵੀ ਅੰਨ ਅਤੇ ਕੱਪੜੇ ਦੀ ਘਾਟ ਨਹੀਂ ਹੋਏਗੀ। ਇਹ ਮੇਰੀ ਵਿਸ਼ੇਸ਼ਤਾ ਹੈ ਕਿ ਜਿਹੜੇ ਭਗਤ ਮੇਰੀ ਸ਼ਰਨ ਆ ਜਾਂਦੇ ਹਨ ਅਤੇ ਦਿਲ ਨਾਲ ਮੇਰੇ ਉਪਾਸਕ ਹਨ, ਉਨ੍ਹਾਂ ਦੇ ਕਲਿਆਣ ਲਈ ਮੈਂ ਹਮੇਸ਼ਾਂ ਫ਼ਿਕਰਮੰਦ ਰਹਿੰਦਾ ਹਾਂ**। ਕ੍ਰਿਸ਼ਨ ਭਗਵਾਨ ਨੇ ਵੀ ਗੀਤਾ ਵਿਚ ਇਹੀ ਸਮਝਾਇਆ ਹੈ। ਇਸ ਲਈ ਭੋਜਨ ਅਤੇ ਕੱਪੜਿਆਂ ਲਈ ਜ਼ਿਆਦਾ ਚਿੰਤਾ ਨਾ ਕਰੋ। ਜੇ ਕੁਝ ਮੰਗਣ ਦੀ ਕਾਮਨਾ ਹੈ ਤਾਂ ਈਸ਼ਵਰ ਨੂੰ ਹੀ ਮੰਗੋ। ਸੰਸਾਰਿਕ ਮਾਣ ਅਤੇ ਉਪਾਧੀਆਂ ਤਿਆਗ ਕੇ ਈਸ਼ਵਰ ਦੀ ਕ੍ਰਿਪਾ ਅਤੇ ਮੁਕਤੀ ਪ੍ਰਾਪਤ ਕਰੋ ਅਤੇ ਉਸ ਨਾਲ ਸਨਮਾਨਿਤ ਹੋਵੋ। ਸੰਸਾਰਿਕ ਸਾਧਨਾ ਨਾਲ ਕੁਰਾਹੇ ਨਾ ਪਵੋ। ਆਪਣੇ 'ਦੇਵਤਾ' ਨੂੰ ਮਜ਼ਬੂਤੀ ਨਾਲ ਪਕੜ ਕੇ ਰੱਖੋ। ਸਾਰੀਆਂ ਇੰਦਰੀਆਂ ਅਤੇ ਮਨ ਨੂੰ ਈਸ਼ਵਰ ਦੇ ਧਿਆਨ ਵਿਚ ਲਗਾਉ। ਕਿਸੇ ਚੀਜ਼ ਵੱਲ ਖਿੱਚੇ ਨਾ ਜਾਉ, ਸਦਾ ਮੇਰੇ ਸਿਮਰਨ ਵਿਚ ਮਨ ਨੂੰ ਲਗਾਈ ਰੱਖੋ, ਤਾਂ ਕਿ ਉਹ ਸਰੀਰ, ਦੌਲਤ ਅਤੇ ਮੌਜ-ਮਸਤੀ ਵੱਲ ਨਾ ਜਾਏ, ਤਾਂ ਚਿੱਤ ਸਥਿਰ, ਸ਼ਾਂਤ ਅਤੇ ਨਿਡਰ ਹੋ ਜਾਏਗਾ। ਇਸ ਤਰ੍ਹਾਂ ਦੀ ਮਨ ਦੀ ਹਾਲਤ ਪ੍ਰਾਪਤ ਹੋਣਾ ਇਸ ਗੱਲ ਦੀ ਨਿਸ਼ਾਨੀ ਹੈ ਕਿ ਮਨ ਚੰਗੀ ਸੰਗਤ ਵਿਚ ਹੈ। ਜੇ ਚਿੱਤ ਦੀ ਚੰਚਲਤਾ ਨਸ਼ਟ ਨਾ ਹੋਈ ਤਾਂ ਉਸ ਨੂੰ ਇਕਾਗਰ ਨਹੀਂ ਕੀਤਾ ਜਾ ਸਕਦਾ।"

ਬਾਬਾ ਦੇ ਇਨ੍ਹਾਂ ਮੁਨਾਸਿਬ ਸ਼ਬਦਾਂ ਦੀ ਵਿਆਖਿਆ ਕਰਕੇ ਗ੍ਰੰਥਕਾਰ ਸ਼ਿਰਡੀ ਦੇ ਰਾਮਨੌਮੀ ਉਤਸਵ ਦਾ ਵਰਨਣ ਕਰਦਾ ਹੈ। ਸ਼ਿਰਡੀ ਵਿਚ ਮਨਾਏ ਜਾਣ ਵਾਲੇ ਤਿਉਹਾਰਾਂ ਵਿਚੋਂ ਰਾਮਨੌਮੀ ਜ਼ਿਆਦਾ ਧੂਮਧਾਮ ਨਾਲ ਮਨਾਈ ਜਾਂਦੀ ਹੈ। ਇਸ ਤਿਉਹਾਰ ਦਾ ਪੂਰਾ ਵਿਵਰਣ ਜਿਸ ਤਰ੍ਹਾਂ ਸਾਈਂ-ਲੀਲ੍ਹਾ ਮੈਗਜ਼ੀਨ (1915) ਦੇ ਸਫ਼ਾ 197 'ਤੇ ਪ੍ਰਕਾਸ਼ਿਤ ਹੋਇਆ ਸੀ, ਉਸ ਨੂੰ ਸੰਖੇਪ ਵਿਚ ਇਥੇ ਦਿੱਤਾ ਜਾਂਦਾ ਹੈ।

ਕੋਪਰਗਾਂਵ ਵਿਚ ਸ੍ਰੀ ਗੋਪਾਲਰਾਵ ਗੁੰਡ ਨਾਂਅ ਦਾ ਇਕ ਇੰਸਪੈਕਟਰ ਸੀ। ਉਹ ਬਾਬਾ ਦਾ ਪਰਮ ਭਗਤ ਸੀ। ਉਸਦੀਆਂ ਤਿੰਨ ਵਹੁਟੀਆਂ ਸਨ, ਪਰ ਕਿਸੇ ਵਿਚੋਂ ਵੀ ਬੱਚਾ ਨਹੀਂ ਸੀ। ਸ੍ਰੀ ਸਾਈਂ ਬਾਬਾ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਇਕ ਪੁੱਤਰ ਰਤਨ ਪ੍ਰਾਪਤ ਹੋਇਆ। ਇਸ ਖੁਸ਼ੀ ਦੇ ਸਬੰਧ ਵਿਚ ਸੰਨ 1897 ਵਿਚ ਉਨ੍ਹਾਂ

ਨੂੰ ਵਿਚਾਰ ਆਇਆ ਕਿ ਸ਼ਿਰਡੀ ਵਿਚ ਉਰਸ ਭਰਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵਿਚਾਰ ਸ਼ਿਰਡੀ ਦੇ ਹੋਰ ਭਗਤਾਂ ਤਾਤਿਆ ਪਾਟਿਲ, ਦਾਦਾ ਕੋਤੇ ਪਾਟਿਲ ਅਤੇ ਮਾਧਵਰਾਵ ਦੇ ਸਾਹਮਣੇ ਵਿਚਾਰ ਕਰਨ ਲਈ ਰੱਖਿਆ। ਉਨ੍ਹਾਂ ਸਾਰਿਆਂ ਨੂੰ ਇਹ ਵਿਚਾਰ ਬਹੁਤ ਚੰਗਾ ਲੱਗਿਆ ਅਤੇ ਉਨ੍ਹਾਂ ਨੂੰ ਬਾਬਾ ਦੀ ਮਨਜ਼ੂਰੀ ਅਤੇ ਭਰੋਸਾ ਪ੍ਰਾਪਤ ਹੋ ਗਿਆ। ਉਰਸ ਭਰਨ ਲਈ ਸਰਕਾਰੀ ਆਗਿਆ ਜ਼ਰੂਰੀ ਸੀ। ਇਸ ਲਈ ਇਕ ਅਰਜ਼ੀ ਕੁਲੈਕਟਰ ਨੂੰ ਦਿੱਤੀ ਗਈ, ਪਰ ਪਿੰਡ ਦੇ ਪਟਵਾਰੀ ਦੇ ਇਤਰਾਜ਼ ਕਰਨ ਦੇ ਕਾਰਨ ਆਗਿਆ ਨਹੀਂ ਮਿਲ ਸਕੀ। ਪਰ ਬਾਬਾ ਦਾ ਭਰੋਸਾ ਤਾਂ ਮਿਲ ਚੁੱਕਾ ਸੀ। ਫੇਰ ਦੁਬਾਰਾ ਕੋਸ਼ਿਸ਼ ਕਰਨ ਨਾਲ ਆਗਿਆ ਮਿਲ ਗਈ। ਬਾਬਾ ਦੀ ਆਗਿਆ ਨਾਲ ਰਾਮਨੌਮੀ ਵਾਲੇ ਦਿਨ ਉਰਸ ਭਰਨਾ ਤੈਅ ਹੋਇਆ। ਇਸ ਤਰ੍ਹਾਂ ਲੱਗਦਾ ਹੈ ਕਿ ਕੁਝ ਤੱਤਾਂ ਨੂੰ ਧਿਆਨ ਵਿਚ ਰੱਖ ਕੇ ਹੀ ਬਾਬਾ ਨੇ ਇਹ ਆਗਿਆ ਦਿੱਤੀ ਅਤੇ ਉਰਸ ਅਤੇ ਰਾਮਨੌਮੀ ਤਿਉਹਾਰਾ ਦਾ ਏਕੀਕਰਨ ਅਤੇ ਹਿੰਦੂ-ਮੁਸਲਮਾਨ ਏਕਤਾ, ਜੋ ਭਵਿੱਖ ਦੀਆਂ ਘਟਨਾਵਾਂ ਤੋਂ ਸਾਫ਼ ਹੈ ਕਿ ਇਹ ਮੰਤਵ ਪੂਰਾ ਸਫ਼ਲ ਹੋਇਆ। ਪਹਿਲੀ ਰੁਕਾਵਟ ਤਾਂ ਕਿਸੇ ਤਰ੍ਹਾਂ ਹੱਲ ਹੋ ਗਈ। ਹੁਣ ਦੂਜੀ ਮੁਸ਼ਕਿਲ ਪਾਣੀ ਦੀ ਘਾਟ ਦੀ ਸੀ। ਸ਼ਿਰਡੀ ਤਾਂ ਇਕ ਛੋਟਾ ਜਿਹਾ ਪਿੰਡ ਸੀ ਅਤੇ ਸ਼ੁਰੂ ਤੋਂ ਹੀ ਉਥੇ ਪਾਣੀ ਦੀ ਘਾਟ ਸੀ। ਪਿੰਡ ਵਿਚ ਸਿਰਫ਼ ਦੋ ਖੂਹ ਸਨ, ਜਿਨ੍ਹਾਂ ਵਿਚੋਂ ਇਕ ਤਾਂ ਸੁੱਕ ਜਾਂਦਾ ਸੀ ਅਤੇ ਦੂਜੇ ਦਾ ਪਾਣੀ ਖਾਰਾ ਸੀ। ਬਾਬਾ ਨੇ ਉਸ ਵਿਚ ਫੁੱਲ ਪਾ ਕੇ ਉਸਦੇ ਖਾਰੇ ਪਾਣੀ ਨੂੰ ਮਿੱਠਾ ਕਰ ਦਿੱਤਾ। ਪਰ ਇਕ ਖੂਹ ਦਾ ਪਾਣੀ ਕਿੰਨੇ ਲੋਕਾਂ ਲਈ ਕਾਫ਼ੀ ਹੋ ਸਕਦਾ ਸੀ? ਇਸ ਲਈ ਤਾਤਿਆ ਪਾਟਿਲ ਨੇ ਬਾਹਰੋਂ ਪਾਣੀ ਮੰਗਵਾਉਣ ਦਾ ਪ੍ਰਬੰਧ ਕੀਤਾ। ਲੱਕੜੀ ਅਤੇ ਬਾਂਸਾਂ ਦੀਆਂ ਕੱਚੀਆਂ ਦੁਕਾਨਾਂ ਬਣਾਈਆਂ ਗਈਆਂ ਅਤੇ ਕੁਸ਼ਤੀਆਂ ਦਾ ਵੀ ਇੰਤਜ਼ਾਮ ਕੀਤਾ ਗਿਆ। ਗੋਪਾਲਰਾਵ ਗੁੰਡ ਦੇ ਇਕ ਦੋਸਤ ਦਾਮੂ-ਅਣਾ ਕਾਸਾਰ ਅਹਿਮਦਨਗਰ ਵਿਚ ਰਹਿੰਦੇ ਸੀ। ਉਹ ਵੀ ਔਲਾਦ ਨਾ ਹੋਣ ਕਰਕੇ ਦੁਖੀ ਸੀ। ਸ੍ਰੀ ਸਾਈਂ ਬਾਬਾ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਵੀ ਪੁੱਤਰ ਰਤਨ ਦੀ ਪ੍ਰਾਪਤੀ ਹੋਈ ਸੀ। ਸ੍ਰੀ ਗੁੰਡ ਨੇ ਉਨ੍ਹਾਂ ਨੂੰ ਇਕ ਝੰਡਾ ਦੇਣ ਲਈ ਕਿਹਾ। ਇਕ ਝੰਡਾ ਜਗੀਰਦਾਰ ਨਾਨਾ ਸਾਹਿਬ ਨਿਮੋਣਕਰ ਨੇ ਵੀ ਦਿੱਤਾ। ਇਹ ਦੋਵੇਂ ਝੰਡੇ ਬੜੀ ਸ਼ਾਨ ਅਤੇ ਜਲੂਸ ਨਾਲ ਪਿੰਡ ਵਿਚੋਂ ਕੱਢੇ ਗਏ ਅਤੇ ਆਖ਼ੀਰ ਵਿਚ ਉਨ੍ਹਾਂ ਨੂੰ ਮਸਜਿਦ, ਜਿਸ ਨੂੰ ਬਾਬਾ 'ਦਵਾਰਕਾ ਮਾਈ' ਦੇ ਨਾਂਅ ਨਾਲ ਬੁਲਾਉਂਦੇ ਸੀ, ਉਸ ਦੀਆਂ ਨੁੱਕਰਾਂ ਉੱਪਰ ਲਗਾ ਦਿੱਤਾ ਗਿਆ। ਇਹ ਪ੍ਰੋਗਰਾਮ ਹੁਣ ਵੀ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ।

## ਚੰਦਨ ਸਮਾਰੋਹ

ਇਸ ਮੇਲੇ ਵਿਚ ਇਕ ਹੋਰ ਪ੍ਰੋਗਰਾਮ ਵੀ ਸ਼ੁਰੂ ਹੋਇਆ, ਜਿਹੜਾ ਚੰਦਨ ਉਤਸਵ ਦੇ ਨਾਂਅ ਨਾਲ ਮਸ਼ਹੂਰ ਹੋਇਆ। ਇਹ ਕੋਰਹਲ ਦੇ ਇਕ ਮੁਸਲਮਾਨ ਭਗਤ ਸ੍ਰੀ ਅਮੀਰ ਸ਼ਕਰ ਦਲਾਲ ਦੇ ਦਿਮਾਗ ਦੀ ਉਪਜ ਸੀ। ਆਮ ਤੌਰ 'ਤੇ ਇਸ ਤਰ੍ਹਾਂ ਦਾ ਉਤਸਵ ਸਿਰਫ਼ ਮੁਸਲਮਾਨ ਸੰਤਾਂ ਦੇ ਸਨਮਾਨ ਵਿਚ ਹੀ ਕੀਤਾ ਜਾਂਦਾ ਹੈ। ਬਹੁਤ ਸਾਰਾ ਚੰਦਨ ਪੀਸ ਕੇ ਲੇਪ ਬਣਾ ਕੇ ਅਤੇ ਬਹੁਤ ਸਾਰਾ ਚੰਦਨ-ਧੂਪ ਥਾਲੀਆ ਵਿਚ ਭਰੀ ਜਾਂਦੀ

ਹੈ ਅਤੇ ਲੋਬਾਨ ਬਾਲਦੇ ਹਨ ਅਤੇ ਆਖ਼ੀਰ ਵਿਚ ਉਨ੍ਹਾਂ ਨੂੰ ਮਸਜਿਦ ਵਿਚ ਪਹੁੰਚਾ ਕੇ ਜਲੂਸ ਖ਼ਤਮ ਹੋ ਜਾਂਦਾ ਹੈ। ਥਾਲੀਆਂ ਦਾ ਚੰਦਨ ਅਤੇ ਧੂਪ ਨਿੰਮ 'ਤੇ ਅਤੇ ਮਸਜਿਦ ਦੀਆਂ ਕੰਧਾਂ ਉਪਰ ਪਾ ਦਿੱਤਾ ਜਾਂਦਾ ਹੈ। ਇਸ ਉਤਸਵ ਦਾ ਪ੍ਰਬੰਧ ਪਹਿਲੇ ਤਿੰਨ ਸਾਲ ਤੱਕ ਸ੍ਰੀ ਅਮੀਰ ਸ਼ਕਰ ਨੇ ਕੀਤਾ, ਉਸਦੇ ਬਾਅਦ ਉਸਦੀ ਧਰਮ-ਪਤਨੀ ਨੇ ਕੀਤਾ। ਇਸ ਤਰ੍ਹਾਂ ਹਿੰਦੂਆਂ ਵੱਲੋਂ ਝੰਡੇ ਅਤੇ ਮੁਸਲਮਾਨਾਂ ਵੱਲੋਂ ਚੰਦਨ ਦਾ ਜਲੂਸ ਨਾਲ-ਨਾਲ ਚੱਲਣ ਲੱਗਾ ਅਤੇ ਹੁਣ ਤਕ ਉਸੇ ਤਰ੍ਹਾਂ ਚੱਲ ਰਿਹਾ ਹੈ।

## ਪ੍ਰਬੰਧ

ਰਾਮਨੌਮੀ ਦਾ ਦਿਨ ਸਾਈਂ ਬਾਬਾ ਦੇ ਭਗਤਾਂ ਲਈ ਬਹੁਤ ਪਿਆਰਾ ਅਤੇ ਪਵਿੱਤਰ ਹੈ। ਕੰਮ ਕਰਨ ਲਈ ਬਹੁਤ ਸੇਵਾਦਾਰ ਤਿਆਰ ਹੋ ਜਾਂਦੇ ਸੀ ਅਤੇ ਉਹ ਮੇਲੇ ਦੇ ਪ੍ਰਬੰਧ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸੀ। ਬਾਹਰ ਦੇ ਸਾਰੇ ਕੰਮਾਂ ਦਾ ਭਾਰ ਤਾਤਿਆ ਪਾਟਿਲ ਅਤੇ ਅੰਦਰ ਦੇ ਕੰਮਾਂ ਦਾ ਸਾਈਂ ਬਾਬਾ ਦੀ ਇਕ ਪਰਮ ਭਗਤ ਔਰਤ ਰਾਧਾਕ੍ਰਿਸ਼ਨਾਮਾਈ ਸੰਭਾਲਦੀ ਸੀ। ਇਸ ਮੌਕੇ ਉਤੇ ਉਸ ਦਾ ਨਿਵਾਸ ਪ੍ਰਾਹੁਣਿਆਂ ਨਾਲ ਭਰਿਆ ਰਹਿੰਦਾ ਅਤੇ ਉਸ ਨੂੰ ਸਾਰਿਆਂ ਦੀਆਂ ਲੋੜਾਂ ਦਾ ਵੀ ਧਿਆਨ ਰੱਖਣਾ ਪੈਂਦਾ ਸੀ। ਨਾਲ ਹੀ ਉਹ ਮੇਲੇ ਦੀਆਂ ਸਾਰੀਆਂ ਜ਼ਰੂਰੀ ਚੀਜ਼ਾਂ ਦਾ ਵੀ ਪ੍ਰਬੰਧ ਕਰਦੀ ਸੀ। ਦੂਸਰਾ ਕੰਮ ਜਿਹੜਾ ਉਹ ਆਪ ਖੁਸ਼ੀ ਨਾਲ ਕਰਦੀ ਸੀ, ਉਹ ਸੀ ਮਸਜਿਦ ਦੀ ਸਫ਼ਾਈ ਕਰਨੀ, ਸਫ਼ੈਦੀ ਕਰਨੀ ਆਦਿ। ਮਸਜਿਦ ਦਾ ਫ਼ਰਸ਼ ਅਤੇ ਕੰਧਾਂ ਲਗਾਤਾਰ ਧੂਣੀ ਬਾਲਣ ਕਰਕੇ ਕਾਲੀਆਂ ਹੋ ਗਈਆਂ ਸੀ। ਜਦੋਂ ਰਾਤ ਨੂੰ ਬਾਬਾ ਚਾਵੜੀ ਵਿਚ ਆਰਾਮ ਕਰਨ ਚਲੇ ਜਾਂਦੇ ਤਾਂ ਉਹ ਇਹ ਕੰਮ ਕਰ ਲੈਂਦੀ ਸੀ। ਸਾਰੀਆਂ ਚੀਜ਼ਾਂ ਧੂਣੀ ਸਮੇਤ ਬਾਹਰ ਕੱਢਣੀਆਂ ਪੈਂਦੀਆਂ ਸਨ ਅਤੇ ਸਫ਼ਾਈ ਤੇ ਸਫ਼ੈਦੀ ਹੋ ਜਾਣ ਤੋਂ ਬਾਅਦ ਫੇਰ ਉਸੇ ਤਰ੍ਹਾਂ ਸਜਾ ਦਿੱਤੀਆਂ ਜਾਂਦੀਆਂ ਸਨ। ਬਾਬਾ ਦਾ ਬਹੁਤ ਪਸੰਦ ਦਾ ਕੰਮ ਗਰੀਬਾਂ ਨੂੰ ਭੋਜਨ ਕਰਾਉਣਾ ਵੀ ਇਸ ਪ੍ਰੋਗਰਾਮ ਦਾ ਇਕ ਹਿੱਸਾ ਸੀ। ਇਸ ਕੰਮ ਲਈ ਵੱਡਾ ਭੋਜ ਕੀਤਾ ਜਾਂਦਾ ਸੀ ਅਤੇ ਕਈ ਤਰ੍ਹਾਂ ਦੀਆਂ ਮਿਠਾਈਆਂ ਬਣਾਈਆਂ ਜਾਂਦੀਆਂ ਸਨ। ਇਹ ਸਾਰੇ ਕੰਮ ਰਾਧਾਕ੍ਰਿਸ਼ਨਾਮਾਈ ਦੇ ਘਰ ਵਿਚ ਹੁੰਦੇ ਸੀ। ਬਹੁਤ ਸਾਰੇ ਅਮੀਰ ਅਤੇ ਧਨਾਢ ਭਗਤ ਇਸ ਕੰਮ ਲਈ ਆਰਥਿਕ ਸਹਾਇਤਾ ਦਿੰਦੇ ਸਨ।

## ਉਰਸ ਦਾ ਰਾਮਨੌਮੀ ਦੇ ਤਿਉਹਾਰ ਨਾਲ ਏਕੀਕਰਨ

ਸਾਰਾ ਪ੍ਰੋਗਰਾਮ ਇਸੇ ਤਰ੍ਹਾਂ ਵਧੀਆ ਤਰੀਕੇ ਨਾਲ ਚੱਲਦਾ ਰਿਹਾ ਅਤੇ ਮੇਲੇ ਦਾ ਮਹੱਤਵ ਹੌਲੀ-ਹੌਲੀ ਵੱਧਦਾ ਹੀ ਗਿਆ। ਸੰਨ 1911 ਵਿਚ ਇਕ ਤਬਦੀਲੀ ਹੋਈ। ਇਕ ਭਗਤ ਕ੍ਰਿਸ਼ਨਰਾਵ ਜੋਗੇਸ਼ਵਰ ਭੀਸ਼ਮ (ਸ੍ਰੀ ਸਾਈਂ ਸਗੁਣ ਉਪਾਸਨਾ ਦੇ ਲੇਖਕ) ਅਮਰਾਵਤੀ ਦੇ ਦਾਦਾ ਸਾਹਿਬ ਖਾਪਰਡੇ ਦੇ ਨਾਲ ਮੇਲੇ ਤੋਂ ਇਕ ਦਿਨ ਪਹਿਲਾਂ ਸ਼ਿਰਡੀ ਦੇ ਦਿਕਸ਼ਿਤ-ਵਾੜੇ ਵਿਚ ਠਹਿਰੇ। ਜਦੋਂ ਉਹ ਬਰਾਂਡੇ ਵਿਚ ਲੇਟ ਕੇ ਆਰਾਮ ਕਰ ਰਹੇ ਸਨ, ਤਾਂ ਉਨ੍ਹਾਂ ਨੇ ਇਕ ਕਲਪਨਾ ਕੀਤੀ। ਇਸੇ ਵੇਲੇ ਸ੍ਰੀ ਲਕਸ਼ਮਣ ਰਾਵ ਉਪਨਾਮ ਕਾਕਾ ਮਹਾਜਨੀ ਪੂਜਾ-ਸਮੱਗਰੀ ਲੈ ਕੇ ਮਸਜਿਦ ਵੱਲ ਜਾ ਰਹੇ ਸਨ। ਉਨ੍ਹਾਂ ਦੋਵਾਂ ਵਿਚ ਸਲਾਹ-ਮਸ਼ਵਰਾ ਹੋਣ ਲੱਗਾ ਅਤੇ

ਉਨ੍ਹਾਂ ਨੇ ਸੋਚਿਆ ਕਿ ਸ਼ਿਰਡੀ ਵਿਚ ਉਰਸ ਅਤੇ ਮੇਲਾ ਠੀਕ ਰਾਮਨੌਮੀ ਵਾਲੇ ਦਿਨ ਹੀ ਭਰਦਾ ਹੈ, ਇਸ ਵਿਚ ਜ਼ਰੂਰ ਹੀ ਕੋਈ ਡੂੰਘਾ ਭੇਦ ਹੈ। ਰਾਮਨੌਮੀ ਦਾ ਦਿਨ ਹਿੰਦੂਆਂ ਨੂੰ ਬਹੁਤ ਪਿਆਰਾ ਹੈ। ਕਿੰਨਾ ਚੰਗਾ ਹੋਵੇ, ਜੇ ਰਾਮਨੌਮੀ ਦਾ ਤਿਉਹਾਰ (ਭਾਵ ਸ੍ਰੀ ਰਾਮ ਦਾ ਜਨਮ ਦਿਨ) ਵੀ ਮਨਾਉਣਾ ਸ਼ੁਰੂ ਕਰ ਦਿੱਤਾ ਜਾਏ ? ਕਾਕਾ ਮਹਾਜਨੀ ਨੂੰ ਇਹ ਵਿਚਾਰ ਪਸੰਦ ਆਇਆ। ਹੁਣ ਮੁੱਖ ਮੁਸ਼ਕਿਲ ਹਰੀਦਾਸ ਦੇ ਮਿਲਣ ਦੀ ਸੀ, ਜਿਹੜਾ ਇਸ ਸ਼ੁਭ ਮੌਕੇ ’ਤੇ ਕੀਰਤਨ ਅਤੇ ਈਸ਼ਵਰ ਦਾ ਗੁਣ-ਗਾਣ ਕਰ ਸਕੇ। ਪਰ ਭੀਸ਼ਮ ਨੇ ਇਸ ਮਾਮਲੇ ਦਾ ਹੱਲ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਮੇਰਾ ਸਵਰਚਿਤ ‘ਰਾਮ ਆਖਿਯਾਨ’, ਜਿਸ ਵਿਚ ਰਾਮ-ਜਨਮ ਦਾ ਵਰਨਣ ਹੈ, ਤਿਆਰ ਹੋ ਗਿਆ ਹੈ। ਮੈਂ ਉਸਦਾ ਹੀ ਕੀਰਤਨ ਕਰਾਂਗਾ ਅਤੇ ਤੁਸੀਂ ਹਰਮੋਨੀਅਮ ਨਾਲ ਸਾਥ ਦੇਣਾ ਅਤੇ ਰਾਧਾਕ੍ਰਿਸ਼ਨਾਮਾਈ ਸੁੰਠਵੜਾ (ਸੌਂਠ ਦਾ ਸ਼ੱਕਰ ਵਾਲਾ ਚੂਰਨ) ਬਣਾ ਦੇਵੇਗੀ। ਤਾਂ ਉਹ ਦੋਵੇਂ ਫਟਾਫਟ ਹੀ ਬਾਬਾ ਦੀ ਮਨਜ਼ੂਰੀ ਲੈਣ ਲਈ ਮਸਜਿਦ ਨੂੰ ਗਏ। ਬਾਬਾ ਤਾਂ ਅੰਤਰਯਾਮੀ ਸਨ। ਉਨ੍ਹਾਂ ਨੂੰ ਤਾਂ ਸਾਰਾ ਗਿਆਨ ਸੀ ਕਿ ਵਾੜੇ ਵਿਚ ਕੀ-ਕੀ ਹੋ ਰਿਹਾ ਹੈ। ਬਾਬਾ ਨੇ ਮਹਾਜਨੀ ਨੂੰ ਸੁਆਲ ਕੀਤਾ ਕਿ “ਉਥੇ ਕੀ ਹੋ ਰਿਹਾ ਸੀ ?” ਇਸ ਅਚਨਚੇਤ ਸੁਆਲ ਨਾਲ ਮਹਾਜਨੀ ਘਬਰਾ ਗਏ ਅਤੇ ਬਾਬਾ ਦੇ ਸ਼ਬਦਾਂ ਦਾ ਮਤਲਬ ਨਾ ਸਮਝਣ ਕਾਰਨ ਉਹ ਹੈਰਾਨ ਖੜੇ ਰਹੇ। ਤਾਂ ਬਾਬਾ ਨੇ ਭੀਸ਼ਮ ਨੂੰ ਪੁੱਛਿਆ ਕਿ “ਕੀ ਗੱਲ ਹੈ ?” ਭੀਸ਼ਮ ਨੇ ਰਾਮਨੌਮੀ ਦਾ ਤਿਉਹਾਰ ਮਨਾਉਣ ਦਾ ਵਿਚਾਰ ਬਾਬਾ ਅੱਗੇ ਰੱਖਿਆ ਅਤੇ ਆਗਿਆ ਦੇਣ ਦੀ ਪ੍ਰਾਰਥਨਾ ਕੀਤੀ। ਬਾਬਾ ਨੇ ਵੀ ਖੁਸ਼ੀ ਨਾਲ ਆਗਿਆ ਦੇ ਦਿੱਤੀ। ਸਭ ਭਗਤ ਖੁਸ਼ ਹੋ ਗਏ ਅਤੇ ਰਾਮ-ਜਨਮ ਉਤਸਵ ਮਨਾਉਣ ਦੀਆਂ ਤਿਆਰੀਆਂ ਕਰਨ ਲੱਗੇ। ਦੂਸਰੇ ਦਿਨ ਰੰਗ-ਬਿਰੰਗੀਆਂ ਝੰਡੀਆਂ ਨਾਲ ਮਸਜਿਦ ਨੂੰ ਸਜਾਇਆ ਗਿਆ। ਸ੍ਰੀਮਤੀ ਰਾਧਾਕ੍ਰਿਸ਼ਨਾਮਾਈ ਨੇ ਇਕ ਪੰਘੂੜਾ ਲਿਆ ਕੇ ਬਾਬਾ ਦੇ ਆਸਨ ਦੇ ਸਾਹਮਣੇ ਰੱਖ ਦਿੱਤਾ ਅਤੇ ਉਤਸਵ ਸ਼ੁਰੂ ਹੋ ਗਿਆ। ਭੀਸ਼ਮ ਕੀਰਤਨ ਕਰਨ ਲਈ ਖੜੇ ਹੋ ਗਏ ਅਤੇ ਮਹਾਜਨੀ ਹਰਮੋਨੀਅਮ ਨਾਲ ਉਨ੍ਹਾਂ ਦਾ ਸਾਥ ਦੇਣ ਲੱਗੇ। ਉਦੋਂ ਬਾਬਾ ਨੇ ਮਹਾਜਨੀ ਨੂੰ ਬੁਲਾਇਆ। ਇਥੇ ਮਹਾਜਨੀ ਨੂੰ ਸ਼ੱਕ ਸੀ ਕਿ ਬਾਬਾ ਉਤਸਵ ਮਨਾਉਣ ਦੀ ਆਗਿਆ ਦੇਣਗੇ ਵੀ ਜਾਂ ਨਹੀਂ। ਪਰ ਜਦੋਂ ਉਹ ਬਾਬਾ ਕੋਲ ਪਹੁੰਚੇ ਤਾਂ ਬਾਬਾ ਨੇ ਸੁਆਲ ਕੀਤਾ, “ਇਹ ਸਭ ਕੀ ਹੈ, ਇਹ ਪੰਘੂੜਾ ਕਿਉਂ ਰੱਖਿਆ ਹੈ ?” ਮਹਾਜਨੀ ਨੇ ਦੱਸਿਆ ਕਿ ਰਾਮਨੌਮੀ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ ਹੈ ਅਤੇ ਇਸ ਕਰਕੇ ਇਹ ਪੰਘੂੜਾ ਇਥੇ ਰੱਖਿਆ ਹੈ। ਬਾਬਾ ਨੇ ਨਿੰਬਰ ਉਪਰੋਂ ਦੋ ਹਾਰ ਚੁੱਕੇ, ਉਨ੍ਹਾਂ ਵਿਚੋਂ ਇਕ ਹਾਰ ਤਾਂ ਉਨ੍ਹਾਂ ਨੇ ਕਾਕਾ ਜੀ ਦੇ ਗਲੇ ਵਿਚ ਪਾ ਦਿੱਤਾ ਅਤੇ ਦੂਸਰਾ ਭੀਸ਼ਮ ਦੇ ਲਈ ਭੇਜ ਦਿੱਤਾ। ਹੁਣ ਕੀਰਤਨ ਸ਼ੁਰੂ ਹੋ ਗਿਆ ਸੀ। ਕੀਰਤਨ ਸਮਾਪਤ ਹੋਇਆ ਤਾਂ ‘ਸ੍ਰੀ ਰਾਜਾਰਾਮ’ ਦੀ ਉੱਚੀ-ਉੱਚੀ ਜੈ-ਜੈ ਕਾਰ ਹੋਈ, ਕੀਰਤਨ ਵਾਲੀ ਥਾਂ ’ਤੇ ਗੁਲਾਲ ਦੀ ਵਰਖਾ ਕੀਤੀ ਗਈ। ਜਦੋਂ ਸਾਰੇ ਖੁਸ਼ੀ ਨਾਲ ਝੂੰਮ ਰਹੇ ਸੀ ਤਾਂ ਅਚਾਨਕ ਹੀ ਇਕ ਗਰਜਦੀ ਆਵਾਜ਼ ਉਨ੍ਹਾਂ ਦੇ ਕੰਨਾਂ ’ਚ ਪਈ। ਅਸਲ ਵਿਚ ਜਦੋਂ ਗੁਲਾਲ ਦੀ ਵਰਖਾ ਹੋ ਰਹੀ ਸੀ ਤਾਂ ਗੁਲਾਲ ਅਚਾਨਕ ਹੀ ਬਾਬਾ ਦੀ ਅੱਖ ਵਿਚ ਪੈ ਗਿਆ ਤਾਂ ਬਾਬਾ ਇਕਦਮ ਗੁੱਸੇ ਹੋ ਕੇ ਉੱਚੀ-ਉੱਚੀ ਅਪਸ਼ਬਦ ਕਹਿਣ ਲੱਗ ਪਏ। ਇਹ ਦੇਖ ਕੇ ਸਾਰੇ ਲੋਕ ਡਰ ਕੇ ਸਹਿਮ ਗਏ। ਬਾਬਾ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂ



ਭਗਤ ਭਲਾ ਇਨ੍ਹਾਂ ਅਪਸ਼ਬਦਾਂ ਦਾ ਬੁਰਾ ਕਿਉਂ ਮਨਾਉਂਦੇ। ਬਾਬਾ ਦੇ ਇਨ੍ਹਾਂ ਸ਼ਬਦਾਂ ਅਤੇ ਵਾਕਾਂ ਨੂੰ ਉਨ੍ਹਾਂ ਨੇ ਆਸ਼ੀਰਵਾਦ ਸਮਝਿਆ। ਉਨ੍ਹਾਂ ਨੇ ਸੋਚਿਆ ਕਿ ਅੱਜ ਰਾਮ ਦਾ ਜਨਮ-ਦਿਨ ਹੈ, ਇਸ ਲਈ ਰਾਵਣ ਦਾ ਨਾਸ਼, ਹੰਕਾਰ ਅਤੇ ਦੁਰਾਚਾਰੀ ਪ੍ਰਵਿਰਤੀ ਵਾਲੇ ਰਾਖ਼ਸ਼ਾਂ ਦੇ ਨਾਸ਼ ਦੇ ਲਈ ਬਾਬਾ ਨੂੰ ਗੁੱਸਾ ਆਉਣਾ ਬਿਲਕੁਲ ਠੀਕ ਹੀ ਸੀ। ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਜਦੋਂ ਵੀ ਸ਼ਿਰਡੀ ਵਿਚ ਕੋਈ ਨਵਾਂ ਪ੍ਰੋਗਰਾਮ ਰਚਿਆ ਜਾਂਦਾ ਸੀ, ਤਾਂ ਬਾਬਾ ਇਸੇ ਤਰ੍ਹਾਂ ਗੁੱਸੇ ਹੋ ਹੀ ਜਾਂਦੇ ਸੀ। ਇਸ ਲਈ ਉਹ ਸਾਰੇ ਚੁੱਪ ਰਹੇ। ਦੂਸਰੇ ਪਾਸੇ ਰਾਧਾਕ੍ਰਿਸ਼ਨਾਮਾਈ ਵੀ ਡਰੀ ਹੋਈ ਸੀ ਕਿ ਕਿਤੇ ਬਾਬਾ ਪੰਘੂੜਾ ਨਾ ਤੋੜ-ਫੋੜ ਦੇਣ, ਇਸ ਲਈ ਉਨ੍ਹਾਂ ਨੇ ਕਾਕਾ ਮਹਾਜਨੀ ਨੂੰ ਪੰਘੂੜਾ ਚੁੱਕਣ ਲਈ ਕਿਹਾ, ਪਰ ਬਾਬਾ ਨੇ ਪੰਘੂੜਾ ਚੁੱਕਣ ਨਹੀਂ ਦਿੱਤਾ। ਕੁਝ ਚਿਰ ਬਾਅਦ ਬਾਬਾ ਸ਼ਾਂਤ ਹੋ ਗਏ ਅਤੇ ਉਸ ਦਿਨ ਦੀ ਮਹਾਪੂਜਾ ਅਤੇ ਆਰਤੀ ਦਾ ਪ੍ਰੋਗਰਾਮ ਨਿਰਵਿਘਨ ਸਮਾਪਤ ਹੋ ਗਿਆ। ਉਸ ਦੇ ਮਗਰੋਂ ਕਾਕਾ ਮਹਾਜਨੀ ਨੇ ਬਾਬਾ ਕੋਲੋਂ ਪੰਘੂੜਾ ਉਤਾਰਨ ਦੀ ਆਗਿਆ ਮੰਗੀ ਪਰ ਬਾਬਾ ਨੇ ਨਾਂਹ ਕਰਦੇ ਹੋਏ ਕਿਹਾ ਕਿ ਅਜੇ ਉਤਸਵ ਸੰਪੂਰਨ ਨਹੀਂ ਹੋਇਆ। ਅਗਲੇ ਦਿਨ ਗੋਪਾਲਕਾਲਾ ਉਤਸਵ ਮਨਾਇਆ ਗਿਆ, ਜਿਸ ਦੇ ਬਾਅਦ ਬਾਬਾ ਨੇ ਪੰਘੂੜਾ ਉਤਾਰਨ ਦੀ ਆਗਿਆ ਦੇ ਦਿੱਤੀ। ਉਤਸਵ ਵਿਚ ਦਹੀਂ ਮਿਲਿਆ ਪੋਹਾ ਇਕ ਮਿੱਟੀ ਦੇ ਭਾਂਡੇ ਵਿਚ ਲਟਕਾ ਦਿੱਤਾ ਜਾਂਦਾ ਹੈ ਅਤੇ ਕੀਰਤਨ ਸਮਾਪਤ ਹੋਣ 'ਤੇ ਉਹ ਭਾਂਡਾ ਤੋੜ ਦਿੱਤਾ ਜਾਂਦਾ ਹੈ ਅਤੇ ਪ੍ਰਸ਼ਾਦ ਵਾਂਗ ਉਹ ਪੋਹਾ ਸਾਰਿਆਂ ਨੂੰ ਵੰਡਿਆ ਜਾਂਦਾ ਹੈ। ਜਿਸ ਤਰ੍ਹਾਂ ਸ੍ਰੀ ਕ੍ਰਿਸ਼ਨ ਨੇ ਗਵਾਲਿਆਂ ਨਾਲ ਕੀਤਾ ਸੀ। ਰਾਮਨੌਮੀ ਉਤਸਵ ਇਸੇ ਤਰ੍ਹਾਂ ਸਾਰਾ ਦਿਨ ਚੱਲਦਾ ਰਿਹਾ। ਦਿਨ ਵੇਲੇ ਦੋ ਝੰਡਿਆਂ ਦਾ ਜਲੂਸ ਅਤੇ ਰਾਤ ਨੂੰ ਚੰਦਨ ਦਾ ਜਲੂਸ ਬਹੁਤ ਧੂਮਧਾਮ ਨਾਲ ਕੱਢਿਆ ਗਿਆ। ਇਸ ਤੋਂ ਬਾਅਦ ਹੀ ਉਰਸ ਰਾਮਨੌਮੀ ਦੇ ਉਤਸਵ ਵਿਚ ਬਦਲ ਗਿਆ। ਅਗਲੇ ਸਾਲ (ਸੰਨ 1912) ਤੋਂ ਰਾਮਨੌਮੀ ਦੇ ਪ੍ਰੋਗਰਾਮ ਦੀ ਸੂਚੀ ਵਿਚ ਵਾਧਾ ਹੋਣ ਲੱਗਾ। ਸ੍ਰੀਮਤੀ ਰਾਧਾਕ੍ਰਿਸ਼ਨਾਮਾਈ ਨੇ ਚੇਤ ਦੇ 11ਵੇਂ ਦਿਨ ਤੋਂ ਨਾਮ ਸਪਤਾਹ ਸ਼ੁਰੂ ਕਰ ਦਿੱਤਾ। (ਲਗਾਤਾਰ ਦਿਨ-ਰਾਤ ਸੱਤ ਦਿਨ ਤਕ ਭਗਵਤ ਨਾਮ ਲੈਣਾ 'ਨਾਮ-ਸਪਤਾਹ' ਕਹਾਉਂਦਾ ਹੈ)। ਸਾਰੇ ਭਗਤ ਇਸ ਵਿਚ ਵਾਰੀ-ਵਾਰੀ ਹਿੱਸਾ ਲੈਂਦੇ ਸੀ। ਉਹ ਵੀ ਸਵੇਰੇ ਸ਼ਾਮਲ ਹੋ ਜਾਂਦੀ ਸੀ। ਦੇਸ਼ ਦੇ ਸਾਰੇ ਹਿੱਸਿਆਂ ਵਿਚ ਰਾਮਨੌਮੀ ਦਾ ਉਤਸਵ ਮਨਾਇਆ ਜਾਂਦਾ ਹੈ। ਇਸ ਲਈ ਅਗਲੇ ਸਾਲ ਹਰੀਦਾਸ ਦੇ ਮਿਲਣ ਦੀ ਮੁਸ਼ਕਿਲ ਫੇਰ ਆਈ, ਪਰ ਉਤਸਵ ਤੋਂ ਪਹਿਲਾਂ ਹੀ ਇਹ ਸਮੱਸਿਆ ਹੱਲ ਹੋ ਗਈ। ਪੰਜ-ਛੇ ਦਿਨ ਪਹਿਲਾਂ ਸ੍ਰੀ ਮਹਾਜਨੀ ਦੀ ਬਾਲਾ ਬੁਵਾ ਨਾਲ ਅਚਾਨਕ ਮੁਲਾਕਾਤ ਹੋ ਗਈ। ਬੁਵਾ ਸਾਹਿਬ 'ਆਧੁਨਿਕ ਤੁਕਾਰਾਮ' ਦੇ ਨਾਂਅ ਨਾਲ ਮਸ਼ਹੂਰ ਸੀ ਅਤੇ ਇਸ ਸਾਲ ਕੀਰਤਨ ਦਾ ਕੰਮ ਉਨ੍ਹਾਂ ਨੂੰ ਸੌਂਪਿਆ ਗਿਆ। ਅਗਲੇ ਸਾਲ ਸੰਨ 1913 ਵਿਚ ਸ੍ਰੀ ਹਰੀਦਾਸ (ਸਤਾਰਾਂ ਜ਼ਿਲ੍ਹੇ ਦੇ ਬਾਲਾ ਬੁਵਾ ਸਾਤਾਰਕਰ) ਬਰਹਦ ਸਿੱਧ ਕਵਟੇ ਗ੍ਰਾਮ ਵਿਚ ਪਲੇਗ ਦੀ ਕਰੋਪੀ ਕਾਰਨ ਆਪਣੇ ਪਿੰਡ ਵਿਚ ਹਰੀਦਾਸ ਦਾ ਕੰਮ ਨਹੀਂ ਕਰ ਸਕਦੇ ਸੀ। ਇਸ ਸਾਲ ਉਹ ਸ਼ਿਰਡੀ ਆਏ। ਕਾਕਾਸਾਹਿਬ ਦਿਕਸ਼ਿਤ ਨੇ ਉਨ੍ਹਾਂ ਦੇ ਕੀਰਤਨ ਲਈ ਬਾਬਾ ਕੋਲੋਂ ਆਗਿਆ ਪ੍ਰਾਪਤ ਕੀਤੀ। ਬਾਬਾ ਨੇ ਵੀ ਉਨ੍ਹਾਂ ਨੂੰ ਕਾਫ਼ੀ ਇਨਾਮ ਦਿੱਤਾ। ਸੰਨ 1914 ਤੋਂ ਹਰੀਦਾਸ ਦੀ ਮੁਸ਼ਕਿਲ ਬਾਬਾ ਨੇ ਹਮੇਸ਼ਾਂ ਲਈ ਹੱਲ ਕਰ

ਦਿੱਤੀ। ਉਨ੍ਹਾਂ ਨੇ ਇਹ ਕੰਮ ਪੱਕੇ ਤੌਰ 'ਤੇ ਦਾਸਗਣੂ ਮਹਾਰਾਜ ਨੂੰ ਸੌਂਪ ਦਿੱਤਾ। ਉਦੋਂ ਤੋਂ ਹੀ ਉਹ ਇਸ ਕੰਮ ਨੂੰ ਉੱਤਮ ਢੰਗ ਨਾਲ ਸਫ਼ਲਤਾ, ਸਿਆਣਪ ਅਤੇ ਪੂਰੀ ਲਗਨ ਨਾਲ ਨਿਭਾਉਂਦੇ ਰਹੇ। ਸੰਨ 1912 ਤੋਂ ਉਤਸਵ ਦੇ ਮੌਕੇ 'ਤੇ ਲੋਕਾਂ ਦੀ ਗਿਣਤੀ ਲਗਾਤਾਰ ਵਧਣ ਲੱਗੀ। ਚੇਤ 8-12 ਤਾਰੀਕ ਤਕ ਸ਼ਿਰਡੀ ਵਿਚ ਲੋਕਾਂ ਦੀ ਗਿਣਤੀ ਐਨੀ ਵੱਧ ਜਾਂਦੀ, ਲੱਗਦਾ ਮੱਧੂਮੱਖੀਆਂ ਦਾ ਛੱਤਾ ਲੱਗਿਆ ਹੋਵੇ। ਮਸ਼ਹੂਰ ਪਹਿਲਵਾਨਾਂ ਦੀਆਂ ਕੁਸ਼ਤੀਆਂ ਹੋਣ ਲੱਗੀਆਂ। ਗਰੀਬਾਂ ਨੂੰ ਵੱਡੀ ਮਾਤਰਾ ਵਿਚ ਭੋਜਨ ਕਰਾਇਆ ਜਾਂਦਾ। ਰਾਧਾਕ੍ਰਿਸ਼ਨਾਮਾਈ ਦੀ ਸਖ਼ਤ ਮਿਹਨਤ ਦੇ ਸਦਕੇ ਸ਼ਿਰਡੀ ਨੂੰ ਸੰਸਥਾਨ ਦਾ ਰੂਪ ਮਿਲਿਆ। ਜਾਇਦਾਦ ਵੀ ਦਿਨੋ-ਦਿਨ ਵਧਣ ਲੱਗੀ। ਇਕ ਸੁੰਦਰ ਘੋੜਾ, ਪਾਲਕੀ, ਰੱਥ ਅਤੇ ਚਾਂਦੀ ਦੀਆ ਚੀਜ਼ਾਂ, ਭਾਂਡੇ, ਸ਼ੀਸ਼ੇ ਆਦਿ ਭਗਤਾਂ ਨੇ ਤੋਹਫ਼ੇ ਵਿਚ ਭੇਂਟ ਕੀਤੇ। ਉਤਸਵ ਦੇ ਮੌਕੇ ਹਾਥੀ ਵੀ ਬੁਲਾਇਆ ਜਾਂਦਾ ਸੀ। ਭਾਵੇਂ ਜਾਇਦਾਦ ਬਹੁਤ ਵਧੀ, ਪਰ ਬਾਬਾ ਇਸ ਸਭ ਤੋਂ ਹਮੇਸ਼ਾਂ ਦੂਰ ਹੀ ਰਹਿੰਦੇ ਸੀ। ਉਹ ਹਮੇਸ਼ਾਂ ਇਸ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦੇ ਅਤੇ ਹਮੇਸ਼ਾਂ ਦੀ ਤਰ੍ਹਾਂ ਹੀ ਸਧਾਰਣ ਪੋਸ਼ਾਕ ਪਾਉਂਦੇ ਸੀ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਜਲੂਸ ਅਤੇ ਉਤਸਵ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਮਿਲ-ਜੁਲ ਕੇ ਕੰਮ ਕਰਦੇ ਸਨ ਪਰ ਅੱਜ ਤਕ ਉਨ੍ਹਾਂ ਵਿਚ ਕੋਈ ਲੜਾਈ-ਝਗੜਾ ਨਹੀਂ ਹੋਇਆ ਅਤੇ ਨਾ ਕੋਈ ਮਤਭੇਦ ਹੀ ਹੋਇਆ। ਪਹਿਲਾਂ-ਪਹਿਲਾਂ ਤਾਂ ਲੋਕਾਂ ਦੀ ਗਿਣਤੀ 5000-7000 ਦੇ ਲਗਭਗ ਹੀ ਹੁੰਦੀ ਸੀ ਪਰ ਕਿਸੇ-ਕਿਸੇ ਸਾਲ ਤਾਂ ਇਹ ਗਿਣਤੀ 75,000 ਤੱਕ ਪਹੁੰਚ ਜਾਂਦੀ ਸੀ। ਫੇਰ ਵੀ ਕਦੀ ਕੋਈ ਬਿਮਾਰੀ ਨਹੀਂ ਫੈਲੀ ਅਤੇ ਨਾ ਹੀ ਕੋਈ ਦੰਗਾ ਹੋਇਆ।

## ਮਸਜਿਦ ਦੀ ਮੁਰੰਮਤ

ਜਿਸ ਤਰ੍ਹਾਂ ਉਰਸ ਜਾਂ ਮੇਲਾ ਭਰਵਾਉਣ ਦਾ ਵਿਚਾਰ ਪਹਿਲਾਂ ਸ੍ਰੀ ਗੋਪਾਲ ਗੁੰਡ ਨੂੰ ਆਇਆ ਸੀ, ਉਸੇ ਤਰ੍ਹਾਂ ਮਸਜਿਦ ਦੀ ਮੁਰੰਮਤ ਦਾ ਵਿਚਾਰ ਵੀ ਪਹਿਲਾਂ ਉਨ੍ਹਾਂ ਨੂੰ ਹੀ ਆਇਆ। ਉਨ੍ਹਾਂ ਨੇ ਇਸ ਕੰਮ ਲਈ ਪੱਥਰ ਇਕੱਠੇ ਕਰਕੇ ਚੋਰਸ ਕਰਵਾਏ। ਪਰ ਇਸ ਕੰਮ ਦਾ ਸਿਹਰਾ ਉਨ੍ਹਾਂ ਨੂੰ ਨਹੀਂ ਮਿਲਣਾ ਸੀ। ਇਹ ਸ਼ੋਭਾ ਤਾਂ ਨਾਨਾਸਾਹਿਬ ਚਾਂਦੋਰਕਰ ਦੇ ਹਿੱਸੇ ਆਉਣੀ ਸੀ ਅਤੇ ਫ਼ਰਸ਼ ਦਾ ਕੰਮ ਕਾਕਾਸਾਹਿਬ ਦਿਕਸ਼ਿਤ ਦੇ ਹਿੱਸੇ ਆਇਆ। ਸ਼ੁਰੂ ਵਿਚ ਤਾਂ ਬਾਬਾ ਨੇ ਇਨ੍ਹਾਂ ਕੰਮਾਂ ਦੀ ਆਗਿਆ ਨਹੀਂ ਦਿੱਤੀ ਪਰ ਸ਼ਿਰਡੀ ਦੇ ਭਗਤ ਮਹਾਸਸਾਪਤਿ ਦੇ ਬੇਨਤੀ ਕਰਨ ਨਾਲ ਬਾਬਾ ਦੀ ਆਗਿਆ ਮਿਲ ਗਈ ਅਤੇ ਇਕ ਰਾਤ ਵਿਚ ਹੀ ਮਸਜਿਦ ਦਾ ਸਾਰਾ ਫ਼ਰਸ਼ ਬਣ ਗਿਆ। ਹਾਲੇ ਤੱਕ ਬਾਬਾ ਇਕ ਟਾਟ ਦੇ ਟੁਕੜੇ ਉਪਰ ਹੀ ਬੈਠਦੇ ਸਨ। ਹੁਣ ਉਸ ਟਾਟ ਦੇ ਟੋਟੇ ਨੂੰ ਉਥੋਂ ਚੁੱਕ ਕੇ, ਉਸਦੀ ਥਾਂ 'ਤੇ ਇਕ ਛੋਟੀ ਜਿਹੀ ਗੱਦੀ ਵਿਛਾ ਦਿੱਤੀ ਗਈ। ਸੰਨ 1911 ਵਿਚ ਸਭਾ ਮੰਡਪ ਵੀ ਸਖ਼ਤ ਮਿਹਨਤ ਨਾਲ ਠੀਕ ਹੋ ਗਿਆ। ਮਸਜਿਦ ਦਾ ਵਿਹੜਾ ਬਹੁਤ ਛੋਟਾ ਅਤੇ ਸੁਵਿਧਾਜਨਕ ਨਹੀਂ ਸੀ। ਕਾਕਾਸਾਹਿਬ ਦਿਕਸ਼ਿਤ ਵਿਹੜੇ ਨੂੰ ਵਧਾ ਕੇ ਉਸ ਉੱਪਰ ਛੱਤ ਬਣਵਾਉਣਾ ਚਾਹੁੰਦੇ ਸੀ। ਕਾਫ਼ੀ ਪੈਸੇ ਖ਼ਰਚ ਕੇ ਉਨ੍ਹਾਂ ਨੇ ਲੋਹੇ ਦੇ ਖੰਬੇ ਅਤੇ ਕੈਂਚੀਆਂ ਮੁੱਲ ਲਈਆਂ ਅਤੇ




ਕੰਮ ਸ਼ੁਰੂ ਹੋ ਗਿਆ। ਦਿਨ-ਰਾਤ ਮਿਹਨਤ ਕਰਕੇ ਭਗਤਾਂ ਨੇ ਲੋਹੇ ਦੇ ਖੰਬੇ ਜ਼ਮੀਨ ਵਿਚ ਗੱਡੇ। ਜਦੋਂ ਦੂਸਰੇ ਦਿਨ ਬਾਬਾ ਚਾਵੜੀ ਤੋਂ ਵਾਪਸ ਆਏ, ਉਨ੍ਹਾਂ ਨੇ ਖੰਬਿਆਂ ਨੂੰ ਪੁੱਟ ਕੇ ਸੁੱਟ ਦਿੱਤਾ ਅਤੇ ਬਹੁਤ ਗੁੱਸੇ ਹੋ ਗਏ। ਉਹ ਇਕ ਹੱਥ ਨਾਲ ਖੰਬਾ ਫੜ ਕੇ ਪੁੱਟਣ ਲੱਗੇ ਅਤੇ ਦੂਸਰੇ ਹੱਥ ਨਾਲ ਉਨ੍ਹਾਂ ਨੇ ਤਾਤਿਆ ਦਾ ਸਾਫਾ ਉਤਾਰ ਲਿਆ ਅਤੇ ਉਸਨੂੰ ਅੱਗ ਲਗਾ ਕੇ ਟੋਏ ਵਿਚ ਸੁੱਟ ਦਿੱਤਾ। ਬਾਬਾ ਦੀਆਂ ਅੱਖਾਂ ਅੰਗਿਆਰੇ ਵਾਂਗ ਲਾਲ ਹੋ ਗਈਆਂ। ਕਿਸੇ ਦੀ ਵੀ ਉਨ੍ਹਾਂ ਵੱਲ ਅੱਖ ਚੁੱਕ ਕੇ ਦੇਖਣ ਦੀ ਹਿੰਮਤ ਨਹੀਂ ਹੋ ਰਹੀ ਸੀ। ਸਾਰੇ ਬੁਰੀ ਤਰ੍ਹਾਂ ਡਰ ਗਏ ਅਤੇ ਪ੍ਰੇਸ਼ਾਨ ਹੋ ਗਏ ਕਿ ਹੁਣ ਕੀ ਹੋਏਗਾ ? ਭਾਗੋ ਜੀ ਸ਼ਿੰਦੇ (ਬਾਬਾ ਦੇ ਇਕ ਕੋੜ੍ਹੀ ਭਗਤ) ਕੁਝ ਹਿੰਮਤ ਕਰਕੇ ਅੱਗੇ ਵਧੇ, ਪਰ ਬਾਬਾ ਨੇ ਉਨ੍ਹਾਂ ਨੂੰ ਧੱਕਾ ਦੇ ਕੇ ਪਿੱਛੇ ਧੱਕ ਦਿੱਤਾ। ਮਾਧਵਰਾਵ ਦੀ ਵੀ ਇਹੀ ਗਤਿ ਹੋਈ। ਬਾਬਾ ਉਨ੍ਹਾਂ ਉੱਪਰ ਵੀ ਇੱਟਾਂ ਦੇ ਵੱਟੇ ਸੁੱਟਣ ਲੱਗੇ। ਜਿਹੜਾ ਵੀ ਉਨ੍ਹਾਂ ਨੂੰ ਸ਼ਾਂਤ ਕਰਨ ਲਈ ਗਿਆ, ਉਸਦੀ ਇਹੀ ਹਾਲਤ ਹੋਈ।

ਕੁਝ ਦੇਰ ਬਾਅਦ ਗੁੱਸਾ ਠੰਡਾ ਹੋਣ 'ਤੇ ਬਾਬਾ ਨੇ ਇਕ ਦੁਕਾਨਦਾਰ ਨੂੰ ਬੁਲਾਇਆ ਅਤੇ ਇਕ ਜ਼ਰੀਦਾਰ ਪਟਕਾ ਖ਼ਰੀਦ ਕੇ ਆਪਣੇ ਹੱਥਾਂ ਨਾਲ ਤਾਤਿਆ ਦੇ ਸਿਰ ਉਤੇ ਬੰਨ੍ਹਣ ਲੱਗ ਪਏ, ਜਿਵੇਂ ਉਸ ਨੂੰ ਵਿਸ਼ੇਸ਼ ਆਦਰ ਦਿੱਤਾ ਗਿਆ ਹੋਵੇ। ਇਹ ਅਜੀਬ ਵਿਹਾਰ ਦੇਖ ਕੇ ਭਗਤਾਂ ਨੂੰ ਹੈਰਾਨੀ ਹੋਈ। ਉਹ ਸਮਝ ਨਹੀਂ ਪਾ ਰਹੇ ਸੀ ਕਿ ਕਿਸ ਅਨਜਾਣ ਕਾਰਨ ਬਾਬਾ ਏਨਾ ਗੁੱਸੇ ਹੋਏ। ਉਨ੍ਹਾਂ ਨੇ ਤਾਤਿਆ ਨੂੰ ਕਿਉਂ ਮਾਰਿਆ ਅਤੇ ਫੇਰ ਉਸੇ ਵੇਲੇ ਹੀ ਉਨ੍ਹਾਂ ਦਾ ਗੁੱਸਾ ਕਿਉਂ ਸ਼ਾਂਤ ਹੋ ਗਿਆ ? ਬਾਬਾ ਕਦੀ-ਕਦੀ ਬਹੁਤ ਗੰਭੀਰ ਅਤੇ ਸ਼ਾਂਤ ਮੁਦਰਾ ਵਿਚ ਰਹਿੰਦੇ ਸੀ ਅਤੇ ਬੜੇ ਪਿਆਰ ਨਾਲ ਗੱਲਬਾਤ ਕਰਦੇ ਸੀ। ਪਰ ਅਚਾਨਕ ਹੀ ਬਿਨਾਂ ਕਿਸੇ ਖ਼ਾਸ ਕਾਰਨ ਤੋਂ ਉਹ ਗੁੱਸੇ ਹੋ ਜਾਂਦੇ ਸੀ। ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਦੇਖਣ ਵਿਚ ਆ ਚੁੱਕੀਆਂ ਹਨ, ਪਰ ਮੈਂ ਇਸਦਾ ਫ਼ੈਸਲਾ ਨਹੀਂ ਕਰ ਸਕਦਾ ਕਿ ਉਨ੍ਹਾਂ ਵਿਚੋਂ ਕਿਹੜੀ ਲਿਖਾਂ ਅਤੇ ਕਿਹੜੀ ਛੱਡਾਂ ? ਇਸ ਲਈ ਜਿਸ ਸਿਲਸਿਲੇ ਨਾਲ ਉਹ ਯਾਦ ਆਈ ਜਾਣਗੀਆਂ, ਉਸੇ ਤਰ੍ਹਾਂ ਮੈਂ ਉਨ੍ਹਾਂ ਦਾ ਵਰਨਣ ਕਰਾਂਗਾ। ਅਗਲੇ ਅਧਿਆਇ ਵਿਚ ਬਾਬਾ ਮੁਸਲਮਾਨ ਹਨ ਜਾਂ ਹਿੰਦੂ, ਇਸਦੀ ਸਮੀਖਿਆ ਕੀਤੀ ਜਾਏਗੀ ਅਤੇ ਉਨ੍ਹਾਂ ਦੀ ਯੋਗ ਸਾਧਨਾ, ਸ਼ਕਤੀ ਅਤੇ ਹੋਰ ਵਿਸ਼ਿਆਂ 'ਤੇ ਵੀ ਵਿਚਾਰ ਕੀਤਾ ਜਾਏਗਾ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**

**ਸਪਤਾਹ ਪਾਰਾਯਣ : ਪਹਿਲਾ ਵਿਸ਼ਰਾਮ**







# ॥ ਅਧਿਆਇ-7 ॥

***ਅਦਭੁੱਤ ਅਵਤਾਰ, ਸ੍ਰੀ ਸਾਈਂ ਬਾਬਾ ਦਾ ਸੁਭਾਅ, ਉਨ੍ਹਾਂ ਦੀਆਂ ਯੋਗਿਕ ਕ੍ਰਿਆਵਾਂ, ਉਨ੍ਹਾਂ ਦੀ ਸਰਵਵਿਆਪਕਤਾ, ਕੋਹੜ ਦੇ ਰੋਗੀ ਦੀ ਸੇਵਾ, ਖਾਪਰਡੇ ਦੇ ਪੁੱਤਰ ਨੂੰ ਪਲੇਗ, ਪੰਡਰਪੁਰ ਜਾਣਾ।***

## ਅਦਭੁੱਤ ਅਵਤਾਰ

ਸ੍ਰੀ ਸਾਈਂ ਬਾਬਾ ਸਾਰੀਆਂ ਯੋਗਿਕ ਕ੍ਰਿਆਵਾਂ ਵਿਚ ਨਿਪੁੰਨ ਸਨ। ਛੇ ਤਰ੍ਹਾਂ ਦੀਆਂ ਕ੍ਰਿਆਵਾਂ ਤਾਂ ਉਹ ਪੂਰੀ ਤਰ੍ਹਾਂ ਜਾਣਦੇ ਸਨ। ਛੇ ਕ੍ਰਿਆਵਾਂ ਜਿਨ੍ਹਾਂ ਵਿਚ ਧੋਤੀ ਇਕ 3" ਚੌੜੇ ਅਤੇ 22½' ਲੰਮੇ ਕੱਪੜੇ ਦੇ ਗਿੱਲੇ ਹੋਏ ਟੁੱਕੜੇ ਨਾਲ ਪੇਟ ਨੂੰ ਸਾਫ਼ ਕਰਨਾ। ਖੰਡਯੋਗ ਭਾਵ ਆਪਣੇ ਸਰੀਰ ਦੇ ਅੰਗਾਂ ਨੂੰ ਅਲੱਗ ਅਲੱਗ ਕਰਕੇ ਉਨ੍ਹਾਂ ਨੂੰ ਦੁਬਾਰਾ ਜੋੜਨਾ ਅਤੇ ਸਮਾਧੀ ਆਦਿ ਵੀ ਸ਼ਾਮਲ ਹਨ। ਜੇ ਕਹੀਏ ਕਿ ਉਹ ਹਿੰਦੂ ਸੀ ਤਾਂ ਸ਼ਕਲ ਤੋਂ ਮੁਸਲਮਾਨਾਂ ਵਰਗੇ ਲੱਗਦੇ ਸੀ। ਕੋਈ ਵੀ ਯਕੀਨ ਨਾਲ ਨਹੀਂ ਕਹਿ ਸਕਦਾ ਸੀ ਕਿ ਉਹ ਹਿੰਦੂ ਸੀ ਜਾਂ ਮੁਸਲਮਾਨ। ਉਹ ਹਿੰਦੂਆਂ ਦਾ ਰਾਮਨੌਮੀ ਤਿਉਹਾਰ ਪੂਰੇ ਰੀਤੀ ਰਿਵਾਜ਼ਾਂ ਨਾਲ ਮਨਾਉਂਦੇ ਸੀ ਅਤੇ ਨਾਲ ਹੀ ਮੁਸਲਮਾਨਾਂ ਦਾ ਚੰਦਨ ਉੱਤਸਵ ਵੀ। ਉਹ ਉੱਤਸਵ ਵਿਚ ਕੁਸ਼ਤੀਆਂ ਨੂੰ ਉਤਸਾਹਿਤ ਕਰਦੇ ਅਤੇ ਜੇਤੂਆਂ ਨੂੰ ਇਨਾਮ ਦਿੰਦੇ ਸੀ। ਗੋਕੁਲ ਅਸ਼ਟਮੀ ਨੂੰ ਉਹ 'ਗੋਪਾਲ ਕਾਲਾ' ਉੱਤਸਵ ਵੀ ਬੜੀ ਧੂਮਧਾਮ ਨਾਲ ਮਨਾਉਂਦੇ ਸੀ। ਈਦ ਵਾਲੇ ਦਿਨ ਉਹ ਮੁਸਲਮਾਨਾਂ ਨੂੰ ਮਸਜਿਦ ਵਿਚ ਨਮਾਜ਼ ਪੜ੍ਹਨ ਲਈ ਸੱਦਾ ਦਿੰਦੇ ਸੀ। ਇਕ ਵਾਰੀ ਮੋਹਰਮ ਦੇ ਮੌਕੇ ਤੇ ਮੁਸਲਮਾਨਾਂ ਨੇ ਮਸਜਿਦ ਵਿਚ ਤਾਜ਼ਿਆ ਬਨਾਉਣ ਅਤੇ ਕੁਝ ਦਿਨ ਉਥੇ ਰਖ ਕੇ ਜਲੂਸ ਦੀ ਸ਼ਕਲ ਵਿਚ ਪਿੰਡ ਵਿਚੋਂ ਕੱਢਣ ਦਾ ਪ੍ਰੋਗਰਾਮ ਬਣਾਇਆ। ਸ੍ਰੀ ਸਾਈਂ ਬਾਬਾ ਨੇ ਸਿਰਫ਼ ਚਾਰ ਦਿਨ ਤਾਜ਼ਿਆ ਨੂੰ ਉਥੇ ਰੱਖਣ ਦਿੱਤਾ ਅਤੇ ਬਿਨਾਂ ਕਿਸੇ ਗੱਲਬਾਤ ਦੇ ਪੰਜਵੇਂ ਦਿਨ ਉਥੋਂ ਚੁੱਕਵਾ ਦਿੱਤਾ।

ਜੇ ਕਹੀਏ ਕਿ ਉਹ ਮੁਸਲਮਾਨ ਸੀ ਤਾਂ ਉਨ੍ਹਾਂ ਦੇ ਕੰਨ (ਹਿੰਦੂਆਂ ਦੇ ਰਿਵਾਜ਼ ਅਨੁਸਾਰ) ਵਿੰਨੇ ਹੋਏ ਸੀ ਅਤੇ ਜੇ ਕਹਿਏ ਕਿ ਉਹ ਹਿੰਦੂ ਸੀ ਤਾਂ ਉਹ ਸੁੰਨਤ ਕਰਾਉਣ ਦੇ ਹੱਕ ਵਿਚ ਸੀ। (ਨਾਨਾ ਸਾਹਿਬ ਚਾਂਦੋਰਕਰ, ਜਿਨ੍ਹਾਂ ਨੇ ਸਾਈਂ ਬਾਬਾ ਨੂੰ ਬਹੁਤ ਨੇੜਿਉਂ ਦੇਖਿਆ ਸੀ, ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਸੁੰਨਤ ਨਹੀਂ ਹੋਈ ਸੀ। ਸਾਈਂ ਲੀਲ੍ਹਾ ਮੈਗਜ਼ੀਨ ਵਿਚ ਸ੍ਰੀ ਬੀ.ਵੀ. ਦੇਵ ਵੱਲੋਂ ਲਿਖਿਆ ਲੇਖ 'ਬਾਬਾ ਯਵਨ ਕਿ ਹਿੰਦੂ' ਸਫ਼ਾ 562 ਦੇਖੋ) ਜੇ ਕੋਈ ਉਨ੍ਹਾਂ ਨੂੰ ਹਿੰਦੂ ਕਹੇ ਤਾਂ ਉਹ ਸਦਾ ਮਸਜਿਦ ਵਿਚ ਰਹਿੰਦੇ ਸੀ ਅਤੇ ਜੇ ਕੋਈ ਯਵਨ ਕਹੇ ਤਾਂ ਉਹ ਹਮੇਸ਼ਾਂ ਉਥੇ ਧੂਣੀ ਬਾਲੀ ਰੱਖਦੇ ਸਨ ਅਤੇ ਹੋਰ ਕਰਮ, ਜਿਹੜੇ ਕਿ ਇਸਲਾਮ ਧਰਮ ਦੇ ਵਿਰੁੱਧ ਹਨ, ਜਿਵੇਂ—ਚੱਕੀ ਪੀਸਣਾ, ਸੰਖ ਅਤੇ ਘੰਟੀਆਂ ਵਜਾਣਾ, ਹੋਮ ਆਦਿ ਕਰਮ ਕਰਨਾ, ਅੰਨਦਾਨ ਅਤੇ ਅਰਧ ਨਾਲ ਪੂਜਾ ਕਰਨਾ ਆਦਿ ਹਮੇਸ਼ਾਂ ਉਥੇ ਹੁੰਦੇ ਰਹਿੰਦੇ ਸੀ।

ਜੇ ਕੋਈ ਕਹੇ ਕਿ ਉਹ ਯਵਨ ਸੀ ਤਾਂ ਕੁਲੀਨ ਬ੍ਰਾਹਮਣ ਅਤੇ ਅਗਨੀਹੋਤਰੀ ਵੀ ਆਪਣੇ ਅਸੂਲਾਂ

ਨੂੰ ਛੱਡ ਕੇ ਹਮੇਸ਼ਾਂ ਉਨ੍ਹਾਂ ਨੂੰ ਸ਼ਸ਼ਟਾਂਗ ਨਮਸਕਾਰ ਕਰਦੇ ਸੀ। ਜਿਹੜੇ ਲੋਕ ਉਨ੍ਹਾਂ ਦੇ ਦੇਸ਼ ਦਾ ਪਤਾ ਲਗਾਉਣ ਗਏ, ਉਨ੍ਹਾਂ ਨੂੰ ਆਪਣਾ ਸੁਆਲ ਹੀ ਭੁੱਲ ਗਿਆ ਅਤੇ ਉਨ੍ਹਾਂ ਦੇ ਦਰਸ਼ਨਾਂ ਨਾਲ ਹੀ ਮੋਹਿਤ ਹੋ ਗਏ। ਖੈਰ ਇਸ ਦਾ ਫੈਸਲਾ ਕੋਈ ਨਹੀਂ ਕਰ ਸਕਿਆ ਕਿ ਅਸਲ ਵਿਚ ਸਾਂਈ ਬਾਬਾ ਹਿੰਦੂ ਸੀ ਜਾਂ ਮੁਸਲਮਾਨ। ਇਸ ਵਿਚ ਹੈਰਾਨੀ ਹੀ ਕੀ ਹੈ ? ਜਿਹੜਾ ਹੰਕਾਰ ਅਤੇ ਇੰਦਰੀਆਂ ਦੇ ਸੁੱਖਾਂ ਨੂੰ ਤਿਆਗ ਕੇ ਈਸ਼ਵਰ ਦੀ ਸ਼ਰਨ ਵਿਚ ਆ ਜਾਂਦਾ ਹੈ ਅਤੇ ਜਦੋਂ ਉਸ ਨੂੰ ਈਸ਼ਵਰ ਨਾਲ ਅਭਿੰਨਤਾ ਪ੍ਰਾਪਤ ਹੋ ਜਾਂਦੀ ਹੈ, ਫੇਰ ਉਸਦੀ ਕੋਈ ਜਾਤ-ਪਾਤ ਨਹੀਂ ਰਹਿ ਜਾਂਦੀ ਇਸੇ ਸ਼੍ਰੇਣੀ ਦੇ ਵਿਚ ਸ੍ਰੀ ਸਾਂਈ ਬਾਬਾ ਸੀ। ਉਹ ਜਾਤਾਂ ਅਤੇ ਪ੍ਰਾਣੀਆਂ ਵਿਚ ਜ਼ਰਾ ਵੀ ਭੇਦ-ਭਾਵ ਨਹੀਂ ਕਰਦੇ ਸੀ। ਫਕੀਰਾਂ ਨਾਲ ਉਹ ਮੀਟ ਅਤੇ ਮੱਛੀ ਵੀ ਖਾ ਲੈਂਦੇ ਸੀ। ਕੁੱਤੇ ਵੀ ਉਨ੍ਹਾਂ ਦੇ ਭੋਜਨ ਵਾਲੇ ਭਾਂਡੇ ਵਿਚ ਮੂੰਹ ਪਾ ਕੇ ਆਜ਼ਾਦੀ ਨਾਲ ਖਾਂਧੇ ਸੀ, ਪਰ ਉਨ੍ਹਾਂ ਨੇ ਕਦੀ ਵੀ ਨਹੀਂ ਰੋਕਿਆ ਸੀ। ਇਸ ਤਰ੍ਹਾਂ ਦਾ ਨਿਰਾਲਾ ਅਤੇ ਅਦੱਭੁਤ ਸ੍ਰੀ ਸਾਈਂ ਬਾਬਾ ਦਾ ਅਵਤਾਰ ਸੀ।

ਪਿਛਲੇ ਜਨਮਾਂ ਦੇ ਸ਼ੁਭ ਕਰਮਾਂ ਦੇ ਫਲਸਰੂਪ ਮੈਨੂੰ ਵੀ ਉਨ੍ਹਾਂ ਦੇ ਚਰਣਾਂ ਦੇ ਕੋਲ ਬੈਠਣ ਅਤੇ ਉਨ੍ਹਾਂ ਦੇ ਸਤਿਸੰਗ ਦਾ ਲਾਭ ਲੈਣ ਦੀ ਚੰਗੀ ਕਿਸਮਤ ਪ੍ਰਾਪਤ ਹੋਈ। ਮੈਨੂੰ ਜਿਸ ਆਨੰਦ ਅਤੇ ਸੁਖ ਦਾ ਅਨੁਭਵ ਹੋਇਆ, ਉਸ ਦਾ ਵਰਨਣ ਮੈਂ ਕਿਸ ਤਰ੍ਹਾਂ ਕਰ ਸਕਦਾ ਹਾਂ ? ਅਸਲ ਵਿਚ ਬਾਬਾ ਅਖੰਡ ਸਚਿਦਾਨੰਦ ਸਨ। ਉਨ੍ਹਾਂ ਦੀ ਮਹਾਨਤਾ ਅਤੇ ਨਿਰਾਲੇਪਣ ਦਾ ਵੀ ਬਿਆਨ ਕੌਣ ਕਰ ਸਕਦਾ ਹੈ ? ਜਿਸ ਨੇ ਉਨ੍ਹਾਂ ਦੇ ਸ਼੍ਰੀ ਚਰਣ-ਕਮਲਾਂ ਦੀ ਸ਼ਰਨ ਲਈ, ਉਸ ਨੂੰ ਗਿਆਨ ਦੀ ਪ੍ਰਾਪਤੀ ਹੋ ਗਈ ਬਹੁਤ ਸਾਰੇ ਸੰਨਿਆਸੀ, ਸਾਧਕ ਅਤੇ ਹੋਰ ਮੁਮੁਕਸ਼ੂਜਨ ਵੀ ਸ੍ਰੀ ਸਾਂਈਬਾਬਾ ਕੋਲ ਆਉਂਦੇ ਸਨ। ਬਾਬਾ ਵੀ ਹਮੇਸ਼ਾਂ ਉਨ੍ਹਾਂ ਨਾਲ ਉੱਠਦੇ ਬੈਠਦੇ, ਘੁੰਮਦੇ ਫਿਰਦੇ ਅਤੇ ਉਨ੍ਹਾਂ ਨਾਲ ਗੱਲ ਬਾਤ ਕਰ ਕੇ ਉਨ੍ਹਾਂ ਦਾ ਮਨ ਖੁਸ਼ ਕਰਦੇ ਸਨ। 'ਅੱਲ੍ਹਾ ਮਾਲਿਕ' ਹਮੇਸ਼ਾਂ ਉਨ੍ਹਾਂ ਦੀ ਰਸਨਾ ਉਤੇ ਸੀ। ਉਹ ਕਦੀ ਵੀ ਵਿਵਾਦ ਅਤੇ ਮਤਭੇਦ ਵਿਚ ਨਹੀਂ ਪੈਂਦੇ ਸੀ ਅਤੇ ਹਮੇਸ਼ਾਂ ਸ਼ਾਂਤ ਅਤੇ ਸਥਿਰ ਰਹਿੰਦੇ ਸੀ। ਪਰ ਕਦੀ-ਕਦੀ ਉਹ ਗੁੱਸੇ ਵਿਚ ਆ ਜਾਂਦੇ ਸੀ ਉਹ ਹਮੇਸ਼ਾਂ ਹੀ ਵੇਦਾਂਤ ਦੀ ਸਿੱਖਿਆ ਦਿੰਦੇ ਸੀ। ਕੋਈ ਵੀ ਆਖਿਰ ਤੱਕ ਨਹੀਂ ਜਾਣ ਸਕਿਆ ਕਿ ਸ੍ਰੀ ਸਾਈਂ ਬਾਬਾ ਅਸਲ ਵਿਚ ਕੌਣ ਸਨ ? ਅਮੀਰ ਅਤੇ ਗਰੀਬ ਦੋਨੋਂ ਹੀ ਉਨ੍ਹਾਂ ਲਈ ਇਕੋ ਜਿਹੇ ਸਨ। ਉਨ੍ਹਾਂ ਨੂੰ ਲੋਕਾਂ ਦੇ ਘਰਬਾਰ, ਵਪਾਰ ਬਾਰੇ ਪੂਰੀ ਜਾਣਕਾਰੀ ਹੁੰਦੀ ਸੀ ਅਤੇ ਜਦੋਂ ਉਹ ਭੇਦ ਪ੍ਰਗਟ ਕਰਦੇ ਤਾਂ ਸਾਰੇ ਹੈਰਾਨ ਹੋ ਜਾਂਦੇ ਸੀ ਆਪ ਗਿਆਨ ਦੇ ਅਵਤਾਰ ਹੋ ਕੇ ਵੀ ਉਹ ਹਮੇਸ਼ਾਂ ਅਗਿਆਨਤਾ ਦਾ ਦਿਖਾਵਾ ਕਰਦੇ ਸੀ। ਉਨ੍ਹਾਂ ਨੂੰ ਇੱਜ਼ਤਮਾਨ ਵਿਚ ਕੋਈ ਰੁਚੀ ਨਹੀਂ ਸੀ। ਇਸ ਤਰ੍ਹਾਂ ਦੀ ਸਾਂਈਬਾਬਾ ਦੀ ਵਿਸ਼ੇਸ਼ਤਾ ਸੀ। ਹੈ ਤਾਂ ਉਹ ਸਰੀਰਧਾਰੀ, ਪਰ ਕਰਮਾਂ ਤੋਂ ਉਨ੍ਹਾਂ ਦਾ ਰੱਬੀ ਰੂਪ ਸਾਫ਼ ਝਲਕਦਾ ਸੀ। ਸ਼ਿਰਡੀ ਦੇ ਸਾਰੇ ਨਰ-ਨਾਰੀ ਉਨ੍ਹਾਂ ਨੂੰ ਪਾਰਬ੍ਰਹਮ ਹੀ ਮੰਨਦੇ ਸੀ।

## ਵਿਸ਼ੇਸ਼

(1) ਸ੍ਰੀ ਸਾਈਂ ਬਾਬਾ ਦੇ ਖ਼ਾਸ ਭਗਤ ਮਹਾਲਸਾਪਤਿ, ਜਿਹੜੇ ਕਿ ਬਾਬਾ ਦੇ ਨਾਲ ਮਸਜਿਦ ਅਤੇ

ਚਾਵੜੀ ਵਿਚ ਸੌਂਦੇ ਸੀ। ਉਨ੍ਹਾਂ ਨੂੰ ਬਾਬਾ ਨੇ ਦੱਸਿਆ ਸੀ ਕਿ—**"ਮੇਰਾ ਜਨਮ ਪਥਾਰਡੀ ਦੇ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ ਸੀ। ਮੇਰੇ ਮਾਤਾ ਪਿਤਾ ਨੇ ਮੈਨੂੰ ਬਚਪਨ ਵਿਚ ਹੀ ਇਕ ਫ਼ਕੀਰ ਨੂੰ ਦੇ ਦਿੱਤਾ ਸੀ।"** ਜਦੋਂ ਇਹ ਚਰਚਾ ਹੋ ਰਹੀ ਸੀ, ਤਾਂ ਪਥਾਰਡੀ ਤੋਂ ਕੁਝ ਲੋਕ ਉਥੇ ਆਏ ਅਤੇ ਬਾਬਾ ਨੇ ਉਨ੍ਹਾਂ ਕੋਲੋ ਕੁਝ ਲੋਕਾਂ ਦੇ ਬਾਰੇ ਪੁੱਛਗਿਛ ਵੀ ਕੀਤੀ।

(2) ਸ੍ਰੀਮਤੀ ਕਾਂਸ਼ੀਬਾਈ ਕਾਨਿਟਕਰ (ਪੂਨਾ ਦੀ ਇਕ ਮਸ਼ਹੂਰ ਪੜ੍ਹੀ-ਲਿਖੀ ਔਰਤ) ਨੇ ਸਾਈਂ-ਲੀਲ੍ਹਾ ਮੈਗਜ਼ੀਨ ਭਾਗ 2 (ਸੰਨ 1934) ਦੇ ਸਫਾ 79 ਉਤੇ ਅਨੁਭਵ ਨੰ.5 ਵਿਚ ਪ੍ਰਕਾਸ਼ਿਤ ਕੀਤਾ ਹੈ ਕਿ ਬਾਬਾ ਦੇ ਚਮਤਕਾਰਾਂ ਬਾਰੇ ਸੁਣ ਕੇ ਅਸੀਂ ਲੋਕ ਆਪਣੀ ਬ੍ਰਹਮਵਾਦੀ ਸੰਸਥਾਂ ਦੀ ਰੀਤ ਅਨੁਸਾਰ ਸੋਚ ਵਿਚਾਰ ਕਰ ਰਹੇ ਸੀ। ਬਹਿਸ ਦਾ ਵਿਸ਼ਾ ਸੀ ਕਿ ਸ੍ਰੀ ਸਾਈਂ ਬਾਬਾ ਬ੍ਰਹਮਵਾਦੀ ਹਨ ਜਾਂ ਵਾਮਮਾਰਗੀ। ਜਦੋਂ ਮੈਂ ਸ਼ਿਰਡੀ ਗਈ ਤਾਂ ਮੈਨੂੰ ਇਸ ਸਬੰਧ ਵਿਚ ਬਹੁਤ ਵਿਚਾਰ ਆ ਰਹੇ ਸੀ। ਜਦੋਂ ਹੀ ਮੈਂ ਮਸਜਿਦ ਦੀਆਂ ਪੌੜ੍ਹੀਆਂ 'ਤੇ ਪੈਰ ਰੱਖਿਆ ਕਿ ਬਾਬਾ ਉਠ ਕੇ ਸਾਹਮਣੇ ਆ ਗਏ ਅਤੇ ਆਪਣੇ ਦਿਲ ਤੇ ਹੱਥ ਰੱਖ ਕੇ ਮੇਰੇ ਵੱਲ ਘੂਰਦੇ ਹੋਏ ਗੁੱਸੇ ਵਿਚ ਬੋਲੇ "ਇਹ ਬ੍ਰਾਹਮਣ ਹੈ, ਸ਼ੁਧ ਬ੍ਰਾਹਮਣ। ਇਸ ਨੂੰ ਵਾਮ ਮਾਰਗ ਨਾਲ ਕੀ ਮਤਲਬ ? ਇਥੇ ਕੋਈ ਵੀ ਯਵਨ ਦਾਖ਼ਲ ਹੋਣ ਦੀ ਹਿੰਮਤ ਨਹੀਂ ਕਰ ਸਕਦਾ ਅਤੇ ਨਾ ਹੀ ਕੋਈ ਕਰੇ।" ਫੇਰ ਆਪਣੇ ਦਿਲ ਵੱਲ ਇਸ਼ਾਰਾ ਕਰ ਕੇ ਬੋਲੇ, **"ਇਹ ਬ੍ਰਾਹਮਣ ਲੱਖਾਂ ਮਨੁੱਖਾਂ ਨੂੰ ਰਾਹ ਦਿਖਾ ਸਕਦਾ ਹੈ ਅਤੇ ਉਨ੍ਹਾਂ ਨੂੰ ਦੁਰਲੱਭ ਚੀਜ਼ ਦੀ ਪ੍ਰਾਪਤੀ ਕਰਾ ਸਕਦਾ ਹੈ। ਇਹ ਬ੍ਰਾਹਮਣ ਦੀ ਮਸਜਿਦ ਹੈ। ਮੈਂ ਇਥੇ ਕਿਸੇ ਵਾਮਮਾਰਗੀ ਦਾ ਪ੍ਰਛਾਵਾਂ ਵੀ ਨਹੀਂ ਪੈਣ ਦਿਆਂਗਾ।"**

## ਬਾਬਾ ਦਾ ਸੁਭਾਅ

ਮੈਂ ਤਾਂ ਮੂਰਖ ਹਾਂ, ਸ੍ਰੀ ਸਾਈਂ ਬਾਬਾ ਦੀਆਂ ਅਦਭੁੱਤ ਲੀਲ੍ਹਾਵਾਂ ਦਾ ਵਰਨਣ ਨਹੀਂ ਕਰ ਸਕਦਾ। ਸ਼ਿਰਡੀ ਦੇ ਸਾਰੇ ਮੰਦਿਰਾਂ ਦੀ ਉਨ੍ਹਾਂ ਨੇ ਮੁਰੰਮਤ ਕਰਵਾਈ। ਸ੍ਰੀ ਤਾਤਿਆ ਪਾਟਿਲ ਦੇ ਹੱਥੋਂ ਸ਼ਨੀ, ਗਣਪਤੀ, ਸ਼ੰਕਰ ਪਾਰਬਤੀ, ਗ੍ਰਾਮ ਦੇਵਤਾ ਅਤੇ ਹਨੂੰਮਾਨ ਜੀ ਆਦਿ ਦੇ ਮੰਦਿਰ ਠੀਕ ਕਰਵਾਏ। ਉਨ੍ਹਾਂ ਦਾ ਦਾਨ ਵੀ ਵਿਲੱਖਣ ਸੀ। ਦਕਸ਼ਿਣਾ ਵਿਚ ਜਿਹੜਾ ਧਨ ਇਕੱਠਾ ਹੁੰਦਾ ਸੀ, ਉਸ ਵਿਚੋਂ ਉਹ ਕਿਸੇ ਨੂੰ 20 ਰੁਪਏ ਕਿਸੇ ਨੂੰ 15 ਰੁਪਏ ਜਾਂ ਕਿਸੇ ਨੂੰ 50 ਰੁਪਏ, ਇਸ ਤਰ੍ਹਾਂ ਹਰ ਰੋਜ਼ ਵੰਡ ਦਿੰਦੇ ਸਨ। ਲੈਣ ਵਾਲਾ ਉਸ ਨੂੰ ਸ਼ੁਧ ਦਾਨ ਸਮਝਦਾ ਸੀ। ਬਾਬਾ ਦੀ ਵੀ ਹਮੇਸ਼ਾਂ ਇਹ ਇੱਛਾ ਹੁੰਦੀ ਸੀ ਕਿ ਉਸਨੂੰ ਠੀਕ ਢੰਗ ਤਰੀਕੇ ਨਾਲ ਖਰਚ ਕੀਤਾ ਜਾਏ।

ਬਾਬਾ ਦੇ ਦਰਸ਼ਨ ਕਰਨ ਨਾਲ ਭਗਤਾਂ ਨੂੰ ਕਈ ਤਰ੍ਹਾਂ ਦਾ ਲਾਭ ਮਿਲਦਾ ਸੀ। ਬਹੁਤ ਲੋਕ ਠੀਕ ਹੋ ਗਏ ਅਤੇ ਸੁਧਰ ਗਏ। ਦੁਰਾਚਾਰੀ ਲੋਕ ਚੰਗੇ ਲੋਕਾਂ ਵਿਚ ਬਦਲ ਗਏ। ਕਈਆਂ ਦਾ ਕੋਹੜ ਤੋਂ ਛੁਟਕਾਰਾ ਹੋ ਗਿਆ ਅਤੇ ਕਈਆਂ ਨੂੰ ਮਨ ਚਾਹਿਆ ਫਲ ਮਿਲ ਗਿਆ। ਅਪਾਹਿਜਾਂ ਦੀ ਬਿਮਾਰੀ ਠੀਕ ਹੋ ਗਈ। ਉਨ੍ਹਾਂ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ ਅਤੇ ਅਲੱਗ-ਅਲੱਗ ਥਾਵਾਂ ਤੋਂ ਯਾਤਰੀਆਂ ਦੇ ਝੁੰਡਾਂ ਦੇ ਝੁੰਡ ਸ਼ਿਰਡੀ ਆਉਣ ਲਗ ਪਏ। ਬਾਬਾ ਹਰ ਵੇਲੇ ਧੂਣੀ ਦੇ ਕੋਲ ਆਸਨ ਲਗਾਈ ਰੱਖਦੇ ਅਤੇ ਉਥੇ ਹੀ ਆਰਾਮ



ਕਰਦੇ ਸੀ। ਉਹ ਕਦੀ ਇਸ਼ਨਾਨ ਕਰਦੇ ਅਤੇ ਕਦੀ ਬਿਨਾਂ ਇਸ਼ਨਾਨ ਕੀਤੇ ਹੀ ਸਮਾਧੀ ਵਿਚ ਲੀਨ ਰਹਿੰਦੇ ਸੀ। ਉਹ ਸਿਰ ਉਤੇ ਇਕ ਸਾਫਾ, ਕਮਰ ਤੇ ਇਕ ਧੋਤੀ ਅਤੇ ਤਨ ਢੱਕਨ ਲਈ ਇਕ ਅੰਗਰਖਾ ਧਾਰਨ ਕਰਦੇ ਸੀ ਸ਼ੁਰੂ ਤੋਂ ਹੀ ਉਨ੍ਹਾਂ ਦਾ ਪਹਿਰਾਵਾ ਇਸ ਤਰ੍ਹਾਂ ਦਾ ਸੀ। ਆਪਣੇ ਜੀਵਨ ਦੇ ਪਹਿਲੇ ਅੱਧ ਵਿਚ ਉਹ ਪਿੰਡ ਵਿਚ ਇਲਾਜ ਵੀ ਕਰਦੇ ਸੀ। ਰੋਗੀਆਂ ਨੂੰ ਠੀਕ ਕਰਨ ਲਈ ਉਹ ਦਵਾਈ ਵੀ ਦਿੰਦੇ ਸੀ ਅਤੇ ਉਨ੍ਹਾਂ ਦੇ ਹੱਥਾਂ ਵਿਚ ਬੇਹੱਦ ਯਸ਼ ਸੀ। ਇਸ ਕਾਰਨ ਉਹ ਥੋੜ੍ਹੇ ਵਕਤ ਵਿਚ ਹੀ ਇਕ ਯੋਗ ਡਾਕਟਰ ਵਜੋ ਮਸ਼ਹੂਰ ਹੋ ਗਏ। ਇਥੇ ਸਿਰਫ਼ ਇਕ ਘਟਨਾ ਦਾ ਜ਼ਿਕਰ ਕੀਤਾ ਜਾਂਦਾ ਹੈ, ਜਿਹੜੀ ਬਹੁਤ ਹੀ ਅਜੀਬ ਹੈ।

## ਅੱਖਾਂ ਦਾ ਵਿਲੱਖਣ ਇਲਾਜ

ਇਕ ਭਗਤ ਦੀਆਂ ਅੱਖਾਂ ਬਹੁਤ ਲਾਲ ਹੋ ਗਈਆਂ ਸੀ। ਅੱਖਾਂ ਵਿਚ ਸੋਜ਼ ਵੀ ਆ ਗਈ ਸੀ। ਸ਼ਿਰਡੀ ਵਰਗੇ ਛੋਟੇ ਪਿੰਡ ਵਿਚ ਡਾਕਟਰ ਕਿਥੋਂ ? ਤਾ ਭਗਤ ਰੋਗੀ ਨੂੰ ਬਾਬਾ ਕੋਲ ਲੈ ਆਏ। ਇਸ ਤਰ੍ਹਾਂ ਦੀ ਤਕਲੀਫ਼ ਵਿਚ ਡਾਕਟਰ ਆਮ ਕਰਕੇ ਲੇਪ, ਮਲੱਮ, ਅੰਜਨ, ਗਾਂ ਦਾ ਦੁੱਧ ਅਤੇ ਕਪੂਰ ਮਿਲੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ। ਪਰ ਬਾਬਾ ਦੀ ਦਵਾਈ ਤਾਂ ਬਿਲਕੁਲ ਹੀ ਅਲੱਗ ਸੀ। ਉਨ੍ਹਾਂ ਨੇ ਭਿਲਾਵਾਂ ਪੀਸ ਕੇ ਉਸ ਦੀਆਂ ਦੋ ਗੋਲੀਆਂ ਬਣਾਈਆਂ ਅਤੇ ਰੋਗੀ ਦੀਆਂ ਅੱਖਾਂ ਉਪਰ ਇਕ ਇਕ ਗੋਲੀ ਚਿਪਕਾ ਕੇ ਕਪੜੇ ਦੀ ਪੱਟੀ ਨਾਲ ਅੱਖਾਂ ਬੰਨ੍ਹ ਦਿਤੀਆਂ। ਦੂਸਰੇ ਦਿਨ ਪੱਟੀ ਖੋਲ੍ਹ ਕੇ ਅੱਖਾਂ ਉਪਰ ਪਾਣੀ ਦੇ ਛਿੱਟੇ ਮਾਰੇ ਗਏ। ਸੋਜ਼ ਘਟ ਹੋ ਗਈ ਅਤੇ ਅੱਖਾਂ ਬਿਲਕੁਲ ਠੀਕ ਹੋ ਗਈਆਂ, ਅੱਖਾਂ ਸਰੀਰ ਦਾ ਇਕ ਬਹੁਤ ਕੋਮਲ ਅੰਗ ਹਨ, ਪਰ ਬਾਬਾ ਦੀ ਦਵਾਈ ਨਾਲ ਕੋਈ ਨੁਕਸਾਨ ਨਹੀਂ ਹੋਇਆ ਬਲਕਿ ਅੱਖਾਂ ਦੀ ਬਿਮਾਰੀ ਦੂਰ ਹੋ ਗਈ। ਇਸ ਤਰ੍ਹਾਂ ਅਨੇਕਾਂ ਰੋਗੀ ਠੀਕ ਹੋ ਗਏ। ਇਹ ਘਟਨਾ ਤਾਂ ਸਿਰਫ਼ ਉਦਾਹਰਣ ਵਾਸਤੇ ਇਥੇ ਦਿੱਤੀ ਗਈ ਹੈ।

## ਬਾਬਾ ਦੀਆਂ ਯੋਗਿਕ ਕ੍ਰਿਆਵਾਂ

ਬਾਬਾ ਨੂੰ ਸਾਰੇ ਯੋਗਿਕ ਪ੍ਰਯੋਗ ਅਤੇ ਕ੍ਰਿਆਵਾਂ ਦਾ ਗਿਆਨ ਸੀ। ਉਸ ਵਿਚੋਂ ਸਿਰਫ਼ ਦੋ ਦਾ ਹੀ ਇਥੇ ਜ਼ਿਕਰ ਕੀਤਾ ਜਾਂਦਾ ਹੈ–

(1) ਧੋਤੀ ਕ੍ਰਿਆ (ਆਂਤੜੀਆਂ ਸਾਫ ਕਰਨ ਦੀ ਕ੍ਰਿਆ) ਹਰ ਤੀਸਰੇ ਦਿਨ ਬਾਬਾ ਮਸਜਿਦ ਤੋਂ ਕੁਝ ਦੂਰੀ 'ਤੇ ਇਕ ਬੋਹੜ ਦੇ ਦਰੱਖ਼ਤ ਹੇਠਾਂ ਕਰਦੇ ਹੁੰਦੇ ਸੀ। ਇਕ ਵਾਰੀ ਲੋਕਾਂ ਨੇ ਦੇਖਿਆ ਕਿ ਬਾਬਾ ਨੇ ਆਪਣੀਆਂ ਆਂਤੜੀਆਂ ਨੂੰ ਪੇਟ ਵਿਚੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਚਾਰੇ ਪਾਸਿਉਂ ਸਾਫ਼ ਕੀਤਾ ਅਤੇ ਨੇੜੇ ਦੇ ਦਰੱਖ਼ਤ ਉਪਰ ਸੁਕਣ ਲਈ ਰੱਖ ਦਿੱਤਾ। ਸ਼ਿਰਡੀ ਵਿਚ ਇਸ ਘਟਨਾ ਦੀ ਪੁਸ਼ਟੀ ਕਰਨ ਵਾਲੇ ਲੋਕ ਹਾਲੇ ਵੀ ਜਿੰਦਾ ਹਨ। ਉਨ੍ਹਾਂ ਨੇ ਇਸ ਸੱਚ ਦੀ ਪਰੀਖਿਆ ਵੀ ਕੀਤੀ ਸੀ। ਸਧਾਰਣ ਧੋਤੀ ਕ੍ਰਿਆ ਇਕ 3" ਚੌੜੇ ਅਤੇ 22½' ਲੰਮੇ ਗਿਲੇ ਕਪੜੇ ਦੇ ਟੁੱਕੜੇ ਨਾਲ ਕੀਤੀ ਜਾਂਦੀ ਹੈ। ਇਸ ਕੱਪੜੇ ਨੂੰ ਮੂੰਹ ਵਿਚੋਂ ਪੇਟ ਵਿਚ ਉਤਾਰ ਲਿਆ ਜਾਂਦਾ ਹੈ ਅਤੇ ਲਗਭਗ ਅੱਧਾ ਘੰਟਾ ਪੇਟ ਵਿਚ ਰੱਖੀ ਰੱਖਦੇ ਹਨ ਤਾਂ ਕਿ ਉਸਦਾ ਪੂਰਾ-ਪੂਰਾ ਅਸਰ ਹੋ ਜਾਏ। ਉਸ ਤੋਂ ਬਾਅਦ ਉਸ ਨੂੰ ਬਾਹਰ ਕੱਢ ਲੈਂਦੇ ਹਨ। ਪਰ ਬਾਬਾ ਦੀ ਤਾਂ ਇਹ ਧੋਤੀ ਕ੍ਰਿਆ ਬਿਲਕੁਲ





ਅਜ਼ੀਬ ਅਤੇ ਵੱਖਰੀ ਹੀ ਸੀ।

(2) ਖੰਡ ਯੋਗ—ਇਕ ਵਾਰੀ ਬਾਬਾ ਨੇ ਆਪਣੇ ਸਰੀਰ ਦੇ ਅੰਗ ਵੱਖ-ਵੱਖ ਕਰ ਕੇ ਮਸਜਿਦ ਦੇ ਵਿਚ ਅਲੱਗ ਅਲੱਗ ਥਾਵਾਂ ਤੇ ਖਿਲਾਰ ਦਿੱਤੇ। ਅਚਾਨਕ ਉਸ ਦਿਨ ਇਕ ਸੱਜਣ ਮਸਜਿਦ ਵਿਚ ਆਏ ਅਤੇ ਅੰਗਾਂ ਨੂੰ ਇਸ ਤਰ੍ਹਾਂ ਇਥੇ ਉਥੇ ਖਿਲਰਿਆ ਦੇਖ ਕੇ ਬਹੁਤ ਡਰ ਗਏ। ਪਹਿਲੇ ਉਨ੍ਹਾਂ ਨੇ ਸੋਚਿਆ ਕਿ ਵਾਪਸ ਜਾ ਕੇ ਪਿੰਡ ਦੇ ਅਧਿਕਾਰੀ ਨੂੰ ਇਹ ਖਬਰ ਭੇਜ ਦੇਣੀ ਚਾਹੀਦੀ ਹੈ ਕਿ ਕਿਸੇ ਨੇ ਬਾਬਾ ਦਾ ਖ਼ੂਨ ਕਰ ਕੇ ਉਨ੍ਹਾਂ ਦੇ ਟੋਟੇ-ਟੋਟੇ ਕਰ ਦਿੱਤੇ ਹਨ। ਪਰ ਖ਼ਬਰ ਦੇਣ ਵਾਲਾ ਹੀ ਪਹਿਲੇ ਫੜਿਆ ਜਾਂਦਾ ਹੈ, ਇਹ ਸੋਚ ਕੇ ਉਹ ਚੁੱਪ ਹੀ ਰਹੇ। ਦੂਸਰੇ ਦਿਨ ਜਦੋਂ ਉਹ ਮਸਜਿਦ ਵਿਚ ਗਏ ਤਾਂ ਬਾਬਾ ਨੂੰ ਪਹਿਲੇ ਵਾਂਗ ਹੱਟੇ-ਕੱਟੇ ਅਤੇ ਠੀਕ-ਠਾਕ ਦੇਖ ਕੇ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਨੂੰ ਇਸ ਤਰ੍ਹਾਂ ਲੱਗਾ ਕਿ ਪਿਛਲੇ ਕਲ ਜਿਹੜਾ ਉਨ੍ਹਾਂ ਨੇ ਨਜ਼ਾਰਾ ਦੇਖਿਆ ਸੀ ਉਹ ਕਿਤੇ ਸੁਪਨਾ ਤਾਂ ਨਹੀਂ ਸੀ ?

ਬਾਬਾ ਬਚਪਨ ਤੋਂ ਹੀ ਯੋਗਿਕ ਕ੍ਰਿਆਵਾਂ ਕਰਦੇ ਸੀ ਅਤੇ ਉਨ੍ਹਾਂ ਨੂੰ ਜਿਹੜੀ ਹਾਲਤ ਪ੍ਰਾਪਤ ਹੋ ਗਈ ਸੀ, ਉਸ ਦਾ ਸਹੀ ਗਿਆਨ ਕਿਸੇ ਨੂੰ ਵੀ ਨਹੀਂ ਸੀ। ਇਲਾਜ ਕਰਨ ਦਾ ਉਨ੍ਹਾਂ ਨੇ ਕਦੀ ਕਿਸੇ ਕੋਲੋਂ ਇਕ ਪੈਸਾ ਵੀ ਨਹੀਂ ਲਿਆ। ਆਪਣੇ ਉੱਤਮ ਗੁਣਾਂ ਕਰਕੇ ਉਨ੍ਹਾਂ ਦੀ ਕੀਰਤੀ ਦੂਰ ਦੂਰ ਤੱਕ ਫੈਲ ਗਈ। ਉਨ੍ਹਾਂ ਨੇ ਅਨੇਕਾਂ ਗਰੀਬਾਂ ਅਤੇ ਰੋਗੀਆਂ ਨੂੰ ਸਿਹਤ ਪ੍ਰਦਾਨ ਕੀਤੀ ਇਸ ਪ੍ਰਸਿੱਧ ਡਾਕਟਰਾਂ ਦੇ ਡਾਕਟਰ (ਮਸੀਹਾ ਦੇ ਮਸੀਹਾ) ਨੇ ਕਦੀ ਆਪਣੀ ਚਿੰਤਾ ਨਹੀਂ ਕੀਤੀ ਅਤੇ ਅਨੇਕਾਂ ਰੁਕਾਵਟਾਂ ਦਾ ਮੁਕਾਬਲਾ ਕੀਤਾ ਅਤੇ ਆਪ ਬੇਹੱਦ ਦਰਦ ਅਤੇ ਤਕਲੀਫ਼ਾਂ ਸਹਿ ਕੇ ਹਮੇਸ਼ਾਂ ਦੂਸਰਿਆਂ ਦੀ ਭਲਾਈ ਕੀਤੀ ਅਤੇ ਉਨ੍ਹਾਂ ਨੂੰ ਮੁਸੀਬਤਾਂ ਵਿਚ ਮਦਦ ਕੀਤੀ। ਉਹ ਸਦਾ ਦੂਸਰਿਆਂ ਦੇ ਕਲਿਆਣ ਲਈ ਫ਼ਿਕਰਮੰਦ ਰਹਿੰਦੇ ਸੀ। ਇਸ ਤਰ੍ਹਾਂ ਦੀ ਇਕ ਘਟਨਾ ਹੇਠਾਂ ਲਿਖੀ ਜਾਂਦੀ ਹੈ, ਜਿਹੜੀ ਕਿ ਬਾਬਾ ਦੀ ਸਰਵ ਵਿਆਪਕਤਾ ਅਤੇ ਮਹਾਨ ਦਿਆਲੂਤਾ ਦੀ ਉਦਾਹਰਣ ਹੈ।

## ਬਾਬਾ ਦੀ ਸਰਵ ਵਿਆਪਕਤਾ ਅਤੇ ਦਿਆਲੂਤਾ

ਸੰਨ 1910 ਵਿਚ ਬਾਬਾ ਦੀਵਾਲੀ ਦੇ ਸ਼ੁਭ ਮੌਕੇ 'ਤੇ ਧੂਣੀ ਦੇ ਕੋਲ ਬੈਠ ਕੇ ਅੱਗ ਸੇਕ ਰਹੇ ਸੀ ਅਤੇ ਨਾਲ ਹੀ ਧੂਣੀ ਵਿਚ ਲੱਕੜਾਂ ਪਾ ਰਹੇ ਸੀ। ਧੂਣੀ ਜ਼ੋਰ ਨਾਲ ਬਲ ਰਹੀ ਸੀ। ਕੁਝ ਦੇਰ ਬਾਅਦ ਉਨ੍ਹਾਂ ਨੇ ਲਕੜਾਂ ਦੀ ਥਾਂ ਤੇ ਆਪਣਾ ਹੱਥ ਧੂਣੀ ਵਿਚ ਪਾ ਦਿੱਤਾ। ਹੱਥ ਬੁਰੀ ਤਰ੍ਹਾਂ ਝੁਲਸ ਗਿਆ। ਨੌਕਰ ਮਾਧਵ ਅਤੇ ਮਾਧਵਰਾਵ ਦੇਸ਼ ਪਾਂਡੇ ਨੇ ਬਾਬਾ ਨੂੰ ਧੂਣੀ ਵਿਚ ਹੱਥ ਪਾਉਂਦੇ ਦੇਖ ਕੇ ਫਟਾਫੱਟ ਦੌੜ ਕੇ ਉਨ੍ਹਾਂ ਨੂੰ ਜ਼ੋਰ ਨਾਲ ਪਿੱਛੇ ਖਿੱਚ ਲਿਆ।

ਮਾਧਵਰਾਵ ਨੇ ਬਾਬਾ ਨੂੰ ਕਿਹਾ, "ਦੇਵਾ! ਤੁਸੀਂ ਇਸ ਤਰ੍ਹਾਂ ਕਿਉਂ ਕੀਤਾ ?" ਬਾਬਾ ਸਾਵਧਾਨ ਹੋ ਕੇ ਦੱਸਣ ਲਗੇ, "ਇਥੋਂ ਕੁਝ ਦੂਰੀ ਤੇ ਇਕ ਲੁਹਾਰਨ ਜਦੋਂ ਭੱਠੀ ਬਾਲ ਰਹੀ ਸੀ, ਉਸੇ ਵੇਲੇ ਉਸ ਦੇ ਪਤੀ ਨੇ ਉਸ ਨੂੰ ਆਵਾਜ਼ ਮਾਰੀ। ਉਹ ਲੱਕ ਨਾਲ ਬੱਝੇ ਬੱਚੇ ਦਾ ਖ਼ਿਆਲ ਛੱਡ ਕੇ ਛੇਤੀ ਨਾਲ ਉਥੇ ਦੌੜ ਕੇ

ਗਈ। ਬਦਕਿਸਮਤੀ ਨਾਲ ਬੱਚਾ ਫਿਸਲ ਕੇ ਭੱਠੀ ਵਿਚ ਡਿੱਗ ਗਿਆ। ਮੈਂ ਫਟਾਫੱਟ ਭੱਠੀ ਵਿਚ ਹੱਥ ਪਾ ਕੇ ਬੱਚੇ ਦੀ ਜਾਨ ਬਚਾ ਲਈ। ਮੈਨੂੰ ਆਪਣਾ ਹੱਥ ਸੜ ਜਾਣ ਦਾ ਕੋਈ ਦੁੱਖ ਨਹੀਂ ਹੈ, ਪਰ ਮੈਨੂੰ ਤਸੱਲੀ ਹੈ ਕਿ ਇਕ ਮਾਸੂਮ ਬੱਚੇ ਦੇ ਪ੍ਰਾਣ ਬਚ ਗਏ।"

## ਕੋਹੜੀ ਦੀ ਸੇਵਾ

ਮਾਧਵਰਾਵ ਦੇਸ਼ ਪਾਂਡੇ ਕੋਲੋਂ ਬਾਬਾ ਦਾ ਹੱਥ ਸੜਣ ਦੀ ਖ਼ਬਰ ਨਾਨਾਸਾਹਿਬ ਚਾਂਦੋਰਕਰ ਨੂੰ ਮਿਲੀ, ਉਹ ਬੰਬਈ ਦੇ ਮਸ਼ਹੂਰ ਡਾਕਟਰ ਸ੍ਰੀ ਪਰਮਾਨੰਦ ਦੇ ਨਾਲ ਦਵਾਈਆਂ ਲੇਪ, ਲਿਟ ਅਤੇ ਪਟੀਆਂ ਆਦਿ ਨਾਲ ਲੈ ਕੇ ਜਲਦੀ ਨਾਲ ਸ਼ਿਰਡੀ ਆਏ। ਉਨ੍ਹਾਂ ਨੇ ਬਾਬਾ ਕੋਲੋਂ ਡਾਕਟਰ ਪਰਮਾਨੰਦ ਨੂੰ ਹੱਥ ਦਿਖਾਉਣ ਅਤੇ ਸੜੇ ਹੋਏ ਥਾਂ ਤੇ ਦਵਾਈ ਲਗਵਾਉਣ ਦੀ ਆਗਿਆ ਮੰਗੀ। ਇਹ ਪ੍ਰਾਰਥਨਾ ਮਨਜੂਰ ਨਹੀਂ ਹੋਈ। ਹੱਥ ਸੜਣ ਤੋਂ ਬਾਅਦ ਇਕ ਕੋਹੜੀ ਭਾਗੋ ਜੀ ਸ਼ਿੰਦੇ ਉਨ੍ਹਾਂ ਦੇ ਹੱਥ ਉਪਰ ਹਮੇਸ਼ਾਂ ਪਟੀ ਬੰਨ੍ਹਦੇ ਸੀ। ਉਨ੍ਹਾਂ ਦਾ ਇਹ ਰੋਜ਼ ਦਾ ਕੰਮ ਸੀ ਕਿ ਸੜੇ ਹੋਏ ਥਾਂ ਉਤੇ ਘਿਓ ਮੱਲਣਾ ਉਸਦੇ ਉਪਰ ਇਕ ਪਤਾ ਰੱਖ ਕੇ ਪਟੀਆਂ ਨਾਲ ਉਸ ਨੂੰ ਘੁਟ ਕੇ ਬੰਨ੍ਹ ਦੇਣਾ। ਜ਼ਖ਼ਮ ਜਲਦੀ ਭਰ ਜਾਏ, ਇਸ ਲਈ ਨਾਨਾਸਾਹਿਬ ਚਾਂਦੋਰਕਰ ਨੇ ਪਟੀ ਛੱਡਨ ਅਤੇ ਡਾਕਟਰ ਪਰਮਾਨੰਦ ਕੋਲੋਂ ਇਲਾਜ ਕਰਵਾਉਣ ਲਈ ਬਾਬਾ ਨੂੰ ਬਾਰ ਬਾਰ ਬੇਨਤੀ ਕੀਤੀ। ਇਥੋਂ ਤੱਕ ਕਿ ਡਾਕਟਰ ਪਰਮਾਨੰਦ ਨੇ ਵੀ ਬੜੀ ਵਾਰੀ ਪ੍ਰਾਰਥਨਾ ਕੀਤੀ, ਪਰ ਬਾਬਾ ਨੇ ਇਹ ਆਖ ਕੇ ਟਾਲ ਦਿੱਤਾ ਕਿ ਸਿਰਫ਼ ਅੱਲ੍ਹਾ ਹੀ ਮੇਰਾ ਡਾਕਟਰ ਹੈ। ਉਨ੍ਹਾਂ ਨੇ ਹੱਥ ਦਾ ਮੁਆਇਨਾ ਕਰਵਾਉਨ ਤੋਂ ਨਾ ਕਰ ਦਿੱਤੀ। ਡਾ. ਪਰਮਾਨੰਦ ਦੀਆਂ ਦਵਾਈਆਂ ਸ਼ਿਰਡੀ ਦੀ ਹਵਾ ਵਿਚ ਨਾ ਖੁੱਲ੍ਹ ਸਕੀਆਂ ਅਤੇ ਨਾ ਹੀ ਉਨ੍ਹਾਂ ਦੀ ਵਰਤੋਂ ਹੋ ਸਕੀ। ਫੇਰ ਵੀ ਡਾਕਟਰ ਸਾਹਿਬ ਦੀ ਚੰਗੀ ਕਿਸਮਤ ਸੀ ਜਿਹੜੇ ਉਨ੍ਹਾਂ ਨੂੰ ਬਾਬਾ ਦੇ ਸ਼੍ਰੀ ਦਰਸ਼ਨ ਕਰਨ ਦਾ ਲਾਭ ਹੋਇਆ। ਭਾਗੋ ਜੀ ਨੂੰ ਦਵਾਈ ਲਗਾਉਣ ਦੀ ਆਗਿਆ ਮਿਲ ਗਈ। ਕੁਝ ਦਿਨਾਂ ਬਾਅਦ ਜ਼ਖ਼ਮ ਭਰ ਗਿਆ, ਤਾਂ ਸਾਰੇ ਭਗਤ ਸੁਖੀ ਹੋ ਗਏ, ਪਰ ਇਹ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਕੁਝ ਪੀੜ ਬਾਕੀ ਸੀ ਜਾਂ ਨਹੀਂ। ਹਰ ਰੋਜ਼ ਸਵੇਰੇ ਹੱਥ ਦੀ ਮਾਲਸ਼ ਅਤੇ ਫੇਰ ਦੁਬਾਰਾ ਘੁਟ ਕੇ ਪੱਟੀ ਬੰਨ੍ਹਣਾ ਸ੍ਰੀ ਸਾਈਂ ਬਾਬਾ ਦੀ ਸਮਾਧੀ ਤੱਕ ਇਹ ਕੰਮ ਇਸ ਤਰ੍ਹਾਂ ਚਲਦਾ ਰਿਹਾ। ਸ੍ਰੀ ਸਾਈਂ ਬਾਬਾ ਵਰਗੇ ਪੂਰਨ ਸਿਧ ਨੂੰ, ਅਸਲ ਵਿਚ ਇਸ ਇਲਾਜ ਦੀ ਵੀ ਕੋਈ ਲੋੜ ਨਹੀਂ ਸੀ, ਪਰ ਭਗਤਾਂ ਦੇ ਪਿਆਰ ਕਰਕੇ, ਉਨ੍ਹਾਂ ਨੇ ਭਾਗੋ ਜੀ ਦੀ ਇਹ ਸੇਵਾ ਨਿਰਵਿਘਨ ਮਨਜ਼ੂਰ ਕੀਤੀ। ਜਦੋਂ ਬਾਬਾ ਲੇਂਡੀ ਨੂੰ ਜਾਂਦੇ ਤਾਂ ਭਾਗੋ ਜੀ ਛੱਤਰੀ ਲੈ ਕੇ ਉਨ੍ਹਾਂ ਦੇ ਨਾਲ ਹੀ ਜਾਂਦੇ ਸੀ, ਹਰ ਰੋਜ਼ ਸਵੇਰੇ ਜਦੋਂ ਬਾਬਾ ਧੂਣੀ ਦੇ ਕੋਲ ਆਸਨ ਉਤੇ ਬਿਰਾਜਦੇ ਤਾਂ ਭਾਗੋ ਜੀ ਉਥੇ ਪਹਿਲਾਂ ਤੋਂ ਹੀ ਹਾਜ਼ਰ ਹੋ ਕੇ ਆਪਣਾ ਕੰਮ ਸ਼ੁਰੂ ਕਰ ਦਿੰਦੇ ਸੀ। ਭਾਗੋ ਜੀ ਨੇ ਪਿਛਲੇ ਜਨਮ ਵਿਚ ਬਹੁਤ ਪਾਪ ਕੀਤੇ ਸੀ। ਇਸ ਕਰਕੇ ਹੀ ਉਨ੍ਹਾਂ ਨੂੰ ਕੋਹੜ ਹੋਇਆ ਸੀ। ਉਨ੍ਹਾਂ ਦੀਆਂ ਉਂਗਲੀਆਂ ਗੱਲ ਗਈਆਂ ਸੀ ਅਤੇ ਸਰੀਰ ਪੀਕ ਆਦਿ ਨਾਲ ਭਰਿਆ ਹੋਇਆ ਸੀ, ਜਿਸ ਵਿਚੋਂ ਬੋ ਵੀ ਆਉਂਦੀ ਸੀ। ਹਾਲਾਂਕਿ ਬਾਹਰੋਂ ਦੇਖਿਆ ਉਹ ਬਦਕਿਸਮਤ ਲੱਗਦੇ ਸੀ, ਪਰ ਬਾਬਾ ਦਾ ਮੁੱਖ ਸੇਵਾਦਾਰ ਹੋਣ ਦੇ ਨਾਤੇ





ਅਸਲ ਵਿਚ ਉਹ ਹੀ ਜ਼ਿਆਦਾ ਭਾਗਾਂ ਵਾਲੇ ਅਤੇ ਸੁੱਖੀ ਸੀ। ਉਨ੍ਹਾਂ ਨੂੰ ਬਾਬਾ ਦੀ ਨੇੜਤਾ ਦਾ ਪੂਰਾ ਲਾਭ ਪ੍ਰਾਪਤ ਹੋਇਆ।

## ਬਾਲਕ ਖਾਪਰਡੇ ਨੂੰ ਪਲੇਗ

ਹੁਣ ਮੈਂ ਬਾਬਾ ਦੀ ਦੂਸਰੀ ਅਦਭੁੱਤ ਲੀਲ੍ਹਾ ਦਾ ਵਰਨਣ ਕਰਾਂਗਾ। ਅਮਰਾਵਤੀ ਦੇ ਸ੍ਰੀ ਦਾਦਾ ਸਾਹਿਬ ਖਾਪਰਡੇ ਦੀ ਪਤਨੀ ਆਪਣੇ ਛੋਟੇ ਪੁੱਤਰ ਦੇ ਨਾਲ ਕਈ ਦਿਨਾਂ ਤੋਂ ਸ਼ਿਰਡੀ ਵਿਚ ਸੀ। ਪੁੱਤਰ ਤੇਜ਼ ਬੁਖਾਰ ਨਾਲ ਪੀੜਤ ਸੀ। ਨਾਲ ਉਸ ਨੂੰ ਪਲੇਗ ਦੀ ਗਿਲਟੀ ਵੀ ਨਿਕਲ ਆਈ। ਸ੍ਰੀਮਤੀ ਖਾਪਰਡੇ ਡਰ ਕੇ ਬਹੁਤ ਘਬਰਾਉਨ ਲਗੀ ਅਤੇ ਅਮਰਾਵਤੀ ਵਾਪਸ ਜਾਣ ਦਾ ਵਿਚਾਰ ਕਰਨ ਲਗੀ। ਸ਼ਾਮ ਵੇਲੇ ਜਦੋਂ ਬਾਬਾ ਹਵਾ ਖਾਣ ਲਈ ਵਾੜੇ (ਹੁਣ ਜਿਸ ਨੂੰ 'ਸਮਾਧੀ ਮੰਦਿਰ' ਕਿਹਾ ਜਾਂਦਾ ਹੈ) ਦੇ ਕੋਲੋਂ ਜਾ ਰਹੇ ਸੀ ਤਾਂ ਉਸ ਨੇ ਉਨ੍ਹਾਂ ਕੋਲੋਂ ਵਾਪਸ ਜਾਣ ਦੀ ਆਗਿਆ ਮੰਗੀ ਅਤੇ ਕੰਬਦੀ ਅਵਾਜ਼ ਵਿਚ ਕਹਿਣ ਲਗੀ ਕਿ ਮੇਰੇ ਪਿਆਰੇ ਪੁੱਤਰ ਨੂੰ ਪਲੇਗ ਹੋ ਗਈ ਹੈ, ਹੁਣ ਮੈਂ ਘਰ ਵਾਪਸ ਜਾਣਾ ਚਾਹੁੰਦੀ ਹਾਂ। ਪਿਆਰ ਨਾਲ ਉਨ੍ਹਾਂ ਦਾ ਹੱਲ ਕਰਦੇ ਹੋਏ ਬਾਬਾ ਨੇ ਕਿਹਾ, "ਅਸਮਾਨ ਵਿਚ ਬਹੁਤ ਬੱਦਲ ਛਾਏ ਹੋਏ ਹਨ। ਉਨ੍ਹਾਂ ਦੇ ਹੱਟਦੇ ਹੀ ਅਸਮਾਨ ਪਹਿਲੇ ਵਾਂਗ ਸਾਫ਼ ਹੋ ਜਾਏਗਾ।" ਇਹ ਕਹਿੰਦੇ ਹੋਏ ਉਨ੍ਹਾਂ ਨੇ ਕਮਰ ਤਕ ਆਪਣੀ ਕਫਨੀ ਉਪਰ ਚੁੱਕੀ ਅਤੇ ਉਥੇ ਖੜੇ ਸਾਰੇ ਲੋਕਾਂ ਨੂੰ ਆਂਡਿਆਂ ਵਰਗੀਆਂ ਚਾਰ ਗਿਲਟੀਆਂ ਦਿਖਾ ਕੇ ਕਿਹਾ, "ਦੇਖੋ, ਮੈਨੂੰ ਆਪਣੇ ਭਗਤਾਂ ਲਈ ਕਿੰਨਾ ਦੁਖ ਸਹਿਣਾ ਪੈਂਦਾ ਹੈ। ਉਨ੍ਹਾਂ ਦੇ ਦੁਖ ਮੇਰੇ ਹਨ। ਇਹ ਅਜ਼ਬ ਅਤੇ ਅਸਧਾਰਣ ਲੀਲ੍ਹਾ ਦੇਖ ਕੇ ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ ਸੰਤਾਂ ਨੂੰ ਆਪਣੇ ਭਗਤਾਂ ਲਈ ਕਿਸ ਕਿਸ ਤਰ੍ਹਾਂ ਦੇ ਦੁੱਖ ਸਹਿਣ ਕਰਨੇ ਪੈਂਦੇ ਹਨ। ਸੰਤਾਂ ਦਾ ਦਿਲ ਮੋਮ ਨਾਲੋਂ ਵੀ ਨਰਮ ਅਤੇ ਮੱਖਣ ਵਰਗਾ ਕੋਮਲ ਹੁੰਦਾ ਹੈ। ਉਹ ਬਿਨਾਂ ਕਾਰਨ ਹੀ ਭਗਤਾਂ ਨਾਲ ਪਿਆਰ ਕਰਦੇ ਅਤੇ ਉਨ੍ਹਾਂ ਨੂੰ ਆਪਣੇ ਸੱਕੇ ਰਿਸ਼ਤੇਦਾਰ ਸਮਝਦੇ ਹਨ।

## ਪੰਡਰਪੁਰ ਜਾਣਾ

ਬਾਬਾ ਆਪਣੇ ਭਗਤਾਂ ਨਾਲ ਕਿੰਨਾ ਪਿਆਰ ਕਰਦੇ ਅਤੇ ਕਿਸ ਤਰ੍ਹਾਂ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਅਤੇ ਖ਼ਬਰਾਂ ਨੂੰ ਪਹਿਲਾਂ ਹੀ ਜਾਣ ਲੈਂਦੇ ਸੀ, ਇਸ ਦਾ ਵਰਨਣ ਕਰਕੇ ਮੈਂ ਇਹ ਅਧਿਆਇ ਖ਼ਤਮ ਕਰਾਂਗਾ।

ਨਾਨਾਸਾਹਿਬ ਚਾਂਦੋਰਕਰ ਬਾਬਾ ਦੇ ਪਰਮ ਭਗਤ ਸੀ। ਉਹ ਖਾਨਦੇਸ਼ ਵਿਚ ਨੰਦੂਰਬਾਰ ਦੇ ਮਾਮਲੇਦਾਰ ਸੀ। ਉਨ੍ਹਾਂ ਦੀ ਬਦਲੀ ਪੰਡਰਪੁਰ ਹੋ ਗਈ ਅਤੇ ਸ੍ਰੀ ਸਾਈਂ ਬਾਬਾ ਦੀ ਭਗਤੀ ਦਾ ਉਨ੍ਹਾਂ ਨੂੰ ਫਲ ਮਿਲਿਆ, ਕਿਉਂਕਿ ਉਨ੍ਹਾਂ ਨੂੰ ਪੰਡਰਪੁਰ ਜਿਹੜਾ ਕਿ ਧਰਤੀ ਦੇ ਸਵਰਗ ਵਾਂਗ ਹੈ, ਉਸ ਵਿਚ ਰਹਿਣ ਦਾ ਮੌਕਾ ਮਿਲ ਗਿਆ। ਨਾਨਾਸਾਹਿਬ ਨੂੰ ਜਲਦੀ ਹੀ ਕੰਮ ਸਾਂਭਣਾ ਸੀ, ਇਸ ਲਈ ਉਹ ਕਿਸੇ ਨੂੰ ਕੋਈ ਚਿੱਠੀ ਲਿਖੇ ਜਾਂ ਖ਼ਬਰ ਦਿੱਤੇ ਬਿਨਾਂ ਹੀ ਸ਼ਿਰਡੀ ਲਈ ਚੱਲ ਪਏ। ਉਹ ਆਪਣੇ ਪੰਡਰਪੁਰ (ਸ਼ਿਰਡੀ) ਵਿਚ ਅਚਾਨਕ ਹੀ ਪਹੁੰਚ ਕੇ ਆਪਣੇ ਵਿਠੋਬਾ (ਬਾਬਾ) ਨੂੰ ਨਮਸਕਾਰ ਕਰ ਕੇ ਅੱਗੇ ਜਾਣਾ ਚਾਹੁੰਦੇ ਸੀ। ਨਾਨਾਸਾਹਿਬ ਦੇ ਆਉਣ ਦੀ ਖ਼ਬਰ ਕਿਸੇ ਨੂੰ ਵੀ ਨਹੀਂ ਸੀ। ਪਰ ਬਾਬਾ ਤੋਂ ਕੀ ਲੁਕਿਆ ਸੀ ? ਉਹ ਤਾਂ ਜਾਣੀਜਾਣ ਸਨ। ਜਦੋਂ



ਹੀ ਨਾਨਾਸਾਹਿਬ ਨੀਮਗਾਂਵ ਪਹੁੰਚੇ ਜਿਹੜਾ ਸ਼ਿਰਡੀ ਤੋਂ ਕੁਝ ਦੂਰੀ ਉਤੇ ਹੈ। ਬਾਬਾ ਕੋਲ ਬੈਠੇ ਹੋਏ ਮਹਾਲਸਾਪਤਿ, ਅੱਪਾ ਸ਼ਿੰਦੇ ਅਤੇ ਕਾਂਸ਼ੀਰਾਮ ਨਾਲ ਗੱਲਬਾਤ ਕਰ ਰਹੇ ਸੀ। ਉਸੇ ਵੇਲੇ ਮਸਜਿਦ ਵਿਚ ਸ਼ਾਂਤੀ ਹੋ ਗਈ ਅਤੇ ਬਾਬਾ ਨੇ ਅਚਾਨਕ ਕਿਹਾ, "ਚਲੋ, ਚਾਰੋਂ ਮਿਲ ਕੇ ਭਜਨ ਕਰੀਏ। ਪੰਡਰਪੁਰ ਦੇ ਦਰਵਾਜ਼ੇ ਖੁਲ੍ਹੇ ਹੋਏ ਹਨ"—ਇਹ ਭਜਨ ਪਿਆਰ ਨਾਲ ਗਾਈਏ ("ਪੰਡਰਪੁਰਲਾ ਜਾਆਚੇ ਜਾਆਚੇਂ ਤਿਥੇਂਚ ਮਜਲਾ ਰਾਹਾਂਚੇਂ। ਤਿਥੇਚ ਮਜਲਾ ਰਾਹਾਂਚੇ, ਘਰ ਤੇਂ ਮਾਈਆ ਰਾਹਾਂਚੇ।") ਸਾਰੇ ਮਿਲ ਕੇ ਗਾਣ ਲਗੇ। (ਭਾਵ ਅਰਥ—ਮੈਨੂੰ ਪੰਡਰਪੁਰ ਜਾ ਕੇ ਉਥੇ ਹੀ ਰਹਿਣਾ ਹੈ, ਕਿਉਂਕਿ ਉਹ ਮੇਰੇ ਸਵਾਮੀ (ਈਸ਼ਵਰ) ਦਾ ਘਰ ਹੈ।) ਬਾਬਾ ਗਾਈ ਜਾਂਦੇ ਅਤੇ ਭਗਤ ਉਸ ਨੂੰ ਦੁਹਰਾਈ ਜਾਂਦੇ ਸੀ। ਕੁਝ ਦੇਰ ਬਾਅਦ ਨਾਨਾਸਾਹਿਬ ਨੇ ਉਥੇ ਪਰਿਵਾਰ ਸਮੇਤ ਪਹੁੰਚ ਕੇ ਬਾਬਾ ਨੂੰ ਪ੍ਰਨਾਮ ਕੀਤਾ। ਉਨ੍ਹਾਂ ਨੇ ਬਾਬਾ ਕੋਲ ਪੰਡਰਪੁਰ ਪਧਾਰਨ ਅਤੇ ਉਥੇ ਨਿਵਾਸ ਕਰਨ ਦੀ ਬੇਨਤੀ ਕੀਤੀ। ਪਾਠਕੋਂ ਹੁਣ ਇਸ ਬੇਨਤੀ ਦੀ ਜ਼ਰੂਰਤ ਹੀ ਕਿਥੇ ਸੀ? ਭਗਤਾਂ ਨੇ ਨਾਨਾਸਾਹਿਬ ਨੂੰ ਦਸਿਆ ਕਿ ਬਾਬਾ ਤਾਂ ਪਹਿਲਾਂ ਹੀ ਪੰਡਰਪੁਰ ਵਾਸ ਦੇ ਭਾਵ ਵਿਚ ਸੀ। ਇਹ ਸੁਣ ਕੇ ਨਾਨਾਸਾਹਿਬ ਭਾਵੁਕ ਹੋ ਕੇ ਸ੍ਰੀ ਚਰਣਾਂ ਉਤੇ ਡਿਗ ਪਏ ਅਤੇ ਬਾਬਾ ਦੀ ਆਗਿਆ, ਉਦੀ ਅਤੇ ਆਸ਼ੀਰਵਾਦ ਲੈ ਕੇ ਪੰਡਰਪੁਰ ਨੂੰ ਰਵਾਨਾ ਹੋ ਗਏ।

ਬਾਬਾ ਦੀਆਂ ਕਥਾਵਾਂ ਬੇਅੰਤ ਹਨ। ਹੋਰ ਵਿਸ਼ਿਆਂ ਜਿਵੇਂ ਮਾਨਵ ਜਨਮ ਦਾ ਮਹੱਤਵ, ਬਾਬਾ ਦਾ ਭਿਖਿਆ ਮੰਗ ਕੇ ਗੁਜ਼ਾਰਾ ਕਰਨਾ, ਬਾਯਜਾਬਾਈ ਦੀ ਸੇਵਾ ਅਤੇ ਹੋਰ ਕਥਾਵਾਂ ਨੂੰ ਅਗਲੇ ਅਧਿਆਇ ਲਈ ਬਾਕੀ ਰੱਖ ਕੇ ਹੁਣ ਮੈਨੂੰ ਇਥੇ ਆਰਾਮ ਕਰਨਾ ਚਾਹੀਦਾ ਹੈ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**







# ॥ ਅਧਿਆਇ-8 ॥

***ਮਨੁੱਖੀ-ਜਨਮ ਦਾ ਮਹੱਤਵ, ਸ੍ਰੀ ਸਾਈਂ ਬਾਬਾ ਦਾ ਭਿੱਖਿਆ ਮੰਗਣਾ, ਬਾਯਜਾਬਾਈ ਦੀ ਸੇਵਾ, ਸ੍ਰੀ ਸਾਈਂ ਬਾਬਾ ਦਾ ਸੌਣ ਦਾ ਤਰੀਕਾ, ਖ਼ੁਸ਼ਾਲ ਚੰਦ ਨਾਲ ਪਿਆਰ।***

ਜਿਸ ਤਰ੍ਹਾਂ ਪਿਛਲੇ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਹੁਣ ਸ੍ਰੀ ਹੇਮਾਂਡਪੰਤ ਮਨੁੱਖ ਦੇ ਜਨਮ ਦੀ ਮਹੱਤਤਾ ਨੂੰ ਵਿਸਥਾਰ ਨਾਲ ਸਮਝਾਉਂਦੇ ਹਨ। ਸ੍ਰੀ ਸਾਈਂ ਬਾਬਾ ਕਿਸ ਤਰ੍ਹਾਂ ਭਿੱਖਿਆ ਮੰਗਦੇ ਹੁੰਦੇ ਸੀ, ਬਾਯਜਾਬਾਈ ਉਨ੍ਹਾਂ ਦੀ ਕਿਸ ਤਰ੍ਹਾਂ ਸੇਵਾ ਕਰਦੀ ਸੀ, ਉਹ ਮਸਜਿਦ ਵਿਚ ਤਾਤਿਆ ਕੋਤੇ ਅਤੇ ਮਹਾਲਸਾਪਤਿ ਦੇ ਨਾਲ ਕਿਸ ਤਰ੍ਹਾਂ ਸੌਂਦੇ ਸੀ ਅਤੇ ਖ਼ੁਸ਼ਾਲ ਚੰਦ 'ਤੇ ਉਨ੍ਹਾਂ ਦਾ ਕਿਸ ਤਰ੍ਹਾਂ ਦਾ ਪਿਆਰ ਸੀ, ਇਸ ਦਾ ਵਰਨਣ ਅੱਗੇ ਕੀਤਾ ਜਾਵੇਗਾ।

## ਮਨੁੱਖੀ-ਜਨਮ ਦਾ ਮਹੱਤਵ

ਇਸ ਅਜ਼ਬ ਸੰਸਾਰ ਵਿਚ ਈਸ਼ਵਰ ਨੇ ਲੱਖਾਂ ਪ੍ਰਾਣੀਆਂ (ਹਿੰਦੂ ਸ਼ਾਸਤਰਾਂ ਅਨੁਸਾਰ 84 ਲੱਖ ਜੂਨਾਂ) ਨੂੰ ਪੈਦਾ ਕੀਤਾ ਹੈ (ਜਿਸ ਵਿਚ ਦੇਵਤਾ, ਦਾਨਵ, ਗੰਧਰਵ, ਜੀਵ-ਜੰਤੂ ਅਤੇ ਮਨੁੱਖ ਆਦਿ ਸ਼ਾਮਲ ਹਨ), ਜਿਹੜੇ ਸਵਰਗ, ਨਰਕ, ਧਰਤੀ, ਸਮੁੰਦਰ ਅਤੇ ਅਸਮਾਨ ਵਿਚ ਰਹਿੰਦੇ ਹਨ ਅਤੇ ਵੱਖ-ਵੱਖ ਧਰਮਾਂ ਦਾ ਪਾਲਣ ਕਰਦੇ ਹਨ। ਇਨ੍ਹਾਂ ਪ੍ਰਾਣੀਆਂ ਵਿਚੋਂ **ਜਿਨ੍ਹਾਂ ਦਾ ਪੁੰਨ ਬਲਵਾਨ ਹੁੰਦਾ ਹੈ, ਉਹ ਸਵਰਗ ਵਿਚ ਰਹਿੰਦੇ ਹਨ ਅਤੇ ਆਪਣੇ ਸੱਚੇ-ਸੁੱਚੇ ਕਰਮਾਂ ਦਾ ਫ਼ਲ ਭੋਗਦੇ ਹਨ। ਪੁੰਨ ਦੇ ਘੱਟਦੇ ਹੀ ਉਹ ਫੇਰ ਥੱਲੇ ਆ ਜਾਂਦੇ ਹਨ ਅਤੇ ਉਹ ਪ੍ਰਾਣੀ ਜਿਨ੍ਹਾਂ ਨੇ ਪਾਪ ਜਾਂ ਮੰਦੇ ਕਰਮ ਕੀਤੇ ਹਨ, ਉਹ ਨਰਕਾਂ ਨੂੰ ਜਾਂਦੇ ਹਨ ਅਤੇ ਆਪਣੇ ਕੁਕਰਮਾਂ ਦਾ ਫਲ ਭੋਗਦੇ ਹਨ। ਜਦੋਂ ਉਨ੍ਹਾਂ ਦੇ ਪਾਪਾਂ ਅਤੇ ਪੁੰਨਾਂ ਦਾ ਹਿਸਾਬ ਬਰਾਬਰ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਮਨੁੱਖਾ-ਜਨਮ ਅਤੇ ਮੋਕਸ਼ ਪ੍ਰਾਪਤ ਕਰਨ ਦਾ ਮੌਕਾ ਪ੍ਰਾਪਤ ਹੁੰਦਾ ਹੈ। ਜਦੋਂ ਪਾਪ ਅਤੇ ਪੁੰਨ ਦੋਨੋਂ ਨਸ਼ਟ ਹੋ ਜਾਂਦੇ ਹਨ ਤਾਂ ਉਹ ਮੁਕਤ ਹੋ ਜਾਂਦੇ ਹਨ।** ਆਪਣੇ ਕਰਮ ਅਤੇ ਗਿਆਨ ਦੇ ਅਨੁਸਾਰ ਹੀ ਆਤਮਾਵਾਂ ਜਨਮ ਲੈਂਦੀਆਂ ਜਾਂ ਸਰੀਰ ਵਿਚ ਦਾਖ਼ਲ ਹੁੰਦੀਆਂ ਹਨ।

## ਮਨੁੱਖੀ ਸਰੀਰ ਅਨਮੋਲ

ਇਹ ਸੱਚ ਹੈ ਕਿ ਸਾਰੇ ਪ੍ਰਾਣੀਆਂ ਵਿਚ ਚਾਰ ਗੱਲਾਂ ਬਰਾਬਰ ਹਨ—ਖਾਣਾ, ਸੌਣਾ, ਭੈਅ ਅਤੇ ਕਾਮ-ਕ੍ਰੀੜਾ। ਮਨੁੱਖ ਪ੍ਰਾਣੀ ਨੂੰ ਗਿਆਨ ਇਕ ਖ਼ਾਸ ਦੇਣ ਹੈ, ਜਿਸ ਦੀ ਮਦਦ ਨਾਲ ਹੀ ਉਹ ਈਸ਼ਵਰ ਦੇ ਦਰਸ਼ਨ ਕਰ ਸਕਦਾ ਹੈ, ਜੋ ਕਿਸੇ ਹੋਰ ਜੂਨ ਵਿਚ ਸੰਭਵ ਨਹੀਂ। ਇਹੀ ਕਾਰਨ ਹੈ ਕਿ ਦੇਵਤੇ ਵੀ ਮਨੁੱਖ ਦੀ ਜੂਨ ਨਾਲ ਈਰਖਾ ਕਰਦੇ ਹਨ ਅਤੇ ਧਰਤੀ 'ਤੇ ਮਨੁੱਖੀ-ਜੀਵਨ ਧਾਰਨ ਕਰਨ ਲਈ ਹਮੇਸ਼ਾਂ ਲਲਚਾਉਂਦੇ ਰਹਿੰਦੇ ਹਨ, ਜਿਸ ਨਾਲ ਆਖ਼ੀਰ ਵਿਚ ਉਨ੍ਹਾਂ ਨੂੰ ਮੁਕਤੀ ਪ੍ਰਾਪਤ ਹੋਏ।

ਕਿਸੇ-ਕਿਸੇ ਦਾ ਏਦਾਂ ਦਾ ਮੱਤ ਹੈ ਕਿ ਮਨੁੱਖ ਦਾ ਸਰੀਰ ਬਹੁਤ ਦੋਸ਼ਪੂਰਨ ਹੈ। ਇਹ ਬਲਗਮ ਨਾਲ ਭਰਿਆ, ਪਲ 'ਚ ਨਸ਼ਟ ਹੋਣ ਵਾਲਾ, ਮਿੰਟਾਂ 'ਚ ਬਿਮਾਰੀ ਲੱਗ ਜਾਂਦੀ ਹੈ ਅਤੇ ਇਹ ਨਾਸ਼ ਹੋ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਕਥਨ ਵਿਚ ਕੁਝ ਸੱਚ ਹੈ। ਪਰ ਏਨਾ ਦੋਸ਼ਪੂਰਨ ਹੁੰਦੇ ਹੋਏ ਵੀ ਮਨੁੱਖੀ-ਸਰੀਰ ਦਾ ਮੁੱਲ ਜ਼ਿਆਦਾ ਹੈ, ਕਿਉਂਕਿ ਗਿਆਨ ਦੀ ਪ੍ਰਾਪਤੀ ਸਿਰਫ਼ ਇਸੇ ਜੂਨ ਵਿਚ ਸੰਭਵ ਹੈ। ਮਨੁੱਖ ਦਾ ਸਰੀਰ ਪ੍ਰਾਪਤ ਹੋਣ ਨਾਲ ਹੀ ਤਾਂ ਪਤਾ ਲੱਗਦਾ ਹੈ ਕਿ ਇਹ ਸਰੀਰ ਨਾਸ਼ਵਾਨ ਅਤੇ ਬਦਲਣਹਾਰ ਹੈ ਅਤੇ ਇਸ ਤਰ੍ਹਾਂ ਧਾਰਨਾ ਕਰਕੇ ਇੰਦਰੀਆਂ ਦੇ ਸੁੱਖਾਂ ਨੂੰ ਛੱਡ ਕੇ ਅਤੇ ਸੱਚ ਅਤੇ ਝੂਠ ਦੀ ਪਹਿਚਾਣ ਕਰਕੇ ਈਸ਼ਵਰ ਦਾ ਗਿਆਨ ਕੀਤਾ ਜਾ ਸਕਦਾ ਹੈ। ਇਸ ਲਈ ਜੇ ਅਸੀਂ ਸਰੀਰ ਨੂੰ ਐਵੇਂ ਹੀ ਅਤੇ ਅਪਵਿੱਤਰ ਸਮਝ ਕੇ ਉਸ ਦੀ ਸੰਭਾਲ ਨਾ ਕਰੀਏ ਤਾਂ ਅਸੀਂ ਪ੍ਰਭੂ ਦਰਸ਼ਨ ਦੇ ਮੌਕੇ ਤੋਂ ਵਾਂਝੇ ਰਹਿ ਜਾਵਾਂਗੇ। ਜੇ ਅਸੀਂ ਉਸਨੂੰ ਕੀਮਤੀ ਸਮਝ ਕੇ ਉਸ ਨਾਲ ਪਿਆਰ ਕਰਾਂਗੇ ਤਾਂ ਅਸੀਂ ਇੰਦਰੀਆਂ ਦੇ ਸੁੱਖਾਂ ਵੱਲ ਲੱਗ ਜਾਵਾਂਗੇ ਅਤੇ ਉਦੋਂ ਸਾਡੀ ਅਧੋਗਤੀ ਵੀ ਯਕੀਨੀ ਹੀ ਹੈ।

ਇਸ ਲਈ ਠੀਕ ਮਾਰਗ, ਜਿਸ 'ਤੇ ਚਲਣਾ ਚਾਹੀਦਾ ਹੈ, ਇਹ ਹੈ ਕਿ ਨਾ ਤਾਂ ਦੇਹ ਦੀ ਲਾਪਰਵਾਹੀ ਕਰੋ ਅਤੇ ਨਾ ਹੀ ਉਸ ਨਾਲ ਪਿਆਰ ਕਰੋ। ਸਿਰਫ਼ ਏਨਾ ਹੀ, ਧਿਆਨ ਰੱਖੋ ਕਿ ਕਿਸੇ ਘੋੜਸਵਾਰ ਦਾ ਸਫ਼ਰ ਵਿਚ ਆਪਣੇ ਘੋੜੇ 'ਤੇ ਉਦੋਂ ਤਕ ਮੋਹ ਰਹਿੰਦਾ ਹੈ, ਜਦੋਂ ਤਕ ਉਹ ਆਪਣੀ ਮੰਜ਼ਿਲ 'ਤੇ ਪਹੁੰਚ ਕੇ ਵਾਪਸ ਨਾ ਆ ਜਾਏ। ਇਸ ਲਈ ਪ੍ਰਭੂ-ਦਰਸ਼ਨ ਜਾਂ ਆਤਮਸ਼ਾਖਸ਼ਾਤਕਾਰ ਦੇ ਲਈ ਸਰੀਰ ਨੂੰ ਹਮੇਸ਼ਾਂ ਹੀ ਲਗਾਈ ਰੱਖਣਾ ਚਾਹੀਦਾ ਹੈ, ਜਿਹੜਾ ਜੀਵਨ ਦਾ ਮੁੱਖ ਉਦੇਸ਼ ਹੈ। ਇਹ ਕਿਹਾ ਜਾਂਦਾ ਹੈ ਕਿ ਅਨੇਕਾਂ ਪ੍ਰਾਣੀਆਂ ਨੂੰ ਪੈਦਾ ਕਰਨ ਤੋਂ ਬਾਅਦ ਵੀ ਈਸ਼ਵਰ ਨੂੰ ਤਸੱਲੀ ਨਹੀਂ ਹੋਈ। ਕਾਰਨ ਇਹ ਹੈ ਕਿ ਕੋਈ ਵੀ ਪ੍ਰਾਣੀ ਉਸ ਦੀ ਅਲੌਕਿਕ ਰਚਨਾ ਨੂੰ ਸਮਝਣ ਦੇ ਯੋਗ ਨਾ ਹੋ ਸਕਿਆ ਅਤੇ ਇਸੇ ਕਾਰਨ ਉਸ ਨੇ ਇਕ ਖ਼ਾਸ ਪ੍ਰਾਣੀ ਭਾਵ ਮਨੁੱਖ ਜਾਤੀ ਨੂੰ ਪੈਦਾ ਕੀਤਾ ਅਤੇ ਉਸਨੂੰ ਗਿਆਨ ਦੀ ਖ਼ਾਸ ਸਮਝ ਦਿੱਤੀ। ਜਦੋਂ ਈਸ਼ਵਰ ਨੇ ਦੇਖਿਆ ਕਿ ਮਨੁੱਖ ਉਸ ਦੀ ਲੀਲ੍ਹਾ, ਅਦਭੁੱਤ ਰਚਨਾਵਾਂ ਅਤੇ ਗਿਆਨ ਨੂੰ ਸਮਝਣ ਦੇ ਯੋਗ ਹੈ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਅਤੇ ਤਸੱਲੀ ਹੋਈ। (ਭਾਗਵਤ ਸਕੰਦ 11-9-28 ਦੇ ਅਨੁਸਾਰ)। ਇਸ ਲਈ ਮਨੁੱਖੀ-ਜਨਮ ਮਿਲਣਾ ਬਹੁਤ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਉੱਚੇ ਬ੍ਰਾਹਮਣ ਕੁੱਲ ਵਿਚ ਜਨਮ ਲੈਣਾ ਤਾਂ ਬਹੁਤ ਚੰਗੇ ਭਾਗਾਂ ਦੀ ਨਿਸ਼ਾਨੀ ਹੈ, ਪਰ ਸ੍ਰੀ ਸਾਈਂ ਚਰਣਾਂ ਵਿਚ ਪ੍ਰੀਤੀ ਅਤੇ ਉਨ੍ਹਾਂ ਦੀ ਸ਼ਰਨਾਗਤੀ ਮਿਲਣਾ ਇਨ੍ਹਾਂ ਸਾਰਿਆਂ ਵਿਚੋਂ ਉੱਤਮ ਹੈ।

## ਮਨੁੱਖ ਦੀ ਕੋਸ਼ਿਸ਼

ਇਸ ਸੰਸਾਰ ਵਿਚ ਮਨੁੱਖੀ-ਜਨਮ ਬਹੁਤ ਹੀ ਦੁਰਲੱਭ ਹੈ। ਹਰ ਆਦਮੀ ਦੀ ਮੌਤ ਤਾਂ ਤੈਅ ਹੈ ਅਤੇ ਉਹ ਕਿਸੇ ਪਲ ਵੀ ਉਸਨੂੰ ਜੱਫ਼ਾ ਮਾਰ ਸਕਦੀ ਹੈ। ਇਹੀ ਧਾਰਨਾ ਕਰਕੇ ਸਾਨੂੰ ਆਪਣੇ ਮੰਤਵ ਦੀ ਪ੍ਰਾਪਤੀ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ। ਜਿਸ ਤਰ੍ਹਾਂ ਗੁਆਚੇ ਹੋਏ ਰਾਜਕੁਮਾਰ ਦੀ ਖੋਜ ਵਿਚ ਰਾਜਾ

ਸਾਰੇ ਸੰਭਵ ਤਰੀਕੇ ਪ੍ਰਯੋਗ ਕਰਦਾ ਹੈ, ਇਸੇ ਤਰ੍ਹਾਂ ਜ਼ਰਾ ਵੀ ਦੇਰ ਨਾ ਕਰਕੇ ਸਾਨੂੰ ਆਪਣੇ ਮਨਚਾਹੇ ਮੰਤਵ ਦੀ ਸਿੱਧੀ ਲਈ ਜਲਦੀ ਕਰਨੀ ਹੀ ਬਿਲਕੁਲ ਠੀਕ ਹੈ। ਇਸ ਲਈ ਪੂਰਨ ਲਗਨ ਅਤੇ ਉਤਸ਼ਾਹ ਨਾਲ ਆਪਣੇ ਮੰਤਵ, ਆਲਸ ਅਤੇ ਨੀਂਦ ਨੂੰ ਤਿਆਗ ਕੇ ਈਸ਼ਵਰ ਦਾ ਹਰ ਵੇਲੇ ਧਿਆਨ ਰੱਖਣਾ ਚਾਹੀਦਾ ਹੈ। ਜੇ ਅਸੀਂ ਇਸ ਤਰ੍ਹਾਂ ਨਾ ਕਰ ਸਕੇ ਤਾਂ ਸਾਨੂੰ ਪਸ਼ੂਆਂ ਵਰਗਾ ਹੀ ਆਪਣੇ-ਆਪ ਨੂੰ ਸਮਝਣਾ ਪਵੇਗਾ।

## ਕਿਵੇਂ ਤਿਆਰ ਹੋਣਾ ?

ਜ਼ਿਆਦਾ ਸਫ਼ਲਤਾ ਅਤੇ ਗਿਆਨ ਨੂੰ ਆਸਾਨੀ ਨਾਲ ਪ੍ਰਾਪਤ ਕਰਨ ਦਾ ਇਕੋ-ਇਕ ਤਰੀਕਾ ਹੈ—ਕਿਸੇ ਯੋਗ ਸੰਤ ਜਾਂ ਸਤਿਗੁਰੂ ਦੇ ਚਰਣਾਂ ਦੀ ਸੀਤਲ ਛਾਂ ਦਾ ਆਸਰਾ ਲੈਣਾ, ਜਿਸ ਨੂੰ ਪ੍ਰਭੂ-ਦਰਸ਼ਨ ਹੋ ਚੁੱਕਾ ਹੋਵੇ। ਜਿਹੜਾ ਲਾਭ ਧਾਰਮਿਕ ਵਿਖਿਆਨਾਂ ਦੇ ਸਰਵਣ ਨਾਲ ਅਤੇ ਧਾਰਮਿਕ ਗ੍ਰੰਥਾਂ ਦੇ ਅਧਿਅਨ ਕਰਨ ਨਾਲ ਪ੍ਰਾਪਤ ਨਹੀਂ ਹੋ ਸਕਦਾ, ਉਹ ਇਨ੍ਹਾਂ ਮਹਾਨ ਆਤਮ-ਗਿਆਨੀਆਂ ਦੀ ਸੰਗਤ ਨਾਲ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ। ਜਿਹੜੀ ਰੋਸ਼ਨੀ ਸਾਨੂੰ ਸੂਰਜ ਤੋਂ ਮਿਲਦੀ ਹੈ, ਉਹ ਦੁਨੀਆ ਦੇ ਸਾਰੇ ਤਾਰੇ ਵੀ ਇਕੱਠੇ ਹੋ ਜਾਣ ਤਾਂ ਵੀ ਨਹੀਂ ਦੇ ਸਕਦੇ। ਇਸੇ ਤਰ੍ਹਾਂ ਜਿਸ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਸਾਨੂੰ ਸਤਿਗੁਰੂ ਦੀ ਕ੍ਰਿਪਾ ਨਾਲ ਹੋ ਸਕਦੀ ਹੈ, ਉਹ ਗ੍ਰੰਥਾਂ ਅਤੇ ਉਪਦੇਸ਼ਾਂ ਨਾਲ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ। ਉਨ੍ਹਾਂ ਦੀ ਹਰੇਕ ਗਤੀਵਿਧੀ, ਮਿੱਠੀ ਬੋਲੀ, ਡੂੰਘੇ ਉਪਦੇਸ਼, ਮਾਫ਼ ਕਰਨ ਦੀ ਸ਼ਕਤੀ, ਸਥਿਰਤਾ, ਵੈਰਾਗ, ਦਾਨ ਅਤੇ ਪਰਉਪਕਾਰਿਤਾ, ਮਨੁੱਖੀ-ਸਰੀਰ ਦਾ ਕੰਟਰੋਲ, ਹੰਕਾਰ ਰਹਿਤ ਹੋਣਾ ਆਦਿ ਗੁਣ ਜਿਸ ਤਰ੍ਹਾਂ ਵੀ ਉਹ ਇਸ ਪਵਿੱਤਰ ਭਲਾ ਕਰਨ ਦੀ ਸ਼ਕਤੀ ਨਾਲ ਵਿਹਾਰ ਕਰਦੇ ਹਨ, ਸਤਿਸੰਗ ਨਾਲ ਭਗਤਾਂ ਨੂੰ ਉਸ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਇਸ ਨਾਲ ਮਨ ਜਾਗ ਕੇ ਲਗਾਤਾਰ ਅਧਿਆਤਮਿਕ ਉੱਨਤੀ ਵੱਲ ਵੱਧਦਾ ਹੈ। ਸ੍ਰੀ ਸਾਈਂ ਬਾਬਾ ਇਸੇ ਤਰ੍ਹਾਂ ਦੇ ਇਕ ਸੰਤ ਜਾਂ ਸਤਿਗੁਰੂ ਸੀ। ਭਾਵੇਂ ਉਹ ਬਾਹਰੀ ਰੂਪ ਵਿਚ ਇਕ ਫ਼ਕੀਰ ਦਾ ਸਵਾਂਗ ਕਰਦੇ ਸੀ, ਪਰ ਉਹ ਸਦਾ ਆਤਮਲੀਨ ਰਹਿੰਦੇ ਸਨ। ਉਹ ਸਾਰੇ ਪ੍ਰਾਣੀਆਂ ਨਾਲ ਪਿਆਰ ਕਰਦੇ ਅਤੇ ਉਨ੍ਹਾਂ ਵਿਚ ਭਗਵਤ-ਦਰਸ਼ਨ ਦਾ ਅਨੁਭਵ ਕਰਦੇ ਸੀ। ਸੁੱਖਾਂ ਦੀ ਉਨ੍ਹਾਂ ਨੂੰ ਕੋਈ ਖਿੱਚ ਨਹੀਂ ਸੀ ਅਤੇ ਨਾ ਹੀ ਉਹ ਮੁਸੀਬਤਾਂ ਵਿਚ ਬੇਚੈਨ ਹੁੰਦੇ ਸਨ। ਉਨ੍ਹਾਂ ਲਈ ਅਮੀਰ ਅਤੇ ਫ਼ਕੀਰ ਦੋਵੇਂ ਹੀ ਇਕ ਬਰਾਬਰ ਸਨ, ਜਿਨ੍ਹਾਂ ਦੀ ਕ੍ਰਿਪਾ ਨਾਲ ਭਿਖਾਰੀ ਵੀ ਰਾਜਾ ਬਣ ਸਕਦਾ ਸੀ, ਉਹ ਸ਼ਿਰਡੀ ਵਿਚ ਘਰ-ਘਰ ਜਾ ਕੇ ਭਿੱਖਿਆ ਮੰਗਦੇ ਸੀ। ਇਹ ਕੰਮ ਉਹ ਇਸ ਤਰ੍ਹਾਂ ਕਰਦੇ ਸੀ।

## ਬਾਬਾ ਦਾ ਭਿੱਖਿਆ ਮੰਗਣਾ

ਸ਼ਿਰਡੀ ਵਾਸੀਆਂ ਦੀ ਕਿਸਮਤ ਦੀ ਕੌਣ ਕਲਪਨਾ ਕਰ ਸਕਦਾ ਹੈ, ਜਿਨ੍ਹਾਂ ਦੇ ਦਰਵਾਜ਼ੇ ਉੱਤੇ ਪਾਰਬ੍ਰਹਮ ਭਿਖਾਰੀ ਦੇ ਰੂਪ ਵਿਚ ਖੜੇ ਹੋ ਕੇ ਆਵਾਜ਼ ਦਿੰਦੇ ਸੀ—"ਔ ਮਾਈ! ਇਕ ਰੋਟੀ ਦਾ ਟੁਕੜਾ ਮਿਲੇ।" ਅਤੇ ਉਸਨੂੰ ਲੈਣ ਲਈ ਆਪਣਾ ਹੱਥ ਫੈਲਾਉਂਦੇ ਸੀ। ਇਕ ਹੱਥ ਵਿਚ ਉਹ ਹਮੇਸ਼ਾਂ 'ਟਮਰੇਲ' ਫੜੀ ਰੱਖਦੇ ਅਤੇ ਦੂਸਰੇ ਵਿਚ ਇਕ 'ਝੋਲੀ'। ਕੁਝ ਘਰਾਂ ਵਿਚ ਤਾਂ ਉਹ ਹਰ ਰੋਜ਼ ਹੀ ਜਾਂਦੇ ਅਤੇ ਕਿਸੇ-ਕਿਸੇ ਘਰ ਸਿਰਫ਼

ਫੇਰੀ ਹੀ ਲਗਾਉਂਦੇ ਸੀ। ਉਹ ਸਾਗ, ਦੁੱਧ ਜਾਂ ਲੱਸੀ ਆਦਿ ਚੀਜ਼ਾਂ ਤਾਂ ਟਿਨਪਾਟ ਵਿਚ ਲੈਂਦੇ ਅਤੇ ਭਾਤ ਅਤੇ ਰੋਟੀ ਆਦਿ ਹੋਰ ਸੁੱਕੀਆਂ ਚੀਜ਼ਾਂ ਝੋਲੀ ਵਿਚ ਪਾ ਲੈਂਦੇ ਸੀ। ਬਾਬਾ ਦੀ ਜ਼ੀਭ ਨੂੰ ਸੁਆਦ ਦੀ ਰੁਚੀ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਉਸਨੂੰ ਆਪਣੇ ਵੱਸ ਵਿਚ ਕਰ ਲਿਆ ਸੀ। ਇਸ ਲਈ ਉਹ ਵੱਖ-ਵੱਖ ਚੀਜ਼ਾਂ ਦੇ ਸੁਆਦ ਦੀ ਫ਼ਿਕਰ ਕਿਉਂ ਕਰਦੇ ? ਜੋ ਕੁਝ ਵੀ ਭਿੱਖਿਆ ਵਿਚ ਉਨ੍ਹਾਂ ਨੂੰ ਮਿਲ ਜਾਂਦਾ, ਉਸਨੂੰ ਉਹ ਰਲਾ ਕੇ ਤਸੱਲੀ ਨਾਲ ਖਾ ਲੈਂਦੇ ਸੀ।

ਇਹ ਚੀਜ਼ ਸੁਆਦ ਹੈ ਜਾਂ ਨਹੀਂ, ਬਾਬਾ ਨੇ ਇਸ ਵੱਲ ਕਦੀ ਧਿਆਨ ਨਹੀਂ ਦਿੱਤਾ, ਸਮਝੋ ਕਿ ਉਨ੍ਹਾਂ ਦੀ ਜ਼ੀਭ ਨੂੰ ਸੁਆਦ ਦਾ ਗਿਆਨ ਹੀ ਨਾ ਹੋਵੇ। ਉਹ ਸਿਰਫ਼ ਦੁਪਹਿਰ ਤਕ ਭਿੱਖਿਆ ਮੰਗਦੇ ਸੀ। ਇਹ ਕੰਮ ਬਹੁਤ ਬੇ-ਕਾਇਦਾ ਸੀ। ਕਿਸੇ ਦਿਨ ਤਾਂ ਉਹ ਛੋਟੀ ਜਿਹੀ ਫੇਰੀ ਹੀ ਲਗਾਉਂਦੇ ਸੀ ਅਤੇ ਕਿਸੇ ਦਿਨ 12 ਵਜੇ ਤਕ। ਉਹ ਇਕੱਠਾ ਕੀਤਾ ਭੋਜਨ ਇਕ ਕੁੰਡੀ ਵਿਚ ਪਾ ਦਿੰਦੇ, ਜਿਥੇ ਕੁੱਤੇ, ਬਿੱਲੀਆਂ, ਕਾਂ ਆਦਿ ਆਜ਼ਾਦੀ ਨਾਲ ਭੋਜਨ ਕਰਦੇ ਸੀ। ਬਾਬਾ ਨੇ ਉਨ੍ਹਾਂ ਨੂੰ ਕਦੀ ਨਹੀਂ ਭਜਾਇਆ। ਇਕ ਔਰਤ ਵੀ, ਜਿਹੜੀ ਮਸਜਿਦ ਵਿਚ ਝਾੜੂ ਲਗਾਉਂਦੀ ਸੀ, ਰੋਟੀ ਦੇ ਦਸ-ਬਾਰ੍ਹਾਂ ਟੁਕੜੇ ਚੁੱਕ ਕੇ ਆਪਣੇ ਘਰ ਲੈ ਜਾਂਦੀ ਸੀ, ਪਰ ਕਿਸੇ ਨੇ ਕਦੀ ਉਸ ਨੂੰ ਨਹੀਂ ਰੋਕਿਆ। ਜਿਨ੍ਹਾਂ ਨੇ ਸੁਪਨੇ ਵਿਚ ਵੀ ਬਿੱਲੀਆਂ ਅਤੇ ਕੁੱਤਿਆਂ ਨੂੰ ਕਦੀ ਦੁਤਕਾਰ ਕੇ ਨਹੀਂ ਭਜਾਇਆ, ਉਹ ਭਲਾ ਬੇਸਹਾਰਾ, ਗ਼ਰੀਬਾਂ ਨੂੰ ਰੋਟੀ ਦੇ ਕੁਝ ਟੁਕੜਿਆਂ ਨੂੰ ਚੁੱਕਣ ਤੋਂ ਕਿਉਂ ਰੋਕਦੇ ? ਇਸ ਤਰ੍ਹਾਂ ਦੇ ਮਹਾਨ ਪੁਰਖ ਦਾ ਜੀਵਨ ਧੰਨ ਹੈ। ਸ਼ਿਰਡੀ ਵਾਸੀ ਤਾਂ ਪਹਿਲੇ-ਪਹਿਲੇ ਉਨ੍ਹਾਂ ਨੂੰ ਸਿਰਫ਼ ਇਕ 'ਪਾਗਲ' ਹੀ ਸਮਝਦੇ ਸੀ ਅਤੇ ਉਹ ਸ਼ਿਰਡੀ ਵਿਚ ਇਸੇ ਨਾਂਅ ਨਾਲ ਮਸ਼ਹੂਰ ਵੀ ਹੋ ਗਏ ਸੀ, ਜਿਹੜਾ ਭਿੱਖਿਆ ਦੇ ਕੁਝ ਟੁਕੜਿਆਂ ਨਾਲ ਗੁਜ਼ਾਰਾ ਕਰਦਾ ਹੋਵੇ, ਭਲਾ ਉਸਦਾ ਕੋਈ ਆਦਰ ਕਿਸ ਤਰ੍ਹਾਂ ਕਰਦਾ ? ਪਰ ਉਹ ਤਾਂ ਦਿਆਲੂ ਦਿਲ, ਤਿਆਗੀ ਅਤੇ ਧਰਮਾਤਮਾ ਸੀ। ਭਾਵੇਂ ਉਹ ਬਾਹਰੋਂ ਚੰਚਲ ਅਤੇ ਬੇਚੈਨ ਲੱਗਦੇ ਸੀ, ਪਰ ਦਿਲ ਤੋਂ ਉਹ ਦ੍ਰਿੜ ਅਤੇ ਗੰਭੀਰ ਸਨ। ਉਨ੍ਹਾਂ ਦਾ ਮਾਰਗ ਡੂੰਘਾ ਅਤੇ ਗੂੜ੍ਹ ਸੀ। ਫੇਰ ਵੀ ਪਿੰਡ ਵਿਚ ਕੁੱਝ ਇਸ ਤਰ੍ਹਾਂ ਦੇ ਸ਼ਰਧਾਵਾਨ ਅਤੇ ਭਾਗਾਂ ਵਾਲੇ ਆਦਮੀ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਪਹਿਚਾਣ ਕੇ ਇਕ ਮਹਾਨ-ਪੁਰਖ ਮੰਨਿਆ। ਇਸ ਤਰ੍ਹਾਂ ਦੀ ਇਕ ਘਟਨਾ ਹੇਠਾਂ ਦਿੱਤੀ ਜਾਂਦੀ ਹੈ।

## ਬਾਯਜਾਬਾਈ ਦੀ ਸੇਵਾ

ਤਾਤਿਆ ਕੋਤੇ ਦੀ ਮਾਤਾ, ਜਿਸਦਾ ਨਾਂਅ ਬਾਯਜਾਬਾਈ ਸੀ। ਦੁਪਹਿਰ ਵੇਲੇ ਇਕ ਟੋਕਰੀ ਵਿਚ ਰੋਟੀ ਅਤੇ ਸਬਜ਼ੀ ਲੈ ਕੇ ਜੰਗਲ ਨੂੰ ਜਾਂਦੀ ਹੁੰਦੀ ਸੀ। ਉਹ ਜੰਗਲ ਵਿਚ ਮੀਲਾਂ ਦੂਰ ਤਕ ਜਾਂਦੀ ਅਤੇ ਬਾਬਾ ਨੂੰ ਲੱਭ ਕੇ ਉਨ੍ਹਾਂ ਦੇ ਚਰਣ ਫੜਦੀ ਸੀ। ਬਾਬਾ ਤਾਂ ਸ਼ਾਂਤ ਅਤੇ ਧਿਆਨ ਮਗਨ ਬੈਠੇ ਰਹਿੰਦੇ ਸੀ। ਉਹ ਇਕ ਪੱਤਲ ਵਿਛਾ ਕੇ ਉਸ ਉੱਤੇ ਸਾਰੀ ਤਰ੍ਹਾਂ ਦੇ ਸੁਆਦੀ ਭੋਜਨ ਜਿਵੇਂ ਰੋਟੀ, ਸਾਗ ਆਦਿ ਪਰੋਸਦੀ ਅਤੇ ਬਾਬਾ ਨੂੰ ਭੋਜਨ ਕਰਨ ਲਈ ਬੇਨਤੀ ਕਰਦੀ। ਉਨ੍ਹਾਂ ਦੀ ਸੇਵਾ ਅਤੇ ਸ਼ਰਧਾ ਦਾ ਢੰਗ ਵੀ ਬੜਾ ਵਿਲੱਖਣ

ਸੀ—ਹਰ ਰੋਜ਼ ਜੰਗਲ ਵਿਚ ਬਾਬਾ ਨੂੰ ਲੱਭਣਾ ਅਤੇ ਭੋਜਨ ਲਈ ਬੇਨਤੀ ਕਰਨੀ। ਉਨ੍ਹਾਂ ਦੀ ਇਸ ਸੇਵਾ ਅਤੇ ਉਪਾਸਨਾ ਦੀ ਯਾਦ ਬਾਬਾ ਨੂੰ ਆਪਣੇ ਆਖ਼ਰੀ ਦਮ ਤਕ ਬਣੀ ਰਹੀ। ਉਨ੍ਹਾਂ ਦੀ ਸੇਵਾ ਦਾ ਧਿਆਨ ਕਰਕੇ ਬਾਬਾ ਨੇ ਉਨ੍ਹਾਂ ਦੇ ਪੁੱਤਰ ਨੂੰ ਬਹੁਤ ਲਾਭ ਪਹੁੰਚਾਇਆ। ਮਾਂ ਅਤੇ ਪੁੱਤਰ ਦੋਨਾਂ ਦੀ ਹੀ ਫ਼ਕੀਰ 'ਤੇ ਪੱਕੀ ਸ਼ਰਧਾ ਸੀ। ਉਨ੍ਹਾਂ ਨੇ ਬਾਬਾ ਨੂੰ ਸਦਾ ਈਸ਼ਵਰ ਵਾਂਗ ਹੀ ਪੂਜਿਆ। ਬਾਬਾ ਉਨ੍ਹਾਂ ਨੂੰ ਕਦੀ-ਕਦੀ ਕਹਿੰਦੇ ਹੁੰਦੇ ਸੀ ਕਿ "ਫ਼ਕੀਰੀ ਹੀ ਸੱਚੀ ਅਮੀਰੀ ਹੈ। ਉਸ ਦਾ ਕੋਈ ਅੰਤ ਨਹੀਂ। ਜਿਸ ਨੂੰ ਅਮੀਰੀ ਦੇ ਨਾਂਅ ਨਾਲ ਪੁਕਾਰਿਆ ਜਾਂਦਾ ਹੈ, ਉਹ ਜਲਦੀ ਹੀ ਗਾਇਬ ਹੋ ਜਾਣ ਵਾਲੀ ਹੈ।" ਕੁਝ ਸਾਲਾਂ ਬਾਅਦ ਬਾਬਾ ਨੇ ਜੰਗਲ ਵਿਚ ਘੁੰਮਣਾ ਤਿਆਗ ਦਿੱਤਾ। ਉਹ ਪਿੰਡ ਵਿਚ ਰਹਿਣ ਅਤੇ ਮਸਜਿਦ ਵਿਚ ਹੀ ਭੋਜਨ ਕਰਨ ਲੱਗ ਪਏ। ਇਸ ਲਈ ਬਾਯਜਾਬਾਈ ਨੂੰ ਵੀ ਉਨ੍ਹਾਂ ਨੂੰ ਜੰਗਲ ਵਿਚੋਂ ਲੱਭਣ ਦੀ ਤਕਲੀਫ਼ ਤੋਂ ਛੁਟਕਾਰਾ ਮਿਲ ਗਿਆ।

## ਤਿੰਨਾਂ ਦਾ ਸੌਣ ਦਾ ਢੰਗ

ਉਹ ਸੰਤ ਪੁਰਖ ਧੰਨ ਹਨ, ਜਿਨ੍ਹਾਂ ਦੇ ਹਿਰਦੇ ਵਿਚ ਭਗਵਾਨ ਵਾਸੂਦੇਵ ਸਦਾ ਵਾਸ ਕਰਦੇ ਹਨ। ਉਹ ਭਗਤ ਵੀ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦਾ ਸਾਥ ਮਿਲਦਾ ਹੈ। ਇਸ ਤਰ੍ਹਾਂ ਦੇ ਹੀ ਦੋ ਭਾਗਾਂ ਵਾਲੇ ਭਗਤ ਸਨ— (1) ਤਾਤਿਆ ਕੋਤੇ ਪਾਟਿਲ (2) ਭਗਤ ਮਹਾਲਸਾਪਤਿ। ਦੋਵਾਂ ਨੇ ਬਾਬਾ ਦੀ ਨੇੜਤਾ ਦਾ ਹਮੇਸ਼ਾਂ ਪੂਰਾ ਲਾਭ ਲਿਆ। ਬਾਬਾ ਦੋਵਾਂ ਨਾਲ ਇਕੋ ਜਿਹਾ ਪਿਆਰ ਕਰਦੇ ਸੀ। ਇਹ ਤਿੰਨੇ ਮਹਾਨੁਭਾਵ ਮਸਜਿਦ ਵਿਚ ਆਪਣੇ ਸਿਰ ਪੂਰਬ, ਪੱਛਮ ਅਤੇ ਉੱਤਰ ਵੱਲ ਕਰਦੇ ਅਤੇ ਵਿਚਕਾਰ ਇਕ ਦੂਸਰੇ ਦੇ ਪੈਰਾਂ ਨਾਲ ਪੈਰ ਜੋੜ ਕੇ ਸੌਂਦੇ ਸੀ। ਬਿਸਤਰੇ ਵਿਚ ਲੰਮੇ ਪਏ-ਪਏ ਹੀ ਉਹ ਅੱਧੀ ਰਾਤ ਤਕ ਪਿਆਰ ਨਾਲ ਗੱਲਬਾਤ ਅਤੇ ਇੱਧਰ-ਉਧਰ ਦੀ ਚਰਚਾ ਕਰਦੇ ਹੁੰਦੇ ਸੀ। ਜੇ ਕਿਸੇ ਨੂੰ ਵੀ ਨੀਂਦ ਆਉਣ ਲੱਗਦੀ ਤਾਂ ਦੂਸਰਾ ਉਸਨੂੰ ਜਗਾ ਦਿੰਦਾ ਸੀ। ਜੇ ਤਾਤਿਆ ਘੁਰਾੜੇ ਮਾਰਨ ਲੱਗਦਾ ਤਾਂ ਬਾਬਾ ਫਟਾਫੱਟ ਉੱਠ ਕੇ ਉਸਨੂੰ ਹਿਲਾਉਂਦੇ ਅਤੇ ਸਿਰ ਫੜ ਕੇ ਜ਼ੋਰ ਨਾਲ ਦੱਬਦੇ ਸੀ। ਜੇ ਕਦੀ ਉਹ ਮਹਾਲਸਾਪਤਿ ਹੁੰਦੇ ਤਾਂ ਉਨ੍ਹਾਂ ਨੂੰ ਵੀ ਆਪਣੇ ਵੱਲ ਖਿੱਚਦੇ ਅਤੇ ਪੈਰਾਂ ਉੱਪਰ ਧੱਕਾ ਦੇ ਕੇ ਪਿੱਠ ਥਪਥਪਾਉਂਦੇ ਸੀ। ਇਸ ਤਰ੍ਹਾਂ ਤਾਤਿਆ ਨੇ 14 ਸਾਲਾਂ ਤਕ ਆਪਣੇ ਮਾਤਾ-ਪਿਤਾ ਨੂੰ ਘਰ ਵਿਚ ਹੀ ਛੱਡ ਕੇ ਬਾਬਾ ਦੇ ਪਿਆਰ ਦੀ ਖ਼ਾਤਿਰ ਮਸਜਿਦ ਵਿਚ ਨਿਵਾਸ ਕੀਤਾ। ਕਿੰਨੇ ਸੋਹਣੇ ਦਿਨ ਸਨ ਉਹ! ਉਨ੍ਹਾਂ ਨੂੰ ਕੀ ਕੋਈ ਕਦੀ ਭੁੱਲ ਸਕਦਾ ਹੈ? ਉਸ ਪਿਆਰ ਦਾ ਕੀ ਕਹਿਣਾ? ਬਾਬਾ ਦੀ ਕ੍ਰਿਪਾ ਦਾ ਮੁੱਲ ਕਿਸ ਤਰ੍ਹਾਂ ਲਗਾਇਆ ਜਾ ਸਕਦਾ ਸੀ? ਪਿਤਾ ਦੀ ਮੌਤ ਹੋਣ ਦੇ ਬਾਅਦ ਤਾਤਿਆ ਉਪਰ ਘਰ-ਬਾਰ ਦੀ ਜ਼ਿੰਮੇਵਾਰੀ ਆ ਪਈ, ਇਸ ਲਈ ਉਹ ਆਪਣੇ ਘਰ ਜਾ ਕੇ ਰਹਿਣ ਲੱਗੇ।

## ਰਾਹਾਤਾ ਵਾਸੀ ਖੁਸ਼ਾਲ ਚੰਦ

ਸ਼ਿਰਡੀ ਦੇ ਗਣਪਤ ਤਾਤਿਆ ਕੋਤੇ ਨੂੰ ਬਾਬਾ ਬਹੁਤ ਹੀ ਚਾਹੁੰਦੇ ਸੀ। ਉਹ ਰਾਹਾਤਾ ਦੇ ਮਾਰਵਾੜੀ ਸੇਠ ਸ੍ਰੀ ਚੰਦਰਭਾਨ ਨੂੰ ਵੀ ਬਹੁਤ ਪਿਆਰ ਕਰਦੇ ਸੀ। ਸੇਠ ਜੀ ਦੀ ਮੌਤ ਦੇ ਬਾਅਦ ਬਾਬਾ ਉਨ੍ਹਾਂ ਦੇ ਭਤੀਜੇ

ਖੁਸ਼ਾਲ ਚੰਦ ਨੂੰ ਵੀ ਬਹੁਤ ਪਿਆਰ ਕਰਦੇ ਸੀ। ਬਾਬਾ ਉਨ੍ਹਾਂ ਦੇ ਕਲਿਆਣ ਦੀ ਦਿਨ-ਰਾਤ ਫ਼ਿਕਰ ਕਰਦੇ ਹੁੰਦੇ ਸੀ। ਕਦੀ ਬੈਲਗੱਡੀ ਵਿਚ ਅਤੇ ਕਦੇ ਟਾਂਗੇ ਵਿਚ ਉਹ ਆਪਣੇ ਖ਼ਾਸ ਦੋਸਤਾਂ ਦੇ ਨਾਲ ਰਾਹਤਾ ਜਾਂਦੇ ਹੁੰਦੇ ਸੀ। ਪਿੰਡ ਵਾਸੀ ਬਾਬਾ ਦੇ ਪਿੰਡ ਦੇ ਫਾਟਕ ਕੋਲ ਆਉਂਦੇ ਹੀ ਉਨ੍ਹਾਂ ਦਾ ਅਨੋਖਾ ਸਵਾਗਤ ਕਰਦੇ ਅਤੇ ਉਨ੍ਹਾਂ ਨੂੰ ਪ੍ਰਨਾਮ ਕਰਕੇ ਬੜੀ ਧੂਮਧਾਮ ਨਾਲ ਪਿੰਡ ਲੈ ਕੇ ਜਾਂਦੇ ਅਤੇ ਨਰਮ ਆਸਨ ਉੱਪਰ ਬੈਠਾ ਕੇ ਚੰਗਾ ਅਤੇ ਬਹੁਤ ਸੁਆਦੀ ਭੋਜਨ ਕਰਾਉਂਦੇ ਅਤੇ ਖੁਸ਼ ਤੇ ਪ੍ਰਸੰਨਚਿਤ ਨਾਲ ਕੁਝ ਦੇਰ ਗੱਲਬਾਤ ਕਰਦੇ ਸੀ। ਫੇਰ ਬਾਬਾ ਸਾਰਿਆਂ ਨੂੰ ਖੁਸ਼ ਕਰਕੇ ਅਤੇ ਆਸ਼ੀਰਵਾਦ ਦੇ ਕੇ ਸ਼ਿਰਡੀ ਵਾਪਸ ਆ ਜਾਂਦੇ ਸੀ।

ਇਕ ਪਾਸੇ ਰਾਹਤਾ (ਦੱਖਣ ਵਿਚ) ਅਤੇ ਦੂਸਰੇ ਪਾਸੇ ਨੀਮਗਾਂਵ (ਉੱਤਰ ਵਿਚ) ਸੀ। ਇਨ੍ਹਾਂ ਦੋਵਾਂ ਪਿੰਡਾਂ ਦੇ ਵਿਚਕਾਰ ਸ਼ਿਰਡੀ ਪੈਂਦੀ ਹੈ। ਬਾਬਾ ਆਪਣੇ ਜੀਵਨ-ਕਾਲ ਵਿਚ ਕਦੀ ਵੀ ਇਨ੍ਹਾਂ ਹੱਦਾਂ ਦੇ ਪਾਰ ਨਹੀਂ ਗਏ। ਉਨ੍ਹਾਂ ਨੇ ਕਦੇ ਰੇਲਗੱਡੀ ਨਹੀਂ ਦੇਖੀ ਅਤੇ ਨਾ ਕਦੇ ਉਸ ਵਿਚ ਗਏ ਹੀ, ਪਰ ਫੇਰ ਵੀ ਉਨ੍ਹਾਂ ਨੂੰ ਸਾਰੀਆਂ ਗੱਡੀਆਂ ਦੇ ਆਉਣ-ਜਾਣ ਦਾ ਵਕਤ ਠੀਕ-ਠੀਕ ਪਤਾ ਹੁੰਦਾ ਸੀ। ਜਿਹੜੇ ਭਗਤ ਬਾਬਾ ਕੋਲੋਂ ਵਾਪਸ ਜਾਣ ਦੀ ਆਗਿਆ ਮੰਗਦੇ ਅਤੇ ਉਨ੍ਹਾਂ ਦੀ ਆਗਿਆ ਅਨੁਸਾਰ ਚੱਲਦੇ, ਉਹ ਠੀਕ-ਠਾਕ ਘਰ ਪਹੁੰਚ ਜਾਂਦੇ ਸੀ। ਪਰ ਇਸਦੇ ਉਲਟ ਜਿਹੜੇ ਆਗਿਆ ਨਹੀਂ ਮੰਨਦੇ, ਉਨ੍ਹਾਂ ਨੂੰ ਬਦਕਿਸਮਤੀ ਅਤੇ ਦੁਰਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਵਿਸ਼ੇ ਦੀਆਂ ਘਟਨਾਵਾਂ ਅਤੇ ਹੋਰ ਵਿਸ਼ਿਆਂ ਦਾ ਅਗਲੇ ਅਧਿਆਇ ਵਿਚ ਵਿਸਥਾਰ ਨਾਲ ਵਰਨਣ ਕੀਤਾ ਜਾਏਗਾ।

## ਵਿਸ਼ੇਸ਼

ਇਸ ਅਧਿਆਇ ਦੇ ਹੇਠਾਂ ਦਿੱਤੀ ਟਿੱਪਣੀ ਬਾਬਾ ਦੇ ਖੁਸ਼ਾਲ ਚੰਦ ਨਾਲ ਪਿਆਰ ਦੇ ਬਾਰੇ ਵਿਚ ਹੈ। ਕਿਸ ਤਰ੍ਹਾਂ ਉਨ੍ਹਾਂ ਨੇ ਕਾਕਾਸਾਹਿਬ ਦਿਕਸ਼ਿਤ ਨੂੰ ਰਾਹਾਤਾ ਜਾ ਕੇ ਖੁਸ਼ਾਲ ਚੰਦ ਨੂੰ ਲਿਆਉਣ ਲਈ ਕਿਹਾ ਅਤੇ ਉਸੇ ਦੁਪਹਿਰ ਨੂੰ ਸੁਪਨੇ ਵਿਚ ਖੁਸ਼ਾਲ ਚੰਦ ਨੂੰ ਸ਼ਿਰਡੀ ਆਉਣ ਲਈ ਆਖਿਆ, ਇਸ ਦਾ ਜ਼ਿਕਰ ਇਥੇ ਨਹੀਂ ਕੀਤਾ ਗਿਆ, ਕਿਉਂਕਿ ਇਸਦਾ ਵਰਨਣ ਇਸ ਸੱਚਰਿੱਤਰ ਦੇ 30ਵੇਂ ਅਧਿਆਇ ਵਿਚ ਕੀਤਾ ਜਾਏਗਾ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**



# ॥ ਅਧਿਆਇ-9 ॥

***ਰਵਾਨਾ ਹੋਣ ਵੇਲੇ ਬਾਬਾ ਦੀ ਆਗਿਆ ਦਾ ਪਾਲਣ ਅਤੇ ਹੁਕਮ ਅਦੂਲੀ ਕਰਨ ਦੇ ਨਤੀਜਿਆਂ ਦੇ ਕੁਝ ਉਦਾਹਰਣ, ਭਿੱਖਿਆ ਮੰਗਣਾ ਅਤੇ ਉਸਦੀ ਜ਼ਰੂਰਤ, ਭਗਤਾਂ (ਤਰਖੰਡ ਪਰਿਵਾਰ) ਦੇ ਅਨੁਭਵ।***

ਪਿਛਲੇ ਅਧਿਆਇ ਦੇ ਆਖ਼ੀਰ ਵਿਚ ਸਿਰਫ਼ ਏਨਾ ਹੀ ਦੱਸਿਆ ਸੀ ਕਿ ਵਾਪਸ ਜਾਣ ਵੇਲੇ ਜਿਨ੍ਹਾਂ ਨੇ ਬਾਬਾ ਦੀ ਆਗਿਆ ਦਾ ਪਾਲਣ ਕੀਤਾ, ਉਹ ਠੀਕ-ਠਾਕ ਘਰ ਵਾਪਸ ਪਹੁੰਚੇ ਅਤੇ ਜਿਨ੍ਹਾਂ ਨੇ ਆਗਿਆ ਨਹੀਂ ਮੰਨੀ, ਉਨ੍ਹਾਂ ਨੂੰ ਦੁਰਘਟਨਾਵਾਂ ਦਾ ਸਾਹਮਣਾ ਕਰਨਾ ਪਿਆ। ਇਸ ਅਧਿਆਇ ਵਿਚ ਇਹ ਕਥਨ ਅਤੇ ਕਈ ਹੋਰ ਸਬੂਤ ਦੇ ਤੌਰ 'ਤੇ ਘਟਨਾਵਾਂ ਅਤੇ ਕਈ ਹੋਰ ਵਿਸ਼ਿਆਂ ਦੇ ਨਾਲ ਵਿਸਥਾਰ ਨਾਲ ਸਮਝਾਇਆ ਜਾਏਗਾ।

## ਸ਼ਿਰਡੀ ਯਾਤਰਾ ਦੀ ਵਿਸ਼ੇਸ਼ਤਾ

ਸ਼ਿਰਡੀ ਯਾਤਰਾ ਦੀ ਇਕ ਖ਼ਾਸ ਗੱਲ ਇਹ ਸੀ ਕਿ ਬਾਬਾ ਦੀ ਆਗਿਆ ਤੋਂ ਬਗ਼ੈਰ ਕੋਈ ਵੀ ਸ਼ਿਰਡੀ ਤੋਂ ਜਾ ਨਹੀਂ ਸਕਦਾ ਸੀ ਅਤੇ ਜੇ ਕਿਸੇ ਨੇ ਇਸ ਤਰ੍ਹਾਂ ਕੀਤਾ ਵੀ, ਤਾਂ ਸਮਝੋ ਉਸ ਨੇ ਅਨੇਕਾਂ ਤਕਲੀਫ਼ਾਂ ਨੂੰ ਸਹੇੜ ਲਿਆ। ਪਰ ਜੇ ਕਿਸੇ ਨੂੰ ਸ਼ਿਰਡੀ ਤੋਂ ਜਾਣ ਦੀ ਆਗਿਆ ਹੋਈ ਤਾਂ ਫੇਰ ਉਹ ਉਥੇ ਰੁੱਕ ਨਹੀਂ ਸਕਦਾ ਸੀ। ਜਦੋਂ ਭਗਤ ਵਾਪਸੀ ਵੇਲੇ ਬਾਬਾ ਨੂੰ ਪ੍ਰਨਾਮ ਕਰਨ ਜਾਂਦੇ ਤਾਂ ਬਾਬਾ ਉਨ੍ਹਾਂ ਨੂੰ ਕੁਝ ਹੁਕਮ ਦਿੰਦੇ ਸੀ, ਜਿਨ੍ਹਾਂ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਸੀ। ਜੇ ਇਨ੍ਹਾਂ ਹੁਕਮਾਂ ਦੀ ਪਰਵਾਹ ਕੀਤੇ ਬਗ਼ੈਰ ਕੋਈ ਵਾਪਸ ਗਿਆ ਤਾਂ ਪੱਕਾ ਹੀ ਉਸ ਨੂੰ ਕਿਸੇ ਨਾ ਕਿਸੇ ਦੁਰਘਟਨਾ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਤਰ੍ਹਾਂ ਦੇ ਕੁਝ ਉਦਾਹਰਣ ਇਥੇ ਦਿੱਤੇ ਜਾਂਦੇ ਹਨ।

## ਤਾਤਿਆ ਕੋਤੇ ਪਾਟਿਲ

ਇਕ ਵਾਰੀ ਤਾਤਿਆ ਕੋਤੇ ਪਾਟਿਲ ਟਾਂਗੇ ਵਿਚ ਬੈਠ ਕੇ ਕੋਪਰਗਾਂਵ ਦੇ ਬਾਜ਼ਾਰ ਜਾ ਰਹੇ ਸੀ। ਉਹ ਜਲਦੀ ਨਾਲ ਮਸਜਿਦ ਵਿਚ ਆਏ। ਬਾਬਾ ਨੂੰ ਨਮਸਕਾਰ ਕੀਤਾ ਅਤੇ ਕਿਹਾ ਕਿ ਮੈਂ ਕੋਪਰਗਾਂਵ ਦੇ ਬਾਜ਼ਾਰ ਜਾ ਰਿਹਾ ਹਾਂ। ਬਾਬਾ ਨੇ ਕਿਹਾ, "ਜਲਦੀ ਨਾ ਕਰੋ, ਜ਼ਰਾ ਠਹਿਰੋ। ਬਾਜ਼ਾਰ ਜਾਣ ਦਾ ਖ਼ਿਆਲ ਛੱਡ ਦਿਉ ਅਤੇ ਪਿੰਡ ਦੇ ਬਾਹਰ ਨਾ ਜਾਉ।" ਉਸ ਦੀ ਕਾਹਲੀ ਨੂੰ ਦੇਖ ਕੇ ਬਾਬਾ ਨੇ ਕਿਹਾ, "ਚੰਗਾ ਘੱਟੋ-ਘੱਟ ਸ਼ਾਮਾ ਨੂੰ ਤਾਂ ਨਾਲ ਲੈ ਜਾਉ।" ਬਾਬਾ ਦੀ ਆਗਿਆ ਨਾ ਮੰਨ ਕੇ ਉਨ੍ਹਾਂ ਨੇ ਉਸੇ ਵੇਲੇ ਟਾਂਗਾ ਅੱਗੇ ਤੋਰਿਆ। ਟਾਂਗੇ ਦੇ ਦੋ ਘੋੜਿਆਂ ਵਿਚੋਂ ਇਕ ਜਿਸ ਦਾ ਮੁੱਲ ਲਗਭਗ ਤਿਨ ਸੌ (300) ਰੁਪਏ ਸੀ, ਬਹੁਤ ਚੰਚਲ ਅਤੇ ਤੇਜ਼ ਦੌੜਨ ਵਾਲਾ ਸੀ। ਰਸਤੇ ਵਿਚ ਸਾਵਲੀ ਵਿਹੀਰ ਪਿੰਡ ਪਾਰ ਕਰਨ ਬਾਅਦ ਹੀ ਉਹ ਬਹੁਤ ਤੇਜ਼ੀ



ਨਾਲ ਦੌੜਨ ਲੱਗਾ। ਅਚਾਨਕ ਹੀ ਉਸ ਦੇ ਲੱਕ ਵਿਚ ਮੋਚ ਆ ਗਈ। ਉਹ ਉਥੇ ਹੀ ਡਿੱਗ ਪਿਆ। ਹਾਲਾਂਕਿ ਤਾਤਿਆ ਨੂੰ ਕੋਈ ਜ਼ਿਆਦਾ ਸੱਟ ਤਾਂ ਨਹੀਂ ਲੱਗੀ, ਪਰ ਉਸ ਨੂੰ ਆਪਣੀ ਸਾਈਂ ਮਾਂ ਦੇ ਹੁਕਮਾਂ ਦੀ ਯਾਦ ਜ਼ਰੂਰ ਆਈ। ਇਕ ਹੋਰ ਮੌਕੇ ਕੋਲਹਾਰ ਪਿੰਡ ਜਾਂਦੇ ਹੋਏ ਵੀ ਉਨ੍ਹਾਂ ਨੇ ਬਾਬਾ ਦੇ ਹੁਕਮਾਂ ਦਾ ਪਾਲਣ ਨਹੀਂ ਕੀਤਾ ਅਤੇ ਉਪਰ ਵਾਲੀ ਘਟਨਾ ਵਰਗੀ ਹੀ ਦੁਰਘਟਨਾ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪਿਆ ਸੀ।

## ਇਕ ਯੂਰਪੀਅਨ ਸੱਜਣ

ਇਕ ਵਾਰੀ ਬੰਬਈ ਦੇ ਇਕ ਯੂਰਪੀਅਨ ਸੱਜਣ (ਅੰਗਰੇਜ਼), ਨਾਨਾਸਾਹਿਬ ਚਾਂਦੋਰਕਰ ਕੋਲੋਂ ਚਿੱਠੀ ਲੈ ਕੇ ਕਿਸੇ ਖ਼ਾਸ ਕੰਮ ਲਈ ਸ਼ਿਰਡੀ ਆਏ। ਉਨ੍ਹਾਂ ਨੂੰ ਇਕ ਸ਼ਾਨਦਾਰ ਤੰਬੂ ਵਿਚ ਠਹਿਰਾਇਆ ਗਿਆ। ਉਹ ਤਾਂ ਬਾਬਾ ਅੱਗੇ ਝੁਕ ਕੇ ਉਨ੍ਹਾਂ ਦੇ ਹੱਥਾਂ ਨੂੰ ਚੁੰਮਣਾ ਚਾਹੁੰਦੇ ਸੀ। ਇਸ ਲਈ ਉਨ੍ਹਾਂ ਨੇ ਤਿੰਨ ਵਾਰੀ ਮਸਜਿਦ ਦੀਆਂ ਪੌੜੀਆਂ ਚੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਬਾਬਾ ਨੇ ਉਨ੍ਹਾਂ ਨੂੰ ਆਪਣੇ ਨੇੜੇ ਆਉਣ ਤੋਂ ਰੋਕ ਦਿੱਤਾ। ਉਨ੍ਹਾਂ ਨੂੰ ਵਿਹੜੇ ਵਿਚ ਹੀ ਠਹਿਰਨ ਅਤੇ ਉਥੋਂ ਹੀ ਦਰਸ਼ਨ ਕਰਨ ਦੀ ਆਗਿਆ ਮਿਲੀ। ਇਸ ਅਜ਼ੀਬ ਸਵਾਗਤ ਤੋਂ ਨਾਖ਼ੁਸ਼ ਹੋ ਕੇ ਉਨ੍ਹਾਂ ਜਲਦੀ ਹੀ ਸ਼ਿਰਡੀ ਤੋਂ ਵਾਪਸ ਜਾਣ ਦਾ ਵਿਚਾਰ ਕੀਤਾ ਅਤੇ ਰਵਾਨਗੀ ਦੀ ਆਗਿਆ ਲੈਣ ਲਈ ਉਹ ਉਥੇ ਆਏ। ਬਾਬਾ ਨੇ ਉਨ੍ਹਾਂ ਨੂੰ ਅਗਲੇ ਦਿਨ ਜਾਣ ਅਤੇ ਜਲਦੀ ਨਾ ਕਰਨ ਦੀ ਸਲਾਹ ਦਿੱਤੀ। ਹੋਰ ਭਗਤਾਂ ਨੇ ਵੀ ਉਨ੍ਹਾਂ ਨੂੰ ਬਾਬਾ ਦਾ ਹੁਕਮ ਮੰਨਣ ਦੀ ਬੇਨਤੀ ਕੀਤੀ ਪਰ ਉਹ ਸਾਰਿਆਂ ਦੀ ਗੱਲ ਨਾ ਮੰਨ ਕੇ ਟਾਂਗੇ ਵਿਚ ਬੈਠ ਕੇ ਰਵਾਨਾ ਹੋ ਗਏ। ਕੁਝ ਦੂਰ ਤੱਕ ਤਾਂ ਘੋੜੇ ਠੀਕ-ਠਾਕ ਚਲਦੇ ਰਹੇ। ਪਰ ਸਾਵਲੀ ਵਿਹੀਰ ਨਾਂਅ ਦਾ ਪਿੰਡ ਪਾਰ ਕਰਨ ਲੱਗੇ ਇਕ ਸਾਈਕਲ ਅੱਗੋਂ ਆਈ, ਜਿਸ ਨੂੰ ਦੇਖ ਕੇ ਘੋੜੇ ਡਰ ਗਏ ਅਤੇ ਤੇਜ਼ੀ ਨਾਲ ਦੌੜਨ ਲੱਗੇ। ਫ਼ਲਸਰੂਪ, ਟਾਂਗਾ ਉਲਟ ਗਿਆ ਅਤੇ ਅੰਗਰੇਜ਼ ਸੱਜਣ ਥੱਲੇ ਲਟਕ ਗਏ ਅਤੇ ਕੁਝ ਦੂਰ ਤਕ ਟਾਂਗੇ ਦੇ ਨਾਲ-ਨਾਲ ਘਸੀਟੇ ਗਏ। ਲੋਕਾਂ ਨੇ ਉਸੇ ਵੇਲੇ ਦੌੜ ਕੇ ਉਨ੍ਹਾਂ ਨੂੰ ਬਚਾ ਲਿਆ, ਪਰ ਸੱਟਾਂ ਜ਼ਿਆਦਾ ਲੱਗਣ ਕਰਕੇ ਉਨ੍ਹਾਂ ਨੂੰ ਕੋਪਰਗਾਂਵ ਦੇ ਹਸਪਤਾਲ ਵਿਚ ਰਹਿਣਾ ਪਿਆ। ਇਸ ਘਟਨਾ ਤੋਂ ਭਗਤਾਂ ਨੇ ਸਬਕ ਸਿੱਖਿਆ ਕਿ ਜਿਹੜੇ ਬਾਬਾ ਦੇ ਹੁਕਮ ਨੂੰ ਨਹੀਂ ਮੰਨਦੇ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਦੁਰਘਟਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਜਿਹੜੇ ਉਨ੍ਹਾਂ ਦੀ ਆਗਿਆ ਮੰਨਦੇ ਹਨ, ਉਹ ਠੀਕ-ਠਾਕ ਅਤੇ ਆਰਾਮ ਨਾਲ ਘਰ ਪਹੁੰਚ ਜਾਂਦੇ ਹਨ।

## ਭਿੱਖਿਆ ਮੰਗਣ ਦੀ ਜ਼ਰੂਰਤ

ਹੁਣ ਅਸੀਂ ਭਿੱਖਿਆ ਮੰਗਣ ਦੇ ਸੁਆਲ ਉੱਪਰ ਵਿਚਾਰ ਕਰਾਂਗੇ। ਸੰਭਵ ਹੈ, ਕੁਝ ਲੋਕਾਂ ਦੇ ਮਨ ਵਿਚ ਸ਼ੱਕ ਪੈਦਾ ਹੋਵੇ ਕਿ ਜਦੋਂ ਬਾਬਾ ਏਨੇ ਮਹਾਨ ਪੁਰਖ ਸੀ ਤਾਂ ਫੇਰ ਉਨ੍ਹਾਂ ਨੇ ਸਾਰੀ ਉਮਰ ਭਿੱਖਿਆ ਮੰਗ ਕੇ ਹੀ ਕਿਉਂ ਗੁਜ਼ਾਰਾ ਕੀਤਾ?

ਇਸ ਸੁਆਲ ਨੂੰ ਦੋ ਦ੍ਰਿਸ਼ਟੀਕੋਣ ਅੱਗੇ ਰੱਖ ਕੇ ਹੱਲ ਕੀਤਾ ਜਾ ਸਕਦਾ ਹੈ।

## ਪਹਿਲਾ ਦ੍ਰਿਸ਼ਟੀਕੋਣ

ਭਿੱਖਿਆ ਮੰਗ ਕੇ ਗੁਜ਼ਾਰਾ ਕਰਨ ਦਾ ਕੌਣ ਹੱਕਦਾਰ ਹੈ ?

ਸ਼ਾਸਤਰਾਂ ਅਨੁਸਾਰ ਉਹ ਆਦਮੀ, ਜਿਸ ਨੇ ਤਿੰਨ ਮੁੱਖ ਮੋਹ—1) ਕਾਮਿਨੀ, 2) ਕਾਂਚਨ, 3) ਕੀਰਤੀ ਦਾ ਤਿਆਗ ਕਰਕੇ, ਮੋਹ-ਮੁਕਤ ਹੋ ਕੇ ਸੰਨਿਆਸ ਲੈ ਲਿਆ ਹੋਵੇ, ਉਹ ਹੀ ਭਿੱਖਿਆ ਮੰਗਣ ਦਾ ਅਸਲੀ ਹੱਕਦਾਰ ਹੈ, ਕਿਉਂਕਿ ਉਹ ਆਪਣੇ ਘਰ ਵਿਚ ਭੋਜਨ ਤਿਆਰ ਕਰਨ ਦਾ ਪ੍ਰਬੰਧ ਨਹੀਂ ਕਰ ਸਕਦਾ। ਇਸ ਲਈ ਉਨ੍ਹਾਂ ਨੂੰ ਭੋਜਨ ਕਰਾਉਣ ਦਾ ਭਾਰ ਗ੍ਰਹਿਸਥੀਆਂ 'ਤੇ ਹੀ ਹੈ। ਸ੍ਰੀ ਸਾਈਂ ਬਾਬਾ ਨਾ ਤਾਂ ਗ੍ਰਹਿਸਥੀ ਸੀ ਅਤੇ ਨਾ ਵਾਨਪ੍ਰਸਥੀ। ਉਹ ਤਾਂ ਬਾਲ-ਬ੍ਰਹਮਚਾਰੀ ਸੀ। ਉਨ੍ਹਾਂ ਦੀ ਇਹ ਪੱਕੀ ਭਾਵਨਾ ਸੀ ਕਿ ਸਾਰਾ ਸੰਸਾਰ ਹੀ ਮੇਰਾ ਘਰ ਹੈ। ਉਹ ਤਾਂ ਆਪ ਹੀ ਭਗਵਾਨ ਵਾਸੂਦੇਵ, ਦੁਨੀਆ ਦੇ ਪਾਲਣਹਾਰ ਅਤੇ ਪਾਰਬ੍ਰਹਮ ਸੀ। ਇਸ ਲਈ ਉਹ ਭਿੱਖਿਆ ਲੈਣ ਦੇ ਪੂਰੇ ਹੱਕਦਾਰ ਸਨ।

## ਦੂਸਰਾ ਦ੍ਰਿਸ਼ਟੀਕੋਣ

ਪੰਚਸੂਨਾ—(ਪੰਜ ਪਾਪ ਅਤੇ ਉਨ੍ਹਾਂ ਦਾ ਪਛਤਾਵਾ)—ਸਾਰਿਆਂ ਨੂੰ ਇਹ ਤਾਂ ਪਤਾ ਹੈ ਕਿ ਭੋਜਨ ਸਮੱਗਰੀ ਜਾਂ ਰਸੋਈ ਤਿਆਰ ਕਰਨ ਲਈ ਗ੍ਰਹਿਸਥੀਆਂ ਨੂੰ ਪੰਜ ਤਰ੍ਹਾਂ ਦੇ ਕੰਮ ਕਰਨੇ ਪੈਂਦੇ ਹਨ—1) ਕੰਡਨੀ (ਪਿਸਣਾ), 2) ਪੇਸ਼ਨੀ (ਦਲਣਾ), 3) ਉਦਕੁੰਭੀ (ਭਾਂਡੇ ਮਲਣਾ), 4) ਮਾਰਜਨੀ (ਮਾਂਜਣਾ ਅਤੇ ਧੌਣਾ), 5. ਚੂਲੀ (ਚੁੱਲ੍ਹਾ ਬਾਲਣਾ)।

ਇਨ੍ਹਾਂ ਕੰਮਾਂ ਨੂੰ ਕਰਨ ਨਾਲ ਕਈ ਕੀਟਾਣੂਆਂ ਅਤੇ ਜੀਵਾਂ ਦਾ ਨਾਸ਼ ਹੁੰਦਾ ਹੈ ਅਤੇ ਇਸ ਤਰ੍ਹਾਂ ਗ੍ਰਹਿਸਥੀਆਂ ਨੂੰ ਪਾਪ ਲੱਗਦਾ ਹੈ। ਇਨ੍ਹਾਂ ਪਾਪਾਂ ਦੇ ਪਛਤਾਵੇ ਵਾਸਤੇ ਸ਼ਾਸ਼ਤਰਾਂ ਨੇ ਪੰਜ ਤਰ੍ਹਾਂ ਦੇ ਯੱਗ ਕਰਨ ਦੀ ਆਗਿਆ ਦਿੱਤੀ ਹੈ—1) ਬ੍ਰਹਮ ਯੱਗ ਯਾਨਿ ਵੇਦਾਂ ਦਾ ਪਾਠ—ਬ੍ਰਹਮਾ ਨੂੰ ਅਰਪਣ ਕਰਨਾ ਜਾਂ ਵੇਦਾਂ ਦਾ ਪਾਠ ਕਰਨਾ, 2) ਪਿੱਤਰ ਯੱਗ—ਪੂਰਵਜਾਂ ਨੂੰ ਦਾਨ, 3) ਦੇਵ ਯੱਗ—ਦੇਵਤਿਆਂ ਨੂੰ ਬਲੀ ਦੇਣਾ, 4) ਭੂਤ ਯੱਗ—ਪ੍ਰਾਣੀਆਂ ਨੂੰ ਦਾਨ, 5) ਮਨੁੱਖ (ਮਹਿਮਾਨ) ਯੱਗ—ਮਨੁੱਖਾਂ ਨੂੰ ਦਾਨ ਕਰਨਾ।

ਜੇ ਇਹ ਕੰਮ ਵਿਧੀ ਨਾਲ ਸ਼ਾਸ਼ਤਰਾਂ ਅਨੁਸਾਰ ਕੀਤੇ ਜਾਣ ਤਾਂ ਚਿੱਤ ਸ਼ੁੱਧ ਹੋ ਕੇ ਗਿਆਨ ਅਤੇ ਆਤਮਾਨੁਭੂਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਬਾਬਾ ਘਰ-ਘਰ ਜਾ ਕੇ ਗ੍ਰਹਿਸਥੀਆਂ ਨੂੰ ਇਸ ਪਵਿੱਤਰ ਕਰਤੱਵ ਦੀ ਯਾਦ ਦੁਆਉਂਦੇ ਸੀ ਅਤੇ ਉਹ ਲੋਕ ਬਹੁਤ ਹੀ ਭਾਗਾਂ ਵਾਲੇ ਸੀ, ਜਿਨ੍ਹਾਂ ਨੂੰ ਘਰ ਬੈਠੇ ਹੀ ਬਾਬਾ ਕੋਲੋਂ ਸਿੱਖਿਆ ਲੈਣ ਦਾ ਮੌਕਾ ਮਿਲ ਜਾਂਦਾ ਸੀ।

## ਭਗਤਾਂ ਦੇ ਅਨੁਭਵ

ਹੁਣ ਅਸੀਂ ਹੋਰ ਮਨੋਰੰਜਕ ਵਿਸ਼ਿਆਂ ਦਾ ਵਰਨਣ ਕਰਦੇ ਹਾਂ। ਭਗਵਾਨ ਕ੍ਰਿਸ਼ਨ ਨੇ ਗੀਤਾ ਵਿਚ ਕਿਹਾ ਹੈ—"**ਜਿਹੜਾ ਮੈਨੂੰ ਭਗਤੀ ਨਾਲ ਸਿਰਫ਼ ਇਕ ਪੱਤਾ, ਫੁੱਲ, ਫਲ ਜਾਂ ਜਲ ਵੀ ਅਰਪਣ ਕਰਦਾ ਹੈ ਤਾਂ ਮੈਂ**



**ਉਸ ਸ਼ੁੱਧ ਦਿਲ ਵਾਲੇ ਭਗਤ ਵੱਲੋਂ ਅਰਪਣ ਕੀਤੀ ਗਈ ਚੀਜ਼ ਨੂੰ ਖੁਸ਼ੀ ਨਾਲ ਮਨਜ਼ੂਰ ਕਰ ਲੈਂਦਾ ਹਾਂ।"** ਜੇ ਭਗਤ ਸੱਚਮੁੱਚ ਵਿਚ ਸ੍ਰੀ ਸਾਈਂ ਬਾਬਾ ਨੂੰ ਕੁਝ ਭੇਟ ਦੇਣਾ ਚਾਹੁੰਦਾ ਸੀ ਅਤੇ ਬਾਅਦ ਵਿਚ ਜੇ ਉਹ ਅਰਪਣ ਕਰਨਾ ਭੁੱਲ ਗਿਆ ਤਾਂ ਬਾਬਾ ਉਸਨੂੰ ਜਾਂ ਉਸ ਦੇ ਦੋਸਤ ਨੂੰ ਉਸ ਭੇਟ ਦੀ ਯਾਦ ਕਰਾ ਦਿੰਦੇ ਅਤੇ ਭੇਟ ਦੇਣ ਲਈ ਕਹਿੰਦੇ ਅਤੇ ਭੇਟ ਲੈ ਕੇ ਉਸ ਨੂੰ ਅਸੀਸ ਦਿੰਦੇ ਸੀ। ਹੇਠਾਂ ਕੁਝ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਵਰਨਣ ਕੀਤਾ ਜਾਂਦਾ ਹੈ—

## ਤਰਖੰਡ ਪਰਿਵਾਰ (ਪਿਤਾ ਅਤੇ ਪੁੱਤਰ)

ਸ੍ਰੀ ਰਾਮਚੰਦਰ ਆਤਮਾਰਾਮ ਉਪ ਨਾਮ ਬਾਬਾਸਾਹਿਬ ਤਰਖੰਡ ਪਹਿਲੇ ਪ੍ਰਾਰਥਨਾ ਸਮਾਜੀ ਸੀ। ਭਾਵੇਂ ਉਹ ਬਾਬਾ ਦੇ ਪਰਮ ਭਗਤ ਸੀ। ਉਨ੍ਹਾਂ ਦੀ ਪਤਨੀ ਅਤੇ ਪੁੱਤਰ ਤਾਂ ਬਾਬਾ ਦੇ ਪੱਕੇ ਭਗਤ ਸਨ। ਇਕ ਵਾਰੀ ਉਨ੍ਹਾਂ ਨੇ ਇਸ ਤਰ੍ਹਾਂ ਇਰਾਦਾ ਕੀਤਾ ਕਿ ਪੁੱਤਰ ਅਤੇ ਉਸ ਦੀ ਮਾਂ ਗਰਮੀਆਂ ਦੀਆਂ ਛੁੱਟੀਆਂ ਸ਼ਿਰਡੀ ਵਿਚ ਹੀ ਗੁਜ਼ਾਰਨ। ਪਰ ਪੁੱਤਰ ਬਾਂਦਰਾ ਛੱਡਣ ਲਈ ਰਾਜ਼ੀ ਨਾ ਹੋਇਆ। ਉਸ ਨੂੰ ਡਰ ਸੀ ਕਿ ਬਾਬਾ ਦੀ ਪੂਜਾ ਘਰ ਵਿਚ ਠੀਕ ਢੰਗ ਨਾਲ ਨਹੀਂ ਹੋ ਸਕੇਗੀ, ਕਿਉਂਕਿ ਪਿਤਾ ਜੀ ਪ੍ਰਾਰਥਨਾ ਸਮਾਜੀ ਹਨ ਅਤੇ ਸੰਭਵ ਹੈ ਕਿ ਉਹ ਸ੍ਰੀ ਸਾਈਂ ਬਾਬਾ ਦੀ ਪੂਜਾ ਆਦਿ ਦਾ ਠੀਕ ਖ਼ਿਆਲ ਨਾ ਰੱਖ ਸਕਣ। ਪਰ ਪਿਤਾ ਦੇ ਭਰੋਸਾ ਦੇਣ ਨਾਲ ਕਿ ਪੂਜਾ ਜਿਸ ਤਰ੍ਹਾਂ ਹੁੰਦੀ ਹੈ, ਉਸੇ ਤਰ੍ਹਾਂ ਹੁੰਦੀ ਰਹੇਗੀ। ਮਾਂ ਅਤੇ ਪੁੱਤਰ ਇਕ ਸ਼ੁੱਕਰਵਾਰ ਦੀ ਰਾਤ ਨੂੰ ਸ਼ਿਰਡੀ ਨੂੰ ਰਵਾਨਾ ਹੋ ਗਏ।

ਦੂਸਰੇ ਦਿਨ ਸ਼ਨੀਵਾਰ ਨੂੰ ਸ੍ਰੀ ਮਾਨ ਤਰਖੰਡ ਸਵੇਰੇ-ਸਵੇਰੇ ਉੱਠੇ ਅਤੇ ਇਸ਼ਨਾਨ ਆਦਿ ਕਰਕੇ, ਪੂਜਾ ਸ਼ੁਰੂ ਕਰਨ ਤੋਂ ਪਹਿਲਾਂ, ਬਾਬਾ ਦੇ ਅੱਗੇ ਸ਼ਸ਼ਟਾਂਗ ਦੰਡਵਤ ਕਰਕੇ ਬੋਲੇ—"ਹੇ ਬਾਬਾ! ਮੈਂ ਠੀਕ ਉਸੇ ਤਰ੍ਹਾਂ ਹੀ ਤੁਹਾਡੀ ਪੂਜਾ ਕਰਦਾ ਰਹਾਂਗਾ, ਜਿਸ ਤਰ੍ਹਾਂ ਮੇਰਾ ਪੁੱਤਰ ਕਰਦਾ ਰਿਹਾ ਹੈ, ਪਰ ਕ੍ਰਿਪਾ ਕਰਕੇ ਇਸ ਨੂੰ ਸਰੀਰਿਕ ਮਿਹਨਤ ਤਕ ਹੀ ਨਾ ਰੱਖਣਾ।" ਇਹ ਕਹਿ ਕੇ ਉਨ੍ਹਾਂ ਨੇ ਪੂਜਾ ਸ਼ੁਰੂ ਕੀਤੀ ਅਤੇ ਮਿਸ਼ਰੀ ਦਾ ਨੈਵੇਦ ਅਰਪਣ ਕੀਤਾ, ਜਿਹੜਾ ਦੁਪਹਿਰ ਦੇ ਭੋਜਨ ਵੇਲੇ ਪ੍ਰਸ਼ਾਦ ਦੇ ਰੂਪ ਵਿਚ ਵੰਡਿਆ ਗਿਆ।

ਉਸ ਦਿਨ ਦੀ ਸ਼ਾਮ ਅਤੇ ਅਗਲਾ ਦਿਨ ਐਤਵਾਰ ਵੀ ਨਿਰਵਿਘਨ ਬੀਤ ਗਿਆ। ਸੋਮਵਾਰ ਨੂੰ ਉਨ੍ਹਾਂ ਨੇ ਦਫ਼ਤਰ ਜਾਣਾ ਸੀ, ਪਰ ਉਹ ਦਿਨ ਵੀ ਬਗ਼ੈਰ ਰੁਕਾਵਟ ਨਿਕਲ ਗਿਆ। ਸ੍ਰੀ ਤਰਖੰਡ ਨੇ ਇਸ ਤਰ੍ਹਾਂ ਆਪਣੇ ਜੀਵਨ ਵਿਚ ਕਦੀ ਪੂਜਾ ਨਹੀਂ ਕੀਤੀ ਸੀ। ਉਨ੍ਹਾਂ ਦੇ ਦਿਲ ਵਿਚ ਤਸੱਲੀ ਸੀ ਕਿ ਪੁੱਤਰ ਨੂੰ ਦਿੱਤੇ ਵਚਨਾਂ ਮੁਤਾਬਿਕ ਪੂਜਾ ਬਿਲਕੁਲ ਤਸੱਲੀਬਖ਼ਸ਼ ਚੱਲ ਰਹੀ ਹੈ। ਅਗਲੇ ਦਿਨ ਮੰਗਲਵਾਰ ਨੂੰ ਹਮੇਸ਼ਾਂ ਦੀ ਤਰ੍ਹਾਂ ਉਨ੍ਹਾਂ ਨੇ ਪੂਜਾ ਕੀਤੀ ਅਤੇ ਦਫ਼ਤਰ ਚਲੇ ਗਏ। ਦੁਪਹਿਰ ਨੂੰ ਘਰ ਵਾਪਸ ਆਉਣ ਤੋਂ ਬਾਅਦ ਉਹ ਜਦੋਂ ਭੋਜਨ ਲਈ ਬੈਠੇ ਤਾਂ ਥਾਲੀ ਵਿਚ ਪ੍ਰਸ਼ਾਦ ਨਾ ਦੇਖ ਕੇ ਉਨ੍ਹਾਂ ਨੇ ਆਪਣੇ ਰਸੋਈਏ ਨੂੰ ਇਸ ਬਾਰੇ ਵਿਚ ਪੁੱਛਿਆ। ਉਸ ਨੇ ਦੱਸਿਆ ਕਿ ਅੱਜ ਉਹ ਨੈਵੇਦ ਅਰਪਣ ਕਰਨਾ ਭੁੱਲ ਗਏ ਸੀ। ਇਹ ਸੁਣ ਕੇ ਉਹ ਉਸੇ ਵੇਲੇ ਆਪਣੀ ਜਗ੍ਹਾ ਤੋਂ ਉੱਠੇ ਅਤੇ ਬਾਬਾ ਨੂੰ ਦੰਡਵਤ ਕਰਕੇ ਮਾਫ਼ੀ ਮੰਗਣ ਲੱਗੇ ਅਤੇ ਬਾਬਾ ਨੂੰ ਚੰਗੀ

ਤਰ੍ਹਾਂ ਰਸਤਾ ਨਾ ਦਿਖਾਉਣ ਅਤੇ ਪੂਜਾ ਨੂੰ ਸਿਰਫ਼ ਸਰੀਰਿਕ ਮਿਹਨਤ ਤਕ ਹੀ ਰੱਖਣ ਲਈ ਸ਼ਿਕਾਇਤ ਕਰਨ ਲੱਗੇ। ਉਨ੍ਹਾਂ ਨੇ ਸਾਰੀ ਘਟਨਾ ਦਾ ਵਿਸਥਾਰ ਆਪਣੇ ਪੁੱਤਰ ਨੂੰ ਚਿੱਠੀ ਵਿਚ ਲਿਖ ਕੇ ਭੇਜ ਦਿੱਤਾ ਅਤੇ ਉਸਨੂੰ ਪ੍ਰਾਰਥਨਾ ਕੀਤੀ ਕਿ ਉਹ ਚਿੱਠੀ ਬਾਬਾ ਦੇ ਸ੍ਰੀ ਚਰਣਾਂ 'ਤੇ ਰੱਖ ਕੇ ਉਨ੍ਹਾਂ ਨੂੰ ਕਹਿਣਾ ਕਿ ਉਹ ਇਸ ਕਸੂਰ ਦੀ ਮਾਫ਼ੀ ਮੰਗਦੇ ਹਨ। ਇਹ ਘਟਨਾ ਬਾਂਦਰਾ ਵਿਚ ਲਗਭਗ ਦੁਪਹਿਰ ਨੂੰ ਹੋਈ ਸੀ ਅਤੇ ਉਸੇ ਵੇਲੇ ਸ਼ਿਰਡੀ ਵਿਚ ਜਦੋਂ ਦੁਪਹਿਰ ਦੀ ਆਰਤੀ ਸ਼ੁਰੂ ਹੋਣ ਵਾਲੀ ਸੀ ਕਿ ਬਾਬਾ ਨੇ ਸ੍ਰੀਮਤੀ ਤਰਖੰਡ ਨੂੰ ਕਿਹਾ—"ਮਾਂ, ਮੈਂ ਕੁਝ ਭੋਜਨ ਪਾਉਣ ਦੇ ਖ਼ਿਆਲ ਨਾਲ ਤੁਹਾਡੇ ਘਰ ਬਾਂਦਰਾ ਗਿਆ ਸੀ। ਦਰਵਾਜ਼ੇ ਉਤੇ ਤਾਲਾ ਲੱਗਾ ਦੇਖ ਕੇ ਮੈਂ ਕਿਸੇ ਤਰ੍ਹਾਂ ਘਰ ਦੇ ਅੰਦਰ ਗਿਆ। ਪਰ ਉਥੇ ਦੇਖਿਆ ਕਿ ਭਾਊ (ਸ੍ਰੀ ਤਰਖੰਡ) ਮੇਰੇ ਖਾਣ ਲਈ ਕੁਝ ਵੀ ਨਹੀਂ ਰੱਖ ਕੇ ਗਏ। ਆਖ਼ੀਰ ਮੈਂ ਭੁੱਖਾ ਹੀ ਵਾਪਸ ਆ ਗਿਆ ਹਾਂ।" ਕਿਸੇ ਨੂੰ ਵੀ ਬਾਬਾ ਦੇ ਵਚਨਾਂ ਦਾ ਮਤਲਬ ਸਮਝ ਵਿਚ ਨਹੀਂ ਆਇਆ, ਪਰ ਉਨ੍ਹਾਂ ਦਾ ਪੁੱਤਰ ਜਿਹੜਾ ਕੋਲ ਹੀ ਖੜਾ ਸੀ, ਸਭ ਕੁਝ ਸਮਝ ਗਿਆ ਕਿ ਬਾਂਦਰਾ ਵਿਚ ਪੂਜਾ ਵਿਚ ਕੋਈ ਤਾਂ ਗਲਤੀ ਹੋ ਗਈ ਸੀ। ਇਸ ਲਈ ਉਹ ਬਾਬਾ ਕੋਲੋਂ ਵਾਪਸ ਜਾਣ ਦੀ ਆਗਿਆ ਮੰਗਣ ਲੱਗਾ। ਪਰ ਬਾਬਾ ਨੇ ਆਗਿਆ ਨਹੀਂ ਦਿੱਤੀ ਅਤੇ ਉਥੇ ਹੀ ਪੂਜਾ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਦੇ ਪੁੱਤਰ ਨੇ ਸ਼ਿਰਡੀ ਵਿਚ ਜੋ ਕੁਝ ਹੋਇਆ, ਉਹ ਸਭ ਚਿੱਠੀ ਵਿਚ ਲਿਖ ਕੇ ਪਿਤਾ ਨੂੰ ਭੇਜਿਆ ਅਤੇ ਭਵਿੱਖ ਵਿਚ ਪੂਜਾ ਵਿਚ ਸਾਵਧਾਨੀ ਰੱਖਣ ਦੀ ਬੇਨਤੀ ਕੀਤੀ। ਦੋਵੇਂ ਚਿੱਠੀਆਂ ਡਾਕ ਰਸਤੇ ਦੂਸਰੇ ਦਿਨ ਦੋਵਾਂ ਧਿਰਾਂ ਨੂੰ ਮਿਲ ਗਈਆਂ, ਕੀ ਇਹ ਘਟਨਾ ਹੈਰਾਨੀਜਨਕ ਨਹੀਂ ਹੈ?

## ਸ੍ਰੀਮਤੀ ਤਰਖੰਡ

ਇਕ ਵਾਰੀ ਸ੍ਰੀਮਤੀ ਤਰਖੰਡ ਨੇ ਤਿੰਨ ਚੀਜ਼ਾਂ—1) ਭਰਿਤ (ਭਰਥਾ ਜਾਂ ਮਸਾਲੇ ਵਾਲਾ ਬੈਂਗਨ ਅਤੇ ਦਹੀਂ), 2) ਕਾਚਰਿਆ (ਬੈਂਗਨ ਦੇ ਗੋਲ ਟੁਕੜੇ ਘਿਓ ਵਿਚ ਤਲੇ ਹੋਏ), 3) ਪੇੜਾ (ਮਿਠਾਈ) ਬਾਬਾ ਲਈ ਭੇਜੀ। ਬਾਬਾ ਨੇ ਉਸਨੂੰ ਕਿਸ ਤਰ੍ਹਾਂ ਸਵੀਕਾਰ ਕੀਤਾ, ਇਹ ਹੁਣ ਦੇਖਦੇ ਹਾਂ।

ਬਾਂਦਰਾ ਦੇ ਸ੍ਰੀ ਰਘੁਵੀਰ ਭਾਸਕਰ ਪੁਰੰਦਰੇ ਬਾਬਾ ਦੇ ਪਰਮ ਭਗਤ ਸੀ। ਇਕ ਵਾਰੀ ਉਹ ਸ਼ਿਰਡੀ ਜਾ ਰਹੇ ਸੀ। ਸ੍ਰੀਮਤੀ ਤਰਖੰਡ ਨੇ ਸ੍ਰੀਮਤੀ ਪੁਰੰਦਰੇ ਨੂੰ ਦੋ ਬੈਂਗਨ ਦਿੱਤੇ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਸ਼ਿਰਡੀ ਪਹੁੰਚ ਕੇ ਉਹ ਇਕ ਬੈਂਗਨ ਦਾ ਭਰਥਾ ਅਤੇ ਦੂਸਰੇ ਦਾ ਕਾਚਰਿਆ ਬਣਾ ਕੇ ਬਾਬਾ ਨੂੰ ਭੇਟ ਕਰ ਦੇਣ। ਸ਼ਿਰਡੀ ਪਹੁੰਚ ਕੇ ਸ੍ਰੀਮਤੀ ਪੁਰੰਦਰੇ ਭਰਥਾ ਲੈ ਕੇ ਮਸਜਿਦ ਆਈ। ਬਾਬਾ ਉਸ ਵੇਲੇ ਭੋਜਨ ਕਰਨ ਲਈ ਬੈਠੇ ਹੀ ਸੀ। ਬਾਬਾ ਨੂੰ ਉਹ ਭਰਥਾ ਬਹੁਤ ਸੁਆਦ ਲੱਗਾ, ਇਸ ਕਰਕੇ ਉਨ੍ਹਾਂ ਨੇ ਥੋੜ੍ਹਾ-ਥੋੜ੍ਹਾ ਸਾਰਿਆਂ ਨੂੰ ਵੰਡ ਦਿੱਤਾ। ਇਸਦੇ ਪਿੱਛੋਂ ਬਾਬਾ ਨੇ ਕਾਚਰਿਆ ਲਿਆਉਣ ਲਈ ਕਿਹਾ। ਰਾਧਾਕ੍ਰਿਸ਼ਨਾਮਾਈ ਕੋਲ ਸੁਨੇਹਾ ਭੇਜਿਆ ਗਿਆ ਕਿ ਬਾਬਾ ਕਾਚਰਿਆ ਮੰਗ ਰਹੇ ਹਨ। ਉਸ ਨੂੰ ਸਮਝ ਨਹੀਂ ਆਇਆ ਕਿ ਹੁਣ ਕੀ ਕਰਨਾ ਚਾਹੀਦਾ ਹੈ? ਬੈਂਗਨ ਦਾ ਤਾਂ ਹਾਲੇ ਮੌਸਮ ਨਹੀਂ ਹੈ। ਹੁਣ ਮਸਲਾ ਪੈਦਾ ਹੋਇਆ ਕਿ ਬੈਂਗਨ

ਕਿਸ ਤਰ੍ਹਾਂ ਮਿਲਣ। ਜਦੋਂ ਇਸ ਦਾ ਪਤਾ ਲਗਾਇਆ ਗਿਆ ਕਿ ਭਰਥਾ ਕੌਣ ਲਿਆਇਆ ਸੀ ? ਤਾਂ ਪਤਾ ਲੱਗਾ ਕਿ ਬੈਂਗਨ ਸ੍ਰੀਮਤੀ ਪੁਰੰਦਰੇ ਲਿਆਈ ਸੀ ਅਤੇ ਉਨ੍ਹਾਂ ਨੂੰ ਹੀ ਕਾਚਰਿਆ ਬਨਾਉਣ ਦਾ ਕੰਮ ਦਿੱਤਾ ਗਿਆ ਸੀ। ਹੁਣ ਹਰੇਕ ਨੂੰ ਬਾਬਾ ਦੀ ਇਸ ਪੁੱਛਗਿੱਛ ਦਾ ਮਤਲਬ ਪਤਾ ਲੱਗ ਗਿਆ ਅਤੇ ਸਾਰਿਆਂ ਨੂੰ ਬਾਬਾ ਦੇ ਸਭ ਕੁਝ ਜਾਨਣ 'ਤੇ ਬਹੁਤ ਹੈਰਾਨੀ ਹੋਈ।

ਦਸੰਬਰ ਸੰਨ 1915 ਵਿਚ ਸ੍ਰੀ ਗੋਵਿੰਦ ਬਾਲਾਰਾਮ ਮਾਨਕਰ ਸ਼ਿਰਡੀ ਜਾ ਕੇ ਉਥੇ ਆਪਣੇ ਪਿਤਾ ਦੀ ਰਸਮ-ਕ੍ਰਿਆ ਕਰਨਾ ਚਾਹੁੰਦੇ ਸੀ। ਸ਼ਿਰਡੀ ਜਾਣ ਤੋਂ ਪਹਿਲਾਂ ਉਹ ਸ੍ਰੀਮਤੀ ਤਰਖੰਡ ਨੂੰ ਮਿਲਣ ਆਏ। ਸ੍ਰੀਮਤੀ ਤਰਖੰਡ ਬਾਬਾ ਲਈ ਕੁਝ ਭੇਟ ਸ਼ਿਰਡੀ ਭੇਜਣਾ ਚਾਹੁੰਦੀ ਸੀ। ਉਨ੍ਹਾਂ ਨੇ ਸਾਰਾ ਘਰ ਛਾਣ ਮਾਰਿਆ, ਪਰ ਸਿਰਫ਼ ਇਕ ਪੇੜੇ ਤੋਂ ਇਲਾਵਾ ਕੁਝ ਨਹੀਂ ਮਿਲਿਆ ਅਤੇ ਉਹ ਪੇੜਾ ਵੀ ਅਰਪਣ ਨੈਵੇਦ ਦਾ ਸੀ। ਬਾਲਕ ਗੋਵਿੰਦ ਇਹ ਹਾਲਤ ਦੇਖ ਕੇ ਰੋਣ ਲੱਗਾ ਪਰ ਫੇਰ ਵੀ ਅਤਿ ਪਿਆਰ ਕਰਕੇ ਉਹ ਪੇੜਾ ਬਾਬਾ ਲਈ ਭੇਜ ਦਿੱਤਾ। ਉਨ੍ਹਾਂ ਨੂੰ ਪੂਰਾ ਭਰੋਸਾ ਸੀ ਕਿ ਬਾਬਾ ਉਸਨੂੰ ਜ਼ਰੂਰ ਸਵੀਕਾਰ ਕਰ ਲੈਣਗੇ। ਸ਼ਿਰਡੀ ਪਹੁੰਚ ਕੇ ਗੋਵਿੰਦ ਮਾਨਕਰ ਬਾਬਾ ਦੇ ਦਰਸ਼ਨ ਕਰਨ ਗਏ, ਪਰ ਉਥੇ ਪੇੜਾ ਲਿਜਾਣਾ ਭੁੱਲ ਗਏ। ਬਾਬਾ ਇਹ ਸਭ ਚੁੱਪਚਾਪ ਦੇਖਦੇ ਰਹੇ। ਪਰ ਜਦੋਂ ਸ਼ਾਮ ਨੂੰ ਬਿਨਾਂ ਪੇੜਾ ਲਏ ਉਹ ਉਥੇ ਪਹੁੰਚਿਆ ਤਾਂ ਫੇਰ ਬਾਬਾ ਚੁੱਪ ਨਹੀਂ ਰਹਿ ਸਕੇ ਅਤੇ ਉਨ੍ਹਾਂ ਨੇ ਪੁੱਛਿਆ ਕਿ "ਤੁਸੀਂ ਮੇਰੇ ਲਈ ਕੀ ਲਿਆਏ ਹੋ ?" ਜਵਾਬ ਮਿਲਿਆ—"ਕੁਝ ਨਹੀਂ।" ਬਾਬਾ ਨੇ ਫੇਰ ਸੁਆਲ ਕੀਤਾ ਅਤੇ ਉਸਨੇ ਉਹੀ ਜਵਾਬ ਦੇ ਦਿੱਤਾ। ਹੁਣ ਬਾਬਾ ਨੇ ਸਾਫ਼-ਸਾਫ਼ ਸ਼ਬਦਾਂ ਵਿਚ ਪੁੱਛਿਆ, "ਤੁਹਾਨੂੰ ਮਾਂ (ਸ੍ਰੀਮਤੀ ਤਰਖੰਡ) ਨੇ ਆਉਣ ਵੇਲੇ ਕੁਝ ਮਠਿਆਈ ਨਹੀਂ ਦਿੱਤੀ ਸੀ ?" ਹੁਣ ਉਸ ਨੂੰ ਯਾਦ ਆਇਆ ਅਤੇ ਉਹ ਬਹੁਤ ਸ਼ਰਮਿੰਦਾ ਹੋਇਆ ਅਤੇ ਬਾਬਾ ਕੋਲੋਂ ਮਾਫ਼ੀ ਮੰਗਣ ਲੱਗਾ। ਉਹ ਦੌੜ ਕੇ ਜਲਦੀ ਨਾਲ ਵਾਪਸ ਗਿਆ ਅਤੇ ਪੇੜਾ ਲਿਆ ਕੇ ਬਾਬਾ ਦੇ ਅੱਗੇ ਰੱਖ ਦਿੱਤਾ। ਬਾਬਾ ਨੇ ਉਸੇ ਵੇਲੇ ਪੇੜਾ ਖਾ ਲਿਆ। ਇਸ ਤਰ੍ਹਾਂ ਸ੍ਰੀਮਤੀ ਤਰਖੰਡ ਦੀ ਭੇਟ ਬਾਬਾ ਨੇ ਕਬੂਲ ਕੀਤੀ ਅਤੇ "ਭਗਤ ਮੇਰੇ ਉਪਰ ਭਰੋਸਾ ਕਰਦਾ ਹੈ ਇਸ ਲਈ ਮੈਂ ਕਬੂਲ ਕਰ ਲੈਂਦਾ ਹਾਂ"—ਇਹ ਭਗਵਤ ਵਚਨ ਸਿੱਧ ਹੋ ਗਿਆ।

## ਬਾਬਾ ਦਾ ਤਸੱਲੀਬਖ਼ਸ਼ ਭੋਜਨ

ਇਕ ਵਾਰੀ ਸ੍ਰੀਮਤੀ ਤਰਖੰਡ ਸ਼ਿਰਡੀ ਆਈ ਹੋਈ ਸੀ। ਦੁਪਹਿਰ ਦਾ ਭੋਜਨ ਤਿਆਰ ਹੋ ਚੁੱਕਿਆ ਸੀ ਅਤੇ ਥਾਲੀਆਂ ਪਰੋਸੀਆਂ ਹੀ ਜਾ ਰਹੀਆਂ ਸਨ ਕਿ ਉਸੇ ਵੇਲੇ ਉਥੇ ਇਕ ਭੁੱਖਾ ਕੁੱਤਾ ਆਇਆ ਅਤੇ ਭੌਂਕਣ ਲੱਗਾ। ਸ੍ਰੀਮਤੀ ਤਰਖੰਡ ਫਟਾਫੱਟ ਉੱਠੀ ਅਤੇ ਉਨ੍ਹਾਂ ਨੇ ਰੋਟੀ ਦਾ ਇਕ ਟੁਕੜਾ ਕੁੱਤੇ ਨੂੰ ਪਾ ਦਿੱਤਾ। ਕੁੱਤਾ ਬੜੇ ਸੁਆਦ ਨਾਲ ਉਸਨੂੰ ਖਾ ਗਿਆ। ਸ਼ਾਮ ਵੇਲੇ ਜਦੋਂ ਉਹ ਮਸਜਿਦ ਵਿਚ ਜਾ ਕੇ ਬੈਠੀ ਤਾਂ ਬਾਬਾ ਨੇ ਉਨ੍ਹਾਂ ਨੂੰ ਕਿਹਾ, "ਮਾਂ ! ਅੱਜ ਤੁਸੀਂ ਮੈਨੂੰ ਬਹੁਤ ਪਿਆਰ ਨਾਲ ਖਵਾਇਆ, ਮੇਰੀ ਭੁੱਖੀ ਆਤਮਾ ਨੂੰ ਬਹੁਤ ਤਸੱਲੀ ਮਿਲੀ ਹੈ। ਹਮੇਸ਼ਾਂ ਇਸ ਤਰ੍ਹਾਂ ਕਰਦੀ ਰਹਿਣਾ, ਤੁਹਾਨੂੰ ਕਦੀ ਨਾ ਕਦੀ ਇਸਦਾ ਉੱਤਮ ਫਲ ਜ਼ਰੂਰ

ਮਿਲੇਗਾ। ਇਸ ਮਸਜਿਦ ਵਿਚ ਬੈਠ ਕੇ ਮੈਂ ਕਦੀ ਝੂਠ ਨਹੀਂ ਬੋਲਾਂਗਾ, ਹਮੇਸ਼ਾਂ ਮੇਰੇ ਉੱਪਰ ਇਸ ਤਰ੍ਹਾਂ ਕ੍ਰਿਪਾ ਕਰਦੀ ਰਹਿਣਾ। ਪਹਿਲਾਂ ਭੁੱਖਿਆਂ ਨੂੰ ਭੋਜਨ ਕਰਾਉ, ਬਾਅਦ ਵਿਚ ਆਪ ਭੋਜਨ ਕਰਿਆ ਕਰੋ। ਇਸਨੂੰ ਚੰਗੀ ਤਰ੍ਹਾਂ ਧਿਆਨ ਵਿਚ ਰੱਖੋ।" ਬਾਬਾ ਦੇ ਸ਼ਬਦਾਂ ਦਾ ਅਰਥ ਉਨ੍ਹਾਂ ਦੀ ਸਮਝ ਵਿਚ ਨਹੀਂ ਆਇਆ, ਇਸ ਲਈ ਉਨ੍ਹਾਂ ਨੇ ਸੁਆਲ ਕੀਤਾ, "ਭਲਾ ! ਮੈਂ ਕਿਸ ਤਰ੍ਹਾਂ ਭੋਜਨ ਕਰਾ ਸਕਦੀ ਹਾਂ ? ਮੈਂ ਤਾਂ ਆਪ ਦੂਸਰਿਆਂ 'ਤੇ ਨਿਰਭਰ ਹਾਂ ਅਤੇ ਉਨ੍ਹਾਂ ਨੂੰ ਮੁੱਲ ਦੇ ਕੇ ਭੋਜਨ ਪ੍ਰਾਪਤ ਕਰਦੀ ਹਾਂ।" ਬਾਬਾ ਕਹਿਣ ਲੱਗੇ, "ਉਸ ਰੋਟੀ ਨੂੰ ਖਾ ਕੇ ਮੇਰਾ ਹਿਰਦਾ ਤ੍ਰਿਪਤ ਹੋ ਗਿਆ ਹੈ ਅਤੇ ਹਾਲੇ ਤਕ ਮੈਨੂੰ ਡਕਾਰ ਆ ਰਹੇ ਹਨ। **ਭੋਜਨ ਕਰਨ ਤੋਂ ਪਹਿਲਾਂ ਤੁਸੀਂ ਜਿਹੜਾ ਕੁੱਤਾ ਦੇਖਿਆ ਸੀ ਅਤੇ ਜਿਸ ਨੂੰ ਤੁਸੀਂ ਰੋਟੀ ਦਾ ਟੁਕੜਾ ਦਿੱਤਾ ਸੀ, ਉਹ ਅਸਲ ਵਿਚ ਮੇਰਾ ਹੀ ਸਰੂਪ ਸੀ ਅਤੇ ਇਸੇ ਤਰ੍ਹਾਂ ਹੋਰ ਪ੍ਰਾਣੀ— (ਬਿੱਲੀਆਂ, ਸੂਰ, ਮੱਖੀਆਂ, ਗਾਵਾਂ ਆਦਿ) ਵੀ ਮੇਰੇ ਹੀ ਸਰੂਪ ਹਨ। ਮੈਂ ਹੀ ਉਨ੍ਹਾਂ ਦੀਆਂ ਸ਼ਕਲਾਂ ਵਿਚ ਡੋਲ ਰਿਹਾ ਹਾਂ। ਜਿਹੜਾ ਇਨ੍ਹਾਂ ਸਭ ਪ੍ਰਾਣੀਆਂ ਵਿਚ ਮੇਰਾ ਦਰਸ਼ਨ ਕਰਦਾ ਹੈ, ਉਹ ਮੈਨੂੰ ਬਹੁਤ ਪਿਆਰਾ ਹੈ। ਇਸ ਲਈ ਦਵੈਤ ਜਾਂ ਭੇਦਭਾਵ ਭੁੱਲ ਕੇ ਤੁਸੀਂ ਮੇਰੀ ਸੇਵਾ ਕਰਿਆ ਕਰੋ।"**

ਇਸ ਅੰਮ੍ਰਿਤ ਤੁੱਲ ਉਪਦੇਸ਼ ਨੂੰ ਗ੍ਰਹਿਣ ਕਰਕੇ ਉਹ ਭਾਵੁਕ ਹੋ ਗਈ ਅਤੇ ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਵਗਣ ਲੱਗ ਪਈ, ਗਲਾ ਭਰ ਆਇਆ ਅਤੇ ਉਨ੍ਹਾਂ ਦੀ ਖ਼ੁਸ਼ੀ ਦੀ ਹੱਦ ਨਾ ਰਹੀ।

## ਸਿੱਖਿਆ

**"ਸਾਰੇ ਪ੍ਰਾਣੀਆਂ ਵਿਚ ਈਸ਼ਵਰ ਦਰਸ਼ਨ ਕਰੋ।"**

ਇਹ ਇਸ ਅਧਿਆਇ ਦੀ ਸਿੱਖਿਆ ਹੈ। ਉਪਨਿਸ਼ਦ, ਗੀਤਾ ਅਤੇ ਭਾਗਵਤ ਦਾ ਇਹੀ ਉਪਦੇਸ਼ ਹੈ ਕਿ "ਸਭ ਪ੍ਰਾਣੀਆਂ ਵਿਚ ਈਸ਼ਵਰ ਦਾ ਹੀ ਵਾਸਾ ਹੈ, ਇਸ ਦਾ ਪ੍ਰਤੱਖ ਅਨੁਭਵ ਕਰੋ।"

ਅਧਿਆਇ ਦੇ ਆਖ਼ੀਰ ਵਿਚ ਦੱਸੀ ਘਟਨਾ ਅਤੇ ਹੋਰ ਅਨੇਕਾਂ ਘਟਨਾਵਾਂ, ਜਿਨ੍ਹਾਂ ਦਾ ਲਿਖਣਾ ਹਾਲੇ ਬਾਕੀ ਹੈ, ਆਪ ਬਾਬਾ ਨੇ ਪ੍ਰਤੱਖ ਉਦਾਹਰਣ ਪੇਸ਼ ਕਰਕੇ ਦਿਖਾਇਆ ਕਿ ਕਿਸ ਤਰ੍ਹਾਂ ਉਪਨਿਸ਼ਦਾਂ ਦੀ ਸਿੱਖਿਆ ਨੂੰ ਆਚਰਣ ਵਿਚ ਲਿਆਉਣਾ ਚਾਹੀਦਾ ਹੈ। ਇਸ ਤਰ੍ਹਾਂ ਸ੍ਰੀ ਸਾਈਂ ਬਾਬਾ ਸ਼ਾਸ਼ਤਰ-ਗ੍ਰੰਥਾਂ ਦੀ ਸਿੱਖਿਆ ਦਿੰਦੇ ਹੁੰਦੇ ਸੀ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**





# ॥ ਅਧਿਆਇ-10 ॥

## *ਸ੍ਰੀ ਸਾਈਂ ਬਾਬਾ ਦਾ ਰਹਿਣ-ਸਹਿਣ, ਸੌਣ ਵਾਲਾ ਫੱਟਾ, ਸ਼ਿਰਡੀ ਵਿਚ ਨਿਵਾਸ, ਉਨ੍ਹਾਂ ਦੇ ਉਪਦੇਸ਼, ਉਨ੍ਹਾਂ ਦੀ ਨਿਮਰਤਾ, ਨਾਨਾਵਲੀ, ਸੌਖਾ ਸਰਲ ਰਾਹ।*

ਸ੍ਰੀ ਸਾਈਂ ਬਾਬਾ ਨੂੰ ਹਰ ਵੇਲੇ ਪਿਆਰ ਨਾਲ ਯਾਦ ਕਰੋ, ਕਿਉਂਕਿ ਉਹ ਹਮੇਸ਼ਾਂ ਦੂਸਰਿਆਂ ਦੇ ਕਲਿਆਣ ਲਈ ਤਿਆਰ ਅਤੇ ਆਤਮਲੀਨ ਰਹਿੰਦੇ ਸੀ। ਉਨ੍ਹਾਂ ਨੂੰ ਯਾਦ ਕਰਨਾ ਹੀ ਜੀਵਨ ਅਤੇ ਮੌਤ ਦੀ ਬੁਝਾਰਤ ਨੂੰ ਹੱਲ ਕਰਨਾ ਹੈ। ਸਾਧਨਾਵਾ ਵਿਚੋਂ ਇਹ ਅਤਿ ਸ੍ਰੇਸ਼ਟ ਅਤੇ ਸੌਖੀ ਸਾਧਨਾ ਹੈ, ਕਿਉਂਕਿ ਇਸ ਵਿਚ ਕੋਈ ਪੈਸਾ ਖ਼ਰਚ ਨਹੀਂ ਹੁੰਦਾ। ਸਿਰਫ਼ ਥੋੜ੍ਹੀ ਮਿਹਨਤ ਨਾਲ ਹੀ ਭਵਿੱਖ ਬਹੁਤ ਫਲਦਾਈ ਹੁੰਦਾ ਹੈ। ਜਦੋਂ ਤੱਕ ਇੰਦਰੀਆਂ ਬਲਵਾਨ ਹਨ, ਪਲ-ਪਲ ਇਸ ਸਾਧਨਾ ਨੂੰ ਵਿਹਾਰ 'ਚ ਲਿਆਉਣਾ ਚਾਹੀਦਾ ਹੈ। ਹੋਰ ਸਾਰੇ ਦੇਵੀ-ਦੇਵਤਾ ਤਾਂ ਭਰਮਾਉਣ ਵਾਲੇ ਹਨ, ਸਿਰਫ਼ ਗੁਰੂ ਹੀ ਈਸ਼ਵਰ ਹੈ। ਸਾਨੂੰ ਉਨ੍ਹਾਂ ਦੇ ਪਵਿੱਤਰ ਚਰਣਾਂ ਵਿਚ ਸ਼ਰਧਾ ਰੱਖਣੀ ਚਾਹੀਦੀ ਹੈ। ਉਹ ਤਾਂ ਹਰ ਆਦਮੀ ਦੇ ਭਾਗ-ਵਿਧਾਤਾ ਅਤੇ ਪਿਆਰੇ ਪ੍ਰਭੂ ਹਨ। ਜਿਹੜਾ ਇਕਾਗਰ ਭਾਵ ਨਾਲ ਉਨ੍ਹਾਂ ਦੀ ਸੇਵਾ ਕਰੇਗਾ, ਉਹ ਭਵ ਸਾਗਰ ਤੋਂ ਯਕੀਨਨ ਹੀ ਮੁਕਤੀ ਪਾ ਲਵੇਗਾ। **ਨਿਆਂ ਜਾਂ ਮੀਮਾਂਸਾ ਜਾਂ ਦਰਸ਼ਨ-ਸ਼ਾਸ਼ਤਰ ਪੜ੍ਹਨ ਦੀ ਵੀ ਕੋਈ ਲੋੜ ਨਹੀਂ ਹੈ। ਜਿਸ ਤਰ੍ਹਾਂ ਦਰਿਆ ਜਾਂ ਸਮੁੰਦਰ ਪਾਰ ਕਰਨ ਵਕਤ ਮੱਲਾਹ 'ਤੇ ਭਰੋਸਾ ਕਰਦੇ ਹਾ, ਉਸੇ ਤਰ੍ਹਾਂ ਦਾ ਭਰੋਸਾ ਸਾਨੂੰ ਭਵਸਾਗਰ ਤੋਂ ਪਾਰ ਹੋਣ ਲਈ ਸਤਿਗੁਰੂ 'ਤੇ ਕਰਨਾ ਚਾਹੀਦਾ ਹੈ**। ਸਤਿਗੁਰੂ ਤਾਂ ਸਿਰਫ਼ ਭਗਤਾਂ ਦੇ ਭਗਤੀਭਾਵ ਨੂੰ ਦੇਖ ਕੇ ਉਨ੍ਹਾਂ ਨੂੰ ਗਿਆਨ ਅਤੇ ਪਰਮਾਨੰਦ ਦੀ ਪ੍ਰਾਪਤੀ ਕਰਾ ਦਿੰਦੇ ਹਨ।

ਪਿਛਲੇ ਅਧਿਆਇ ਵਿਚ ਬਾਬਾ ਦਾ ਭਿੱਖਿਆ ਮੰਗਣਾ, ਭਗਤਾਂ ਦੇ ਅਨੁਭਵ ਅਤੇ ਹੋਰ ਵਿਸ਼ਿਆਂ ਦਾ ਵਰਨਣ ਕੀਤਾ ਗਿਆ ਹੈ। ਹੁਣ ਪਾਠਕ ਸੁਣਨ ਕਿ ਸ੍ਰੀ ਸਾਈਂ ਬਾਬਾ ਕਿਸ ਤਰ੍ਹਾਂ ਰਹਿੰਦੇ, ਸੌਂਦੇ ਅਤੇ ਸਿੱਖਿਆ ਦਿੰਦੇ ਸਨ।

### ਬਾਬਾ ਦਾ ਅਜ਼ੀਬ ਬਿਸਤਰ

ਪਹਿਲਾਂ ਅਸੀਂ ਇਹ ਦੇਖਾਂਗੇ ਕਿ ਬਾਬਾ ਕਿਸ ਤਰ੍ਹਾਂ ਸੌਂਦੇ ਸੀ। ਸ੍ਰੀ ਨਾਨਾਸਾਹਿਬ ਡੇਂਗਲੇ ਇਕ ਚਾਰ ਹੱਥ ਲੰਮਾ ਅਤੇ ਇਕ ਹਥੇਲੀ ਚੌੜਾ ਲੱਕੜੀ ਦਾ ਫੱਟਾ ਸ੍ਰੀ ਸਾਈਂ ਬਾਬਾ ਦੇ ਸੌਣ ਵਾਸਤੇ ਲਿਆਏ। ਫੱਟਾ ਥੱਲੇ ਰੱਖ ਕੇ ਉਸ 'ਤੇ ਸੌਂਦੇ, ਇਸ ਤਰ੍ਹਾਂ ਨਾ ਕਰਕੇ ਬਾਬਾ ਨੇ ਪੁਰਾਣੇ ਚਿੱਥੜਿਆਂ ਨਾਲ ਮਸਜਿਦ ਦੇ ਬਾਲੇ ਨਾਲ ਉਸ ਨੂੰ ਝੂਲੇ ਵਾਂਗ ਬੰਨ੍ਹ ਕੇ ਉਸ ਉਪਰ ਸੌਣਾ ਸ਼ੁਰੂ ਕਰ ਦਿੱਤਾ। ਚਿੱਥੜਿਆਂ ਦੇ ਬਿਲਕੁਲ ਪਤਲੇ ਅਤੇ ਕਮਜ਼ੋਰ ਹੋਣ ਦੇ ਕਾਰਨ ਲੋਕਾਂ ਨੂੰ ਉਸਦਾ ਝੂਲਾ ਬਨਾਉਣਾ ਇਕ ਬੁਝਾਰਤ ਜਿਹੀ ਬਣ ਗਿਆ। ਚਿੱਥੜੇ ਤਾਂ ਸਿਰਫ਼ ਫੱਟੇ ਦਾ ਭਾਰ ਨਹੀਂ ਸਹਿ ਸਕਦੇ ਸੀ। ਫੇਰ ਉਹ ਬਾਬਾ ਦੇ ਸਰੀਰ ਦਾ ਭਾਰ ਕਿਵੇਂ ਬਰਦਾਸ਼ਤ ਕਰ ਸਕਣਗੇ? ਜਿਸ ਤਰ੍ਹਾਂ ਵੀ ਹੋਵੇ, ਇਹ ਤਾਂ ਰਾਮ ਹੀ ਜਾਣੇ, ਪਰ ਇਹ ਤਾਂ ਬਾਬਾ ਦੀ ਇਕ ਲੀਲ੍ਹਾ

ਸੀ, ਜਿਹੜਾ ਫਟੇ ਹੋਏ ਚਿੱਥੜੇ, ਫੱਟੇ ਅਤੇ ਬਾਬਾ ਦਾ ਭਾਰ ਸੰਭਾਲ ਰਹੇ ਸਨ। ਬਾਬਾ ਨੂੰ ਫੱਟੇ ਉੱਤੇ ਬੈਠੇ ਜਾਂ ਸੁੱਤੇ ਹੋਏ ਦੇਖਣਾ, ਦੇਵਤਿਆਂ ਨੂੰ ਵੀ ਦੁਰਲੱਭ ਨਜ਼ਾਰਾ ਲੱਗ ਰਿਹਾ ਸੀ। ਸਾਰੇ ਹੈਰਾਨ ਸਨ ਕਿ ਬਾਬਾ ਕਿਸ ਤਰ੍ਹਾਂ ਫੱਟੇ 'ਤੇ ਚੜ੍ਹਦੇ ਹੋਣਗੇ ਤੇ ਕਿਸ ਤਰ੍ਹਾਂ ਥੱਲੇ ਉਤਰਦੇ ਹੋਣਗੇ ? ਉਤਸੁਕਤਾ ਵਿਚ ਲੋਕ ਇਹ ਭੇਦ ਜਾਣਨ ਲਈ ਨਜ਼ਰ ਜਮਾਈ ਰੱਖਦੇ ਸਨ, ਪਰ ਇਹ ਸਮਝਣ ਵਿਚ ਕੋਈ ਵੀ ਸਫ਼ਲ ਨਾ ਹੋ ਸਕਿਆ ਅਤੇ ਇਸ ਭੇਦ ਨੂੰ ਜਾਨਣ ਲਈ ਭੀੜ ਲਗਾਤਾਰ ਵਧਣ ਲੱਗੀ। ਇਸ ਕਰਕੇ ਬਾਬਾ ਨੇ ਇਕ ਦਿਨ ਫੱਟਾ ਤੋੜ ਕੇ ਬਾਹਰ ਸੁੱਟ ਦਿੱਤਾ। ਭਾਵੇਂ ਕਿ ਬਾਬਾ ਨੂੰ ਅੱਠੋ ਸਿਧੀਆਂ ਪ੍ਰਾਪਤ ਸਨ, ਪਰ ਉਨ੍ਹਾਂ ਨੇ ਕਦੀ ਵੀ ਉਨ੍ਹਾਂ ਦੀ ਵਰਤੋਂ ਨਹੀਂ ਕੀਤੀ ਅਤੇ ਨਾ ਹੀ ਕਦੀ ਉਨ੍ਹਾਂ ਦੀ ਇਸ ਤਰ੍ਹਾਂ ਦੀ ਖ਼ਾਹਿਸ਼ ਹੋਈ। ਉਹ ਤਾਂ ਆਪਣੇ-ਆਪ ਹੀ ਸੁਭਾਵਿਕ ਰੂਪ ਵਿਚ ਪੂਰਣਤਾ ਪ੍ਰਾਪਤ ਹੋਣ ਕਰਕੇ ਉਨ੍ਹਾਂ ਕੋਲ ਆ ਗਈਆਂ ਸੀ।

## ਬ੍ਰਹਮਾ ਦਾ ਸਗੁਣ ਅਵਤਾਰ

ਬਾਹਰੋਂ ਦੇਖਣ ਨਾਲ ਸ੍ਰੀ ਸਾਈਂ ਬਾਬਾ ਸਾਢੇ ਤਿੰਨ ਹੱਥ ਲੰਮੇ ਇਕ ਆਦਮੀ ਸਨ, ਫੇਰ ਵੀ ਹਰੇਕ ਦੇ ਦਿਲ ਵਿਚ ਉਹ ਬਿਰਾਜਮਾਨ ਸਨ। ਅੰਦਰੋਂ ਉਹ ਮੋਹ ਰਹਿਤ ਅਤੇ ਸਥਿਰ ਸਨ, ਪਰ ਬਾਹਰੋਂ ਉਹ ਲੋਕਾਂ ਦੇ ਭਲੇ ਲਈ ਹਮੇਸ਼ਾਂ ਫ਼ਿਕਰਮੰਦ ਰਹਿੰਦੇ ਸਨ। ਅੰਦਰੋਂ ਉਹ ਸੰਪੂਰਨ ਰੂਪ ਵਿਚ ਸਵਾਰਥੀ ਨਹੀਂ ਸਨ। ਭਗਤਾਂ ਦੇ ਲਈ ਉਨ੍ਹਾਂ ਦੇ ਦਿਲ ਵਿਚ ਪਰਮ ਸ਼ਾਂਤੀ ਬਿਰਾਜਮਾਨ ਸੀ, ਪਰ ਬਾਹਰੋਂ ਉਹ ਬੇਚੈਨ ਲੱਗਦੇ ਸਨ। ਉਹ ਅੰਦਰੋਂ ਤਾਂ ਬ੍ਰਹਮ ਗਿਆਨੀ, ਪਰ ਬਾਹਰੋਂ ਸੰਸਾਰ ਵਿਚ ਉਲਝੇ ਹੋਏ ਲੱਗਦੇ ਸੀ। ਉਹ ਕਦੀ ਪਿਆਰ ਭਰੀ ਨਜ਼ਰ ਨਾਲ ਦੇਖਦੇ ਅਤੇ ਕਦੀ ਪੱਥਰ ਮਾਰਦੇ, ਕਦੀ ਗਾਲ੍ਹਾਂ ਕੱਢਦੇ ਅਤੇ ਕਦੀ ਦਿਲ ਨਾਲ ਲਗਾਉਂਦੇ ਸੀ। ਉਹ ਗੰਭੀਰ, ਸ਼ਾਂਤ ਅਤੇ ਸੰਤੋਖੀ ਸਨ। ਉਹ ਸਦਾ ਦ੍ਰਿੜ ਅਤੇ ਆਤਮਲੀਨ ਰਹਿੰਦੇ ਸਨ। ਉਹ ਹਮੇਸ਼ਾਂ ਇਕ ਆਸਨ ਉੱਪਰ ਬਿਰਾਜਮਾਨ ਰਹਿੰਦੇ ਸਨ। ਉਹ ਕਦੀ ਯਾਤਰਾ 'ਤੇ ਨਹੀਂ ਗਏ। ਉਨ੍ਹਾਂ ਦਾ ਦੰਡ ਇਕ ਛੋਟੀ ਜਿਹੀ ਲੱਕੜੀ ਸੀ, ਜਿਸ ਨੂੰ ਉਹ ਹਮੇਸ਼ਾਂ ਆਪਣੇ ਕੋਲ ਸੰਭਾਲ ਕੇ ਰੱਖਦੇ ਸਨ। ਵਿਕਾਰਾਂ ਤੋਂ ਖਾਲੀ ਹੋਣ ਦੇ ਕਾਰਨ ਉਹ ਸ਼ਾਂਤ ਸਨ। ਉਨ੍ਹਾਂ ਨੇ ਕਾਂਚਨ ਅਤੇ ਕ੍ਰੀਤੀ ਦੀ ਕਦੀ ਫ਼ਿਕਰ ਨਹੀਂ ਕੀਤੀ ਅਤੇ ਹਮੇਸ਼ਾਂ ਹੀ ਭਿੱਖਿਆ ਮੰਗ ਕੇ ਗੁਜ਼ਾਰਾ ਕਰਦੇ ਰਹੇ। ਉਨ੍ਹਾਂ ਦਾ ਜੀਵਨ ਹੀ ਇਸ ਤਰ੍ਹਾਂ ਦਾ ਸੀ। 'ਅੱਲ੍ਹਾ ਮਾਲਿਕ' ਸਦਾ ਉਨ੍ਹਾਂ ਦੇ ਮੁੱਖ 'ਤੇ ਰਹਿੰਦਾ ਸੀ। ਉਨ੍ਹਾਂ ਦਾ ਭਗਤਾਂ 'ਤੇ ਖ਼ਾਸ ਅਤੇ ਅਟੁੱਟ ਪਿਆਰ ਸੀ। ਉਹ ਆਤਮ-ਗਿਆਨ ਦੀ ਖਾਨ ਅਤੇ ਪਰਮ ਦੈਵੀ-ਸਰੂਪ ਸਨ। ਸ੍ਰੀ ਸਾਈਂ ਬਾਬਾ ਦਾ ਦੈਵੀ-ਸਰੂਪ ਇਸ ਤਰ੍ਹਾਂ ਦਾ ਸੀ, ਇਕ ਅਸੀਮ, ਅਨੰਤ, ਸੱਚ ਅਤੇ ਨਾ ਬਦਲਣ ਵਾਲਾ ਸਿੱਧਾਂਤ, ਜਿਸ ਦੇ ਅੰਦਰ ਇਹ ਸਾਰਾ ਸੰਸਾਰ ਹੈ, ਸ੍ਰੀ ਸਾਈਂ ਬਾਬਾ ਵਿਚ ਪ੍ਰਗਟ ਹੋਇਆ ਸੀ। ਇਹ ਅਮੁੱਲ ਖ਼ਜ਼ਾਨਾ ਸਿਰਫ਼ ਸਤਵ ਗੁਣ-ਸੰਪੰਨ ਅਤੇ ਭਾਗਾਂ ਵਾਲੇ ਭਗਤਾਂ ਨੂੰ ਹੀ ਪ੍ਰਾਪਤ ਹੋਇਆ। ਜਿਨ੍ਹਾਂ ਨੇ ਸ੍ਰੀ ਸਾਈਂ ਬਾਬਾ ਨੂੰ ਸਿਰਫ਼ ਮਨੁੱਖ ਜਾਂ ਆਮ ਆਦਮੀ ਸਮਝਿਆ ਜਾ ਸਮਝਦੇ ਹਨ, ਉਹ ਅਸਲ ਵਿਚ ਬਦਕਿਸਮਤ ਸਨ ਜਾਂ ਹਨ। ਸ੍ਰੀ ਸਾਈਂ ਬਾਬਾ ਦੇ ਮਾਤਾ-ਪਿਤਾ ਅਤੇ ਉਨ੍ਹਾਂ ਦੇ ਜਨਮ ਦੀ ਤਾਰੀਕ ਦਾ ਠੀਕ-ਠੀਕ ਪਤਾ ਕਿਸੇ ਨੂੰ ਵੀ ਨਹੀਂ ਹੈ ਤਾਂ ਵੀ ਉਨ੍ਹਾਂ ਦੇ ਸ਼ਿਰਡੀ ਵਿਚ ਨਿਵਾਸ



ਨਾਲ ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜਦੋਂ ਪਹਿਲੀ ਵਾਰੀ ਬਾਬਾ ਸ਼ਿਰਡੀ ਆਏ ਸੀ ਤਾਂ ਉਸ ਵੇਲੇ ਉਨ੍ਹਾਂ ਦੀ ਉਮਰ ਸਿਰਫ਼ 16 ਸਾਲ ਦੀ ਸੀ। ਉਹ ਸ਼ਿਰਡੀ ਵਿਚ ਤਿੰਨ ਸਾਲ ਰਹਿਣ ਬਾਅਦ ਫੇਰ ਕੁਝ ਵਕਤ ਲਈ ਅੰਤਰ ਧਿਆਨ ਹੋ ਗਏ। ਕੁਝ ਵਕਤ ਬਾਅਦ ਔਰੰਗਾਬਾਦ ਦੇ ਨੇੜੇ (ਨਿਜ਼ਾਮ ਸਟੇਟ) ਵਿਚ ਪ੍ਰਗਟ ਹੋਏ ਅਤੇ ਚਾਂਦ ਪਾਟਿਲ ਦੀ ਬਰਾਤ ਦੇ ਨਾਲ ਵਾਪਸ ਸ਼ਿਰਡੀ ਪਧਾਰੇ। ਉਸ ਵੇਲੇ ਉਨ੍ਹਾਂ ਦੀ ਉਮਰ 20 ਸਾਲ ਦੀ ਸੀ। ਉਨ੍ਹਾਂ ਨੇ ਲਗਾਤਾਰ 60 ਸਾਲਾਂ ਤਕ ਸ਼ਿਰਡੀ ਵਿਚ ਨਿਵਾਸ ਕੀਤਾ ਅਤੇ ਸੰਨ 1918 ਵਿਚ ਸਮਾਧੀ 'ਚ ਲੀਨ ਹੋਏ। ਇਸ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਜਨਮ-ਤਾਰੀਕ ਸੰਨ 1838 ਦੇ ਲਗਭਗ ਸੀ।

## ਬਾਬਾ ਦਾ ਮਨੋਰਥ ਅਤੇ ਉਪਦੇਸ਼

ਸਤਾਰ੍ਹਵੀਂ ਸਦੀ (1608-1681) ਵਿਚ ਸੰਤ ਰਾਮਦਾਸ ਪ੍ਰਗਟ ਹੋਏ ਅਤੇ ਉਨ੍ਹਾਂ ਨੇ ਯਵਨਾਂ ਕੋਲੋਂ ਗਊਆਂ ਅਤੇ ਬ੍ਰਾਹਮਣਾਂ ਦੀ ਰੱਖਿਆ ਕਰਨ ਦਾ ਕੰਮ ਸਫ਼ਲਤਾ ਨਾਲ ਕੀਤਾ ਪਰ ਦੋ ਸਦੀਆਂ ਬੀਤ ਜਾਣ ਮਗਰੋਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਦੁਸ਼ਮਣੀ ਵੱਧ ਗਈ ਅਤੇ ਇਸ ਨੂੰ ਦੂਰ ਕਰਨ ਲਈ ਹੀ ਸ੍ਰੀ ਸਾਈਂ ਬਾਬਾ ਪ੍ਰਗਟ ਹੋਏ। ਉਨ੍ਹਾਂ ਦਾ ਸਾਰਿਆਂ ਲਈ ਇਹ ਉਪਦੇਸ਼ ਸੀ ਕਿ "ਰਾਮ (ਜਿਹੜਾ ਹਿੰਦੂਆਂ ਦਾ ਭਗਵਾਨ ਹੈ) ਅਤੇ ਰਹੀਮ (ਜਿਹੜਾ ਮੁਸਲਮਾਨਾਂ ਦਾ ਖ਼ੁਦਾ ਹੈ) ਇਕ ਹੀ ਹਨ ਅਤੇ ਉਨ੍ਹਾਂ ਵਿਚ ਜ਼ਰਾ ਵੀ ਫ਼ਰਕ ਨਹੀਂ ਹੈ। ਫੇਰ ਤੁਸੀਂ ਉਨ੍ਹਾਂ ਦੇ ਪੈਰੋਕਾਰ ਕਿਉਂ ਅਲੱਗ-ਅਲੱਗ ਰਹਿ ਕੇ ਆਪਸ ਵਿਚ ਲੜਦੇ ਹੋ? ਅਗਿਆਨੀ ਬੱਚਿਓ! ਦੋਵੇਂ ਜਾਤਾਂ ਏਕਤਾ ਕਰਕੇ ਅਤੇ ਇਕੱਠੇ ਮਿਲ-ਜੁਲ ਕੇ ਰਹੋ। ਸ਼ਾਂਤੀ ਨਾਲ ਰਹੋ ਅਤੇ ਇਸ ਤਰ੍ਹਾਂ ਦੇਸ਼ ਦੀ ਏਕਤਾ ਦਾ ਮਨੋਰਥ ਪੂਰਾ ਕਰੋ। ਹਮੇਸ਼ਾਂ ਆਪਣੇ ਹਿੱਤ ਅਤੇ ਕਲਿਆਣ ਦਾ ਖ਼ਿਆਲ ਕਰੋ। ਸ੍ਰੀ ਹਰੀ ਤੁਹਾਡੀ ਰੱਖਿਆ ਜ਼ਰੂਰ ਕਰਨਗੇ। ਯੋਗ, ਵੈਰਾਗ, ਤਪ, ਗਿਆਨ ਆਦਿ ਈਸ਼ਵਰ ਦੇ ਕੋਲ ਪਹੁੰਚਣ ਦੇ ਰਸਤੇ ਹਨ। ਜੇ ਤੁਸੀਂ ਕਿਸੇ ਤਰ੍ਹਾਂ ਸਫ਼ਲ ਸਾਧਕ ਨਹੀਂ ਬਣ ਸਕਦੇ ਤਾਂ ਤੁਹਾਡਾ ਜਨਮ ਫ਼ਜ਼ੂਲ ਹੈ। ਤੁਹਾਡੀ ਕੋਈ ਜਿੰਨੀ ਵੀ ਨਿੰਦਿਆ ਕਿਉਂ ਨਾ ਕਰੇ, ਤੁਸੀਂ ਉਸ ਨਾਲ ਉਵੇਂ ਨਾ ਕਰੋ। ਜੇ ਕੋਈ ਸ਼ੁਭ ਕੰਮ ਕਰਨ ਦੀ ਮਰਜ਼ੀ ਹੈ ਤਾਂ ਸਦਾ ਦੂਸਰਿਆਂ ਦੀ ਭਲਾਈ ਕਰੋ।"

ਸੰਖੇਪ ਵਿਚ ਇਹ ਹੀ ਸ੍ਰੀ ਸਾਈਂ ਬਾਬਾ ਦਾ ਉਪਦੇਸ਼ ਹੈ ਕਿ ਇਸ ਕਥਾ ਅਨੁਸਾਰ ਆਚਰਣ ਕਰਨ ਨਾਲ ਭੌਤਿਕ ਅਤੇ ਅਧਿਆਤਮਿਕ ਦੋਵਾਂ ਹੀ ਖੇਤਰਾਂ ਵਿਚ ਤੁਹਾਡੀ ਉੱਨਤੀ ਹੋਵੇਗੀ।

## ਸਚਿਦਾਨੰਦ ਸਤਿਗੁਰੂ ਸ੍ਰੀ ਸਾਈਂਨਾਥ ਮਹਾਰਾਜ

ਗੁਰੂ ਤਾਂ ਅਨੇਕਾਂ ਹਨ। ਕੁਝ ਗੁਰੂ ਇਹੋ ਜਿਹੇ ਹਨ, ਜਿਹੜੇ ਘਰ-ਘਰ ਹੱਥ ਵਿਚ ਵੀਨਾ ਅਤੇ ਕਰਤਾਲ ਲੈ ਕੇ ਆਪਣੀ ਧਾਰਮਿਕਤਾ ਦਾ ਵਿਖਾਵਾ ਕਰਦੇ ਫਿਰਦੇ ਹਨ। ਉਹ ਚੇਲਿਆਂ ਦੇ ਕੰਨਾਂ ਵਿਚ ਮੰਤਰ ਫੂਕਦੇ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਅਤੇ ਪੈਸਾ ਹੜੱਪਦੇ ਹਨ। ਉਹ ਈਸ਼ਵਰ ਦੀ ਭਗਤੀ ਅਤੇ ਧਾਰਮਿਕਤਾ

ਦਾ ਸਿਰਫ਼ ਢੋਂਗ ਹੀ ਰਚਦੇ ਹਨ। ਉਹ ਅਸਲ ਵਿਚ ਅਪਵਿੱਤਰ ਅਤੇ ਨਾਸਤਿਕ ਹੁੰਦੇ ਹਨ। ਸ੍ਰੀ ਸਾਈਂ ਬਾਬਾ ਨੇ ਧਾਰਮਿਕਤਾ ਦਾ ਵਿਖਾਵਾ ਕਰਨ ਬਾਰੇ ਕਦੇ ਮਨ ਵਿਚ ਖ਼ਿਆਲ ਨਹੀਂ ਕੀਤਾ। ਸਰੀਰਿਕ ਬੁੱਧੀ ਜ਼ਰਾ ਵੀ ਉਨ੍ਹਾਂ ਨੂੰ ਛੂਹ ਨਹੀਂ ਗਈ ਸੀ। ਪਰ ਉਨ੍ਹਾਂ ਨੂੰ ਭਗਤਾਂ ਨਾਲ ਬੇਹੱਦ ਪਿਆਰ ਸੀ। ਗੁਰੂ ਦੋ ਤਰ੍ਹਾਂ ਦੇ ਹੁੰਦੇ ਹਨ—1) ਨਿਯਤ ਅਤੇ 2) ਅਨਿਯਤ। ਅਨਿਯਤ ਗੁਰੂ ਦੇ ਆਦੇਸ਼ਾਂ ਨਾਲ ਆਪਣੇ ਵਿਚ ਉੱਤਮ ਗੁਣਾਂ ਦਾ ਵਿਕਾਸ ਹੁੰਦਾ ਹੈ ਅਤੇ ਚਿੱਤ ਸ਼ੁੱਧ ਹੋ ਕੇ ਵਿਵੇਕ 'ਚ ਵਾਧਾ ਹੁੰਦਾ ਹੈ। ਉਹ ਭਗਤੀ ਦੇ ਰਾਹ ਪਾ ਦਿੰਦੇ ਹਨ। ਪਰ ਨਿਯਤ ਗੁਰੂ ਦੀ ਸੰਗਤ ਨਾਲ ਹੀ ਦੁਬਿਧਾ ਜਲਦੀ ਦੂਰ ਹੋ ਜਾਂਦੀ ਹੈ। ਗੁਰੂ ਹੋਰ ਵੀ ਬੜੀ ਤਰ੍ਹਾਂ ਦੇ ਹੁੰਦੇ ਹਨ, ਜਿਹੜੇ ਅਲੱਗ-ਅਲੱਗ ਤਰ੍ਹਾਂ ਦੀ ਸੰਸਾਰਿਕ ਸਿੱਖਿਆ ਦਿੰਦੇ ਹਨ।

ਅਸਲ ਵਿਚ ਜਿਹੜਾ ਸਾਨੂੰ ਆਤਮਸਥਿਤ ਬਣਾ ਕੇ ਇਸ ਭਵਸਾਗਰ ਤੋਂ ਪਾਰ ਉਤਾਰ ਦੇਵੇ, ਉਹ ਹੀ ਸਤਿਗੁਰੂ ਹੈ। ਸ੍ਰੀ ਸਾਈਂ ਬਾਬਾ ਉਸ ਕੋਟੀ ਦੇ ਸਤਿਗੁਰੂ ਸਨ। ਉਨ੍ਹਾਂ ਦੀ ਮਹਾਨਤਾ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਜਿਹੜੇ ਭਗਤ ਬਾਬਾ ਦੇ ਦਰਸ਼ਨਾਂ ਲਈ ਆਉਂਦੇ, ਉਨ੍ਹਾਂ ਦੇ ਸੁਆਲ ਕਰਨ ਤੋਂ ਪਹਿਲਾਂ ਹੀ ਬਾਬਾ ਉਨ੍ਹਾਂ ਦੇ ਸਾਰੇ ਜੀਵਨ ਦੇ ਤਿੰਨ ਕਾਲਾਂ ਦਾ ਪੂਰਾ-ਪੂਰਾ ਵਿਵਰਣ ਦੱਸ ਦਿੰਦੇ ਸੀ। ਉਹ ਸਾਰਿਆਂ ਪ੍ਰਾਣੀਆਂ ਵਿਚ ਪ੍ਰਭੂ-ਦਰਸ਼ਨ ਕਰਦੇ ਸੀ। ਦੋਸਤ ਅਤੇ ਦੁਸ਼ਮਣ ਉਨ੍ਹਾਂ ਲਈ ਇਕੋ-ਜਿਹੇ ਸਨ। ਉਹ ਨਿਰਸਵਾਰਥੀ ਅਤੇ ਦ੍ਰਿੜ ਸਨ। ਕਿਸਮਤ ਅਤੇ ਬਦਕਿਸਮਤੀ ਦਾ ਉਨ੍ਹਾਂ ਉਪਰ ਕੋਈ ਅਸਰ ਨਹੀਂ ਸੀ। ਉਹ ਕਦੀ ਸ਼ੱਕ, ਵਹਿਮ ਵਿਚ ਨਹੀਂ ਪੈਂਦੇ ਸਨ। ਦੇਹਧਾਰੀ ਹੋ ਕੇ ਵੀ ਉਨ੍ਹਾਂ ਨੂੰ ਸਰੀਰ ਦੀ ਜ਼ਰਾ ਵੀ ਪਰਵਾਹ ਨਹੀਂ ਸੀ। ਸਰੀਰ ਤਾਂ ਉਨ੍ਹਾਂ ਦੇ ਲਈ ਇਕ ਪਰਦਾ ਹੀ ਸੀ। ਅਸਲ ਵਿਚ ਉਹ ਹਮੇਸ਼ਾਂ ਅਜ਼ਾਦ ਸਨ।

ਉਹ ਸ਼ਿਰਡੀ ਵਾਸੀ ਧੰਨ ਹਨ, ਜਿਨ੍ਹਾਂ ਨੇ ਸ੍ਰੀ ਸਾਈਂ ਬਾਬਾ ਦੀ ਈਸ਼ਵਰ ਸਮਝ ਕੇ ਉਪਾਸਨਾ ਕੀਤੀ। ਸੌਂਦੇ, ਜਾਗਦੇ, ਖਾਂਧੇ-ਪੀਂਦੇ, ਵਾੜੇ ਜਾਂ ਖੇਤ ਅਤੇ ਘਰ ਵਿਚ ਹੋਰ ਕੰਮ ਕਰਦੇ ਹੋਏ ਵੀ ਉਹ ਲੋਕ ਹਮੇਸ਼ਾਂ ਉਨ੍ਹਾਂ ਨੂੰ ਯਾਦ ਕਰਦੇ ਅਤੇ ਗੁਣਗਾਣ ਕਰਦੇ ਸਨ। ਸਾਈਂ ਬਾਬਾ ਤੋਂ ਇਲਾਵਾ ਦੂਸਰਾ ਕੋਈ ਈਸ਼ਵਰ ਉਹ ਮੰਨਦੇ ਹੀ ਨਹੀਂ ਸੀ। ਸ਼ਿਰਡੀ ਦੀਆਂ ਨਾਰੀਆਂ ਦੇ ਪਿਆਰ ਦੀ ਮਿਠਾਸ ਦਾ ਕਹਿਣਾ ਹੀ ਕੀ ਹੈ? ਉਹ ਬਿਲਕੁਲ ਭੋਲੀ-ਭਾਲੀਆਂ ਸਨ। ਉਨ੍ਹਾਂ ਦਾ ਪਵਿੱਤਰ ਪਿਆਰ ਉਨ੍ਹਾਂ ਨੂੰ ਪੇਂਡੂ ਜ਼ੁਬਾਨ ਵਿਚ ਭਜਨ ਰਚਣ ਦੀ ਹਮੇਸ਼ਾਂ ਪ੍ਰੇਰਣਾ ਦਿੰਦਾ ਸੀ। ਭਾਵੇਂ ਉਹ ਅੰਨਪੜ੍ਹ ਸਨ ਤਾਂ ਵੀ ਉਨ੍ਹਾਂ ਦੇ ਸਰਲ ਭਜਨਾਂ ਵਿਚ ਅਸਲੀ ਕਾਵਿ ਦੀ ਝਲਕ ਸੀ। ਇਹ ਕੋਈ ਸਿਆਣਪ ਨਹੀਂ ਸੀ, ਬਲਕਿ ਉਨ੍ਹਾਂ ਦਾ ਸੱਚਾ ਪਿਆਰ ਹੀ ਇਸ ਤਰ੍ਹਾਂ ਦੀ ਕਵਿਤਾ ਦਾ ਪ੍ਰੇਰਕ ਸੀ। ਕਵਿਤਾ ਤਾਂ ਸੱਚੇ ਪਿਆਰ ਦਾ ਪ੍ਰਗਟ ਸਰੂਪ ਹੀ ਹੈ, ਜਿਸ ਵਿਚ ਸਿਆਣੇ ਸਰੋਤੇ ਹੀ ਅਸਲ ਦਰਸ਼ਨ ਜਾਂ ਉਸਦੇ ਸੁਆਦ ਦਾ ਅਨੁਭਵ ਕਰਦੇ ਹਨ।

## ਬਾਬਾ ਦੀ ਨਿਮਰਤਾ

ਇਸ ਤਰ੍ਹਾਂ ਕਹਿੰਦੇ ਹਨ ਕਿ ਭਗਵਾਨ ਵਿਚ ਛੇ ਤਰ੍ਹਾਂ ਦੇ ਖ਼ਾਸ ਗੁਣ ਹੁੰਦੇ ਹਨ—1) ਕੀਰਤੀ, 2) ਧਨ, 3) ਵੈਰਾਗ, 4) ਗਿਆਨ, 5) ਸ਼ਾਨੋ-ਸ਼ੌਕਤ ਅਤੇ 6) ਉਦਾਰਤਾ।



ਸ੍ਰੀ ਸਾਈਂ ਬਾਬਾ ਵਿਚ ਵੀ ਇਹ ਸਾਰੇ ਗੁਣ ਮੌਜੂਦ ਸਨ। ਉਨ੍ਹਾਂ ਨੇ ਭਗਤਾਂ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਹੀ ਸਗੁਣ ਅਵਤਾਰ ਧਾਰਨ ਕੀਤਾ ਸੀ। ਉਨ੍ਹਾਂ ਦੀ ਕ੍ਰਿਪਾ ਬੜੀ ਹੀ ਅਜ਼ੀਬ ਸੀ। ਭਗਤਾਂ ਲਈ ਉਹ ਆਪਣੇ ਸ੍ਰੀ ਮੁੱਖ ਤੋਂ ਇਹੋ ਜਿਹੇ ਵਚਨ ਕਹਿੰਦੇ, ਜਿਨ੍ਹਾਂ ਦਾ ਵਰਨਣ ਕਰਨ ਦੀ ਹਿੰਮਤ ਸਰਸਵਤੀ ਵੀ ਨਹੀਂ ਕਰ ਸਕਦੀ ਸੀ। ਉਨ੍ਹਾਂ ਵਿਚੋਂ ਇਥੇ ਇਕ ਮਨੋਰੰਜਕ ਨਮੂਨਾ ਦਿੱਤਾ ਜਾਂਦਾ ਹੈ। ਬਾਬਾ ਅਤਿ ਨਿਮਰਤਾ ਨਾਲ ਇਸ ਤਰ੍ਹਾਂ ਬੋਲਦੇ—"ਦਾਸਾਂ ਦਾ ਦਾਸ, ਮੈਂ ਤੁਹਾਡਾ ਕਰਜ਼ਾਈ ਹਾਂ।" ਕਿਹੋ ਜਿਹੀ ਨਿਮਰਤਾ ਹੈ?

ਭਾਵੇਂ ਬਾਹਰੋਂ ਦੇਖਣ ਨੂੰ ਬਾਬਾ ਵਿਸ਼ੇ-ਪਦਾਰਥਾਂ ਦੀ ਵਰਤੋਂ ਕਰਦੇ ਲੱਗਦੇ ਸੀ, ਪਰ ਉਨ੍ਹਾਂ ਨੂੰ ਜ਼ਰਾ ਵੀ ਉਨ੍ਹਾਂ ਦੀ ਖੁਸ਼ਬੂ ਅਤੇ ਨਾ ਹੀ ਉਨ੍ਹਾਂ ਦੇ ਉਪਭੋਗ ਦਾ ਗਿਆਨ ਸੀ। ਉਹ ਖਾਂਧੇ ਜ਼ਰੂਰ ਸੀ, ਪਰ ਉਨ੍ਹਾਂ ਦੀ ਜ਼ੀਬ ਨੂੰ ਕੋਈ ਸੁਆਦ ਨਹੀਂ ਸੀ। ਉਹ ਅੱਖਾਂ ਨਾਲ ਦੇਖਦੇ ਸੀ, ਪਰ ਉਸ ਨਜ਼ਾਰੇ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਸੀ। ਕਾਮ ਦੇ ਮਾਮਲੇ ਵਿਚ ਉਹ ਹਨੂੰਮਾਨ ਵਾਂਗ ਅਖੰਡ ਬ੍ਰਹਮਚਾਰੀ ਸਨ। ਉਨ੍ਹਾਂ ਨੂੰ ਕਿਸੇ ਚੀਜ਼ ਨਾਲ ਮੋਹ ਨਹੀਂ ਸੀ। ਉਹ ਸ਼ੁੱਧ ਚੇਤੰਨ ਸਰੂਪ ਸੀ, ਜਿਥੇ ਸਾਰੀਆਂ ਇੱਛਾਵਾਂ, ਹੰਕਾਰ ਅਤੇ ਹੋਰ ਇੱਛਾਵਾਂ ਆਰਾਮ ਕਰਦੀਆਂ ਸਨ। ਸੰਖੇਪ ਵਿਚ ਉਹ ਸਵਾਰਥ ਰਹਿਤ, ਮੁਕਤ ਅਤੇ ਪੂਰਨ ਬ੍ਰਹਮ ਸੀ। ਇਸ ਗੱਲ ਨੂੰ ਸਮਝਣ ਲਈ ਇਕ ਮਨੋਰੰਜਕ ਕਥਾ ਦਾ ਉਦਾਹਰਣ ਇੱਥੇ ਦਿੱਤਾ ਜਾਂਦਾ ਹੈ।

## ਨਾਨਾਵਲੀ

ਸ਼ਿਰਡੀ ਵਿਚ ਨਾਨਾਵਲੀ ਨਾਂਅ ਦਾ ਇਕ ਅਜ਼ੀਬ ਅਤੇ ਅਨੋਖਾ ਆਦਮੀ ਸੀ। ਉਹ ਬਾਬਾ ਦੇ ਸਾਰੇ ਕੰਮਾਂ ਦੀ ਦੇਖਭਾਲ ਕਰਦਾ ਸੀ। ਇਕ ਵਾਰੀ ਜਦੋਂ ਬਾਬਾ ਗੱਦੀ 'ਤੇ ਬਿਰਾਜਮਾਨ ਸੀ, ਉਹ ਉਨ੍ਹਾਂ ਦੇ ਕੋਲ ਗਿਆ। ਉਹ ਆਪ ਹੀ ਗੱਦੀ ਉੱਪਰ ਬੈਠਣਾ ਚਾਹੁੰਦਾ ਸੀ। ਇਸ ਲਈ ਉਸ ਨੇ ਬਾਬਾ ਨੂੰ ਉਥੋਂ ਉੱਠਣ ਲਈ ਕਿਹਾ। ਬਾਬਾ ਨੇ ਤੁਰੰਤ ਗੱਦੀ ਛੱਡ ਦਿੱਤੀ ਅਤੇ ਉਦੋਂ ਨਾਨਾਵਲੀ ਉਥੇ ਬਿਰਾਜਮਾਨ ਹੋ ਗਿਆ। ਥੋੜ੍ਹੀ ਦੇਰ ਉਥੇ ਬੈਠ ਕੇ ਉਹ ਉੱਠਿਆ ਅਤੇ ਬਾਬਾ ਨੂੰ ਆਪਣੀ ਜਗ੍ਹਾ ਉੱਪਰ ਬੈਠਣ ਲਈ ਕਿਹਾ। ਬਾਬਾ ਦੁਬਾਰਾ ਆਸਨ ਉੱਪਰ ਬੈਠ ਗਏ। ਇਹ ਦੇਖ ਕੇ ਨਾਨਾਵਲੀ ਉਨ੍ਹਾਂ ਦੇ ਪੈਰਾਂ 'ਤੇ ਡਿੱਗ ਪਿਆ। ਇਸ ਤਰ੍ਹਾਂ ਅਚਾਨਕ ਹੀ ਆਗਿਆ ਦੇਣ ਅਤੇ ਉਥੋਂ ਉਠਾਏ ਜਾਣ ਦੇ ਕਾਰਨ ਬਾਬਾ ਵਿਚ ਜ਼ਰਾ ਵੀ ਨਰਾਜ਼ਗੀ ਦੀ ਝਲਕ ਨਹੀਂ ਸੀ।

## ਸੌਖਾ, ਸਰਲ ਰਸਤਾ, ਸੰਤਾਂ ਦੀਆਂ ਕਥਾਵਾਂ ਸਰਵਣ ਕਰਨਾ ਅਤੇ ਉਨ੍ਹਾਂ ਦੀ ਸੰਗਤ

ਭਾਵੇਂ ਬਾਹਰੋਂ ਦੇਖਣ ਵਿਚ ਸ੍ਰੀ ਸਾਈਂ ਬਾਬਾ ਦਾ ਸੁਭਾਅ ਆਮ ਆਦਮੀਆਂ ਵਰਗਾ ਹੀ ਸੀ। ਪਰ ਉਨ੍ਹਾਂ ਦੇ ਕੰਮ ਤੋਂ ਉਨ੍ਹਾਂ ਦੀ ਅਸਧਾਰਣ ਅਦੁੱਤੀ ਸਿਆਣਪ ਅਤੇ ਮੁਹਾਰਤ ਸਾਫ਼ ਹੀ ਨਜ਼ਰ ਆਉਂਦੀ ਸੀ। ਉਨ੍ਹਾਂ ਦੇ ਸਾਰੇ ਕੰਮ ਭਗਤਾਂ ਦੀ ਭਲਾਈ ਦੇ ਲਈ ਹੀ ਹੁੰਦੇ ਸੀ। ਉਨ੍ਹਾਂ ਨੇ ਕਦੀ ਵੀ ਆਪਣੇ ਭਗਤਾਂ ਨੂੰ ਕਿਸੇ ਆਸਨ ਜਾਂ ਪ੍ਰਾਣਾਯਾਮ ਦੇ ਨਿਯਮਾਂ ਜਾਂ ਕਿਸੇ ਉਪਾਸਨਾ ਦਾ ਆਦੇਸ਼ ਕਦੀ ਨਹੀਂ ਦਿੱਤਾ ਅਤੇ ਨਾ


ਹੀ ਉਨ੍ਹਾਂ ਦੇ ਕੰਨਾਂ ਵਿਚ ਕੋਈ ਮੰਤਰ ਫੂਕਿਆ। ਉਨ੍ਹਾਂ ਦਾ ਤਾਂ ਸਾਰਿਆਂ ਦੇ ਲਈ ਇਹੀ ਕਹਿਣਾ ਸੀ ਕਿ **ਚਲਾਕੀਆਂ ਛੱਡ ਕੇ ਹਰ ਵੇਲੇ 'ਸਾਈਂ ਸਾਈਂ' ਸਿਮਰਨ ਕਰੋ। ਇਸ ਤਰ੍ਹਾਂ ਆਚਰਣ ਕਰਨ ਨਾਲ ਸਾਰੇ ਬੰਧਨ ਛੁੱਟ ਜਾਣਗੇ ਅਤੇ ਤੁਹਾਨੂੰ ਮੁਕਤੀ ਪ੍ਰਾਪਤ ਹੋ ਜਾਏਗੀ**। ਪੰਜ ਅਗਨੀ—ਤਪ, ਤਿਆਗ, ਨਾਮ ਸਿਮਰਨ, ਅਸ਼ਟਾਂਗ ਯੋਗ ਆਦਿ ਦਾ ਧਾਰਨੀ ਹੋਣਾ ਸਿਰਫ਼ ਬ੍ਰਾਹਮਣਾਂ ਨੂੰ ਹੀ ਸੰਭਵ ਹੈ।

ਮਨ ਦਾ ਕੰਮ ਵਿਚਾਰ ਕਰਨਾ ਹੈ। ਬਗ਼ੈਰ ਵਿਚਾਰ ਕੀਤੇ ਉਹ ਇਕ ਪਲ ਵੀ ਨਹੀਂ ਰਹਿ ਸਕਦਾ। ਜੇ ਤੁਸੀਂ ਉਸ ਨੂੰ ਕਿਸੇ ਕੰਮ ਵਿਚ ਲਗਾ ਦਿਉਗੇ ਤਾਂ ਉਹ ਉਸ ਦਾ ਹੀ ਧਿਆਨ ਕਰਨ ਲੱਗੇਗਾ ਅਤੇ ਜੇ ਉਸ ਨੂੰ ਗੁਰੂ ਨੂੰ ਦੇ ਦਿਉਗੇ ਤਾਂ ਉਹ ਗੁਰੂ ਦਾ ਹੀ ਧਿਆਨ ਕਰਦਾ ਰਹੇਗਾ। ਤੁਸੀਂ ਲੋਕ ਬੜੇ ਧਿਆਨ ਨਾਲ ਸਾਈਂ ਦੀ ਮਹਾਨਤਾ ਅਤੇ ਸ਼ੋਭਾ ਸਰਵਣ ਕਰ ਚੁੱਕੇ ਹੋ। ਇਹ ਕਥਾਵਾਂ ਸੰਸਾਰਿਕ ਭੈਅ ਨੂੰ ਖ਼ਤਮ ਕਰਕੇ ਅਧਿਆਤਮਿਕ ਰਾਹ ਉਤੇ ਲੈ ਜਾਂਦੀਆ ਹਨ। ਇਸ ਲਈ ਇਨ੍ਹਾਂ ਕਥਾਵਾਂ ਦਾ ਹਮੇਸ਼ਾਂ ਸਰਵਣ ਅਤੇ ਪਾਠ ਕਰੋ ਅਤੇ ਆਚਰਣ ਵਿਚ ਵੀ ਲਿਆਉ। ਸੰਸਾਰਿਕ ਕੰਮਾਂ ਵਿਚ ਲੱਗੇ ਰਹਿਣ 'ਤੇ ਵੀ ਆਪਣਾ ਮਨ ਸਾਈਂ ਅਤੇ ਉਨ੍ਹਾਂ ਦੀਆ ਕਥਾਵਾਂ ਵਿਚ ਲਗਾਈ ਰੱਖੋ। ਉਦੋਂ ਤਾਂ ਇਹ ਪੱਕਾ ਹੈ ਕਿ ਉਹ ਕ੍ਰਿਪਾ ਜ਼ਰੂਰ ਕਰਨਗੇ। ਇਹ ਰਸਤਾ ਬਹੁਤ ਸੌਖਾ ਹੋਣ 'ਤੇ ਵੀ ਕੀ ਕਾਰਨ ਹੈ ਕਿ ਹਰ ਕੋਈ ਇਸ ਉੱਪਰ ਨਹੀਂ ਚੱਲਦਾ? ਕਾਰਨ ਸਿਰਫ਼ ਇਹ ਹੈ ਕਿ ਈਸ਼ਵਰ ਦੀ ਕ੍ਰਿਪਾ ਤੋਂ ਬਗ਼ੈਰ ਲੋਕਾਂ ਵਿਚ ਸੰਤਾਂ ਦੀਆਂ ਕਥਾਵਾਂ ਸਰਵਣ ਕਰਨ ਦੀ ਰੁਚੀ ਪੈਦਾ ਨਹੀਂ ਹੁੰਦੀ। ਈਸ਼ਵਰ ਦੀ ਕ੍ਰਿਪਾ ਨਾਲ ਹੀ ਹਰੇਕ ਕੰਮ ਸੁਚੱਜੇ ਅਤੇ ਸੁੰਦਰ ਢੰਗ ਤਰੀਕੇ ਨਾਲ ਹੁੰਦਾ ਹੈ। ਸੰਤਾਂ ਦੀ ਕਥਾ ਦਾ ਸਰਵਣ ਹੀ ਸੰਤਾਂ ਦੀ ਸੰਗਤ ਬਰਾਬਰ ਹੈ। ਸੰਤਾਂ ਦੀ ਨੇੜਤਾ ਦਾ ਮਹੱਤਵ ਬਹੁਤ ਮਹਾਨ ਹੈ। ਉਸ ਨਾਲ ਸਰੀਰਿਕ ਬੁੱਧੀ, ਹੰਕਾਰ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਮਿਲ ਜਾਂਦੀ ਹੈ। ਦਿਲ ਦੀਆਂ ਸਾਰੀਆਂ ਗੰਢਾਂ ਖੁੱਲ੍ਹ ਜਾਂਦੀਆਂ ਹਨ ਅਤੇ ਈਸ਼ਵਰ ਨਾਲ ਮਿਲਾਪ ਹੋ ਜਾਂਦਾ ਹੈ, ਜਿਹੜਾ ਚੈਤਨ ਧੰਨ ਸਰੂਪ ਹੈ। ਵਿਸ਼ਿਆਂ ਨਾਲ ਯਕੀਕਨ ਹੀ ਉਦਾਸੀਨਤਾ ਵਧਦੀ ਹੈ ਅਤੇ ਦੁੱਖ ਅਤੇ ਸੁੱਖ ਵਿਚ ਅਟੱਲ ਰਹਿਣ ਦੀ ਸ਼ਕਤੀ ਮਿਲ ਜਾਂਦੀ ਹੈ ਅਤੇ ਅਧਿਆਤਮਿਕ ਉੱਨਤੀ ਸੌਖੀ ਹੋ ਜਾਂਦੀ ਹੈ। ਜੇ ਤੁਸੀਂ ਕੋਈ ਸਾਧਨਾ ਜਿਵੇਂ ਨਾਮ ਸਿਮਰਨ, ਪੂਜਾ ਜਾਂ ਭਗਤੀ ਆਦਿ ਨਹੀਂ ਕਰਦੇ, ਪਰ ਇਕਾਗਰ ਭਾਵ ਨਾਲ ਸਿਰਫ਼ ਸੰਤਾਂ ਦੇ ਹੀ ਸ਼ਰਨਾਗਤ ਹੋ ਜਾਉ ਤਾਂ ਉਹ ਤੁਹਾਨੂੰ ਆਸਾਨੀ ਨਾਲ ਭਵਸਾਗਰ ਦੇ ਪਾਰ ਉਤਾਰ ਦੇਣਗੇ। ਇਸੇ ਕੰਮ ਲਈ ਹੀ ਸੰਤ ਦੁਨੀਆ ਵਿਚ ਪ੍ਰਗਟ ਹੁੰਦੇ ਹਨ। ਪਵਿੱਤਰ ਨਦੀਆਂ—ਗੰਗਾ, ਜਮੁਨਾ, ਗੋਦਾਵਰੀ, ਕ੍ਰਿਸ਼ਨਾ, ਕਾਵੇਰੀ ਆਦਿ ਜਿਹੜੀਆਂ ਸੰਸਾਰ ਦੇ ਸਾਰੇ ਪਾਪਾਂ ਨੂੰ ਧੋ ਦਿੰਦੀਆਂ ਹਨ, ਉਹ ਵੀ ਹਮੇਸ਼ਾਂ ਖ਼ਾਹਿਸ਼ ਕਰਦੀਆਂ ਹਨ ਕਿ ਕੋਈ ਮਹਾਤਮਾ ਆਪਣੇ ਚਰਣਾਂ ਦੀ ਛੋਹ ਨਾਲ ਸਾਨੂੰ ਵੀ ਪਵਿੱਤਰ ਕਰੇ। ਇਸ ਤਰ੍ਹਾਂ ਦਾ ਸੰਤਾਂ ਦਾ ਪ੍ਰਭਾਵ ਹੈ। ਪਿਛਲੇ ਜਨਮਾਂ ਦੇ ਸ਼ੁਭ ਕਰਮਾਂ ਦੇ ਫਲ ਕਰਕੇ ਹੀ ਸ੍ਰੀ ਸਾਈਂ ਚਰਣਾਂ ਦੀ ਪ੍ਰਾਪਤੀ ਸੰਭਵ ਹੈ।

ਮੈਂ ਸ੍ਰੀ ਸਾਈਂ ਬਾਬਾ ਦੇ ਮੋਹ-ਵਿਨਾਸ਼ਕ ਚਰਣਾਂ ਦਾ ਧਿਆਨ ਕਰਕੇ ਇਹ ਅਧਿਆਇ ਖ਼ਤਮ ਕਰਦਾ

ਹਾਂ। ਉਨ੍ਹਾਂ ਦਾ ਸਰੂਪ ਕਿੰਨਾ ਸੁੰਦਰ ਅਤੇ ਮਨੋਹਰ ਹੈ! ਮਸਜਿਦ ਦੇ ਕਿਨਾਰੇ ਖੜੇ ਹੋਏ ਉਹ ਸਾਰੇ ਭਗਤਾਂ ਨੂੰ, ਉਨ੍ਹਾਂ ਦੇ ਭਲੇ ਲਈ ਉਦੀ ਵੰਡਦੇ ਹਨ, ਜਿਹੜੇ ਇਸ ਸੰਸਾਰ ਨੂੰ ਮਿਥਿਆ ਮੰਨ ਕੇ ਸਦਾ ਆਤਮਾਨੰਦ ਵਿਚ ਮਗਨ ਰਹਿੰਦੇ ਸੀ। ਇਸ ਤਰ੍ਹਾਂ ਦੇ ਸਚਿਦਾਨੰਦ ਸ੍ਰੀ ਸਾਈਂ ਮਹਾਰਾਜ ਦੇ ਚਰਣਾਂ ਵਿਚ ਮੇਰਾ ਬਾਰ-ਬਾਰ ਨਮਸਕਾਰ ਹੈ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**







# ॥ ਅਧਿਆਇ-11 ॥

***ਸਗੁਣ ਬ੍ਰਹਮਾ ਸ੍ਰੀ ਸਾਈਂ ਬਾਬਾ, ਡਾਕਟਰ ਪੰਡਿਤ ਦੀ ਪੂਜਾ, ਹਾਜ਼ੀ ਸਦੀਕ ਫਾਲਕੇ, ਤੱਤਾਂ 'ਤੇ ਕੰਟਰੋਲ।***

ਇਸ ਅਧਿਆਇ ਵਿਚ ਹੁਣ ਅਸੀਂ ਸ੍ਰੀ ਸਾਈਂ ਬਾਬਾ ਦੇ ਸਗੁਣ ਬ੍ਰਹਮ ਸਰੂਪ, ਉਨ੍ਹਾਂ ਦੀ ਪੂਜਾ ਅਤੇ ਤੱਤਾਂ 'ਤੇ ਕੰਟਰੋਲ ਦਾ ਵਰਨਣ ਕਰਾਂਗੇ।

## ਸਗੁਣ ਬ੍ਰਹਮਾ ਸ੍ਰੀ ਸਾਈਂ ਬਾਬਾ

ਬ੍ਰਹਮਾ ਦੇ ਦੋ ਸਰੂਪ ਹਨ—ਨਿਰਗੁਣ ਅਤੇ ਸਗੁਣ। ਨਿਰਗੁਣ ਨਿਰਾਕਾਰ ਹੈ ਅਤੇ ਸਗੁਣ ਸਾਕਾਰ ਹੈ। ਭਾਵੇਂ ਉਹ ਇਕ ਹੀ ਬ੍ਰਹਮਾ ਦੇ ਦੋ ਰੂਪ ਹਨ, ਫੇਰ ਵੀ ਕਿਸੇ ਨੂੰ ਨਿਰਗੁਣ ਅਤੇ ਕਿਸੇ ਨੂੰ ਸਗੁਣ ਉਪਾਸਨਾ ਵਿਚ ਦਿਲਚਸਪੀ ਹੁੰਦੀ ਹੈ, ਜਿਸ ਤਰ੍ਹਾਂ ਕਿ ਗੀਤਾ ਦੇ ਅਧਿਆਇ 12 ਵਿਚ ਵਰਨਣ ਕੀਤਾ ਗਿਆ ਹੈ। ਸਗੁਣ ਉਪਾਸਨਾ ਸੌਖੀ ਅਤੇ ਸਰਵੋਤਮ ਹੈ। ਮਨੁੱਖ ਆਪ ਆਕਾਰ (ਸਰੀਰ, ਇੰਦਰੀਆਂ ਆਦਿ) ਵਿਚ ਹੈ, ਇਸ ਲਈ ਉਸਨੂੰ ਈਸ਼ਵਰ ਦੀ ਸਾਕਾਰ ਉਪਾਸਨਾ ਕੁਦਰਤੀ ਹੀ ਸੌਖੀ ਲੱਗਦੀ ਹੈ। ਜਦੋਂ ਤਕ ਕੁਝ ਦੇਰ ਸਗੁਣ ਬ੍ਰਹਮਾ ਦੀ ਉਪਾਸਨਾ ਨਾ ਕੀਤੀ ਜਾਏ, ਉਦੋਂ ਤਕ ਪਿਆਰ ਅਤੇ ਭਗਤੀ ਵਿਚ ਵਾਧਾ ਹੀ ਨਹੀਂ ਹੁੰਦਾ। ਸਗੁਣ ਉਪਾਸਨਾ ਵਿਚ ਜਿਵੇਂ-ਜਿਵੇਂ ਸਾਡੀ ਉੱਨਤੀ ਹੁੰਦੀ ਜਾਂਦੀ ਹੈ, ਅਸੀਂ ਨਿਰਗੁਣ ਬ੍ਰਹਮਾ ਵੱਲ ਵੱਧਦੇ ਜਾਂਦੇ ਹਾਂ। ਇਸ ਲਈ ਸਗੁਣ ਉਪਾਸਨਾ ਤੋਂ ਹੀ ਸ਼ੁਰੂ ਕਰਨਾ ਅਤਿ ਉੱਤਮ ਹੈ। ਮੂਰਤੀ, ਵੇਦੀ, ਅੱਗ, ਰੋਸ਼ਨੀ, ਸੂਰਜ, ਪਾਣੀ ਅਤੇ ਬ੍ਰਾਹਮਣ ਆਦਿ ਸੱਤ ਉਪਾਸਨਾ ਦੀਆਂ ਚੀਜ਼ਾਂ ਹੁੰਦੇ ਹੋਏ ਵੀ ਸਤਿਗੁਰੂ ਹੀ ਇਨ੍ਹਾਂ ਸਭ ਵਿਚੋਂ ਸਰਵੋਤਮ ਹੈ।

ਸ੍ਰੀ ਸਾਈਂ ਦਾ ਮਨੋਹਰ ਸਰੂਪ ਅੱਖਾਂ ਦੇ ਸਾਹਮਣੇ ਲਿਆਉ, ਜਿਹੜੇ ਵੈਰਾਗ ਦੀ ਪ੍ਰਤੱਖ ਮੂਰਤੀ ਅਤੇ ਇਕਾਗਰ ਭਾਵ ਭਗਤਾਂ ਨੂੰ ਆਸਰਾ ਦੇਣ ਵਾਲੇ ਹਨ। ਉਨ੍ਹਾਂ ਦੇ ਸ਼ਬਦਾਂ ਵਿਚ ਭਰੋਸਾ ਕਰਨਾ ਹੀ ਆਸਨ ਅਤੇ ਉਨ੍ਹਾਂ ਦੀ ਪੂਜਾ ਦਾ ਇਰਾਦਾ ਕਰਨਾ ਹੀ ਸਾਰੀਆਂ ਇੱਛਾਵਾਂ ਦਾ ਤਿਆਗ ਹੈ।

ਕੋਈ-ਕੋਈ ਸ੍ਰੀ ਸਾਈਂ ਬਾਬਾ ਦੀ ਗਿਣਤੀ ਭਾਗਵਤ ਭਗਤ ਜਾਂ ਮਹਾਭਗਵਤ (ਮਹਾਨ ਭਗਤ) ਵਿਚ ਕਰਦੇ ਸੀ ਜਾਂ ਕਰਦੇ ਹਨ ਪਰ ਸਾਡੇ ਲੋਕਾਂ ਲਈ ਤਾਂ ਉਹ ਈਸ਼ਵਰ ਦਾ ਅਵਤਾਰ ਹਨ। ਉਹ ਬਹੁਤ ਮਾਫ਼ੀਦਾਤਾ, ਸ਼ਾਂਤ, ਸਰਲ ਅਤੇ ਸੰਤੋਖੀ ਸਨ, ਜਿਸ ਦੀ ਕੋਈ ਤੁਲਨਾ ਹੀ ਨਹੀਂ ਕੀਤੀ ਜਾ ਸਕਦੀ। ਭਾਵੇਂ ਉਹ ਸਰੀਰਧਾਰੀ ਸੀ, ਪਰ ਅਸਲ ਵਿਚ ਨਿਰਗੁਣ, ਨਿਰਾਕਾਰ, ਬੇਅੰਤ ਅਤੇ ਅਬਿਨਾਸ਼ੀ ਸੀ। ਗੰਗਾ ਨਦੀ ਸਮੁੰਦਰ ਵੱਲ ਜਾਂਦੀ ਹੋਈ ਰਸਤੇ ਵਿਚ ਗਰਮੀ ਨਾਲ ਬੇਹਾਲ ਅਨੇਕਾਂ ਪ੍ਰਾਣੀਆਂ ਨੂੰ ਠੰਡਕ ਪਹੁੰਚਾ ਕੇ ਖੁਸ਼ ਕਰਦੀ, ਫਸਲਾਂ ਅਤੇ ਦਰੱਖ਼ਤਾਂ ਨੂੰ ਜੀਵਨ ਦਾਨ ਦਿੰਦੀ ਅਤੇ ਜਿਸ ਤਰ੍ਹਾਂ ਪ੍ਰਾਣੀਆਂ ਦੀ ਪਿਆਸ ਸ਼ਾਂਤ ਕਰਦੀ ਹੈ, ਉਸੇ ਤਰ੍ਹਾਂ ਸ੍ਰੀ ਸਾਈਂ ਸੰਤ-ਜੀਵਨ ਬਿਤਾਉਂਦੇ ਹੋਏ ਵੀ ਦੂਸਰਿਆਂ ਨੂੰ ਤਸੱਲੀ ਅਤੇ ਸੁੱਖ ਪਹੁੰਚਾਉਂਦੇ ਹਨ। ਭਗਵਾਨ

ਸ੍ਰੀ ਕ੍ਰਿਸ਼ਨ ਨੇ ਕਿਹਾ ਹੈ, "ਸੰਤ ਹੀ ਮੇਰੀ ਆਤਮਾ ਹਨ। ਉਹ ਮੇਰੀ ਜ਼ਿੰਦਾ ਮੂਰਤੀ ਅਤੇ ਮੇਰੇ ਹੀ ਸ਼ੁੱਧ ਰੂਪ ਹਨ। ਮੈਂ ਆਪ ਉਹ ਹੀ ਹਾਂ।" ਇਹ ਵਰਨਣ ਨਾ ਕੀਤੀ ਜਾਣ ਵਾਲੀਆਂ ਸ਼ਕਤੀਆਂ ਜਾਂ ਈਸ਼ਵਰ ਦੀ ਸ਼ਕਤੀ, ਜਿਹੜੀ ਕਿ ਸੱਚ, ਚਿੱਤ ਅਤੇ ਆਨੰਦ ਹੈ, ਸ਼ਿਰਡੀ ਵਿਚ ਸਾਈਂ ਰੂਪ ਵਿਚ ਅਵਤਾਰ ਹੋਇਆ ਸੀ। ਸ਼ੁਰੁਤੀ (ਤੈਤਿਰੀਏ ਉਪਨਿਸ਼ਦ) ਵਿਚ ਬ੍ਰਹਮਾ ਨੂੰ ਆਨੰਦ ਕਿਹਾ ਗਿਆ ਹੈ। ਹੁਣ ਤਕ ਇਹ ਗੱਲ ਸਿਰਫ਼ ਕਿਤਾਬਾਂ ਵਿਚ ਪੜ੍ਹਦੇ ਅਤੇ ਸੁਣਦੇ ਸੀ, ਪਰ ਭਗਤਾਂ ਨੇ ਸ਼ਿਰਡੀ ਵਿਚ ਇਸ ਤਰ੍ਹਾਂ ਦਾ ਪ੍ਰਤੱਖ ਆਨੰਦ ਪਾ ਲਿਆ ਹੈ। ਬਾਬਾ ਸਭ ਨੂੰ ਆਸਰਾ ਦੇਣ ਵਾਲੇ ਸੀ, ਉਨ੍ਹਾਂ ਨੂੰ ਕਿਸੇ ਦੀ ਮਦਦ ਦੀ ਲੋੜ ਨਹੀਂ ਸੀ। ਉਨ੍ਹਾਂ ਦੇ ਬੈਠਣ ਲਈ ਭਗਤ ਇਕ ਨਰਮ ਆਸਨ ਅਤੇ ਇਕ ਵੱਡਾ ਸਰਹਾਣਾ ਲਗਾ ਦਿੰਦੇ ਸੀ। ਬਾਬਾ ਭਗਤਾਂ ਦੇ ਭਾਵਾਂ ਦਾ ਆਦਰ ਕਰਦੇ ਅਤੇ ਉਨ੍ਹਾਂ ਦੀ ਮਰਜ਼ੀ ਮੁਤਾਬਿਕ ਪੂਜਾ ਆਦਿ ਕਰਨ ਵਿਚ ਕੋਈ ਕਿਸੇ ਤਰ੍ਹਾਂ ਦਾ ਇਤਰਾਜ਼ ਨਹੀਂ ਕਰਦੇ ਸੀ। ਕੋਈ ਇਤਰ ਅਤੇ ਚੰਦਨ ਲਗਾਉਂਦੇ, ਕੋਈ ਸੁਪਾਰੀ, ਪਾਨ ਅਤੇ ਹੋਰ ਚੀਜ਼ਾਂ ਭੇਟਾ ਕਰਦੇ ਅਤੇ ਕੋਈ ਨੈਵੇਦ ਹੀ ਅਰਪਣ ਕਰਦੇ ਸੀ। ਭਾਵੇਂ ਇਸ ਤਰ੍ਹਾਂ ਲੱਗਦਾ ਸੀ ਕਿ ਉਨ੍ਹਾਂ ਦਾ ਨਿਵਾਸ ਸਥਾਨ ਸ਼ਿਰਡੀ ਵਿਚ ਹੈ, ਪਰ ਉਹ ਤਾਂ ਸਰਵ-ਵਿਆਪਕ ਸੀ। ਇਸ ਨੂੰ ਭਗਤਾਂ ਨੇ ਹਰ ਦਿਨ ਮਹਿਸੂਸ ਕੀਤਾ। ਇਹੋ ਜਿਹੇ ਸਰਵ-ਵਿਆਪਕ ਗੁਰੂਦੇਵ ਦੇ ਚਰਣਾਂ ਵਿਚ ਮੇਰਾ ਬਾਰ-ਬਾਰ ਨਮਸਕਾਰ ਹੈ।

## ਡਾਕਟਰ ਪੰਡਿਤ ਦੀ ਭਗਤੀ

ਇਕ ਵਾਰੀ ਸ੍ਰੀ ਤਾਤਿਆ ਨੂਲਕਰ ਦੇ ਦੋਸਤ ਡਾਕਟਰ ਪੰਡਿਤ ਬਾਬਾ ਦੇ ਦਰਸ਼ਨਾਂ ਲਈ ਸ਼ਿਰਡੀ ਆਏ। ਬਾਬਾ ਨੂੰ ਨਮਸਕਾਰ ਕਰਕੇ ਉਹ ਮਸਜਿਦ ਵਿਚ ਕੁਝ ਦੇਰ ਤਕ ਬੈਠੇ। ਬਾਬਾ ਨੇ ਉਨ੍ਹਾਂ ਨੂੰ ਸ੍ਰੀ ਦਾਦਾ ਭੱਟ ਕੇਲਕਰ ਦੇ ਕੋਲ ਭੇਜਿਆ, ਜਿਥੇ ਉਨ੍ਹਾਂ ਦਾ ਚੰਗਾ ਆਦਰ ਹੋਇਆ। ਫੇਰ ਦਾਦਾ ਭੱਟ ਅਤੇ ਡਾਕਟਰ ਪੰਡਿਤ ਇਕੱਠੇ ਪੂਜਾ ਲਈ ਮਸਜਿਦ ਪਹੁੰਚੇ। ਦਾਦਾ ਭੱਟ ਨੇ ਬਾਬਾ ਦੀ ਪੂਜਾ ਕੀਤੀ। ਬਾਬਾ ਦੀ ਪੂਜਾ ਤਾਂ ਭਾਵੇਂ ਸਾਰੇ ਕਰਦੇ ਸਨ, ਪਰ ਹਾਲੇ ਤਕ ਉਨ੍ਹਾਂ ਦੇ ਸ਼ੁੱਭ ਮੱਥੇ ਉੱਪਰ ਚੰਦਨ ਲਗਾਉਣ ਦੀ ਹਿੰਮਤ ਕਿਸੇ ਨਹੀਂ ਕੀਤੀ ਸੀ। ਸਿਰਫ਼ ਮਹਾਲਸਾਪਤਿ ਹੀ ਉਨ੍ਹਾਂ ਦੇ ਗਲੇ ਉਪਰ ਚੰਦਨ ਲਗਾਉਂਦੇ ਸੀ। ਡਾਕਟਰ ਪੰਡਿਤ ਨੇ ਪੂਜਾ ਦੀ ਥਾਲੀ ਵਿਚੋਂ ਚੰਦਨ ਲੈ ਕੇ ਬਾਬਾ ਦੇ ਮੱਥੇ 'ਤੇ ਤ੍ਰਿਪੁੰਡਾਕਾਰ ਲਗਾਇਆ। ਲੋਕਾਂ ਨੇ ਬਹੁਤ ਹੈਰਾਨੀ ਨਾਲ ਦੇਖਿਆ ਕਿ ਬਾਬਾ ਨੇ ਕੁਝ ਵੀ ਨਹੀਂ ਕਿਹਾ। ਸ਼ਾਮ ਨੂੰ ਦਾਦਾ ਭੱਟ ਨੇ ਬਾਬਾ ਕੋਲੋਂ ਪੁੱਛਿਆ, "ਕੀ ਕਾਰਨ ਹੈ ਕਿ ਤੁਸੀਂ ਦੂਸਰਿਆਂ ਨੂੰ ਤਾਂ ਮੱਥੇ 'ਤੇ ਚੰਦਨ ਲਗਾਉਣ ਨਹੀਂ ਦਿੰਦੇ, ਪਰ ਡਾਕਟਰ ਪੰਡਿਤ ਨੂੰ ਤੁਸੀਂ ਕੁਝ ਵੀ ਨਹੀਂ ਕਿਹਾ?" ਬਾਬਾ ਕਹਿਣ ਲੱਗੇ, "ਡਾ. ਪੰਡਿਤ ਨੇ ਮੈਨੂੰ ਆਪਣੇ ਗੁਰੂ ਸ੍ਰੀ ਰਘੁਨਾਥ ਮਹਾਰਾਜ ਘੋਪੇਸ਼ਵਰਕਰ, ਜਿਹੜੇ ਕਿ ਕਾਕਾ ਪੁਰਾਣਿਕ ਦੇ ਨਾਂਅ ਨਾਲ ਮਸ਼ਹੂਰ ਹਨ, ਦੇ ਹੀ ਬਰਾਬਰ ਸਮਝਿਆ ਅਤੇ ਆਪਣੇ ਗੁਰੂ ਨੂੰ ਜਿਸ ਤਰ੍ਹਾਂ ਚੰਦਨ ਲਗਾਉਂਦੇ ਸੀ, ਉਸੇ ਭਾਵਨਾ ਨਾਲ ਉਨ੍ਹਾਂ ਨੇ ਮੈਨੂੰ ਚੰਦਨ ਲਗਾਇਆ। ਤਾਂ ਮੈਂ ਕਿਵੇਂ ਰੋਕ ਸਕਦਾ ਸੀ? ਪੁੱਛਣ 'ਤੇ ਡਾਕਟਰ ਪੰਡਿਤ ਨੇ ਦਾਦਾ ਭੱਟ ਨੂੰ ਕਿਹਾ ਕਿ ਮੈਂ ਬਾਬਾ ਨੂੰ ਆਪਣੇ ਗੁਰੂ ਕਾਕਾ ਪੁਰਾਣਿਕ ਵਰਗਾ ਸਮਝ ਕੇ ਹੀ ਉਨ੍ਹਾਂ ਨੂੰ ਤ੍ਰਿਪੁੰਡਾਕਾਰ ਚੰਦਨ ਲਗਾਇਆ ਹੈ, ਜਿਵੇਂ

ਮੈਂ ਆਪਣੇ ਗੁਰੂ ਨੂੰ ਹਮੇਸ਼ਾਂ ਲਗਾਉਂਦਾ ਹਾਂ।

ਭਾਵੇਂ ਬਾਬਾ ਭਗਤਾਂ ਨੂੰ ਉਨ੍ਹਾਂ ਦੀ ਇੱਛਾ ਨਾਲ ਹੀ ਪੂਜਾ ਕਰਨ ਦਿੰਦੇ ਸੀ, ਪਰ ਕਦੀ-ਕਦੀ ਤਾਂ ਉਨ੍ਹਾਂ ਦਾ ਵਰਤਾਵ ਅਜੀਬ ਜਿਹਾ ਹੋ ਜਾਂਦਾ ਸੀ। ਜਦੋਂ ਕਦੀ ਉਹ ਪੂਜਾ ਦੀ ਥਾਲੀ ਸੁੱਟ ਕੇ ਰੁਦਰ ਅਵਤਾਰ ਧਾਰਨ ਕਰ ਲੈਂਦੇ, ਤਾਂ ਉਨ੍ਹਾਂ ਦੇ ਨੇੜੇ ਜਾਣ ਦੀ ਹਿੰਮਤ ਕਿਸੇ ਨੂੰ ਨਹੀਂ ਹੁੰਦੀ ਸੀ। ਕਦੀ ਉਹ ਭਗਤਾਂ ਨੂੰ ਝਿੜਕਦੇ ਅਤੇ ਕਦੀ ਮੋਮ ਨਾਲੋਂ ਵੀ ਨਰਮ ਹੋ ਕੇ ਸ਼ਾਂਤੀ ਅਤੇ ਮਾਫ਼ੀ ਦੀ ਮੂਰਤੀ ਲੱਗਦੇ ਸੀ। ਕਦੀ-ਕਦੀ ਉਹ ਗੁੱਸੇ ਨਾਲ ਕੰਬਣ ਲੱਗ ਜਾਂਦੇ ਅਤੇ ਉਨ੍ਹਾਂ ਦੀਆਂ ਲਾਲ-ਲਾਲ ਅੱਖਾਂ ਚਾਰੋ ਪਾਸੇ ਘੁੰਮਣ ਲੱਗਦੀਆਂ ਸਨ, ਭਾਵੇਂ ਉਨ੍ਹਾਂ ਦੇ ਦਿਲ ਵਿਚ ਪਿਆਰ ਅਤੇ ਮਾਤਾ ਦਾ ਲਾਡ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਭਗਤਾਂ ਨੂੰ ਬੁਲਾ ਕੇ ਉਹ ਕਹਿੰਦੇ ਸੀ ਕਿ ਉਨ੍ਹਾਂ ਨੂੰ ਤਾਂ ਕੁਝ ਪਤਾ ਹੀ ਨਹੀਂ ਕਿ ਉਹ ਕਦੋਂ ਉਨ੍ਹਾਂ ਨੂੰ ਗੁੱਸੇ ਹੋਏ। ਜੇ ਇਹ ਸੰਭਵ ਹੋਏ ਕਿ ਸਮੁੰਦਰ ਨਦੀਆਂ ਨੂੰ ਵਾਪਸ ਭੇਜ ਦੇਵੇ ਤਾਂ ਉਹ ਭਗਤਾਂ ਦੇ ਕਲਿਆਣ ਦੀ ਲਾਪਰਵਾਹੀ ਕਰ ਸਕਦੇ ਹਨ। ਉਹ ਤਾਂ ਭਗਤਾਂ ਦੇ ਕੋਲ ਹੀ ਰਹਿੰਦੇ ਹਨ ਅਤੇ ਜਦੋਂ ਭਗਤ ਉਨ੍ਹਾਂ ਨੂੰ ਬੁਲਾਉਂਦੇ ਹਨ ਤਾਂ ਉਹ ਤੁਰੰਤ ਹੀ ਹਾਜ਼ਰ ਹੋ ਜਾਂਦੇ ਹਨ। ਉਹ ਤਾਂ ਹਮੇਸ਼ਾਂ ਭਗਤਾਂ ਦੇ ਪਿਆਰ ਦੇ ਭੁੱਖੇ ਹਨ।

## ਹਾਜ਼ੀ ਸਦੀਕ ਫ਼ਾਲਕੇ

ਇਹ ਕੋਈ ਨਹੀਂ ਕਹਿ ਸਕਦਾ ਸੀ ਕਿ ਕਦੋਂ ਸ੍ਰੀ ਸਾਈਂ ਬਾਬਾ ਆਪਣੇ ਭਗਤ ਨੂੰ ਆਪਣੀ ਕ੍ਰਿਪਾ ਦਾ ਪਾਤਰ ਬਣਾ ਲੈਣਗੇ। ਇਹ ਉਨ੍ਹਾਂ ਦੀ ਮਰਜ਼ੀ ਉੱਤੇ ਸੀ। ਹਾਜ਼ੀ ਸਦੀਕ ਫ਼ਾਲਕੇ ਦੀ ਕਥਾ ਇਸ ਦਾ ਉਦਾਹਰਣ ਹੈ। ਕਲਿਆਣ ਵਾਸੀ ਇਕ ਯਵਨ, ਜਿਨ੍ਹਾਂ ਦਾ ਨਾਂਅ ਸਦੀਕ ਫ਼ਾਲਕੇ ਸੀ, ਮੱਕਾ ਸ਼ਰੀਫ਼ ਦੀ ਹੱਜ ਕਰਨ ਪਿੱਛੋਂ ਸ਼ਿਰਡੀ ਆਏ। ਉਹ ਚਾਵੜੀ ਵਿਚ ਉੱਤਰ ਵਾਲੇ ਪਾਸੇ ਰਹਿਣ ਲੱਗੇ। ਉਹ ਮਸਜਿਦ ਦੇ ਸਾਹਮਣੇ ਖੁੱਲ੍ਹੇ ਵਿਹੜੇ ਵਿਚ ਬੈਠਦੇ ਹੁੰਦੇ ਸਨ। ਬਾਬਾ ਨੇ ਉਨ੍ਹਾਂ ਨੂੰ ਨੌਂ (9) ਮਹੀਨੇ ਤਕ ਮਸਜਿਦ ਵਿਚ ਆਉਣ ਦੀ ਆਗਿਆ ਨਹੀਂ ਦਿੱਤੀ ਅਤੇ ਨਾ ਹੀ ਮਸਜਿਦ ਦੀਆਂ ਪੌੜੀਆਂ ਚੜ੍ਹਨ ਦਿੱਤੀਆਂ। ਫ਼ਾਲਕੇ ਬਹੁਤ ਹੀ ਨਾ-ਉਮੀਦ ਹੋਏ ਅਤੇ ਕੁਝ ਫ਼ੈਸਲਾ ਨਾ ਕਰ ਸਕੇ ਕਿ ਕਿਹੜਾ ਤਰੀਕਾ ਵਰਤਣ। ਲੋਕਾਂ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਮੀਦ ਨਾ ਛੱਡੋ। ਸ਼ਾਮਾ ਸ੍ਰੀ ਸਾਈਂ ਬਾਬਾ ਦੇ ਖ਼ਾਸ ਭਗਤ ਹਨ। ਤੁਸੀਂ ਉਨ੍ਹਾਂ ਦੇ ਨਾਲ ਬਾਬਾ ਕੋਲ ਪਹੁੰਚਣ ਦੀ ਕੋਸ਼ਿਸ਼ ਕਰੋ। ਜਿਸ ਤਰ੍ਹਾਂ ਭਗਵਾਨ ਸ਼ੰਕਰ ਕੋਲ ਪਹੁੰਚਣ ਲਈ ਨੰਦੀ ਦੇ ਕੋਲ ਜਾਣਾ ਜ਼ਰੂਰੀ ਹੁੰਦਾ ਹੈ, ਉਸੇ ਤਰ੍ਹਾਂ ਬਾਬਾ ਕੋਲ ਵੀ ਸ਼ਾਮਾ ਦੇ ਨਾਲ ਹੀ ਪਹੁੰਚਣਾ ਚਾਹੀਦਾ ਹੈ। ਫ਼ਾਲਕੇ ਨੂੰ ਇਹ ਵਿਚਾਰ ਠੀਕ ਲੱਗਾ ਅਤੇ ਉਨ੍ਹਾਂ ਨੇ ਸ਼ਾਮਾ ਨੂੰ ਮਦਦ ਕਰਨ ਲਈ ਬੇਨਤੀ ਕੀਤੀ। ਸ਼ਾਮਾ ਨੇ ਵੀ ਭਰੋਸਾ ਦੇ ਦਿੱਤਾ ਅਤੇ ਮੌਕਾ ਦੇਖ ਕੇ ਬਾਬਾ ਨੂੰ ਇਸ ਤਰ੍ਹਾਂ ਕਿਹਾ ਕਿ "ਬਾਬਾ ਆਪ ਉਸ ਬੁੱਢੇ ਹਾਜ਼ੀ ਨੂੰ ਮਸਜਿਦ ਵਿਚ ਕਿਸ ਕਰਕੇ ਨਹੀਂ ਆਉਣ ਦਿੰਦੇ ? ਅਨੇਕਾਂ ਭਗਤ ਆਪਣੀ ਮਰਜ਼ੀ ਨਾਲ ਤੁਹਾਡੇ ਦਰਸ਼ਨਾਂ ਲਈ ਆਉਂਦੇ ਜਾਂਦੇ ਹਨ। ਘੱਟੋ-ਘੱਟ ਇਕ ਵਾਰੀ ਤਾਂ ਉਸ ਨੂੰ ਅਸੀਸ ਦੇ ਦਿਉ।" ਬਾਬਾ ਨੇ ਕਿਹਾ, "ਸ਼ਾਮਾ, ਤੂੰ ਹਾਲੇ ਨਦਾਨ ਹੈਂ। ਜੇ ਫ਼ਕੀਰ (ਅੱਲ੍ਹਾ) ਨਹੀਂ ਆਉਣ ਦਿੰਦਾ ਤਾਂ ਮੈਂ ਕੀ ਕਰਾਂ ? ਉਨ੍ਹਾਂ ਦੀ ਕ੍ਰਿਪਾ ਤੋਂ



ਬਗ਼ੈਰ ਕੋਈ ਵੀ ਮਸਜਿਦ ਦੀਆਂ ਪੌੜੀਆਂ ਨਹੀਂ ਚੜ੍ਹ ਸਕਦਾ। ਚੰਗਾ, ਤੂੰ ਉਸ ਨੂੰ ਪੁੱਛ ਕੇ ਆ ਕਿ ਕੀ ਉਹ ਬਾਰ੍ਹਵੀਂ ਖੂਹ ਦੀ ਹੇਠਲੀ ਪਗਡੰਡੀ 'ਤੇ ਆਉਣ ਲਈ ਰਾਜ਼ੀ ਹੈ?" ਸ਼ਾਮਾ ਹਾਂ ਪੱਖੀ ਜਵਾਬ ਲੈ ਕੇ ਆਏ। ਫੇਰ ਬਾਬਾ ਨੇ ਦੂਸਰੀ ਵਾਰੀ ਸ਼ਾਮਾ ਨੂੰ ਕਿਹਾ ਕਿ ਉਸ ਨੂੰ ਫੇਰ ਪੁੱਛ ਕਿ "ਕੀ ਉਹ ਮੈਨੂੰ ਚਾਰ ਕਿਸ਼ਤਾਂ ਵਿਚ ਚਾਲੀ ਹਜ਼ਾਰ ਰੁਪਏ ਦੇਣ ਲਈ ਤਿਆਰ ਹੈ?" ਫੇਰ ਸ਼ਾਮਾ ਜਵਾਬ ਲੈ ਕੇ ਵਾਪਸ ਆਏ ਕਿ "ਤੁਸੀਂ ਆਖੋ ਤਾਂ ਮੈਂ ਚਾਲੀ ਲੱਖ ਰੁਪਏ ਦੇਣ ਲਈ ਤਿਆਰ ਹਾਂ।" "ਮੈਂ ਮਸਜਿਦ ਵਿਚ ਇਕ ਬੱਕਰਾ ਹਲਾਲ ਕਰਨ ਲੱਗਾ ਹਾਂ, ਉਸਨੂੰ ਪੁੱਛੋ ਕਿ ਉਸਨੂੰ ਕੀ ਚੰਗਾ ਲੱਗੇਗਾ—ਬੱਕਰੇ ਦਾ ਮਾਸ ਜਾਂ ਅੰਡਕੋਸ਼?" ਸ਼ਾਮਾ ਇਹ ਜਵਾਬ ਲੈ ਕੇ ਵਾਪਸ ਆਏ ਕਿ, "ਜੇ ਬਾਬਾ ਦੇ ਭੋਜਨ-ਪਾਤਰ ਵਿਚੋਂ ਇਕ ਗਰਾਹੀ ਵੀ ਮਿਲ ਜਾਏ ਤਾਂ ਹਾਜ਼ੀ ਆਪਣੇ-ਆਪ ਨੂੰ ਖੁਸ਼ਕਿਸਮਤ ਸਮਝੇਗਾ।" ਇਹ ਜਵਾਬ ਸੁਣ ਕੇ ਬਾਬਾ ਭੜਕ ਗਏ ਅਤੇ ਉਨ੍ਹਾਂ ਨੇ ਆਪਣੇ ਹੱਥ ਨਾਲ ਮਿੱਟੀ ਦਾ ਘੜਾ ਚੁੱਕ ਕੇ ਸੁੱਟ ਦਿੱਤਾ ਅਤੇ ਆਪਣੀ ਕਫ਼ਨੀ ਚੁੱਕ ਕੇ ਸਿੱਧੇ ਹਾਜ਼ੀ ਕੋਲ ਪਹੁੰਚੇ। ਉਹ ਉਸਨੂੰ ਕਹਿਣ ਲੱਗੇ ਕਿ "ਫ਼ਜ਼ੂਲ ਹੀ ਨਮਾਜ਼ ਕਿਉਂ ਪੜ੍ਹਦੇ ਹੋ? ਆਪਣੇ ਸਰਵੋਤਮ ਹੋਣ ਦਾ ਵਿਖਾਵਾ ਕਿਉਂ ਕਰਦੇ ਹੋ? ਇਹ ਬਜ਼ੁਰਗ ਹਾਜ਼ੀਆਂ ਵਰਗਾ ਪਹਿਰਾਵਾ ਤੁਸੀਂ ਕਿਉਂ ਧਾਰਨ ਕੀਤਾ ਹੈ? ਕੀ ਤੁਸੀਂ ਕੁਰਾਨ ਸ਼ਰੀਫ਼ ਦਾ ਪਾਠ ਇਸ ਤਰ੍ਹਾਂ ਕਰਦੇ ਹੋ? ਤੁਹਾਨੂੰ ਆਪਣੀ ਮੱਕਾ ਹੱਜ਼ ਦਾ ਘੁਮੰਡ ਹੋ ਗਿਆ ਹੈ, ਪਰ ਤੁਸੀਂ ਮੇਰੇ ਤੋਂ ਅਨਜਾਣ ਹੋ।" ਇਸ ਤਰ੍ਹਾਂ ਝਿੜਕਾਂ ਸੁਣ ਕੇ ਹਾਜ਼ੀ ਘਬਰਾ ਗਿਆ। ਬਾਬਾ ਮਸਜਿਦ ਵਿਚ ਵਾਪਸ ਆਏ ਅਤੇ ਕੁਝ ਅੰਬਾਂ ਦੀਆਂ ਟੋਕਰੀਆਂ ਖ਼ਰੀਦ ਕੇ ਹਾਜ਼ੀ ਨੂੰ ਭੇਜ ਦਿੱਤੀਆਂ। ਉਹ ਆਪ ਵੀ ਹਾਜ਼ੀ ਕੋਲ ਗਏ ਅਤੇ ਆਪਣੇ ਕੋਲੋਂ 55 ਰੁਪਏ ਕੱਢ ਕੇ ਹਾਜ਼ੀ ਨੂੰ ਦਿੱਤੇ। ਇਸਦੇ ਬਾਅਦ ਹੀ ਬਾਬਾ ਹਾਜ਼ੀ ਨਾਲ ਪਿਆਰ ਕਰਨ ਲੱਗ ਪਏ ਅਤੇ ਆਪਣੇ ਨਾਲ ਭੋਜਨ ਕਰਨ ਲਈ ਬੁਲਾਉਣ ਲੱਗ ਪਏ। ਹੁਣ ਹਾਜ਼ੀ ਵੀ ਆਪਣੀ ਮਰਜ਼ੀ ਨਾਲ ਮਸਜਿਦ ਵਿਚ ਆਉਣ-ਜਾਣ ਲੱਗ ਪਏ। ਕਦੀ-ਕਦੀ ਬਾਬਾ ਉਨ੍ਹਾਂ ਨੂੰ ਕੁਝ ਰੁਪਏ ਵੀ ਭੇਟ ਵਿਚ ਦੇ ਦਿੰਦੇ ਸਨ। ਇਸ ਤਰ੍ਹਾਂ ਹਾਜ਼ੀ ਬਾਬਾ ਦੇ ਦਰਬਾਰ ਵਿਚ ਸ਼ਾਮਲ ਹੋ ਗਏ।

## ਬਾਬਾ ਦਾ ਤੱਤਾਂ 'ਤੇ ਕੰਟਰੋਲ

ਬਾਬਾ ਦੇ ਤੱਤਾਂ ਨੂੰ ਕਾਬੂ ਕਰਨ ਦੀਆਂ ਦੋ ਘਟਨਾਵਾਂ ਦੇ ਜ਼ਿਕਰ ਨਾਲ ਹੀ ਇਹ ਅਧਿਆਇ ਖ਼ਤਮ ਹੋ ਜਾਏਗਾ।

1) ਇਕ ਵਾਰੀ ਸ਼ਾਮ ਵੇਲੇ ਸ਼ਿਰਡੀ ਵਿਚ ਭਿਆਨਕ ਹਨੇਰੀ ਤੁਫ਼ਾਨ ਆਇਆ। ਅਸਮਾਨ ਵਿਚ ਸੰਘਣੇ ਅਤੇ ਕਾਲੇ ਬੱਦਲ ਛਾਏ ਹੋਏ ਸੀ। ਹਵਾ ਝੰਝੋੜ ਰਹੀ ਸੀ। ਬੱਦਲ ਗਰਜ ਰਹੇ ਸੀ ਅਤੇ ਬਿਜਲੀ ਲਿਸ਼ਕ ਰਹੀ ਸੀ। ਮੋਹਲੇਧਾਰ ਮੀਂਹ ਸ਼ੁਰੂ ਹੋ ਗਿਆ। ਜਿਥੇ ਦੇਖੋ, ਉਥੇ ਪਾਣੀ ਹੀ ਪਾਣੀ ਨਜ਼ਰ ਆਉਣ ਲੱਗਾ। ਸਾਰੇ ਪਸ਼ੂ, ਪੰਛੀ ਅਤੇ ਸ਼ਿਰਡੀ ਵਾਸੀ ਬਹੁਤ ਡਰ ਗਏ ਅਤੇ ਮਸਜਿਦ ਵਿਚ ਇਕੱਠੇ ਹੋ ਗਏ। ਸ਼ਿਰਡੀ ਵਿਚ ਦੇਵੀਆਂ ਤਾਂ ਅਨੇਕਾਂ ਹਨ, ਪਰ ਉਸ ਦਿਨ ਕੋਈ ਵੀ ਮਦਦ ਲਈ ਨਹੀਂ ਆਈ। ਇਸ ਲਈ ਸਾਰਿਆਂ ਨੇ ਆਪਣੇ ਭਗਵਾਨ ਸਾਈਂ ਨੂੰ, ਜਿਹੜੇ ਭਗਤੀ ਦੇ ਹੀ ਭੁੱਖੇ ਸੀ, ਇਸ ਮੁਸ਼ਕਿਲ ਤੋਂ ਬਚਾਉਣ ਲਈ ਬੇਨਤੀ

ਕੀਤੀ। ਬਾਬਾ ਨੂੰ ਵੀ ਤਰਸ ਆ ਗਿਆ ਅਤੇ ਉਹ ਬਾਹਰ ਆ ਗਏ। ਮਸਜਿਦ ਦੇ ਕੋਲ ਖੜੇ ਹੋ ਕੇ ਉਨ੍ਹਾਂ ਨੇ ਬੱਦਲਾਂ ਵੱਲ ਦੇਖ ਕੇ ਗਰਜਦੇ ਹੋਏ ਸ਼ਬਦਾਂ ਵਿਚ ਕਿਹਾ ਕਿ "ਬਸ, ਸ਼ਾਂਤ ਹੋ ਜਾਉ।" ਕੁਝ ਦੇਰ ਬਾਅਦ ਹੀ ਮੀਂਹ ਦਾ ਜ਼ੋਰ ਘੱਟ ਹੋ ਗਿਆ ਅਤੇ ਹਵਾ ਵੀ ਘੱਟ ਗਈ ਅਤੇ ਹਨੇਰੀ ਵੀ ਸ਼ਾਂਤ ਹੋ ਗਈ। ਅਸਮਾਨ ਵਿਚ ਚੰਦਰਮਾ ਨਿਕਲ ਆਇਆ। ਤਾਂ ਸਾਰੇ ਲੋਕ ਬਹੁਤ ਖੁਸ਼ ਹੋ ਕੇ ਆਪਣੇ-ਆਪਣੇ ਘਰਾਂ ਨੂੰ ਵਾਪਸ ਚਲੇ ਗਏ।

2) ਇਕ ਹੋਰ ਮੌਕੇ 'ਤੇ ਦੁਪਹਿਰ ਦੇ ਵੇਲੇ ਧੂਣੀ ਦੀ ਅੱਗ ਬਹੁਤ ਪ੍ਰਚੰਡ ਹੋ ਕੇ ਬਲਣ ਲੱਗੀ ਕਿ ਉਸਦੀਆਂ ਲਾਟਾਂ ਉਪਰ ਛੱਤ ਤੱਕ ਪਹੁੰਚਣ ਲੱਗੀਆਂ। ਮਸਜਿਦ ਵਿਚ ਬੈਠੇ ਹੋਏ ਲੋਕਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਪਾਣੀ ਪਾ ਕੇ ਅੱਗ ਨੂੰ ਠੰਡਾ ਕਰ ਦੇਣ ਜਾਂ ਕੋਈ ਹੋਰ ਤਰੀਕਾ ਵਰਤਿਆ ਜਾਏ। ਬਾਬਾ ਕੋਲੋਂ ਪੁੱਛਣ ਦੀ ਹਿੰਮਤ ਕੋਈ ਵੀ ਨਹੀਂ ਕਰ ਰਿਹਾ ਸੀ।

ਪਰ ਬਾਬਾ ਜਲਦੀ ਹੀ ਹਾਲਾਤ ਨੂੰ ਜਾਣ ਗਏ। ਉਨ੍ਹਾਂ ਨੇ ਆਪਣਾ ਸਟਕਾ ਚੁੱਕ ਕੇ ਸਾਹਮਣੇ ਵਾਲੇ ਖੰਬੇ 'ਤੇ ਜ਼ੋਰ ਨਾਲ ਮਾਰਿਆ ਅਤੇ ਬੋਲੇ, "ਹੇਠਾਂ ਉਤਰ ਅਤੇ ਸ਼ਾਂਤ ਹੋ ਜਾ।" ਸਟਕੇ ਦੀ ਹਰ ਸੱਟ ਨਾਲ ਲਾਟਾਂ ਘੱਟ ਹੋਣ ਲੱਗੀਆਂ ਅਤੇ ਕੁਝ ਮਿੰਟਾਂ ਵਿਚ ਹੀ ਧੂਣੀ ਸ਼ਾਂਤ ਅਤੇ ਪਹਿਲਾਂ ਵਰਗੀ ਹੋ ਗਈ। ਸ੍ਰੀ ਸਾਈਂ ਈਸ਼ਵਰ ਦੇ ਅਵਤਾਰ ਹਨ। ਜਿਹੜਾ ਉਨ੍ਹਾਂ ਦੇ ਸਾਹਮਣੇ ਝੁੱਕ ਕੇ ਉਨ੍ਹਾਂ ਦੀ ਸ਼ਰਨ 'ਚ ਆਏਗਾ, ਉਸ 'ਤੇ ਉਹ ਜ਼ਰੂਰ ਕ੍ਰਿਪਾ ਕਰਨਗੇ। ਜਿਹੜਾ ਭਗਤ ਇਸ ਅਧਿਆਇ ਦੀਆਂ ਕਥਾਵਾਂ ਦਾ ਹਰ ਰੋਜ਼ ਸ਼ਰਧਾ ਅਤੇ ਭਗਤੀ ਨਾਲ ਪਾਠ ਕਰੇਗਾ, ਉਸ ਦਾ ਦੁੱਖਾਂ ਤੋਂ ਛੇਤੀ ਹੀ ਛੁਟਕਾਰਾ ਹੋ ਜਾਏਗਾ। ਸਿਰਫ਼ ਐਨਾ ਹੀ ਨਹੀਂ, ਬਲਕਿ ਉਸ ਨੂੰ ਹਮੇਸ਼ਾਂ ਸ੍ਰੀ ਸਾਈਂ ਚਰਣਾਂ ਦੀ ਯਾਦ ਬਣੀ ਰਹੇਗੀ ਅਤੇ ਉਸਨੂੰ ਬਹੁਤ ਜਲਦੀ ਹੀ ਪ੍ਰਭੂ-ਦਰਸ਼ਨ ਦੀ ਪ੍ਰਾਪਤੀ ਹੋ ਕੇ, ਉਸਦੀਆਂ ਸਾਰੀਆ ਇੱਛਾਵਾਂ ਪੂਰੀਆਂ ਹੋ ਜਾਣਗੀਆਂ ਅਤੇ ਇਸ ਤਰ੍ਹਾਂ ਉਹ ਕਾਮਨਾ-ਰਹਿਤ ਹੋ ਜਾਏਗਾ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**





# ॥ ਅਧਿਆਇ-12 ॥

***ਕਾਕਾ ਮਹਾਜਨੀ, ਧੁਮਾਲ ਵਕੀਲ, ਸ੍ਰੀਮਤੀ ਨਿਮੋਣਕਰ, ਨਾਸਿਕ ਦੇ ਮੁਲੇ ਸ਼ਾਸ਼ਤਰੀ, ਇਕ ਡਾਕਟਰ ਨੂੰ ਬਾਬਾ ਦੀਆਂ ਲੀਲ੍ਹਾਵਾਂ ਦਾ ਅਨੁਭਵ।***

ਇਸ ਅਧਿਆਇ ਵਿਚ ਬਾਬਾ ਕਿਸ ਤਰ੍ਹਾਂ ਭਗਤਾਂ ਨਾਲ ਮੁਲਾਕਾਤ ਕਰਦੇ ਅਤੇ ਕਿਸ ਤਰ੍ਹਾਂ ਦਾ ਵਰਤਾਉ ਕਰਦੇ ਸੀ, ਇਸ ਦਾ ਵਰਨਣ ਕੀਤਾ ਗਿਆ ਹੈ।

## ਸੰਤਾਂ ਦਾ ਕਾਰਜ

ਅਸੀਂ ਦੇਖ ਚੁੱਕੇ ਹਾਂ ਕਿ ਈਸ਼ਵਰ ਦੇ ਅਵਤਾਰ ਦਾ ਮਨੋਰਥ ਸਾਧੂਆਂ ਦੀ ਰੱਖਿਆ ਅਤੇ ਦੁਰਾਚਾਰੀਆਂ ਦਾ ਨਾਸ਼ ਕਰਨਾ ਹੈ। ਪਰ ਸੰਤਾਂ ਦਾ ਕੰਮ ਤਾਂ ਬਿਲਕੁਲ ਅਲੱਗ ਹੀ ਹੈ। ਸੰਤਾਂ ਦੇ ਲਈ ਸਾਧੂ ਅਤੇ ਦੁਰਾਚਾਰੀ ਇਕ ਬਰਾਬਰ ਹਨ। ਅਸਲ ਵਿਚ ਉਨ੍ਹਾਂ ਨੂੰ ਦੁਰਾਚਾਰ ਕਰਨ ਵਾਲਿਆਂ ਦਾ ਪਹਿਲਾਂ ਫ਼ਿਕਰ ਹੁੰਦਾ ਹੈ ਅਤੇ ਉਹ ਉਨ੍ਹਾਂ ਨੂੰ ਠੀਕ ਰਾਹ ਉਪਰ ਲਗਾ ਦਿੰਦੇ ਹਨ। ਉਹ ਭਵਸਾਗਰ ਦੀਆਂ ਤਕਲੀਫਾਂ ਦੂਰ ਕਰਨ ਲਈ ਅਗਸਤਯ ਦੇ ਵਾਂਗ ਹਨ ਅਤੇ ਅਗਿਆਨਤਾ ਅਤੇ ਹਨੇਰੇ ਦਾ ਨਾਸ਼ ਕਰਨ ਲਈ ਸੂਰਜ ਵਾਂਗ ਹਨ। ਸੰਤਾਂ ਦੇ ਦਿਲ ਵਿਚ ਭਗਵਾਨ ਵਾਸੂਦੇਵ ਵੱਸਦੇ ਹਨ। ਉਹ ਉਨ੍ਹਾਂ ਤੋਂ ਵੱਖਰੇ ਨਹੀਂ ਹਨ। ਸ੍ਰੀ ਸਾਈਂ ਵੀ ਉਸ ਸ਼੍ਰੇਣੀ ਵਿਚੋਂ ਹਨ, ਜਿਨ੍ਹਾਂ ਨੇ ਭਗਤਾਂ ਦੇ ਕਲਿਆਣ ਲਈ ਹੀ ਅਵਤਾਰ ਲਿਆ ਸੀ। ਉਹ ਗਿਆਨ-ਜੋਤੀ ਸਰੂਪ ਸਨ ਅਤੇ ਉਨ੍ਹਾਂ ਦਾ ਦੈਵੀ ਪ੍ਰਕਾਸ਼ ਨਿਰਾਲਾ ਸੀ। ਉਨ੍ਹਾਂ ਨੂੰ ਸਾਰੇ ਪ੍ਰਾਣੀਆਂ ਨਾਲ ਇਕੋ ਜਿਹਾ ਪਿਆਰ ਸੀ। ਉਹ ਕਾਮਨਾ-ਰਹਿਤ ਸਨ। ਉਨ੍ਹਾਂ ਦੀ ਨਜ਼ਰ ਵਿਚ ਦੁਸ਼ਮਣ, ਦੋਸਤ, ਰਾਜਾ ਅਤੇ ਭਿਖਾਰੀ ਸਾਰੇ ਇਕ ਬਰਾਬਰ ਸਨ। ਪਾਠਕੋ, ਹੁਣ ਕ੍ਰਿਪਾ ਕਰਕੇ ਉਨ੍ਹਾਂ ਦਾ ਯਸ਼ ਸਰਵਣ ਕਰੋ। ਭਗਤਾਂ ਲਈ ਉਨ੍ਹਾਂ ਨੇ ਆਪਣਾ ਦੈਵੀ ਗੁਣਾਂ ਦਾ ਖ਼ਜ਼ਾਨਾ ਪੂਰੀ ਤਰ੍ਹਾਂ ਵਰਤਿਆ ਅਤੇ ਹਮੇਸ਼ਾਂ ਉਨ੍ਹਾਂ ਦੀ ਮਦਦ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਦੀ ਮਰਜ਼ੀ ਤੋਂ ਬਗ਼ੈਰ ਕੋਈ ਭਗਤ ਉਨ੍ਹਾਂ ਦੇ ਕੋਲ ਪਹੁੰਚ ਹੀ ਨਹੀਂ ਸਕਦਾ ਸੀ। ਜੇ ਉਨ੍ਹਾਂ ਦੇ ਸ਼ੁਭ ਕਰਮ ਜਾਗੇ ਨਹੀਂ ਹੋਏ ਤਾਂ ਉਨ੍ਹਾਂ ਨੂੰ ਬਾਬਾ ਦੀ ਯਾਦ ਕਦੀ ਵੀ ਨਹੀਂ ਆਈ ਅਤੇ ਨਾ ਹੀ ਉਨ੍ਹਾਂ ਦੀਆਂ ਲੀਲ੍ਹਾਵਾਂ ਉਨ੍ਹਾਂ ਦੇ ਕੰਨਾਂ ਤਕ ਪਹੁੰਚ ਸਕੀਆਂ। ਤਾਂ ਫੇਰ ਬਾਬਾ ਦੇ ਦਰਸ਼ਨਾਂ ਦਾ ਖ਼ਿਆਲ ਵੀ ਉਨ੍ਹਾਂ ਨੂੰ ਕਿਵੇਂ ਆ ਸਕਦਾ ਸੀ ? ਅਨੇਕਾਂ ਆਦਮੀਆਂ ਦੀ ਸ੍ਰੀ ਸਾਈਂ ਬਾਬਾ ਦੇ ਦਰਸ਼ਨ ਕਰਨ ਦੀ ਇੱਛਾ ਹੁੰਦੇ ਹੋਏ ਵੀ ਉਨ੍ਹਾਂ ਨੂੰ ਬਾਬਾ ਦੇ ਮਹਾਂ-ਸਮਾਧੀ ਲੈਣ ਤਕ ਕੋਈ ਯੋਗ ਮੌਕਾ ਨਹੀਂ ਮਿਲ ਸਕਿਆ।

**ਇਹੋ ਜਿਹੇ ਆਦਮੀ ਜਿਹੜੇ ਬਾਬਾ ਦੇ ਦਰਸ਼ਨਾਂ ਤੋਂ ਵਾਂਝੇ ਰਹੇ ਹਨ, ਜੇ ਉਹ ਸ਼ਰਧਾ ਨਾਲ ਸਾਈਂ ਲੀਲ੍ਹਾਵਾਂ ਦਾ ਸਰਵਣ ਕਰਨਗੇ ਤਾਂ ਉਨ੍ਹਾਂ ਦੀ ਸਾਈਂ-ਦਰਸ਼ਨਾਂ ਦੀ ਇੱਛਾ ਬਹੁਤ ਹੱਦ ਤਕ ਤ੍ਰਿਪਤ ਹੋ ਜਾਏਗੀ।** ਚੰਗੀ ਕਿਸਮਤ ਨਾਲ ਜੇ ਕਿਸੇ ਤਰ੍ਹਾਂ ਬਾਬਾ ਦੇ ਦਰਸ਼ਨ ਹੋ ਗਏ ਤਾਂ ਉਹ ਉਥੇ ਜ਼ਿਆਦਾ ਦੇਰ ਠਹਿਰ ਨਹੀਂ ਸਕਿਆ। ਮਰਜ਼ੀ ਹੁੰਦੇ ਹੋਏ ਵੀ ਸਿਰਫ਼ ਬਾਬਾ ਦੀ ਆਗਿਆ ਤਕ ਹੀ ਉਥੇ ਰੁਕਣਾ ਸੰਭਵ ਸੀ ਅਤੇ ਆਗਿਆ ਮਿਲਦੇ

ਹੀ ਥਾਂ ਛੱਡਣੀ ਜ਼ਰੂਰੀ ਹੋ ਜਾਂਦੀ ਸੀ। ਇਸ ਲਈ ਇਹ ਸਾਰਾ ਬਾਬਾ ਦੀ ਸ਼ੁਭ ਇੱਛਾ ਉਤੇ ਹੀ ਨਿਰਭਰ ਕਰਦਾ ਸੀ।

## ਕਾਕਾ ਮਹਾਜਨੀ

ਇਕ ਵਾਰੀ ਕਾਕਾ ਮਹਾਜਨੀ ਬੰਬਈ ਤੋਂ ਸ਼ਿਰਡੀ ਪਹੁੰਚੇ। ਉਨ੍ਹਾਂ ਦਾ ਖ਼ਿਆਲ ਇਕ ਹਫ਼ਤਾ ਠਹਿਰਣ ਅਤੇ ਗੋਕੁਲ ਅਸ਼ਟਮੀ ਉਤਸਵ ਵਿਚ ਸ਼ਾਮਿਲ ਹੋਣ ਦਾ ਸੀ। ਦਰਸ਼ਨ ਕਰਨ ਤੋਂ ਬਾਅਦ ਬਾਬਾ ਨੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਕਦੋਂ ਵਾਪਸ ਜਾਉਗੇ।" ਉਨ੍ਹਾਂ ਨੂੰ ਬਾਬਾ ਦੇ ਇਸ ਸੁਆਲ 'ਤੇ ਹੈਰਾਨੀ ਜਿਹੀ ਹੋਈ। ਜਵਾਬ ਦੇਣਾ ਤਾਂ ਜ਼ਰੂਰੀ ਹੀ ਸੀ, ਇਸ ਲਈ ਉਨ੍ਹਾਂ ਨੇ ਕਿਹਾ, "ਜਦੋਂ ਬਾਬਾ ਆਗਿਆ ਦੇਣ।" ਬਾਬਾ ਨੇ ਅਗਲੇ ਦਿਨ ਵਾਪਸ ਜਾਣ ਲਈ ਕਿਹਾ। ਬਾਬਾ ਦੇ ਸ਼ਬਦ ਤਾਂ ਕਨੂੰਨ ਸੀ, ਜਿਨ੍ਹਾਂ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਸੀ। ਕਾਕਾ ਮਹਾਜਨੀ ਉਸੇ ਵੇਲੇ ਰਵਾਨਾ ਹੋ ਗਏ। ਜਦੋਂ ਉਹ ਬੰਬਈ ਵਿਚ ਆਪਣੇ ਦਫ਼ਤਰ ਪੁੱਜੇ ਤਾਂ ਉਨ੍ਹਾਂ ਨੇ ਆਪਣੇ ਸੇਠ ਨੂੰ ਬੜੀ ਬੇਚੈਨੀ ਨਾਲ ਉਡੀਕਦੇ ਦੇਖਿਆ। ਮੁਨੀਮ ਦੇ ਅਚਾਨਕ ਬਿਮਾਰ ਹੋ ਜਾਣ ਕਰਕੇ ਕਾਕਾ ਦੀ ਉਥੇ ਹਾਜ਼ਰੀ ਬਹੁਤ ਜ਼ਰੂਰੀ ਹੋ ਗਈ ਸੀ। ਸੇਠ ਨੇ ਸ਼ਿਰਡੀ ਜਿਹੜੀ ਚਿੱਠੀ ਕਾਕਾ ਦੇ ਲਈ ਭੇਜੀ ਸੀ, ਉਹ ਬੰਬਈ ਦੇ ਪੱਤੇ ਤੇ ਉਨ੍ਹਾਂ ਨੂੰ ਵਾਪਸ ਭੇਜ ਦਿੱਤੀ ਗਈ।

## ਭਾਉ ਸਾਹਿਬ ਧੁਮਾਲ

ਹੁਣ ਇਕ ਇਸ ਤੋਂ ਉਲਟ ਕਥਾ ਸੁਣੋ। ਇਕ ਵਾਰੀ ਭਾਉ ਸਾਹਿਬ ਧੁਮਾਲ ਇਕ ਮੁਕੱਦਮੇ ਦੇ ਸਿਲਸਿਲੇ ਵਿਚ ਨਿਫਾੜ ਦੀ ਕਚਹਿਰੀ ਜਾ ਰਹੇ ਸੀ। ਰਾਹ ਵਿਚ ਉਹ ਸ਼ਿਰਡੀ ਉਤਰੇ। ਉਨ੍ਹਾਂ ਨੇ ਬਾਬਾ ਦੇ ਦਰਸ਼ਨ ਕੀਤੇ ਅਤੇ ਉਸੇ ਵੇਲੇ ਹੀ ਨਿਫਾੜ ਰਵਾਨਾ ਹੋਣ ਲੱਗੇ, ਪਰ ਬਾਬਾ ਦੀ ਮਨਜ਼ੂਰੀ ਨਾ ਮਿਲੀ। ਬਾਬਾ ਨੇ ਉਨ੍ਹਾਂ ਨੂੰ ਸ਼ਿਰਡੀ ਵਿਚ ਇਕ ਹਫ਼ਤਾ ਹੋਰ ਰੋਕ ਲਿਆ। ਇਸੇ ਦੌਰਾਨ ਨਿਫਾੜ ਦੇ ਜੱਜ ਪੇਟ-ਦਰਦ ਨਾਲ ਬਿਮਾਰ ਹੋ ਗਏ। ਇਸ ਕਰਕੇ ਉਨ੍ਹਾਂ ਦਾ ਮੁਕੱਦਮਾ ਕਿਸੇ ਅਗਲੇ ਦਿਨ ਲਈ ਵਧਾ ਦਿੱਤਾ ਗਿਆ। ਇਕ ਹਫ਼ਤੇ ਬਾਅਦ ਭਾਉ ਸਾਹਿਬ ਨੂੰ ਵਾਪਸ ਜਾਣ ਦੀ ਆਗਿਆ ਮਿਲੀ। ਇਸ ਮਾਮਲੇ ਦੀ ਸੁਣਵਾਈ ਮਹੀਨਿਆਂ ਤਕ ਅਤੇ ਚਾਰ ਜੱਜਾਂ ਕੋਲ ਹੋਈ। ਆਖ਼ੀਰ ਵਿਚ ਧੁਮਾਲ ਨੇ ਮੁਕੱਦਮੇ ਵਿਚ ਸਫ਼ਲਤਾ ਪ੍ਰਾਪਤ ਕੀਤੀ ਅਤੇ ਉਨ੍ਹਾਂ ਦਾ ਮੁਵਕਿਲ ਮਾਮਲੇ ਵਿਚ ਬਰੀ ਹੋ ਗਿਆ।

## ਸ੍ਰੀਮਤੀ ਨਿਮੋਣਕਰ

ਸ੍ਰੀ ਨਾਨਾਸਾਹਿਬ ਨਿਮੋਣਕਰ, ਜਿਹੜੇ ਨਿਮੋਣ ਦੇ ਨਿਵਾਸੀ ਅਤੇ ਆਨਰੇਰੀ ਜੱਜ ਸੀ, ਸ਼ਿਰਡੀ ਵਿਚ ਆਪਣੀ ਪਤਨੀ ਦੇ ਨਾਲ ਠਹਿਰੇ ਹੋਏ ਸੀ। ਨਿਮੋਣਕਰ ਅਤੇ ਉਨ੍ਹਾਂ ਦੀ ਪਤਨੀ ਜ਼ਿਆਦਾ ਵਕਤ ਬਾਬਾ ਦੀ ਸੇਵਾ ਅਤੇ ਸੰਗਤ ਵਿਚ ਬਤੀਤ ਕਰਦੇ ਸੀ। ਇਕ ਵਾਰੀ ਇਸ ਤਰ੍ਹਾਂ ਦਾ ਮੌਕਾ ਆਇਆ ਕਿ ਉਨ੍ਹਾਂ ਦਾ ਪੁੱਤਰ ਬੇਲਾਪੁਰ ਵਿਚ ਬਿਮਾਰ ਹੋ ਗਿਆ। ਤਾਂ ਉਸ ਦੀ ਮਾਤਾ ਨੇ ਉਥੇ ਜਾ ਕੇ ਆਪਣੇ ਪੁੱਤਰ ਅਤੇ



ਹੋਰ ਰਿਸ਼ਤੇਦਾਰਾਂ ਨੂੰ ਮਿਲਣ ਅਤੇ ਕੁਝ ਦਿਨ ਉਥੇ ਰਹਿਣ ਦਾ ਇਰਾਦਾ ਕੀਤਾ। ਪਰ ਸ੍ਰੀ ਨਾਨਾਸਾਹਿਬ ਨਿਮੋਣਕਰ ਨੇ ਦੂਸਰੇ ਦਿਨ ਹੀ ਵਾਪਸ ਆਉਣ ਲਈ ਕਿਹਾ। ਉਹ ਦੁਬਿਧਾ ਵਿਚ ਪੈ ਗਈ ਕਿ ਹੁਣ ਕੀ ਕਰਨਾ ਚਾਹੀਦਾ ਹੈ ? ਪਰ ਬਾਬਾ ਨੇ ਮਦਦ ਕੀਤੀ। ਸ਼ਿਰਡੀ ਤੋਂ ਰਵਾਨਾ ਹੋਣ ਤੋਂ ਪਹਿਲਾਂ ਉਹ ਬਾਬਾ ਕੋਲ ਗਈ। ਬਾਬਾ ਸਾਠੇਵਾੜਾ ਦੇ ਨੇੜੇ ਨਾਨਾਸਾਹਿਬ ਅਤੇ ਹੋਰ ਲੋਕਾਂ ਦੇ ਨਾਲ ਖੜੇ ਹੋਏ ਸੀ। ਉਨ੍ਹਾਂ ਨੇ ਜਾ ਕੇ ਚਰਣ ਛੂਹੇ ਅਤੇ ਜਾਣ ਦੀ ਆਗਿਆ ਮੰਗੀ। ਬਾਬਾ ਨੇ ਉਨ੍ਹਾਂ ਨੂੰ ਕਿਹਾ, "ਜਲਦੀ ਜਾਉ, ਘਬਰਾਉ ਨਾ, ਸ਼ਾਂਤੀ ਨਾਲ ਬੇਲਾਪੁਰ ਵਿਚ ਚਾਰ ਦਿਨ ਸੁੱਖ ਨਾਲ ਰਹਿ ਕੇ ਸਾਰੇ ਰਿਸ਼ਤੇਦਾਰਾਂ ਨੂੰ ਮਿਲੋ ਅਤੇ ਫੇਰ ਸ਼ਿਰਡੀ ਆ ਜਾਣਾ।" ਬਾਬਾ ਦੇ ਸ਼ਬਦ ਕਿੰਨੇ ਮੌਕੇ ਮੁਤਾਬਿਕ ਸਨ। ਸ੍ਰੀ ਨਿਮੋਣਕਰ ਦੀ ਆਗਿਆ ਬਾਬਾ ਵੱਲੋਂ ਰੱਦ ਹੋ ਗਈ।

## ਨਾਸਿਕ ਦੇ ਮੁਲੇ ਸ਼ਾਸ਼ਤਰੀ ਜੋਤਸ਼ੀ

ਨਾਸਿਕ ਦੇ ਇਕ ਉੱਦਮੀ ਅਗਨੀਹੋਤਰੀ ਬ੍ਰਾਹਮਣ ਸੀ, ਜਿਨ੍ਹਾਂ ਦਾ ਨਾਂਅ ਮੁਲੇ ਸ਼ਾਸ਼ਤਰੀ ਸੀ। ਉਨ੍ਹਾਂ ਨੇ ਛੇ ਸ਼ਾਸ਼ਤਰਾਂ ਦਾ ਅਧਿਅਨ ਕੀਤਾ ਸੀ ਅਤੇ ਜੋਤਿਸ਼ ਅਤੇ ਸਮੁੰਦਰੀ ਸ਼ਾਸ਼ਤਰ ਵਿਚ ਵੀ ਨਿਪੁੰਨ ਸੀ। ਇਕ ਵਾਰੀ ਉਹ ਨਾਗਪੁਰ ਦੇ ਪ੍ਰਸਿੱਧ ਕਰੋੜਪਤੀ ਸ੍ਰੀ ਬਾਪੂ ਸਾਹਿਬ ਬੂਟੀ ਨੂੰ ਮਿਲਣ ਤੋਂ ਬਾਅਦ ਹੋਰ ਸੱਜਣਾਂ ਦੇ ਨਾਲ ਬਾਬਾ ਦੇ ਦਰਸ਼ਨ ਕਰਨ ਲਈ ਮਸਜਿਦ ਵਿਚ ਆਏ। ਬਾਬਾ ਨੇ ਫਲ ਵੇਚਣ ਵਾਲੇ ਕੋਲੋਂ ਕਈ ਤਰ੍ਹਾਂ ਦੇ ਫਲ ਅਤੇ ਹੋਰ ਚੀਜ਼ਾਂ ਖ਼ਰੀਦੀਆਂ ਅਤੇ ਮਸਜਿਦ ਵਿਚ ਹਾਜ਼ਰ ਲੋਕਾਂ ਵਿਚ ਵੰਡ ਦਿੱਤੀਆਂ। ਬਾਬਾ ਅੰਬ ਨੂੰ ਏਨੀ ਸਫ਼ਾਈ ਨਾਲ ਚਾਰੋਂ ਪਾਸਿਉਂ ਦੱਬ ਦਿੰਦੇ ਸੀ ਕਿ ਚੂਸਦੇ ਹੀ ਸਾਰਾ ਰਸ ਮੂੰਹ ਵਿਚ ਆ ਜਾਂਦਾ ਅਤੇ ਗਿਟਕ ਅਤੇ ਛਿੱਲੜ ਫਟਾਫੱਟ ਸੁੱਟਿਆ ਜਾ ਸਕਦਾ ਸੀ। ਬਾਬਾ ਨੇ ਕੇਲੇ ਛਿੱਲ ਕੇ ਭਗਤਾਂ ਵਿਚ ਵੰਡ ਦਿੱਤੇ ਅਤੇ ਛਿੱਲੜ ਆਪਣੇ ਲਈ ਰੱਖ ਲਏ। ਹੱਥ ਦੀਆਂ ਲਕੀਰਾਂ ਦੇਖਣ ਦੇ ਮਾਹਿਰ ਹੋਣ ਕਰਕੇ, ਮੁਲੇ ਸ਼ਾਸ਼ਤਰੀ ਨੇ ਬਾਬਾ ਦਾ ਹੱਥ ਦੇਖਣ ਦੀ ਬੇਨਤੀ ਕੀਤੀ। ਪਰ ਬਾਬਾ ਨੇ ਉਨ੍ਹਾਂ ਦੀ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਉਨ੍ਹਾਂ ਨੂੰ ਚਾਰ ਕੇਲੇ ਦਿੱਤੇ। ਇਸ ਤੋਂ ਬਾਅਦ ਸਾਰੇ ਲੋਕ ਵਾੜੇ ਨੂੰ ਵਾਪਸ ਆ ਗਏ। ਹੁਣ ਮੁਲੇ ਸ਼ਾਸ਼ਤਰੀ ਨੇ ਇਸ਼ਨਾਨ ਕੀਤਾ ਅਤੇ ਪਵਿੱਤਰ ਕੱਪੜੇ ਧਾਰਨ ਕਰਕੇ ਅਗਨੀਹੋਤਰ ਆਦਿ ਵਿਚ ਜੁੱਟ ਗਏ। ਬਾਬਾ ਵੀ ਆਪਣੇ  ਨੇਮ ਅਨੁਸਾਰ ਲੇਂਡੀ ਨੂੰ ਰਵਾਨਾ ਹੋ ਗਏ। ਜਾਂਦੇ-ਜਾਂਦੇ ਉਨ੍ਹਾਂ ਨੇ ਕਿਹਾ ਕਿ ਕੁਝ ਗੇਰੂ ਲਿਆਉਣਾ ਅੱਜ ਭਗਵੇਂ ਕੱਪੜੇ ਰੰਗਾਂਗੇ। ਬਾਬਾ ਦੇ ਸ਼ਬਦਾਂ ਦਾ ਮਤਲਬ ਕਿਸੇ ਦੀ ਸਮਝ ਵਿਚ ਨਹੀਂ ਆਇਆ। ਕੁਝ ਦੇਰ ਬਾਅਦ ਬਾਬਾ ਵਾਪਸ ਆਏ। ਹੁਣ ਦੁਪਹਿਰ ਦੀ ਆਰਤੀ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਸੀ। ਬਾਪੂ ਸਾਹਿਬ ਜੋਗ ਨੇ ਮੁਲੇ ਨੂੰ ਆਰਤੀ ਵਿਚ ਨਾਲ ਜਾਣ ਲਈ ਪੁੱਛਿਆ। ਉਨ੍ਹਾਂ ਜਵਾਬ ਦਿੱਤਾ ਕਿ ਉਹ ਸ਼ਾਮ ਵੇਲੇ ਬਾਬਾ ਦੇ ਦਰਸ਼ਨਾਂ ਨੂੰ ਜਾਣਗੇ। ਤਾਂ ਜੋਗ ਇਕੱਲੇ ਹੀ ਚਲੇ ਗਏ। ਬਾਬਾ ਦੇ ਆਸਨ ਉੱਪਰ ਬੈਠਦੇ ਹੀ ਭਗਤਾਂ ਨੇ ਉਨ੍ਹਾਂ ਦੀ ਪੂਜਾ ਕੀਤੀ। ਹੁਣ ਆਰਤੀ ਸ਼ੁਰੂ ਹੋ ਗਈ। ਬਾਬਾ ਨੇ ਕਿਹਾ, "ਉਸ ਨਵੇਂ ਬ੍ਰਾਹਮਣ ਕੋਲੋਂ ਕੁਝ ਦਕਸ਼ਿਣਾ ਲਿਆਉ।" ਬੂਟੀ ਆਪ ਦਕਸ਼ਿਣਾ ਲੈਣ ਲਈ ਗਏ

ਅਤੇ ਉਨ੍ਹਾਂ ਨੇ ਬਾਬਾ ਦਾ ਸੁਨੇਹਾ ਮੁਲੇ ਸ਼ਾਸ਼ਤਰੀ ਨੂੰ ਸੁਣਾਇਆ। ਉਹ ਬੁਰੀ ਤਰ੍ਹਾਂ ਘਬਰਾ ਗਏ। ਉਹ ਸੋਚਣ ਲੱਗੇ ਕਿ "ਮੈਂ ਇਕ ਅਗਨੀਹੋਤਰ ਬ੍ਰਾਹਮਣ ਹਾਂ, ਫੇਰ ਮੈਨੂੰ ਦਕਸ਼ਿਣਾ ਦੇਣਾ ਕੀ ਠੀਕ ਹੈ? ਮੰਨਿਆ ਕਿ ਬਾਬਾ ਇਕ ਮਹਾਨ ਸੰਤ ਹਨ, ਪਰ ਮੈਂ ਤਾਂ ਉਨ੍ਹਾਂ ਦਾ ਚੇਲਾ ਨਹੀਂ ਹਾਂ।" ਫੇਰ ਵੀ ਉਨ੍ਹਾਂ ਨੇ ਸੋਚਿਆ ਕਿ ਜਦੋਂ ਬਾਬਾ ਵਰਗੇ ਮਹਾਨ ਸੰਤ ਦਕਸ਼ਿਣਾ ਮੰਗ ਰਹੇ ਹਨ ਅਤੇ ਬੂਟੀ ਵਰਗੇ ਇਕ ਕਰੋੜਪਤੀ ਲੈਣ ਵਾਸਤੇ ਆਏ ਹਨ ਤਾਂ ਉਹ ਮਨ੍ਹਾ ਕਿਸ ਤਰ੍ਹਾਂ ਕਰ ਸਕਦੇ ਹਨ? ਇਸ ਲਈ ਉਹ ਆਪਣਾ ਕਾਰਜ ਵਿਚ ਹੀ ਛੱਡ ਕੇ ਉਸੇ ਵੇਲੇ ਬੂਟੀ ਨਾਲ ਮਸਜਿਦ ਆ ਗਏ। ਉਹ ਆਪਣੇ-ਆਪ ਨੂੰ ਸ਼ੁੱਧ ਅਤੇ ਪਵਿੱਤਰ ਅਤੇ ਮਸਜਿਦ ਨੂੰ ਅਪਵਿੱਤਰ ਸਮਝ ਕੇ, ਕੁਝ ਦੂਰ ਖੜੇ ਹੋ ਗਏ ਅਤੇ ਦੂਰੋਂ ਹੀ ਹੱਥ ਜੋੜ ਕੇ ਉਨ੍ਹਾਂ ਨੇ ਬਾਬਾ ਉੱਪਰ ਫੁੱਲ ਸੁੱਟੇ। ਯਕਦਮ ਉਨ੍ਹਾਂ ਨੇ ਦੇਖਿਆ ਕਿ ਬਾਬਾ ਦੇ ਆਸਨ ਉੱਪਰ ਉਨ੍ਹਾਂ ਦੇ ਕੈਲਾਸ਼ਵਾਸੀ ਗੁਰੂ ਘੋਲਪ ਸਵਾਮੀ ਬਿਰਾਜਮਾਨ ਹਨ। ਆਪਣੇ ਗੁਰੂ ਨੂੰ ਉਥੇ ਦੇਖ ਕੇ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ। ਕਿਤੇ ਇਹ ਸੁਪਨਾ ਤਾਂ ਨਹੀਂ ਹੈ? ਨਹੀਂ! ਨਹੀਂ! ਇਹ ਸੁਪਨਾ ਨਹੀਂ ਹੈ। ਮੈਂ ਪੂਰਾ ਜਾਗ ਰਿਹਾ ਹਾਂ। ਪਰ ਜਾਗਦੇ ਹੁੰਦੇ ਹੋਏ ਵੀ, ਮੇਰੇ ਗੁਰੂ ਮਹਾਰਾਜ ਇਥੇ ਕਿਸ ਤਰ੍ਹਾਂ ਆ ਪਹੁੰਚੇ? ਕੁਝ ਦੇਰ ਉਨ੍ਹਾਂ ਦੇ ਮੂੰਹ ਵਿਚੋਂ ਇਕ ਵੀ ਸ਼ਬਦ ਨਹੀਂ ਨਿਕਲਿਆ। ਉਨ੍ਹਾਂ ਨੇ ਆਪਣੇ ਚੂੰਢੀ ਵੱਢੀ ਅਤੇ ਫੇਰ ਵਿਚਾਰ ਕੀਤਾ। ਪਰ ਉਹ ਫ਼ੈਸਲਾ ਨਹੀਂ ਕਰ ਸਕੇ ਕਿ ਕੈਲਾਸ਼ਵਾਸੀ ਗੁਰੂ ਘੋਲਪ ਸਵਾਮੀ ਮਸਜਿਦ ਵਿਚ ਕਿਸ ਤਰ੍ਹਾਂ ਆ ਪਹੁੰਚੇ? ਫੇਰ ਸਾਰੇ ਸ਼ੱਕ ਦੂਰ ਕਰਕੇ ਉਹ ਅੱਗੇ ਵਧੇ ਅਤੇ ਗੁਰੂ ਦੇ ਚਰਣਾਂ 'ਤੇ ਡਿੱਗ ਕੇ ਹੱਥ ਜੋੜ ਕੇ ਉਸਤਤੀ ਕਰਨ ਲੱਗੇ। ਦੂਸਰੇ ਭਗਤ ਤਾਂ ਬਾਬਾ ਦੀ ਆਰਤੀ ਗਾ ਰਹੇ ਸਨ, ਪਰ ਮੁਲੇ ਸ਼ਾਸ਼ਤਰੀ ਆਪਣੇ ਗੁਰੂ ਦੇ ਨਾਂਅ ਦਾ ਹੀ ਉੱਚੀ ਆਵਾਜ਼ 'ਚ ਜਾਪ ਕਰ ਰਹੇ ਸੀ। ਫੇਰ ਸਾਰੇ ਜਾਤ-ਪਾਤ ਦਾ ਹੰਕਾਰ ਅਤੇ ਪਵਿੱਤਰਤਾ-ਅਪਵਿੱਤਰਤਾ ਦੀ ਕਲਪਨਾ ਤਿਆਗ ਕੇ ਉਹ ਗੁਰੂ ਦੇ ਸ੍ਰੀ ਚਰਣਾਂ 'ਤੇ ਫੇਰ ਡਿੱਗ ਪਏ। ਉਨ੍ਹਾਂ ਨੇ ਅੱਖਾਂ ਬੰਦ ਕਰ ਲਈਆਂ ਪਰ ਜਦੋਂ ਖੜੇ ਹੋ ਕੇ ਉਨ੍ਹਾਂ ਨੇ ਅੱਖਾਂ ਖੋਲ੍ਹੀਆਂ ਤਾਂ ਬਾਬਾ ਨੂੰ ਦਕਸ਼ਿਣਾ ਮੰਗਦੇ ਹੋਏ ਦੇਖਿਆ। ਬਾਬਾ ਦਾ ਆਨੰਦਮਈ ਰੂਪ ਅਤੇ ਉਨ੍ਹਾਂ ਦੀ ਅਕੱਥ ਸ਼ਕਤੀ ਦੇਖ ਕੇ ਮੁਲੇ ਸ਼ਾਸ਼ਤਰੀ ਨੂੰ ਆਪਣਾ ਆਪ ਭੁੱਲ ਗਿਆ। ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਨ੍ਹਾਂ ਦੀਆਂ ਅੱਖਾ ਅੱਥਰੂਆਂ ਨਾਲ ਭਰੀਆਂ ਹੁੰਦੇ ਹੋਏ ਵੀ ਖੁਸ਼ੀ ਨਾਲ ਨੱਚ ਰਹੀਆਂ ਸਨ। ਉਨ੍ਹਾਂ ਨੇ ਬਾਬਾ ਨੂੰ ਫੇਰ ਨਮਸਕਾਰ ਕੀਤੀ ਅਤੇ ਦਕਸ਼ਿਣਾ ਦਿੱਤੀ। ਮੁਲੇ ਸ਼ਾਸ਼ਤਰੀ ਕਹਿਣ ਲੱਗੇ ਕਿ "ਮੇਰੇ ਸਾਰੇ ਸ਼ੱਕ ਦੂਰ ਹੋ ਗਏ। ਅੱਜ ਮੈਨੂੰ ਆਪਣੇ ਗੁਰੂ ਦੇ ਦਰਸ਼ਨ ਹੋ ਗਏ।" "ਗੇਰੂ ਲਿਆਉ, ਅੱਜ ਭਗਵੇਂ ਕੱਪੜੇ ਰੰਗਾਂਗੇ"—ਬਾਬਾ ਦੇ ਇਨ੍ਹਾਂ ਸ਼ਬਦਾਂ ਦਾ ਮਤਲਬ ਸਾਰਿਆਂ ਦੀ ਸਮਝ ਵਿਚ ਆ ਗਿਆ। ਇਸ ਤਰ੍ਹਾਂ ਦੀ ਅਜੀਬ ਲੀਲ੍ਹਾ ਸਾਈਂ ਬਾਬਾ ਦੀ ਸੀ।

## ਡਾਕਟਰ

ਇਕ ਵਾਰੀ ਇਕ ਮਾਮਲੇਦਾਰ ਆਪਣੇ ਇਕ ਡਾਕਟਰ ਦੋਸਤ ਦੇ ਨਾਲ ਸ਼ਿਰਡੀ ਪਧਾਰੇ ਡਾਕਟਰ ਦਾ ਕਹਿਣਾ ਸੀ ਕਿ ਮੇਰੇ ਗੁਰੂ ਸ੍ਰੀ ਰਾਮ ਹਨ। ਮੈਂ ਕਿਸੇ ਯਵਨ ਅੱਗੇ ਸਿਰ ਨਹੀਂ ਝੁਕਾਵਾਂਗਾ। ਇਸ ਲਈ ਸ਼ਿਰਡੀ

ਜਾਣ ਲਈ ਤਿਆਰ ਨਹੀਂ ਸੀ। ਮਾਮਲੇਦਾਰ ਨੇ ਸਮਝਾਇਆ ਕਿ "ਤੈਨੂੰ ਨਮਨ ਕਰਨ ਲਈ ਕੋਈ ਮਜਬੂਰ ਨਹੀਂ ਕਰੇਗਾ ਅਤੇ ਨਾ ਹੀ ਕੋਈ ਇਸ ਤਰ੍ਹਾਂ ਕਰਨ ਲਈ ਆਖੇਗਾ। ਇਸ ਲਈ ਮੇਰੇ ਨਾਲ ਚੱਲੋ, ਖੁਸ਼ੀ ਮਿਲੇਗੀ।" ਉਹ ਸ਼ਿਰਡੀ ਪਹੁੰਚੇ ਅਤੇ ਬਾਬਾ ਦੇ ਦਰਸ਼ਨਾਂ ਲਈ ਗਏ। ਪਰ ਡਾਕਟਰ ਨੂੰ ਹੀ ਸਭ ਤੋਂ ਅੱਗੇ ਜਾਂਦੇ ਦੇਖ ਅਤੇ ਬਾਬਾ ਦੀ ਸਾਰਿਆਂ ਨਾਲੋਂ ਪਹਿਲਾਂ ਚਰਣ-ਵੰਦਨਾ ਕਰਦੇ ਦੇਖ ਸਾਰਿਆਂ ਨੂੰ ਬੜੀ ਹੈਰਾਨੀ ਹੋਈ। ਲੋਕਾਂ ਨੇ ਡਾਕਟਰ ਨੂੰ ਆਪਣਾ ਫ਼ੈਸਲਾ ਬਦਲਣ ਅਤੇ ਇਸ ਤਰ੍ਹਾਂ ਇਕ ਯਵਨ ਨੂੰ ਦੰਡਵਤ ਕਰਨ ਦਾ ਕਾਰਨ ਪੁੱਛਿਆ। ਡਾਕਟਰ ਨੇ ਦੱਸਿਆ ਕਿ ਬਾਬਾ ਦੀ ਜਗ੍ਹਾ 'ਤੇ ਉਸ ਨੂੰ ਆਪਣੇ ਭਗਵਾਨ ਸ੍ਰੀ ਰਾਮ ਦੇ ਦਰਸ਼ਨ ਹੋਏ ਅਤੇ ਇਸ ਲਈ ਉਨ੍ਹਾਂ ਨੇ ਨਮਸਕਾਰ ਕੀਤਾ। ਜਦੋਂ ਉਹ ਇਹ ਕਹਿ ਹੀ ਰਹੇ ਸੀ, ਤਾਂ ਉਨ੍ਹਾਂ ਨੂੰ ਸਾਈਂ ਬਾਬਾ ਦਾ ਰੂਪ ਫੇਰ ਦਿਸਣ ਲੱਗਾ। ਉਹ ਹੈਰਾਨ ਹੋ ਕੇ ਬੋਲੇ—"ਕੀ ਇਹ ਸੁਪਨਾ ਹੈ ? ਇਹ ਯਵਨ ਕਿਸ ਤਰ੍ਹਾਂ ਹੋ ਸਕਦੇ ਹਨ ? ਅਰੇ ! ਅਰੇ ! ਇਹ ਤਾਂ ਪੂਰਨ ਯੋਗ-ਅਵਤਾਰ ਹਨ।" ਦੂਸਰੇ ਦਿਨ ਤੋਂ ਉਨ੍ਹਾਂ ਨੇ ਵਰਤ ਰੱਖਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਪ੍ਰਣ ਕੀਤਾ ਕਿ ਜਦੋਂ ਤੱਕ ਬਾਬਾ ਆਪ ਬੁਲਾ ਕੇ ਆਸ਼ੀਰਵਾਦ ਨਹੀਂ ਦੇਣਗੇ, ਉਦੋਂ ਤਕ ਮਸਜਿਦ ਵਿਚ ਕਦੀ ਨਹੀਂ ਜਾਵਾਂਗਾ। ਇਸ ਤਰ੍ਹਾਂ ਤਿੰਨ ਦਿਨ ਬੀਤ ਗਏ। ਚੌਥੇ ਦਿਨ ਉਨ੍ਹਾਂ ਦਾ ਇਕ ਖ਼ਾਸ ਦੋਸਤ ਖ਼ਾਨਦੇਸ਼ ਤੋਂ ਸ਼ਿਰਡੀ ਆਇਆ। ਉਹ ਦੋਵੇਂ ਮਸਜਿਦ ਵਿਚ ਬਾਬਾ ਦੇ ਦਰਸ਼ਨ ਕਰਨ ਗਏ। ਨਮਸਕਾਰ ਹੋਣ ਦੇ ਮਗਰੋਂ ਬਾਬਾ ਨੇ ਡਾਕਟਰ ਨੂੰ ਪੁੱਛਿਆ, "ਤੁਹਾਨੂੰ ਬੁਲਾਉਣ ਦੀ ਤਕਲੀਫ਼ ਕਿਸਨੇ ਕੀਤੀ ? ਤੁਸੀਂ ਇਥੇ ਕਿਸ ਤਰ੍ਹਾਂ ਆਏ ?" ਇਹ ਸੁਆਲ ਸੁਣ ਕੇ ਡਾਕਟਰ ਭਾਵੁਕ ਹੋ ਗਏ ਅਤੇ ਉਸ ਰਾਤ ਨੂੰ ਬਾਬਾ ਨੇ ਉਨ੍ਹਾਂ ਉੱਪਰ ਕ੍ਰਿਪਾ ਕੀਤੀ। ਡਾਕਟਰ ਨੂੰ ਨੀਂਦ ਵਿਚ ਹੀ ਪਰਮਾਨੰਦ ਦਾ ਅਨੁਭਵ ਹੋਇਆ। ਉਹ ਆਪਣੇ ਸ਼ਹਿਰ ਵਾਪਸ ਆਏ ਤਾਂ ਵੀ ਉਨ੍ਹਾਂ ਨੂੰ 15 ਦਿਨਾਂ ਤਕ ਉਸ ਤਰ੍ਹਾਂ ਹੀ ਮਹਿਸੂਸ ਹੁੰਦਾ ਰਿਹਾ। ਇਸ ਤਰ੍ਹਾਂ ਉਨ੍ਹਾਂ ਦੀ ਸਾਈਂ ਭਗਤੀ ਕਈ ਗੁਣਾਂ ਵੱਧ ਗਈ।

ਇਨ੍ਹਾਂ ਕਥਾਵਾਂ ਦੀ ਸਿੱਖਿਆ, ਖ਼ਾਸ ਕਰਕੇ ਮੁਲੇ ਸ਼ਾਸ਼ਤਰੀ ਦੀ, ਇਹ ਹੀ ਹੈ ਕਿ ਆਪਣੇ ਗੁਰੂ ਵਿਚ ਪੱਕਾ ਵਿਸ਼ਵਾਸ ਹੋਣਾ ਚਾਹੀਦਾ ਹੈ।

ਅਗਲੇ ਅਧਿਆਇ ਵਿਚ ਬਾਬਾ ਦੀਆਂ ਹੋਰ ਲੀਲ੍ਹਾਵਾਂ ਦਾ ਵਰਨਣ ਹੋਵੇਗਾ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**







# ॥ ਅਧਿਆਇ-13 ॥

***ਹੋਰ ਕਈ ਲੀਲ੍ਹਾਵਾਂ-ਰੋਗ ਨਿਵਾਰਨ—1) ਭੀਮਾ ਜੀ ਪਾਟਿਲ, 2) ਬਾਲਾ ਗਣਪਤ ਦਰਜ਼ੀ, 3) ਬਾਪੂ ਸਾਹਿਬ ਬੂਟੀ, 4) ਆਲੰਦੀ ਸਵਾਮੀ, 5) ਕਾਕਾ ਮਹਾਜਨੀ, (6) ਹਰਦਾ ਦੇ ਦੱਤੋਪੰਤ।***

## ਮਾਇਆ ਦੀ ਅਭੇਦ ਸ਼ਕਤੀ

ਬਾਬਾ ਦੇ ਸ਼ਬਦ ਸਦਾ ਸੰਖੇਪ, ਅਰਥਪੂਰਨ ਡੂੰਘੇ ਅਤੇ ਸਿਆਣਪ ਭਰੇ ਅਤੇ ਨੱਪੇ ਤੁੱਲੇ ਹੁੰਦੇ ਸੀ। ਉਹ ਹਮੇਸ਼ਾਂ ਬੇਫਿਕਰ ਅਤੇ ਨਿਰਭੈਅ ਰਹਿੰਦੇ ਸੀ। ਉਨ੍ਹਾਂ ਦਾ ਕਹਿਣਾ ਸੀ ਕਿ "ਮੈਂ ਫਕੀਰ ਹਾਂ, ਨਾ ਤਾਂ ਮੇਰੀ ਪਤਨੀ ਹੈ ਅਤੇ ਨਾ ਹੀ ਘਰ-ਬਾਰ ਸਾਰੀਆਂ ਚਿੰਤਾਵਾਂ ਨੂੰ ਤਿਆਗ ਕੇ, ਮੈਂ ਇਕ ਹੀ ਥਾਂ 'ਤੇ ਰਹਿੰਦਾ ਹਾਂ। ਫੇਰ ਵੀ ਮਾਇਆ ਮੈਨੂੰ ਦੁੱਖ ਦਿੰਦੀ ਹੈ। ਮੈਂ ਆਪਣੇ ਆਪ ਨੂੰ ਤਾਂ ਭੁੱਲ ਚੁੱਕਾ ਹਾਂ, ਪਰ ਮਾਇਆ ਮੈਨੂੰ ਨਹੀਂ ਭੁੱਲਦੀ, ਕਿਉਂਕਿ ਉਹ ਮੈਨੂੰ ਆਪਣੇ ਚੱਕਰ ਵਿਚ ਫਸਾ ਲੈਂਦੀ ਹੈ। ਸ੍ਰੀ ਹਰੀ ਦੀ ਇਹ ਮਾਇਆ ਬ੍ਰਾਹਮਣਾ ਨੂੰ ਵੀ ਨਹੀਂ ਛੱਡਦੀ, ਫੇਰ ਮੇਰੇ ਵਰਗੇ ਫਕੀਰ ਦਾ ਤਾਂ ਕਹਿਣਾ ਹੀ ਕੀ ਹੈ? ਪਰ ਜਿਹੜੇ ਹਰੀ ਦੀ ਸ਼ਰਨ ਲੈਣਗੇ, ਉਹ ਉਨ੍ਹਾਂ ਦੀ ਕ੍ਰਿਪਾ ਨਾਲ ਮਾਇਆ ਦੇ ਜਾਲ ਤੋਂ ਮੁਕਤ ਹੋ ਜਾਣਗੇ।" ਇਸ ਤਰ੍ਹਾਂ ਬਾਬਾ ਨੇ ਮਾਇਆ ਦੀ ਸ਼ਕਤੀ ਦੀ ਪਹਿਚਾਨ ਕਰਵਾਈ। ਭਗਵਾਨ ਸ੍ਰੀ ਕ੍ਰਿਸ਼ਨ ਭਾਗਵਤ ਵਿਚ ਉਧਵ ਨੂੰ ਕਹਿੰਦੇ ਹਨ ਕਿ "ਸੰਤ ਮੇਰੇ ਜਿੰਦਾ ਸਰੂਪ ਹਨ" ਅਤੇ ਬਾਬਾ ਦਾ ਵੀ ਕਹਿਣਾ ਇਹ ਹੀ ਸੀ ਕਿ **ਉਹ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਸਾਰੇ ਪਾਪ ਨਸ਼ਟ ਹੋਣੇ ਹੋਣ, ਉਹ ਹੀ ਮੇਰੀ ਉਪਾਸਨਾ ਵੱਲ ਵੱਧਦੇ ਹਨ। ਜੇ ਤੁਸੀਂ ਸਿਰਫ਼ "ਸਾਈਂ ਸਾਈਂ" ਦਾ ਹੀ ਸਿਮਰਨ ਕਰੋਗੇ ਤਾਂ ਮੈਂ ਤੁਹਾਨੂੰ ਭਵਸਾਗਰ ਤੋਂ ਪਾਰ ਉਤਾਰ ਦੇਵਾਂਗਾ।** ਇਨ੍ਹਾਂ ਸ਼ਬਦਾ ਉਪਰ ਭਰੋਸਾ ਕਰੋ, ਤੁਹਾਨੂੰ ਜ਼ਰੂਰ ਲਾਭ ਹੋਵੇਗਾ। ਮੇਰੀ ਪੂਜਾ ਲਈ ਕੋਈ ਸਮਗਰੀ ਜਾਂ ਅਸ਼ਟਾਂਗ ਯੋਗ ਦੀ ਵੀ ਲੋੜ ਨਹੀਂ ਹੈ। ਮੈਂ ਤਾਂ ਭਗਤੀ ਵਿਚ ਹੀ ਨਿਵਾਸ ਕਰਦਾ ਹਾਂ। ਹੁਣ ਅਗੇ ਦੇਖੋ ਬੇਆਸਰਿਆਂ ਦੇ ਆਸਰੇ ਸਾਈਂ ਨੇ ਭਗਤਾਂ ਦੇ ਕਲਿਆਣ ਲਈ ਕੀ-ਕੀ ਕੀਤਾ।

## ਭੀਮਾ ਜੀ ਪਾਟਿਲ

ਨਾਰਾਯਣ ਗਾਂਵ (ਤਾਲੁਕਾ ਜੂਨਰ, ਜ਼ਿਲ੍ਹਾ ਪੂਨਾ) ਦੇ ਇਕ ਸੱਜਣ ਭੀਮਾ ਜੀ ਪਾਟਿਲ ਨੂੰ ਸੰਨ 1909 ਵਿਚ ਛਾਤੀ ਦਾ ਇਕ ਭਿਅੰਕਰ ਰੋਗ ਹੋਇਆ, ਜਿਹੜਾ ਅੱਗੇ ਜਾ ਕੇ ਤਪਦਿਕ ਦੀ ਬੀਮਾਰੀ ਬਣ ਗਿਆ। ਉਨ੍ਹਾਂ ਨੇ ਬਹੁਤ ਤਰ੍ਹਾਂ ਦੇ ਇਲਾਜ ਕਰਵਾਏ ਪਰ ਕੋਈ ਫਾਇਦਾ ਨਹੀਂ ਹੋਇਆ। ਆਖੀਰ ਵਿਚ ਨਾਉਮੀਦ ਹੋ ਕੇ ਉਨ੍ਹਾਂ ਨੇ ਭਗਵਾਨ ਨੂੰ ਪ੍ਰਾਰਥਨਾ ਕੀਤੀ "ਹੇ ਨਾਰਾਯਣ! ਹੇ ਪ੍ਰਭੂ! ਮੇਰੇ ਅਨਾਥ ਦੀ ਕੁਝ ਮਦਦ ਕਰੋ।" ਇਹ ਤਾਂ ਸਾਰੇ ਜਾਣਦੇ ਹਨ ਕਿ ਜਦੋਂ ਅਸੀਂ ਸੁੱਖੀ ਰਹਿੰਦੇ ਹਾਂ ਤਾਂ ਰੱਬ ਨੂੰ ਯਾਦ ਨਹੀਂ ਕਰਦੇ, ਪਰ ਜਿਵੇਂ ਹੀ ਬਦਕਿਸਮਤੀ ਘੇਰ ਲੈਂਦੀ ਹੈ ਅਤੇ ਭੈੜੇ ਦਿਨ ਆਉਂਦੇ ਹਨ, ਤਾਂ ਸਾਨੂੰ ਭਗਵਾਨ ਦੀ ਯਾਦ ਆਉਂਦੀ

ਹੈ। ਇਸ ਲਈ ਭੀਮਾ ਜੀ ਨੇ ਵੀ ਈਸ਼ਵਰ ਨੂੰ ਯਾਦ ਕੀਤਾ। ਉਨ੍ਹਾਂ ਨੂੰ ਖ਼ਿਆਲ ਆਇਆ ਕਿ ਕਿਉ ਨਾ ਸਾਈਂਬਾਬਾ ਦੇ ਪਰਮ ਭਗਤ ਸ਼੍ਰੀ ਨਾਨਾਸਾਹਿਬ ਚਾਂਦੋਰਕਰ ਕੋਲੋਂ ਇਸ ਬਾਰੇ ਵਿਚ ਸਲਾਹ ਲੈ ਲਈ ਜਾਏ ਅਤੇ ਇਸ ਲਈ ਉਨ੍ਹਾਂ ਨੇ ਆਪਣੀ ਸਾਰੀ ਹਾਲਤ ਵਿਸਥਾਰ ਨਾਲ ਲਿੱਖ ਕੇ ਉਨ੍ਹਾਂ ਕੋਲ ਭੇਜੀ ਅਤੇ ਸਹੀ ਰਾਹ ਦਿਖਾਉਣ ਦੇ ਲਈ ਪ੍ਰਾਰਥਨਾ ਕੀਤੀ। ਜਵਾਬ ਵਿਚ ਸ੍ਰੀ ਨਾਨਾਸਾਹਿਬ ਨੇ ਲਿਖਿਆ ਕਿ “ਹੁਣ ਤਾਂ ਸਿਰਫ਼ ਇਕ ਹੀ ਉਪਾਉ ਬਾਕੀ ਹੈ ਅਤੇ ਉਹ ਹੈ ਸਾਈਂਬਾਬਾ ਦੇ ਚਰਣਾਂ ਦੀ ਸ਼ਰਨ।” ਨਾਨਾਸਾਹਿਬ ਦੇ ਵਚਨਾਂ ’ਤੇ ਭਰੋਸਾ ਕਰ ਕੇ ਉਨ੍ਹਾਂ ਨੇ ਸ਼ਿਰਡੀ ਜਾਣ ਦੀ ਤਿਆਰੀ ਕਰ ਲਈ। ਉਨ੍ਹਾਂ ਨੂੰ ਸ਼ਿਰਡੀ ਲਿਆਉਂਦਾ ਗਿਆ ਅਤੇ ਮਸਜਿਦ ਵਿਚ ਜਾ ਕੇ ਲਿਟਾਇਆ ਗਿਆ। ਸ਼੍ਰੀ ਨਾਨਾਸਾਹਿਬ ਅਤੇ ਸ਼ਾਮਾ ਵੀ ਉਸ ਵੇਲੇ ਉਥੇ ਹਾਜ਼ਰ ਸਨ। ਬਾਬਾ ਬੋਲੇ ਕਿ “ਇਹ ਪਿੱਛਲੇ ਜਨਮ ਦੇ ਬੁਰੇ ਕੰਮਾਂ ਦਾ ਹੀ ਫਲ ਹੈ। ਇਸ ਕਰਕੇ ਮੈਂ ਇਸ ਝਮੇਲੇ ਵਿਚ ਪੈਣਾ ਨਹੀਂ ਚਾਹੁੰਦਾ।” ਇਹ ਸੁਣ ਕੇ ਰੋਗੀ ਬਹੁਤ ਨਾ ਉਮੀਦ ਹੋ ਕੇ ਤਰਸ ਭਰੀ ਆਵਾਜ਼ ਵਿਚ ਬੋਲਿਆ ਕਿ, “ਮੈਂ ਬਿਲਕੁਲ ਬੇਆਸਰਾ ਹਾਂ ਅਤੇ ਆਖਰੀ ਆਸ ਲੈ ਕੇ ਤੁਹਾਡੇ ਸ਼੍ਰੀ ਚਰਣਾ ਵਿਚ ਆਇਆ ਹਾਂ। ਤੁਹਾਡੇ ਕੋਲੋਂ ਦਯਾ ਦੀ ਭੀਖ ਮੰਗਦਾ ਹਾਂ। ਹੇ ਦੁਖੀਆਂ ਦੇ ਆਸਰੇ। ਮੇਰੇ ਉਪਰ ਦਯਾ ਕਰੋ।” ਇਸ ਬੇਨਤੀ ਨਾਲ ਬਾਬਾ ਦਾ ਦਿਲ ਪਿਘਲ ਗਿਆ ਅਤੇ ਉਹ ਬੋਲੇ ਕਿ “ਚੰਗਾ, ਠਹਿਰੋ ! ਫਿਕਰ ਨਾ ਕਰੋ। ਤੁਹਾਡੇ ਦੁੱਖ ਜਲਦੀ ਖ਼ਤਮ ਹੋਣਗੇ।

**ਕੋਈ ਕਿੰਨਾ ਵੀ ਦੁੱਖੀ ਅਤੇ ਪੀੜਤ ਕਿਉਂ ਨਾ ਹੋਏ, ਜਦੋਂ ਹੀ ਉਹ ਮਸਜਿਦ ਦੀਆਂ ਪੌੜ੍ਹੀਆਂ ਉਪਰ ਪੈਰ ਰੱਖਦਾ ਹੈ, ਉਹ ਸੁੱਖੀ ਹੋ ਜਾਂਦਾ ਹੈ।** ਮਸਜਿਦ ਦਾ ਫ਼ਕੀਰ ਬਹੁਤ ਦਿਆਲੂ ਹੈ ਅਤੇ ਉਹ ਤੁਹਾਡਾ ਰੋਗ ਵੀ ਖ਼ਤਮ ਕਰ ਦੇਵੇਗਾ। ਉਹ ਤਾਂ ਸਾਰਿਆਂ ਉਪਰ ਪਿਆਰ ਅਤੇ ਦਯਾ ਕਰਕੇ ਰਖਿਆ ਕਰਦਾ ਹੈ।” ਰੋਗੀ ਨੂੰ ਹਰ ਪੰਜ ਮਿੰਟ ਬਾਅਦ ਖ਼ੂਨ ਦੀ ਉਲਟੀ ਆਉਂਦੀ ਸੀ, ਪਰ ਬਾਬਾ ਦੇ ਸਾਹਮਣੇ ਉਸ ਨੂੰ ਕੋਈ ਉਲਟੀ ਨਹੀਂ ਆਈ। ਜਿਸ ਵੇਲੇ ਤੋਂ ਬਾਬਾ ਨੇ ਆਪਣੇ ਸ੍ਰੀਮੁੱਖ ਤੋਂ ਉਮੀਦ ਅਤੇ ਦਯਾ ਭਰੇ ਸ਼ਬਦਾਂ ਵਿਚ ਇਹ ਉਚਾਰਣ ਪ੍ਰਗਟ ਕੀਤਾ, ਉਸੇ ਵੇਲੇ ਤੋਂ ਰੋਗ ਨੇ ਪਲਟਾ ਖਾਧਾ। ਬਾਬਾ ਨੇ ਰੋਗੀ ਨੂੰ ਭੀਮਾਬਾਈ ਦੇ ਘਰ ਵਿਚ ਠਹਿਰਣ ਲਈ ਕਿਹਾ। ਇਹ ਜਗ੍ਹਾ ਇਸ ਤਰ੍ਹਾਂ ਦੇ ਰੋਗੀ ਲਈ ਚੰਗੀ ਅਤੇ ਸਿਹਤਯਾਫ਼ਤਾ ਤਾਂ ਨਹੀਂ ਸੀ, ਫੇਰ ਵੀ ਬਾਬਾ ਦੀ ਆਗਿਆ ਕੌਣ ਟਾਲ ਸਕਦਾ ਸੀ ? ਉਥੇ ਰਹਿੰਦੇ ਹੋਏ ਬਾਬਾ ਨੇ ਦੋ ਸੁਪਨੇ ਦਿਖਾ ਕੇ ਉਸ ਦਾ ਰੋਗ ਠੀਕ ਕਰ ਦਿੱਤਾ ਪਹਿਲੇ ਸੁਪਨੇ ਵਿਚ ਰੋਗੀ ਨੇ ਦੇਖਿਆ ਕਿ ਉਹ ਇਕ ਵਿਦਿਆਰਥੀ ਹੈ ਅਤੇ ਮਾਸਟਰ ਦੇ ਸਾਹਮਣੇ ਕਵਿਤਾ ਨਾ ਸੁਣਾਉਣ ਕਰ ਕੇ ਸਜ਼ਾ ਵਿਚ ਡੰਡਿਆਂ ਦੀ ਮਾਰ ਨਾਲ ਅਸਹਿ ਤਕਲੀਫ਼ ਭੋਗ ਰਿਹਾ ਹੈ। ਦੂਸਰੇ ਸੁਪਨੇ ਵਿਚ ਉਸ ਨੇ ਦੇਖਿਆ ਕਿ ਕੋਈ ਉਸ ਦੇ ਦਿਲ ਉਪਰ ਥਲਿਓ ਉਪਰ ਅਤੇ ਉਪਰੋਂ ਥੱਲੇ ਵੱਲ ਪੱਥਰ ਘੁਮਾ ਰਿਹਾ ਹੈ। ਜਿਸ ਨਾਲ ਉਸ ਨੂੰ ਅਸਹਿ ਦਰਦ ਹੋ ਰਿਹਾ ਹੈ। ਸੁਪਨੇ ਵਿਚ ਇਸ ਤਰ੍ਹਾਂ ਤਕਲੀਫ਼ ਪਾ ਕੇ ਉਹ ਠੀਕ ਹੋ ਗਿਆ ਅਤੇ ਘਰ ਵਾਪਸ ਚਲਾ ਗਿਆ। ਫੇਰ ਉਹ ਕਦੀ-ਕਦੀ ਸ਼ਿਰਡੀ ਆਉਂਦਾ ਅਤੇ ਸਾਈਂਬਾਬਾ ਦੀ ਦਯਾ ਨੂੰ ਯਾਦ ਕਰ ਕੇ ਸ਼ਸਟਾਂਗ ਪ੍ਰਨਾਮ ਕਰਦਾ ਸੀ। ਬਾਬਾ ਆਪਣੇ ਭਗਤਾਂ ਕੋਲੋਂ ਕਿਸੇ ਚੀਜ਼ ਦੀ ਆਸ ਨਹੀਂ ਰੱਖਦੇ ਸੀ। ਉਹ ਤਾਂ ਸਿਮਰਨ, ਪੱਕੀ ਸ਼ਰਧਾ ਅਤੇ ਭਗਤੀ ਦੇ

ਭੁੱਖੇ ਸੀ। ਮਹਾਂਰਾਸ਼ਟਰ ਦੇ ਲੋਕ ਹਰ ਪੰਦਰਾ ਦਿਨ ਜਾਂ ਹਰ ਮਹੀਨੇ ਹਮੇਸ਼ਾਂ ਸਤਯਨਾਰਾਯਣ ਦਾ ਵਰਤ ਰੱਖਦੇ ਹਨ। ਪਰ ਆਪਣੇ ਪਿੰਡ ਪਹੁੰਚ ਕੇ ਭੀਮਾ ਜੀ ਪਾਟਿਲ ਨੇ ਸਤਯਨਾਰਾਯਣ ਵਰਤ ਦੀ ਥਾਂ ਇਕ ਨਵਾਂ 'ਸਤਯਸਾਈਂ ਵਰਤ' ਸ਼ੁਰੂ ਕਰ ਦਿੱਤਾ।

## ਬਾਲਾ ਗਣਪਤ ਦਰਜੀ

ਇਕ ਦੂਸਰੇ ਭਗਤ, ਜਿਸ ਦਾ ਨਾਂਅ ਬਾਲਾ ਗਣਪਤ ਦਰਜੀ ਸੀ, ਨੂੰ ਇਕ ਵਾਰੀ ਮਲੇਰੀਆ ਬੁਖਾਰ ਹੋ ਗਿਆ। ਉਨ੍ਹਾਂ ਨੇ ਸਾਰੀ ਤਰ੍ਹਾਂ ਦੀਆਂ ਦਵਾਈਆਂ ਅਤੇ ਕਾੜ੍ਹੇ ਲਏ, ਪਰ ਇਨ੍ਹਾਂ ਨਾਲ ਕੋਈ ਫਾਇਦਾ ਨਹੀਂ ਹੋਇਆ। ਜਦੋਂ ਬੁਖਾਰ ਜ਼ਰਾ ਵੀ ਨਾ ਘਟਿਆ ਤਾ ਉਹ ਸ਼ਿਰਡੀ ਦੌੜੇ ਆਏ ਅਤੇ ਬਾਬਾ ਦੇ ਸ਼੍ਰੀਚਰਣਾਂ ਦੀ ਸ਼ਰਨ ਲਈ ਬਾਬਾ ਨੇ ਉਨ੍ਹਾਂ ਨੂੰ ਅਜ਼ੀਬ ਹੁਕਮ ਦਿੱਤਾ ਕਿ, "ਲਕਸ਼ਮੀ ਮੰਦਿਰ ਦੇ ਕੋਲ ਜਾ ਕੇ ਇਕ ਕਾਲੇ ਕੁੱਤੇ ਨੂੰ ਥੋੜ੍ਹਾ ਜਿਹਾ ਦਹੀਂ ਅਤੇ ਚਾਵਲ ਖਿਲਾਉ।" ਉਹ ਇਹ ਸਮਝ ਨਾ ਸਕੇ ਕਿ ਇਸ ਹੁਕਮ ਦਾ ਪਾਲਣ ਕਿਸ ਤਰ੍ਹਾਂ ਕਰਨ ? ਘਰ ਪਹੁੰਚ ਕੇ ਚਾਵਲ ਅਤੇ ਦਹੀਂ ਲੈ ਕੇ ਉਹ ਲਕਸ਼ਮੀ ਮੰਦਿਰ ਪਹੁੰਚੇ, ਜਿਥੇ ਉਨ੍ਹਾਂ ਨੇ ਇਕ ਕਾਲਾ ਕੁੱਤਾ ਪੂੱਛ ਹਿਲਾਉਂਦੇ ਹੋਏ ਦੇਖਿਆ। ਉਨ੍ਹਾਂ ਨੇ ਉਹ ਚਾਵਲ ਅਤੇ ਦਹੀਂ ਉਸ ਕੁੱਤੇ ਅੱਗੇ ਰੱਖ ਦਿੱਤਾ, ਜਿਸ ਨੂੰ ਉਹ ਫਟਾਫੱਟ ਹੀ ਖਾ ਗਿਆ। ਇਸ ਚਰਿੱਤਰ ਦੀ ਖ਼ਾਸੀਅਤ ਦਾ ਵਰਨਣ ਕਿਸ ਤਰ੍ਹਾਂ ਕਰਾਂ ਕਿ ਇਹ ਉਪਾਉ ਕਰਨ ਨਾਲ ਹੀ ਬਾਲਾ ਦਰਜੀ ਦਾ ਮਲੇਰੀਆ ਬੁਖਾਰ ਹਮੇਸ਼ਾਂ ਲਈ ਠੀਕ ਹੋ ਗਿਆ।

## ਬਾਪੂ ਸਾਹਿਬ ਬੂਟੀ

ਸ੍ਰੀ ਮਾਨ ਬਾਪੂਸਾਹਿਬ ਬੂਟੀ ਇਕ ਵਾਰੀ ਟੱਟੀਆਂ, ਉਲਟੀਆਂ, ਲੱਗਣ ਨਾਲ ਬੀਮਾਰ ਹੋ ਗਏ। ਉਨ੍ਹਾਂ ਦੀ ਅਲਮਾਰੀ ਵਿਚ ਅਨੇਕਾਂ ਦਵਾਈਆਂ ਸੀ, ਪਰ ਕੋਈ ਵੀ ਕੰਮ ਨਹੀਂ ਆ ਰਹੀ ਸੀ। ਬਾਪੂਸਾਹਿਬ ਟੱਟੀਆਂ, ਉਲਟੀਆਂ ਕਰ ਕੇ ਬਹੁਤ ਕਮਜ਼ੋਰ ਹੋ ਗਏ ਅਤੇ ਉਨ੍ਹਾਂ ਦੀ ਹਾਲਤ ਏਨੀ ਗੰਭੀਰ ਹੋ ਗਈ ਕਿ ਉਹ ਹੁਣ ਮਸਜਿਦ ਜਾ ਕੇ ਬਾਬਾ ਦੇ ਦਰਸ਼ਨ ਕਰਨ ਦੇ ਕਾਬਿਲ ਨਹੀਂ ਰਹੇ। ਬਾਬਾ ਨੇ ਉਨ੍ਹਾਂ ਨੂੰ ਬੁਲਾ ਕੇ ਆਪਣੇ ਸਾਹਮਣੇ ਬਿਠਾਇਆ ਅਤੇ ਬੋਲੇ, "ਸਾਵਧਾਨ, ਹੁਣ ਤੁਹਾਨੂੰ ਦਸਤ ਨਹੀਂ ਲੱਗਣਗੇ।" ਆਪਣੀ ਉਂਗਲੀ ਉਪਰ ਕਰ ਕੇ ਕਹਿਣ ਲੱਗੇ, ਉਲਟੀਆਂ ਵੀ ਜ਼ਰੂਰ ਰੁੱਕ ਜਾਣਗੀਆਂ।" ਬਾਬਾ ਨੇ ਇਸ ਤਰ੍ਹਾਂ ਕ੍ਰਿਪਾ ਕੀਤੀ ਕਿ ਰੋਗ ਜੜ੍ਹੋਂ ਖ਼ਤਮ ਹੋ ਗਿਆ। ਅਤੇ ਬੂਟੀਸਾਹਿਬ ਪੂਰੀ ਤਰ੍ਹਾਂ ਸਿਹਮੰਦ ਹੋ ਗਏ।

ਇਕ ਹੋਰ ਮੌਕੇ ਉਪਰ ਵੀ ਉਨ੍ਹਾਂ ਨੂੰ ਹੈਜ਼ਾ ਹੋ ਗਿਆ। ਇਸ ਨਾਲ ਉਨ੍ਹਾਂ ਨੂੰ ਪਿਆਸ ਬਹੁਤ ਜ਼ਿਆਦਾ ਲੱਗਣ ਲਗੀ। ਡਾਕਟਰ ਪਿਲੇ ਨੇ ਹਰ ਤਰ੍ਹਾਂ ਦੇ ਇਲਾਜ ਕੀਤੇ, ਪਰ ਹਾਲਤ ਨਹੀਂ ਸੁੱਧਰੀ। ਆਖੀਰ ਵਿਚ ਉਹ ਬਾਬਾ ਕੋਲ ਪਹੁੰਚੇ ਅਤੇ ਉਨ੍ਹਾਂ ਨੂੰ ਰੋਗ ਠੀਕ ਕਰਨ ਦੀ ਦਵਾਈ ਦੇ ਲਈ ਬੇਨਤੀ ਕੀਤੀ। ਉਨ੍ਹਾਂ ਦੀ ਬੇਨਤੀ ਸੁਣ ਕੇ ਬਾਬਾ ਨੇ ਉਨ੍ਹਾਂ ਨੂੰ, "ਮਿੱਠੇ ਦੁੱਧ ਵਿਚ ਉਬਲਿਆ ਹੋਇਆ ਬਦਾਮ, ਅਖਰੋਟ ਅਤੇ ਪਿਸਤੇ



ਦਾ ਕਾੜ੍ਹਾ ਪਿਉ।" ਇਹ ਦਵਾਈ ਦੱਸ ਦਿੱਤੀ।

ਦੂਸਰਾ ਡਾਕਟਰ ਜਾਂ ਹਕੀਮ ਬਾਬਾ ਦੀ ਦੱਸੀ ਦਵਾਈ ਨੂੰ ਜਾਨਲੇਵਾ ਹੀ ਸਮਝਦਾ, ਪਰ ਬਾਬਾ ਦੀ ਆਗਿਆ ਦਾ ਪਾਲਣ ਕਰਨ ਨਾਲ ਰੋਗ ਨਾਸ਼ਕ ਸਾਬਤ ਹੋਈ ਅਤੇ ਹੈਰਾਨੀ ਦੀ ਗੱਲ ਹੈ ਕਿ ਰੋਗ ਜੜ੍ਹੋਂ ਨਸ਼ਟ ਹੋ ਗਿਆ।

## ਆਲੰਦੀ ਦੇ ਸਵਾਮੀ

ਆਲੰਦੀ ਦੇ ਇਕ ਸਵਾਮੀ ਬਾਬਾ ਦੇ ਦਰਸ਼ਨਾਂ ਲਈ ਸ਼ਿਰਡੀ ਪਧਾਰੇ। ਉਨ੍ਹਾਂ ਦੇ ਕੰਨ ਵਿਚ ਬਹੁਤ ਪੀੜ ਹੁੰਦੀ ਸੀ, ਜਿਸ ਕਰਕੇ ਉਨ੍ਹਾਂ ਨੂੰ ਇਕ ਪਲ ਵੀ ਆਰਾਮ ਕਰਨਾ ਮੁਸ਼ਕਿਲ ਸੀ। ਉਨ੍ਹਾਂ ਦਾ ਆਪਰੇਸ਼ਨ ਵੀ ਹੋ ਚੁੱਕਾ ਸੀ, ਫੇਰ ਵੀ ਹਾਲਤ ਵਿਚ ਕੋਈ ਖਾਸ ਸੁਧਾਰ ਨਹੀਂ ਹੋਇਆ ਸੀ। ਦਰਦ ਵੀ ਬਹੁਤ ਸੀ। ਉਹ ਬਹੁਤ ਪਰੇਸ਼ਾਨ ਹੋ ਕੇ ਵਾਪਸ ਜਾਣ ਲਈ ਬਾਬਾ ਕੋਲੋਂ ਆਗਿਆ ਮੰਗਣ ਗਏ। ਇਹ ਦੇਖ ਕੇ ਸ਼ਾਮਾ ਨੇ ਬਾਬਾ ਨੂੰ ਬੇਨਤੀ ਕੀਤੀ ਕਿ "ਸਵਾਮੀ ਦੇ ਕੰਨ ਵਿਚ ਬਹੁਤ ਪੀੜ ਹੈ। ਤੁਸੀਂ ਇਨ੍ਹਾਂ ਉਪਰ ਕ੍ਰਿਪਾ ਕਰੋ।" ਬਾਬਾ ਭਰੋਸਾ ਦੇ ਕੇ ਬੋਲੇ, "ਅੱਲ੍ਹਾ ਠੀਕ ਕਰੇਗਾ।" ਸਵਾਮੀ ਜੀ ਪੂਨਾ ਵਾਪਸ ਚਲੇ ਗਏ ਅਤੇ ਇਕ ਹਫਤੇ ਮਗਰੋਂ ਉਨ੍ਹਾਂ ਨੇ ਸ਼ਿਰਡੀ ਚਿੱਠੀ ਭੇਜੀ 'ਪੀੜ ਸ਼ਾਂਤ ਹੋ ਗਈ ਹੈ। ਪਰ ਸੋਜ਼ ਹਾਲੇ ਵੀ ਪਹਿਲਾਂ ਵਾਂਗ ਹੈ।' ਸੋਜ਼ ਠੀਕ ਹੋ ਜਾਏ, ਇਸ ਲਈ ਉਹ ਆਪਰੇਸ਼ਨ ਕਰਾਉਣ ਲਈ ਬੰਬਈ ਗਏ। ਸਰਜਨ ਨੇ ਦੇਖਣ ਤੋਂ ਬਾਅਦ ਕਿਹਾ ਕਿ ਆਪਰੇਸ਼ਨ ਦੀ ਕੋਈ ਲੋੜ ਨਹੀਂ।" ਬਾਬਾ ਦੇ ਸ਼ਬਦਾਂ ਦਾ ਡੂੰਘਾ ਮਤਲਬ ਅਸੀਂ ਨਿਰੇ ਮੂਰਖ ਕੀ ਸਮਝੀਏ ?

## ਕਾਕਾ ਮਹਾਜਨੀ

ਕਾਕਾ ਮਹਾਜਾਨੀ ਨਾਂਅ ਦੇ ਇਕ ਹੋਰ ਭਗਤ ਨੂੰ ਟੱਟੀਆਂ ਲੱਗ ਗਈਆਂ। ਬਾਬਾ ਦੀ ਸੇਵਾ ਵਿਚ ਕੋਈ ਰੁਕਾਵਟ ਨਾ ਆ ਜਾਏ, ਇਸ ਕਰਕੇ ਉਹ ਇਕ ਲੋਟਾ ਪਾਣੀ ਭਰ ਕੇ ਮਸਜਿਦ ਦੀ ਇਕ ਨੁਕਰ ਵਿਚ ਰੱਖ ਦਿੰਦੇ ਸੀ, ਤਾਂ ਕਿ ਲੋੜ ਪੈਣ ਤੇ ਜਲਦੀ ਹੀ ਬਾਹਰ ਜਾ ਸਕਣ। ਸ੍ਰੀ ਸਾਈਂਬਾਬਾ ਨੂੰ ਤਾਂ ਸਭ ਕੁਝ ਪਤਾ ਹੀ ਸੀ। ਫੇਰ ਵੀ ਕਾਕਾ ਨੇ ਬਾਬਾ ਨੂੰ ਇਸ ਲਈ ਨਹੀਂ ਦੱਸਿਆ ਕਿ ਰੋਗ ਛੇਤੀ ਹੀ ਠੀਕ ਹੋ ਜਾਏਗਾ। ਮਸਜਿਦ ਵਿਚ ਫਰਸ਼ ਬਣਾਉਣ ਦੀ ਮਨਜ਼ੂਰੀ ਬਾਬਾ ਕੋਲੋਂ ਮਿਲ ਹੀ ਚੁੱਕੀ ਸੀ, ਪਰ ਜਦੋਂ ਕੰਮ ਸ਼ੁਰੂ ਹੋਇਆ ਤਾਂ ਬਾਬਾ ਗੁੱਸੇ ਹੋ ਗਏ ਅਤੇ ਉਤੇਜਿਤ ਹੋ ਕੇ ਚੀਕਣ ਲੱਗੇ, ਜਿਸ ਨਾਲ ਭੱਜ ਦੌੜ ਮਚ ਗਈ। ਜਿਵੇਂ ਹੀ ਕਾਕਾ ਦੌੜਨ ਲੱਗੇ, ਉਵੇਂ ਹੀ ਬਾਬਾ ਨੇ ਉਨ੍ਹਾਂ ਨੂੰ ਫੜ ਲਿਆ ਅਤੇ ਆਪਣੇ ਸਾਹਮਣੇ ਬਿਠਾ ਲਿਆ। ਇਸ ਗੜਬੜ ਵਿਚ ਕੋਈ ਆਦਮੀ ਮੂੰਗਫਲੀ ਦੀ ਇਕ ਛੋਟੀ ਥੈਲੀ ਉਥੇ ਭੁੱਲ ਗਿਆ। ਬਾਬਾ ਨੇ ਇਕ ਮੁੱਠ ਮੂੰਗਫਲੀ ਉਸ ਵਿਚੋਂ ਕੱਢੀ ਅਤੇ ਛਿੱਲ ਕੇ ਦਾਨੇ ਕਾਕਾ ਨੂੰ ਖਾਣ ਦੇ ਲਈ ਦੇ ਦਿੱਤੇ। ਗੁੱਸੇ ਹੋਣਾ, ਮੂੰਗਫਲੀ ਛਿਲਨਾ ਅਤੇ ਉਸਨੂੰ ਕਾਕਾ ਨੂੰ ਖਵਾਉਣਾ, ਇਹ ਸਭ ਕੰਮ ਨਾਲ ਨਾਲ ਹੀ ਹੋਣ ਲੱਗਾ। ਆਪ

ਵੀ ਬਾਬਾ ਨੇ ਉਸ ਵਿਚੋਂ ਕੁਝ ਮੂੰਗਫਲੀ ਖਾਧੀ। ਜਦੋਂ ਥੈਲੀ ਖਾਲੀ ਹੋ ਗਈ ਤਾਂ ਬਾਬਾ ਨੇ ਕਿਹਾ ਕਿ ਮੈਨੂੰ ਪਿਆਸ ਲਗੀ ਹੈ। ਜਾ ਕੇ ਥੋੜ੍ਹਾ ਪਾਣੀ ਲੈ ਆਉ। ਕਾਕਾ ਇਕ ਘੜਾ ਪਾਣੀ ਭਰ ਲਿਆਏ ਅਤੇ ਦੋਵਾਂ ਨੇ ਉਸ ਵਿਚੋਂ ਪਾਣੀ ਪੀਤਾ। ਫੇਰ ਬਾਬਾ ਬੋਲੇ ਕਿ, "ਹੁਣ ਤੁਹਾਡਾ ਦਸਤਾਂ ਦਾ ਰੋਗ ਦੂਰ ਹੋ ਗਿਆ ਹੈ। ਤੁਸੀਂ ਆਪਣੇ ਫਰਸ਼ ਦੇ ਕੰਮ ਦੀ ਦੇਖਭਾਲ ਕਰ ਸਕਦੇ ਹੋ।" ਥੋੜ੍ਹੀ ਦੇਰ ਬਾਅਦ ਦੌੜ੍ਹੇ ਹੋਏ ਲੋਕ ਵੀ ਵਾਪਸ ਆ ਗਏ। ਕੰਮ ਫੇਰ ਸ਼ੁਰੂ ਹੋ ਗਿਆ। ਕਾਕਾ ਦਾ ਰੋਗ ਹੁਣ ਦੂਰ ਹੋ ਚੁੱਕਾ ਸੀ। ਇਸ ਕਰਕੇ ਉਹ ਕੰਮ ਵਿਚ ਮਗਨ ਹੋ ਗਏ। ਕੀ ਮੂੰਗਫਲੀ ਦਸਤਾਂ ਦੀ ਬਿਮਾਰੀ ਦੀ ਦਵਾਈ ਹੈ ? ਇਸ ਦਾ ਜਵਾਬ ਕੌਣ ਦੇਵੇ ? ਵਰਤਮਾਨ ਦੇ ਇਲਾਜ ਦੇ ਢੰਗ ਮੁਤਾਬਿਕ ਤਾਂ ਮੂੰਗਫਲੀ ਨਾਲ ਦਸਤਾਂ ਦੀ ਬਿਮਾਰੀ ਵਿਗੜ ਜਾਂਦੀ ਹੈ, ਨਾ ਕਿ ਠੀਕ ਹੁੰਦੀ ਹੈ। ਇਸ ਸਬੰਧ ਵਿਚ ਹਮੇਸ਼ਾਂ ਦੀ ਤਰ੍ਹਾਂ ਬਾਬਾ ਦੇ ਸ਼੍ਰੀ ਵਚਨ ਹੀ ਦਵਾਈ ਸਰੂਪ ਸੀ।

## ਹਰਦਾ ਦੇ ਦਤੋਪੰਤ

ਹਰਦਾ ਦੇ ਇਕ ਸੱਜਣ, ਜਿਨ੍ਹਾਂ ਦਾ ਨਾਂਅ ਸ੍ਰੀ ਦਤੋਪੰਤ ਸੀ, 14 ਸਾਲਾਂ ਤੋਂ ਢਿੱਡ ਪੀੜ ਤੋਂ ਤੰਗ ਸੀ। ਕਿਸੇ ਵੀ ਦਵਾਈ ਨਾਲ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋਇਆ। ਅਚਾਨਕ ਕਿਸੇ ਕੋਲੋਂ ਬਾਬਾ ਦੀ ਕੀਰਤੀ ਉਨ੍ਹਾਂ ਦੇ ਕੰਨਾਂ ਵਿਚ ਪਈ ਕਿ ਉਨ੍ਹਾਂ ਦੀ ਨਜ਼ਰ ਨਾਲ ਹੀ ਬਿਮਾਰ ਠੀਕ ਹੋ ਜਾਂਦੇ ਹਨ। ਫੇਰ ਉਹ ਵੀ ਦੌੜ੍ਹ ਕੇ ਸ਼ਿਰਡੀ ਆਏ ਅਤੇ ਬਾਬਾ ਦੇ ਚਰਣਾਂ ਦੀ ਸ਼ਰਨ ਲਈ। ਬਾਬਾ ਨੇ ਪਿਆਰ ਭਰੀ ਨਜ਼ਰ ਨਾਲ ਉਨ੍ਹਾਂ ਵੱਲ ਦੇਖ ਕੇ ਆਸ਼ੀਰਵਾਦ ਦੇ ਕੇ ਆਪਣਾ ਮੇਹਰ ਭਰਿਆ ਹੱਥ ਉਨ੍ਹਾਂ ਦੇ ਸਿਰ 'ਤੇ ਰੱਖਿਆ। ਅਸੀਸ ਅਤੇ ਉਦੀ ਲੈ ਕੇ ਉਹ ਠੀਕ ਹੋ ਗਏ ਅਤੇ ਭਵਿੱਖ ਵਿਚ ਉਨ੍ਹਾਂ ਨੂੰ ਕੋਈ ਪੀੜ ਨਹੀਂ ਹੋਈ।

ਇਸੇ ਤਰ੍ਹਾਂ ਦੇ ਹੇਠਾਂ ਲਿਖੇ ਤਿੰਨ ਚਮਤਕਾਰ ਇਸ ਅਧਿਆਇ ਦੇ ਆਖੀਰ ਵਿਚ ਟਿੱਪਣੀ ਵਿਚ ਦਿੱਤੇ ਗਏ ਹਨ :

1. ਮਾਧਵਰਾਵ ਦੇਸ਼ ਪਾਂਡੇ ਨੂੰ ਬਵਾਸੀਰ ਰੋਗ ਹੋ ਗਿਆ। ਬਾਬਾ ਦੀ ਆਗਿਆ ਨਾਲ ਸੋਨਾਮੁੱਖੀ ਦਾ ਕਾੜ੍ਹਾ ਪੀਣ ਨਾਲ ਉਹ ਠੀਕ ਹੋ ਗਏ। ਦੋ ਸਾਲਾਂ ਬਾਅਦ ਉਨ੍ਹਾਂ ਨੂੰ ਫੇਰ ਉਹ ਦਰਦ ਪੈਦਾ ਹੋਇਆ। ਬਾਬਾ ਕੋਲੋਂ ਬਿਨਾਂ ਸਲਾਹ ਲਏ ਉਹ ਉਹੀ ਕਾੜ੍ਹਾ ਲੈਣ ਲੱਗੇ। ਨਤੀਜਾ ਇਹ ਹੋਇਆ ਕਿ ਰੋਗ ਹੋਰ ਵੱਧ ਗਿਆ। ਪਰ ਬਾਅਦ ਵਿਚ ਬਾਬਾ ਦੀ ਕ੍ਰਿਪਾ ਨਾਲ ਜਲਦੀ ਹੀ ਠੀਕ ਹੋ ਗਿਆ।

2. ਕਾਕਾ ਮਹਾਜਨੀ ਦੇ ਵੱਡੇ ਭਰਾ ਗੰਗਾਧਰਪੰਤ ਨੂੰ ਕੁਝ ਸਾਲਾਂ ਤੋਂ ਹਮੇਸ਼ਾਂ ਢਿੱਡ ਵਿਚ ਪੀੜ ਹੁੰਦੀ ਰਹਿੰਦੀ ਸੀ। ਬਾਬਾ ਦੀ ਕੀਰਤੀ ਸੁਣ ਕੇ ਉਹ ਵੀ ਸ਼ਿਰਡੀ ਆਏ ਅਤੇ ਤੰਦਰੁਸਤੀ ਲਈ ਬੇਨਤੀ ਕਰਨ ਲੱਗੇ। ਬਾਬਾ ਨੇ ਉਨ੍ਹਾਂ ਦੇ ਢਿੱਡ ਨੂੰ ਛੂਹ ਕੇ ਕਿਹਾ "ਅੱਲ੍ਹਾ ਠੀਕ ਕਰੇਗਾ।" ਉਸ ਦੇ ਬਾਅਦ ਤੁਰੰਤ ਹੀ ਉਨ੍ਹਾਂ ਦੀ ਢਿੱਡ ਪੀੜ ਠੀਕ ਹੋ ਗਈ ਅਤੇ ਉਹ ਪੂਰੀ ਤਰ੍ਹਾਂ ਠੀਕ ਹੋ ਗਏ।


3. ਸ੍ਰੀ ਨਾਨਾਸਾਹਿਬ ਚਾਂਦੋਰਕਰ ਨੂੰ ਵੀ ਇਕ ਵਾਰ ਢਿੱਡ ਵਿਚ ਬਹੁਤ ਪੀੜ ਹੋਣ ਲਗੀ। ਉਹ ਦਿਨ ਰਾਤ ਮੱਛੀ ਵਾਂਗ ਤੜਫਣ ਲਗੇ। ਡਾਕਟਰਾਂ ਨੇ ਬਹੁਤ ਇਲਾਜ ਕੀਤੇ, ਪਰ ਕੋਈ ਨਤੀਜਾ ਨਹੀਂ ਨਿਕਲਿਆ।

ਆਖੀਰ ਵਿਚ ਬਾਬਾ ਦੀ ਸ਼ਰਨ ਵਿਚ ਆਏ। ਬਾਬਾ ਨੇ ਉਨ੍ਹਾਂ ਨੂੰ ਘਿਓ ਦੇ ਨਾਲ ਬਰਫੀ ਖਾਣ ਦੀ ਆਗਿਆ ਦਿੱਤੀ। ਇਹ ਦਵਾਈ ਖਾਣ ਨਾਲ ਉਹ ਬਿਲਕੁਲ ਠੀਕ ਹੋ ਗਏ।

ਇਨ੍ਹਾਂ ਸਾਰੀਆਂ ਕਥਾਵਾਂ ਤੋਂ ਪਤਾ ਲੱਗਦਾ ਹੈ ਕਿ ਸੱਚੀ ਦਵਾਈ, ਜਿਸ ਨਾਲ ਅਨੇਕਾਂ ਲੋਕਾਂ ਨੂੰ ਸਿਹਤ ਮਿਲੀ, ਉਹ ਬਾਬਾ ਦੇ ਸਿਰਫ਼ ਸ੍ਰੀ ਮੁੱਖ ਤੋਂ ਉਚਾਰਣ ਕੀਤੇ ਵਚਨਾ ਅਤੇ ਉਨ੍ਹਾਂ ਦੀ ਕ੍ਰਿਪਾ ਦਾ ਹੀ ਅਸਰ ਸੀ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**

**ਸਪਤਾਹ ਪਾਰਾਯਣ : ਦੂਸਰਾ ਵਿਸ਼ਰਾਮ**



# ॥ ਅਧਿਆਇ-14 ॥

***ਨਾਦੇੜ ਦੇ ਰਤਨਜੀ ਵਾਡੀਆ, ਸੰਤ ਮੌਲਾ ਸਾਹਿਬ, ਦਕਸ਼ਿਣਾ ਮੀਮਾਂਸਾ, ਗਣਪੱਤਰਾਵ ਬੋਡਸ, ਸ੍ਰੀਮਤੀ ਤਰਖੰਡ, ਦਕਸ਼ਿਣਾ ਦਾ ਮਰਮ।***

ਸ੍ਰੀ ਸਾਈਂ ਬਾਬਾ ਦੇ ਵਚਨਾਂ ਅਤੇ ਕ੍ਰਿਪਾ ਨਾਲ ਕਿਸ ਤਰ੍ਹਾਂ ਲਾਇਲਾਜ ਰੋਗ ਜੜ੍ਹੋਂ ਖ਼ਤਮ ਹੋ ਗਏ। ਇਸਦਾ ਵਰਨਣ ਪਿਛਲੇ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ। ਬਾਬਾ ਨੇ ਕਿਸ ਤਰ੍ਹਾਂ ਰਤਨਜੀ ਵਾਡੀਆ ਨੂੰ ਆਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਨੂੰ ਪੁੱਤਰ ਰਤਨ ਦੀ ਪ੍ਰਾਪਤੀ ਹੋਈ, ਹੁਣ ਇਸਦਾ ਵਰਨਣ ਇਸ ਅਧਿਆਇ ਵਿਚ ਹੋਵੇਗਾ।

ਇਸ ਸੰਤ ਦੀ ਜੀਵਨੀ ਹਰ ਤਰ੍ਹਾਂ ਨਾਲ ਸੁਭਾਵਿਕ ਹੀ ਮਧੁਰ ਹੈ। ਉਨ੍ਹਾਂ ਦੇ ਬਾਕੀ ਕੰਮ ਜਿਵੇਂ ਭੋਜਨ, ਤੁਰਨਾ-ਫਿਰਨਾ ਅਤੇ ਸੁਭਾਵਿਕ ਅੰਮ੍ਰਿਤ ਉਪਦੇਸ਼ ਬਹੁਤ ਹੀ ਸੁੰਦਰ ਹਨ। ਉਹ ਆਨੰਦ ਦੇ ਅਵਤਾਰ ਹਨ। ਇਸ ਪਰਮਾਨੰਦ ਦਾ ਉਨ੍ਹਾਂ ਨੇ ਆਪਣੇ ਭਗਤਾਂ ਨੂੰ ਵੀ ਸੁਆਦ ਚਖਾਇਆ ਅਤੇ ਇਸ ਲਈ ਉਨ੍ਹਾਂ ਨੂੰ ਉਸਦੀ ਦੇਰ ਤਕ ਯਾਦ ਆਉਂਦੀ ਰਹੀ। ਵੱਖ-ਵੱਖ ਤਰ੍ਹਾਂ ਦੇ ਕੰਮ ਅਤੇ ਕਰਤੱਵਾਂ ਦੀਆਂ ਅਨੇਕਾਂ ਕਥਾਵਾਂ ਭਗਤਾਂ ਨੂੰ ਉਨ੍ਹਾਂ ਕੋਲੋਂ ਪ੍ਰਾਪਤ ਹੋਈਆਂ, ਜਿਨ੍ਹਾਂ ਨਾਲ ਉਹ ਸੱਚ ਦੀ ਰਾਹ 'ਤੇ ਚੱਲ ਸਕੇ। ਬਾਬਾ ਦੀ ਹਮੇਸ਼ਾਂ ਇਹ ਹੀ ਇੱਛਾ ਸੀ ਕਿ ਲੋਕ ਸੰਸਾਰ ਵਿਚ ਸੁਖੀ ਜੀਵਨ ਗੁਜ਼ਾਰਨ ਅਤੇ ਉਹ ਹਮੇਸ਼ਾਂ ਸੁਚੇਤ ਰਹਿ ਕੇ ਆਪਣੇ ਜੀਵਨ ਦਾ ਪਰਮ ਨਿਸ਼ਾਨਾ, ਪ੍ਰਭੂ-ਦਰਸ਼ਨ ਜ਼ਰੂਰ ਪ੍ਰਾਪਤ ਕਰਨ। **ਪਿਛਲੇ ਜਨਮਾਂ ਦੇ ਸ਼ੁਭ ਕਰਮਾਂ ਦੇ ਫਲ ਕਰਕੇ ਹੀ ਇਹ ਦੇਹ ਪ੍ਰਾਪਤ ਹੋਈ ਹੈ ਅਤੇ ਉਸਦੀ ਸਫ਼ਲਤਾ ਤਾਂ ਹੈ, ਜੇ ਉਸਦੀ ਮਦਦ ਨਾਲ ਅਸੀਂ ਇਸ ਜੀਵਨ ਵਿਚ ਭਗਤੀ ਅਤੇ ਮੋਕਸ਼ ਪ੍ਰਾਪਤ ਕਰ ਸਕੀਏ**। ਸਾਨੂੰ ਆਪਣੇ ਅੰਤ ਅਤੇ ਜੀਵਨ ਦੇ ਟੀਚੇ ਲਈ ਹਮੇਸ਼ਾਂ ਸਾਵਧਾਨ ਅਤੇ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ।

ਜੇ ਤੁਸੀਂ ਰੋਜ਼ ਸ੍ਰੀ ਸਾਈਂ ਦੀਆਂ ਲੀਲ੍ਹਾਵਾਂ ਦਾ ਸਰਵਣ ਕਰੋਗੇ ਤਾਂ ਤੁਹਾਨੂੰ ਉਨ੍ਹਾਂ ਦਾ ਹਰ ਵੇਲੇ ਦਰਸ਼ਨ ਹੁੰਦਾ ਰਹੇਗਾ। ਦਿਨ ਰਾਤ ਉਨ੍ਹਾਂ ਦਾ ਦਿਲ ਵਿਚ ਸਿਮਰਨ ਕਰਦੇ ਰਹੋ। ਇਸ ਤਰ੍ਹਾਂ ਆਚਰਣ ਕਰਨ ਨਾਲ ਮਨ ਦੀ ਚੰਚਲਤਾ ਛੇਤੀ ਹੀ ਨਸ਼ਟ ਹੋ ਜਾਏਗੀ। ਜੇ ਇਸਦਾ ਲਗਾਤਾਰ ਪਾਠ ਕੀਤਾ ਗਿਆ ਤਾਂ ਤੁਹਾਨੂੰ ਚਿੱਤਸਰੂਪ ਆਤਮਾ ਨਾਲ ਅਭਿੰਨਤਾ ਪ੍ਰਾਪਤ ਹੋ ਜਾਏਗੀ।

## ਨਾਦੇੜ ਦੇ ਰਤਨਜੀ

ਹੁਣ ਅਸੀਂ ਇਸ ਅਧਿਆਇ ਦੀ ਮੂਲ ਕਥਾ ਦਾ ਵਰਨਣ ਕਰਦੇ ਹਾਂ। ਨਾਦੇੜ (ਨਿਜ਼ਾਮ ਰਿਆਸਤ) ਵਿਚ ਰਤਨਜੀ ਸ਼ਾਹਪੁਰਜੀ ਵਾਡੀਆ ਨਾਂਅ ਦੇ ਇਕ ਮਸ਼ਹੂਰ ਵਪਾਰੀ ਰਹਿੰਦੇ ਸੀ। ਉਨ੍ਹਾਂ ਕੋਲ ਬੇਹਿਸਾਬ ਜਾਇਦਾਦ, ਖੇਤ, ਜ਼ਮੀਨਾਂ ਅਤੇ ਕਈ ਤਰ੍ਹਾਂ ਦੇ ਪਸ਼ੂ, ਘੋੜੇ, ਖੋਤੇ, ਖੱਚਰ ਆਦਿ ਅਤੇ ਕਈ ਗੱਡੀਆਂ ਵੀ ਸਨ। ਉਹ ਬਹੁਤ ਭਾਗਾਂ ਵਾਲੇ ਸੀ। ਭਾਵੇਂ ਬਾਹਰੋਂ ਦੇਖਣ ਨਾਲ ਉਹ ਬਹੁਤ ਸੁਖੀ ਅਤੇ ਸੰਤੁਸ਼ਟ ਲੱਗਦੇ

ਸੀ, ਪਰ ਅਸਲ ਵਿਚ ਉਹ ਉਸ ਤਰ੍ਹਾਂ ਦੇ ਨਹੀਂ ਸੀ। ਵਿਧਾਤਾ ਦੀ ਰਚਨਾ ਕੁਝ ਇਸ ਤਰ੍ਹਾਂ ਦੀ ਅਜ਼ੀਬ ਹੈ ਕਿ ਇਸ ਸੰਸਾਰ ਵਿਚ ਕੋਈ ਵੀ ਪੂਰਾ ਸੁਖੀ ਨਹੀਂ ਅਤੇ ਧਨਾਢ ਰਤਨਜੀ ਵੀ ਇਸ ਦੇ ਅਲੱਗ ਨਹੀਂ ਸੀ। ਉਹ ਪਰਉਪਕਾਰੀ ਅਤੇ ਦਾਨੀ ਸਨ। ਉਹ ਗ਼ਰੀਬਾਂ ਨੂੰ ਭੋਜਨ ਅਤੇ ਕੱਪੜੇ ਵੰਡਦੇ ਅਤੇ ਸਾਰੇ ਲੋਕਾਂ ਦੀ ਕਈ ਤਰ੍ਹਾਂ ਨਾਲ ਮਦਦ ਕਰਦੇ ਹੁੰਦੇ ਸੀ। ਉਨ੍ਹਾਂ ਨੂੰ ਲੋਕ ਬਹੁਤ ਸੁਖੀ ਸਮਝਦੇ ਸੀ। ਪਰ ਬਹੁਤ ਦੇਰ ਤਕ ਔਲਾਦ ਨਾ ਹੋਣ ਕਰਕੇ ਉਨ੍ਹਾਂ ਦੇ ਦਿਲ ਵਿਚ ਦੁੱਖ ਸੀ। ਜਿਸ ਤਰ੍ਹਾਂ ਪ੍ਰੇਮ ਅਤੇ ਭਗਤੀ ਤੋਂ ਬਿਨਾਂ ਕੀਰਤਨ, ਸੁਰਾਂ ਤੋਂ ਬਿਨਾਂ ਸੰਗੀਤ, ਜਨੇਊ ਤੋਂ ਬਿਨਾਂ ਬ੍ਰਾਹਮਣ, ਦੁਨੀਆਦਾਰੀ ਦੇ ਗਿਆਨ ਤੋਂ ਬਿਨਾਂ ਕਲਾਕਾਰ, ਪਛਤਾਵੇ ਤੋਂ ਬਿਨਾਂ ਤੀਰਥ ਯਾਤਰਾ ਅਤੇ ਮੰਗਲ ਸੂਤਰ ਤੋਂ ਬਿਨਾਂ ਹਾਰ, ਚੰਗੇ ਨਹੀਂ ਲੱਗਦੇ, ਉਸੇ ਤਰ੍ਹਾਂ ਔਲਾਦ ਤੋਂ ਬਿਨਾਂ ਗ੍ਰਹਿਸਥੀ ਦਾ ਘਰ ਵੀ ਸੁੰਨਾ ਹੀ ਰਹਿੰਦਾ ਹੈ। ਰਤਨ ਜੀ ਹਮੇਸ਼ਾਂ ਇਸ ਚਿੰਤਾ ਵਿਚ ਡੁੱਬੇ ਰਹਿੰਦੇ ਸੀ। ਉਹ ਮਨ ਹੀ ਮਨ ਕਹਿੰਦੇ, "ਕੀ ਈਸ਼ਵਰ ਦੀ ਮੇਰੇ 'ਤੇ ਕਦੀ ਦਯਾ ਨਹੀਂ ਹੋਵੇਗੀ ? ਕੀ ਮੈਨੂੰ ਕਦੀ ਪੁੱਤਰ ਦੀ ਪ੍ਰਾਪਤੀ ਨਹੀਂ ਹੋਏਗੀ ?" ਇਸ ਲਈ ਉਹ ਹਰ ਵੇਲੇ ਉਦਾਸ ਰਹਿੰਦੇ ਸੀ, ਉਨ੍ਹਾਂ ਨੂੰ ਖਾਣ-ਪੀਣ ਵਿਚ ਵੀ ਰੁਚੀ ਨਹੀਂ ਸੀ। ਪੁੱਤਰ ਦੀ ਪ੍ਰਾਪਤੀ ਕਦੋਂ ਹੋਏਗੀ ? ਇਹ ਚਿੰਤਾ ਉਨ੍ਹਾਂ ਨੂੰ ਹਰ ਵੇਲੇ ਖਾਈ ਜਾਂਦੀ ਸੀ। ਉਨ੍ਹਾਂ ਦੀ ਦਾਸਗਣੂ ਮਹਾਰਾਜ 'ਤੇ ਪੱਕੀ ਸ਼ਰਧਾ ਸੀ। ਉਨ੍ਹਾਂ ਨੇ ਆਪਣਾ ਦਿਲ ਉਨ੍ਹਾਂ ਦੇ ਸਾਹਮਣੇ ਖੋਲ੍ਹ ਦਿੱਤਾ ਤਾਂ ਉਨ੍ਹਾਂ ਨੇ ਸ੍ਰੀ ਸਾਈਂ ਸਮਰਥ ਦੀ ਸ਼ਰਨ ਵਿਚ ਜਾਣ ਅਤੇ ਉਨ੍ਹਾਂ ਨੂੰ ਔਲਾਦ ਦੇ ਲਈ ਬੇਨਤੀ ਕਰਨ ਦੀ ਸਲਾਹ ਦਿੱਤੀ। ਰਤਨ ਜੀ ਨੂੰ ਇਹ ਵਿਚਾਰ ਚੰਗਾ ਲੱਗਾ ਅਤੇ ਉਨ੍ਹਾਂ ਨੇ ਸ਼ਿਰਡੀ ਜਾਣ ਦਾ ਫ਼ੈਸਲਾ ਕੀਤਾ। ਕੁਝ ਦਿਨਾਂ ਬਾਅਦ ਉਹ ਸ਼ਿਰਡੀ ਆਏ ਅਤੇ ਬਾਬਾ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਚਰਣਾਂ 'ਤੇ ਡਿੱਗੇ। ਉਨ੍ਹਾਂ ਨੇ ਇਕ ਸੁੰਦਰ ਹਾਰ ਬਾਬਾ ਨੂੰ ਪਾ ਕੇ ਬਹੁਤ ਸਾਰੇ ਫਲ-ਫੁੱਲ ਭੇਟ ਕੀਤੇ। ਉਸ ਤੋਂ ਬਾਅਦ ਬਹੁਤ ਆਦਰ ਨਾਲ ਬਾਬਾ ਦੇ ਕੋਲ ਬੈਠ ਕੇ ਇਸ ਤਰ੍ਹਾਂ ਬੇਨਤੀ ਕਰਨ ਲੱਗੇ, "ਅਨੇਕਾਂ ਦੁਖੀ ਲੋਕ ਤੁਹਾਡੇ ਕੋਲ ਆਉਂਦੇ ਹਨ ਅਤੇ ਤੁਸੀਂ ਉਨ੍ਹਾਂ ਦੇ ਦੁੱਖ ਦੂਰ ਕਰ ਦਿੰਦੇ ਹੋ। ਇਹ ਕੀਰਤੀ ਸੁਣ ਕੇ ਮੈਂ ਵੀ ਬਹੁਤ ਆਸ ਨਾਲ ਤੁਹਾਡੇ ਸ੍ਰੀ ਚਰਣਾਂ ਵਿਚ ਆਇਆ ਹਾਂ। ਮੈਨੂੰ ਨਾ-ਉਮੀਦ ਨਾ ਕਰਨਾ।" ਸ੍ਰੀ ਸਾਈਂ ਬਾਬਾ ਨੇ ਉਨ੍ਹਾਂ ਕੋਲੋਂ ਪੰਜ ਰੁਪਏ ਦਕਸ਼ਿਣਾ ਮੰਗੀ, ਜਿਹੜੀ ਉਹ ਦੇਣ ਹੀ ਲੱਗੇ ਸੀ, ਪਰ ਬਾਬਾ ਨੇ ਫੇਰ ਕਿਹਾ, "ਮੈਨੂੰ ਤੁਹਾਡੇ ਕੋਲੋਂ ਤਿੰਨ ਰੁਪਏ ਚੌਂਦਾਂ ਆਨੇ ਪਹਿਲੇ ਹੀ ਮਿਲ ਚੁੱਕੇ ਹਨ। ਇਸ ਲਈ ਸਿਰਫ਼ ਬਾਕੀ ਪੈਸੇ ਦੇ ਦਿਉ।" ਇਹ ਸੁਣ ਕੇ ਰਤਨ ਜੀ ਸੋਚਣ ਲੱਗ ਪਏ ਕਿ ਬਾਬਾ ਦੀ ਇਸ ਗੱਲ ਦਾ ਕੀ ਮਤਲਬ ਹੈ, ਉਨ੍ਹਾਂ ਦੀ ਸਮਝ ਵਿਚ ਨਹੀਂ ਆਇਆ। ਉਹ ਸੋਚਣ ਲੱਗੇ ਕਿ ਇਹ ਸ਼ਿਰਡੀ ਆਉਣ ਦਾ ਮੇਰਾ ਪਹਿਲਾ ਮੌਕਾ ਹੈ ਅਤੇ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੂੰ ਤਿੰਨ ਰੁਪਏ ਚੌਂਦਾਂ ਆਨੇ ਪਹਿਲਾਂ ਹੀ ਮਿਲ ਚੁੱਕੇ ਹਨ।" ਉਹ ਇਹ ਬੁਝਾਰਤ ਹੱਲ ਨਾ ਕਰ ਸਕੇ। ਉਹ ਬਾਬਾ ਦੇ ਚਰਣਾਂ ਕੋਲ ਹੀ ਬੈਠੇ ਰਹੇ ਅਤੇ ਉਨ੍ਹਾਂ ਨੂੰ ਬਾਕੀ ਦਕਸ਼ਿਣਾ ਅਰਪਣ ਕਰ ਦਿੱਤੀ। ਉਨ੍ਹਾਂ ਨੇ ਆਪਣੇ ਆਉਣ ਦਾ ਮੰਤਵ ਦੱਸਿਆ ਅਤੇ ਪੁੱਤਰ ਪ੍ਰਾਪਤੀ ਦੀ ਬੇਨਤੀ ਕੀਤੀ। ਬਾਬਾ ਨੂੰ ਤਰਸ ਆ ਗਿਆ। ਉਹ ਬੋਲੇ, "ਚਿੰਤਾ ਛੱਡ ਦਿਉ, ਹੁਣ ਤੁਹਾਡੇ ਬੁਰੇ ਦਿਨ ਖ਼ਤਮ ਹੋ ਗਏ ਹਨ।" ਇਸ ਦੇ ਬਾਅਦ ਬਾਬਾ ਨੇ ਉਦੀ ਦੇ ਕੇ ਆਪਣਾ ਮਿਹਰਾਂ ਭਰਿਆ ਹੱਥ

ਉਨ੍ਹਾਂ ਦੇ ਸਿਰ ਉੱਪਰ ਰੱਖ ਕੇ ਕਿਹਾ, "ਅੱਲ੍ਹਾ ਤੁਹਾਡੀ ਇੱਛਾ ਪੂਰੀ ਕਰੇਗਾ।"

ਬਾਬਾ ਦੀ ਆਗਿਆ ਲੈ ਕੇ ਰਤਨਜੀ ਨਾਦੇੜ ਵਾਪਸ ਆਏ ਅਤੇ ਸ਼ਿਰਡੀ ਵਿਚ ਜੋ ਕੁਝ ਹੋਇਆ, ਉਹ ਦਾਸਗਣੂ ਨੂੰ ਦੱਸਿਆ। ਰਤਨਜੀ ਨੇ ਕਿਹਾ, "ਸਭ ਕੁਝ ਠੀਕ ਹੀ ਰਹਿਆ। ਬਾਬਾ ਦੇ ਸ਼ੁਭ ਦਰਸ਼ਨ ਹੋਏ, ਉਨ੍ਹਾਂ ਦਾ ਆਸ਼ੀਰਵਾਦ ਅਤੇ ਪ੍ਰਸ਼ਾਦ ਵੀ ਮਿਲਿਆ, ਪਰ ਉਥੋਂ ਦੀ ਇਕ ਗੱਲ ਸਮਝ ਨਹੀਂ ਆਈ!" ਉਥੇ ਬਾਬਾ ਨੇ ਕਿਹਾ ਸੀ ਕਿ "ਮੈਨੂੰ ਤਿੰਨ ਰੁਪਏ ਚੌਦਾਂ ਆਨੇ ਪਹਿਲਾਂ ਹੀ ਮਿਲ ਚੁੱਕੇ ਹਨ।" ਕ੍ਰਿਪਾ ਕਰਕੇ ਉਹ ਸਮਝਾਉ ਕਿ ਇਸਦਾ ਕੀ ਮਤਲਬ ਹੈ? ਇਸ ਤੋਂ ਪਹਿਲਾਂ ਮੈਂ ਸ਼ਿਰਡੀ ਕਦੀ ਵੀ ਨਹੀਂ ਗਿਆ। ਫੇਰ ਬਾਬਾ ਨੂੰ ਉਹ ਪੈਸੇ ਕਿਸ ਤਰ੍ਹਾਂ ਮਿਲ ਗਏ? ਜਿਸ ਬਾਰੇ ਉਨ੍ਹਾਂ ਨੇ ਦੱਸਿਆ ਹੈ।" ਦਾਸਗਣੂ ਦੇ ਲਈ ਵੀ ਇਹ ਇਕ ਬੁਝਾਰਤ ਹੀ ਸੀ। ਬਹੁਤ ਦਿਨਾਂ ਤਕ ਉਹ ਇਸ ਬਾਰੇ ਸੋਚਦੇ ਰਹੇ। ਕਈ ਦਿਨਾਂ ਮਗਰੋਂ ਉਨ੍ਹਾਂ ਨੂੰ ਯਾਦ ਆਇਆ ਕਿ ਕੁਝ ਦਿਨ ਪਹਿਲਾਂ ਰਤਨਜੀ ਨੇ ਇਕ ਯਵਨ ਸੰਤ ਮੌਲਾ ਸਾਹਿਬ ਨੂੰ ਆਪਣੇ ਘਰ ਬੁਲਾਇਆ ਸੀ ਅਤੇ ਉਨ੍ਹਾਂ ਦੀ ਖ਼ਾਤਰਦਾਰੀ ਵਿਚ ਉਨ੍ਹਾਂ ਨੇ ਕੁਝ ਪੈਸੇ ਖ਼ਰਚ ਕੀਤੇ ਸਨ। ਮੌਲਾ ਸਾਹਿਬ ਨਾਦੇੜ ਦੇ ਮਸ਼ਹੂਰ ਸੰਤ ਸੀ, ਉਹ ਕੁੱਲੀ ਦਾ ਕੰਮ ਕਰਦੇ ਸੀ। ਜਦੋਂ ਰਤਨ ਜੀ ਨੇ ਸ਼ਿਰਡੀ ਜਾਣ ਦਾ ਫ਼ੈਸਲਾ ਕੀਤਾ ਸੀ। ਉਸ ਤੋਂ ਕੁਝ ਦਿਨ ਪਹਿਲਾਂ ਹੀ ਮੌਲਾ ਸਾਹਿਬ ਅਚਾਨਕ ਹੀ ਰਤਨਜੀ ਦੇ ਘਰ ਆਏ। ਰਤਨ ਜੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਸੀ ਅਤੇ ਉਨ੍ਹਾਂ ਨਾਲ ਪਿਆਰ ਕਰਦੇ ਸੀ। ਇਸ ਲਈ ਉਨ੍ਹਾਂ ਦੇ ਆਦਰ ਵਿਚ ਉਨ੍ਹਾਂ ਨੇ ਇਕ ਛੋਟੇ ਜਿਹੇ ਚਾਹ-ਪਾਣੀ ਦਾ ਇੰਤਜ਼ਾਮ ਵੀ ਕੀਤਾ ਸੀ। ਦਾਸਗਣੂ ਨੇ ਰਤਨਜੀ ਕੋਲੋਂ ਖ਼ਾਤਰਦਾਰੀ ਦੇ ਖ਼ਰਚ ਦਾ ਹਿਸਾਬ ਮੰਗਿਆ ਅਤੇ ਇਹ ਜਾਣ ਕੇ ਸਾਰਿਆਂ ਨੂੰ ਹੈਰਾਨੀ ਹੋਈ ਕਿ ਖ਼ਰਚਾ ਠੀਕ ਤਿੰਨ ਰੁਪਏ 14 ਆਨੇ ਹੀ ਹੋਇਆ ਸੀ, ਨਾ ਇਸ ਤੋਂ ਘੱਟ ਅਤੇ ਨਾ ਜ਼ਿਆਦਾ। ਸਾਰਿਆਂ ਨੂੰ ਬਾਬਾ ਦੀ ਤ੍ਰਿਕਾਲ ਗਿਆਤਾ ਦਾ ਪਤਾ ਲੱਗ ਗਿਆ। ਭਾਵੇਂ ਉਹ ਸ਼ਿਰਡੀ ਵਿਚ ਬਿਰਾਜਮਾਨ ਸਨ, ਪਰ ਸ਼ਿਰਡੀ ਤੋਂ ਬਾਹਰ ਕੀ ਹੋ ਰਿਹਾ ਹੈ, ਇਸ ਦਾ ਉਨ੍ਹਾਂ ਨੂੰ ਪੂਰਾ-ਪੂਰਾ ਗਿਆਨ ਸੀ। ਅਸਲ ਵਿਚ ਬਾਬਾ ਭੂਤ, ਭਵਿੱਖ ਅਤੇ ਵਰਤਮਾਨ ਦੇ ਪੂਰਨ ਗਿਆਤਾ ਅਤੇ ਹਰ ਇਕ ਆਤਮਾ ਅਤੇ ਹਿਰਦੇ ਨਾਲ ਜੁੜੇ ਸਨ। ਨਹੀਂ ਤਾਂ ਮੌਲਾ ਸਾਹਿਬ ਦੇ ਸਵਾਗਤ ਲਈ ਖ਼ਰਚ ਕੀਤੀ ਗਈ ਰਕਮ ਦਾ ਬਾਬਾ ਨੂੰ ਕਿਸ ਤਰ੍ਹਾਂ ਪਤਾ ਲੱਗ ਸਕਦਾ ਸੀ।

ਰਤਨਜੀ ਇਸ ਜਵਾਬ ਨਾਲ ਸੰਤੁਸ਼ਟ ਹੋ ਗਏ ਅਤੇ ਉਨ੍ਹਾਂ ਦੀ ਸਾਈਂ ਚਰਣਾਂ ਵਿਚ ਡੂੰਘੀ ਪ੍ਰੀਤ ਹੋ ਗਈ। ਮੁਨਾਸਿਬ ਵਕਤ 'ਤੇ ਉਨ੍ਹਾਂ ਦੇ ਇਕ ਪੁੱਤਰ ਦਾ ਜਨਮ ਹੋਇਆ, ਜਿਸ ਨਾਲ ਉਨ੍ਹਾਂ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਕਹਿੰਦੇ ਹਨ ਕਿ ਉਨ੍ਹਾਂ ਦੇ 12 ਬੱਚੇ ਹੋਏ, ਜਿਨ੍ਹਾਂ ਵਿਚੋਂ ਸਿਰਫ਼ ਚਾਰ ਬਾਕੀ ਰਹੇ।

ਇਸ ਅਧਿਆਇ ਦੇ ਹੇਠਾਂ ਲਿਖਿਆ ਹੈ ਕਿ ਬਾਬਾ ਨੇ ਰਾਏ ਬਹਾਦਰ ਹਰੀ ਵਿਨਾਯਕ ਸਾਠੇ ਨੂੰ ਉਨ੍ਹਾਂ ਦੀ ਪਹਿਲੀ ਪਤਨੀ ਦੀ ਮੌਤ ਤੋਂ ਬਾਅਦ ਦੂਸਰਾ ਵਿਆਹ ਕਰਨ 'ਤੇ ਪੁੱਤਰ ਰਤਨ ਦੀ ਪ੍ਰਾਪਤੀ ਦੱਸੀ। ਰਾਏ ਬਹਾਦਰ ਸਾਠੇ ਨੇ ਦੂਸਰਾ ਵਿਆਹ ਕੀਤਾ। ਪਹਿਲੀਆਂ ਦੋ ਕੁੜੀਆਂ ਹੋਈਆਂ, ਜਿਸ ਨਾਲ ਉਹ ਬਹੁਤ ਨਾਉਮੀਦ ਹੋਏ, ਪਰ ਤੀਜੀ ਵਾਰੀ ਪੁੱਤਰ ਪ੍ਰਾਪਤ ਹੋਇਆ। ਇਸ ਤਰ੍ਹਾਂ ਬਾਬਾ ਦੇ ਵਚਨ ਸੱਚ ਨਿਕਲੇ ਅਤੇ ਉਹ ਸੰਤੁਸ਼ਟ ਹੋ ਗਏ।

## ਦਕਸ਼ਿਣਾ ਮੀਮਾਂਸਾ

ਦਕਸ਼ਿਣਾ ਦੇ ਬਾਰੇ ਕੁਝ ਹੋਰ ਗੱਲਾਂ ਦਾ ਵਿਚਾਰ ਕਰਕੇ ਇਹ ਅਧਿਆਇ ਖ਼ਤਮ ਕਰਾਂਗੇ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਜਿਹੜੇ ਲੋਕ ਬਾਬਾ ਦੇ ਦਰਸ਼ਨ ਕਰਨ ਆਉਂਦੇ ਸੀ, ਉਨ੍ਹਾਂ ਕੋਲੋਂ ਬਾਬਾ ਦਕਸ਼ਿਣਾ ਲੈਂਦੇ ਸੀ। ਇਥੇ ਕਿਸੇ ਨੂੰ ਕੋਈ ਵੀ ਸ਼ੱਕ ਪੈਦਾ ਹੋ ਸਕਦਾ ਹੈ ਕਿ ਜਦੋਂ ਬਾਬਾ ਫ਼ਕੀਰ ਅਤੇ ਪੂਰੇ ਉਦਾਸੀਨ ਸਨ ਤਾਂ ਕੀ ਉਨ੍ਹਾਂ ਦਾ ਇਸ ਤਰ੍ਹਾਂ ਦਕਸ਼ਿਣਾ ਲੈਣਾ ਅਤੇ ਧਨ ਨੂੰ ਮਹੱਤਵ ਦੇਣਾ ਠੀਕ ਸੀ ? ਹੁਣ ਅਸੀਂ ਇਸ ਸੁਆਲ 'ਤੇ ਵਿਸਥਾਰ ਨਾਲ ਵਿਚਾਰ ਕਰਾਂਗੇ।

ਬਹੁਤ ਦੇਰ ਤਕ ਬਾਬਾ ਭਗਤਾਂ ਕੋਲੋਂ ਕੁਝ ਵੀ ਸਵੀਕਾਰ ਨਹੀਂ ਕਰਦੇ ਸੀ। ਉਹ ਬਲੀਆਂ ਹੋਈਆਂ ਮਾਚਿਸ ਦੀਆਂ ਤੀਲਾਂ ਇਕੱਠੀਆਂ ਕਰਕੇ ਆਪਣੀ ਜੇਬ ਵਿਚ ਭਰ ਲੈਂਦੇ ਸੀ। ਭਾਵੇਂ ਭਗਤ ਹੋਵੇ ਜਾਂ ਹੋਰ ਕੋਈ, ਉਹ ਕਦੀ ਕਿਸੇ ਕੋਲੋਂ ਕੁਝ ਵੀ ਨਹੀਂ ਮੰਗਦੇ ਸੀ। ਜੇ ਕਿਸੇ ਨੇ ਉਨ੍ਹਾਂ ਦੇ ਸਾਹਮਣੇ ਇਕ ਪੈਸਾ ਰੱਖ ਦਿੱਤਾ ਤਾਂ ਉਹ ਉਸਨੂੰ ਸਵੀਕਾਰ ਕਰਕੇ ਉਸ ਨਾਲ ਤੰਬਾਕੂ ਅਤੇ ਤੇਲ ਆਦਿ ਖ਼ਰੀਦ ਲੈਂਦੇ ਸੀ। ਉਹ ਆਮ ਬੀੜੀ ਜਾਂ ਚਿਲਮ ਪੀਂਦੇ ਸੀ। ਕੁਝ ਲੋਕਾਂ ਨੇ ਸੋਚਿਆ ਕਿ ਬਿਨਾਂ ਕੁਝ ਭੇਟ ਕੀਤੇ ਸੰਤਾਂ ਦਾ ਦਰਸ਼ਨ ਕਰਨਾ ਠੀਕ ਨਹੀਂ ਹੈ। ਇਸ ਲਈ ਉਹ ਬਾਬਾ ਦੇ ਅੱਗੇ ਪੈਸੇ ਰੱਖਣ ਲੱਗੇ। ਜੇ ਇਕ ਪੈਸਾ ਹੁੰਦਾ ਤਾਂ ਉਹ ਉਸ ਨੂੰ ਜੇਬ ਵਿਚ ਰੱਖ ਲੈਂਦੇ ਅਤੇ ਜੇ ਦੋ ਪੈਸੇ ਹੁੰਦੇ ਤਾਂ ਫਟਾਫੱਟ ਉਸ ਵਿਚੋਂ ਇਕ ਪੈਸਾ ਵਾਪਸ ਕਰ ਦਿੰਦੇ ਸੀ। ਜਦੋਂ ਬਾਬਾ ਦੀ ਕੀਰਤੀ ਦੂਰ-ਦੂਰ ਤਕ ਫੈਲ ਗਈ ਅਤੇ ਲੋਕਾਂ ਦੇ ਝੁੰਡਾਂ ਦੇ ਝੁੰਡ ਬਾਬਾ ਦੇ ਦਰਸ਼ਨਾਂ ਲਈ ਆਉਣ ਲੱਗੇ, ਤਾਂ ਬਾਬਾ ਨੇ ਉਨ੍ਹਾਂ ਕੋਲੋਂ ਦਕਸ਼ਿਣਾ ਲੈਣੀ ਸ਼ੁਰੂ ਕਰ ਦਿੱਤੀ। ਸ਼ਰੁਤੀ ਕਹਿੰਦੀ ਹੈ ਕਿ ਸੋਨੇ ਦੀਆਂ ਮੋਹਰਾਂ ਨਾ ਹੋਣ 'ਤੇ ਭਗਵਤ ਪੂਜਨ ਵੀ ਅਧੂਰਾ ਹੈ। ਇਸ ਲਈ ਜਦੋਂ ਈਸ਼ਵਰ ਦੀ ਪੂਜਾ ਵਿਚ ਮੋਹਰਾਂ ਜ਼ਰੂਰੀ ਹਨ ਤਾਂ ਫੇਰ ਸੰਤਾਂ ਦੀ ਪੂਜਾ ਵਿਚ ਕਿਉਂ ਨਹੀਂ ? ਇਸ ਲਈ ਸ਼ਾਸ਼ਤਰਾਂ ਵਿਚ ਕਿਹਾ ਹੈ ਕਿ ਈਸ਼ਵਰ, ਰਾਜਾ, ਸੰਤ ਜਾਂ ਗੁਰੂ ਦੇ ਦਰਸ਼ਨ, ਆਪਣੀ ਯੋਗਤਾ ਦੇ ਅਨੁਸਾਰ ਬਿਨਾਂ ਕੁਝ ਅਰਪਣ ਕੀਤੇ, ਕਦੀ ਨਹੀਂ ਕਰਨੇ ਚਾਹੀਦੇ। ਉਨ੍ਹਾਂ ਨੂੰ ਕੀ ਭੇਟ ਦਿੱਤੀ ਜਾਵੇ ? ਜ਼ਿਆਦਾ ਕਰਕੇ ਮੋਹਰਾਂ ਜਾਂ ਧਨ। ਇਸ ਬਾਰੇ ਵਿਚ ਉਪਨਿਸ਼ਦਾਂ ਵਿਚ ਵਰਨਣ ਅਸੂਲਾਂ ਦੀ ਜਾਂਚ-ਪੜਤਾਲ ਕਰੋ। ਵ੍ਰਹਦਾਰਨਯਕ ਉਪਨਿਸ਼ਦ ਵਿਚ ਦੱਸਿਆ ਗਿਆ ਹੈ ਕਿ ਦਕਸ਼ ਪ੍ਰਜਾਪਤਿ ਨੇ ਦੇਵਤਾ, ਮਨੁੱਖ ਅਤੇ ਰਾਖ਼ਸ਼ਾਂ ਦੇ ਸਾਹਮਣੇ ਇਕ ਅੱਖਰ 'ਦ' ਦਾ ਉਚਾਰਣ ਕੀਤਾ। ਦੇਵਤਿਆਂ ਇਸਦਾ ਮਤਲਬ ਲਗਾਇਆ ਕਿ ਉਨ੍ਹਾਂ ਨੂੰ ਦਮ ਭਾਵ ਆਪਣੇ 'ਤੇ ਕਾਬੂ ਦਾ ਅਭਿਆਸ ਕਰਨਾ ਚਾਹੀਦਾ ਹੈ, ਮਨੁੱਖਾਂ ਨੇ ਸਮਝਿਆ ਕਿ ਉਨ੍ਹਾਂ ਨੂੰ ਦਾਨ ਦਾ ਅਭਿਆਸ ਕਰਨਾ ਚਾਹੀਦਾ ਹੈ ਅਤੇ ਰਾਖਸ਼ਾਂ ਨੇ ਸੋਚਿਆ ਕਿ ਸਾਨੂੰ ਦਯਾ ਦਾ ਅਭਿਆਸ ਕਰਨਾ ਚਾਹੀਦਾ ਹੈ। ਮਨੁੱਖਾਂ ਨੂੰ ਦਾਨ ਦੀ ਸਲਾਹ ਦਿੱਤੀ ਗਈ। ਤੈਤਿਰਿਯ ਉਪਨਿਸ਼ਦ ਵਿਚ ਦਾਨ ਅਤੇ ਹੋਰ ਸੱਤ ਗੁਣਾਂ ਨੂੰ ਅਭਿਆਸ ਵਿਚ ਲਿਆਉਣ ਦੀ ਗੱਲ ਕਹੀ ਗਈ ਹੈ। ਦਾਨ ਦੇ ਬਾਰੇ ਵਿਚ ਲਿਖਿਆ ਹੈ—"ਪੂਰੇ ਭਰੋਸੇ ਨਾਲ ਦਾਨ ਕਰੋ, ਉਸ ਤੋਂ ਬਿਨਾਂ ਦਾਨ ਬੇਕਾਰ ਹੈ। ਖੁੱਲ੍ਹੇ ਦਿਲ ਅਤੇ ਨਿਮਰ ਬਣ ਕੇ ਆਦਰ ਅਤੇ ਹਮਦਰਦੀ ਨਾਲ ਦਾਨ ਕਰੋ।" ਭਗਤਾਂ

ਨੂੰ ਧਨ ਦੇ ਤਿਆਗ ਦਾ ਪਾਠ ਪੜ੍ਹਾਉਣ ਅਤੇ ਉਨ੍ਹਾਂ ਦਾ ਮੋਹ ਦੂਰ ਕਰਨ ਲਈ ਅਤੇ ਚਿੱਤ ਸ਼ੁੱਧ ਕਰਾਉਣ ਲਈ ਹੀ ਬਾਬਾ ਸਾਰਿਆਂ ਕੋਲੋਂ ਦਕਸ਼ਿਣਾ ਲੈਂਦੇ ਸੀ। ਪਰ ਉਨ੍ਹਾਂ ਦੀ ਇਕ ਖ਼ਾਸੀਅਤ ਵੀ ਸੀ। ਬਾਬਾ ਕਹਿੰਦੇ ਹੁੰਦੇ ਸੀ ਕਿ "ਜੋ ਕੁਝ ਵੀ ਮੈਂ ਸਵੀਕਾਰ ਕਰਦਾ ਹਾਂ, ਮੈਨੂੰ ਉਸ ਨੂੰ ਸੌ ਗੁਣਾਂ ਨਾਲੋਂ ਜ਼ਿਆਦਾ ਵਾਪਸ ਕਰਨਾ ਪੈਂਦਾ ਹੈ।" ਇਸ ਦੇ ਅਨੇਕਾਂ ਸਬੂਤ ਹਨ :

1) ਇਕ ਘਟਨਾ—ਸ੍ਰੀ ਗਣਪਤਰਾਵ ਬੋਡਸ ਮਸ਼ਹੂਰ ਕਲਾਕਾਰ, ਆਪਣੀ ਆਤਮ-ਕਥਾ ਵਿਚ ਲਿਖਦੇ ਹਨ ਕਿ ਬਾਬਾ ਦੇ ਬਾਰ-ਬਾਰ ਕਹਿਣ 'ਤੇ ਉਨ੍ਹਾਂ ਨੇ ਆਪਣੇ ਰੁਪਇਆਂ ਦੀ ਥੈਲੀ ਉਨ੍ਹਾਂ ਦੇ ਸਾਹਮਣੇ ਢੇਰੀ ਕਰ ਦਿੱਤੀ। ਸ੍ਰੀ ਬੋਡਸ ਲਿਖਦੇ ਹਨ ਕਿ ਇਸ ਦਾ ਨਤੀਜਾ ਇਹ ਹੋਇਆ ਕਿ ਜ਼ਿੰਦਗੀ ਭਰ ਉਨ੍ਹਾਂ ਨੂੰ ਕਦੀ ਵੀ ਧਨ ਦੀ ਘਾਟ ਮਹਿਸੂਸ ਨਹੀਂ ਹੋਈ ਅਤੇ ਉਨ੍ਹਾਂ ਨੂੰ ਫ਼ਾਇਦਾ ਹੀ ਫ਼ਾਇਦਾ ਹੁੰਦਾ ਰਿਹਾ। ਇਸ ਦਾ ਇਕ ਅਲੱਗ ਮਤਲਬ ਵੀ ਹੈ। ਅਨੇਕਾਂ ਵਾਰੀ ਬਾਬਾ ਨੇ ਕਿਸੇ ਤਰ੍ਹਾਂ ਦੀ ਦਕਸ਼ਿਣਾ ਸਵੀਕਾਰ ਵੀ ਨਹੀਂ ਕੀਤੀ। ਇਸ ਦੇ ਦੋ ਉਦਾਹਰਣ ਹਨ। ਬਾਬਾ ਨੇ ਪ੍ਰੋਫ਼ੈਸਰ ਸੀ.ਕੇ. ਨਾਰਕੇ ਕੋਲੋਂ 15 ਰੁਪਏ ਦਕਸ਼ਿਣਾ ਮੰਗੀ। ਅੱਗੋਂ ਉਹ ਬੋਲੇ ਕਿ ਮੇਰੇ ਕੋਲ ਤਾਂ ਇਕ ਪਾਈ ਨਹੀਂ ਹੈ। ਤਾਂ ਬਾਬਾ ਨੇ ਕਿਹਾ ਕਿ "ਮੈਂ ਜਾਣਦਾ ਹਾਂ, ਤੁਹਾਡੇ ਕੋਲ ਕੋਈ ਧਨ ਨਹੀਂ ਹੈ, ਪਰ ਤੁਸੀਂ ਯੋਗ ਵਸ਼ਿਸ਼ਠ ਦਾ ਪਾਠ ਕਰਦੇ ਹੋ, ਉਸ ਵਿਚੋਂ ਹੀ ਦਕਸ਼ਿਣਾ ਦਿਉ।" ਇਥੇ ਦਕਸ਼ਿਣਾ ਦਾ ਮਤਲਬ ਹੈ—ਕਿਤਾਬ ਵਿਚੋਂ ਸਿੱਖਿਆ ਲੈ ਕੇ ਦਿਲ ਵਿਚ ਰੱਖਣਾ, ਜਿਹੜਾ ਕਿ ਬਾਬਾ ਦਾ ਘਰ ਹੈ।

2) ਇਕ ਦੂਸਰੀ ਘਟਨਾ ਵਿਚ ਉਨ੍ਹਾਂ ਨੇ ਇਕ ਔਰਤ ਸ੍ਰੀਮਤੀ ਆਰ.ਏ. ਤਰਖੰਡ ਕੋਲੋਂ ਛੇ ਰੁਪਏ ਦਕਸ਼ਿਣਾ ਮੰਗੀ। ਔਰਤ ਬਹੁਤ ਦੁਖੀ ਹੋਈ ਕਿਉਂਕਿ ਉਸ ਦੇ ਕੋਲ ਦੇਣ ਲਈ ਕੁਝ ਵੀ ਨਹੀਂ ਸੀ। ਉਸਦੇ ਪਤੀ ਨੇ ਉਸਨੂੰ ਸਮਝਾਇਆ ਕਿ ਬਾਬਾ ਦਾ ਮਤਲਬ ਤਾਂ ਛਡਰੁਪਇਆਂ ਤੋਂ ਹੈ, ਜਿਸਨੂੰ ਬਾਬਾ ਨੂੰ ਦੇ ਦੇਣਾ ਚਾਹੀਦਾ ਹੈ। ਬਾਬਾ ਇਸ ਨਾਲ ਰਾਜ਼ੀ ਹੋ ਗਏ।

ਇਹ ਧਿਆਨ ਦੇਣ ਯੋਗ ਗੱਲ ਹੈ ਕਿ ਬਾਬਾ ਦੇ ਕੋਲ ਦਕਸ਼ਿਣਾ ਵਿਚ ਬਹੁਤ ਸਾਰਾ ਧਨ ਇਕੱਠਾ ਹੋ ਜਾਂਦਾ ਸੀ। ਸਾਰਾ ਧਨ ਉਹ ਉਸੇ ਦਿਨ ਖ਼ਰਚ ਕਰ ਦਿੰਦੇ ਅਤੇ ਦੂਸਰੇ ਦਿਨ ਫੇਰ ਹਮੇਸ਼ਾਂ ਵਾਂਗ ਗ਼ਰੀਬ ਬਣ ਜਾਂਦੇ ਸੀ। ਜਦੋਂ ਉਨ੍ਹਾਂ ਨੇ ਮਹਾਂਸਮਾਧੀ ਲਈ ਤਾਂ 10 ਸਾਲ ਤਕ ਹਜ਼ਾਰਾਂ ਰੁਪਏ ਦਕਸ਼ਿਣਾ ਵਿਚ ਮਿਲਣ 'ਤੇ ਵੀ ਉਨ੍ਹਾਂ ਕੋਲ ਕੋਈ ਜ਼ਿਆਦਾ ਰਾਸ਼ੀ ਬਾਕੀ ਨਹੀਂ ਸੀ।

ਸੰਖੇਪ ਵਿਚ ਦਕਸ਼ਿਣਾ ਲੈਣ ਦਾ ਮੁੱਖ ਮਨੋਰਥ ਤਾਂ ਭਗਤਾਂ ਨੂੰ ਸਿਰਫ਼ ਸ਼ੁੱਧੀਕਰਨ ਦਾ ਪਾਠ ਸਿਖਾਉਣਾ ਸੀ।

## ਦਕਸ਼ਿਣਾ ਦਾ ਮਰਮ

ਠਾਣੇ ਦੇ ਸ੍ਰੀ ਬੀ.ਵੀ. ਦੇਵ (ਸੇਵਾਮੁਕਤ ਪ੍ਰਾਂਤ ਮਾਮਲੇਦਾਰ, ਜਿਹੜੇ ਬਾਬਾ ਦੇ ਪਰਮ ਭਗਤ ਸੀ) ਨੇ ਇਸ ਵਿਸ਼ੇ 'ਤੇ ਇਕ ਲੇਖ (ਸਾਈਂ ਲੀਲ੍ਹਾ ਮੈਗਜ਼ੀਨ, ਭਾਗ 7, ਸਫ਼ਾ 623) ਹੋਰ ਵਿਸ਼ਿਆਂ ਨਾਲ ਛਪਵਾਇਆ



ਹੈ, ਜਿਹੜਾ ਇਸ ਤਰ੍ਹਾਂ ਹੈ—"ਬਾਬਾ ਹਰੇਕ ਕੋਲੋਂ ਦਕਸ਼ਿਣਾ ਨਹੀਂ ਲੈਂਦੇ ਸੀ। ਜੇ ਬਾਬਾ ਦੇ ਬਿਨਾਂ ਮੰਗੇ ਕਿਸੇ ਨੇ ਦਕਸ਼ਿਣਾ ਭੇਟ ਕੀਤੀ ਤਾਂ ਉਹ ਕਦੀ ਤਾਂ ਸਵੀਕਾਰ ਕਰ ਲੈਂਦੇ ਅਤੇ ਕਦੀ ਵਾਪਸ ਵੀ ਕਰ ਦਿੰਦੇ ਸੀ। ਉਹ ਸਿਰਫ਼ ਭਗਤਾਂ ਕੋਲੋਂ ਹੀ ਕੁਝ ਮੰਗਦੇ ਸੀ। ਉਨ੍ਹਾਂ ਨੇ ਉਨ੍ਹਾਂ ਲੋਕਾਂ ਕੋਲੋਂ ਕਦੀ ਵੀ ਕੁਝ ਨਹੀਂ ਮੰਗਿਆ, ਜਿਹੜੇ ਸੋਚਦੇ ਸੀ ਕਿ ਬਾਬਾ ਦੇ ਮੰਗਣ 'ਤੇ ਹੀ ਦਕਸ਼ਿਣਾ ਦੇਵਾਂਗੇ। ਜੇ ਕਿਸੇ ਨੇ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਦਕਸ਼ਿਣਾ ਦੇ ਦਿੱਤੀ ਤਾਂ ਉਹ ਉਥੋਂ ਉਸ ਨੂੰ ਚੁੱਕਣ ਲਈ ਕਹਿ ਦਿੰਦੇ ਸੀ। ਔਰਤਾਂ ਅਤੇ ਬੱਚਿਆਂ ਕੋਲੋਂ ਵੀ ਉਹ ਦਕਸ਼ਿਣਾ ਲੈ ਲੈਂਦੇ ਸੀ। ਉਨ੍ਹਾਂ ਨੇ ਸਾਰੇ ਅਮੀਰਾਂ ਜਾਂ ਗਰੀਬਾਂ ਕੋਲੋਂ ਕਦੀ ਦਕਸ਼ਿਣਾ ਨਹੀਂ ਮੰਗੀ। ਬਾਬਾ ਦੇ ਮੰਗਣ 'ਤੇ ਵੀ ਜਿਨ੍ਹਾਂ ਨੇ ਦਕਸ਼ਿਣਾ ਨਹੀਂ ਦਿੱਤੀ, ਉਨ੍ਹਾਂ ਨਾਲ ਉਹ ਕਦੀ ਗੁੱਸੇ ਨਹੀਂ ਹੋਏ। ਜੇ ਕਿਸੇ ਦੋਸਤ ਵੱਲੋਂ ਉਨ੍ਹਾਂ ਨੂੰ ਦਕਸ਼ਿਣਾ ਭੇਜੀ ਗਈ ਹੁੰਦੀ ਅਤੇ ਉਸ ਦਾ ਉਸ ਨੂੰ ਚੇਤਾ ਨਾ ਰਹਿੰਦਾ ਤਾਂ ਬਾਬਾ ਕਿਸੇ ਨਾ ਕਿਸੇ ਤਰ੍ਹਾਂ ਉਸਨੂੰ ਯਾਦ ਕਰਾ ਕੇ ਉਹ ਦਕਸ਼ਿਣਾ ਲੈ ਲੈਂਦੇ ਸੀ। ਕਈ ਮੌਕਿਆਂ 'ਤੇ ਉਹ ਦਕਸ਼ਿਣਾ ਦੀ ਰਾਸ਼ੀ ਵਿਚੋਂ ਕੁਝ ਹਿੱਸਾ ਵਾਪਸ ਵੀ ਦੇ ਦਿੰਦੇ ਅਤੇ ਦੇਣ ਵਾਲੇ ਨੂੰ ਸੰਭਾਲ ਕੇ ਰੱਖਣ ਜਾਂ ਪੂਜਾ ਵਿਚ ਰੱਖਣ ਲਈ ਕਹਿ ਦਿੰਦੇ ਸੀ। ਇਸ ਨਾਲ ਦੇਣ ਵਾਲੇ ਨੂੰ ਜਾਂ ਭਗਤ ਨੂੰ ਬਹੁਤ ਫ਼ਾਇਦਾ ਪਹੁੰਚਦਾ ਸੀ। ਜੇ ਕਿਸੇ ਨੇ ਆਪਣੀ ਮਰਜ਼ੀ ਦੀ ਰਾਸ਼ੀ ਤੋਂ ਜ਼ਿਆਦਾ ਭੇਟ ਕੀਤੀ ਤਾਂ ਉਹ ਜ਼ਿਆਦਾ ਰਾਸ਼ੀ ਵਾਪਸ ਕਰ ਦਿੰਦੇ ਸੀ। ਕਿਸੇ-ਕਿਸੇ ਕੋਲੋਂ ਤਾਂ ਉਹ ਉਸਦੀ ਮਰਜ਼ੀ ਦੀ ਰਾਸ਼ੀ ਤੋਂ ਵੀ ਜ਼ਿਆਦਾ ਦੀ ਮੰਗ ਕਰ ਲੈਂਦੇ ਸੀ ਅਤੇ ਜੇ ਉਸਦੇ ਕੋਲ ਨਹੀਂ ਹੁੰਦੀ ਤਾਂ ਦੂਸਰੇ ਕੋਲੋਂ ਉਧਾਰ ਲੈਣ ਜਾਂ ਦੂਸਰਿਆਂ ਕੋਲੋਂ ਮੰਗਣ ਲਈ ਵੀ ਕਹਿੰਦੇ ਸੀ। ਕਿਸੇ-ਕਿਸੇ ਕੋਲੋਂ ਤਾਂ ਦਿਨ ਵਿਚ ਤਿੰਨ-ਚਾਰ ਵਾਰੀ ਦਕਸ਼ਿਣਾ ਮੰਗ ਲੈਂਦੇ ਸੀ।

ਦਕਸ਼ਿਣਾ ਵਿਚ ਇਕੱਠੀ ਰਕਮ ਵਿਚੋਂ ਬਾਬਾ ਆਪਣੇ ਲਈ ਬਹੁਤ ਘੱਟ ਖ਼ਰਚ ਕਰਦੇ ਸੀ। ਜਿਵੇਂ ਚਿਲਮ ਪੀਣ ਲਈ ਤੰਬਾਕੂ ਅਤੇ ਧੂਣੀ ਦੇ ਲਈ ਲੱਕੜਾਂ ਮੁੱਲ ਲੈਣ ਦੇ ਲਈ ਬਾਕੀ ਹੋਰ ਆਦਮੀਆਂ ਨੂੰ ਵੱਖ-ਵੱਖ ਰਾਸ਼ੀ ਵਿਚ ਭਿੱਖਿਆ ਵਿਚ ਦੇ ਦਿੰਦੇ ਸੀ। ਸ਼ਿਰਡੀ ਸੰਸਥਾਨ ਦੀਆਂ ਸਾਰੀਆਂ ਚੀਜ਼ਾਂ ਰਾਧਾਕ੍ਰਿਸ਼ਨਾਮਾਈ ਦੀ ਪ੍ਰੇਰਨਾ ਨਾਲ ਹੀ ਅਮੀਰ ਭਗਤਾਂ ਨੇ ਇੱਕਠੀਆਂ ਕੀਤੀਆਂ ਸੀ। ਉਹ ਬਹੁਤ ਕੀਮਤੀ ਚੀਜ਼ਾਂ ਲਿਆਉਣ ਵਾਲੇ ਭਗਤਾਂ ਨਾਲ ਬਹੁਤ ਗੁੱਸੇ ਹੁੰਦੇ ਸੀ ਅਤੇ ਭੱਦੇ ਸ਼ਬਦ ਕਹਿੰਦੇ ਸੀ। ਉਨ੍ਹਾਂ ਨੇ ਸ੍ਰੀ ਨਾਨਾਸਾਹਿਬ ਚਾਂਦੋਰਕਰ ਨੂੰ ਕਿਹਾ ਕਿ ਮੇਰੀ ਜਾਇਦਾਦ ਸਿਰਫ਼ ਇਕ ਕੋਪੀਨ ਅਤੇ ਟਮਰੇਲ ਹੈ। ਲੋਕ ਬਿਨਾਂ ਕਾਰਨ ਹੀ ਕੀਮਤੀ ਚੀਜ਼ਾਂ ਲਿਆ ਕੇ ਮੈਨੂੰ ਦੁਖੀ ਕਰਦੇ ਹਨ। ਕਾਮ ਅਤੇ ਧਨ ਰਾਹ ਵਿਚ ਦੋ ਮੁੱਖ ਰੁਕਾਵਟਾਂ ਹਨ ਅਤੇ ਬਾਬਾ ਨੇ ਇਸ ਲਈ ਦੋ ਪਾਠਸ਼ਾਲਾਵਾਂ ਖੋਲ੍ਹੀਆਂ ਸਨ। ਜਿਸ ਤਰ੍ਹਾਂ ਦਕਸ਼ਿਣਾ ਲੈਣੀ ਅਤੇ ਰਾਧਾਕ੍ਰਿਸ਼ਨਾਮਾਈ ਦੇ ਘਰ ਭੇਜਣਾ—ਇਸ ਗੱਲ ਦੀ ਪ੍ਰੀਖਿਆ ਕਰਨ ਦੇ ਲਈ ਕਿ ਕੀ ਭਗਤਾਂ ਨੇ ਇਨ੍ਹਾਂ ਦੇ ਮੋਹ ਤੋਂ ਛੁਟਕਾਰਾ ਪਾ ਲਿਆ ਹੈ ਜਾਂ ਨਹੀਂ। ਇਸ ਲਈ ਜਦੋਂ ਕੋਈ ਆਉਂਦਾ ਤਾਂ ਬਾਬਾ ਉਸ ਕੋਲੋਂ ਦਕਸ਼ਿਣਾ ਮੰਗਦੇ ਅਤੇ ਉਸਨੂੰ ਪਾਠਸ਼ਾਲਾ ਵਿਚ (ਰਾਧਾਕ੍ਰਿਸ਼ਨਾਮਾਈ ਦੇ ਘਰ) ਜਾਣ ਲਈ ਕਹਿੰਦੇ। ਜੇ ਉਹ ਇਨ੍ਹਾਂ ਪ੍ਰੀਖਿਆਵਾਂ ਵਿਚ ਪਾਸ ਹੋ ਗਏ ਜਾਂ ਇਹ ਸਿੱਧ ਹੋਇਆ ਕਿ ਉਹ ਕਾਮ ਅਤੇ ਧਨ ਤੋਂ ਬੇਮੁੱਖ ਹਨ ਤਾਂ ਬਾਬਾ ਦੀ ਕ੍ਰਿਪਾ ਅਤੇ ਆਸ਼ੀਰਵਾਦ ਨਾਲ ਉਨ੍ਹਾਂ ਦੀ ਅਧਿਆਤਮਿਕ ਉੱਨਤੀ ਯਕੀਨੀ ਹੋ ਜਾਂਦੀ ਸੀ।

ਸ੍ਰੀ ਦੇਵ ਨੇ ਗੀਤਾ ਅਤੇ ਉਪਨਿਸ਼ਦਾਂ ਵਿਚੋਂ ਘਟਨਾਵਾਂ ਲਿਖੀਆਂ ਹਨ ਅਤੇ ਕਹਿੰਦੇ ਹਨ ਕਿ ਕਿਸੇ ਤੀਰਥ ਸਥਾਨ ਵਿਚ ਕਿਸੇ ਪੂਜਨੀਕ ਸੰਤ ਨੂੰ ਦਿੱਤਾ ਹੋਇਆ ਦਾਨ ਦਾਤਾ ਦਾ ਬਹੁਤ ਕਲਿਆਣ ਕਰਦਾ ਹੈ। ਸ਼ਿਰਡੀ ਅਤੇ ਸ਼ਿਰਡੀ ਦੇ ਪ੍ਰਮੁੱਖ ਦੇਵਤਾ ਸਾਈਂ ਬਾਬਾ ਨਾਲੋਂ ਪਵਿੱਤਰ ਹੋਰ ਹੈ ਹੀ ਕੀ?

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**





# ॥ ਅਧਿਆਇ-15 ॥

***ਨਾਰਦ ਦਾ ਕੀਰਤਨ ਦਾ ਢੰਗ, ਸ੍ਰੀ ਚੌਲਕਰ ਦੀ ਖੰਡ ਬ.ਗੈਰ ਚਾਹ, ਦੋ ਛਿਪਕਲੀਆਂ।***

ਪਾਠਕਾਂ ਨੂੰ ਯਾਦ ਹੋਏਗਾ ਕਿ ਛੇਵੇਂ ਅਧਿਆਇ ਦੇ ਮੁਤਾਬਿਕ ਸ਼ਿਰਡੀ ਵਿਚ ਰਾਮਨੌਮੀ ਉੱਤਸਵ ਮਨਾਇਆ ਜਾਂਦਾ ਸੀ। ਇਹ ਕਿਸ ਤਰ੍ਹਾਂ ਸ਼ੁਰੂ ਹੋਇਆ ਅਤੇ ਪਹਿਲੇ ਸਾਲ ਹੀ ਇਸ ਮੌਕੇ 'ਤੇ ਕੀਰਤਨ ਕਰਨ ਲਈ ਇਕ ਚੰਗੇ ਹਰੀਦਾਸ ਦੇ ਮਿਲਣ ਵਿਚ ਕੀ-ਕੀ ਮੁਸ਼ਕਿਲਾਂ ਹੋਈਆਂ, ਇਸ ਦਾ ਵੀ ਵਰਨਣ ਉਥੇ ਕੀਤਾ ਗਿਆ ਹੈ। ਇਸ ਅਧਿਆਇ ਵਿਚ ਦਾਸਗਣੁ ਦੇ ਕੀਰਤਨ ਕਰਨ ਦੇ ਢੰਗ ਦਾ ਵਰਣਨ ਹੋਏਗਾ।

## ਨਾਰਦ ਦਾ ਕੀਰਤਨ ਦਾ ਢੰਗ

ਆਮ ਕਰ ਕੇ ਹਰੀਦਾਸ ਕੀਰਤਨ ਕਰਨ ਵੇਲੇ ਇਕ ਲੰਮਾ ਅੰਗਰਖਾ ਅਤੇ ਪੂਰੀ ਪੋਸ਼ਾਕ ਪਹਿਨਦੇ ਹਨ। ਉਹ ਸਿਰ ਉੱਪਰ ਪੱਗ ਬੰਨ੍ਹਦੇ ਹਨ ਅਤੇ ਇਕ ਲੰਮਾ ਕੋਟ ਅਤੇ ਅੰਦਰ ਕਮੀਜ਼, ਮੋਢੇ ਉੱਤੇ ਪਰਨਾ ਅਤੇ ਹਮੇਸ਼ਾਂ ਦੀ ਤਰ੍ਹਾਂ ਇਕ ਲੰਮੀ ਧੋਤੀ ਬੰਨ੍ਹਦੇ ਹਨ। ਇਕ ਵਾਰੀ ਪਿੰਡ ਵਿਚ ਕੀਰਤਨ ਕਰਨ ਲਈ ਜਾਂਦੇ ਹੋਏ ਦਾਸਗਣੁ ਵੀ ਇਸ ਤਰ੍ਹਾਂ ਸੱਜ-ਧੱਜ ਕੇ ਬਾਬਾ ਨੂੰ ਪ੍ਰਨਾਮ ਕਰਨ ਪਹੁੰਚੇ। ਬਾਬਾ ਉਨ੍ਹਾਂ ਨੂੰ ਦੇਖਦੇ ਹੀ ਕਹਿਣ ਲੱਗੇ, "ਚੰਗਾ! ਦੁਲਹਾ ਰਾਜਾ! ਇਸ ਤਰਾਂ ਬਣ-ਠਣ ਕੇ ਕਿੱਥੇ ਜਾ ਰਹੇ ਹੋ?" ਜਵਾਬ ਮਿਲਿਆ ਕਿ "ਕੀਰਤਨ ਕਰਨ ਲਈ"। ਬਾਬਾ ਨੇ ਪੁੱਛਿਆ ਕਿ ਕੋਟ, ਪਰਨਾ ਅਤੇ ਪੱਗ ਦੀ ਲੋੜ ਹੀ ਕੀ ਹੈ? ਇਨ੍ਹਾਂ ਨੂੰ ਹੁਣੇ ਮੇਰੇ ਸਾਹਮਣੇ ਹੀ ਉਤਾਰੋ। ਇਸ ਸਰੀਰ 'ਤੇ ਇਨ੍ਹਾਂ ਨੂੰ ਧਾਰਨ ਕਰਨ ਦੀ ਕੋਈ ਲੋੜ ਨਹੀਂ ਹੈ। ਦਾਸਗਣੁ ਨੇ ਇਹ ਕਪੜੇ ਕਦੀ ਨਹੀਂ ਪਾਏ। ਉਹ ਹਮੇਸ਼ਾਂ ਕਮਰ ਤੋਂ ਉੱਪਰ ਅੰਗ ਨੰਗੇ ਰੱਖ ਕੇ ਹੱਥ ਵਿਚ ਕਰਤਾਲ ਅਤੇ ਗਲੇ ਵਿਚ ਹਾਰ ਪਾ ਕੇ ਹੀ ਕੀਰਤਨ ਕਰਦੇ ਸੀ। ਇਹ ਢੰਗ ਭਾਵੇਂ ਹਰੀਦਾਸਾਂ ਵੱਲੋਂ ਅਪਨਾਏ ਢੰਗ ਦੇ ਵਰਗਾ ਨਹੀਂ ਹੈ, ਪਰ ਫੇਰ ਵੀ ਸ਼ੁੱਧ ਅਤੇ ਪਵਿੱਤਰ ਹੈ। ਇਸ ਕੀਰਤਨ ਦੇ ਢੰਗ ਦੇ ਜਨਮਦਾਤਾ ਨਾਰਦ ਮੁਨੀ ਕਮਰ ਤੋਂ ਉੱਪਰ ਸਿਰ ਤੱਕ ਕੋਈ ਕੱਪੜਾ ਨਹੀਂ ਧਾਰਨ ਕਰਦੇ ਸੀ। ਉਹ ਇਕ ਹੱਥ ਵਿਚ ਵੀਣਾ ਲੈ ਕੇ ਹਰੀ-ਕੀਰਤਨ ਕਰਦੇ ਹੋਏ ਤ੍ਰਿਲੋਕ ਵਿਚ ਘੁੰਮਦੇ ਸੀ।

## ਸ੍ਰੀ ਚੌਲਕਰ ਦੀ ਫਿਕੀ ਚਾਹ

ਬਾਬਾ ਦੀ ਕੀਰਤੀ ਪੂਨਾ ਅਤੇ ਅਹਿਮਦਨਗਰ ਜ਼ਿਲ੍ਹਿਆਂ ਵਿਚ ਫੈਲ ਚੁੱਕੀ ਸੀ, ਪਰ ਸ੍ਰੀ ਨਾਨਾਸਾਹਿਬ ਚਾਂਦੋਰਕਰ ਦੇ ਲੋਕਾਂ ਨਾਲ ਵਾਰਤਾਲਾਪ ਅਤੇ ਦਾਸਗਣੁ ਦੇ ਸੁੰਦਰ ਕੀਰਤਨ ਨਾਲ ਬਾਬਾ ਦੀ ਕੀਰਤੀ ਕੌਂਕਣ (ਬੰਬਈ ਪ੍ਰਾਂਤ) ਵਿਚ ਵੀ ਫੈਲ ਗਈ। ਇਸ ਦਾ ਸਿਹਰਾ ਸਿਰਫ਼ ਦਾਸਗਣੁ ਨੂੰ ਹੀ ਹੈ। ਭਗਵਾਨ ਉਨ੍ਹਾਂ ਨੂੰ ਹਮੇਸ਼ਾਂ ਸੁੱਖੀ ਰੱਖੇ। ਉਨ੍ਹਾਂ ਨੇ ਆਪਣੇ ਸੁੰਦਰ ਅਤੇ ਮਨੋਹਰ ਕੀਰਤਨ ਨਾਲ ਬਾਬਾ ਨੂੰ ਘਰ-ਘਰ ਪਹੁੰਚਾ ਦਿੱਤਾ। ਸਰੋਤਿਆਂ ਦੀ ਰੁਚੀ ਵੱਖ ਵੱਖ ਤਰ੍ਹਾਂ ਦੀ ਹੁੰਦੀ ਹੈ। ਕਿਸੇ ਨੂੰ ਹਰੀਦਾਸਾਂ ਦੀ ਸਿਆਣਪ, ਕਿਸੇ ਨੂੰ ਭਾਵ, ਕਿਸੇ ਨੂੰ ਗਾਣਾ, ਤੇ ਕਿਸੇ ਨੂੰ ਚੁਟਕਲੇ ਅਤੇ ਕਿਸੇ ਨੂੰ ਵੇਦਾਂਤ-ਵਿਵੇਚਨ ਅਤੇ ਕਿਸੇ ਨੂੰ ਉਨ੍ਹਾਂ ਦੀ ਮੁੱਖ ਕਥਾ

ਦਿਲਚਸਪ ਲਗਦੀ ਹੈ। ਪਰ ਇਹੋ ਜਿਹੇ ਵਿਰਲੇ ਹੀ ਹਨ, ਜਿਨ੍ਹਾਂ ਦੇ ਦਿਲ ਵਿਚ ਸੰਤ-ਕਥਾ ਜਾਂ ਕੀਰਤਨ ਸੁਣ ਕੇ ਸ਼ਰਧਾ ਅਤੇ ਪਿਆਰ ਉਮੜਦਾ ਹੈ। ਸ੍ਰੀ ਦਾਸਗਣੁ ਦਾ ਕੀਰਤਨ ਸਰੋਤਿਆਂ ਦੇ ਦਿਲ ’ਤੇ ਪੱਕਾ ਅਸਰ ਕਰਦਾ ਸੀ। ਇਕ ਇਹੋ ਜਿਹੀ ਘਟਨਾ ਹੇਠਾਂ ਦਿੱਤੀ ਜਾਂਦੀ ਹੈ।

ਇਕ ਵਾਰੀ ਠਾਣੇ ਦੇ ਕੋਪੀਨੇਸ਼ਵਰ ਮੰਦਿਰ ਵਿਚ ਸ੍ਰੀ ਦਾਸਗਣੁ ਕੀਰਤਨ ਵਿਚ ਸ੍ਰੀ ਸਾਈਂ ਬਾਬਾ ਦਾ ਗੁਣਗਾਣ ਕਰ ਰਹੇ ਸੀ। ਸਰੋਤਿਆਂ ਵਿਚ ਇਕ ਚੌਲਕਰ ਨਾਂਅ ਦਾ ਆਦਮੀ, ਜਿਹੜਾ ਕਿ ਠਾਣੇ ਦੀ ਦੀਵਾਨੀ ਅਦਾਲਤ ਵਿਚ ਇਕ ਆਰਜ਼ੀ ਕਰਮਚਾਰੀ ਸੀ, ਵੀ ਉੱਥੇ ਹਾਜ਼ਰ ਸੀ। ਦਾਸਗਣੁ ਦਾ ਕੀਰਤਨ ਸੁਣ ਕੇ ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਮਨ ਹੀ ਮਨ ਬਾਬਾ ਨੂੰ ਨਮਸਕਾਰ ਕਰ ਕੇ ਪ੍ਰਾਰਥਨਾ ਕਰਨ ਲੱਗਾ, “ਹੇ ਬਾਬਾ! ਮੈਂ ਇਕ ਗ਼ਰੀਬ ਆਦਮੀ ਹਾਂ ਅਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਵੀ ਚੰਗੀ ਤਰ੍ਹਾਂ ਨਹੀਂ ਕਰ ਸਕਦਾ। ਜੇ ਮੈਂ ਤੁਹਾਡੀ ਕ੍ਰਿਪਾ ਨਾਲ ਮਹਿਕਮੇ ਦੀ ਪਰੀਖਿਆ ਵਿਚੋਂ ਪਾਸ ਹੋ ਗਿਆ ਤਾਂ ਤੁਹਾਡੇ ਸ੍ਰੀ ਚਰਣਾਂ ਵਿਚ ਹਾਜ਼ਰ ਹੋ ਕੇ ਤੁਹਾਡੇ ਲਈ ਮਿਸ਼ਰੀ ਦਾ ਪ੍ਰਸ਼ਾਦ ਵੰਡਾਂਗਾ।” ਕਿਸਮਤ ਨੇ ਪਲਟੀ ਮਾਰੀ ਅਤੇ ਚੌਲਕਰ ਪਰੀਖਿਆ ਵਿਚ ਪਾਸ ਹੋ ਗਿਆ। ਉਸ ਦੀ ਨੌਕਰੀ ਪੱਕੀ ਹੋ ਗਈ। ਹੁਣ ਸਿਰਫ਼ ਉਸ ਦੀ ਪ੍ਰਤਿਗਿਆ ਹੀ ਬਾਕੀ ਸੀ। “ਸ਼ੁਭ ਕਰ ਜਲਦੀ ਕਰ”। ਸ੍ਰੀ ਚੌਲਕਰ ਗਰੀਬ ਤਾਂ ਸੀ ਹੀ ਅਤੇ ਉਸਦਾ ਪਰਿਵਾਰ ਵੀ ਵੱਡਾ ਸੀ। ਉਹ ਸ਼ਿਰਡੀ ਯਾਤਰਾ ਦੇ ਲਈ ਰਾਹ ਦਾ ਖਰਚਾ ਇਕੱਠਾ ਨਾ ਕਰ ਸਕਿਆ। ਠਾਣੇ ਜ਼ਿਲ੍ਹੇ ਵਿਚ ਇਕ ਕਹਾਵਤ ਆਮ ਹੈ ਕਿ ਛੋਟੇ ਘਾਟ ਅਤੇ ਸ਼ਹਾਦਰੀ ਪਹਾੜੀਆਂ ਕੋਈ ਵੀ ਆਰਾਮ ਨਾਲ ਪਾਰ ਕਰ ਸਕਦਾ ਹੈ, ਪਰ ਗਰੀਬ ਆਦਮੀ ਲਈ ਆਪਣੇ ਘਰ ਦੀਆਂ ਦਲ੍ਹੀਜ਼ਾਂ ਪਾਰ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਸ੍ਰੀ ਚੌਲਕਰ ਆਪਣੀ ਪ੍ਰਤਿਗਿਆ ਜਲਦੀ ਤੋਂ ਜਲਦੀ ਪੂਰੀ ਕਰਨਾ ਚਾਹੁੰਦਾ ਸੀ। ਉਸਨੇ ਕੰਜੂਸੀ ਕਰ ਕੇ, ਆਪਣਾ ਖਰਚਾ ਘਟਾ ਕੇ ਪੈਸੇ ਬਚਾਉਣ ਦਾ ਫ਼ੈਸਲਾ ਕੀਤਾ। ਇਸ ਕਰ ਕੇ ਉਸ ਨੇ ਬਿਨਾਂ ਖੰਡ ਦੀ ਚਾਹ ਪੀਣੀ ਸ਼ੁਰੂ ਕੀਤੀ ਅਤੇ ਇਸ ਤਰ੍ਹਾਂ ਕੁਝ ਪੈਸੇ ਇਕੱਠੇ ਕਰ ਕੇ ਉਹ ਸ਼ਿਰਡੀ ਪਹੁੰਚਿਆ। ਉਸ ਨੇ ਬਾਬਾ ਦੇ ਦਰਸ਼ਨ ਕਰ ਕੇ ਉਨ੍ਹਾਂ ਦੇ ਚਰਣਾਂ ’ਤੇ ਡਿੱਗ ਕੇ ਨਾਰੀਅਲ ਭੇਟ ਕੀਤਾ ਅਤੇ ਆਪਣੀ ਪ੍ਰਤਿਗਿਆ ਅਨੁਸਾਰ ਸ਼ਰਧਾ ਨਾਲ ਮਿਸ਼ਰੀ ਵੰਡੀ ਅਤੇ ਬਾਬਾ ਨੂੰ ਕਿਹਾ ਕਿ ਤੁਹਾਡੇ ਦਰਸ਼ਨਾਂ ਨਾਲ ਮੇਰੇ ਦਿਲ ਨੂੰ ਬਹੁਤ ਖ਼ੁਸ਼ੀ ਹੋਈ ਹੈ। ਮੇਰੀਆਂ ਸਾਰੀਆਂ ਇੱਛਾਵਾਂ ਤਾਂ ਤੁਹਾਡੀ ਕ੍ਰਿਪਾਦ੍ਰਿਸ਼ਟੀ ਨਾਲ ਉਸੇ ਦਿਨ ਪੂਰੀਆਂ ਹੋ ਗਈਆਂ ਸੀ। ਮਸਜਿਦ ਵਿਚ ਸ੍ਰੀ ਚੌਲਕਰ ਦੀ ਮਹਿਮਾਨ-ਨਿਵਾਜ਼ੀ ਕਰਨ ਵਾਲੇ ਸ੍ਰੀ ਬਾਪੂਸਾਹਿਬ ਜੋਗ ਵੀ ਹਾਜ਼ਰ ਸੀ। ਜਦੋਂ ਉਹ ਦੋਵੇਂ ਉਥੋਂ ਜਾਣ ਲੱਗੇ ਤਾਂ ਬਾਬਾ ਜੋਗ ਨੂੰ ਇਸ ਤਰ੍ਹਾਂ ਕਹਿਣ ਲੱਗੇ ਕਿ “ਆਪਣੇ ਮਹਿਮਾਨ ਨੂੰ ਚਾਹ ਦੇ ਕੱਪ ਵਿਚ ਚੰਗੀ ਤਰ੍ਹਾਂ ਖੰਡ ਪਾ ਕੇ ਦੇਣਾ।” ਇਹ ਅਰਥਪੂਰਨ ਸ਼ਬਦ ਸੁਣ ਕੇ ਸ੍ਰੀ ਚੌਲਕਰ ਦਾ ਦਿਲ ਭਰ ਆਇਆ ਅਤੇ ਉਸ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਨਿਕਲਣ ਲੱਗੀ ਅਤੇ ਪਿਆਰ ਵਿਚ ਆ ਕੇ ਸ੍ਰੀ ਚਰਣਾਂ ਵਿਚ ਡਿੱਗ ਪਿਆ। ਸ੍ਰੀ ਜੋਗ ਨੂੰ “ਜ਼ਿਆਦਾ ਖੰਡ ਵਾਲੀ ਚਾਹ ਦੇ ਕੱਪ ਮਹਿਮਾਨ ਨੂੰ ਦੇਣਾ”, ਇਹ ਅਜ਼ੀਬ ਆਗਿਆ ਸੁਣ ਕੇ ਬਹੁਤ ਅਸਚਰਜ ਹੋ ਰਿਹਾ ਸੀ ਕਿ ਅਸਲ ਵਿਚ ਇਸ ਦਾ ਮਤਲਬ ਕੀ ਹੈ ? ਬਾਬਾ ਨੇ ਉਨ੍ਹਾਂ ਨੂੰ ਇਸ਼ਾਰਾ ਕੀਤਾ ਸੀ ਕਿ ਉਹ ਖੰਡ ਛੱਡਣ ਦੇ ਗੁਪਤ ਫ਼ੈਸਲੇ ਤੋਂ ਚੰਗੀ ਤਰ੍ਹਾਂ ਜਾਣੂ ਹਨ।

ਬਾਬਾ ਦਾ ਇਹ ਕਥਨ ਸੀ ਕਿ, "ਜੇ ਤੁਸੀਂ ਸ਼ਰਧਾ ਨਾਲ ਮੇਰੇ ਸਾਹਮਣੇ ਹੱਥ ਫੈਲਾਉਗੇ ਤਾਂ ਮੈਂ ਸਦਾ ਤੁਹਾਡੇ ਨਾਲ ਰਹਾਂਗਾ। ਭਾਵੇਂ ਮੇਰਾ ਸਰੀਰ ਇਥੇ ਹੈ, ਪਰ ਮੈਨੂੰ ਸਤ ਸਮੁੰਦਰਾਂ ਦੇ ਪਾਰ ਵੀ ਹੋਣ ਵਾਲੀਆਂ ਘਟਨਾਵਾਂ ਦਾ ਗਿਆਨ ਹੈ। ਮੈਂ ਤੁਹਾਡੇ ਦਿਲ ਵਿਚ ਹਾਂ, ਤੁਹਾਡੇ ਕੋਲ ਹੀ ਹਾਂ ਜਿਸ ਦਾ ਤੁਹਾਡੇ ਅਤੇ ਸਾਰੇ ਪ੍ਰਾਣੀਆਂ ਦੇ ਦਿਲ ਵਿਚ ਵਾਸਾ ਹੈ, ਉਸਦੀ ਹੀ ਪੂਜਾ ਕਰੋ। ਧੰਨ ਉਹ ਭਾਗਾਂ ਵਾਲੇ ਹਨ, ਜਿਹੜੇ ਮੇਰੇ ਸਰਵ-ਵਿਆਪੀ ਸਰੂਪ ਨੂੰ ਜਾਣਦੇ ਹਨ।" ਬਾਬਾ ਨੇ ਸ੍ਰੀ ਚੌਲਕਰ ਨੂੰ ਕਿੰਨੀ ਸੁੰਦਰ ਅਤੇ ਮਹੱਤਵਪੂਰਨ ਸਿੱਖਿਆ ਦਿੱਤੀ।

## ਦੋ ਛਿਪਕਲੀਆਂ ਦੀ ਮੁਲਾਕਾਤ

ਹੁਣ ਅਸੀਂ ਦੋ ਛੋਟੀਆਂ ਛਿਪਕਲੀਆਂ ਦੀ ਕਥਾ ਦੇ ਨਾਲ ਹੀ ਇਹ ਅਧਿਆਇ ਖਤਮ ਕਰਾਂਗੇ। ਇਕ ਦਿਨ ਬਾਬਾ ਮਸਜਿਦ ਵਿਚ ਬੈਠੇ ਸੀ ਕਿ ਉਸੇ ਵੇਲੇ ਇਕ ਛਿਪਕਲੀ ਚਿਕਚਿਕ ਕਰਨ ਲੱਗੀ। ਅਸਚਰਜ ਨਾਲ ਇਕ ਭਗਤ ਨੇ ਬਾਬਾ ਨੂੰ ਪੁੱਛਿਆ ਕਿ, "ਛਿਪਕਲੀ ਦੇ ਚਿਕਚਿਕਾਨ ਦਾ ਕੀ ਕੋਈ ਖ਼ਾਸ ਮਤਲਬ ਹੈ? ਇਹ ਸ਼ੁਭ ਹੈ ਜਾਂ ਅਸ਼ੁਭ?" ਬਾਬਾ ਨੇ ਕਿਹਾ ਕਿ, "ਇਸ ਛਿਪਕਲੀ ਦੀ ਭੈਣ ਅੱਜ ਔਰੰਗਾਬਾਦ ਤੋਂ ਇਥੇ ਆਉਣ ਵਾਲੀ ਹੈ। ਇਸ ਲਈ ਇਹ ਖ਼ੁਸ਼ੀ ਨਾਲ ਫੁਲੀ ਨਹੀਂ ਸਮਾ ਰਹੀ ਹੈ।" ਉਹ ਭਗਤ ਬਾਬਾ ਦੇ ਸ਼ਬਦਾਂ ਦਾ ਮਤਲਬ ਨਾ ਸਮਝ ਸਕਿਆ। ਇਸ ਲਈ ਉਹ ਚੁੱਪਚਾਪ ਉਥੇ ਬੈਠਾ ਰਿਹਾ।

ਉਸੇ ਵੇਲੇ ਔਰੰਗਾਬਾਦ ਤੋਂ ਇਕ ਆਦਮੀ ਘੋੜੇ 'ਤੇ ਚੜ੍ਹ ਕੇ ਬਾਬਾ ਦੇ ਦਰਸ਼ਨਾਂ ਲਈ ਆਇਆ। ਉਹ ਤਾਂ ਅੱਗੇ ਜਾਣਾ ਚਾਹੁੰਦਾ ਸੀ, ਪਰ ਘੋੜਾ ਬਹੁਤ ਭੁੱਖਾ ਹੋਣ ਕਰਕੇ ਅੱਗੇ ਤੁਰਦਾ ਹੀ ਨਹੀਂ ਸੀ। ਤਾਂ ਉਸ ਨੇ ਛੋਲੇ ਲਿਆਉਣ ਲਈ ਇਕ ਥੈਲੀ ਕਢੀ ਅਤੇ ਮਿੱਟੀ ਘੱਟਾ ਝਾੜਨ ਲਈ ਉਸ ਨੂੰ ਜ਼ਮੀਨ ਉੱਪਰ ਪਟਕਿਆ ਤਾਂ ਉਸ ਵਿਚੋਂ ਇਕ ਛਿਪਕਲੀ ਨਿਕਲੀ ਅਤੇ ਸਾਰਿਆਂ ਦੇ ਦੇਖਦੇ-ਦੇਖਦੇ ਹੀ ਕੰਧ ਉੱਪਰ ਚੜ੍ਹ ਗਈ। ਬਾਬਾ ਨੇ ਸੁਆਲ ਕਰਨ ਵਾਲੇ ਭਗਤ ਨੂੰ ਧਿਆਨ ਨਾਲ ਦੇਖਣ ਲਈ ਕਿਹਾ। ਛਿਪਕਲੀ ਫਟਾਫੱਟ ਹੀ ਮਾਨ ਨਾਲ ਆਪਣੀ ਭੈਣ ਕੋਲ ਪਹੁੰਚ ਗਈ ਸੀ। ਦੋਨੋਂ ਭੈਣਾਂ ਬਹੁਤ ਦੇਰ ਤਕ ਇਕ ਦੂਜੇ ਨੂੰ ਮਿਲੀਆਂ ਤੇ ਇਕ ਦੂਜੀ ਨੂੰ ਚੁੰਮਿਆ ਅਤੇ ਜੱਫ਼ੀ ਪਾ ਕੇ ਚਾਰੋਂ ਪਾਸੇ ਘੁੰਮ-ਘੁੰਮ ਕੇ ਪਿਆਰ ਨਾਲ ਨੱਚਣ ਲੱਗੀਆਂ। ਕਿਥੇ ਸ਼ਿਰਡੀ ਅਤੇ ਕਿਥੇ ਔਰੰਗਾਬਾਦ? ਕਿਸ ਤਰ੍ਹਾਂ ਇਕ ਆਦਮੀ ਘੋੜੇ 'ਤੇ ਸਵਾਰ ਹੋ ਕੇ, ਥੈਲੀ ਵਿਚ ਛਿਪਕਲੀ ਨੂੰ ਲੈ ਕੇ ਉੱਥੇ ਪਹੁੰਚਦਾ ਹੈ ਅਤੇ ਬਾਬਾ ਨੂੰ ਉਨ੍ਹਾਂ ਦੋ ਭੈਣਾਂ ਦੀ ਮੁਲਾਕਾਤ ਦਾ ਪਤਾ ਕਿਸ ਤਰ੍ਹਾਂ ਲੱਗ ਜਾਂਦਾ ਹੈ—ਇਹ ਸਾਰੀ ਘਟਨਾ ਹੈਰਾਨੀਜਨਕ ਹੈ ਅਤੇ ਬਾਬਾ ਦੀ ਸਰਵ-ਵਿਆਪਕਤਾ ਨੂੰ ਦਰਸਾਉਂਦੀ ਹੈ।

## ਸਿੱਖਿਆ

ਜਿਹੜਾ ਕੋਈ ਇਸ ਅਧਿਆਇ ਦਾ ਧਿਆਨ ਨਾਲ ਪਾਠ ਅਤੇ ਧਿਆਨ ਕਰੇਗਾ, ਸਾਈਂ ਕ੍ਰਿਪਾ ਨਾਲ ਉਸ ਦੇ ਸਾਰੇ ਦੁੱਖ ਦੂਰ ਹੋ ਜਾਣਗੇ ਅਤੇ ਉਹ ਪੂਰਨ ਸੁੱਖੀ ਹੋ ਕੇ ਸ਼ਾਂਤੀ ਨੂੰ ਪ੍ਰਾਪਤ ਕਰੇਗਾ।

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**

# ॥ ਅਧਿਆਇ-16-17 ॥

***ਜਲਦੀ ਬ੍ਰਹਮਗਿਆਨ ਦੀ ਪ੍ਰਾਪਤੀ, ਬ੍ਰਹਮਗਿਆਨ ਦੀਆਂ ਯੋਗਤਾਵਾਂ, ਬਾਬਾ ਦਾ ਉਪਦੇਸ਼, ਬਾਬਾ ਦੀ ਵਿਸ਼ੇਸ਼ਤਾ (ਇਨ੍ਹਾਂ ਦੋ ਅਧਿਆਇਆਂ ਵਿਚ ਇਕ ਅਮੀਰ ਆਦਮੀ ਨੇ ਕਿਸ ਤਰ੍ਹਾਂ ਸਾਈਂ ਬਾਬਾ ਕੋਲੋਂ ਜਲਦੀ ਨਾਲ ਬ੍ਰਹਮਗਿਆਨ ਪ੍ਰਾਪਤ ਕਰਨਾ ਚਾਹਿਆ ਸੀ ਉਸ ਦਾ ਵਰਨਣ ਹੈ।)***

ਪਿੱਛਲੇ ਅਧਿਆਇ ਵਿਚ ਸ੍ਰੀ ਚੌਲਕਰ ਦੀ ਛੋਟੀ ਜਿਹੀ ਪ੍ਰਤਿਗਿਆ ਕਿਸ ਤਰ੍ਹਾਂ ਪ੍ਰਵਾਨ ਚੜ੍ਹੀ, ਇਸ ਦਾ ਵਰਨਣ ਕੀਤਾ ਗਿਆ ਹੈ। ਉਸ ਕਥਾ ਵਿਚ ਸ੍ਰੀ ਸਾਈਂ ਬਾਬਾ ਨੇ ਦੱਸਿਆ ਸੀ ਕਿ ਪਿਆਰ ਅਤੇ ਭਗਤੀ ਨਾਲ ਅਰਪਣ ਕੀਤੀ ਹੋਈ ਤੁੱਛ ਚੀਜ਼ ਵੀ ਉਹ ਖ਼ੁਸ਼ੀ ਨਾਲ ਸਵੀਕਾਰ ਕਰ ਲੈਂਦੇ ਸੀ, ਪਰ ਜੇ ਉਹ ਹੰਕਾਰ ਨਾਲ ਭੇਟ ਕੀਤੀ ਗਈ ਹੋਏ ਤਾਂ ਉਹ ਸਵੀਕਾਰ ਨਹੀਂ ਕੀਤੀ ਜਾਂਦੀ ਸੀ। ਪੂਰੇ ਸਚਿਦਾਨੰਦ ਹੋਣ ਕਰ ਕੇ ਉਹ ਬਾਹਰੀ ਰਹਿਣ-ਸਹਿਣ ਨੂੰ ਖਾਸ ਮਹੱਤਵ ਨਹੀਂ ਦਿੰਦੇ ਸੀ ਅਤੇ ਨਿਮਰਤਾ ਅਤੇ ਸਤਿਕਾਰ ਨਾਲ ਭੇਟ ਕੀਤੀ ਗਈ ਚੀਜ਼ ਦਾ ਸਵਾਗਤ ਕਰਦੇ ਸੀ।

ਅਸਲ ਵਿਚ ਦੇਖਿਆ ਜਾਏ ਤਾਂ ਸਤਿਗੁਰੂ ਸਾਈਂ ਬਾਬਾ ਨਾਲੋਂ ਜ਼ਿਆਦਾ ਦਿਆਲੂ ਅਤੇ ਹਿਤੈਸ਼ੀ ਦੂਸਰਾ ਇਸ ਸੰਸਾਰ ਵਿਚ ਕੌਣ ਹੋ ਸਕਦਾ ਹੈ ? ਉਨ੍ਹਾਂ ਦੀ ਤੁਲਨਾ ਸਾਰੀਆਂ ਇਛਾਵਾਂ ਨੂੰ ਪੂਰਾ ਕਰਨ ਵਾਲੀ ਚਿੰਤਾਮਨੀ ਜਾਂ ਕਾਮਧੇਨੂ ਨਾਲ ਵੀ ਨਹੀਂ ਹੋ ਸਕਦੀ। ਜਿਸ ਅਮੁੱਲ ਖਜ਼ਾਨੇ ਦੀ ਪ੍ਰਾਪਤੀ ਸਾਨੂੰ ਸਤਿਗੁਰੂ ਕੋਲੋਂ ਹੁੰਦੀ ਹੈ, ਉਹ ਕਲਪਨਾ ਤੋਂ ਵੀ ਪਰੇ ਹੈ।

ਬ੍ਰਹਮਗਿਆਨ ਦੀ ਪ੍ਰਾਪਤੀ ਦੀ ਇੱਛਾ ਨਾਲ ਆਏ ਹੋਏ ਇਕ ਅਮੀਰ ਆਦਮੀ ਨੂੰ ਸ੍ਰੀ ਸਾਈਂ ਬਾਬਾ ਨੇ ਕਿਸ ਤਰ੍ਹਾਂ ਉਪਦੇਸ਼ ਦਿੱਤਾ, ਉਸ ਨੂੰ ਹੁਣ ਸਰਵਣ ਕਰੋ—

ਇਕ ਅਮੀਰ ਆਦਮੀ (ਜਿਸ ਦਾ ਨਾਮ ਅਤੇ ਪਛਾਣ ਮੂਲ ਗ੍ਰੰਥ ਵਿਚ ਨਹੀਂ ਦਿੱਤੀ ਗਈ) ਆਪਣੇ ਜੀਵਨ ਵਿਚ ਸਭ ਤਰ੍ਹਾਂ ਨਾਲ ਸੰਪੂਰਨ ਸੀ। ਉਸ ਦੇ ਕੋਲ ਅਤੁੱਲ ਜਾਇਦਾਦ, ਘੋੜੇ, ਜ਼ਮੀਨ ਅਤੇ ਅਨੇਕਾਂ ਦਾਸ ਅਤੇ ਦਾਸੀਆਂ ਸਨ। ਜਦੋਂ ਬਾਬਾ ਦੀ ਕੀਰਤੀ ਉਸ ਦੇ ਕੰਨਾਂ ਵਿਚ ਪਈ ਤਾਂ ਉਸਨੇ ਆਪਣੇ ਇਕ ਦੋਸਤ ਨੂੰ ਕਿਹਾ ਕਿ, "ਮੇਰੇ ਲਈ ਹੁਣ ਕਿਸੇ ਚੀਜ਼ ਦੀ ਕਾਮਨਾ ਬਾਕੀ ਨਹੀਂ ਰਹਿ ਗਈ ਹੈ, ਇਸ ਲਈ ਹੁਣ ਸ਼ਿਰਡੀ ਜਾ ਕੇ ਬਾਬਾ ਕੋਲੋਂ ਬ੍ਰਹਮਗਿਆਨ ਪ੍ਰਾਪਤ ਕਰਨਾ ਚਾਹੀਦਾ ਅਤੇ ਜੇ ਕਿਸੇ ਤਰ੍ਹਾਂ ਉਸਦੀ ਪ੍ਰਾਪਤੀ ਹੋ ਗਈ ਤਾਂ ਫੇਰ ਮੇਰੇ ਨਾਲੋਂ ਜ਼ਿਆਦਾ ਸੁਖੀ ਹੋਰ ਕੌਣ ਹੋ ਸਕਦਾ ਹੈ।" ਉਨ੍ਹਾਂ ਦੇ ਦੋਸਤ ਨੇ ਉਨ੍ਹਾਂ ਨੂੰ ਸਮਝਾਇਆ ਕਿ, "ਬ੍ਰਹਮਗਿਆਨ ਦੀ ਪ੍ਰਾਪਤੀ ਆਸਾਨ ਨਹੀਂ ਹੈ, ਖਾਸ ਕਰਕੇ ਤੁਹਾਡੇ ਵਰਗੇ ਮੋਹ 'ਚ ਫਸੇ ਹੋਏ ਨੂੰ ਜਿਹੜਾ ਹਮੇਸ਼ਾਂ ਪਤਨੀ, ਔਲਾਦ ਅਤੇ ਧਨ ਇਕੱਠਾ ਕਰਨ ਵਿਚ ਹੀ ਫਸਿਆ ਰਹਿੰਦਾ ਹੈ। ਤੁਹਾਡੀ ਬ੍ਰਹਮਗਿਆਨ ਦੀ ਉਮੀਦ ਕੌਣ ਪੂਰੀ ਕਰੇਗਾ, ਜਿਹੜਾ ਕਿ ਭੁੱਲ ਕੇ ਵੀ ਕਦੀ ਇਕ ਫੁੱਟੀ ਕੌਡੀ ਦਾ ਵੀ ਦਾਨ ਨਹੀਂ ਦਿੰਦਾ ?"



ਆਪਣੇ ਦੋਸਤ ਦੀ ਪ੍ਰਵਾਹ ਨਾ ਕਰ ਕੇ ਉਹ ਆਉਣ ਜਾਣ ਦੇ ਲਈ ਇਕ ਟਾਂਗਾ ਲੈ ਕੇ ਸ਼ਿਰਡੀ ਆਏ ਅਤੇ ਸਿੱਧੇ ਮਸਜਿਦ ਪਹੁੰਚੇ। ਸਾਈਂ ਬਾਬਾ ਦੇ ਦਰਸ਼ਨ ਕਰ ਕੇ ਉਨ੍ਹਾਂ ਦੇ ਚਰਣਾਂ 'ਤੇ ਡਿੱਗੇ ਅਤੇ ਬੇਨਤੀ ਕੀਤੀ ਕਿ "ਤੁਸੀਂ ਇੱਥੇ ਆਉਣ ਵਾਲੇ ਸਾਰੇ ਲੋਕਾਂ ਨੂੰ ਥੋੜ੍ਹੀ ਦੇਰ ਵਿਚ ਹੀ ਬ੍ਰਹਮਾ ਦੇ ਦਰਸ਼ਨ ਕਰਾ ਦਿੰਦੇ ਹੋ, ਕੇਵਲ ਇਹ ਹੀ ਸੁਣ ਕੇ ਮੈਂ ਬਹੁਤ ਦੂਰੋਂ ਚਲ ਕੇ ਆਇਆ ਹਾਂ। ਮੈਂ ਇਸ ਸਫ਼ਰ ਨਾਲ ਬਹੁਤ ਥੱਕ ਗਿਆ ਹਾਂ। ਜੇ ਕਿਤੇ ਮੈਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਜਾਏ ਤਾਂ ਮੈਂ ਇਹ ਤਕਲੀਫ਼ ਸਹਿਣਾ ਜ਼ਿਆਦਾ ਸਫਲ ਅਤੇ ਗੁਣਕਾਰੀ ਸਮਝਾਂਗਾ।"

ਬਾਬਾ ਬੋਲੇ, "ਮੇਰੇ ਪਿਆਰੇ ਦੋਸਤ ? ਏਨੇ ਬੇਚੈਨ ਨਾ ਹੋਵੋ। ਮੈਂ ਤੁਹਾਨੂੰ ਜਲਦੀ ਹੀ ਬ੍ਰਹਮਾ ਦਾ ਦਰਸ਼ਨ ਕਰਾ ਦੇਵਾਂਗਾ। ਮੇਰੇ ਸਾਰੇ ਵਿਹਾਰ ਨਗਦ ਹੀ ਹਨ ਅਤੇ ਮੈਂ ਉਧਾਰ ਕਦੀ ਨਹੀਂ ਕਰਦਾ। ਇਸ ਕਰ ਕੇ ਅਨੇਕਾਂ ਲੋਕ ਧਨ, ਸਿਹਤ, ਸ਼ਕਤੀ, ਮਾਨ, ਪਦਵੀਆਂ ਅਤੇ ਹੋਰ ਚੀਜ਼ਾਂ ਦੀਆਂ ਇੱਛਾ ਪੂਰੀਆਂ ਕਰਨ ਦੇ ਲਈ ਮੇਰੇ ਕੋਲ ਆਉਂਦੇ ਹਨ। ਇਸ ਤਰ੍ਹਾਂ ਦਾ ਤਾਂ ਕੋਈ ਵਿਰਲਾ ਹੀ ਆਉਂਦਾ ਹੈ, ਜਿਹੜਾ ਬ੍ਰਹਮਗਿਆਨ ਦਾ ਪਿਆਸਾ ਹੋਵੇ। ਦੁਨਿਆਵੀ ਚੀਜ਼ਾਂ ਦੀ ਆਸ ਨਾਲ ਇਥੇ ਆਉਣ ਵਾਲੇ ਲੋਕਾਂ ਦੀ ਕੋਈ ਘਾਟ ਨਹੀਂ, ਪਰ ਅਧਿਆਤਮਿਕ ਗਿਆਨ ਪ੍ਰਾਪਤ ਕਰਨ ਵਾਲਿਆਂ ਦਾ ਆਉਣਾ ਤਾਂ ਬਹੁਤ ਹੀ ਦੁਰਲੱਭ ਹੈ, ਮੈਂ ਸੋਚਦਾ ਹਾਂ ਕਿ ਇਹ ਪਲ ਮੇਰੇ ਲਈ ਬਹੁਤ ਧੰਨ ਅਤੇ ਸ਼ੁੱਭ ਹੈ, ਜਦੋਂ ਤੁਹਾਡੇ ਵਰਗੇ ਸੱਜਣ ਇਥੇ ਆ ਕੇ ਮੈਨੂੰ ਬ੍ਰਹਮਗਿਆਨ ਦੇਣ ਲਈ ਜ਼ੋਰ ਪਾ ਰਹੇ ਹਨ। ਮੈਂ ਖ਼ੁਸ਼ੀ ਨਾਲ ਤੁਹਾਨੂੰ ਬ੍ਰਹਮ-ਦਰਸ਼ਨ ਕਰਾ ਦੇਵਾਂਗਾ।

ਇਹ ਕਹਿ ਕੇ ਬਾਬਾ ਨੇ ਉਨ੍ਹਾਂ ਨੂੰ ਬ੍ਰਹਮ-ਦਰਸ਼ਨ ਕਰਵਾਉਣ ਦੇ ਲਈ ਆਪਣੇ ਕੋਲ ਬਿਠਾ ਲਿਆ ਅਤੇ ਏਧਰ-ਉਧਰ ਦੀਆਂ ਗੱਲਾਂ ਵਿਚ ਲਗਾ ਦਿੱਤਾ, ਜਿਸ ਨਾਲ ਉਹ ਕੁਝ ਦੇਰ ਦੇ ਲਈ ਆਪਣਾ ਸੁਆਲ ਭੁੱਲ ਗਏ। ਬਾਬਾ ਨੇ ਇਕ ਬਾਲਕ ਨੂੰ ਬੁਲਾ ਕੇ ਨੰਦੂ ਮਾਰਵਾੜੀ ਦੇ ਘਰੋਂ ਪੰਜ ਰੁਪਏ ਉਧਾਰ ਲਿਆਉਣ ਲਈ ਭੇਜਿਆ। ਬਾਲਕ ਨੇ ਵਾਪਸ ਆ ਕੇ ਦੱਸਿਆ ਕਿ ਨੰਦੂ ਦਾ ਕੋਈ ਪਤਾ ਨਹੀਂ ਹੈ ਅਤੇ ਉਸਦੇ ਘਰ ਨੂੰ ਤਾਲਾ ਲੱਗਾ ਹੈ। ਫੇਰ ਬਾਬਾ ਨੇ ਉਸਨੂੰ ਦੂਸਰੇ ਵਪਾਰੀ ਕੋਲ ਭੇਜਿਆ, ਇਸ ਵਾਰੀ ਵੀ ਬਾਲਕ ਰੁਪਏ ਨਹੀਂ ਲਿਆਇਆ। ਇਹ ਤਜਰਬਾ ਦੋ-ਤਿੰਨ ਵਾਰੀ ਕਰਨ 'ਤੇ ਵੀ ਨਤੀਜਾ ਉਹੀ ਰਿਹਾ।

ਸਾਨੂੰ ਤਾਂ ਪਤਾ ਹੀ ਹੈ ਬਾਬਾ ਆਪ ਸਗੁਣ ਬ੍ਰਹਮਾ ਦੇ ਅਵਤਾਰ ਸਨ। ਇਥੇ ਇਹ ਸੁਆਲ ਹੋ ਸਕਦਾ ਹੈ ਕਿ ਇਸ ਪੰਜ ਰੁਪਏ ਵਰਗੀ ਤੁੱਛ ਰਾਸ਼ੀ ਦੀ ਅਸਲ ਵਿਚ ਉਨ੍ਹਾਂ ਨੂੰ ਲੋੜ ਹੀ ਕੀ ਸੀ ? ਉਨ੍ਹਾਂ ਨੂੰ ਤਾਂ ਇਸ ਦੀ ਬਿਲਕੁਲ ਲੋੜ ਹੀ ਨਹੀਂ ਸੀ। ਉਹ ਤਾਂ ਪੂਰੀ ਤਰ੍ਹਾਂ ਜਾਣਦੇ ਹੋਣਗੇ, ਨੰਦੂ ਘਰ ਨਹੀਂ ਹੈ। ਇਹ ਡਰਾਮਾ ਤਾਂ ਉਨ੍ਹਾਂ ਨੇ ਸਿਰਫ਼ ਆਉਣ ਵਾਲੇ ਦੀ ਪ੍ਰੀਖਿਆ ਲੈਣ ਲਈ ਰਚਿਆ ਸੀ। ਬ੍ਰਹਮਗਿਆਨ ਲੈਣ ਆਏ ਸੱਜਣ ਜੀ ਦੇ ਕੋਲ ਨੋਟਾਂ ਦੀਆਂ ਥੱਦੀਆਂ ਸਨ ਅਤੇ ਜੇ ਉਹ ਸੱਚਮੁੱਚ ਹੀ ਬ੍ਰਹਮਗਿਆਨ ਦੇ ਚਾਹਵਾਨ ਹੁੰਦੇ ਤਾਂ ਏਨੀ ਦੇਰ ਤੱਕ ਚੁੱਪ ਨਾ ਬੈਠਦੇ। ਜਦੋਂ ਬਾਬਾ ਉਤਸੁਕਤਾ ਨਾਲ ਪੰਜ ਰੁਪਏ ਉਧਾਰ ਲਿਆਉਣ ਲਈ ਲੜਕੇ ਨੂੰ ਇਥੇ-ਉਥੇ ਦੌੜਾ ਰਹੇ ਸੀ ਤਾਂ ਉਹ ਦਰਸ਼ਕ ਬਣੇ ਹੀ ਨਾ ਬੈਠੇ ਰਹਿੰਦੇ। ਉਨ੍ਹਾਂ ਨੂੰ ਪਤਾ ਸੀ ਬਾਬਾ ਆਪਣੇ ਵਚਨ ਪੂਰੇ ਕਰ ਕੇ ਕਰਜ਼ਾ ਜ਼ਰੂਰ ਵਾਪਸ ਦੇ ਦੇਣਗੇ। ਭਾਵੇਂ ਬਾਬਾ ਵੱਲੋਂ ਮੰਗੀ ਰਾਸ਼ੀ ਬਹੁਤ

ਹੀ ਘੱਟ ਸੀ, ਫੇਰ ਵੀ ਉਹ ਆਪ ਫ਼ੈਸਲਾ ਨਹੀਂ ਕਰ ਸਕੇ ਅਤੇ ਪੰਜ ਰੁਪਏ ਉਧਾਰ ਦੇਣ ਦੀ ਹਿੰਮਤ ਨਹੀਂ ਕਰ ਸਕੇ। ਪਾਠਕ ਜ਼ਰਾ ਵਿਚਾਰ ਕਰਨ ਕਿ ਇਸ ਤਰ੍ਹਾਂ ਦਾ ਆਦਮੀ ਬਾਬਾ ਕੋਲੋਂ ਬ੍ਰਹਮਗਿਆਨ, ਜੋ ਦੁਨੀਆਂ ਦੀ ਅਤਿ ਅਮੁੱਲ ਚੀਜ਼ ਹੈ, ਉਸ ਦੀ ਪ੍ਰਾਪਤੀ ਲਈ ਆਇਆ ਹੈ। ਜੇ ਬਾਬਾ ਨਾਲ ਸੱਚਮੁੱਚ ਪਿਆਰ ਕਰਨ ਵਾਲਾ ਹੋਰ ਕੋਈ ਆਦਮੀ ਹੁੰਦਾ ਤਾਂ ਉਹ ਸਿਰਫ਼ ਦਰਸ਼ਕ ਨਾ ਬਣਦਾ ਬਲਕਿ ਫਟਾਫੱਟ ਹੀ ਪੰਜ ਰੁਪਏ ਦੇ ਦਿੰਦਾ। ਪਰ ਇਸ ਸੱਜਣ ਦੀ ਹਾਲਤ ਤਾਂ ਬਿਲਕੁਲ ਉਲਟੀ ਸੀ। ਉਨ੍ਹਾਂ ਨੇ ਨਾ ਰੁਪਏ ਦਿੱਤੇ ਅਤੇ ਨਾ ਹੀ ਚੁੱਪ ਬੈਠੇ, ਬਲਕਿ ਵਾਪਸ ਜਲਦੀ ਜਾਣ ਦੀ ਤਿਆਰੀ ਕਰਨ ਲਗੇ ਅਤੇ ਬੇਚੈਨ ਹੋ ਕੇ ਬਾਬਾ ਨੂੰ ਕਹਿਣ ਲੱਗੇ, "ਹੇ ਬਾਬਾ! ਕ੍ਰਿਪਾ ਕਰਕੇ ਮੈਨੂੰ ਜਲਦੀ ਬ੍ਰਹਮਗਿਆਨ ਦੇ ਦਿਉ। ਬਾਬਾ ਨੇ ਜਵਾਬ ਦਿੱਤਾ ਕਿ "ਮੇਰੇ ਪਿਆਰੇ ਦੋਸਤ! ਕੀ ਇਸ ਡਰਾਮੇ ਨਾਲ ਤੁਹਾਡੀ ਸਮਝ ਵਿਚ ਕੁਝ ਨਹੀਂ ਆਇਆ? ਮੈਂ ਤੁਹਾਨੂੰ ਬ੍ਰਹਮ-ਦਰਸ਼ਨ ਕਰਾਉਣ ਦੀ ਹੀ ਤਾਂ ਕੋਸ਼ਿਸ਼ ਕਰ ਰਿਹਾ ਸੀ। ਸੰਖੇਪ ਵਿਚ ਮਤਲਬ ਇਹ ਹੈ ਕਿ ਬ੍ਰਹਮਾ ਦੇ ਦਰਸ਼ਨ ਕਰਨ ਲਈ ਪੰਜਾਂ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ। (1) **ਪੰਜ ਪ੍ਰਾਣ**, (2) **ਪੰਜ ਇੰਦਰੀਆਂ**, (3) **ਮਨ**, (4) **ਬੁੱਧੀ ਅਤੇ** (5) **ਹੰਕਾਰ। ਇਹ ਹੋਇਆ ਬ੍ਰਹਮਗਿਆਨ। ਆਤਮਾਨੁਭੂਤੀ ਦਾ ਰਾਹ ਵੀ ਇਸੇ ਤਰ੍ਹਾਂ ਹੈ, ਜਿਸ ਤਰ੍ਹਾਂ ਤਲਵਾਰ ਦੀ ਧਾਰ ਉਪਰ ਚਲਣਾ**।"

ਸ੍ਰੀ ਸਾਈਂ ਬਾਬਾ ਨੇ ਫੇਰ ਇਸ ਵਿਸ਼ੇ ਉੱਤੇ ਵਿਸਥਾਰ ਨਾਲ ਦਸਿਆ, ਜਿਸ ਦਾ ਨਿਚੋੜ ਇਹ ਹੈ—

## ਬ੍ਰਹਮਗਿਆਨ ਜਾਂ ਆਤਮਾਨੁਭੂਤੀ ਦੀਆਂ ਯੋਗਤਾਵਾਂ

ਆਮ ਆਦਮੀਆਂ ਨੂੰ ਆਪਣੀ ਜ਼ਿੰਦਗੀ ਵਿਚ ਬ੍ਰਹਮਾ ਦੇ ਦਰਸ਼ਨ ਨਹੀਂ ਹੁੰਦੇ। ਉਸ ਦੀ ਪ੍ਰਾਪਤੀ ਲਈ ਕੁਝ ਯੋਗਤਾਵਾਂ ਦਾ ਵੀ ਹੋਣਾ ਬਹੁਤ ਜ਼ਰੂਰੀ ਹੈ।

### (1) ਮੁਮੁਕਸ਼ੁਤਵ (ਮੁਕਤੀ ਦੀ ਤੀਬਰ ਇੱਛਾ)

ਜਿਹੜਾ ਸੋਚਦਾ ਹੈ ਕਿ ਮੈਂ ਬੰਧਨ ਵਿਚ ਹਾਂ ਅਤੇ ਇਸ ਬੰਧਨ ਤੋਂ ਆਜ਼ਾਦ ਹੋਣਾ ਚਾਹੇ ਤਾਂ ਇਸ ਮੰਤਵ ਦੀ ਪ੍ਰਾਪਤੀ ਲਈ ਉਤਸੁਕਤਾ ਅਤੇ ਪੱਕੇ ਇਰਾਦੇ ਨਾਲ ਕੋਸ਼ਿਸ਼ ਕਰਦਾ ਰਹੇ ਅਤੇ ਹਰੇਕ ਹਾਲਾਤ ਦਾ ਮੁਕਾਬਲਾ ਕਰਨ ਲਈ ਤਿਆਰ ਰਹੇ, ਉਹੀ ਇਸ ਅਧਿਆਤਮਿਕ ਰਾਹ ਉੱਪਰ ਚੱਲਣ ਦੇ ਯੋਗ ਹੈ।

### (2) ਉਦਾਸੀਨਤਾ

ਲੋਕ-ਪਰਲੋਕ ਦੀਆਂ ਸਾਰੀਆਂ ਚੀਜ਼ਾਂ ਨਾਲ ਉਦਾਸੀਨਤਾ ਦਾ ਭਾਵ ਦੁਨਿਆਵੀ ਚੀਜ਼ਾਂ, ਲਾਭ ਅਤੇ ਇੱਜ਼ਤ ਮਾਨ, ਜਿਹੜੇ ਕਿ ਜਨਮ ਦੇ ਕਰਮ ਹਨ ਜਦੋਂ ਤਕ ਇਨ੍ਹਾਂ ਤੋਂ ਉਦਾਸੀਨਤਾ ਪੈਦਾ ਨਹੀਂ ਹੋਵੇਗੀ, ਉਦੋਂ ਤਕ ਉਸਨੂੰ ਅਧਿਆਤਮਿਕ ਜਗਤ ਵਿਚ ਦਾਖ਼ਲ ਹੋਣ ਦਾ ਹੱਕ ਨਹੀਂ।

## (3) ਅੰਤਰਮੁਖਤਾ

ਈਸ਼ਵਰ ਨੇ ਸਾਡੀਆਂ ਇੰਦਰੀਆਂ ਇਸ ਤਰ੍ਹਾਂ ਬਣਾਈਆਂ ਹਨ ਕਿ ਉਨ੍ਹਾਂ ਦੀ ਸੁਭਾਵਿਕ ਪ੍ਰਵਿਰਤੀ ਹਮੇਸ਼ਾਂ ਬਾਹਰ ਵੱਲ ਖਿੱਚੇ ਜਾਣ ਵਾਲੀ ਹੁੰਦੀ ਹੈ। ਸਾਨੂੰ ਹਮੇਸ਼ਾਂ ਬਾਹਰ ਦਾ ਹੀ ਧਿਆਨ ਰਹਿੰਦਾ ਹੈ, ਨਾ ਕਿ ਅੰਦਰ ਦਾ। ਜਿਹੜੇ ਆਤਮ ਦਰਸ਼ਨ ਅਤੇ ਦੈਵੀ ਜੀਵਨ ਦੀ ਇੱਛਾ ਕਰਦੇ ਹਨ, ਉਨ੍ਹਾਂ ਨੂੰ ਆਪਣੀ ਨਜ਼ਰ ਅੰਤਰ-ਮੁਖੀ ਬਣਾ ਕੇ ਆਪਣੇ ਆਪ ਵਿਚ ਹੀ ਲੀਨ ਹੋਣਾ ਚਾਹੀਦਾ ਹੈ।

## (4) ਪਾਪ ਸ਼ੁੱਧੀ

ਜਦੋਂ ਤੱਕ ਮਨੁੱਖ ਦੁਰਾਚਾਰ ਤਿਆਗ ਕੇ ਭੈੜੇ ਕਰਮ ਕਰਨਾ ਨਹੀਂ ਛੱਡਦਾ, ਉਦੋਂ ਤਕ ਨਾ ਤਾਂ ਉਸ ਨੂੰ ਪੂਰੀ ਤਰ੍ਹਾਂ ਸ਼ਾਂਤੀ ਹੀ ਮਿਲਦੀ ਹੈ ਅਤੇ ਨਾ ਹੀ ਮਨ ਟਿਕਦਾ ਹੈ। ਉਹ ਸਿਰਫ਼ ਬੁੱਧੀ ਦੇ ਬੱਲ ਨਾਲ ਗਿਆਨ ਦਾ ਲਾਭ ਕਦੀ ਵੀ ਨਹੀਂ ਲੈ ਸਕਦਾ।

## (5) ਉਚਿਤ ਆਚਰਣ

ਜਦੋਂ ਤਕ ਮਨੁੱਖ ਸੱਚਾ, ਤਿਆਗੀ ਅਤੇ ਅੰਤਰ-ਮੁਖੀ ਬਣ ਕੇ ਜਤੀ-ਸਤੀ ਰਹਿਣ ਦਾ ਪਾਲਣ ਕਰਦੇ ਹੋਏ ਜੀਵਨ ਨਹੀਂ ਗੁਜ਼ਾਰਦਾ, ਉਦੋਂ ਤਕ ਉਸਨੂੰ ਮੁਕਤੀ ਪ੍ਰਾਪਤ ਹੋਣਾ ਸੰਭਵ ਨਹੀਂ।

## (6) ਸਾਰਵਸਤੂ ਗ੍ਰਹਿਣ ਕਰਨਾ

ਦੋ ਤਰ੍ਹਾਂ ਦੀਆਂ ਚੀਜ਼ਾਂ ਹਨ—ਚੰਗੀ ਅਤੇ ਸੁੰਦਰ। ਪਹਿਲੀ ਅਧਿਆਤਮਿਕ ਵਿਸ਼ਿਆਂ ਨਾਲ ਜੁੜੀ ਹੈ ਅਤੇ ਦੂਜੀ ਸੰਸਾਰਿਕ ਵਿਸ਼ਿਆਂ ਨਾਲ। ਮਨੁੱਖਾਂ ਨੂੰ ਦੋਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਨੂੰ ਵਿਵੇਕ ਨਾਲ ਕਿਸੇ ਇਕ ਦੀ ਚੋਣ ਕਰਨੀ ਪੈਂਦੀ ਹੈ। ਵਿਦਵਾਨ ਪੁਰਖ ਸੁੰਦਰ ਨਾਲੋਂ ਚੰਗੀ ਨੂੰ ਬਿਹਤਰ ਮੰਨਦੇ ਹਨ, ਪਰ ਜਿਹੜੇ ਮੂੜਮਤ ਹਨ, ਉਹ ਮੋਹ ਦੇ ਵੱਸ ਵਿਚ ਹੋ ਕੇ ਸੁੰਦਰ ਨੂੰ ਹੀ ਚੰਗਾ ਸਮਝ ਕੇ ਉਸ ਉੱਪਰ ਆਚਰਣ ਕਰਦੇ ਹਨ।

## (7) ਮਨ ਅਤੇ ਇੰਦਰੀਆਂ ਦਾ ਕੰਟਰੋਲ

ਸਰੀਰ ਇਕ ਰੱਥ ਹੈ। ਆਤਮਾ ਉਸ ਦੀ ਸਵਾਮੀ ਅਤੇ ਬੁੱਧੀ ਸਾਰਥੀ ਹੈ। ਮਨ ਲਗਾਮ ਹੈ ਅਤੇ ਇੰਦਰੀਆਂ ਉਸਦੇ ਘੋੜੇ। ਇੰਦਰੀਆਂ ਦਾ ਕੰਟਰੋਲ ਹੀ ਉਸ ਦਾ ਰਾਹ ਹੈ। ਜਿਹੜੇ ਘੱਟ ਬੁੱਧੀ ਦੇ ਹਨ ਅਤੇ ਜਿਨ੍ਹਾਂ ਦੇ ਮਨ ਚੰਚਲ ਹਨ ਅਤੇ ਜਿਨ੍ਹਾਂ ਦੀਆਂ ਇੰਦਰੀਆਂ ਸਾਰਥੀ ਦੇ ਦੁਰਾਚਾਰੀ ਘੋੜਿਆਂ ਵਾਂਗ ਹਨ, ਉਹ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਦੇ ਅਤੇ ਜਨਮ-ਮਰਨ ਦੇ ਚੱਕਰ ਵਿਚ ਹੀ ਘੁੰਮਦੇ ਰਹਿੰਦੇ ਹਨ। ਪਰ ਜਿਹੜੇ ਵਿਵੇਕਸ਼ੀਲ ਹਨ, ਜਿਨ੍ਹਾਂ ਨੇ ਆਪਣੇ ਮਨ 'ਤੇ ਕੰਟਰੋਲ ਕਰ ਲਿਆ ਹੈ ਅਤੇ ਜਿਨ੍ਹਾਂ ਦੀਆਂ ਇੰਦਰੀਆਂ ਸਾਰਥੀ ਦੇ ਉੱਤਮ ਘੋੜਿਆਂ ਵਾਂਗ ਕੰਟਰੋਲ ਵਿਚ ਹਨ, ਉਹ ਹੀ ਮੰਜ਼ਿਲ 'ਤੇ ਪਹੁੰਚ ਸਕਦੇ ਹਨ, ਉਨ੍ਹਾਂ ਨੂੰ ਹੀ ਪਰਮ ਪਦ ਦੀ

ਪ੍ਰਾਪਤੀ ਹੋ ਜਾਂਦੀ ਹੈ ਅਤੇ ਉਨ੍ਹਾਂ ਦਾ ਪੁਨਰ ਜਨਮ ਨਹੀਂ ਹੁੰਦਾ। ਜਿਹੜਾ ਆਦਮੀ ਆਪਣੀ ਬੁੱਧੀ ਨਾਲ ਮਨ ਨੂੰ ਵੱਸ ਵਿਚ ਕਰ ਲੈਂਦਾ ਹੈ, ਉਹ ਆਖ਼ੀਰ ਵਿਚ ਆਪਣੀ ਮੰਜ਼ਿਲ ਪ੍ਰਾਪਤ ਕਰ ਕੇ, ਉਸ ਸਰਵ ਸ਼ਕਤੀਮਾਨ ਭਗਵਾਨ ਵਿਸ਼ਨੂੰ ਦੇ ਲੋਕ ਵਿਚ ਪਹੁੰਚ ਜਾਂਦਾ ਹੈ।

## (8) ਮਨ ਦੀ ਪਵਿੱਤਰਤਾ

ਜਦੋਂ ਤਕ ਮਨੁੱਖ ਕਾਮਨਾ ਰਹਿਤ ਕਰਮ ਨਹੀਂ ਕਰਦਾ, ਉਦੋਂ ਤਕ ਉਸਨੂੰ ਚਿਤ ਦੀ ਸ਼ੁੱਧੀ ਅਤੇ ਆਤਮ ਦਰਸ਼ਨ ਸੰਭਵ ਨਹੀਂ ਹੈ। ਸ਼ੁੱਧ ਮਨ ਵਿਚ ਹੀ ਵਿਵੇਕ ਅਤੇ ਵੈਰਾਗ ਪੈਦਾ ਹੁੰਦੇ ਹਨ, ਜਿਸ ਨਾਲ ਆਤਮ-ਦਰਸ਼ਨ ਦੇ ਰਾਹ ਵਿਚ ਉੱਨਤੀ ਹੋ ਜਾਂਦੀ ਹੈ। ਹੰਕਾਰ ਛੱਡੇ ਬਿਨਾਂ ਲਾਲਸਾ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ ਹੈ। ਵਿਸ਼ੇ-ਵਾਸਨਾ ਆਤਮਾਨੁਭੂਤੀ ਦੇ ਰਾਹ ਵਿਚ ਖਾਸ ਰੁਕਾਵਟ ਹਨ। ਇਹ ਧਾਰਨਾ ਕਿ ਮੈਂ ਸਰੀਰ ਹਾਂ, ਇਕ ਭੁਲੇਖਾ ਹੈ। ਜੇ ਤੁਹਾਨੂੰ ਆਪਣੇ ਜੀਵਨ ਦੇ ਮੰਤਵ (ਆਤਮਸ਼ਾਕਸ਼ਾਤਕਾਰ) ਨੂੰ ਪ੍ਰਾਪਤ ਕਰਨ ਦੀ ਉਮੀਦ ਹੈ ਤਾਂ ਇਸ ਧਾਰਨਾ ਅਤੇ ਮੋਹ ਦਾ ਪੂਰੀ ਤਰ੍ਹਾਂ ਤਿਆਗ ਕਰ ਦਿਓ।

## (9) ਗੁਰੂ ਦੀ ਲੋੜ

ਆਤਮਗਿਆਨ ਏਨਾ ਡੂੰਘਾ ਅਤੇ ਭੇਦ ਭਰਿਆ ਹੈ ਕਿ ਸਿਰਫ਼ ਕੋਸ਼ਿਸ਼ ਨਾਲ ਹੀ ਉਸ ਦੀ ਪ੍ਰਾਪਤੀ ਸੰਭਵ ਨਹੀਂ। ਇਸ ਕਰਕੇ ਆਤਮਾਨੁਭੂਤੀ ਪ੍ਰਾਪਤ ਗੁਰੂ ਦੀ ਮਦਦ ਬਹੁਤ ਜ਼ਰੂਰੀ ਹੈ। ਬਹੁਤ ਹੀ ਸਖਤ ਮਿਹਨਤ ਅਤੇ ਤਕਲੀਫ਼ਾਂ ਦੇ ਮਗਰੋਂ ਵੀ ਦੂਸਰੇ ਕੀ ਦੇ ਸਕਦੇ ਹਨ, ਜੋ ਏਸੇ ਗੁਰੂ ਦੀ ਕ੍ਰਿਪਾ ਨਾਲ ਆਸਾਨੀ ਨਾਲ ਹੀ ਪ੍ਰਾਪਤ ਹੋ ਸਕਦਾ ਹੈ ? ਜਿਸ ਨੇ ਆਪ ਉਸ ਰਾਹ ਤੇ ਚੱਲ ਕੇ ਮਹਿਸੂਸ ਕਰ ਲਿਆ ਹੋਵੇ, ਉਹ ਹੀ ਆਪਣੇ ਚੇਲੇ ਨੂੰ ਵੀ ਆਸਾਨੀ ਨਾਲ ਪੈਰ-ਪੈਰ 'ਤੇ ਅਧਿਆਤਮਿਕ ਉੱਨਤੀ ਕਰਾ ਸਕਦਾ ਹੈ।

## (10) ਆਖੀਰ ਵਿਚ ਈਸ਼ਵਰ ਦੀ ਕ੍ਰਿਪਾ ਬਹੁਤ ਹੀ ਜ਼ਰੂਰੀ ਹੈ

ਜਦੋਂ ਭਗਵਾਨ ਕਿਸੇ 'ਤੇ ਕ੍ਰਿਪਾ ਕਰਦੇ ਹਨ ਤਾਂ ਉਹ ਉਸ ਨੂੰ ਵਿਵੇਕ ਅਤੇ ਵੈਰਾਗ ਦੇ ਕੇ ਇਸ ਭਵਸਾਗਰ ਤੋਂ ਪਾਰ ਕਰ ਦਿੰਦੇ ਹਨ। ਇਹ ਆਤਮਾਨੁਭੂਤੀ ਨਾ ਤਾਂ ਤਰ੍ਹਾਂ ਤਰ੍ਹਾਂ ਦੀਆਂ ਵਿੱਦਿਆ ਅਤੇ ਬੁੱਧੀ ਨਾਲ ਹੀ ਮਿਲ ਸਕਦੀ ਹੈ ਅਤੇ ਨਾ ਖਾਲੀ ਵੇਦਾਂ ਦੇ ਅਭਿਆਸ ਨਾਲ ਹੀ। ਇਸ ਦੇ ਲਈ ਜਿਸ ਕਿਸੇ ਨੂੰ ਇਹ ਆਤਮਾ ਚੁਣਦੀ ਹੈ, ਉਸੇ ਨੂੰ ਪ੍ਰਾਪਤ ਹੁੰਦੀ ਹੈ ਅਤੇ ਉਸ ਦੇ ਸਾਹਮਣੇ ਉਹ ਆਪਣਾ ਸਰੂਪ ਪ੍ਰਗਟ ਕਰਦੀ ਹੈ—ਕਠੋਉਪਨਿਸ਼ਦ ਵਿਚ ਇਸ ਤਰ੍ਹਾਂ ਵਰਨਣ ਕੀਤਾ ਗਿਆ ਹੈ।

## ਬਾਬਾ ਦਾ ਉਪਦੇਸ਼

ਜਦੋਂ ਇਹ ਉਪਦੇਸ਼ ਖਤਮ ਹੋ ਗਿਆ ਤਾਂ ਬਾਬਾ ਉਸ ਸੱਜਣ ਨੂੰ ਕਹਿਣ ਲੱਗੇ ਕਿ, "ਚੰਗਾ, ਤੁਹਾਡੀ ਜੇਬ ਵਿਚ ਪੰਜ ਰੁਪਏ ਦੇ ਪੰਜਾਹ ਗੁਣਾਂ ਰੁਪਇਆ ਦੇ ਰੂਪ ਵਿਚ ਬ੍ਰਹਮ ਹੈ, ਉਸ ਨੂੰ ਕ੍ਰਿਪਾ ਕਰ ਕੇ ਬਾਹਰ



ਕਢੋ।" ਉਸ ਨੇ ਨੋਟਾਂ ਦੀ ਥੱਦੀ ਬਾਹਰ ਕੱਢੀ ਅਤੇ ਗਿਣਨ 'ਤੇ ਸਾਰਿਆਂ ਨੂੰ ਬਹੁਤ ਹੈਰਾਨੀ ਹੋਈ ਕਿ ਉਹ ਦਸ-ਦਸ ਦੇ ਪੱਚੀ ਨੋਟ ਸਨ। ਬਾਬਾ ਦੀ ਇਹ ਸਭ ਕੁਝ ਜਾਣਨ ਦੀ ਸ਼ਕਤੀ ਦੇਖ ਕੇ ਉਹ ਸੱਜਣ ਭਾਵੁਕ ਹੋ ਗਏ ਅਤੇ ਬਾਬਾ ਦੇ ਚਰਣਾਂ 'ਤੇ ਡਿੱਗ ਕੇ ਆਸ਼ੀਰਵਾਦ ਦੀ ਬੇਨਤੀ ਕਰਨ ਲੱਗੇ। ਤਾਂ ਬਾਬਾ ਬੋਲੇ ਕਿ "ਆਪਣਾ ਬ੍ਰਹਮ ਦਾ (ਨੋਟਾਂ ਦਾ) ਇਹ ਬੰਡਲ ਲਪੇਟ ਲਵੋ। ਜਦੋਂ ਤਕ ਤੁਹਾਡਾ ਲਾਲਚ ਅਤੇ ਈਰਖਾ ਤੋਂ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਹੋ ਜਾਂਦਾ, ਉਦੋਂ ਤਕ ਤੁਸੀਂ ਬ੍ਰਹਮਾ ਦੇ ਸੱਚੇ ਸਰੂਪ ਨੂੰ ਨਹੀਂ ਜਾਣ ਸਕਦੇ। ਜਿਸ ਦਾ ਮਨ, ਧਨ, ਔਲਾਦ ਅਤੇ ਐਸ਼ ਵਿਚ ਲਗਾ ਹੋਇਆ ਹੈ, ਉਹ ਇਨ੍ਹਾਂ ਸਾਰਿਆਂ ਦੇ ਮੋਹ ਨੂੰ ਤਿਆਗੇ ਬਗ਼ੈਰ ਕਿਵੇਂ ਬ੍ਰਹਮਾ ਨੂੰ ਜਾਣਨ ਦੀ ਉਮੀਦ ਕਰ ਸਕਦਾ ਹੈ ? ਮੋਹ ਭਰਮ ਅਤੇ ਧਨ ਦੀ ਭੁੱਖ ਦੁੱਖ ਦਾ ਇਕ ਭੰਵਰ ਹੈ, ਜਿਸ ਵਿਚ ਹੰਕਾਰ ਅਤੇ ਈਰਖਾ ਵਰਗੇ ਮਗਰਮੱਛਾਂ ਦਾ ਵਾਸਾ ਹੈ। ਜਿਹੜਾ ਇੱਛਾ ਰਹਿਤ ਹੋਵੇਗਾ, ਸਿਰਫ਼ ਉਹ ਹੀ ਇਹ ਭਵਸਾਗਰ ਪਾਰ ਕਰ ਸਕਦਾ ਹੈ, ਲਾਲਸਾ ਅਤੇ ਬ੍ਰਹਮਾ ਦੇ ਆਪਸੀ ਸਬੰਧ ਇਸ ਤਰ੍ਹਾਂ ਦੇ ਹਨ। ਇਸ ਲਈ ਉਹ ਇਕ ਦੂਜੇ ਦੇ ਕੱਟੜ ਦੁਸ਼ਮਨ ਹਨ।"

ਤੁਲਸੀ ਦਾਸ ਜੀ ਕਹਿੰਦੇ ਹਨ—ਜਿਥੇ ਲਾਲਚ ਹੈ, ਉਥੇ ਬ੍ਰਹਮਾ ਦੇ ਚਿੰਤਨ ਜਾਂ ਧਿਆਨ ਦੀ ਗੁੰਜਾਇਸ਼ ਹੀ ਨਹੀਂ ਹੈ। ਫੇਰ ਲਾਲਚੀ ਪੁਰਖ ਨੂੰ ਉਦਾਸੀਨਤਾ ਅਤੇ ਮੋਕ਼ਸ਼ ਦੀ ਪ੍ਰਾਪਤੀ ਕਿਸ ਤਰ੍ਹਾਂ ਹੋ ਸਕਦੀ ਹੈ ? ਲਾਲਚੀ ਪੁਰਖ ਨੂੰ ਨਾ ਤਾਂ ਸ਼ਾਂਤੀ ਹੈ ਅਤੇ ਨਾ ਸੰਤੋਖ ਹੀ ਅਤੇ ਨਾ ਹੀ ਉਹ ਪੱਕੇ ਇਰਾਦੇ ਵਾਲਾ ਹੀ ਹੁੰਦਾ ਹੈ। ਜੇ ਜ਼ਰਾ ਵੀ ਲਾਲਚ ਮਨ ਵਿਚ ਬਾਕੀ ਰਹਿ ਜਾਏ ਤਾਂ ਸਮਝਣਾ ਚਾਹੀਦਾ ਹੈ ਕਿ ਸਾਰੀਆਂ ਸਾਧਨਾਵਾਂ ਫ਼ਜ਼ੂਲ ਹੋ ਗਈਆ। ਇਕ ਉੱਤਮ ਸਾਧਕ ਜੇ ਫਲ ਪ੍ਰਾਪਤੀ ਦੀ ਇੱਛਾ ਜਾਂ ਆਪਣੇ ਕਰਤਵਾਂ ਦਾ ਫਲ ਪਾਉਣ ਦੀ ਭਾਵਨਾ ਤੋਂ ਮੁਕਤ ਨਹੀਂ ਹੈ ਅਤੇ ਜੇ ਉਨ੍ਹਾਂ ਦੇ ਲਈ ਉਸ ਵਿਚ ਨਫ਼ਰਤ ਪੈਦਾ ਨਾ ਹੋਏ ਤਾਂ ਸਾਰਾ ਕੁਝ ਵਿਅਰਥ ਹੀ ਹੋਇਆ। ਉਹ ਆਤਮਾਨੁਭੂਤੀ ਪ੍ਰਾਪਤ ਕਰਨ ਵਿਚ ਸਫਲ ਨਹੀਂ ਹੋ ਸਕਦਾ ਜਿਹੜਾ ਹੰਕਾਰੀ ਅਤੇ ਹਮੇਸ਼ਾਂ ਵਿਸ਼ੇ-ਵਿਕਾਰਾਂ ਵਿਚ ਲਿਪਤ ਹੈ, ਉਸ 'ਤੇ ਗੁਰੂ ਦੇ ਉਪਦੇਸ਼ਾਂ ਅਤੇ ਸਿੱਖਿਆ ਦਾ ਕੋਈ ਅਸਰ ਨਹੀਂ ਪੈਂਦਾ। ਇਸ ਲਈ ਮਨ ਦੀ ਪਵਿੱਤਰਤਾ ਬਹੁਤ ਜ਼ਰੂਰੀ ਹੈ, ਕਿਉਂਕਿ ਉਸ ਦੇ ਬਿਨਾਂ ਅਧਿਆਤਮਿਕ ਸਾਧਨਾਵਾਂ ਦਾ ਕੋਈ ਮਹੱਤਵ ਨਹੀਂ ਅਤੇ ਉਹ ਨਿਰਾ ਪਖੰਡ ਹੀ ਹੈ। ਇਸ ਲਈ ਠੀਕ ਇਹ ਹੀ ਹੈ ਜਿਸ ਨੂੰ ਜਿਹੜਾ ਰਾਹ ਬੁੱਧੀ ਮੁਤਾਬਿਕ ਠੀਕ ਹੋਏ, ਉਹ ਉਸ 'ਤੇ ਹੀ ਚਲੇ। ਮੇਰਾ ਖ਼ਜ਼ਾਨਾ ਪੂਰਨ ਹੈ, ਮੈਂ ਹਰ ਇਕ ਦੀ ਇੱਛਾ ਅਨੁਸਾਰ ਉਸ ਦੀ ਪੂਰਤੀ ਕਰ ਸਕਦਾ ਹਾਂ, ਪਰ ਮੈਨੂੰ ਪਾਤਰ ਦੀ ਯੋਗਤਾ ਅਯੋਗਤਾ ਦਾ ਵੀ ਧਿਆਨ ਰਖਣਾ ਪੈਂਦਾ ਹੈ। ਜੋ ਕੁਝ ਮੈਂ ਕਹਿ ਰਿਹਾ ਹਾਂ, ਜੇ ਤੁਸੀਂ ਉਸ ਨੂੰ ਇਕਾਗਰ ਹੋ ਕੇ ਸੁਣੋਗੇ ਤਾਂ ਤੁਹਾਨੂੰ ਯਕੀਨਨ ਹੀ ਲਾਭ ਹੋਵੇਗਾ। ਇਸ ਮਸਜਿਦ ਵਿਚ ਬੈਠਕੇ ਮੈਂ ਕਦੀ ਝੂਠਾ ਭਾਸ਼ਣ ਨਹੀਂ ਦਿੰਦਾ। ਜਦੋਂ ਘਰ ਵਿਚ ਕਿਸੇ ਮਹਿਮਾਨ ਨੂੰ ਸੱਦਾ ਦਿੱਤਾ ਜਾਂਦਾ ਹੈ ਤਾਂ ਉਸ ਦੇ ਨਾਲ ਪਰਿਵਾਰ, ਹੋਰ ਦੋਸਤ ਅਤੇ ਰਿਸ਼ਤੇਦਾਰ ਆਦਿ ਵੀ ਭੋਜਨ ਕਰਨ ਲਈ ਸੱਦੇ ਜਾਂਦੇ ਹਨ।" ਬਾਬਾ ਵੱਲੋਂ ਧਨੀ ਸੱਜਣ ਨੂੰ ਦਿੱਤੇ ਗਏ ਇਸ ਗਿਆਨ ਭੋਜ ਵਿਚ ਮਸਜਿਦ ਵਿਚ ਹਾਜ਼ਰ ਸਾਰੇ ਜਣੇ ਸ਼ਾਮਿਲ ਸਨ। ਬਾਬਾ ਦਾ ਆਸ਼ੀਰਵਾਦ ਲੈ

ਕੇ ਸਾਰੇ ਲੋਕ ਉਸ ਧਨੀ ਸੱਜਣ ਦੇ ਨਾਲ ਖ਼ੁਸ਼ੀ ਅਤੇ ਸੰਤੋਖ ਨਾਲ ਆਪਣੇ-ਆਪਣੇ ਘਰਾਂ ਨੂੰ ਵਾਪਸ ਚਲੇ ਗਏ।

## ਬਾਬਾ ਦੀ ਵਿਸ਼ੇਸ਼ਤਾ

ਇਸ ਤਰ੍ਹਾਂ ਦੇ ਸੰਤ ਅਨੇਕਾਂ ਹਨ, ਜਿਹੜੇ ਘਰ ਬਾਰ ਛੱਡ ਕੇ ਜੰਗਲ ਦੀਆਂ ਗੁਫ਼ਾਵਾਂ ਜਾਂ ਝੌਂਪੜੀਆਂ ਵਿਚ ਇਕਾਂਤਵਾਸ ਕਰਦੇ ਹੋਏ ਆਪਣੀ ਮੁਕਤੀ ਜਾਂ ਮੋਕਸ਼-ਪ੍ਰਾਪਤੀ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ। ਉਹ ਦੂਸਰਿਆਂ ਦੀ ਜ਼ਰਾ ਵੀ ਪਰਵਾਹ ਨਾ ਕਰ ਕੇ ਹਮੇਸ਼ਾਂ ਧਿਆਨ ਵਿਚ ਮਗਨ ਰਹਿੰਦੇ ਹਨ। ਸ੍ਰੀ ਸਾਈਂ ਬਾਬਾ ਦਾ ਸੁਭਾਅ ਇਸ ਤਰ੍ਹਾਂ ਦਾ ਨਹੀਂ ਸੀ। ਭਾਵੇਂ ਉਨ੍ਹਾਂ ਦੇ ਕੋਈ ਘਰ-ਬਾਰ, ਪਤਨੀ ਅਤੇ ਔਲਾਦ, ਨੇੜੇ ਜਾਂ ਦੂਰ ਦੇ ਰਿਸ਼ਤੇਦਾਰ ਨਹੀਂ ਸਨ, ਫੇਰ ਵੀ ਉਹ ਸੰਸਾਰ ਵਿਚ ਹੀ ਰਹਿੰਦੇ ਸਨ। ਉਹ ਸਿਰਫ਼ ਚਾਰ-ਪੰਜ ਘਰਾਂ ਵਿਚੋਂ ਭਿੱਖਿਆ ਲੈ ਕੇ ਹਮੇਸ਼ਾਂ ਨਿੰਮ ਦੇ ਦਰਖ਼ਤ ਥੱਲੇ ਰਹਿੰਦੇ ਅਤੇ ਸਾਰੇ ਸੰਸਾਰਿਕ ਵਿਹਾਰ ਕਰਦੇ ਰਹਿੰਦੇ ਸੀ। ਇਸ ਦੁਨੀਆਂ ਵਿਚ ਰਹਿ ਕੇ ਕਿਸ ਤਰ੍ਹਾਂ ਆਚਰਣ ਕਰਨਾ ਚਾਹੀਦਾ ਹੈ, ਇਸ ਦੀ ਵੀ ਉਹ ਸਿੱਖਿਆ ਦਿੰਦੇ ਸੀ। ਇਸ ਤਰ੍ਹਾਂ ਦੇ ਸਾਧੂ ਜਾਂ ਸੰਤ ਵਿਰਲੇ ਹੀ ਹੁੰਦੇ ਹਨ, ਜਿਹੜੇ ਆਪ ਭਗਵਤ ਪ੍ਰਾਪਤੀ ਦੇ ਮਗਰੋਂ ਲੋਕਾਂ ਦੇ ਕਲਿਆਣ ਲਈ ਕੋਸ਼ਿਸ਼ ਕਰਨ। ਸ੍ਰੀ ਸਾਈਂ ਬਾਬਾ ਇਨ੍ਹਾਂ ਸਾਰਿਆਂ ਤੋਂ ਉੱਪਰ ਸਨ, ਇਸ ਲਈ ਹੇਮਾਂਡਪੰਤ ਕਹਿੰਦੇ ਹਨ—

"ਉਹ ਦੇਸ਼ ਧੰਨ ਹੈ, ਉਹ ਪਰਿਵਾਰ ਧੰਨ ਹੈ ਅਤੇ ਉਹ ਮਾਤਾ-ਪਿਤਾ ਧੰਨ ਹਨ, ਜਿਥੇ ਸਾਈਂ ਬਾਬਾ ਦੇ ਰੂਪ ਵਿਚ ਇਹ ਅਸਧਾਰਣ ਪਰਮ ਸਰੇਸ਼ਟ ਅਨਮੋਲ ਸ਼ੁੱਧ ਹੀਰਾ ਪੈਦਾ ਹੋਇਆ।"

**ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।**



# ॥ ਅਧਿਆਇ 18-19 ॥

## *ਸ੍ਰੀ ਹੇਮਾਡਪੰਤ 'ਤੇ ਬਾਬਾ ਦੀ ਕ੍ਰਿਪਾ ਕਿਸ ਤਰ੍ਹਾਂ ਹੋਈ ? ਸ੍ਰੀ ਸਾਠੇ ਅਤੇ ਸ੍ਰੀਮਤੀ ਦੇਸ਼ਮੁੱਖ ਦੀ ਕਥਾ, ਉੱਤਮ ਵਿਚਾਰਾਂ ਨੂੰ ਉਤਸ਼ਾਹ, ਉਪਦੇਸ਼ ਵਿਚ ਨਵਾਂਪਨ, ਨਿੰਦਿਆ ਸਬੰਧੀ ਉਪਦੇਸ਼ ਅਤੇ ਮਿਹਨਤ ਦੇ ਲਈ ਮਜ਼ਦੂਰੀ।*

ਬ੍ਰਹਮਗਿਆਨ ਲਈ ਉਤਾਵਲੇ ਇਕ ਅਮੀਰ ਆਦਮੀ ਨਾਲ ਬਾਬਾ ਨੇ ਕਿਸ ਤਰ੍ਹਾਂ ਦਾ ਵਰਤਾਅ ਕੀਤਾ, ਇਸ ਦਾ ਵਰਨਣ ਹੇਮਾਂਡਪੰਤ ਨੇ ਪਿਛਲੇ ਦੋ ਅਧਿਆਇਆਂ ਵਿਚ ਕੀਤਾ ਹੈ। ਹੁਣ ਹੇਮਾਂਡਪੰਤ 'ਤੇ ਕਿਸ ਤਰ੍ਹਾਂ ਬਾਬਾ ਨੇ ਕ੍ਰਿਪਾ ਕੀਤੀ, ਉੱਤਮ ਵਿਚਾਰਾਂ ਨੂੰ ਉਤਸ਼ਾਹ ਦੇ ਕੇ ਉਨ੍ਹਾਂ ਨੂੰ ਲਾਭਕਾਰੀ ਬਣਾਇਆ ਅਤੇ ਆਤਮਾ ਦੀ ਉੱਨਤੀ ਅਤੇ ਮਿਹਨਤ ਦੇ ਫਲ ਦੇ ਸਬੰਧ ਬਾਰੇ ਕਿਸ ਤਰ੍ਹਾਂ ਉਪਦੇਸ਼ ਦਿੱਤੇ, ਇਸ ਦਾ ਇਨ੍ਹਾਂ ਦੋ ਅਧਿਆਇਆਂ ਵਿਚ ਵਰਨਣ ਕੀਤਾ ਜਾਏਗਾ।

ਇਹ ਤਾਂ ਪਤਾ ਹੀ ਹੈ ਕਿ ਸਤਿਗੁਰੂ ਪਹਿਲੇ ਆਪਣੇ ਚੇਲੇ ਦੀ ਯੋਗਤਾ 'ਤੇ ਖ਼ਾਸ ਧਿਆਨ ਦਿੰਦੇ ਹਨ। ਉਸ ਦੇ ਚਿਤ ਨੂੰ ਜ਼ਰਾ ਵੀ ਡਾਵਾਂਡੋਲ ਨਾ ਕਰਕੇ ਉਹ ਉਪਦੇਸ਼ ਦੇ ਕੇ ਉਸ ਨੂੰ ਆਤਮਾਨੁਭੂਤੀ ਵੱਲ ਪ੍ਰੇਰਤ ਕਰਦੇ ਹਨ। ਇਸ ਸਬੰਧ ਵਿਚ ਕੁਝ ਲੋਕਾਂ ਦਾ ਵਿਚਾਰ ਹੈ ਕਿ ਜੋ ਸਿੱਖਿਆ ਜਾਂ ਉਪਦੇਸ਼ ਸਤਿਗੁਰੂ ਕੋਲੋਂ ਮਿਲਦਾ ਹੈ, ਉਸ ਨੂੰ ਹੋਰ ਲੋਕਾਂ ਨੂੰ ਦੱਸਣਾ ਨਹੀਂ ਚਾਹੀਦਾ। ਉਨ੍ਹਾਂ ਦੀ ਇਸ ਤਰ੍ਹਾਂ ਦੀ ਧਾਰਨਾ ਹੈ ਕਿ ਉਸ ਨੂੰ ਦੱਸ ਦੇਣ ਨਾਲ ਉਸ ਦਾ ਮਹੱਤਵ ਘਟ ਜਾਂਦਾ ਹੈ। ਅਸਲ ਵਿਚ ਇਹ ਸੋਚ ਸੌੜੀ ਹੈ। ਸਤਿਗੁਰੂ ਤਾਂ ਬਰਸਾਤ ਰੁੱਤ ਦੇ ਬੱਦਲਾਂ ਵਾਂਗ ਹਨ, ਜਿਹੜੇ ਸਭ ਜਗ੍ਹਾ ਇਕੋ ਜਿਹੇ ਵੱਸਦੇ ਹਨ, ਭਾਵ ਉਹ ਆਪਣੇ ਅੰਮ੍ਰਿਤ ਤੁੱਲ ਉਪਦੇਸ਼ਾਂ ਨੂੰ ਵਿਸ਼ਾਲ ਖੇਤਰ ਵਿਚ ਪ੍ਰਸਾਰਣ ਕਰਦੇ ਹਨ। ਪਹਿਲਾਂ ਉਨ੍ਹਾਂ ਦਾ ਮਤਲਬ ਚੰਗੀ ਤਰ੍ਹਾ ਸਮਝ ਕੇ ਅਤੇ ਫੇਰ ਤੰਗ ਸੋਚ ਨੂੰ ਛੱਡ ਕੇ ਹੋਰ ਲੋਕਾਂ ਵਿਚ ਪ੍ਰਚਾਰ ਕਰੋ। ਇਹ ਅਸੂਲ ਜਾਗਦੇ ਅਤੇ ਸੁਪਨੇ ਵਿਚ ਦੋਵਾਂ ਹਾਲਤਾਂ ਵਿਚ ਮਿਲੇ ਉਪਦੇਸ਼ਾਂ ਦੇ ਲਈ ਹੈ। ਉਦਾਹਰਣ— ਬੁੱਧਕੌਸ਼ਿਕ ਰਿਸ਼ੀ ਨੇ ਸੁਪਨੇ ਵਿਚ ਪ੍ਰਾਪਤ ਪ੍ਰਸਿੱਧ "ਰਾਮ ਰਖਸ਼ਾ ਸਤੋਤਰ" ਆਮ ਜਨਤਾ ਦੇ ਭਲੇ ਲਈ ਪ੍ਰਗਟ ਕਰ ਦਿੱਤਾ ਸੀ।

ਜਿਸ ਤਰ੍ਹਾਂ ਇਕ ਦਿਆਲੂ ਮਾਂ, ਬੱਚੇ ਦੇ ਇਲਾਜ ਲਈ ਕੌੜੀ ਦਵਾਈ ਜ਼ਬਰਦਸਤੀ ਦਿੰਦੀ ਹੈ, ਉਸੇ ਤਰ੍ਹਾਂ ਸ਼੍ਰੀ ਸਾਈਂਬਾਬਾ ਵੀ ਆਪਣੇ ਭਗਤਾਂ ਦੇ ਭਲੇ ਲਈ ਹੀ ਉਪਦੇਸ਼ ਦਿੰਦੇ ਹੁੰਦੇ ਸੀ। ਉਹ ਆਪਣੇ ਤਰੀਕੇ ਨੂੰ ਗੁਪਤ ਨਾ ਰੱਖ ਕੇ ਪੂਰਨ ਜਾਹਰਾ ਰੱਖਣ ਨੂੰ ਹੀ ਜ਼ਿਆਦਾ ਮਹੱਤਵ ਦਿੰਦੇ ਸੀ। ਇਸ ਕਰਕੇ ਜਿਹੜੇ ਭਗਤਾਂ ਨੇ ਉਨ੍ਹਾਂ ਦੇ ਉਪਦੇਸ਼ਾਂ ਦਾ ਪੂਰੀ ਤਰ੍ਹਾਂ ਪਾਲਣ ਕੀਤਾ, ਉਹ ਆਪਣੇ ਮੰਤਵ ਦੀ ਪ੍ਰਾਪਤੀ ਵਿਚ ਸਫਲ ਹੋਏ। ਸ੍ਰੀ ਸਾਈਂਬਾਬਾ ਵਰਗੇ ਸਤਿਗੁਰੂ ਹੀ ਗਿਆਨ ਦੀਆਂ ਅੱਖਾਂ ਖੋਲ੍ਹ ਕੇ ਆਤਮਾ ਦੀ ਅਲੌਕਿਕਤਾ ਦਾ ਅਨੁਭਵ ਕਰਾ ਦੇਣ ਵਿਚ ਸਮਰਥ ਹਨ। ਵਿਸ਼ੇ-ਵਾਸਨਾਵਾਂ ਦਾ ਮੋਹ ਨਸ਼ਟ ਕਰ ਕੇ ਉਹ ਭਗਤਾਂ ਦੀਆਂ ਇੱਛਾਵਾਂ ਨੂੰ ਪੂਰੀਆਂ ਕਰ ਦਿੰਦੇ ਸੀ। ਜਿਸ ਦੇ ਫਲ ਸਰੂਪ ਹੀ ਗਿਆਨ ਅਤੇ ਵੈਰਾਗ ਪ੍ਰਾਪਤ ਹੋ ਕੇ, ਗਿਆਨ ਦੀ

ਲਗਾਤਾਰ ਉੱਨਤੀ ਹੁੰਦੀ ਰਹਿੰਦੀ ਹੈ। ਇਹ ਸਾਰਾ ਉਸੇ ਵੇਲੇ ਸੰਭਵ ਹੈ, ਜਦੋਂ ਸਾਨੂੰ ਸਤਿਗੁਰੂ ਦੀ ਸੰਗਤ ਪ੍ਰਾਪਤ ਹੋਵੇ ਅਤੇ ਸੇਵਾ ਦੇ ਬਾਅਦ ਅਸੀਂ ਉਨ੍ਹਾਂ ਦਾ ਪਿਆਰ ਪ੍ਰਾਪਤ ਕਰ ਸਕੀਏ। ਉਦੋਂ ਭਗਵਾਨ ਵੀ, ਜਿਹੜੇ ਭਗਤਾਂ ਦੀਆਂ ਕਾਮਨਾ ਪੂਰੀਆਂ ਕਰਦੇ ਹਨ, ਸਾਡੀ ਮਦਦ ਲਈ ਆ ਜਾਂਦੇ ਹਨ। ਉਹ ਸਾਨੂੰ ਦੁੱਖਾਂ ਤਕਲੀਫਾਂ ਤੋਂ ਮੁਕਤ ਕਰਕੇ ਸੁੱਖੀ ਕਰ ਦਿੰਦੇ ਹਨ। ਇਹ ਸਾਰੀ ਉਨਤੀ ਸਿਰਫ਼ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਸੰਭਵ ਹੈ, ਜਿਹੜੇ ਕਿ ਆਪ ਈਸ਼ਵਰ ਦੇ ਰੂਪ ਹਨ। ਇਸ ਲਈ ਸਾਨੂੰ ਹਰ ਵੇਲੇ ਸਤਿਗੁਰੂ ਦੀ ਖੋਜ ਵਿਚ ਰਹਿਣਾ ਚਾਹੀਦਾ ਹੈ। ਹੁਣ ਅਸੀਂ ਮੁੱਖ ਵਿਸ਼ੇ ਵੱਲ ਆਉਂਦੇ ਹਾਂ।

## ਸ੍ਰੀ ਸਾਠੇ

ਇਕ ਸੱਜਣ ਦਾ ਨਾਂਅ ਸ੍ਰੀ ਸਾਠੇ ਸੀ। ਕਰਾਫਰਡ ਦੇ ਰਾਜ ਵਿਚ ਕਈ ਸਾਲ ਪਹਿਲਾਂ, ਉਹ ਕੁਝ ਮਸ਼ਹੂਰ ਹੋ ਗਏ ਸੀ। ਇਸ ਰਾਜ ਦਾ ਬੰਬਈ ਦੇ ਗਵਰਨਰ ਲਾਰਡ ਰੇ ਨੇ ਖ਼ਾਤਮਾ ਕਰ ਦਿੱਤਾ ਸੀ। ਸ੍ਰੀ ਸਾਠੇ ਨੂੰ ਵਪਾਰ ਵਿਚ ਬਹੁਤ ਘਾਟਾ ਹੋਇਆ ਅਤੇ ਹਾਲਾਤ ਠੀਕ ਨਾ ਹੋਣ ਕਰਕੇ ਉਨ੍ਹਾਂ ਨੂੰ ਬਹੁਤ ਧੱਕਾ ਲੱਗਾ। ਉਹ ਬਹੁਤ ਦੁੱਖੀ ਅਤੇ ਨਾਉਮੀਦ ਹੋ ਗਏ ਅਤੇ ਬੇਚੈਨ ਹੋਣ ਕਰਕੇ ਘਰ ਛੱਡ ਕੇ ਕਿਸੇ ਇਕਾਂਤ ਜਗ੍ਹਾਂ ਤੇ ਰਹਿਣ ਦਾ ਵਿਚਾਰ ਕਰਨ ਲਗੇ। ਬਹੁਤੀ ਵਾਰੀ ਮਨੁੱਖਾਂ ਨੂੰ ਈਸ਼ਵਰ ਦੀ ਯਾਦ ਮੁਸੀਬਤਾਂ ਅਤੇ ਬੁਰੇ ਦਿਨਾਂ ਵਿਚ ਹੀ ਆਉਂਦੀ ਹੈ ਅਤੇ ਉਨ੍ਹਾਂ ਦਾ ਭਰੋਸਾ ਇਸ ਵੇਲੇ ਈਸ਼ਵਰ ਵਿਚ ਵੱਧ ਜਾਂਦਾ ਹੈ। ਉਦੋਂ ਉਹ ਤਕਲੀਫਾਂ ਤੋਂ ਛੁਟਕਾਰੇ ਲਈ ਭਗਵਾਨ ਨੂੰ ਪ੍ਰਾਰਥਨਾ ਕਰਨ ਲੱਗ ਪੈਂਦੇ ਹਨ। ਜੇ ਉਨ੍ਹਾਂ ਦੇ ਪਾਪ ਖ਼ਤਮ ਹੋ ਗਏ ਹੋਣ ਤਾਂ ਭਗਵਾਨ ਵੀ ਉਨ੍ਹਾਂ ਦੀ ਮੁਲਾਕਾਤ ਕਿਸੇ ਸੰਤ ਨਾਲ ਕਰਵਾ ਦਿੰਦੇ ਹਨ, ਜਿਹੜਾ ਉਨ੍ਹਾਂ ਦੇ ਭਲੇ ਲਈ ਹੀ ਉਚਿਤ ਰਾਹ ਦਿਖਾ ਦਿੰਦਾ ਹੈ। ਇਸ ਤਰ੍ਹਾਂ ਹੀ ਸ੍ਰੀ ਸਾਠੇ ਨਾਲ ਵੀ ਹੋਇਆ ਉਨ੍ਹਾਂ ਦੇ ਇਕ ਦੋਸਤ ਨੇ ਉਨ੍ਹਾਂ ਨੂੰ ਸ਼ਿਰਡੀ ਜਾਣ ਦੀ ਸਲਾਹ ਦਿੱਤੀ, ਜਿਥੇ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਅਤੇ ਇੱਛਾ ਪੂਰੀਆਂ ਕਰਨ ਲਈ, ਦੇਸ਼ ਦੇ ਕੋਨੇ-ਕੋਨੇ ਤੋਂ ਲੋਕਾਂ ਦੇ ਝੁੰਡਾਂ ਦੇ ਝੁੰਡ ਆ ਰਹੇ ਹਨ। ਉਨ੍ਹਾਂ ਨੂੰ ਇਹ ਵਿਚਾਰ ਚੰਗਾ ਲਗਿਆ ਅਤੇ ਸੰਨ 1917 ਵਿਚ ਉਹ ਸ਼ਿਰਡੀ ਗਏ। ਬਾਬਾ ਦੇ ਸ਼ਾਸਵਤ ਪੂਰਨ-ਬ੍ਰਹਮ ਰੋਸ਼ਨ ਦੀਪਤੀਮਾਨ, ਨਿਰਮਲ ਅਤੇ ਸ਼ੁੱਧ ਸਰੂਪ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਮਨ ਦੀ ਬੇਚੈਨੀ ਖ਼ਤਮ ਹੋ ਗਈ ਅਤੇ ਉਨ੍ਹਾਂ ਦਾ ਚਿੱਤ ਸ਼ਾਂਤ ਅਤੇ ਸਥਿਰ ਹੋ ਗਿਆ। ਉਨ੍ਹਾਂ ਨੇ ਸੋਚਿਆ ਕਿ ਪਿੱਛਲੇ ਜਨਮਾਂ ਦੇ ਕੀਤੇ ਸ਼ੁਭ ਕਰਮਾਂ ਕਰਕੇ ਹੀ ਅੱਜ ਮੈਂ ਸ੍ਰੀ ਸਾਈਂ ਬਾਬਾ ਦੇ ਪਵਿੱਤਰ ਚਰਣਾਂ ਤਕ ਪਹੁੰਚਣ ਦੇ ਕਾਬਿਲ ਹੋ ਸਕਿਆ ਹਾਂ। ਸ੍ਰੀ ਸਾਠੇ ਪੱਕੇ ਇਰਾਦੇ ਦੇ ਆਦਮੀ ਸੀ। ਇਸ ਲਈ ਉਨ੍ਹਾਂ ਨੇ ਜਲਦੀ ਹੀ ਗੁਰੂ ਚਰਿੱਤਰ ਦਾ ਪਾਠ ਸ਼ੁਰੂ ਕਰ ਦਿੱਤਾ। ਜਦੋਂ ਇਕ ਹਫ਼ਤੇ ਵਿਚ ਹੀ ਚਰਿੱਤਰ ਦਾ ਪਹਿਲਾ ਪਾਠ ਖ਼ਤਮ ਹੋ ਗਿਆ ਤਾਂ ਬਾਬਾ ਨੇ ਉਸੇ ਰਾਤ ਨੂੰ ਉਨ੍ਹਾਂ ਨੂੰ ਇਕ ਸੁਪਨਾ ਦਿਖਾਇਆ, ਜਿਹੜਾ ਇਸ ਤਰ੍ਹਾਂ ਹੈ:—

ਬਾਬਾ ਆਪਣੇ ਹੱਥ ਵਿਚ ਚਰਿੱਤਰ ਫੜ ਕੇ ਸ੍ਰੀ ਸਾਠੇ ਨੂੰ ਕੋਈ ਵਿਸ਼ਾ ਸਮਝਾ ਰਹੇ ਹਨ ਅਤੇ ਸ੍ਰੀ ਸਾਠੇ ਸਾਹਮਣੇ ਬੈਠੇ ਧਿਆਨ ਨਾਲ ਸੁਣ ਰਹੇ ਹਨ। ਜਦੋਂ ਉਨ੍ਹਾਂ ਦੀ ਨੀਂਦ ਖੁਲ੍ਹੀ ਤਾਂ ਸੁਪਨਾ ਯਾਦ ਕਰਕੇ ਉਹ

ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਵਿਚਾਰ ਕੀਤਾ ਕਿ ਇਹ ਬਾਬਾ ਦੀ ਬਹੁਤ ਕ੍ਰਿਪਾ ਹੈ, ਜਿਹੜਾ ਇਸ ਤਰ੍ਹਾਂ ਘੂਕ ਸੁਤੇ ਹੋਇਆ ਨੂੰ ਉਠਾ ਕੇ ਉਨ੍ਹਾਂ ਨੂੰ 'ਗੁਰੂ ਚਰਿੱਤਰ' ਦਾ ਅੰਮ੍ਰਿਤਪਾਨ ਕਰਨ ਦਾ ਮੌਕਾ ਦਿੰਦੇ ਹਨ। ਉਨ੍ਹਾਂ ਨੇ ਇਹ ਸੁਪਨਾ ਸ੍ਰੀ ਕਾਕਾਸਾਹਿਬ ਦਿਕਸ਼ਿਤ ਨੂੰ ਸੁਣਾਇਆ ਅਤੇ ਸ੍ਰੀ ਸਾਈਂ ਬਾਬਾ ਕੋਲ ਬੇਨਤੀ ਕਰਨ ਲਈ ਕਿਹਾ ਕਿ ਇਸ ਦਾ ਅਸਲ ਵਿਚ ਕੀ ਮਤਲਬ ਹੈ ਅਤੇ ਇਕ ਹਫਤੇ ਦਾ ਪਾਠ ਹੀ ਮੇਰੇ ਲਈ ਕਾਫ਼ੀ ਹੈ ਜਾਂ ਪਾਠ ਫੇਰ ਸ਼ੁਰੂ ਕਰਾਂ ? ਸ੍ਰੀ ਕਾਕਾਸਾਹਿਬ ਦਿਕਸ਼ਿਤ ਨੇ ਠੀਕ ਮੌਕਾ ਦੇਖ ਕੇ ਬਾਬਾ ਕੋਲੋਂ ਪੁਛਿਆ ਕਿ "ਹੇ ਦੇਵ ! ਉਸ ਨਾਲ ਤੁਸੀਂ ਸ੍ਰੀ ਸਾਠੇ ਨੂੰ ਕੀ ਉਪਦੇਸ਼ ਦਿੱਤਾ ਹੈ ? ਕੀ ਉਹ ਪਾਠ ਸਪਤਾਹ ਮੁਲਤਵੀ ਕਰ ਦੇਣ ? ਉਹ ਇਕ ਸਰਲ ਹਿਰਦੇ ਵਾਲੇ ਭਗਤ ਹਨ। ਇਸ ਲਈ ਉਨ੍ਹਾਂ ਦੀ ਮਨੋਕਾਮਨਾ ਤੁਸੀਂ ਪੂਰੀ ਕਰੋ ਅਤੇ "ਹੇ ਦੇਵ ! ਕ੍ਰਿਪਾ ਕਰਕੇ ਉਨ੍ਹਾਂ ਨੂੰ ਇਸ ਸੁਪਨੇ ਦਾ ਅਸਲ ਮਤਲਬ ਵੀ ਸਮਝਾ ਦਿਉ।" ਤਾਂ ਬਾਬਾ ਬੋਲੇ ਕਿ "ਉਨ੍ਹਾਂ ਨੂੰ ਗੁਰੂ ਚਰਿੱਤਰ ਦਾ ਇਕ ਹਫਤਾ ਹੋਰ ਪਾਠ ਕਰਨਾ ਉਚਿਤ ਹੈ ਜੇ ਉਹ ਧਿਆਨ ਨਾਲ ਪਾਠ ਕਰਨਗੇ ਤਾਂ ਉਨ੍ਹਾਂ ਦਾ ਚਿੱਤ ਸ਼ੁੱਧ ਹੋ ਜਾਏਗਾ ਅਤੇ ਛੇਤੀ ਹੀ ਕਲਿਆਣ ਹੋਵੇਗਾ। ਈਸ਼ਵਰ ਵੀ ਖੁਸ਼ ਹੋ ਕੇ ਉਨ੍ਹਾਂ ਨੂੰ ਭਵ-ਬੰਧਨ ਤੋਂ ਮੁਕਤ ਕਰ ਦੇਣਗੇ।" ਇਸ ਮੌਕੇ 'ਤੇ ਸ੍ਰੀ ਹੇਮਾਂਡਪੰਤ ਵੀ ਉਥੇ ਹਾਜ਼ਰ ਸਨ ਅਤੇ ਬਾਬਾ ਦੇ ਚਰਣਾਂ ਦੀ ਸੇਵਾ ਕਰ ਰਹੇ ਸਨ। ਬਾਬਾ ਦੇ ਵਚਣ ਸੁਣ ਕੇ ਉਨ੍ਹਾਂ ਨੂੰ ਵਿਚਾਰ ਆਇਆ ਕਿ ਸਾਠੇ ਨੂੰ ਸਿਰਫ਼ ਹਫਤੇ ਦੇ ਪਾਠ ਨਾਲ ਹੀ ਮਨਚਾਹੇ ਫਲ ਦੀ ਪ੍ਰਾਪਤੀ ਹੋ ਗਈ, ਜਦੋਂ ਕਿ ਮੈਂ ਪਿੱਛਲੇ 40 ਸਾਲਾਂ ਤੋਂ ਗੁਰੂ ਚਰਿੱਤਰ ਦਾ ਪਾਠ ਕਰ ਰਿਹਾ ਹਾਂ, ਜਿਸ ਦਾ ਨਤੀਜਾ ਹਾਲੇ ਤੱਕ ਨਹੀਂ ਨਿਕਲਿਆ। ਉਨ੍ਹਾਂ ਦਾ ਸਿਰਫ਼ ਸੱਤ ਦਿਨਾਂ ਦਾ ਸ਼ਿਰਡੀ ਵਾਸ ਸਫਲ ਹੋਇਆ ਅਤੇ ਮੇਰੇ ਪਿੱਛਲੇ ਸੱਤ ਸਾਲ ਦਾ (1910-1917) ਵਾਸ ਵੀ ਵਿਅਰਥ ਹੋ ਗਿਆ ? ਚਾਤਕ ਪੰਛੀ ਦੇ ਵਾਂਗ ਮੈਂ ਹਮੇਸ਼ਾਂ ਉਸ ਕ੍ਰਿਪਾਲੂ ਬੱਦਲ (ਬਾਬਾ) ਦੀ ਰਾਹ ਦੇਖਦਾ ਰਹਿੰਦਾ ਹਾਂ, ਜਿਹੜਾ ਮੇਰੇ ਉਪਰ ਅਮ੍ਰਿੰਤ ਵੱਰਖਾ ਕਰੇ। ਉਹ ਕਦੋਂ ਮੈਨੂੰ ਆਪਣੇ ਉਪਦੇਸ਼ ਦੇਣ ਦੀ ਕ੍ਰਿਪਾ ਕਰਨਗੇ ? ਇਸ ਤਰ੍ਹਾਂ ਦਾ ਵਿਚਾਰ ਉਨ੍ਹਾਂ ਦੇ ਦਿਮਾਗ ਵਿਚ ਆਇਆ ਹੀ ਸੀ ਕਿ ਬਾਬਾ ਨੂੰ ਸਭ ਪਤਾ ਲੱਗ ਗਿਆ। ਏਦਾਂ ਭਗਤਾਂ ਨੇ ਹਮੇਸ਼ਾਂ ਹੀ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਦੇ ਸਾਰੇ ਵਿਚਾਰਾਂ ਨੂੰ ਜਾਣ ਕੇ ਬਾਬਾ ਉਸੇ ਵੇਲੇ ਮਾੜੇ ਵਿਚਾਰਾਂ ਦਾ ਖ਼ਾਤਮਾ ਕਰ ਕੇ ਉੱਤਮ ਵਿਚਾਰਾਂ ਨੂੰ ਉਤਸਾਹਿਤ ਕਰਦੇ ਸੀ। ਹੇਮਾਂਡਪੰਤ ਦਾ ਇਸ ਤਰ੍ਹਾਂ ਦਾ ਵਿਚਾਰ ਜਾਣ ਕੇ ਬਾਬਾ ਨੇ ਉਸੇ ਵੇਲੇ ਆਗਿਆ ਦਿੱਤੀ ਕਿ ਸ਼ਾਮਾ ਦੇ ਘਰ ਜਾਉ ਅਤੇ ਕੁਝ ਦੇਰ ਉਸ ਨਾਲ ਗੱਲਬਾਤ ਕਰਕੇ 15 ਰੁਪਏ ਦਕਸ਼ਿਣਾ ਲੈ ਕੇ ਆਉ। ਬਾਬਾ ਨੂੰ ਦਯਾ ਆ ਗਈ ਸੀ। ਇਸ ਲਈ ਉਨ੍ਹਾਂ ਨੇ ਇਹ ਆਗਿਆ ਦਿੱਤੀ। ਉਨ੍ਹਾਂ ਦੀ ਆਗਿਆ ਨਾ ਮੰਨਣ ਦੀ ਹਿੰਮਤ ਕਿਸੇ ਵਿਚ ਨਹੀਂ ਸੀ ? ਸ਼੍ਰੀ ਹੇਮਾਂਡਪੰਤ ਜਲਦੀ ਸ਼ਾਮਾ ਦੇ ਘਰ ਪਹੁੰਚੇ। ਇਸ ਵੇਲੇ ਸ਼ਾਮਾ ਇਸ਼ਨਾਨ ਕਰਕੇ ਧੋਤੀ ਪਾ ਰਹੇ ਸੀ। ਉਨ੍ਹਾਂ ਨੇ ਬਾਹਰ ਆ ਕੇ ਹੇਮਾਂਡਪੰਤ ਨੂੰ ਪੁਛਿਆ ਕਿ "ਤੁਸੀਂ ਇਥੇ ਕਿਸ ਤਰ੍ਹਾਂ ?" ਲੱਗਦਾ ਹੈ ਕਿ ਤੁਸੀਂ ਮਸਜਿਦ ਤੋਂ ਹੀ ਆ ਰਹੇ ਹੋ ਅਤੇ ਤੁਸੀਂ ਇਸ ਤਰ੍ਹਾਂ ਪਰੇਸ਼ਾਨ ਅਤੇ ਉਦਾਸ ਕਿਉਂ ਹੋ ? ਤੁਸੀਂ ਇਕੱਲੇ ਹੀ ਕਿਉਂ ਆਏ ਹੋ ? ਆਉ, ਬੈਠੋ ਅਤੇ ਥੋੜ੍ਹਾ ਆਰਾਮ ਤਾਂ ਕਰੋ। ਜਦੋਂ ਤੱਕ ਮੈਂ ਪੂਜਾ ਆਦਿ ਤੋਂ ਵਿਹਲਾ ਹੋ ਜਾਵਾਂ, ਉਦੋਂ ਤੱਕ ਤੁਸੀਂ ਕ੍ਰਿਪਾ ਕਰਕੇ ਪਾਨ ਆਦਿ ਲਵੋ। ਇਸ ਦੇ ਬਾਅਦ ਹੀ

ਆਪਾਂ ਆਰਾਮ ਨਾਲ ਗੱਲਬਾਤ ਕਰਾਂਗੇ।" ਇਹ ਕਹਿ ਕੇ ਉਹ ਅੰਦਰ ਚਲੇ ਗਏ। ਬਰਾਂਡੇ ਵਿਚ ਬੈਠੇ-ਬੈਠੇ ਹੇਮਾਂਡਪੰਤ ਦੀ ਨਜ਼ਰ ਅਚਾਨਕ ਖਿੜਕੀ ਵਿਚ ਰੱਖੀ "ਨਾਥ-ਭਗਵਤ" 'ਤੇ ਪਈ। 'ਨਾਥ-ਭਗਵਤ' ਸ੍ਰੀ ਏਕਨਾਥ ਦੀ ਮਹਾਂਭਗਵਤ ਦੇ 11ਵੇਂ ਸਕੰਦ ਉਪਰ ਮਰਾਠੀ ਭਾਸ਼ਾ ਵਿਚ ਕੀਤੀ ਹੋਈ ਇਕ ਟੀਕਾ ਹੈ। ਸ੍ਰੀ ਸਾਈਂ ਬਾਬਾ ਦੀ ਆਗਿਆ ਅਨੁਸਾਰ ਸ੍ਰੀ ਬਾਪੂਸਾਹਿਬ ਜੋਗ ਅਤੇ ਸ੍ਰੀ ਕਾਕਾਸਾਹਿਬ ਦਿਕਸ਼ਿਤ ਸ਼ਿਰਡੀ ਵਿਚ ਰੋਜ਼ ਭਗਵਤ ਗੀਤਾ ਦਾ ਮਰਾਠੀ ਟੀਕਾ ਨਾਲ, ਜਿਸ ਦਾ ਨਾਂਅ ਭਾਵਅਰਥ ਦੀਪਿਕਾ ਜਾਂ ਗਿਆਨੇਸ਼ਵਰੀ ਹੈ (ਕ੍ਰਿਸ਼ਨ ਅਤੇ ਭਗਤ ਅਰਜੁਨ ਸੰਵਾਦ), ਨਾਥ ਭਗਵਤ (ਸ੍ਰੀ ਕ੍ਰਿਸ਼ਨ ਉਦਵ ਸੰਵਾਦ) ਅਤੇ ਏਕਨਾਥ ਦਾ ਮਹਾਨ ਗ੍ਰੰਥ ਭਾਵਅਰਥ ਰਾਮਾਇਣ ਦਾ ਪਾਠ ਕਰਦੇ ਸਨ। ਜਦੋਂ ਭਗਤ ਬਾਬਾ ਕੋਲੋਂ ਕੋਈ ਸੁਆਲ ਪੁੱਛਣ ਆਉਂਦੇ ਤਾਂ ਉਹ ਕਦੀ ਅੱਧਾ ਪੱਚਦਾ ਜਵਾਬ ਦਿੰਦੇ ਅਤੇ ਕਦੀ ਉਨ੍ਹਾਂ ਨੂੰ ਯੋਗ ਭਗਵਤ ਅਤੇ ਪ੍ਰਮੁੱਖ ਗ੍ਰੰਥਾਂ ਦਾ ਸਰਵਣ ਕਰਨ ਲਈ ਕਹਿੰਦੇ ਸੀ, ਜਿਨ੍ਹਾਂ ਨੂੰ ਸੁਣਨ ਨਾਲ ਭਗਤਾਂ ਨੂੰ ਆਪਣੇ ਸੁਆਲਾਂ ਦੇ ਪੂਰੇ ਤਸੱਲੀਬਖ਼ਸ਼ ਜਵਾਬ ਮਿਲ ਜਾਂਦੇ ਸੀ। ਸ੍ਰੀ ਹੇਮਾਂਡਪੰਤ ਵੀ ਰੋਜ਼ ਨਾਥ-ਭਾਗਵਤ ਦੇ ਕੁੱਝ ਅੰਸ਼ਾ ਦਾ ਪਾਠ ਕਰਦੇ ਸੀ।

ਅੱਜ ਸਵੇਰੇ ਮਸਜਿਦ ਨੂੰ ਜਾਣ ਲੱਗੇ ਕੁਝ ਭਗਤਾਂ ਦੇ ਸਾਥ ਕਰਕੇ ਉਨ੍ਹਾਂ ਨੇ ਆਪਣਾ ਨਿਤ ਨੇਮ ਦਾ ਪਾਠ ਅਧੂਰਾ ਹੀ ਛੱਡ ਦਿੱਤਾ ਸੀ ਉਨ੍ਹਾਂ ਨੇ ਜਦੋਂ ਹੀ ਉਹ ਗ੍ਰੰਥ ਚੁੱਕ ਕੇ ਖੋਲ੍ਹਿਆ ਤਾਂ ਆਪਣੇ ਬਾਕੀ ਰਹਿੰਦੇ ਪਾਠ ਦਾ ਸਫਾ ਸਾਹਮਣੇ ਦੇਖ ਕੇ ਉਨ੍ਹਾਂ ਨੂੰ ਬੜੀ ਹੈਰਾਨੀ ਹੋਈ। ਉਨ੍ਹਾਂ ਨੇ ਸੋਚਿਆ ਕਿ ਬਾਬਾ ਨੇ ਇਸ ਲਈ ਹੀ ਮੈਨੂੰ ਇਥੇ ਭੇਜਿਆ ਹੈ, ਤਾਂ ਕਿ ਮੈਂ ਆਪਣਾ ਬਾਕੀ ਪਾਠ ਪੂਰਾ ਕਰ ਲਵਾਂ ਅਤੇ ਉਨ੍ਹਾਂ ਨੇ ਬਾਕੀ ਰਹਿੰਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਪਾਠ ਪੂਰਾ ਹੁੰਦੇ ਹੀ ਸ਼ਾਮਾ ਵੀ ਬਾਹਰ ਆ ਗਏ ਅਤੇ ਉਨ੍ਹਾਂ ਦੋਵਾਂ ਵਿਚ ਗੱਲਬਾਤ ਹੋਣ ਲੱਗੀ। ਹੇਮਾਂਡਪੰਤ ਨੇ ਕਿਹਾ ਕਿ ਮੈਂ ਬਾਬਾ ਦਾ ਇਕ ਸੁਨੇਹਾ ਲੈ ਕੇ ਤੁਹਾਡੇ ਕੋਲ ਆਇਆ ਹਾਂ। ਉਨ੍ਹਾਂ ਨੇ ਮੈਨੂੰ ਤੁਹਾਡੇ ਕੋਲੋਂ 15 ਰੁਪਏ ਦਕਸ਼ਿਣਾ ਲਿਆਉਣ ਅਤੇ ਥੋੜ੍ਹੀ ਦੇਰ ਗੱਲ ਬਾਤ ਕਰਕੇ ਤੁਹਾਨੂੰ ਆਪਣੇ ਨਾਲ ਲੈ ਕੇ ਮਸਜਿਦ ਵਾਪਸ ਆਉਣ ਦੀ ਆਗਿਆ ਦਿੱਤੀ ਹੈ। ਸ਼ਾਮਾ ਹੈਰਾਨ ਹੋ ਕੇ ਬੋਲੇ "ਮੇਰੇ ਕੋਲ ਤਾਂ ਇਕ ਫੁੱਟੀ ਕੋਡੀ ਵੀ ਨਹੀਂ ਹੈ। ਇਸ ਲਈ ਤੁਸੀਂ ਰੁਪਇਆ ਦੇ ਬਦਲੇ ਦਕਸ਼ਿਣਾ ਵਿਚ ਮੇਰੇ 15 ਨਮਸਕਾਰ ਹੀ ਲੈ ਜਾਉ।" ਤਾਂ ਹੇਮਾਂਡਪੰਤ ਨੇ ਕਿਹਾ ਕਿ, ਠੀਕ ਹੈ, ਮੈਨੂੰ ਤੁਹਾਡੇ 15 ਨਮਸਕਾਰ ਹੀ ਮਨਜ਼ੂਰ ਹਨ। ਆਉ, ਹੁਣ ਅਸੀਂ ਕੁਝ ਗੱਲਬਾਤ ਕਰੀਏ, ਅਤੇ ਕ੍ਰਿਪਾ ਕਰ ਕੇ ਬਾਬਾ ਦੀਆਂ ਕੁਝ ਲੀਲ੍ਹਾਵਾਂ ਤੁਸੀਂ ਮੈਨੂੰ ਸੁਣਾਉ, ਜਿਸ ਨਾਲ ਪਾਪ ਨਸ਼ਟ ਹੋਣ। ਸ਼ਾਮਾ ਬੋਲੇ "ਤਾਂ ਕੁਝ ਦੇਰ ਬੈਠੋ। ਇਸ ਈਸ਼ਵਰ (ਬਾਬਾ) ਦੀ ਲੀਲ੍ਹਾ ਅਦਭੁਤ ਹੈ। ਕਿਥੇ ਮੈਂ ਅੰਨਪੜ੍ਹ ਪੇਂਡੂ ਕਿਥੇ ਤੁਸੀਂ ਇਕ ਵਿਦਵਾਨ ਇਥੇ ਆਉਣ ਤੋਂ ਬਾਅਦ ਤਾਂ ਤੁਸੀਂ ਬਾਬਾ ਦੀਆਂ ਅਨੇਕ ਲੀਲ੍ਹਾਵਾਂ ਆਪ ਦੇਖ ਹੀ ਚੁਕੇ ਹੋ, ਜਿਨ੍ਹਾਂ ਦਾ ਹੁਣ ਮੈਂ ਤੁਹਾਡੇ ਸਾਮਹਣੇ ਕਿਸ ਤਰ੍ਹਾਂ ਵਰਣਨ ਕਰ ਸਕਦਾ ਹਾਂ ? 'ਚੰਗਾ, ਇਹ ਪਾਨ-ਸੁਪਾਰੀ ਤਾਂ ਖਾਉ, ਉਦੋਂ ਤਕ ਮੈਂ ਕਪੜੇ ਪਾ ਲਵਾਂ।"

ਥੋੜ੍ਹੀ ਦੇਰ ਵਿਚ ਸ਼ਾਮਾ ਬਾਹਰ ਆਏ ਅਤੇ ਫੇਰ ਉਨ੍ਹਾਂ ਦੋਵਾਂ ਵਿਚ ਇਸ ਤਰ੍ਹਾਂ ਗੱਲਬਾਤ ਹੋਣ ਲੱਗੀ—

ਸ਼ਾਮਾ ਬੋਲੇ—"ਇਸ ਪਰਮੇਸ਼ਵਰ (ਬਾਬਾ) ਦੀਆਂ ਲੀਲ੍ਹਾਵਾਂ ਬੇਅੰਤ ਹਨ, ਜਿਸ ਦਾ ਕੋਈ ਅੰਤ ਨਹੀਂ।

ਉਹ ਤਾਂ ਲੀਲ੍ਹਾਵਾਂ ਨਾਲੋਂ ਨਿਰਲੇਪ ਰਹਿ ਕੇ ਹਮੇਸ਼ਾਂ ਮਖੌਲ ਕਰਦੇ ਹਨ। ਇਸ ਨੂੰ ਅਸੀਂ ਅਗਿਆਨੀ ਜੀਵ ਕੀ ਸਮਝ ਸਕੀਏ ? ਬਾਬਾ ਆਪ ਹੀ ਕਿਉਂ ਨਹੀਂ ਕਹਿੰਦੇ ? ਤੁਹਾਡੇ ਵਰਗੇ ਵਿਦਵਾਨ ਨੂੰ ਮੇਰੇ ਵਰਗੇ ਮੂਰਖ ਦੇ ਕੋਲ ਕਿਉਂ ਭੇਜਿਆ ਹੈ। ਉਨ੍ਹਾਂ ਦਾ ਕੰਮ ਕਰਨ ਦਾ ਢੰਗ ਹੀ ਕਲਪਨਾ ਤੋਂ ਪਰੇ ਹੈ। ਮੈਂ ਤਾਂ ਇਸ ਵਿਸ਼ੇ ਵਿਚ ਸਿਰਫ਼ ਏਨਾ ਹੀ ਕਹਿ ਸਕਦਾ ਹਾਂ ਕਿ ਉਹ ਦੁਨਿਆਵੀਂ ਨਹੀਂ ਹਨ। ਇਸ ਭੂਮਿਕਾ ਦੇ ਨਾਲ ਹੀ ਸ਼ਾਮਾ ਨੇ ਕਿਹਾ ਕਿ ਹੁਣ ਮੈਨੂੰ ਇਕ ਕਥਾ ਦੀ ਯਾਦ ਆ ਗਈ ਹੈ, ਜਿਸ ਨੂੰ ਮੈਂ ਨਿਜੀ ਰੂਪ 'ਚ ਜਾਣਦਾ ਹਾਂ। **"ਜਿਸ ਤਰ੍ਹਾਂ ਦੀ ਭਗਤ ਦੀ ਸ਼ਰਧਾ ਅਤੇ ਭਾਵ ਹੁੰਦਾ ਹੈ, ਬਾਬਾ ਵੀ ਉਸ ਤਰ੍ਹਾਂ ਉਸਦੀ ਮਦਦ ਕਰਦੇ ਹਨ। ਕਦੀ-ਕਦੀ ਤਾਂ ਬਾਬਾ ਭਗਤ ਦੀ ਸਖ਼ਤ ਪ੍ਰੀਖਿਆ ਲੈ ਕੇ ਹੀ ਉਸ ਨੂੰ ਉਪਦੇਸ਼ ਦਿੰਦੇ ਹਨ।"** 'ਉਪਦੇਸ਼' ਸ਼ਬਦ ਸੁਣ ਕੇ ਸਾਠੇ ਦੇ ਗੁਰੂਚਰਿੱਤਰ ਦੇ ਪਾਠ ਦੀ ਘਟਨਾ ਨੂੰ ਉਸੇ ਵੇਲੇ ਯਾਦ ਕਰਕੇ ਹੇਮਾਂਡਪੰਤ ਦੇ ਲੂੰ–ਕੰਡੇ ਖੜ੍ਹੇ ਹੋ ਗਏ, ਉਨ੍ਹਾਂ ਨੇ ਸੋਚਿਆ ਕਿ ਸ਼ਾਇਦ ਬਾਬਾ ਨੇ ਮੇਰੇ ਚਿੱਤ ਦੀ ਚੰਚਲਤਾ ਨਸ਼ਟ ਕਰਨ ਦੇ ਲਈ ਹੀ ਮੈਨੂੰ ਇਥੇ ਭੇਜਿਆ ਹੈ ? ਫੇਰ ਵੀ ਉਹ ਆਪਣੇ ਵਿਚਾਰ ਨਾ ਦੱਸ ਕੇ ਸ਼ਾਮਾ ਦੀ ਕਥਾ ਨੂੰ ਧਿਆਨ ਨਾਲ ਸੁਣਨ ਲੱਗੇ। ਉਨ੍ਹਾਂ ਸਾਰੀਆਂ ਕਥਾਵਾਂ ਦਾ ਨਿਚੋੜ ਸਿਰਫ਼ ਇਹੀ ਸੀ ਕਿ ਆਪਣੇ ਭਗਤਾਂ ਦੇ ਲਈ ਬਾਬਾ ਦੇ ਦਿਲ ਵਿਚ ਕਿੰਨੀ ਦਯਾ ਅਤੇ ਪਿਆਰ ਹੈ। ਇਨ੍ਹਾਂ ਕਥਾਵਾਂ ਨੂੰ ਸਰਵਣ ਕਰ ਕੇ ਹੇਮਾਂਡਪੰਤ ਨੂੰ ਅੰਦਰੂਨੀ ਖੁਸ਼ੀ ਮਹਿਸੂਸ ਹੋਣ ਲਗੀ। ਤਾਂ ਸ਼ਾਮਾ ਨੇ ਹੇਠ ਲਿਖੀ ਕਥਾ ਸੁਣਾਈ।

## ਸ੍ਰੀਮਤੀ ਰਾਧਾਬਾਈ ਦੇਸ਼ਮੁੱਖ

ਇਕ ਵਾਰੀ ਇਕ ਬਜ਼ੁਰਗ ਔਰਤ ਸ੍ਰੀ ਮਤੀ ਰਾਧਾਬਾਈ, ਜਿਹੜੀ ਖਾਸ਼ਾਬਾ ਦੇਸ਼ਮੁੱਖ ਦੀ ਮਾਂ ਸੀ, ਬਾਬਾ ਦੀ ਕੀਰਤੀ ਸੁਣ ਕੇ ਸੰਗਮਨੇਰ ਦੇ ਲੋਕਾਂ ਦੇ ਨਾਲ ਸ਼ਿਰਡੀ ਆਈ। ਬਾਬਾ ਦੇ ਦਰਸ਼ਨ ਕਰ ਕੇ ਉਸ ਨੂੰ ਬਹੁਤ ਪ੍ਰਸੰਨਤਾ ਹੋਈ। ਸ੍ਰੀ ਸਾਈਂ ਚਰਣਾਂ ਵਿਚ ਉਨ੍ਹਾਂ ਦੀ ਅਟੱਲ ਸ਼ਰਧਾ ਸੀ। ਇਸ ਲਈ ਉਨ੍ਹਾਂ ਨੇ ਇਹ ਇਰਾਦਾ ਕੀਤਾ ਕਿ ਜਿਵੇਂ ਵੀ ਹੋਵੇ ਬਾਬਾ ਨੂੰ ਆਪਣਾ ਗੁਰੂ ਧਾਰ ਕੇ, ਉਨ੍ਹਾਂ ਕੋਲੋਂ ਉਪਦੇਸ਼ ਲਿਆ ਜਾਵੇ। ਮਰਨ ਵਰਤ ਦਾ ਪੱਕਾ ਇਰਾਦਾ ਕਰਕੇ ਆਪਣੇ ਆਰਾਮ ਘਰ ਵਿਚ ਆ ਕੇ ਉਨ੍ਹਾਂ ਨੇ ਅੰਨ ਪਾਣੀ ਤਿਆਗ ਦਿੱਤਾ ਅਤੇ ਇਸ ਤਰ੍ਹਾਂ ਤਿੰਨ ਦਿਨ ਬੀਤ ਗਏ। ਮੈਂ ਇਸ ਬਜ਼ੁਰਗ ਔਰਤ ਦੀ ਅਗਨੀ ਪਰੀਖਿਆ ਤੋਂ ਬਿਲਕੁਲ ਡਰ ਗਿਆ ਅਤੇ ਬਾਬਾ ਨੂੰ ਬੇਨਤੀ ਕਰਨ ਲੱਗਾ ਕਿ, "ਦੇਵਾ ! ਤੁਸੀਂ ਹੁਣ ਇਹ ਕੀ ਕਰਨਾ ਸ਼ੁਰੂ ਕਰ ਦਿੱਤਾ ਹੈ ? ਇਸ ਤਰ੍ਹਾਂ ਕਿੰਨੇ ਲੋਕਾਂ ਨੂੰ ਤੁਸੀਂ ਇਥੇ ਖਿੱਚ ਲਿਆਉਂਦੇ ਹੋ ? ਤੁਸੀਂ ਉਸ ਬਜ਼ੁਰਗ ਔਰਤ ਨੂੰ ਪੂਰੀ ਤਰ੍ਹਾਂ ਜਾਣਦੇ ਹੀ ਹੋ, ਜਿਹੜੀ ਜ਼ਿੱਦ ਕਰਕੇ ਤੁਹਾਡੇ ਆਸਰੇ ਹੈ। ਜੇ ਤੁਸੀਂ ਕ੍ਰਿਪਾ ਕਰ ਕੇ ਉਸ ਨੂੰ ਉਪਦੇਸ਼ ਨਾ ਦਿੱਤਾ ਅਤੇ ਜੇ ਬਦਕਿਸਮਤੀ ਨਾਲ ਉਸ ਨੂੰ ਕੁੱਝ ਹੋ ਗਿਆ ਤਾਂ ਲੋਕ ਵਿਅਰਥ ਹੀ ਤੁਹਾਨੂੰ ਦੋਸ਼ੀ ਸਮਝਣਗੇ ਅਤੇ ਕਹਿਣ ਗਏ ਕਿ ਬਾਬਾ ਕੋਲੋਂ ਉਪਦੇਸ਼ ਨਾ ਮਿਲਣ ਦੇ ਕਾਰਨ ਹੀ ਉਸ ਦੀ ਮੌਤ ਹੋ ਗਈ ਹੈ। ਇਸ ਲਈ ਹੁਣ ਦਯਾ ਕਰ ਕੇ ਉਸ ਨੂੰ ਅਸੀਸ ਅਤੇ ਉਪਦੇਸ਼ ਦੇ ਦਿਉ।" ਬਜ਼ੁਰਗ ਔਰਤ ਦਾ ਇਸ ਤਰ੍ਹਾਂ ਪੱਕਾ ਇਰਾਦਾ ਦੇਖ ਕੇ ਬਾਬਾ ਨੇ ਉਸਨੂੰ ਆਪਣੇ ਕੋਲ ਬੁਲਾਇਆ ਅਤੇ ਸੁੰਦਰ ਉਪਦੇਸ਼ ਦੇ ਕੇ ਉਸ ਦੇ ਮਨ ਦੀ

ਸੋਚ ਬਦਲ ਕੇ ਕਿਹਾ ਕਿ "ਹੇ ਮਾਂ! ਕਿਉਂ ਵਿਅਰਥ ਹੀ ਤੂੰ ਤਕਲੀਫਾਂ, ਤਸੀਹੇ ਸਹਿ ਕੇ ਮੌਤ ਦੇ ਗਲੇ ਲਗਣਾ ਚਾਹੁੰਦੀ ਹੋ! ਤੂੰ ਮੇਰੀ ਮਾਂ ਅਤੇ ਮੈਂ ਤੇਰਾ ਪੁੱਤਰ। ਤੂੰ ਮੇਰੇ 'ਤੇ ਦਯਾ ਕਰ ਅਤੇ ਜੋ ਕੁਝ ਮੈਂ ਕਹਾਂ, ਉਸ ਨੂੰ ਧਿਆਨ ਨਾਲ ਸੁਣੋ। ਮੈਂ ਆਪਣੇ ਆਪ ਦੀ ਕਥਾ ਤੁਹਾਨੂੰ ਸੁਣਾਉਂਦਾ ਹਾਂ, ਅਤੇ ਤੁਸੀਂ ਉਸ ਨੂੰ ਧਿਆਨ ਨਾਲ ਸਰਵਣ ਕਰੋਗੇ ਤਾਂ ਤੁਹਾਨੂੰ ਜ਼ਰੂਰ ਪਰਮ ਸ਼ਾਂਤੀ ਮਿਲੇਗੀ। ਮੇਰੇ ਇਕ ਗੁਰੂ, ਜਿਹੜੇ ਬੜੇ ਸਿੱਧ ਪੁਰਖ ਸੀ। ਮੇਰੇ ਉਤੇ ਬਹੁਤ ਦਿਆਲੂ ਸਨ। ਬਹੁਤ ਦੇਰ ਤੱਕ ਮੈਂ ਉਨ੍ਹਾਂ ਦੀ ਸੇਵਾ ਕਰਦਾ ਰਿਹਾ, ਫੇਰ ਵੀ ਉਨ੍ਹਾਂ ਨੇ ਮੇਰੇ ਕੰਨਾਂ ਵਿਚ ਕੋਈ ਮੰਤਰ ਨਹੀਂ ਫੂਕਿਆ। ਮੈਂ ਉਨ੍ਹਾਂ ਤੋਂ ਕਦੀ ਅਲੱਗ ਹੋਣਾ ਵੀ ਨਹੀਂ ਚਾਹੁੰਦਾ ਸੀ। ਮੇਰੀ ਬਹੁਤ ਤੀਬਰ ਇੱਛਾ ਸੀ ਕਿ ਉਨ੍ਹਾਂ ਦੀ ਸੇਵਾ ਕਰਕੇ ਜਿਸ ਤਰ੍ਹਾਂ ਵੀ ਸੰਭਵ ਹੋ ਸਕੇ, ਮੰਤਰ ਪ੍ਰਾਪਤ ਕਰਾਂ। ਪਰ ਉਨ੍ਹਾਂ ਦਾ ਢੰਗ ਤਾਂ ਨਿਆਰਾ ਸੀ। ਉਨ੍ਹਾਂ ਨੇ ਪਹਿਲਾਂ ਮੇਰਾ ਮੁੰਡਨ ਕਰਕੇ ਮੇਰੇ ਕੋਲੋਂ ਦੋ ਪੈਸੇ ਦਕਸ਼ਿਣਾ ਵਿਚ ਮੰਗੇ, ਜਿਹੜੇ ਮੈਂ ਫਟਾਫੱਟ ਹੀ ਦੇ ਦਿੱਤੇ। ਜੇ ਤੁਸੀਂ ਸੁਆਲ ਕਰੋ ਕਿ ਮੇਰੇ ਗੁਰੂ ਜਦੋਂ ਪੂਰੇ ਕਾਮਨਾ ਰਹਿਤ ਸੀ ਤਾਂ ਉਨ੍ਹਾਂ ਨੂੰ ਪੈਸੇ ਮੰਗਣਾ ਕੀ ਸ਼ੋਭਾ ਦਿੰਦਾ ਸੀ? ਅਤੇ ਫੇਰ ਉਨ੍ਹਾਂ ਨੂੰ ਉਦਾਸੀਨ ਵੀ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ? ਇਸ ਦਾ ਜਵਾਬ ਸਿਰਫ਼ ਇਹ ਹੈ ਕਿ ਉਹ ਧਨ ਨੂੰ ਠੁਕਰਾਂਦੇ ਸੀ, ਕਿਉਂਕਿ ਉਨ੍ਹਾਂ ਨੂੰ ਉਸ ਦੀ ਸੁਪਨੇ ਵਿਚ ਵੀ ਜ਼ਰੂਰਤ ਨਹੀਂ ਸੀ। ਉਨ੍ਹਾਂ ਦੋ ਪੈਸਿਆਂ ਦਾ ਅਰਥ ਸੀ (1) ਪੱਕੀ ਸ਼ਰਧਾ ਅਤੇ (2) ਧੀਰਜ। ਜਦੋਂ ਮੈਂ ਇਹ ਦੋਵੇਂ ਚੀਜ਼ਾਂ ਉਨ੍ਹਾਂ ਨੂੰ ਅਰਪਣ ਕਰ ਦਿੱਤੀਆਂ ਤਾਂ ਉਹ ਬਹੁਤ ਪ੍ਰਸੰਨ ਹੋਏ। ਮੈਂ 12 ਸਾਲ ਉਨ੍ਹਾਂ ਦੇ ਸ੍ਰੀ ਚਰਣਾਂ ਦੀ ਸੇਵਾ ਵਿਚ ਗੁਜ਼ਾਰੇ। ਉਨ੍ਹਾਂ ਨੇ ਹੀ ਮੇਰਾ ਪਾਲਣ-ਪੋਸ਼ਣ ਕੀਤਾ। ਮੈਨੂੰ ਭੋਜਨ ਅਤੇ ਕਪੜਿਆਂ ਦੀ ਕੋਈ ਘਾਟ ਨਹੀਂ ਸੀ। ਉਹ ਪਿਆਰ ਦੀ ਮੂਰਤੀ ਸਨ ਅਤੇ ਇਸ ਤਰ੍ਹਾਂ ਕਹੋ ਕਿ ਉਹ ਪਿਆਰ ਦੇ ਪ੍ਰਤੱਖ ਅਵਤਾਰ ਸਨ। ਮੈਂ ਉਨ੍ਹਾਂ ਦਾ ਵਰਣਨ ਹੀ ਕਿਸ ਤਰ੍ਹਾਂ ਕਰ ਸਕਦਾ ਹਾਂ,' ਕਿਉਂਕਿ ਉਨ੍ਹਾਂ ਦਾ ਤਾਂ ਮੇਰੇ ਨਾਲ ਬਹੁਤ ਪਿਆਰ ਸੀ ਅਤੇ ਉਨ੍ਹਾਂ ਵਰਗਾ ਕੋਈ ਵਿਰਲਾ ਹੀ ਗੁਰੂ ਮਿਲੇਗਾ। ਜਦੋਂ ਮੈਂ ਉਨ੍ਹਾਂ ਵੱਲ ਦੇਖਦਾ ਤਾਂ ਮੈਨੂੰ ਏਦਾਂ ਲੱਗਦਾ ਕਿ ਉਹ ਗੰਭੀਰ ਮੁਦਰਾ ਵਿਚ ਧਿਆਨ ਮਗਨ ਹਨ ਅਤੇ ਉਦੋਂ ਅਸੀਂ ਦੋਵੇਂ ਖੁਸ਼ ਹੋ ਜਾਂਦੇ ਸੀ। ਅੱਠੋ ਪਹਿਰ ਮੈਂ ਟਿੱਕ ਟਿੱਕੀ ਲਗਾ ਕੇ ਉਨ੍ਹਾਂ ਦੇ ਹੀ ਸ੍ਰੀ ਮੁੱਖ ਵੱਲ ਦੇਖਦਾ ਰਹਿੰਦਾ ਸੀ। ਮੈਂ ਭੁੱਖ ਅਤੇ ਪਿਆਸ ਦੀ ਸੁੱਧ-ਬੁੱਧ ਗੁਆ ਬੈਠਾ ਸੀ। ਉਨ੍ਹਾਂ ਦੇ ਦਰਸ਼ਨਾਂ ਤੋਂ ਬਿਨਾਂ ਮੈਂ ਬੇਚੈਨ ਹੋ ਜਾਂਦਾ ਸੀ। ਗੁਰੂ ਸੇਵਾ ਦੀ ਫਿਕਰ ਦੇ ਇਲਾਵਾ ਮੇਰੇ ਲਈ ਹੋਰ ਕੋਈ ਫਿਕਰ ਕਰਨ ਵਾਲੀ ਚੀਜ਼ ਨਹੀਂ ਸੀ। ਮੈਨੂੰ ਤਾਂ ਹਮੇਸ਼ਾਂ ਉਨ੍ਹਾਂ ਦਾ ਹੀ ਧਿਆਨ ਰਹਿੰਦਾ ਸੀ। ਇਸ ਲਈ ਮੇਰਾ ਮਨ ਉਨ੍ਹਾਂ ਦੇ ਚਰਣ-ਕਮਲਾਂ ਵਿਚ ਲੀਨ ਹੋ ਗਿਆ। ਇਹ ਹੋਈ ਇਕ ਪੈਸੇ ਦੀ ਦਕਸ਼ਿਣਾ। ਧੀਰਜ ਹੈ ਦੂਸਰਾ ਪੈਸਾ। ਮੈਂ ਧੀਰਜ ਨਾਲ ਬਹੁਤ ਦੇਰ ਤੱਕ ਇੰਤਜ਼ਾਰ ਕਰਕੇ ਗੁਰੂ-ਸੇਵਾ ਕਰਦਾ ਰਿਹਾ।

**ਇਹ ਹੀ ਧੀਰਜ ਤੁਹਾਨੂੰ ਵੀ ਭਵਸਾਗਰ ਤੋਂ ਪਾਰ ਉਤਾਰ ਦੇਵੇਗਾ। ਧੀਰਜ ਹੀ ਮਨੁੱਖ ਵਿਚ ਮਨੁੱਖਤਾ ਹੈ। ਧੀਰਜ ਧਾਰਨ ਕਰਨ ਨਾਲ ਸਾਰੇ ਪਾਪ ਅਤੇ ਮੋਹ ਨਸ਼ਟ ਹੋ ਕੇ ਉਨ੍ਹਾਂ ਦੀਆਂ ਹਰ ਤਰ੍ਹਾਂ ਦੀਆਂ ਤਕਲੀਫ਼ਾਂ ਦੂਰ ਹੁੰਦੀਆਂ ਹਨ ਅਤੇ ਡਰ ਖ਼ਤਮ ਹੋ ਜਾਂਦਾ ਹੈ।** ਇਸ ਤਰ੍ਹਾਂ ਤੁਹਾਨੂੰ ਵੀ ਆਪਣੇ ਮੰਤਵ ਦੀ ਪ੍ਰਾਪਤੀ ਹੋ ਜਾਏਗੀ। ਧੀਰਜ ਤਾਂ ਗੁਣਾਂ ਦੀ ਖਾਨ ਅਤੇ ਉਤਮ ਵਿਚਾਰਾਂ ਦੀ ਜਨਨੀ ਹੈ। ਸ਼ਰਧਾ ਅਤੇ ਧੀਰਜ ਦੋ ਜੁੜਵਾਂ

ਭੈਣਾਂ ਵਾਂਗ ਹੀ ਹਨ, ਜਿਨ੍ਹਾਂ ਵਿਚ ਇਕੋ ਜਿਹਾ ਆਪਸੀ ਡੂੰਘਾ ਪਿਆਰ ਹੈ।

ਮੇਰੇ ਗੁਰੂ ਮੇਰੇ ਕੋਲੋਂ ਕਿਸੇ ਚੀਜ਼ ਦੀ ਉਮੀਦ ਨਹੀਂ ਰੱਖਦੇ ਸੀ। ਉਨ੍ਹਾਂ ਨੇ ਕਦੀ ਮੇਰੀ ਲਾਪਰਵਾਹੀ ਨਹੀਂ ਕੀਤੀ, ਹਮੇਸ਼ਾਂ ਮੇਰੀ ਰੱਖਿਆ ਕਰਦੇ ਰਹੇ। ਭਾਵੇਂ ਮੈਂ ਹਮੇਸ਼ਾਂ ਉਨ੍ਹਾਂ ਦੇ ਚਰਣਾਂ ਦੇ ਕੋਲ ਹੀ ਰਹਿੰਦਾ ਸੀ, ਫੇਰ ਵੀ ਕਦੀ ਕਿਸੇ ਹੋਰ ਜਗ੍ਹਾਂ ਤੇ ਜੇ ਚਲਾ ਜਾਦਾ ਤਾਂ ਵੀ ਮੇਰੇ ਪਿਆਰ ਵਿਚ ਕਦੀ ਘਾਟ ਨਹੀਂ ਹੋਈ। ਉਹ ਸਦਾ ਮੇਰੇ 'ਤੇ ਕ੍ਰਿਪਾਦ੍ਰਿਸ਼ਟੀ ਰੱਖਦੇ ਸੀ। ਜਿਸ ਤਰ੍ਹਾਂ ਕੱਛੂਕੁਮੀ ਪ੍ਰੇਮਦ੍ਰਿਸ਼ਟੀ ਨਾਲ ਆਪਣੇ ਬੱਚਿਆਂ ਦਾ ਪਾਲਣ ਕਰਦੀ ਹੈ, ਭਾਵੇਂ ਉਹ ਉਸ ਦੇ ਕੋਲ ਹੋਣ ਜਾਂ ਨਦੀ ਦੇ ਦੂਸਰੇ ਪਾਰ। ਸੋ ਹੇ ਮਾਂ! ਮੇਰੇ ਗੁਰੂ ਨੇ ਤਾਂ ਮੈਨੂੰ ਕੋਈ ਮੰਤਰ ਸਿਖਾਇਆ ਹੀ ਨਹੀਂ, ਤਾਂ ਮੈਂ ਤੁਹਾਡੇ ਕੰਨ ਵਿਚ ਕਿਸ ਤਰ੍ਹਾਂ ਕੋਈ ਮੰਤਰ ਫੂਕਾਂ? ਸਿਰਫ਼ ਇੰਨਾ ਹੀ ਧਿਆਨ ਰੱਖੋ ਕਿ ਗੁਰੂ ਦੀ ਵੀ ਕਛੂਕੁਮੀ ਵਾਂਗ ਹੀ ਪ੍ਰੇਮਦ੍ਰਿਸ਼ਟੀ ਨਾਲ ਸਾਨੂੰ ਸੰਤੋਖ ਪ੍ਰਾਪਤ ਹੁੰਦਾ ਹੈ। **ਇਸ ਕਰਕੇ ਵਿਅਰਥ ਵਿਚ ਕਿਸੇ ਕੋਲੋਂ ਉਪਦੇਸ਼ ਪ੍ਰਾਪਤ ਕਰਨ ਦੀ ਕੋਸ਼ਿਸ਼ ਨਾ ਕਰੋ। ਮੈਨੂੰ ਹੀ ਆਪਣੇ ਵਿਚਾਰਾਂ ਅਤੇ ਕਰਮਾਂ ਦਾ ਮੁੱਖ ਉਦੇਸ਼ ਬਣਾ ਲਵੋ ਅਤੇ ਉਦੋਂ ਤੁਹਾਨੂੰ ਬਿਨਾਂ ਸ਼ੱਕ ਹੀ ਪ੍ਰਮਾਰਥ ਦੀ ਪ੍ਰਾਪਤੀ ਹੋ ਜਾਏਗੀ। ਮੇਰੇ ਵੱਲ ਇਕਾਗਰ ਭਾਵ ਨਾਲ ਦੇਖੋ ਤਾਂ ਮੈਂ ਵੀ ਤੁਹਾਡੇ ਵੱਲ ਉਸੇ ਤਰ੍ਹਾਂ ਦੇਖਾਂਗਾ। ਇਸ ਮਸਜਿਦ ਵਿਚ ਬੈਠ ਕੇ ਮੈਂ ਸੱਚ ਹੀ ਬੋਲਾਂਗਾ ਕਿ ਕੋਈ ਸਾਧਨਾਵਾਂ ਜਾ ਸ਼ਾਸਤਰਾਂ ਦੇ ਅਧਿਅਨ ਦੀ ਜ਼ਰੂਰਤ ਨਹੀਂ, ਬਲਕਿ ਸਿਰਫ਼ ਗੁਰੂ ਵਿਚ ਭਰੋਸਾ ਹੀ ਕਾਫੀ ਹੈ। ਪੂਰਾ ਭਰੋਸਾ ਰੱਖੋ ਕਿ ਗੁਰੂ ਹੀ ਕਰਨ ਵਾਲਾ ਹੈ ਅਤੇ ਉਹ ਧੰਨ ਹੈ ਜਿਹੜਾ ਗੁਰੂ ਦੀ ਮਹਾਨਤਾ ਤੋਂ ਜਾਣੂ ਹੋ ਕੇ ਉਸਨੂੰ ਹਰੀ, ਹਰ ਅਤੇ ਬ੍ਰਹਮਾ (ਤ੍ਰਿਮੂਰਤੀ) ਦਾ ਅਵਤਾਰ ਸਮਝਦਾ ਹੈ।**

ਇਸ ਤਰ੍ਹਾਂ ਸਮਝਾਉਣ ਨਾਲ ਬਜ਼ੁਰਗ ਔਰਤ ਨੂੰ ਤਸੱਲੀ ਹੋਈ ਅਤੇ ਉਸ ਨੇ ਬਾਬਾ ਨੂੰ ਨਮਨ ਕਰ ਕੇ ਆਪਣਾ ਵਰਤ ਛੱਡ ਦਿੱਤਾ। ਇਹ ਕਥਾ ਧਿਆਨ ਨਾਲ ਇਕਾਗਰ ਹੋ ਕੇ ਸਰਵਣ ਕਰਕੇ ਅਤੇ ਉਸ ਦੇ ਠੀਕ ਅਰਥ 'ਤੇ ਵਿਚਾਰ ਕਰਕੇ ਹੇਮਾਂਡਪੰਤ ਨੂੰ ਬਹੁਤ ਹੈਰਾਨਗੀ ਹੋਈ। ਉਨ੍ਹਾਂ ਦਾ ਦਿਲ ਭਰ ਆਇਆ ਅਤੇ ਉਨ੍ਹਾਂ ਦੇ ਲੂੰ-ਕੰਡੇ ਖੜੇ ਹੋ ਗਏ। ਉਨ੍ਹਾਂ ਦੀ ਖੁਸ਼ੀ ਦਾ ਟਿਕਾਣਾ ਨਾ ਰਹਿਆ ਅਤੇ ਉਨ੍ਹਾਂ ਦਾ ਗੱਲਾ ਭਰ ਆਇਆ ਅਤੇ ਮੂੰਹ ਵਿਚੋਂ ਇਕ ਵੀ ਸ਼ਬਦ ਨਹੀਂ ਬੋਲ ਸਕੇ। ਉਨ੍ਹਾਂ ਦੀ ਇਹ ਹਾਲਤ ਦੇਖ ਕੇ ਸ਼ਾਮਾ ਨੇ ਪੁੱਛਿਆ ਕਿ "ਤੁਸੀਂ ਇਸ ਤਰ੍ਹਾਂ ਹੱਕੇ ਬੱਕੇ ਕਿਉਂ ਹੋ ਗਏ ਹੋ? ਗੱਲ ਕੀ ਹੈ? ਬਾਬਾ ਦੀਆਂ ਤਾਂ ਇਸ ਤਰ੍ਹਾਂ ਦੀਆਂ ਲੀਲ੍ਹਾਵਾਂ ਬੇਹਿਸਾਬ ਹਨ, ਜਿਨ੍ਹਾਂ ਦਾ ਵਰਨਣ ਮੈਂ ਕਿਸ ਮੂੰਹ ਨਾਲ ਕਰਾਂ?"

ਠੀਕ ਉਸ ਵੇਲੇ ਮਸਜਿਦ ਵਿਚ ਘੰਟੀਆਂ ਵੱਜਣ ਲੱਗੀਆਂ, ਜੋ ਕਿ ਦੁਪਹਿਰ ਦੀ ਪੂਜਾ ਅਤੇ ਆਰਤੀ ਦੇ ਸ਼ੁਰੂ ਹੋਣ ਦਾ ਸੂਚਕ ਸੀ। ਉਦੋਂ ਸ਼ਾਮਾ ਅਤੇ ਹੇਮਾਂਡਪੰਤ ਵੀ ਛੇਤੀ ਨਾਲ ਮਸਜਿਦ ਵੱਲ ਚਲ ਪਏ। ਬਾਪੂਸਾਹਿਬ ਜੋਗ ਨੇ ਪੂਜਾ ਸ਼ੁਰੂ ਕਰ ਦਿੱਤੀ ਸੀ, ਔਰਤਾਂ ਮਸਜਿਦ ਵਿਚ ਉਪਰ ਖੜੀਆਂ ਸੀ ਅਤੇ ਆਦਮੀ ਥੱਲ੍ਹੇ ਵਿਹੜੇ ਵਿਚ। ਸਾਰੇ ਉੱਚੀ ਅਵਾਜ਼ ਵਿਚ ਸਾਜਾਂ ਦੇ ਨਾਲ-ਨਾਲ ਆਰਤੀ ਗਾ ਰਹੇ ਸੀ। ਉਸ ਵੇਲੇ ਹੇਮਾਂਡਪੰਤ ਦਾ ਹੱਥ ਫੱੜ ਕੇ ਸ਼ਾਮਾ ਵੀ ਉਪਰ ਪਹੁੰਚੇ ਅਤੇ ਉਹ ਬਾਬਾ ਦੇ ਸੱਜੇ ਪਾਸੇ ਅਤੇ ਹੇਮਾਡਪੰਤ ਬਾਬਾ ਦੇ ਸਾਹਮਣੇ ਬੈਠ ਗਏ। ਉਨ੍ਹਾਂ ਨੂੰ ਦੇਖ ਕੇ ਬਾਬਾ ਨੇ ਸ਼ਾਮਾ ਕੋਲੋਂ ਲਿਆਉਂਦੀ ਹੋਈ ਦਕਸ਼ਿਣਾ ਦੇਣ ਲਈ ਕਿਹਾ। ਤਾਂ

ਹੇਮਾਂਡਪੰਤ ਨੇ ਜਵਾਬ ਦਿੱਤਾ ਕਿ ਰੁਪਇਆਂ ਦੀ ਥਾਂ ਸ਼ਾਮਾ ਨੇ ਮੇਰੇ ਹੱਥ ਤੁਹਾਨੂੰ 15 ਨਮਸਕਾਰ ਭੇਜੇ ਹਨ ਅਤੇ ਆਪ ਵੀ ਇਥੇ ਆ ਕੇ ਹਾਜ਼ਰ ਹੋ ਗਏ ਹਨ। ਬਾਬਾ ਨੇ ਕਿਹਾ, "ਚੰਗਾ ਠੀਕ ਹੈ। ਤਾਂ ਹੁਣ ਮੈਨੂੰ ਇਹ ਦੱਸੋ ਕਿ ਤੁਹਾਡੇ ਦੋਵਾਂ ਦੀ ਆਪਸ ਵਿਚ ਕਿਸ ਵਿਸ਼ੇ ਤੇ ਗੱਲਬਾਤ ਹੋਈ ਹੈ ? ਉਸ ਵਕਤ ਘੰਟੇ, ਢੋਲ ਅਤੇ ਸਾਰਿਆਂ ਦੇ ਗਾਣ ਦੀ ਅਵਾਜ਼ ਦੀ ਚਿੰਤਾ ਨਾ ਕਰਦੇ ਹੋਏ ਹੇਮਾਂਡਪੰਤ ਉਤਾਵਲੇ ਹੋ ਕੇ ਉਨ੍ਹਾਂ ਨੂੰ ਉਹ ਗੱਲਬਾਤ ਸੁਣਾਉਣ ਲੱਗ ਪਏ। ਬਾਬਾ ਵੀ ਸੁਣਨ ਲਈ ਬਹੁਤ ਉਤਾਵਲੇ ਸਨ। ਇਸ ਲਈ ਉਹ ਸਰਹਾਣਾ ਛੱਡ ਕੇ ਥੋੜ੍ਹਾ ਅਗੇ ਝੁੱਕ ਗਏ। ਹੇਮਾਂਡਪੰਤ ਨੇ ਕਿਹਾ ਗੱਲਬਾਤ ਬਹੁਤ ਸੁੱਖ ਦੇਣ ਵਾਲੀ ਸੀ, ਖ਼ਾਸ ਕਰਕੇ ਉਸ ਬਜ਼ੁਰਗ ਔਰਤ ਦੀ ਕਥਾ ਤਾਂ ਏਨੀ ਅਜ਼ੀਬ ਸੀ ਕਿ ਜਿਸ ਨੂੰ ਸੁਣ ਕੇ ਮੈਨੂੰ ਉਸੇ ਵੇਲੇ ਹੀ ਵਿਚਾਰ ਆਇਆ ਕਿ ਤੁਹਾਡੀਆਂ ਲੀਲ੍ਹਾਵਾਂ ਬੇਅੰਤ ਹਨ ਅਤੇ ਇਸ ਕਥਾ ਦੀ ਔਟ ਵਿਚ ਤੁਸੀਂ ਮੇਰੇ 'ਤੇ ਖ਼ਾਸ ਕ੍ਰਿਪਾ ਕੀਤੀ ਹੈ, ਤਾਂ ਬਾਬਾ ਨੇ ਕਿਹਾ, ਉਹ ਤਾਂ ਬਹੁਤ ਹੈਰਾਨ ਕਰਨ ਵਾਲੀ ਹੈ। ਹੁਣ ਮੇਰੀ ਤੇਰੇ 'ਤੇ ਕ੍ਰਿਪਾ ਕਿਵੇਂ ਹੋਈ, ਇਸ ਦਾ ਪੂਰਾ ਵਿਸਥਾਰ ਸੁਣਾਉ। ਕੁਝ ਦੇਰ ਪਹਿਲਾਂ ਸੁਣੀ ਗੱਲਬਾਤ ਜਿਹੜੀ ਉਨ੍ਹਾਂ ਦੇ ਦਿਲ 'ਤੇ ਛੱਪ ਚੁੱਕੀ ਸੀ, ਉਹ ਸਾਰੀ ਉਨ੍ਹਾਂ ਨੇ ਬਾਬਾ ਨੂੰ ਸੁਣਾ ਦਿੱਤੀ। ਕਥਾ ਸੁਣ ਕੇ ਬਾਬਾ ਬਹੁਤ ਪ੍ਰਸੰਨ ਹੋ ਕੇ ਕਹਿਣ ਲਗੇ ਕਿ 'ਕੀ ਕਥਾ ਨਾਲ ਪ੍ਰਭਾਵਿਤ ਹੋ ਕੇ ਉਸ ਦਾ ਅਰਥ ਵੀ ਤੁਹਾਡੀ ਸਮਝ ਵਿਚ ਆਇਆ ਹੈ ? ਤਾਂ ਹੇਮਾਂਡਪੰਤ ਨੇ ਜਵਾਬ ਦਿੱਤਾ ਕਿ, "ਹਾਂ ਬਾਬਾ, ਆਇਆ ਤਾਂ ਹੈ। ਉਸ ਨਾਲ ਮੇਰੇ ਚਿਤ ਦੀ ਚੰਚਲਤਾ ਨਸ਼ਟ ਹੋ ਗਈ ਹੈ। ਹੁਣ ਅਸਲ ਵਿਚ ਮੈਂ ਅਸਲੀ ਸ਼ਾਂਤੀ ਅਤੇ ਸੁੱਖ ਦਾ ਅਨੁਭਵ ਕਰ ਰਿਹਾ ਹਾਂ ਅਤੇ ਮੈਨੂੰ ਸੱਚੇ ਰਾਹ ਦਾ ਪਤਾ ਲਗ ਗਿਆ ਹੈ।" ਫੇਰ ਬਾਬਾ ਬੋਲੇ "ਸੁਣੋ, ਮੇਰਾ ਢੰਗ ਵੀ ਨਿਰਾਲਾ ਹੈ। ਜੇ ਇਸ ਕਥਾ ਨੂੰ ਯਾਦ ਰਖੋਗੇ ਤਾਂ ਇਹ ਬਹੁਤ ਹੀ ਲਾਭਕਾਰੀ ਸਿੱਧ ਹੋਵੇਗੀ। **ਆਤਮਗਿਆਨ ਪ੍ਰਾਪਤ ਕਰਨ ਦੇ ਲਈ ਧਿਆਨ ਬਹੁਤ ਜ਼ਰੂਰੀ ਹੈ** ਅਤੇ ਜੇ ਤੁਸੀਂ ਇਸ ਦਾ ਲਗਾਤਾਰ ਅਭਿਆਸ ਕਰਦੇ ਰਹੋਗੇ ਤਾਂ ਮੰਦੀਆਂ ਪ੍ਰਵਿਰਤੀਆਂ ਸ਼ਾਂਤ ਹੋ ਜਾਣਗੀਆਂ। ਤੁਹਾਨੂੰ ਮੋਹ ਰਹਿਤ ਹੋ ਕੇ ਹਮੇਸ਼ਾਂ ਈਸ਼ਵਰ ਦਾ ਧਿਆਨ ਕਰਨਾ ਚਾਹੀਦਾ ਹੈ, ਜਿਹੜਾ ਸਾਰੇ ਪ੍ਰਾਣੀਆਂ ਵਿਚ ਵਸਿਆ ਹੈ ਅਤੇ ਜਦੋਂ ਇਸ ਤਰ੍ਹਾਂ ਮਨ ਇਕਾਗਰ ਹੋ ਜਾਏਗਾ ਤਾਂ ਤੁਹਾਨੂੰ ਮੰਤਵ ਦੀ ਪ੍ਰਾਪਤੀ ਹੋ ਜਾਏਗੀ। ਮੇਰੇ ਨਿਰਾਕਾਰ ਸਚਿਦਾਨੰਦ ਸਰੂਪ ਦਾ ਧਿਆਨ ਕਰੋ, ਜਿਵੇਂ ਕਿ ਤੁਸੀਂ ਮੈਨੂੰ ਦਿਨ-ਰਾਤ ਇਥੇ ਦੇਖਦੇ ਹੋ। ਇਸ ਤਰ੍ਹਾਂ ਤੁਹਾਡੀਆਂ ਪ੍ਰਵਿਰਤੀਆਂ ਇਕੱਠੀਆਂ ਹੋ ਜਾਣਗੀਆਂ ਅਤੇ ਧਿਆਤਾ, ਧਿਆਨ ਅਤੇ ਮੰਤਵ ਦਾ ਫਰਕ ਨਸ਼ਟ ਹੋ ਕੇ, ਧਿਆਤਾ ਚਿਤਸਰੂਪ ਆਤਮਾ ਨਾਲ ਇਕ ਹੋ ਕੇ ਬ੍ਰਹਮ ਦੇ ਨਾਲ ਅਭਿੰਨ ਹੋ ਜਾਏਗਾ। ਕਛੂਕੁਮੀ ਨਦੀ ਦੇ ਇਸ ਕਿਨਾਰੇ 'ਤੇ ਰਹਿੰਦੀ ਹੈ ਅਤੇ ਉਸ ਦੇ ਬੱਚੇ ਦੂਸਰੇ ਕਿਨਾਰੇ 'ਤੇ। ਨਾ ਉਹ ਉਨ੍ਹਾਂ ਨੂੰ ਦੁੱਧ ਪਿਆਉਂਦੀ ਹੈ ਅਤੇ ਨਾ ਹਿਰਦੇ ਨਾਲ ਲਗਾਉਂਦੀ ਹੈ, ਬਲਕਿ ਸਿਰਫ਼ ਉਸ ਦੀ ਪ੍ਰੇਮਦ੍ਰਿਸ਼ਟੀ ਨਾਲ ਹੀ ਉਨ੍ਹਾਂ ਦਾ ਪਾਲਣ ਪੋਸ਼ਣ ਹੋ ਜਾਂਦਾ ਹੈ। ਛੋਟੇ ਬੱਚੇ ਵੀ ਕੁੱਝ ਨਾ ਕਰਕੇ ਸਿਰਫ਼ ਆਪਣੀ ਮਾਂ ਨੂੰ ਯਾਦ ਕਰਦੇ ਰਹਿੰਦੇ ਹਨ। ਉਨ੍ਹਾਂ ਛੋਟੇ-ਛੋਟੇ ਬੱਚਿਆਂ 'ਤੇ ਕਛੂਕੁਮੀ ਦੀ ਸਿਰਫ਼ ਨਜ਼ਰ ਹੀ ਉਨ੍ਹਾਂ ਨੂੰ ਅੰਮ੍ਰਿਤ ਤੁੱਲ ਆਹਾਰ ਅਤੇ ਆਨੰਦ ਦਿੰਦੀ ਹੈ। ਇਸ ਤਰ੍ਹਾਂ ਹੀ ਗੁਰੂ ਅਤੇ ਚੇਲੇ ਦਾ ਵੀ ਸਬੰਧ ਹੈ।" ਬਾਬਾ ਨੇ ਇਹ ਆਖਰੀ ਸ਼ਬਦ ਕਹੇ ਹੀ ਸਨ ਕਿ ਆਰਤੀ ਖ਼ਤਮ ਹੋ ਗਈ ਅਤੇ ਸਾਰਿਆਂ ਨੇ ਉਚੀ

ਅਵਾਜ਼ ਵਿਚ—"ਸ੍ਰੀ ਸਚਿਦਾਨੰਦ ਸਤਿਗੁਰੂ ਸਾਈਂਨਾਥ ਮਹਾਰਾਜ ਦੀ ਜੈ" ਬੋਲੀ। ਪਿਆਰੇ ਪਾਠਕੋ! ਕਲਪਨਾ ਕਰੋ ਕਿ ਅਸੀਂ ਸਾਰੇ ਵੀ ਇਸ ਵੇਲੇ ਉਸੇ ਭੀੜ ਅਤੇ ਜੈ ਜੈ ਕਾਰ ਵਿਚ ਸ਼ਾਮਿਲ ਹਾਂ।

ਆਰਤੀ ਖ਼ਤਮ ਹੋਣ 'ਤੇ ਪ੍ਰਸ਼ਾਦ ਵੰਡਿਆ ਗਿਆ। ਬਾਪੂਸਾਹਿਬ ਜੋਗ ਹਮੇਸ਼ਾਂ ਦੀ ਤਰ੍ਹਾਂ ਅੱਗੇ ਆਏ ਅਤੇ ਬਾਬਾ ਨੂੰ ਨਮਸਕਾਰ ਕਰਕੇ ਕੁਝ ਮਿਸ਼ਰੀ ਦਾ ਪ੍ਰਸ਼ਾਦ ਦਿੱਤਾ। ਇਹ ਮਿਸ਼ਰੀ ਹੇਮਾਂਡਪੰਤ ਨੂੰ ਦੇ ਕੇ ਬਾਬਾ ਬੋਲੇ ਕਿ "ਜੇ ਤੁਸੀਂ ਇਸ ਕਥਾ ਨੂੰ ਚੰਗੀ ਤਰ੍ਹਾਂ ਨਾਲ ਹਮੇਸ਼ਾਂ ਯਾਦ ਰਖੋਗੇ ਤਾਂ ਤੁਹਾਡੀ ਵੀ ਹਾਲਤ ਇਸ ਮਿਸ਼ਰੀ ਵਰਗੀ ਮਿੱਠੀ ਹੋ ਕੇ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ ਅਤੇ ਤੁਸੀਂ ਸੁੱਖੀ ਹੋ ਜਾਉਗੇ।" ਹੇਮਾਂਡਪੰਤ ਨੇ ਬਾਬਾ ਨੂੰ ਸ਼ਸ਼ਟਾਂਗ ਪ੍ਰਨਾਮ ਕੀਤਾ ਅਤੇ ਉਸਤਤ ਕੀਤੀ ਕਿ, "ਪ੍ਰਭੂ! ਇਸੇ ਤਰ੍ਹਾਂ ਦਯਾ ਕਰ ਕੇ ਹਮੇਸ਼ਾਂ ਮੇਰੀ ਰੱਖਿਆ ਕਰਦੇ ਰਹੋ।" ਤਾਂ ਬਾਬਾ ਨੇ ਆਸ਼ੀਰਵਾਦ ਦੇ ਕੇ ਕਿਹਾ ਕਿ, "ਇਨ੍ਹਾਂ ਕਥਾਵਾਂ ਨੂੰ ਸਰਵਣ ਕਰਕੇ, ਰੋਜ਼ ਧਿਆਨ ਕਰੋ ਅਤੇ ਧਿਆਨ ਕਰਕੇ ਤੱਤਾਂ ਨੂੰ ਸਮਝੋ, ਤਾਂ ਤੁਹਾਨੂੰ ਈਸ਼ਵਰ ਸਦਾ ਯਾਦ ਰਹੇਗਾ ਅਤੇ ਧਿਆਨ ਲਗਾ ਰਹੇਗਾ ਅਤੇ ਉਹ ਆਪ ਤੁਹਾਡੇ ਸਾਹਮਣੇ ਆਪਣੇ ਸਰੂਪ ਨੂੰ ਪ੍ਰਗਟ ਕਰ ਦੇਵੇਗਾ।" ਪਿਆਰੇ ਪਾਠਕੋ! ਹੇਮਾਂਡਪੰਤ ਨੂੰ ਉਸ ਵੇਲੇ ਮਿਸ਼ਰੀ ਦਾ ਪ੍ਰਸ਼ਾਦ ਚੰਗਾ ਮਿਲਿਆ, ਜਿਹੜਾ ਅੱਜ ਸਾਨੂੰ ਇਸ ਕਥਾ ਅੰਮ੍ਰਿਤ ਦਾ ਪਾਨ ਕਰਨ ਦਾ ਮੌਕਾ ਮਿਲਿਆ ਹੈ। ਆਉ, ਅਸੀਂ ਵੀ ਉਸ ਕਥਾ ਦਾ ਧਿਆਨ ਕਰੀਏ ਅਤੇ ਉਸ ਦਾ ਸਾਰ ਸਮਝ ਕੇ ਬਾਬਾ ਦੀ ਕ੍ਰਿਪਾ ਨਾਲ ਸਿਹਤਵੰਦ ਅਤੇ ਸੁੱਖੀ ਹੋਈਏ।

19ਵੇਂ ਅਧਿਆਇ ਦੇ ਆਖੀਰ ਵਿਚ ਹੇਮਾਂਡਪੰਤ ਨੇ ਕੁਝ ਹੋਰ ਵਿਸ਼ਿਆਂ ਦਾ ਵਰਨਣ ਕੀਤਾ ਹੈ, ਜਿਹੜੇ ਇਥੇ ਦਿੱਤੇ ਜਾਂਦੇ ਹਨ।

## ਆਪਣੇ ਵਰਤਾਅ ਦੇ ਸਬੰਧ ਵਿਚ ਬਾਬਾ ਦਾ ਉਪਦੇਸ਼

ਹੇਠਾਂ ਦਿੱਤੇ ਅਮੁੱਲ ਵਚਨ ਸਾਰੇ ਆਮ ਭਗਤਾਂ ਲਈ ਹਨ ਅਤੇ ਉਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਅਮਲ ਵਿਚ ਲਿਆਇਆ ਗਿਆ ਤਾਂ ਹਮੇਸ਼ਾਂ ਹੀ ਭਲਾ ਹੋਵੇਗਾ, ਜਦੋਂ ਤੱਕ ਕਿਸੇ ਨਾਲ ਕੋਈ ਰਿਸ਼ਤਾ ਜਾਂ ਸਬੰਧ ਨਾ ਹੋਵੇ, ਉਦੋਂ ਤੱਕ ਕੋਈ ਕਿਸੇ ਕੋਲ ਨਹੀਂ ਜਾਂਦਾ। ਜੇ ਕੋਈ ਮਨੁੱਖ ਜਾਂ ਪ੍ਰਾਣੀ ਤੁਹਾਡੇ ਕੋਲ ਆਏ ਤਾਂ ਉਸ ਨੂੰ ਬੁਰੀ ਤਰ੍ਹਾਂ ਨਾਲ ਨਾ ਠੁਕਰਾਉ। ਉਸ ਦਾ ਸਵਾਗਤ ਕਰ ਕੇ ਆਦਰ ਨਾਲ ਵਰਤਾਅ ਕਰੋ। ਜੇ ਪਿਆਸੇ ਨੂੰ ਪਾਣੀ, ਭੁੱਖੇ ਨੂੰ ਭੋਜਨ, ਨੰਗੇ ਨੂੰ ਕਪੜੇ ਅਤੇ ਆਉਣ ਵਾਲੇ ਨੂੰ ਆਪਣਾ ਬਰਾਡਾਂ ਆਰਾਮ ਕਰਨ ਲਈ ਦਿਉਗੇ ਤਾਂ ਭਗਵਾਨ ਸ੍ਰੀ ਹਰੀ ਤੁਹਾਡੇ ਤੇ ਪ੍ਰਸੰਨ ਹੋਣਗੇ। ਜੇ ਕੋਈ ਤੁਹਾਡੇ ਕੋਲੋਂ ਪੈਸੇ ਦੀ ਮੰਗ ਕਰੇ ਅਤੇ ਤੁਹਾਡੀ ਮਰਜ਼ੀ ਦੇਣ ਦੀ ਨਾ ਹੋਵੇ ਤਾ ਨਾ ਦਿਉ, ਪਰ ਉਸ ਦੇ ਨਾਲ ਬੁਰਾ ਵਿਹਾਰ ਨਾ ਕਰੋ। ਤੁਹਾਡੀ ਕੋਈ ਜਿਨ੍ਹੀ ਮਰਜ਼ੀ ਨਿੰਦਿਆ ਕਿਉਂ ਨਾ ਕਰੇ, ਫੇਰ ਵੀ ਕੌੜਾ ਜਵਾਬ ਦੇ ਕੇ ਤੁਸੀਂ ਉਸ ਉਪਰ ਗੁੱਸਾ ਨਾ ਕਰੋ। ਜੇ ਇਸ ਤਰ੍ਹਾਂ ਦੇ ਮੌਕਿਆਂ ਤੋਂ ਹਮੇਸ਼ਾਂ ਬੱਚਦੇ ਰਹੇ ਤਾਂ ਇਹ ਯਕੀਨੀ ਹੀ ਹੈ ਕਿ ਤੁਸੀਂ ਸੁਖੀ ਰਹੋਗੇ। ਦੁਨੀਆਂ ਭਾਵੇਂ ਉਲਟ-ਪੁਲਟ ਹੋ ਜਾਏ, ਪਰ ਤੁਸੀਂ ਟਿੱਕੇ ਰਹਿਣਾ। ਹਮੇਸ਼ਾਂ ਆਪਣੀ ਜਗ੍ਹਾਂ 'ਤੇ ਪੱਕੇ ਰਹਿ ਕੇ ਇਸ ਸਭ ਨੂੰ ਸ਼ਾਂਤੀ ਨਾਲ ਦੇਖੋ। ਇਕ ਦੂਜੇ ਨੂੰ ਵੱਖ ਕਰਨ ਵਾਲੇ ਭੇਦ (ਦਵੈਤ) ਦੀ ਕੰਧ ਢਾਹ ਦਿਉ,

ਜਿਸ ਨਾਲ ਆਪਣਾ ਮਿਲਣ ਦਾ ਰਾਹ ਸੌਖਾ ਹੋ ਜਾਏ। ਦਵੈਤ ਭਾਵ (ਮੈਂ ਅਤੇ ਤੂੰ) ਹੀ ਵਖਵਾਦ ਹੈ। ਜਿਹੜਾ ਚੇਲੇ ਨੂੰ ਗੁਰੂ ਕੋਲੋਂ ਅਲੱਗ ਕਰ ਦਿੰਦਾ ਹੈ। ਇਸ ਲਈ ਜਦੋਂ ਤੱਕ ਇਸ ਦਾ ਨਾਸ਼ ਨਾ ਹੋ ਜਾਏ, ਉਦੋਂ ਤੱਕ ਅਭਿੰਨਤਾ ਪ੍ਰਾਪਤ ਕਰਨਾ ਸੰਭਵ ਨਹੀਂ ਹੈ। "ਅੱਲ੍ਹਾ ਮਾਲਿਕ" ਭਾਵ ਈਸ਼ਵਰ ਹੀ ਸਰਵ ਸ਼ਕਤੀਮਾਨ ਹੈ ਅਤੇ ਉਸ ਤੋਂ ਬਿਨਾਂ ਹੋਰ ਕੋਈ ਰੱਖਿਆ ਕਰਨ ਵਾਲਾ ਨਹੀਂ। ਉਨ੍ਹਾਂ ਦਾ ਕੰਮ ਕਰਨ ਦਾ ਢੰਗ ਅਲੌਕਿਕ, ਅਨਮੋਲ ਅਤੇ ਕਲਪਨਾ ਤੋਂ ਪਰੇ ਹੈ। ਉਨ੍ਹਾਂ ਦੀ ਇੱਛਾ ਨਾਲ ਹੀ ਸਾਰੇ ਕਾਰਜ ਹੁੰਦੇ ਹਨ। ਉਹ ਹੀ ਸਾਨੂੰ ਰਾਹ ਦਿਖਾਉਂਦੇ ਹਨ ਅਤੇ ਸਾਰੀਆਂ ਇੱਛਾਵਾਂ ਪੂਰੀਆਂ ਕਰਦੇ ਹਨ। ਪਿੱਛਲੇ ਜਨਮਾਂ ਦੇ ਰਿਸ਼ਤਿਆਂ ਕਰਕੇ ਹੀ ਸਾਡਾ ਮੇਲ ਹੁੰਦਾ ਹੈ, ਇਸ ਲਈ ਸਾਨੂੰ ਆਪਸ ਵਿਚ ਪਿਆਰ ਨਾਲ ਇਕ ਦੂਜੇ ਦੀ ਸੇਵਾ ਕਰਕੇ ਸਦਾ ਸੰਤੁਸ਼ਟ ਰਹਿਣਾ ਚਾਹੀਦਾ ਹੈ। ਜਿਸ ਨੇ ਆਪਣੇ ਜੀਵਨ ਦਾ ਮੰਤਵ (ਪ੍ਰਭੂ ਦਰਸ਼ਨ) ਪਾ ਲਿਆ ਹੈ, ਉਹ ਧੰਨ ਅਤੇ ਸੁੱਖੀ ਹੈ। ਦੂਸਰੇ ਤਾਂ ਸਿਰਫ਼ ਕਹਿਣ ਨੂੰ ਜਦੋਂ ਤੱਕ ਪ੍ਰਾਣ ਹਨ, ਉਦੋਂ ਤੱਕ ਜਿੰਦਾ ਹਨ।

### *ਉੱਤਮ ਵਿਚਾਰਾਂ ਨੂੰ ਉਤਸ਼ਾਹ*

ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਸ੍ਰੀ ਸਾਈਂਬਾਬਾ ਹਮੇਸ਼ਾਂ ਉੱਤਮ ਵਿਚਾਰਾਂ ਨੂੰ ਉਤਸ਼ਾਹ ਦਿੰਦੇ ਸੀ। ਇਸ ਲਈ ਜੇ ਅਸੀਂ ਪਿਆਰ ਅਤੇ ਭਗਤੀ ਨਾਲ ਇਕਾਗਰ ਭਾਵ ਨਾਲ ਉਨ੍ਹਾਂ ਦੀ ਸ਼ਰਨ ਵਿਚ ਜਾਈਏ ਤਾਂ ਸਾਨੂੰ ਅਨੁਭਵ ਹੋ ਜਾਏਗਾ ਕਿ ਕਈ ਮੌਕਿਆਂ 'ਤੇ ਕਿਸ ਤਰ੍ਹਾਂ ਮਦਦ ਪਹੁੰਚਾਉਂਦੇ ਹਨ। ਕਿਸੇ ਸੰਤ ਦਾ ਕਥਨ ਹੈ ਕਿ ਸਵੇਰੇ ਵੇਲੇ ਤੁਹਾਡੇ ਦਿਲ ਵਿਚ ਕੋਈ ਉੱਤਮ ਵਿਚਾਰ ਪੈਦਾ ਹੋਏ ਅਤੇ ਜੇ ਤੁਸੀਂ ਦਿਨ ਭਰ ਉਸ ਨੂੰ ਯਾਦ ਕਰੋ ਤਾਂ ਉਹ ਤੁਹਾਡੇ ਵਿਵੇਕ ਨੂੰ ਬਹੁਤ ਵਿਕਸਤ ਅਤੇ ਚਿਤ ਪ੍ਰਸੰਨ ਕਰ ਦੇਵੇਗਾ। ਹੇਮਾਂਡਪੰਤ ਵੀ ਇਸ ਦਾ ਅਨੁਭਵ ਕਰਨਾ ਚਾਹੁੰਦੇ ਸੀ। ਇਸ ਲਈ ਇਸ ਪਵਿੱਤਰ ਸ਼ਿਰਡੀ ਦੀ ਧਰਤੀ ਉਪਰ ਅਗਲੇ ਵੀਰਵਾਰ ਦਾ ਸਾਰਾ ਦਿਨ ਨਾਮ ਸਿਮਰਨ ਅਤੇ ਕੀਰਤਨ ਵਿਚ ਹੀ ਗੁਜ਼ਾਰਾਂ, ਇਸ ਤਰ੍ਹਾਂ ਦਾ ਵਿਚਾਰ ਕਰਕੇ ਉਹ ਸੌਂ ਗਏ। ਦੂਸਰੇ ਦਿਨ ਸਵੇਰ ਉੱਠ ਕੇ ਉਨ੍ਹਾਂ ਨੂੰ ਆਪੇ ਹੀ ਰਾਮ-ਨਾਮ ਦੀ ਯਾਦ ਆ ਗਈ, ਜਿਸ ਨਾਲ ਉਹ ਪ੍ਰਸੰਨ ਹੋਏ ਅਤੇ ਰੋਜ਼ ਸਵੇਰ ਵਾਲੇ ਕੰਮ ਖ਼ਤਮ ਕਰਕੇ ਕੁਝ ਫੁੱਲ ਲੈ ਕੇ ਬਾਬਾ ਦੇ ਦਰਸ਼ਨ ਕਰਨ ਲਈ ਗਏ। ਜਦੋਂ ਉਹ ਦਿਕਸ਼ਿਤ ਦਾ ਵਾੜਾ ਪਾਰ ਕਰਕੇ ਬੂਟੀ-ਵਾੜੇ ਦੇ ਕੋਲੋਂ ਜਾ ਰਹੇ ਸੀ ਤਾਂ ਉਨ੍ਹਾਂ ਨੂੰ ਇਕ ਸੁੰਦਰ ਭਜਨ ਦੀ ਅਵਾਜ਼, ਜਿਹੜੀ ਮਸਜਿਦ ਵੱਲੋਂ ਆ ਰਹੀ ਸੀ, ਉਨ੍ਹਾਂ ਦੇ ਕੰਨਾਂ ਵਿਚ ਪਈ। ਏਕਨਾਥ ਦਾ ਇਹ ਭਜਨ ਔਰੰਗਾਬਾਦਕਰ ਸੁੰਦਰ ਅਵਾਜ਼ ਵਿਚ ਬਾਬਾ ਦੇ ਸਾਹਮਣੇ ਗਾ ਰਹੇ ਸੀ—

ਗੁਰੂ ਕ੍ਰਿਪਾ ਅੰਜਨ ਪਾਇਉ ਭਾਈ। ਰਾਮ ਬਿਨਾਂ ਕੁਛ ਮਾਨਤ ਨਾਹੀਂ॥
ਅੰਦਰ ਰਾਮਾ ਬਾਹਰ ਰਾਮਾ। ਸਪਨੇ ਮੇਂ ਦੇਖਤ ਸੀਤਾ ਰਾਮਾ॥

ਭਜਨ ਤਾਂ ਅਨੇਕਾਂ ਹਨ, ਪਰ ਖ਼ਾਸ ਕਰਕੇ ਇਹ ਭਜਨ ਹੀ ਕਿਉਂ ਔਰੰਗਾਬਾਦਕਰ ਨੇ ਚੁਣਿਆ ? ਕੀ ਇਹ ਬਾਬਾ ਵੱਲੋਂ ਇਤਫਾਕ ਸੀ ? ਅਤੇ ਕੀ ਇਹ ਹੇਮਾਂਡਪੰਤ ਦੇ ਪਿਛਲੇ ਦਿਨ ਦੇ ਆਖੰਡ ਰਾਮ ਨਾਮ ਯਾਦ ਕਰਨ ਦੇ ਪ੍ਰਣ ਨੂੰ ਉਤਸਾਹਿਤ ਕਰਨਾ ਨਹੀਂ ਹੈ। ਸਾਰੇ ਸੰਤਾਂ ਦਾ ਇਸ ਸੰਬੰਧ ਵਿਚ ਇਕ ਹੀ ਮਤ ਹੈ ਅਤੇ

ਸਾਰੇ ਰਾਮ ਨਾਮ ਦੇ ਜਾਪ ਨੂੰ ਅਸਰਦਾਰ ਅਤੇ ਭਗਤਾਂ ਦੀਆਂ ਇੱਛਾਵਾਂ ਪੂਰੀਆਂ ਅਤੇ ਸਾਰੀਆਂ ਤਕਲੀਫਾਂ ਤੋਂ ਛੁਟਕਾਰਾ ਪਾਉਣ ਲਈ ਇਸ ਨੂੰ ਇਕ ਆਨੰਦਮਈ ਉਪਾਉ ਦੱਸਦੇ ਹਨ।

### *ਨਿੰਦਿਆ ਸਬੰਧੀ ਉਪਦੇਸ਼*

ਉਪਦੇਸ਼ ਦੇਣ ਦੇ ਲਈ ਕਿਸੇ ਖ਼ਾਸ ਵੇਲੇ ਜਾਂ ਜਗ੍ਹਾ ਦੀ ਉਡੀਕ ਨਾ ਕਰਕੇ ਬਾਬਾ ਠੀਕ ਵਕਤ 'ਤੇ ਹੀ ਅਜ਼ਾਦੀ ਨਾਲ ਉਪਦੇਸ਼ ਦੇ ਦਿੰਦੇ ਸੀ। ਇਕ ਵਾਰੀ ਇਕ ਭਗਤ ਨੇ ਬਾਬਾ ਦੇ ਮਗਰੋਂ ਦੂਜੇ ਲੋਕਾਂ ਦੇ ਸਾਹਮਣੇ ਕਿਸੇ ਨੂੰ ਮੰਦੇ ਸ਼ਬਦ ਕਿਹੇ। ਗੁਣਾਂ ਦੀ ਪ੍ਰਵਾਹ ਨਾ ਕਰਕੇ ਉਸਨੇ ਆਪਣੇ ਭਰਾ ਨੂੰ ਏਨੇ ਬੁਰੇ ਅਤੇ ਕੌੜੇ ਸ਼ਬਦਾਂ ਦੀ ਵਰਤੋਂ ਕੀਤੀ ਕਿ ਸੁਣਨ ਵਾਲਿਆਂ ਨੂੰ ਵੀ ਉਸ ਨਾਲ ਨਫ਼ਰਤ ਹੋਣ ਲੱਗੀ। ਆਮ ਦੇਖਣ ਵਿਚ ਆਉਂਦਾ ਹੈ ਕਿ ਲੋਕ ਵਿਅਰਥ ਵਿਚ ਹੀ ਦੂਜਿਆਂ ਦੀ ਨਿੰਦਿਆ ਕਰ ਕੇ ਝਗੜਾ ਅਤੇ ਬੁਰਾਈਆਂ ਪੈਦਾ ਕਰਦੇ ਹਨ। ਸੰਤ ਤਾਂ ਨਿੰਦਿਆਂ ਨੂੰ ਦੂਜੀ ਹੀ ਨਜ਼ਰ ਨਾਲ ਦੇਖਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਫਾਈ ਕਰਨ ਲਈ ਅਨੇਕ ਤਰੀਕਿਆਂ ਵਿਚ ਮਿੱਟੀ, ਪਾਣੀ ਅਤੇ ਸਾਬਨ ਕਾਫ਼ੀ ਹੈ, ਪਰ ਨਿੰਦਿਆ ਕਰਨ ਵਾਲਿਆਂ ਦੀ ਵਰਤੋਂ ਅਲੱਗ ਹੀ ਹੁੰਦੀ ਹੈ। ਉਹ ਦੂਜਿਆਂ ਦੇ ਦੋਸ਼ਾਂ ਨੂੰ ਨਾ ਸਿਰਫ਼ ਆਪਣੀ ਜ਼ੀਭ ਨਾਲ ਹੀ ਦੂਰ ਕਰਦੇ ਹਨ, ਅਤੇ ਇਸ ਤਰ੍ਹਾਂ ਉਹ ਦੂਜਿਆਂ ਦੀ ਨਿੰਦਿਆਂ ਕਰਕੇ ਉਨ੍ਹਾਂ ਦੀ ਭਲਾਈ ਹੀ ਕਰਦੇ ਹਨ। ਜਿਸ ਲਈ ਉਹ ਧੰਨਵਾਦ ਦੇ ਪਾਤਰ ਹਨ। ਨਿੰਦਿਆਂ ਕਰਨ ਵਾਲੇ ਨੂੰ ਠੀਕ ਰਾਹ 'ਤੇ ਲਿਆਉਣ ਲਈ ਸਾਈਂਬਾਬਾ ਦਾ ਤਰੀਕਾ ਬਿਲਕੁਲ ਹੀ ਵੱਖਰਾ ਸੀ। ਉਹ ਤਾਂ ਜਾਣੀਜਾਣ ਸਨ, ਇਸ ਲਈ ਉਸ ਨਿੰਦਕ ਦੇ ਕੰਮ ਨੂੰ ਉਹ ਸਮਝ ਗਏ। ਦੁਪਹਿਰ ਨੂੰ ਜਦੋਂ ਲੇਂਡੀ ਦੇ ਨੇੜੇ ਉਸ ਨਾਲ ਮੁਲਾਕਾਤ ਹੋਈ, ਤਾਂ ਉਨ੍ਹਾਂ ਨੇ ਗੰਦਗੀ ਖਾਂਧੇ ਹੋਏ ਇਕ ਸੂਰ ਦੇ ਵੱਲ ਉਂਗਲੀ ਕਰਕੇ ਕਿਹਾ ਕਿ—ਦੇਖ, ਉਹ ਕਿੰਨੇ ਪਿਆਰ ਨਾਲ ਗੰਦ ਖਾ ਰਿਹਾ ਹੈ। ਤੂੰ ਦਿਲ ਭਰਕੇ ਆਪਣੇ ਭਰਾਵਾਂ ਨੂੰ ਭੈੜੇ ਸ਼ਬਦ ਕਹਿੰਦਾ ਹੈਂ ਅਤੇ ਇਹ ਤੇਰਾ ਆਚਰਣ ਵੀ ਠੀਕ ਉਸ ਸੂਰ ਵਰਗਾ ਹੀ ਹੈ। **ਅਨੇਕਾਂ ਸ਼ੁਭ ਕਰਮਾਂ ਦੇ ਫਲਸਰੂਪ ਤੈਨੂੰ ਮਨੁੱਖ ਦਾ ਸਰੀਰ ਪ੍ਰਾਪਤ ਹੋਇਆ ਹੈ ਅਤੇ ਇਸ ਲਈ ਜੇ ਤੂੰ ਇਸ ਤਰ੍ਹਾਂ ਆਚਰਣ ਕੀਤਾ ਤਾਂ ਸ਼ਿਰਡੀ ਤੇਰੀ ਕੀ ਮਦਦ ਕਰ ਸਕੇਗੀ** ?" ਭਗਤ ਨੇ ਉਪਦੇਸ਼ ਸੁਣ ਲਿਆ ਅਤੇ ਉਥੋਂ ਚਲਾ ਗਿਆ। ਇਸ ਤਰ੍ਹਾਂ ਮੌਕੇ ਮੁਤਾਬਿਕ ਹੀ ਬਾਬਾ ਉਪਦੇਸ਼ ਦੇ ਦਿੰਦੇ ਸੀ। ਜੇ ਉਨ੍ਹਾਂ 'ਤੇ ਧਿਆਨ ਦੇ ਕੇ ਰੋਜ਼ ਉਨ੍ਹਾਂ ਦਾ ਪਾਲਣ ਕੀਤਾ ਜਾਏ ਤਾਂ ਅਧਿਆਤਮਿਕ ਮੰਤਵ ਜ਼ਿਆਦਾ ਦੂਰ ਨਹੀਂ ਹੋਏਗਾ। ਇਕ ਕਹਾਵਤ ਮਸ਼ਹੂਰ ਹੈ ਕਿ—"ਜੇ ਮੇਰਾ ਸ੍ਰੀ ਹਰੀ ਹੋਏਗਾ ਤਾਂ ਉਹ ਮੈਨੂੰ ਮੰਜੀ 'ਤੇ ਬੈਠੇ-ਬੈਠੇ ਹੀ ਭੋਜਨ ਪਹੁੰਚਾਏਗਾ।" ਇਹ ਕਹਾਵਤ ਭੋਜਨ ਅਤੇ ਕਪੜਿਆਂ ਦੇ ਸੰਬੰਧ ਵਿਚ ਸੱਚ ਹੋ ਸਕਦੀ ਹੈ, ਪਰ ਜੇ ਕੋਈ ਇਸ 'ਤੇ ਭਰੋਸਾ ਕਰ ਕੇ ਆਲਸੀ ਬਣ ਕੇ ਬੈਠਾ ਰਹੇ ਤਾਂ ਉਹ ਅਧਿਆਤਮਿਕ ਖੇਤਰ ਵਿਚ ਕੁਝ ਵੀ ਉੱਨਤੀ ਨਾ ਕਰਕੇ ਉਲਟਾ ਅਧੋਗਤੀ ਦੇ ਘੋਰ ਹਨ੍ਹੇਰੇ ਵਿਚ ਡੁੱਬ ਜਾਏਗਾ। ਇਸ ਲਈ ਆਤਮਾਨੁਭੂਤੀ ਪ੍ਰਾਪਤੀ ਦੇ ਲਈ ਹਰ ਇਕ ਨੂੰ ਨਿਰੰਤਰ ਮਿਹਨਤ ਕਰਨੀ ਚਾਹੀਦੀ ਹੈ ਅਤੇ ਜਿਨੀ ਕੋਸ਼ਿਸ਼ ਉਹ ਕਰੇਗਾ, ਉੱਨਾ ਹੀ ਉਸ ਲਈ ਫਾਇਦੇਮੰਦ ਵੀ ਹੋਏਗਾ। ਬਾਬਾ ਨੇ ਕਿਹਾ ਕਿ "**ਮੈਂ ਤਾ ਸਰਵਵਿਆਪੀ**

।" ਸਿਰਫ਼ ਉਨ੍ਹਾਂ ਦੇ ਭੁੱਲੇਖੇ ਦੂਰ ਕਰਨ ਦੇ ਲਈ ਹੀ ਜਿਨ੍ਹਾਂ ਦੀ ਨਜ਼ਰ ਵਿਚ ਬਾਬਾ ਸਾਢੇ ਤਿੰਨ ਹੱਥ ਦੇ ਮਨੁੱਖ ਸੀ, ਆਪ ਸਗੁਣ ਰੂਪ ਧਾਰਨ ਕਰਕੇ ਅਵਤਾਰ ਲਿਆ। ਇਸ ਲਈ

ਜਿਸ ਤਰ੍ਹਾਂ ਮਿਠਾਸ ਅਤੇ ਮਿਸ਼ਰੀ, ਲਹਿਰ ਅਤੇ ਸਮੁੰਦਰ ਅਤੇ ਅੱਖਾਂ ਅਤੇ ਪ੍ਰਕਾਸ਼ ਵਿਚ ਅਭਿੰਨਤਾ ਹੁੰਦੀ ਹੈ। ਜਿਹੜਾ ਜਨਮ-ਮਰਨ ਦੇ ਚੱਕਰ ਵਿਚੋਂ ਮੁਕਤ ਹੋਣਾ ਚਾਹੁੰਦਾ ਹੈ, ਉਹ ਸ਼ਾਂਤ ਅਤੇ ਟਿਕ ਕੇ ਆਪਣਾ ਧਾਰਮਿਕ ਜੀਵਨ ਗੁਜ਼ਾਰੇ। ਦੁਖ ਦੇਣ ਵਾਲੇ ਕੋੜੇ ਸ਼ਬਦ ਬੋਲ ਕੇ ਕਿਸੇ ਨੂੰ ਦੁੱਖੀ ਨਾ ਕਰੋ, ਹਮੇਸ਼ਾਂ ਉੱਤਮ ਕਾਰਜਾਂ ਵਿਚ ਲੱਗੇ ਰਹਿ ਕੇ ਆਪਣਾ ਕੰਮ ਕਰਦੇ ਹੋਏ ਇਕਾਗਰ ਭਾਵ ਨਾਲ ਡਰ ਤੋਂ ਬਿਨਾਂ ਉਨ੍ਹਾਂ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਜਿਹੜਾ ਪੂਰੇ ਭਰੋਸੇ ਨਾਲ ਉਨ੍ਹਾਂ ਦੀਆਂ ਲੀਲ੍ਹਾਵਾਂ ਦਾ ਸਰਵਣ ਕਰਕੇ ਉਨ੍ਹਾਂ ਦਾ ਧਿਆਨ ਕਰੇਗਾ ਅਤੇ ਹੋਰ ਚੀਜ਼ਾਂ ਦੀ ਫਿਕਰ ਛੱਡ ਦੇਵੇਗਾ । ਉਸ ਨੂੰ ਬਿਨਾਂ ਸ਼ੱਕ ਹੀ ਆਤਮਾਨੁਭੂਤੀ ਦੀ ਪ੍ਰਾਪਤੀ ਹੋਵੇਗੀ। ਬਾਬਾ ਨੇ ਅਨੇਕਾਂ ਨੂੰ ਨਾਮ ਦਾ ਜਾਪ ਕਰ ਕੇ ਆਪਣੀ ਸ਼ਰਨ ਵਿਚ ਆਉਣ ਲਈ ਕਿਹਾ। ਜਿਹੜੇ ਇਹ ਜਾਣਨ ਲਈ ਉਤਸੁਕ ਸੀ ਕਿ "ਮੈਂ ਕੌਣ ਹਾਂ" ? ਬਾਬਾ ਨੇ ਉਨ੍ਹਾਂ ਨੂੰ ਵੀ ਲੀਲ੍ਹਾਵਾਂ ਸਰਵਣ ਅਤੇ ਧਿਆਨ ਕਰਨ ਦੀ ਸਲਾਹ ਦਿੱਤੀ। ਕਿਸੇ ਨੂੰ ਭਗਵਤ ਲੀਲ੍ਹਾਵਾਂ ਦਾ ਸਰਵਣ, ਕਿਸੇ ਨੂੰ ਭਗਵਤ ਪੂਜਾ ਅਤੇ ਕਿਸੇ ਨੂੰ ਅਧਿਆਤਮਰਮਾਇਣ ਜਾਂ ਗਿਆਨੇਸ਼ਵਰੀ ਅਤੇ ਧਾਰਮਿਕ ਗ੍ਰੰਥਾ ਦਾ ਪਾਠ ਅਤੇ ਅਧਿਅਨ ਕਰਨ ਲਈ ਕਿਹਾ। ਅਨੇਕਾਂ ਨੂੰ ਆਪਣੇ ਚਰਣਾਂ ਕੋਲ ਹੀ ਰੱਖ ਕੇ, ਬਹੁਤਿਆਂ ਨੂੰ ਖੰਡੋਬਾ ਦੇ ਮੰਦਿਰ ਵਿਚ ਭੇਜਿਆ ਅਤੇ ਅਨੇਕਾਂ ਨੂੰ ਵਿਸ਼ਨੂੰਸਹਸਰਨਾਮ ਦਾ ਜਾਪ ਕਰਨ ਜਾਂ ਛਾਂਦੋਗਯ ਉਪਨਿਸ਼ਦ ਅਤੇ ਗੀਤਾ ਦਾ ਅਧਿਅਨ ਕਰਨ ਲਈ ਕਿਹਾ। ਉਨ੍ਹਾਂ ਦੇ ਉਪਦੇਸ਼ਾ ਦੀ ਕੋਈ ਹੱਦ ਨਹੀਂ ਸੀ। ਉਨ੍ਹਾਂ ਨੇ ਕਈਆਂ ਨੂੰ ਪ੍ਰਤੱਖ ਅਤੇ ਬਹੁਤਿਆਂ ਨੂੰ ਸੁਪਨੇ ਵਿਚ ਆਦੇਸ਼ ਦਿੱਤੇ। ਇਕ ਵਾਰੀ ਉਹ ਇਕ ਸ਼ਰਾਬੀ ਦੇ ਸੁਪਨੇ ਵਿਚ ਪ੍ਰਗਟ ਹੋ ਕੇ ਉਸ ਦੀ ਛਾਤੀ 'ਤੇ ਚੜ੍ਹ ਗਏ ਅਤੇ ਜਦੋਂ ਉਸਨੇ ਸ਼ਰਾਬ ਛੱਡਨ ਦੀ ਸੌਂਹ ਖਾਧੀ, ਤਾਂ ਹੀ ਉਸ ਨੂੰ ਛੱਡਿਆ। ਕਿਸੇ-ਕਿਸੇ ਨੂੰ ਮੰਤਰ ਜਿਸ ਤਰ੍ਹਾਂ "ਗੁਰੂਬ੍ਰਹਮਾਂ" ਆਦਿ ਦਾ ਅਰਥ ਸੁਪਨੇ ਵਿਚ ਸਮਝਾਇਆ ਅਤੇ ਕੁਝ ਹਠਜੋਗੀਆਂ ਨੂੰ ਹਠਜੋਗ ਛੱਡਣ ਦੀ ਆਗਿਆ ਦੇ ਕੇ ਚੁੱਪ ਚਾਪ ਬੈਠ ਕੇ ਧੀਰਜ ਰੱਖਣ ਲਈ ਕਿਹਾ। ਉਨ੍ਹਾਂ ਦੇ ਸੁਖਾਲੇ ਰਾਹ ਅਤੇ ਢੰਗ ਦਾ ਵਰਨਣ ਹੀ ਅਸੰਭਵ ਹੈ। ਸਧਾਰਣ ਸੰਸਾਰਿਕ ਵਿਹਾਰਾਂ ਵਿਚ ਉਨ੍ਹਾਂ ਨੇ ਆਪਣੇ ਆਚਰਣ ਨਾਲ ਏਦਾਂ ਦੇ ਅਨੇਕਾਂ ਉਦਾਹਰਣ ਪੇਸ਼ ਕੀਤੇ, ਜਿਨ੍ਹਾਂ ਵਿਚੋਂ ਇਕ ਇਥੇ ਹੇਠਾਂ ਦਿੱਤਾ ਜਾਂਦਾ ਹੈ।

## ਮਿਹਨਤ ਦੇ ਲਈ ਮਜ਼ਦੂਰੀ

ਇਕ ਦਿਨ ਬਾਬਾ ਨੇ ਰਾਧਾਕ੍ਰਿਸ਼ਨਾਮਾਈ ਦੇ ਘਰ ਦੇ ਨੇੜੇ ਆ ਕੇ ਇਕ ਪੌੜ੍ਹੀ ਲਿਆਉਣ ਲਈ ਕਿਹਾ। ਤਾਂ ਇਕ ਭਗਤ ਪੌੜ੍ਹੀ ਲੈ ਆਇਆ ਅਤੇ ਉਨ੍ਹਾਂ ਦੇ ਦਸੇ ਅਨੁਸਾਰ ਵਾਮਨ ਗੋਂਦਕਰ ਦੇ ਘਰ 'ਤੇ ਉਸ ਨੂੰ

ਲਗਾਇਆ। ਉਹ ਉਨ੍ਹਾਂ ਦੇ ਘਰ ਉਪਰ ਚੜ੍ਹ ਗਏ ਅਤੇ ਰਾਧਾਕ੍ਰਿਸ਼ਨਾਮਾਈ ਦੇ ਛੱਪੜ ਉਪਰੋਂ ਹੋ ਕੇ ਦੂਜੇ ਪਾਸਿਉਂ ਹੇਠਾਂ ਉਤਰ ਆਏ। ਇਸ ਦਾ ਅਰਥ ਕਿਸੇ ਦੀ ਸਮਝ ਵਿਚ ਨਹੀਂ ਆਇਆ ਰਾਧਾਕ੍ਰਿਸ਼ਨਾਮਾਈ ਇਸ ਵਕਤ ਬੁਖਾਰ ਨਾਲ ਕੰਬ ਰਹੀ ਸੀ। ਇਸ ਲਈ ਹੋ ਸਕਦਾ ਹੈ ਕਿ ਉਸ ਦਾ ਬੁਖਾਰ ਦੂਰ ਕਰਨ ਲਈ ਹੀ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੋਵੇ। ਹੇਠਾਂ ਉਤਰਨ ਤੋਂ ਮਗਰੋਂ ਜਲਦੀ ਹੀ ਉਨ੍ਹਾਂ ਨੇ ਪੌੜੀ ਲਿਆਉਣ ਵਾਲੇ ਨੂੰ ਦੋ ਰੁਪਏ ਮਜ਼ਦੂਰੀ ਦੇ ਦਿੱਤੇ। ਤਾਂ ਇਕ ਭਗਤ ਨੇ ਹਿੰਮਤ ਕਰ ਕੇ ਉਨ੍ਹਾਂ ਕੋਲੋਂ ਪੁਛਿਆ ਕਿ ਏਨੇ ਜ਼ਿਆਦਾ ਪੈਸੇ ਦੇਣ ਦਾ ਕੀ ਅਰਥ ਹੈ। ਉਨ੍ਹਾਂ ਨੇ ਕਿਹਾ ਕਿ







# ॥ ਅਧਿਆਇ-20 ॥

***ਸ੍ਰੀ ਕਾਕਾਸਾਹਿਬ ਦੀ ਨੌਕਰਾਨੀ ਦੁਆਰਾ ਸ੍ਰੀ ਦਾਸਗਣੂ ਦੀ ਸਮੱਸਿਆ ਦਾ ਵਿਲੱਖਣ ਹੱਲ, ਸਿੱਖਿਆ ਦਾ ਨਿਰਾਲਾ ਢੰਗ, ਇਸ਼ੋਪਨਿਸ਼ਦ ਦੀ ਸਿੱਖਿਆ।***

ਸ੍ਰੀ ਕਾਕਾਸਾਹਿਬ ਦੀ ਨੌਕਰਾਨੀ ਦੁਆਰਾ ਸ੍ਰੀ ਦਾਸਗਣੂ ਦੀ ਸਮੱਸਿਆ ਕਿਸ ਤਰ੍ਹਾਂ ਹੱਲ ਹੋਈ ? ਇਸ ਦਾ ਵਰਨਣ ਹੇਮਾਂਡਪੰਤ ਨੇ ਇਸ ਅਧਿਆਇ ਵਿਚ ਕੀਤਾ ਹੈ।

ਸ੍ਰੀ ਸਾਈਂ ਮੂਲਤਃ ਨਿਰਾਕਾਰ ਸੀ, ਪਰ ਭਗਤਾਂ ਦੇ ਪਿਆਰ ਕਰਕੇ ਹੀ ਉਹ ਸਾਕਾਰ ਰੂਪ ਵਿਚ ਪ੍ਰਗਟ ਹੋਏ। ਮਾਇਆ ਰੂਪੀ ਅਭਿਨੇਤਰੀ ਦੀ ਮਦਦ ਨਾਲ ਇਸ ਸੰਸਾਰ ਦੇ ਵੱਡੇ ਡਰਾਮੇ ਵਿਚ ਉਨ੍ਹਾਂ ਇਕ ਮਹਾਨ ਅਭਿਨੇਤਾ ਦੇ ਵਾਂਗ ਐਕਟਿੰਗ ਕੀਤੀ। ਆਉ, ਸ੍ਰੀ ਸਾਈਂ ਬਾਬਾ ਦਾ ਧਿਆਨ ਅਤੇ ਸਿਮਰਨ ਕਰੀਏ ਅਤੇ ਫੇਰ ਸ਼ਿਰਡੀ ਚੱਲ ਕੇ ਧਿਆਨ ਨਾਲ ਦੁਪਹਿਰ ਦੀ ਆਰਤੀ ਤੋਂ ਬਾਅਦ ਦਾ ਪ੍ਰੋਗਰਾਮ ਦੇਖੀਏ। ਜਦੋਂ ਆਰਤੀ ਖ਼ਤਮ ਹੋ ਗਈ ਤਾਂ ਸ੍ਰੀ ਸਾਈਂ ਬਾਬਾ ਨੇ ਮਸਜਿਦ ਤੋਂ ਬਾਹਰ ਆ ਕੇ ਇਕ ਨੁੱਕਰ ਵਿਚ ਖੜੇ ਹੋ ਕੇ ਬੜੀ ਕਰੁਣਾ ਅਤੇ ਪਿਆਰ ਦੇ ਨਾਲ ਭਗਤਾਂ ਨੂੰ ਉਦੀ ਵੰਡੀ। ਭਗਤ ਵੀ ਉਨ੍ਹਾਂ ਦੇ ਸਾਹਮਣੇ ਖੜੇ ਹੋ ਕੇ ਉਨ੍ਹਾਂ ਵੱਲ ਦੇਖ ਕੇ ਚਰਣ ਛੂੰਹਦੇ ਅਤੇ ਉਦੀ ਦੇ ਵੰਡਣ ਦਾ ਆਨੰਦ ਲੈਂਦੇ ਸੀ। ਬਾਬਾ ਦੋਵਾਂ ਹੱਥਾਂ ਨਾਲ ਭਗਤਾਂ ਨੂੰ ਉਦੀ ਦਿੰਦੇ ਅਤੇ ਆਪਣੇ ਹੱਥ ਨਾਲ ਉਨ੍ਹਾਂ ਦੇ ਮੱਥੇ 'ਤੇ ਉਸਦੀ ਦਾ ਟਿੱਕਾ ਲਗਾਉਂਦੇ ਸੀ। ਬਾਬਾ ਦੇ ਦਿਲ ਵਿਚ ਭਗਤਾਂ ਵਾਸਤੇ ਅਥਾਹ ਪਿਆਰ ਸੀ। ਉਹ ਭਗਤਾਂ ਨੂੰ ਪਿਆਰ ਨਾਲ ਬੁਲਾਉਂਦੇ, "ਔ ਭਾਉ ! ਹੁਣ ਜਾਉ, ਭੋਜਨ ਕਰੋ। ਅਣਾ ! ਤੁਸੀਂ ਵੀ ਆਪਣੇ ਘਰ ਜਾਉ। ਬਾਪੂ ! ਤੁਸੀਂ ਵੀ ਜਾਉ ਅਤੇ ਭੋਜਨ ਕਰੋ।" ਇਸ ਤਰ੍ਹਾਂ ਉਹ ਹਰੇਕ ਭਗਤ ਨਾਲ ਗੱਲਬਾਤ ਕਰਦੇ ਅਤੇ ਉਨ੍ਹਾਂ ਨੂੰ ਘਰ ਵਾਪਸ ਭੇਜਦੇ ਸੀ। ਆਹਾ ! ਕੀ ਦਿਨ ਸੀ ਉਹ ਜਿਹੜੇ ਇਸ ਤਰ੍ਹਾਂ ਅਸਤ ਹੋਏ ਕਿ ਫੇਰ ਇਸ ਜੀਵਨ ਵਿਚ ਕਦੀ ਨਾ ਆਏ। ਜੇ ਤੁਸੀਂ ਕਲਪਨਾ ਕਰੋ ਤਾਂ ਹੁਣ ਵੀ ਉਸ ਆਨੰਦ ਨੂੰ ਮਹਿਸੂਸ ਕਰ ਸਕਦੇ ਹੋ। ਹੁਣ ਅਸੀਂ ਸਾਈਂ ਦੀ ਆਨੰਦਮਈ ਮੂਰਤੀ ਦਾ ਧਿਆਨ ਕਰਕੇ ਨਿਮਰਤਾ, ਪਿਆਰ ਅਤੇ ਆਦਰ ਨਾਲ ਉਨ੍ਹਾਂ ਦੀ ਚਰਣ-ਵੰਦਨਾ ਕਰਕੇ ਇਸ ਅਧਿਆਇ ਦੀ ਕਥਾ ਸ਼ੁਰੂ ਕਰਦੇ ਹਾਂ।

## ਇਸ਼ੋਪਨਿਸ਼ਦ

ਇਕ ਵਕਤ 'ਤੇ ਸ੍ਰੀ ਦਾਸਗਣੂ ਨੇ ਇਸ਼ੋਪਨਿਸ਼ਦ ਦਾ ਟੀਕਾ (ਇਸ਼ਾਵਾਸਯ ਭਾਵਅਰਥਬੋਧਿਨੀ) ਲਿਖਣਾ ਸ਼ੁਰੂ ਕੀਤਾ। ਵਰਨਣ ਕਰਨ ਤੋਂ ਪਹਿਲਾਂ ਇਸ ਉਪਨਿਸ਼ਦ ਦੇ ਬਾਰੇ ਸੰਖੇਪ ਵਿਚ ਦੱਸਣਾ ਜ਼ਰੂਰੀ ਹੈ। ਇਸ ਵਿਚ ਵੈਦਿਕ ਸੰਹਿਤਾ ਦੇ ਮੰਤਰਾਂ ਦਾ ਸੁਮੇਲ ਹੋਣ ਕਾਰਨ ਇਸ ਨੂੰ ਮੰਤਰੋਪਨਿਸ਼ਦ ਵੀ ਕਹਿੰਦੇ ਹਨ ਅਤੇ ਨਾਲ ਹੀ ਇਸ ਵਿਚ ਯਜੁਰਵੇਦ ਦੇ ਆਖ਼ਰੀ (40ਵੇਂ) ਅਧਿਆਇ ਦਾ ਹਿੱਸਾ ਸ਼ਾਮਿਲ ਹੋਣ ਕਰਕੇ ਇਹ ਵਾਜਸਨੇਈ (ਯਜੁ.) ਸੰਹਿਤੋਪਨਿਸ਼ਦ ਦੇ ਨਾਂਅ ਨਾਲ ਵੀ ਪ੍ਰਸਿੱਧ ਹੈ। ਵੈਦਿਕ ਸੰਹਿਤਾ ਦਾ ਸੁਮੇਲ ਹੋਣ ਕਰਕੇ

ਇਸ ਨੂੰ ਬਾਕੀ ਉਪਨਿਸ਼ਦਾਂ ਦੇ ਮੁਕਾਬਲੇ ਚੰਗਾ ਮੰਨਿਆ ਜਾਂਦਾ ਹੈ, ਜੋ ਕਿ ਬ੍ਰਾਹਮਣ ਅਤੇ ਆਰਨਯਕ (ਭਾਵ ਮੰਤਰ ਅਤੇ ਧਰਮ) ਇਨ੍ਹਾਂ ਵਿਸ਼ਿਆਂ ਦੇ ਵਿਵਰਣਾਤਮਕ ਗ੍ਰੰਥਾ ਦੀ ਸ਼੍ਰੇਣੀ ਵਿਚ ਆਉਂਦੇ ਹਨ। ਏਨਾ ਹੀ ਨਹੀਂ, ਹੋਰ ਉਪਨਿਸ਼ਦ ਤਾਂ ਸਿਰਫ਼ ਇਸ਼ੋਪਨਿਸ਼ਦ ਵਿਚ ਵਰਨਣ ਗੂੜ ਤੱਤਾਂ 'ਤੇ ਹੀ ਟੀਕੇ ਹਨ। ਪੰਡਿਤ ਸਤਵਲੇਕਰ ਵੱਲੋਂ ਰਚੀ ਵ੍ਰਹਦਾਰਨਯਕ ਉਪਨਿਸ਼ਦ ਅਤੇ ਇਸ਼ੋਪਨਿਸ਼ਦ ਦਾ ਟੀਕਾ ਆਮ ਟੀਕਿਆਂ ਵਿਚੋਂ ਸਭ ਤੋਂ ਚੰਗਾ ਮੰਨਿਆ ਜਾਂਦਾ ਹੈ।

ਪ੍ਰੋਫ਼ੈਸਰ ਆਰ.ਡੀ. ਰਾਨਾਡੇ ਦਾ ਕਥਨ ਹੈ ਕਿ ਇਸ਼ੋਪਨਿਸ਼ਦ ਇਕ ਘਰੇਲੂ ਉਪਨਿਸ਼ਦ ਹੁੰਦੇ ਹੋਏ ਵੀ, ਉਸ ਵਿਚ ਅਨੇਕ ਵਿਸ਼ਿਆਂ ਦਾ ਸੁਮੇਲ ਹੈ, ਜਿਹੜਾ ਇਕ ਅਸਧਾਰਣ ਅੰਤਰਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਇਸ ਵਿਚ ਸਿਰਫ਼ 18 ਸਲੋਕਾਂ ਵਿਚ ਹੀ ਆਤਮਾ ਦੇ ਤੱਤਾਂ ਦਾ ਵਰਨਣ ਹੈ। ਇਕ ਆਦਰਸ਼ ਸੰਤ ਦੀ ਜੀਵਨੀ ਜਿਹੜਾ ਖਿਚਾਉ ਅਤੇ ਦੁੱਖਾਂ, ਤਕਲੀਫ਼ਾਂ ਦੇ ਵਿਚ ਵੀ ਅਟੱਲ ਰਹਿੰਦਾ ਹੈ, ਕਰਮਯੋਗ ਦੇ ਸਿੱਧਾਂਤਾਂ ਦਾ ਪ੍ਰਤੀਬਿੰਬ, ਜਿਸ ਦਾ ਬਾਅਦ ਵਿਚ ਸੂਤਰੀਕਰਨ ਕੀਤਾ ਗਿਆ ਅਤੇ ਗਿਆਨ ਅਤੇ ਕਰਤੱਵ ਦੇ ਪੋਸ਼ਕ ਤੱਤਾਂ ਦਾ ਵਰਨਣ ਹੈ, ਜਿਸ ਦੇ ਆਖ਼ੀਰ ਵਿਚ ਆਦਰਸ਼, ਚਮਤਕਾਰਿਕ ਅਤੇ ਆਤਮਾ ਦੇ ਸਬੰਧੀ ਗੂੜ ਤੱਤਾਂ ਦਾ ਭੰਡਾਰ ਹੈ।

ਇਸ ਉਪਨਿਸ਼ਦ ਦੇ ਸਬੰਧ ਵਿਚ ਸੰਖੇਪ ਪਹਿਚਾਨ ਤੋਂ ਸਪੱਸ਼ਟ ਹੈ ਕਿ ਇਸ ਦਾ ਆਮ ਭਾਸ਼ਾ ਵਿਚ ਅਸਲ ਅਰਥਾਂ ਨਾਲ ਅਨੁਵਾਦ ਕਰਨਾ ਕਿੰਨਾ ਮੁਸ਼ਕਿਲ ਕੰਮ ਹੈ। ਸ੍ਰੀ ਦਾਸਗਣੁ ਨੇ ਔਵੀ ਛੰਦਾਂ ਵਿਚ ਅਨੁਵਾਦ ਤਾਂ ਕੀਤਾ, ਪਰ ਉਸਦੇ ਮੂਲ ਤੱਤ ਨੂੰ ਗ੍ਰਹਿਣ ਨਾ ਕਰ ਸਕਣ ਕਰਕੇ ਉਨ੍ਹਾਂ ਨੂੰ ਆਪਣੇ ਕੰਮ ਤੋਂ ਤਸੱਲੀ ਨਹੀਂ ਹੋਈ। ਇਸ ਤਰ੍ਹਾਂ ਅਸੰਤੁਸ਼ਟ ਹੋ ਕੇ ਉਨ੍ਹਾਂ ਨੇ ਕਈ ਹੋਰ ਵਿਦਵਾਨਾਂ ਨਾਲ ਸ਼ੰਕਾ ਦੂਰ ਕਰਨ ਲਈ ਸਲਾਹ ਕੀਤੀ ਅਤੇ ਵਾਦ-ਵਿਵਾਦ ਵੀ ਕੀਤਾ, ਪਰ ਸਮੱਸਿਆ ਉਸੇ ਤਰ੍ਹਾਂ ਗੁੰਝਲਦਾਰ ਹੀ ਬਣੀ ਰਹੀ ਅਤੇ ਤਸੱਲੀਬਖ਼ਸ਼ ਭਾਵਅਰਥ ਕਰਨ ਵਿਚ ਕੋਈ ਵੀ ਸਫ਼ਲ ਨਾ ਹੋ ਸਕਿਆ। ਇਸ ਕਰਕੇ ਦਾਸਗਣੁ ਬਹੁਤ ਹੀ ਅਸੰਤੁਸ਼ਟ ਹੋਏ।

## ਸਿਰਫ਼ ਸਤਿਗੁਰੂ ਹੀ ਅਰਥ ਸਮਝਾਉਣ ਦੇ ਯੋਗ

ਇਹ ਉਪਨਿਸ਼ਦ ਵੇਦਾਂ ਦਾ ਮਹਾਨ ਵਿਵਰਣਾਤਮਕ ਨਿਚੋੜ ਹੈ। ਇਸ ਹਥਿਆਰ ਦੇ ਪ੍ਰਯੋਗ ਨਾਲ ਜਨਮ-ਮਰਨ ਦਾ ਬੰਧਨ ਛਿੰਨ-ਭਿੰਨ ਹੋ ਜਾਂਦਾ ਹੈ ਅਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਸ੍ਰੀ ਦਾਸਗਣੁ ਨੂੰ ਖ਼ਿਆਲ ਆਇਆ ਕਿ ਜਿਸਨੂੰ ਆਤਮਸਾਖ਼ਸ਼ਾਤਕਾਰ ਹੋ ਚੁੱਕਾ ਹੋਵੇ, ਸਿਰਫ਼ ਉਹ ਹੀ ਇਸ ਉਪਨਿਸ਼ਦ ਦਾ ਅਸਲ ਅਰਥ ਕਰ ਸਕਦਾ ਹੈ। ਜਦੋਂ ਕੋਈ ਵੀ ਉਨ੍ਹਾਂ ਦੀ ਪਰੇਸ਼ਾਨੀ ਦਾ ਹੱਲ ਨਾ ਕਰ ਸਕਿਆ ਤਾਂ ਉਨ੍ਹਾਂ ਨੇ ਸ਼ਿਰਡੀ ਜਾ ਕੇ ਬਾਬਾ ਦੇ ਦਰਸ਼ਨ ਕਰਨ ਦਾ ਫ਼ੈਸਲਾ ਕੀਤਾ। ਜਦੋਂ ਉਨ੍ਹਾਂ ਨੂੰ ਸ਼ਿਰਡੀ ਜਾਣ ਦਾ ਸ਼ੁਭ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਬਾਬਾ ਨਾਲ ਮੁਲਾਕਾਤ ਕੀਤੀ ਅਤੇ ਚਰਣ-ਵੰਦਨਾ ਕਰਨ ਤੋਂ ਬਾਅਦ ਉਪਨਿਸ਼ਦ ਵਿਚ ਆਈਆਂ ਮੁਸ਼ਕਿਲਾਂ ਉਨ੍ਹਾਂ ਦੇ ਸਾਹਮਣੇ ਰੱਖ ਕੇ ਉਨ੍ਹਾਂ ਨੂੰ ਹੱਲ ਕਰਨ ਦੀ ਬੇਨਤੀ ਕੀਤੀ।

ਸ੍ਰੀ ਸਾਈਂ ਬਾਬਾ ਨੇ ਆਸ਼ੀਰਵਾਦ ਦੇ ਕੇ ਕਿਹਾ ਕਿ "ਫ਼ਿਕਰ ਕਰਨ ਦੀ ਕੋਈ ਲੋੜ ਨਹੀਂ। ਉਸ ਵਿਚ ਮੁਸ਼ਕਿਲ ਹੀ ਕੀ ਹੈ? ਜਦੋਂ ਤੁਸੀਂ ਵਾਪਸ ਜਾਉਗੇ ਤਾਂ ਵਿਲੇ ਪਾਰਲੇ ਵਿਚ ਕਾਕਾ ਦਿਕਸ਼ਿਤ ਦੀ ਨੌਕਰਾਨੀ ਤੁਹਾਡੀ ਪ੍ਰੇਸ਼ਾਨੀ ਦੂਰ ਕਰ ਦੇਵੇਗੀ। ਉਥੇ ਹਾਜ਼ਰ ਲੋਕਾਂ ਨੇ ਜਦੋਂ ਇਹ ਵਚਨ ਸੁਣੇ ਤਾਂ ਉਹ ਸੋਚਣ ਲੱਗੇ ਕਿ ਬਾਬਾ ਮਜ਼ਾਕ ਕਰ ਰਹੇ ਹਨ ਅਤੇ ਕਹਿਣ ਲੱਗੇ ਕਿ ਕੀ ਇਕ ਅਨਪੜ੍ਹ ਨੌਕਰਾਨੀ ਵੀ ਇਸ ਤਰ੍ਹਾਂ ਦੀ ਗੁੰਝਲਦਾਰ ਅਤੇ ਮੁਸ਼ਕਿਲ ਸਮੱਸਿਆ ਦਾ ਹੱਲ ਕਰ ਸਕਦੀ ਹੈ? ਪਰ ਦਾਸਗਣੁ ਨੂੰ ਤਾਂ ਪੂਰਾ ਭਰੋਸਾ ਸੀ ਕਿ ਬਾਬਾ ਦੇ ਵਚਨ ਕਦੀ ਵੀ ਝੂਠੇ ਨਹੀਂ ਹੋ ਸਕਦੇ, ਕਿਉਂਕਿ ਬਾਬਾ ਦੇ ਵਚਨ ਤਾਂ ਪ੍ਰਤੱਖ ਬ੍ਰਹਮ ਵਾਕ ਹੀ ਹਨ।

## ਕਾਕਾ ਦੀ ਨੌਕਰਾਨੀ

ਬਾਬਾ ਦੇ ਵਚਨਾਂ 'ਤੇ ਪੂਰਾ ਭਰੋਸਾ ਕਰਕੇ ਉਹ ਸ਼ਿਰਡੀ ਤੋਂ ਵਿਲਾ ਪਾਰਲੇ (ਬੰਬਈ ਦਾ ਉਪ-ਨਗਰ) ਪਹੁੰਚ ਕੇ ਕਾਕਾ ਦਿਕਸ਼ਿਤ ਦੇ ਘਰ ਠਹਿਰੇ। ਦੂਸਰੇ ਦਿਨ ਦਾਸਗਣੁ ਸਵੇਰੇ-ਸਵੇਰੇ ਮਿੱਠੀ ਨੀਂਦ ਦਾ ਆਨੰਦ ਲੈ ਰਹੇ ਸੀ, ਉਸ ਵੇਲੇ ਇਕ ਗਰੀਬ ਕੁੜੀ ਦੇ ਸੁੰਦਰ ਗੀਤ ਦੀ ਸਪੱਸ਼ਟ ਅਤੇ ਸੁੰਦਰ ਆਵਾਜ਼ ਸੁਣੀ। ਗੀਤ ਦਾ ਮੁੱਖ ਵਿਸ਼ਾ ਸੀ—'ਇਕ ਲਾਲ ਰੰਗ ਦੀ ਸਾੜ੍ਹੀ, ਉਹ ਕਿੰਨੀ ਸੁੰਦਰ ਸੀ, ਉਸ ਦਾ ਜ਼ਰੀ ਦਾ ਪੱਲਾ ਕਿੰਨਾ ਵਧੀਆ ਸੀ, ਉਸਦੇ ਕਿਨਾਰੇ ਕਿੰਨੇ ਸੁੰਦਰ ਸੀ ਆਦਿ।' ਉਨ੍ਹਾਂ ਨੂੰ ਉਹ ਗੀਤ ਬਹੁਤ ਚੰਗਾ ਲੱਗਾ। ਇਸ ਕਰਕੇ ਉਨ੍ਹਾਂ ਨੇ ਬਾਹਰ ਆ ਕੇ ਦੇਖਿਆ ਕਿ ਇਹ ਗੀਤ ਇਕ ਬੱਚੀ, ਨਾਮਿਆ ਦੀ ਭੈਣ—ਜਿਹੜੀ ਕਾਕਾਸਾਹਿਬ ਦਿਕਸ਼ਿਤ ਦੀ ਨੌਕਰਾਨੀ ਹੈ, ਗਾ ਰਹੀ ਸੀ। ਬੱਚੀ ਭਾਂਡੇ ਮਾਂਜ ਰਹੀ ਸੀ ਅਤੇ ਸਿਰਫ਼ ਇਕ ਫਟੇ ਹੋਏ ਕੱਪੜੇ ਨਾਲ ਸਰੀਰ ਢੱਕਿਆ ਹੋਇਆ ਸੀ। ਏਨੀ ਗਰੀਬੀ ਦੀ ਹਾਲਤ ਵਿਚ ਵੀ ਉਸ ਨੂੰ ਖ਼ੁਸ਼ੀ ਵਿਚ ਦੇਖ ਕੇ ਸ੍ਰੀ ਦਾਸਗਣੁ ਨੂੰ ਦਯਾ ਆ ਗਈ ਅਤੇ ਦੂਜੇ ਦਿਨ ਸ੍ਰੀ ਦਾਸਗਣੁ ਨੇ ਸ੍ਰੀ ਐੱਮ.ਵੀ. ਪ੍ਰਧਾਨ ਨੂੰ ਉਸ ਗਰੀਬ ਬੱਚੀ ਨੂੰ ਇਕ ਵਧੀਆ ਸਾੜ੍ਹੀ ਦੇਣ ਦੀ ਬੇਨਤੀ ਕੀਤੀ। ਜਦੋਂ ਰਾਏ ਬਹਾਦਰ ਐੱਮ.ਵੀ. ਪ੍ਰਧਾਨ ਨੇ ਉਸ ਬੱਚੀ ਨੂੰ ਇਕ ਧੋਤੀ ਦਾ ਜੋੜਾ ਦਿੱਤਾ, ਤਾਂ ਇਕ ਭੁੱਖੇ ਆਦਮੀ ਨੂੰ ਜਿਸ ਤਰ੍ਹਾਂ ਕਿਸਮਤ ਨਾਲ ਸੁਆਦ ਭੋਜਨ ਮਿਲ ਜਾਣ 'ਤੇ ਪ੍ਰਸੰਨਤਾ ਹੁੰਦੀ ਹੈ, ਉਸ ਤਰ੍ਹਾਂ ਹੀ ਉਸ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਦੂਸਰੇ ਦਿਨ ਉਸਨੇ ਨਵੀਂ ਸਾੜ੍ਹੀ ਪਾਈ ਅਤੇ ਬਹੁਤ ਖ਼ੁਸ਼ ਹੋ ਕੇ ਨੱਚਣ-ਟੱਪਣ ਲੱਗੀ ਅਤੇ ਹੋਰ ਬੱਚੀਆਂ ਦੇ ਨਾਲ ਉਹ ਫੁਗੜੀ ਖੇਡਣ ਵਿਚ ਮਸਤ ਰਹੀ। ਅਗਲੇ ਦਿਨ ਉਸ ਨੇ ਨਵੀਂ ਸਾੜ੍ਹੀ ਸੰਭਾਲ ਕੇ ਸੰਦੂਕ ਵਿਚ ਰੱਖ ਦਿੱਤੀ ਅਤੇ ਪਹਿਲੇ ਵਾਂਗ ਹੀ ਫਟੇ-ਪੁਰਾਣੇ ਕੱਪੜੇ ਪਾ ਕੇ ਆਈ, ਫੇਰ ਵੀ ਪਿਛਲੇ ਦਿਨ ਵਾਂਗ ਹੀ ਖ਼ੁਸ਼ ਦਿਖ ਰਹੀ ਸੀ। ਇਹ ਦੇਖ ਕੇ ਦਾਸਗਣੁ ਦੀ ਦਯਾ ਹੈਰਾਨੀ ਵਿਚ ਬਦਲ ਗਈ। ਉਨ੍ਹਾਂ ਦੀ ਇਹ ਧਾਰਨਾ ਸੀ ਕਿ ਗਰੀਬ ਹੋਣ ਕਰਕੇ ਉਸ ਨੂੰ ਫਟੇ-ਪੁਰਾਣੇ ਕੱਪੜੇ ਪਾਉਣੇ ਪੈਂਦੇ ਹਨ, ਪਰ ਹੁਣ ਤਾਂ ਉਸ ਕੋਲ ਨਵੀਂ ਸਾੜ੍ਹੀ ਸੀ, ਜਿਸਨੂੰ ਉਸਨੇ ਸੰਭਾਲ ਕੇ ਰੱਖ ਲਿਆ ਅਤੇ ਫਟੇ-ਪੁਰਾਣੇ ਕੱਪੜੇ ਪਾ ਕੇ ਵੀ ਉਸ ਮਾਨ ਅਤੇ ਖ਼ੁਸ਼ੀ ਨੂੰ ਮਹਿਸੂਸ ਕਰ ਰਹੀ ਹੈ। ਉਸ ਦੇ ਮੁੱਖ 'ਤੇ ਦੁੱਖ ਜਾਂ ਨਾਉਮੀਦੀ ਦਾ ਕੋਈ ਨਿਸ਼ਾਨ ਵੀ ਨਹੀਂ ਰਿਹਾ। ਇਸ ਤਰ੍ਹਾਂ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਦੁੱਖ ਅਤੇ ਸੁੱਖ ਦਾ ਅਨੁਭਵ ਸਿਰਫ਼ ਮਾਨਸਿਕ

ਹਾਲਤ 'ਤੇ ਨਿਰਭਰ ਹੈ। ਇਸ ਘਟਨਾ 'ਤੇ ਡੂੰਘਾ ਵਿਚਾਰ ਕਰਨ ਬਾਅਦ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਭਗਵਾਨ ਨੇ ਜੋ ਕੁਝ ਦਿੱਤਾ ਹੈ, ਉਸ ਵਿਚ ਗੁਜ਼ਾਰਾ ਕਰਨਾ ਚਾਹੀਦਾ ਹੈ ਅਤੇ ਇਹ ਯਕੀਨਨ ਸਮਝਣਾ ਚਾਹੀਦਾ ਹੈ ਕਿ ਉਹ ਸਾਰੀਆਂ ਥਾਵਾਂ ਅਤੇ ਚੀਜ਼ਾਂ ਵਿਚ ਵਿਆਪਕ ਹੈ ਅਤੇ ਜਿਹੜੀ ਵੀ ਹਾਲਤ ਉਸ ਦੀ ਦਯਾ ਨਾਲ ਪ੍ਰਾਪਤ ਹੈ, ਉਹ ਸਾਡੇ ਲਈ ਜ਼ਰੂਰ ਹੀ ਚੰਗੀ ਹੋਵੇਗੀ। ਇਸ ਖ਼ਾਸ ਘਟਨਾ ਵਿਚ ਬੱਚੀ ਦੀ ਗਰੀਬੀ, ਉਸ ਦੇ ਫਟੇ-ਪੁਰਾਣੇ ਕੱਪੜੇ ਅਤੇ ਨਵੀਂ ਸਾੜ੍ਹੀ ਦੇਣ ਵਾਲਾ ਅਤੇ ਉਸ ਨੂੰ ਦਿਵਾਉਣ ਵਾਲਾ, ਇਹ ਸਾਰੇ ਈਸ਼ਵਰ ਵੱਲੋਂ ਹੀ ਪ੍ਰੇਰਿਤ ਸਨ। ਸ੍ਰੀ ਦਾਸਗਣੂ ਨੂੰ ਉਪਨਿਸ਼ਦ ਦੇ ਪਾਠ ਦੀ ਪ੍ਰਤੱਖ ਸਿੱਖਿਆ ਮਿਲ ਗਈ ਭਾਵ ਜੋ ਕੁਝ ਸਾਡੇ ਕੋਲ ਹੈ, ਉਸ ਨਾਲ ਹੀ ਗੁਜ਼ਾਰਾ ਕਰਨਾ ਚਾਹੀਦਾ ਹੈ। ਨਿਚੋੜ ਇਹ ਹੈ ਕਿ ਜੋ ਕੁਝ ਹੁੰਦਾ ਹੈ, ਸਭ ਉਸ ਦੀ ਮਰਜ਼ੀ ਨਾਲ ਹੁੰਦਾ ਹੈ ਅਤੇ ਉਸ ਵਿਚ ਸੰਤੋਖ ਰੱਖਣ ਵਿਚ ਸਾਡਾ ਭਲਾ ਹੈ।

## ਸਿੱਖਿਆ ਦਾ ਨਿਰਾਲਾ ਢੰਗ

ਇਸ ਮੁਨਾਸਿਬ ਘਟਨਾ ਨਾਲ ਪਾਠਕਾਂ ਨੂੰ ਪਤਾ ਲੱਗ ਗਿਆ ਹੋਵੇਗਾ ਕਿ ਬਾਬਾ ਦਾ ਢੰਗ ਨਿਰਾਲਾ ਅਤੇ ਅਨੋਖਾ ਸੀ। ਬਾਬਾ ਸ਼ਿਰਡੀ ਦੇ ਬਾਹਰ ਕਦੀ ਨਹੀਂ ਗਏ, ਪਰ ਫੇਰ ਵੀ ਉਨ੍ਹਾਂ ਨੇ ਕਿਸੇ ਨੂੰ ਮਛਿੰਦਰਗੜ, ਕਿਸੇ ਨੂੰ ਕੋਲਹਾਪੁਰ ਜਾਂ ਸ਼ੋਲਾਪੁਰ ਸਾਧਨਾ ਦੇ ਲਈ ਭੇਜਿਆ। ਕਿਸੇ ਨੂੰ ਦਿਨ ਵਿਚ ਅਤੇ ਕਿਸੇ ਨੂੰ ਰਾਤ ਨੂੰ ਦਰਸ਼ਨ ਦਿੱਤੇ। ਕਿਸੇ ਨੂੰ ਕੰਮ ਕਰਦੇ ਹੋਏ ਤਾਂ ਕਿਸੇ ਨੂੰ ਸੁੱਤੇ ਹੋਏ ਨੂੰ ਦਰਸ਼ਨ ਦਿੱਤੇ ਅਤੇ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕੀਤੀਆਂ। ਭਗਤਾਂ ਨੂੰ ਸਿੱਖਿਆ ਦੇਣ ਲਈ ਉਨ੍ਹਾਂ ਨੇ ਕਿਹੜੇ-ਕਿਹੜੇ ਢੰਗ-ਤਰੀਕੇ ਵਰਤੇ, ਇਸ ਦਾ ਵਰਨਣ ਕਰਨਾ ਨਾਮੁਮਕਿਨ ਹੈ। ਇਸ ਖ਼ਾਸ ਘਟਨਾ ਵਿਚ ਉਨ੍ਹਾਂ ਨੇ ਸ੍ਰੀ ਦਾਸਗਣੂ ਨੂੰ ਵਿਲੇ ਪਾਰਲੇ ਭੇਜ ਕੇ ਉਥੇ ਉਨ੍ਹਾਂ ਦੀ ਨੌਕਰਾਨੀ ਦੁਆਰਾ ਸਮੱਸਿਆ ਹੱਲ ਕਰਵਾਈ। ਜਿਨ੍ਹਾਂ ਦਾ ਇਸ ਤਰ੍ਹਾਂ ਦਾ ਵਿਚਾਰ ਹੈ ਕਿ ਸ੍ਰੀ ਦਾਸਗਣੂ ਨੂੰ ਬਾਹਰ ਭੇਜਣ ਦੀ ਲੋੜ ਹੀ ਕੀ ਸੀ ? ਕੀ ਉਹ ਆਪ ਨਹੀਂ ਸਮਝਾ ਸਕਦੇ ਸੀ ? ਉਨ੍ਹਾਂ ਨੂੰ ਮੇਰਾ ਕਹਿਣਾ ਹੈ ਕਿ ਬਾਬਾ ਨੇ ਠੀਕ ਰਾਹ ਹੀ ਅਪਣਾਇਆ। ਨਹੀਂ ਤਾਂ ਸ੍ਰੀ ਦਾਸਗਣੂ ਕਿਸ ਤਰ੍ਹਾਂ ਇਕ ਅਮੁੱਲ ਸਿੱਖਿਆ ਉਸ ਗਰੀਬ ਨੌਕਰਾਨੀ ਅਤੇ ਉਸ ਦੀ ਸਾੜ੍ਹੀ ਦੁਆਰਾ ਪ੍ਰਾਪਤ ਕਰਦੇ, ਜਿਸ ਦੀ ਰਚਨਾ ਆਪ ਸਾਈਂ ਨੇ ਕੀਤੀ ਸੀ।

## ਇਸ਼ੋਪਨਿਸ਼ਦ ਦੀ ਸਿੱਖਿਆ

ਇਸ਼ੋਪਨਿਸ਼ਦ ਦੀ ਮੁੱਖ ਦੇਣ ਨੀਤੀ-ਸ਼ਾਸ਼ਤਰ ਸਬੰਧੀ ਉਪਦੇਸ਼ ਹੈ। ਖੁਸ਼ੀ ਦੀ ਗੱਲ ਹੈ ਕਿ ਇਸ ਉਪਨਿਸ਼ਦ ਦੀ ਨੀਤੀ ਯਕੀਨੀ ਰੂਪ ਵਿਚ ਅਧਿਆਤਮਿਕ ਵਿਸ਼ਿਆਂ 'ਤੇ ਆਧਾਰਤ ਹੈ, ਜਿਸ ਦਾ ਇਸ ਵਿਚ ਮਹਾਨ ਰੂਪ ਵਿਚ ਵਰਨਣ ਕੀਤਾ ਗਿਆ ਹੈ। ਉਪਨਿਸ਼ਦ ਦਾ ਆਰੰਭ ਹੀ ਇਥੋਂ ਹੁੰਦਾ ਹੈ ਕਿ ਸਾਰੀਆਂ ਚੀਜ਼ਾਂ ਈਸ਼ਵਰ ਨਾਲ ਔਤ-ਪੋਤ ਹਨ। ਇਹ ਆਤਮਵਿਸ਼ਯਕ ਹਾਲਤ ਦਾ ਵੀ ਇਕ ਉਪ-ਸਿਧਾਂਤ ਹੈ ਅਤੇ ਜਿਹੜੇ ਨੀਤੀ

ਸਬੰਧੀ ਉਪਦੇਸ਼ ਉਸ ਤੋਂ ਗ੍ਰਹਿਣ ਕਰਨ ਯੋਗ ਹਨ, ਉਹ ਇਹ ਹੈ ਕਿ ਜੋ ਕੁਝ ਈਸ਼ਵਰ ਦੀ ਕ੍ਰਿਪਾ ਨਾਲ ਮਿਲਿਆ ਹੈ, ਉਸ ਵਿਚ ਹੀ ਖੁਸ਼ ਰਹਿਣਾ ਚਾਹੀਦਾ ਹੈ ਅਤੇ ਦ੍ਰਿੜ ਭਾਵਨਾ ਰੱਖਣੀ ਚਾਹੀਦੀ ਹੈ ਕਿ ਈਸ਼ਵਰ ਹੀ ਸਰਵ-ਸ਼ਕਤੀਮਾਨ ਹੈ ਅਤੇ ਇਸ ਲਈ ਜੋ ਕੁਝ ਉਸਨੇ ਦਿੱਤਾ ਹੈ, ਉਹੀ ਸਾਡੇ ਲਈ ਠੀਕ ਹੈ। ਇਹ ਵੀ ਉਸ ਵਿਚ ਕੁਦਰਤੀ ਰੂਪ ਵਿਚ ਵਰਨਣ ਕੀਤਾ ਹੈ ਕਿ ਪਰਾਏ ਧਨ ਦੀ ਲਾਲਸਾ ਦੀ ਆਦਤ ਨੂੰ ਰੋਕਣਾ ਚਾਹੀਦਾ ਹੈ। ਨਿਚੋੜ ਇਹ ਹੈ ਕਿ ਸਾਡੇ ਕੋਲ ਜੋ ਕੁਝ ਹੈ, ਉਸ ਵਿਚ ਸੰਤੁਸ਼ਟ ਰਹਿਣਾ ਚਾਹੀਦਾ ਹੈ, ਕਿਉਂਕਿ ਈਸ਼ਵਰ ਦੀ ਇਹ ਹੀ ਮਰਜ਼ੀ ਹੈ। ਚਰਿੱਤਰ ਸੰਬੰਧੀ ਦੂਜਾ ਉਪਦੇਸ਼ ਇਹ ਹੈ ਕਿ ਕਰਤੱਵ ਨੂੰ ਈਸ਼ਵਰ ਦੀ ਇੱਛਾ ਸਮਝਦੇ ਹੋਏ ਜੀਵਨ ਗੁਜ਼ਾਰਨਾ ਚਾਹੀਦਾ ਹੈ, ਖ਼ਾਸ ਕਰਕੇ ਉਨ੍ਹਾਂ ਕਰਮਾਂ ਨੂੰ ਜਿਨ੍ਹਾਂ ਦਾ ਸ਼ਾਸ਼ਤਰ ਵਿਚ ਵਰਨਣ ਕੀਤਾ ਗਿਆ ਹੈ। ਇਸ ਵਿਸ਼ੇ ਵਿਚ ਉਪਨਿਸ਼ਦ ਦਾ ਕਹਿਣਾ ਹੈ ਕਿ ਆਲਸ ਨਾਲ ਆਤਮਾ ਦੀ ਅਧੋਗਤੀ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਨਿਰਪੱਖ ਕਰਮ ਕਰਦੇ ਹੋਏ ਜੀਵਨ ਗੁਜ਼ਾਰਨ ਵਾਲਾ ਹੀ ਅਕ੍ਰਮਨਯਤਾ ਦੇ ਆਦਰਸ਼ ਨੂੰ ਪ੍ਰਾਪਤ ਕਰ ਸਕਦਾ ਹੈ। ਆਖ਼ੀਰ ਵਿਚ ਕਿਹਾ ਹੈ ਕਿ ਜਿਹੜਾ ਸਾਰੇ ਪ੍ਰਾਣੀਆਂ ਨੂੰ ਆਪਣੀ ਹੀ ਆਤਮਾ ਦਾ ਸਰੂਪ ਸਮਝਦਾ ਹੈ ਅਤੇ ਜਿਸ ਨੂੰ ਸਾਰੇ ਪ੍ਰਾਣੀ ਅਤੇ ਪਦਾਰਥ ਆਤਮਾ ਦਾ ਰੂਪ ਹੋ ਚੁੱਕੇ ਹਨ, ਉਸ ਨੂੰ ਮੋਹ ਕਿਸ ਤਰ੍ਹਾਂ ਪੈਦਾ ਹੋ ਸਕਦਾ ਹੈ। ਇਸ ਤਰ੍ਹਾਂ ਏਦਾਂ ਦੇ ਆਦਮੀ ਨੂੰ ਦੁੱਖ ਦਾ ਕੋਈ ਕਾਰਨ ਨਹੀਂ ਹੋ ਸਕਦਾ।

ਸਾਰੇ ਪ੍ਰਾਣੀਆਂ ਵਿਚ ਆਤਮ-ਦਰਸ਼ਨ ਨਾ ਕਰ ਸਕਣ ਦੇ ਕਾਰਨ ਵੱਖ-ਵੱਖ ਤਰ੍ਹਾਂ ਦੇ ਅਫ਼ਸੋਸ, ਮੋਹ ਅਤੇ ਦੁੱਖਾਂ ਦਾ ਵਾਧਾ ਹੁੰਦਾ ਹੈ। ਜਿਸ ਦੇ ਲਈ ਸਾਰੀਆਂ ਚੀਜ਼ਾਂ ਆਤਮਾ ਦਾ ਰੂਪ ਬਣ ਗਈਆਂ ਹੋਣ, ਉਹ ਹੋਰ ਆਮ ਮਨੁੱਖਾਂ ਦੀ ਨਿੰਦਿਆ ਕਿਉਂ ਕਰੇ ?





# ॥ ਅਧਿਆਇ-21 ॥

***ਸ੍ਰੀ ਵੀ.ਐੱਚ. ਠਾਕੁਰ, ਸ੍ਰੀ ਅਨੰਤਰਾਵ ਪਾਟਣਕਰ ਅਤੇ ਪੰਡਰਪੁਰ ਦੇ ਵਕੀਲ ਦੀਆ ਕਥਾਵਾਂ।***

ਇਸ ਅਧਿਆਇ ਵਿਚ ਹੇਮਾਂਡਪੰਤ ਨੇ ਸ੍ਰੀ ਵਿਨਾਯਕ ਹਰੀਸ਼ ਚੰਦਰ ਠਾਕੁਰ, ਬੀ.ਏ., ਸ੍ਰੀ ਅਨੰਤਰਾਵ ਪਾਟਣਕਰ ਪੁਨੇ ਨਿਵਾਸੀ ਅਤੇ ਪੰਡਰਪੁਰ ਦੇ ਇਕ ਵਕੀਲ ਦੀਆਂ ਕਥਾਵਾਂ ਦਾ ਵਰਨਣ ਕੀਤਾ ਹੈ। ਇਹ ਸਾਰੀਆਂ ਕਥਾਵਾਂ ਬਹੁਤ ਮਨੋਰੰਜਕ ਹਨ। ਜੇ ਇਨ੍ਹਾਂ ਦਾ ਨਿਚੋੜ ਧਿਆਨ ਨਾਲ ਗ੍ਰਹਿਣ ਕਰਕੇ ਉਨ੍ਹਾਂ ਨੂੰ ਆਚਰਣ ਵਿਚ ਲਿਆਂਦਾ ਜਾਏ ਤਾਂ ਅਧਿਆਤਮਿਕ ਰਾਹ 'ਤੇ ਪਾਠਕ ਜ਼ਰੂਰ ਅੱਗੇ ਵਧਣਗੇ।

ਇਹ ਸਧਾਰਣ ਜਿਹਾ ਨਿਯਮ ਹੈ ਕਿ ਪਿਛਲੇ ਜਨਮਾਂ ਦੇ ਸ਼ੁਭ ਕਰਮਾਂ ਦੇ ਫ਼ਲਸਰੂਪ ਹੀ ਸਾਨੂੰ ਸੰਤਾਂ ਦੀ ਸੰਗਤ ਅਤੇ ਉਨ੍ਹਾਂ ਦੀ ਕ੍ਰਿਪਾ ਪ੍ਰਾਪਤ ਹੁੰਦੀ ਹੈ। ਉਦਾਹਰਣ ਵਾਸਤੇ ਹੇਮਾਂਡਪੰਤ ਆਪ ਆਪਣੀ ਘਟਨਾ ਪੇਸ਼ ਕਰਦੇ ਹਨ। ਉਹ ਬਹੁਤ ਸਾਲਾਂ ਤਕ ਬੰਬਈ ਦੇ ਉਪ-ਨਗਰ ਬਾਂਦਰਾ ਦੇ ਜੱਜ ਰਹੇ। ਪੀਰ ਮੌਲਾਨਾ ਨਾਂਅ ਦੇ ਇਕ ਮੁਸਲਮਾਨ ਸੰਤ ਵੀ ਉਥੇ ਰਹਿੰਦੇ ਸੀ। ਉਨ੍ਹਾਂ ਦੇ ਦਰਸ਼ਨ ਲਈ ਅਨੇਕ ਹਿੰਦੂ, ਪਾਰਸੀ ਅਤੇ ਹੋਰ ਧਰਮਾਂ ਦੇ ਲੋਕ ਉਥੇ ਜਾਂਦੇ ਸੀ। ਉਨ੍ਹਾਂ ਦੇ ਪੁਜਾਰੀ ਨੇ ਹੇਮਾਂਡਪੰਤ ਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਨ ਲਈ ਬੇਨਤੀ ਕੀਤੀ, ਪਰ ਕਿਸੇ ਨਾ ਕਿਸੇ ਕਾਰਨ ਕਰਕੇ ਉਨ੍ਹਾਂ ਦੀ ਮੁਲਾਕਾਤ ਉਨ੍ਹਾਂ ਨਾਲ ਨਾ ਹੋ ਸਕੀ। ਬਹੁਤ ਸਾਲਾਂ ਦੇ ਬਾਅਦ ਜਦੋਂ ਉਨ੍ਹਾਂ ਦਾ ਸ਼ੁਭ ਵਕਤ ਆਇਆ ਤਾਂ ਉਹ ਸ਼ਿਰਡੀ ਪਹੁੰਚੇ ਅਤੇ ਬਾਬਾ ਦੇ ਦਰਬਾਰ ਵਿਚ ਜਾ ਕੇ ਪੱਕੀ ਤਰ੍ਹਾਂ ਨਾਲ ਸ਼ਾਮਲ ਹੋ ਗਏ। ਬਦਕਿਸਮਤ ਲੋਕਾਂ ਨੂੰ ਸੰਤਾਂ ਦੀ ਸੰਗਤ ਦੀ ਪ੍ਰਾਪਤੀ ਕਿਸ ਤਰ੍ਹਾਂ ਹੋ ਸਕਦੀ ਹੈ? ਕੇਵਲ ਉਹ ਹੀ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਇਸ ਤਰ੍ਹਾਂ ਦਾ ਮੌਕਾ ਮਿਲਦਾ ਹੈ।

## ਸੰਤਾਂ ਦੀ ਲੋਕਾਂ ਨੂੰ ਸਿੱਖਿਆ

ਸੰਤਾਂ ਵੱਲੋਂ ਲੋਕਾਂ ਨੂੰ ਸਿੱਖਿਆ ਦਾ ਕੰਮ ਬਹੁਤ ਦੇਰ ਤੋਂ ਹੀ ਇਸ ਸੰਸਾਰ ਵਿਚ ਪੂਰਾ ਹੁੰਦਾ ਆਇਆ ਹੈ। ਅਨੇਕਾਂ ਸੰਤ ਵੱਖ-ਵੱਖ ਥਾਵਾਂ 'ਤੇ ਕਿਸੇ ਤੈਅ ਉਦੇਸ਼ ਨੂੰ ਪੂਰਾ ਕਰਨ ਲਈ ਆਪ ਪ੍ਰਗਟ ਹੁੰਦੇ ਹਨ। ਭਾਵੇਂ ਉਨ੍ਹਾਂ ਦੀ ਕੰਮ ਦੀ ਜਗ੍ਹਾ ਅਲੱਗ ਹੁੰਦੀ ਹੈ, ਪਰ ਉਹ ਸਾਰੇ ਪੂਰੀ ਤਰ੍ਹਾਂ ਇਕ ਹੀ ਹਨ। ਉਹ ਸਾਰੇ ਉਸ ਸਰਵ-ਸ਼ਕਤੀਮਾਨ ਪਰਮੇਸ਼ਵਰ ਦੀ ਸ਼ਕਤੀ ਦੇ ਅੰਦਰ ਹੀ ਇਕ ਲਹਿਰ ਵਿਚ ਕੰਮ ਕਰਦੇ ਹਨ। ਉਨ੍ਹਾਂ ਨੂੰ ਹਰੇਕ ਦੇ ਕੰਮ ਦਾ ਆਪਸ ਵਿਚ ਗਿਆਨ ਹੁੰਦਾ ਹੈ ਅਤੇ ਲੋੜ ਪੈਣ 'ਤੇ ਇਕ-ਦੂਜੇ ਦਾ ਕੰਮ ਵੀ ਪੂਰਾ ਕਰਦੇ ਹਨ, ਜੋ ਹੇਠਾਂ ਲਿਖੀ ਘਟਨਾ ਤੋਂ ਸਪੱਸ਼ਟ ਹੈ:

## ਸ੍ਰੀ ਠਾਕੁਰ

ਸ੍ਰੀ ਵੀ.ਐੱਚ. ਠਾਕੁਰ, ਬੀ.ਏ. ਰੇਵਨਿਊ ਵਿਭਾਗ ਵਿਚ ਇਕ ਕਰਮਚਾਰੀ ਸੀ। ਉਹ ਇਕ ਵਾਰੀ ਜ਼ਮੀਨ ਮਾਪਣ ਵਾਲੇ ਦਲ ਦੇ ਨਾਲ ਕੰਮ ਕਰਦੇ ਹੋਏ ਬੇਲਗਾਂਵ ਦੇ ਨੇੜੇ ਵਡਗਾਂਵ ਨਾਂਅ ਦੇ ਪਿੰਡ ਵਿਚ ਪਹੁੰਚੇ।

ਉਥੇ ਉਨ੍ਹਾਂ ਨੇ ਇਕ ਕਾਨੜੀ ਸੰਤ ਪੁਰਖ ਦੇ ਦਰਸ਼ਨ ਕਰਕੇ ਉਨ੍ਹਾਂ ਦੀ ਚਰਣ-ਵੰਦਨਾ ਕੀਤੀ। ਉਹ ਆਪਣੇ ਭਗਤਾਂ ਨੂੰ ਨਿਸਚਲਦਾਸ ਦਾ 'ਵਿਚਾਰ ਸਾਗਰ' ਨਾਂਅ ਦਾ ਗ੍ਰੰਥ (ਜਿਹੜਾ ਵੇਦਾਂਤ ਦੇ ਵਿਸ਼ੇ ਵਿਚ ਹੈ) ਦਾ ਭਾਵਅਰਥ ਸਮਝਾ ਰਹੇ ਸੀ। ਜਦੋਂ ਸ੍ਰੀ ਠਾਕੁਰ ਉਨ੍ਹਾਂ ਕੋਲੋਂ ਵਿਦਿਆ ਹੋਣ ਲਗੇ ਤਾਂ ਉਨ੍ਹਾਂ ਨੇ ਕਿਹਾ, "ਤੁਹਾਨੂੰ ਇਸ ਗ੍ਰੰਥ ਦਾ ਅਧਿਅਨ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਤੁਹਾਡੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ ਅਤੇ ਜਦੋਂ ਕੰਮ ਕਰਦੇ-ਕਰਦੇ ਤੁਸੀਂ ਉੱਤਰ ਵੱਲ ਜਾਉਗੇ ਤਾਂ ਕਿਸਮਤ ਨਾਲ ਤੁਹਾਡੀ ਇਕ ਮਹਾਨ ਸੰਤ ਨਾਲ ਮੁਲਾਕਾਤ ਹੋਵੇਗੀ, ਜਿਹੜਾ ਰਾਹ ਦਿਖਾ ਕੇ ਤੁਹਾਡੇ ਦਿਲ ਨੂੰ ਸੁੱਖ ਅਤੇ ਸ਼ਾਂਤੀ ਦੇਵੇਗਾ।

ਬਾਅਦ ਵਿਚ ਉਨ੍ਹਾਂ ਦਾ ਤਬਾਦਲਾ ਜੂਨਰ ਹੋ ਗਿਆ, ਜਿਥੇ ਕਿ ਨਾਣੇਘਾਟ ਪਾਰ ਕਰਕੇ ਜਾਣਾ ਪੈਂਦਾ ਸੀ। ਇਹ ਘਾਟ ਜ਼ਿਆਦਾ ਡੂੰਘਾ ਅਤੇ ਪਾਰ ਕਰਨਾ ਮੁਸ਼ਕਿਲ ਸੀ। ਇਸ ਲਈ ਉਨ੍ਹਾਂ ਨੂੰ ਝੋਟੇ ਉੱਪਰ ਚੜ੍ਹ ਕੇ ਘਾਟ ਪਾਰ ਕਰਨਾ ਪਿਆ, ਜਿਹੜਾ ਉਨ੍ਹਾਂ ਨੂੰ ਬਹੁਤ ਔਖਾ ਅਤੇ ਤਕਲੀਫ਼ਦੇਹ ਲੱਗਾ। ਇਸ ਦੇ ਬਾਅਦ ਉਨ੍ਹਾਂ ਦਾ ਤਬਾਦਲਾ ਕਲਿਆਣ ਵਿਚ ਇਕ ਉੱਚੀ ਪਦਵੀ 'ਤੇ ਹੋ ਗਿਆ ਅਤੇ ਉਨ੍ਹਾਂ ਦੀ ਨਾਨਾਸਾਹਿਬ ਚਾਂਦੋਰਕਰ ਨਾਲ ਜਾਣ-ਪਛਾਣ ਹੋ ਗਈ। ਉਨ੍ਹਾਂ ਕੋਲੋਂ ਉਨ੍ਹਾਂ ਨੂੰ ਸ੍ਰੀ ਸਾਈਂ ਬਾਬਾ ਦੇ ਸਬੰਧ ਵਿਚ ਬਹੁਤ ਕੁਝ ਪਤਾ ਲੱਗਾ ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਤੀਬਰ ਇੱਛਾ ਹੋਈ। ਦੂਸਰੇ ਦਿਨ ਹੀ ਨਾਨਾਸਾਹਿਬ ਸ਼ਿਰਡੀ ਜਾ ਰਹੇ ਸੀ। ਉਨ੍ਹਾਂ ਨੇ ਸ੍ਰੀ ਠਾਕੁਰ ਨੂੰ ਵੀ ਆਪਣੇ ਨਾਲ ਚੱਲਣ ਦੀ ਬੇਨਤੀ ਕੀਤੀ। ਠਾਣੇ ਦੀ ਦੀਵਾਨੀ ਅਦਾਲਤ ਵਿਚ ਇਕ ਮੁਕੱਦਮੇ ਦੇ ਸਿਲਸਿਲੇ ਵਿਚ ਉਨ੍ਹਾਂ ਦੀ ਹਾਜ਼ਰੀ ਜ਼ਰੂਰੀ ਹੋਣ ਕਰਕੇ ਉਹ ਉਨ੍ਹਾਂ ਦੇ ਨਾਲ ਨਾ ਜਾ ਸਕੇ। ਇਸ ਕਾਰਨ ਨਾਨਾਸਾਹਿਬ ਇਕੱਲੇ ਹੀ ਚੱਲੇ ਗਏ। ਠਾਣੇ ਪਹੁੰਚਣ 'ਤੇ ਮੁਕੱਦਮੇ ਦੀ ਤਾਰੀਖ਼ ਅੱਗੇ ਪੈ ਗਈ। ਇਸ ਲਈ ਉਨ੍ਹਾਂ ਨੂੰ ਨਾਨਾਸਾਹਿਬ ਦਾ ਸਾਥ ਨਾ ਦੇਣ ਦਾ ਪਛਤਾਵਾ ਹੋਇਆ। ਫੇਰ ਉਹ ਸ਼ਿਰਡੀ ਪਹੁੰਚੇ, ਤਾਂ ਉਥੇ ਉਨ੍ਹਾਂ ਨੂੰ ਪਤਾ ਲੱਗਾ ਕਿ ਨਾਨਾਸਾਹਿਬ ਇਕ ਦਿਨ ਪਹਿਲਾਂ ਹੀ ਉਥੋਂ ਚਲੇ ਗਏ ਹਨ। ਉਹ ਆਪਣੇ ਕੁਝ ਦੋਸਤਾਂ ਦੇ ਨਾਲ, ਜਿਹੜੇ ਉਨ੍ਹਾਂ ਨੂੰ ਉਥੇ ਮਿਲ ਗਏ ਸੀ, ਸ੍ਰੀ ਸਾਈਂ ਬਾਬਾ ਦੇ ਦਰਸ਼ਨਾਂ ਲਈ ਗਏ। ਉਨ੍ਹਾਂ ਨੇ ਬਾਬਾ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦੇ ਚਰਣ-ਕਮਲਾਂ ਦੀ ਪੂਜਾ ਕਰ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਦੇ ਖੁਸ਼ੀ ਨਾਲ ਲੂੰ-ਕੰਡੇ ਖੜੇ ਹੋ ਗਏ ਅਤੇ ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਵਗਣ ਲੱਗੀ। ਜਾਣੀਜਾਣ ਬਾਬਾ ਨੇ ਉਨ੍ਹਾਂ ਨੂੰ ਕਿਹਾ, "ਇਸ ਥਾਂ ਦਾ ਰਾਹ ਏਨਾ ਸੌਖਾ ਨਹੀਂ, ਜਿੰਨਾ ਕਿ ਕਾਨੜੀ ਸੰਤ ਅਪਾ ਦੇ ਉਪਦੇਸ਼ ਜਾਂ ਨਾਣੇਘਾਟ 'ਤੇ ਝੋਟੇ ਦੀ ਸਵਾਰੀ ਸੀ। ਅਧਿਆਤਮਿਕ ਰਾਹ 'ਤੇ ਚੱਲਣ ਲਈ ਤੈਨੂੰ ਸਖ਼ਤ ਮਿਹਨਤ ਕਰਨੀ ਪਏਗੀ, ਕਿਉਂਕਿ ਉਹ ਬਹੁਤ ਮੁਸ਼ਕਿਲ ਰਾਹ ਹੈ। ਜਦੋਂ ਸ੍ਰੀ ਠਾਕੁਰ ਨੇ ਭਾਵਪੂਰਨ ਸ਼ਬਦ ਸੁਣੇ, ਜਿਨ੍ਹਾਂ ਦਾ ਅਰਥ ਉਨ੍ਹਾਂ ਤੋਂ ਬਗ਼ੈਰ ਹੋਰ ਕੋਈ ਨਹੀਂ ਜਾਣਦਾ ਸੀ ਤਾਂ ਉਨ੍ਹਾਂ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ ਅਤੇ ਉਨ੍ਹਾਂ ਨੂੰ ਕਾਨੜੀ ਸੰਤ ਦੇ ਵਚਨ ਯਾਦ ਆ ਗਏ ਤਾਂ ਉਨ੍ਹਾਂ ਨੇ ਹੱਥ ਜੋੜ ਕੇ ਬਾਬਾ ਦੇ ਚਰਣਾਂ 'ਤੇ ਆਪਣਾ ਸਿਰ ਰੱਖਿਆ ਅਤੇ ਉਨ੍ਹਾਂ ਨੂੰ ਪ੍ਰਾਰਥਨਾ ਕੀਤੀ ਕਿ, "ਪ੍ਰਭੂ! ਮੇਰੇ 'ਤੇ ਕ੍ਰਿਪਾ ਕਰੋ ਅਤੇ ਇਸ ਅਨਾਥ ਨੂੰ ਆਪਣੇ ਚਰਣ-ਕਮਲਾਂ ਦੀ ਠੰਡੀ ਛਾਂ ਵਿਚ ਜਗ੍ਹਾ ਦਿਉ।" ਤਾਂ

ਬਾਬਾ ਬੋਲੇ, "ਜੋ ਕੁਝ ਅਪਾ ਨੇ ਕਿਹਾ ਸੀ, ਉਹ ਸੱਚ ਸੀ। ਉਸ ਦਾ ਅਭਿਆਸ ਕਰਕੇ ਉਸ ਦੇ ਅਨੁਸਾਰ ਹੀ ਤੁਹਾਨੂੰ ਆਚਰਣ ਕਰਨਾ ਚਾਹੀਦਾ ਹੈ। ਵਿਅਰਥ ਬੈਠਣ ਨਾਲ ਕੋਈ ਲਾਭ ਨਹੀਂ ਹੋਵੇਗਾ। ਜੋ ਕੁਝ ਤੁਸੀਂ ਪਾਠ ਕਰਦੇ ਹੋ, ਉਸ ਨੂੰ ਆਚਰਣ ਵਿਚ ਵੀ ਲਿਆਉ, ਵਰਨਾ ਉਸ ਦਾ ਕੀ ਫ਼ਾਇਦਾ? ਗੁਰੂ ਦੀ ਕ੍ਰਿਪਾ ਦੇ ਬਿਨਾਂ ਗ੍ਰੰਥਾਂ ਦਾ ਪਾਠ ਕਰਨਾ ਅਤੇ ਆਤਮਾਨੁਭੂਤੀ ਦਾ ਕੋਈ ਅਰਥ ਹੀ ਨਹੀਂ ਹੈ।" ਸ੍ਰੀ ਠਾਕੁਰ ਨੇ ਅਜੇ ਤਕ ਸਿਰਫ਼ 'ਵਿਚਾਰ ਸਾਗਰ' ਗ੍ਰੰਥ ਵਿਚ ਸਿਧਾਂਤਕ ਪ੍ਰਸੰਗ ਹੀ ਪੜ੍ਹਿਆ ਸੀ, ਪਰ ਉਸ ਦੇ ਪ੍ਰਤੱਖ ਵਿਹਾਰ ਦਾ ਢੰਗ ਤਾਂ ਉਨ੍ਹਾਂ ਨੂੰ ਸ਼ਿਰਡੀ ਵਿਚ ਹੀ ਪਤਾ ਲੱਗਾ। ਇਕ ਦੂਸਰੀ ਕਥਾ ਵੀ ਇਸ ਸੱਚ ਦਾ ਹੋਰ ਜ਼ਿਆਦਾ ਪ੍ਰਤੱਖ ਸਬੂਤ ਹੈ।

## ਸ੍ਰੀ ਅਨੰਤਰਾਵ ਪਾਟਣਕਰ

ਪੂਨਾ ਦੇ ਇਕ ਸੱਜਣ, ਸ੍ਰੀ ਅਨੰਤਰਾਵ ਪਾਟਣਕਰ ਸ੍ਰੀ ਸਾਈਂ ਬਾਬਾ ਦੇ ਦਰਸ਼ਨਾਂ ਦੀ ਖ਼ਾਹਿਸ਼ ਰੱਖਦੇ ਸੀ। ਉਨ੍ਹਾਂ ਨੇ ਸ਼ਿਰਡੀ ਆ ਕੇ ਬਾਬਾ ਦੇ ਦਰਸ਼ਨ ਕੀਤੇ। ਦਰਸ਼ਨਾਂ ਨਾਲ ਉਨ੍ਹਾਂ ਦੀਆਂ ਅੱਖਾਂ ਸੀਤਲ ਹੋ ਗਈਆਂ ਅਤੇ ਉਹ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਬਾਬਾ ਦੇ ਚਰਣ ਛੂਹੇ ਅਤੇ ਸਮਰੱਥਾ ਅਨੁਸਾਰ ਪੂਜਾ ਕਰਨ ਦੇ ਬਾਅਦ ਬੋਲੇ, "ਮੈਂ ਬਹੁਤ ਕੁਝ ਪਾਠ ਕੀਤਾ ਹੈ, ਵੇਦ, ਵੇਦਾਂਤ ਅਤੇ ਉਪਨਿਸ਼ਦਾਂ ਦਾ ਵੀ ਅਧਿਅਨ ਕੀਤਾ ਹੈ ਅਤੇ ਹੋਰ ਪੁਰਾਣ ਵੀ ਸਰਵਣ ਕੀਤੇ, ਪਰ ਫੇਰ ਵੀ ਮੈਨੂੰ ਸ਼ਾਂਤੀ ਨਹੀਂ ਮਿਲ ਸਕੀ। ਇਸ ਲਈ ਮੇਰਾ ਪਾਠ ਵਿਅਰਥ ਹੀ ਸਿੱਧ ਹੋਇਆ। ਇਕ ਨਿਰਾ ਅਗਿਆਨੀ ਭਗਤ ਮੇਰੇ ਨਾਲੋਂ ਕਿਤੇ ਚੰਗਾ ਹੈ। ਜਦੋਂ ਤਕ ਮਨ ਨੂੰ ਸ਼ਾਂਤੀ ਨਹੀਂ ਮਿਲਦੀ, ਉਦੋਂ ਤਕ ਗ੍ਰੰਥਾਂ ਦਾ ਪਾਠ ਕਰਨਾ ਵਿਅਰਥ ਹੀ ਹੈ। ਮੈਂ ਇਹ ਸੁਣਿਆ ਹੈ ਕਿ ਤੁਸੀਂ ਕੇਵਲ ਆਪਣੀ ਨਜ਼ਰ ਨਾਲ ਹੀ ਅਤੇ ਆਨੰਦ ਭਰਪੂਰ ਵਚਨਾਂ ਨਾਲ ਹੀ ਦੂਜਿਆਂ ਦੇ ਮਨ ਨੂੰ ਆਸਾਨੀ ਨਾਲ ਸ਼ਾਂਤੀ ਦੇ ਦਿੰਦੇ ਹੋ। ਇਹ ਹੀ ਸੁਣ ਕੇ ਮੈਂ ਇਥੇ ਆਇਆ ਹਾਂ। ਕ੍ਰਿਪਾ ਕਰਕੇ ਮੈਨੂੰ ਦਾਸ ਨੂੰ ਵੀ ਆਸ਼ੀਰਵਾਦ ਦਿਉ।" ਉਦੋਂ ਬਾਬਾ ਨੇ ਹੇਠਾਂ ਲਿਖੀ ਕਥਾ ਸੁਣਾਈ:

## ਘੋੜੀ ਦੀ ਲਿੱਦ ਦੇ ਨੌ ਗੋਲੇ (ਨਵਵਿਧਾ ਭਗਤੀ)

"ਇਕ ਵਾਰੀ ਇਕ ਸੌਦਾਗਰ ਇਥੇ ਆਇਆ। ਉਸਦੇ ਸਾਹਮਣੇ ਹੀ ਇਕ ਘੋੜੀ ਨੇ ਲਿੱਦ ਕੀਤੀ। ਖੋਜੀ ਸੌਦਾਗਰ ਨੇ ਆਪਣੀ ਧੋਤੀ ਦਾ ਇਕ ਪੱਲਾ ਵਿਛਾ ਕੇ ਉਸ ਵਿਚ ਲਿੱਦ ਦੇ ਨੌ ਗੋਲੇ ਰੱਖ ਲਏ ਅਤੇ ਇਸ ਤਰ੍ਹਾਂ ਉਸ ਦੇ ਚਿੱਤ ਨੂੰ ਸ਼ਾਂਤੀ ਪ੍ਰਾਪਤ ਹੋ ਗਈ।" ਸ੍ਰੀ ਪਾਟਣਕਰ ਇਸ ਕਥਾ ਦਾ ਕੁਝ ਵੀ ਅਰਥ ਨਾ ਸਮਝ ਸਕੇ। ਇਸ ਲਈ ਉਨ੍ਹਾਂ ਨੇ ਸ੍ਰੀ ਗਣੇਸ਼ ਦਾਮੋਦਰ ਉਪ-ਨਾਮ ਦਾਦਾ ਕੇਲਕਰ ਨੂੰ ਅਰਥ ਸਮਝਾਉਣ ਦੀ ਬੇਨਤੀ ਕੀਤੀ ਅਤੇ ਪੁੱਛਿਆ ਕਿ "ਬਾਬਾ ਦੇ ਕਹਿਣ ਦਾ ਕੀ ਮਤਲਬ ਹੈ?" ਉਹ ਬੋਲੇ, "ਜੋ ਕੁਝ ਬਾਬਾ ਕਹਿੰਦੇ ਹਨ, ਉਸ ਨੂੰ ਮੈਂ ਆਪ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕਦਾ, ਪਰ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਮੈਂ ਜੋ ਕੁਝ ਸਮਝ ਸਕਿਆ ਹਾਂ, ਉਹ ਤੁਹਾਨੂੰ ਦੱਸਦਾ ਹਾਂ। ਘੋੜੀ ਹੈ ਈਸ਼ਵਰ ਦੀ ਕ੍ਰਿਪਾ ਅਤੇ ਨੌ ਇਕੱਠੇ

ਕੀਤੇ ਗੋਲੇ ਹਨ ਨਵਵਿਧਾ ਭਗਤੀ, ਜਿਵੇਂ 1) ਸਰਵਣ, 2) ਕੀਰਤਨ 3) ਨਾਮ ਸਿਮਰਨ, 4) ਪਾਦਸੇਵਨ, 5) ਪੂਜਾ, 6) ਉਸਤਤਿ, 7) ਸੇਵਾ, 8) ਸਖਾ ਅਤੇ 9) ਆਤਮ-ਨਿਵੇਦਨ। ਇਹ ਭਗਤੀ ਦੇ ਨੌਂ ਪ੍ਰਕਾਰ ਹਨ। ਇਸ ਵਿਚੋਂ ਜੇ ਇਕ ਨੂੰ ਵੀ ਸਚਾਈ ਨਾਲ ਵਰਤੋਂ ਵਿਚ ਲਿਆਂਦਾ ਜਾਏ ਤਾਂ ਭਗਵਾਨ ਸ੍ਰੀ ਹਰੀ ਬਹੁਤ ਪ੍ਰਸੰਨ ਹੋ ਕੇ ਭਗਤ ਦੇ ਘਰ ਪ੍ਰਗਟ ਹੋ ਜਾਣਗੇ। ਸਾਰੀਆਂ ਸਾਧਨਾ ਅਤੇ ਜਪ, ਤਪ, ਯੋਗ ਅਭਿਆਸ ਅਤੇ ਵੇਦਾਂ ਦੇ ਪਾਠ ਵਿਚ ਜਦੋਂ ਤੱਕ ਭਗਤੀ ਦਾ ਸੁਮੇਲ ਨਾ ਹੋਵੇ, ਬਿਲਕੁਲ ਨਿਰਰਥਕ ਹੀ ਹਨ। ਵੇਦ ਗਿਆਨੀ ਜਾਂ ਬ੍ਰਹਮ ਗਿਆਨੀ ਦੀ ਕੀਰਤੀ ਭਗਤੀਭਾਵ ਦੀ ਘਾਟ ਕਰਕੇ ਨਿਹਫ਼ਲ ਹੈ। ਲੋੜ ਹੈ ਤਾਂ ਕੇਵਲ ਪੂਰਨ ਭਗਤੀ ਦੀ। ਆਪਣੇ ਆਪ ਨੂੰ ਉਸ ਸੌਦਾਗਰ ਵਰਗਾ ਸਮਝ ਕੇ ਅਤੇ ਬੇਚੈਨੀ ਤੇ ਉਤਸੁਕਤਾ ਨਾਲ ਸੱਚ ਦੀ ਖੋਜ ਕਰਕੇ ਨੌਂ ਪ੍ਰਕਾਰ ਦੀ ਭਗਤੀ ਨੂੰ ਪ੍ਰਾਪਤ ਕਰੋ। ਉਦੋਂ ਕਿਤੇ ਤੁਹਾਨੂੰ ਮਜ਼ਬੂਤੀ ਅਤੇ ਮਾਨਸਿਕ ਸ਼ਾਤੀ ਪ੍ਰਾਪਤ ਹੋਵੇਗੀ।

ਦੂਸਰੇ ਦਿਨ ਜਦੋਂ ਸ੍ਰੀ ਪਾਟਣਕਰ ਬਾਬਾ ਨੂੰ ਪ੍ਰਨਾਮ ਕਰਨ ਗਏ ਤਾਂ ਬਾਬਾ ਨੇ ਪੁੱਛਿਆ, "ਕੀ ਤੁਸੀਂ ਲਿੱਦ ਦੇ ਨੌਂ ਗੋਲੇ ਇਕੱਠੇ ਕੀਤੇ ਹਨ?" ਉਨ੍ਹਾਂ ਨੇ ਕਿਹਾ, "ਮੈਂ ਬੇਆਸਰਾ ਹਾਂ। ਤੁਹਾਡੀ ਕ੍ਰਿਪਾ ਦੇ ਬਿਨਾਂ ਉਨ੍ਹਾਂ ਨੂੰ ਆਸਾਨੀ ਨਾਲ ਇਕੱਠਾ ਕਰਨਾ ਸੰਭਵ ਨਹੀਂ ਹੈ।" ਬਾਬਾ ਨੇ ਉਨ੍ਹਾਂ ਨੂੰ ਆਸ਼ੀਰਵਾਦ ਦੇ ਕੇ ਤਸੱਲੀ ਦਿੱਤੀ ਕਿ "ਤੁਹਾਨੂੰ ਸੁੱਖ ਅਤੇ ਸ਼ਾਂਤੀ ਮਿਲ ਜਾਏਗੀ", ਜਿਸਨੂੰ ਸੁਣ ਕੇ ਸ੍ਰੀ ਪਾਟਣਕਰ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ।

## ਪੰਡਰਪੁਰ ਦੇ ਵਕੀਲ

ਭਗਤਾਂ ਦੇ ਖੋਟ ਦੂਰ ਕਰਕੇ ਉਨ੍ਹਾਂ ਨੂੰ ਠੀਕ ਰਾਹ ਉੱਪਰ ਪਾ ਦੇਣ ਦੀ ਬਾਬਾ ਦੀ ਤ੍ਰਿਕਾਲ ਗਿਆਤਾ ਦੀ ਇਕ ਛੋਟੀ ਜਿਹੀ ਕਥਾ ਦਾ ਵਰਨਣ ਕਰਕੇ ਇਸ ਅਧਿਆਇ ਨੂੰ ਖ਼ਤਮ ਕਰਾਂਗੇ। ਇਕ ਵਾਰੀ ਪੰਡਰਪੁਰ ਤੋਂ ਇਕ ਵਕੀਲ ਸ਼ਿਰਡੀ ਆਏ। ਉਨ੍ਹਾਂ ਨੇ ਬਾਬਾ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਪ੍ਰਨਾਮ ਕੀਤਾ ਅਤੇ ਕੁਝ ਦਕਸ਼ਿਣਾ ਭੇਟ ਦੇ ਕੇ ਇਕ ਨੁੱਕਰ ਵਿਚ ਬੈਠ ਕੇ ਗੱਲਬਾਤ ਸੁਣਨ ਲੱਗੇ। ਬਾਬਾ ਉਨ੍ਹਾਂ ਵੱਲ ਦੇਖ ਕੇ ਕਹਿਣ ਲੱਗੇ ਕਿ "ਲੋਕ ਕਿੰਨੇ ਚਾਲਬਾਜ਼ ਹਨ, ਜਿਹੜੇ ਇਥੇ ਆ ਕੇ ਚਰਣਾਂ 'ਤੇ ਡਿੱਗਦੇ ਅਤੇ ਦਕਸ਼ਿਣਾ ਦਿੰਦੇ ਹਨ, ਪਰ ਪਿੱਠ ਪਿੱਛੇ ਗਾਲ੍ਹਾਂ ਕੱਢਦੇ ਰਹਿੰਦੇ ਹਨ। ਕਿੰਨੀ ਅਜੀਬ ਗੱਲ ਹੈ ਨਾ?" ਇਹ ਪੱਗੜੀ ਵਕੀਲ ਦੇ ਸਿਰ 'ਤੇ ਠੀਕ ਬੈਠੀ ਅਤੇ ਉਹ ਉਨ੍ਹਾਂ ਨੂੰ ਪਾਉਣੀ ਪਈ। ਕੋਈ ਵੀ ਇਨ੍ਹਾਂ ਸ਼ਬਦਾਂ ਦਾ ਅਰਥ ਨਾ ਸਮਝ ਸਕਿਆ, ਪਰ ਵਕੀਲ ਸਾਹਿਬ ਇਸ ਦਾ ਡੂੰਘਾ ਅਰਥ ਸਮਝ ਗਏ, ਫੇਰ ਵੀ ਉਹ ਸਿਰ ਝੁਕਾ ਕੇ ਬੈਠੇ ਰਹੇ। ਵਾੜੇ ਵਾਪਸ ਆ ਕੇ ਵਕੀਲ ਸਾਹਿਬ ਨੇ ਕਾਕਾਸਾਹਿਬ ਦਿਕਸ਼ਿਤ ਨੂੰ ਦੱਸਿਆ ਕਿ ਬਾਬਾ ਨੇ ਜੋ ਉਦਾਹਰਣ ਦਿੱਤੀ ਅਤੇ ਉਹ ਮੇਰੇ ਹੀ ਵੱਲ ਨਿਸ਼ਾਨਾ ਕਰਕੇ ਕਿਹਾ ਗਿਆ ਹੈ। ਇਹ ਕੇਵਲ ਚੇਤਾਵਨੀ ਹੀ ਸੀ ਕਿ ਮੈਨੂੰ ਕਿਸੇ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ। ਜਿਸ ਵਕਤ ਉਪ-ਜੱਜ ਸ੍ਰੀ ਨੂਲਕਰ ਸਿਹਤ ਠੀਕ ਕਰਨ ਲਈ ਪੰਡਰਪੁਰ ਤੋਂ ਸ਼ਿਰਡੀ ਆਏ ਤਾਂ ਬਾਰ ਰੂਮ ਵਿਚ ਉਨ੍ਹਾਂ ਦੇ ਸਬੰਧ ਵਿਚ ਚਰਚਾ ਹੋ ਰਹੀ ਸੀ। ਗੱਲਬਾਤ

ਦਾ ਵਿਸ਼ਾ ਸੀ ਕਿ ਜਿਸ ਰੋਗ ਨਾਲ ਉਹ ਜੱਜ ਸਾਹਿਬ ਬਿਮਾਰ ਹਨ, ਕੀ ਬਿਨਾਂ ਦਵਾਈ ਖਾਧਿਆਂ ਕੇਵਲ ਸਾਈਂ ਬਾਬਾ ਦੀ ਸ਼ਰਨ ਵਿਚ ਜਾਣ ਨਾਲ ਹੀ ਉਸ ਤੋਂ ਛੁਟਕਾਰਾ ਮਿਲਣਾ ਸੰਭਵ ਹੈ ? ਅਤੇ ਕੀ ਸ੍ਰੀ ਨੂਲਕਰ ਵਰਗੇ ਇਕ ਪੜ੍ਹੇ-ਲਿਖੇ ਆਦਮੀ ਨੂੰ ਇਸ ਪਾਸੇ ਜਾਣਾ ਠੀਕ ਹੈ ? ਉਸ ਵੇਲੇ ਸ੍ਰੀ ਨੂਲਕਰ ਨੂੰ ਅਤੇ ਨਾਲ-ਨਾਲ ਹੀ ਸ੍ਰੀ ਸਾਈਂ ਬਾਬਾ ਨੂੰ ਵੀ ਬਹੁਤ ਮਜ਼ਾਕ ਕੀਤਾ ਗਿਆ। ਮੈਂ ਵੀ ਇਸ ਆਲੋਚਨਾ ਵਿਚ ਹੱਥ ਵਟਾਇਆ ਸੀ। ਸ੍ਰੀ ਸਾਈਂ ਬਾਬਾ ਨੇ ਮੇਰੇ ਉਸ ਖ਼ਰਾਬ ਆਚਰਣ 'ਤੇ ਰੋਸ਼ਨੀ ਪਾਈ ਹੈ। ਇਹ ਮੇਰੇ ਲਈ ਮਜ਼ਾਕ ਨਹੀਂ ਸਗੋਂ ਇਕ ਉਪਕਾਰ ਹੈ, ਜੋ ਕੇਵਲ ਉਪਦੇਸ਼ ਹੈ ਕਿ ਮੈਨੂੰ ਕਿਸੇ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਦੂਜਿਆਂ ਦੇ ਕੰਮਾਂ ਵਿਚ ਰੁਕਾਵਟ ਪਾਉਣੀ ਚਾਹੀਦੀ ਹੈ।

ਸ਼ਿਰਡੀ ਅਤੇ ਪੰਡਰਪੁਰ ਵਿਚ ਲਗਭਗ 300 ਮੀਲ ਦਾ ਫ਼ਰਕ ਹੈ। ਫੇਰ ਵੀ ਬਾਬਾ ਨੇ ਆਪਣੀ ਸਭ ਕੁਝ ਜਾਣਨ ਦੀ ਸ਼ਕਤੀ ਨਾਲ ਜਾਣ ਲਿਆ ਕਿ ਬਾਰਰੂਮ ਵਿਚ ਕੀ ਹੋ ਰਿਹਾ ਸੀ ? ਰਾਹ ਵਿਚ ਆਉਣ ਵਾਲੀਆਂ ਨਦੀਆਂ, ਜੰਗਲ ਅਤੇ ਪਹਾੜ ਉਨ੍ਹਾਂ ਦੀ ਇਸ ਸ਼ਕਤੀ ਦੇ ਲਈ ਰੋੜਾ ਨਹੀਂ ਸਨ। ਉਹ ਸਾਰਿਆਂ ਦੇ ਦਿਲ ਦੀ ਗੂੜ ਗੱਲ ਜਾਣ ਲੈਂਦੇ ਸੀ ਅਤੇ ਉਨ੍ਹਾਂ ਕੋਲੋਂ ਕੁਝ ਵੀ ਲੁਕਿਆ ਨਹੀਂ ਸੀ। ਨੇੜੇ ਜਾਂ ਦੂਰ ਹਰੇਕ ਚੀਜ਼ ਉਨ੍ਹਾਂ ਦੇ ਲਈ ਦਿਨ ਦੀ ਰੋਸ਼ਨੀ ਦੇ ਵਾਂਗ ਰੋਸ਼ਨ ਸੀ ਅਤੇ ਉਨ੍ਹਾਂ ਦੀ ਸਰਵ-ਵਿਆਪਕ ਨਜ਼ਰ ਤੋਂ ਓਝਲ ਨਹੀਂ ਸੀ। ਇਸ ਘਟਨਾ ਨਾਲ ਵਕੀਲ ਸਾਹਿਬ ਨੂੰ ਸਿੱਖਿਆ ਮਿਲੀ ਕਿ ਕਦੀ ਕਿਸੇ ਦੀ ਚੁਗਲੀ ਅਤੇ ਨਿੰਦਿਆ ਨਹੀਂ ਕਰਨੀ ਚਾਹੀਦੀ।

ਇਹ ਕਥਾ ਸਿਰਫ਼ ਵਕੀਲ ਸਾਹਿਬ ਦੇ ਲਈ ਹੀ ਨਹੀਂ ਸਗੋਂ ਸਾਰਿਆਂ ਨੂੰ ਸਿੱਖਿਆ ਦੇਣ ਵਾਲੀ ਹੈ। ਸ੍ਰੀ ਸਾਈਂ ਬਾਬਾ ਦੀ ਮਹਾਨਤਾ ਕੋਈ ਨਹੀਂ ਜਾਣ ਸਕਿਆ ਅਤੇ ਨਾ ਹੀ ਉਨ੍ਹਾਂ ਦੀਆਂ ਅਦਭੁੱਤ ਲੀਲ੍ਹਾਵਾਂ ਦਾ ਅੰਤ ਹੀ ਪਾ ਸਕਿਆ (ਉਨ੍ਹਾਂ ਦੀ ਜੀਵਨੀ ਵੀ ਵਾਸਤਵਿਕ ਹੀ ਹੈ) ਕਿਉਂਕਿ ਉਹ ਪਾਰਬ੍ਰਹਮ ਸਰੂਪ ਹਨ।







# ॥ ਅਧਿਆਇ-22 ॥

***ਸੱਪ ਦੇ ਜ਼ਹਿਰ ਤੋਂ ਰੱਖਿਆ। 1) ਸ੍ਰੀ ਬਾਲਾਸਾਹਿਬ ਮਿਰੀਕਰ,***

***2) ਸ੍ਰੀ ਬਾਪੂਸਾਹਿਬ ਬੂਟੀ, 3) ਸ੍ਰੀ ਅਮੀਰ ਸ਼ਕਰ,***

***4) ਸ੍ਰੀ ਹੇਮਾਂਡਪੰਤ, 5) ਬਾਬਾ ਦੇ ਵਿਚਾਰ।***

ਸ੍ਰੀ ਸਾਈਂ ਬਾਬਾ ਦਾ ਧਿਆਨ ਕਿਵੇਂ ਕੀਤਾ ਜਾਏ? ਉਸ ਸਰਵ-ਸ਼ਕਤੀਮਾਨ ਦਾ ਸੁਭਾਅ ਅਥਾਹ ਹੈ, ਜਿਸ ਦਾ ਵਰਨਣ ਕਰਨ ਵਿਚ ਵੇਦ ਅਤੇ ਹਜ਼ਾਰਮੁਖੀ ਸ਼ੇਸ਼ਨਾਗ ਵੀ ਆਪਣੇ ਆਪ ਨੂੰ ਅਸਮਰਥ ਸਮਝਦੇ ਹਨ। ਭਗਤਾਂ ਦੀ ਰੁਚੀ ਸਰੂਪ ਦੇ ਵਰਨਣ ਵਿਚ ਨਹੀਂ। ਉਨ੍ਹਾਂ ਦੀ ਤਾਂ ਦ੍ਰਿੜ ਧਾਰਨਾ ਹੈ ਕਿ ਆਨੰਦ ਦੀ ਪ੍ਰਾਪਤੀ ਸਿਰਫ਼ ਉਨ੍ਹਾਂ ਦੇ ਸ੍ਰੀ ਚਰਣਾਂ ਵਿਚ ਹੀ ਸੰਭਵ ਹੈ। ਉਨ੍ਹਾਂ ਦੇ ਚਰਣ-ਕਮਲਾਂ ਦੇ ਧਿਆਨ ਦੇ ਇਲਾਵਾ ਉਨ੍ਹਾਂ ਨੂੰ ਆਪਣੇ ਜੀਵਨ ਦੇ ਸਰਵੋਤਮ ਨਿਸ਼ਾਨੇ ਦੀ ਪ੍ਰਾਪਤੀ ਦਾ ਕੋਈ ਹੋਰ ਰਾਹ ਪਤਾ ਹੀ ਨਹੀਂ। ਹੇਮਾਂਡਪੰਤ ਭਗਤੀ ਅਤੇ ਧਿਆਨ ਦਾ ਜੋ ਇਕ ਬਹੁਤ ਸੌਖਾ ਰਾਹ ਦੱਸਦੇ ਹਨ, ਉਹ ਹੈ:

ਹਨੇਰੇ ਪੱਖ ਦੇ ਸ਼ੁਰੂ ਹੋਣ 'ਤੇ ਚੰਦਰਮਾ ਦੀਆਂ ਕਿਰਨਾਂ ਦਿਨੋਂ ਦਿਨ ਘੱਟਦੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਰੋਸ਼ਨੀ ਵੀ ਲਗਾਤਾਰ ਘੱਟਦੀ ਜਾਂਦੀ ਹੈ ਅਤੇ ਅੰਤ ਵਿਚ ਮੱਸਿਆ ਦੇ ਦਿਨ ਚੰਦਰਮਾ ਦੇ ਪੂਰੀ ਤਰ੍ਹਾਂ ਗਾਇਬ ਰਹਿਣ 'ਤੇ ਚਾਰੋਂ ਪਾਸੇ ਰਾਤ ਦਾ ਭਿਆਨਕ ਹਨੇਰਾ ਛਾ ਜਾਂਦਾ ਹੈ। ਪਰ ਜਦੋਂ ਚਾਨਣਾ ਪੱਖ ਸ਼ੁਰੂ ਹੁੰਦਾ ਹੈ ਤਾਂ ਲੋਕ ਚੰਦਰਮਾ ਦੇ ਦਰਸ਼ਨ ਕਰਨ ਲਈ ਬਹੁਤ ਉਤਾਵਲੇ ਹੋ ਜਾਂਦੇ ਹਨ। ਇਸ ਤੋਂ ਬਾਅਦ ਜਦੋਂ ਦੂਜ ਦਾ ਚੰਦਰਮਾ ਜ਼ਿਆਦਾ ਸਾਫ਼ ਨਹੀਂ ਹੁੰਦਾ, ਉਦੋਂ ਲੋਕਾਂ ਨੂੰ ਦਰਖ਼ਤ ਦੀਆਂ ਦੋ ਟਾਹਣੀਆਂ ਦੇ ਵਿਚਕਾਰੋਂ ਚੰਦਰਮਾ ਦੇਖਣ ਲਈ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਟਾਹਣੀਆਂ ਦੇ ਵਿਚੋਂ ਉਤਸੁਕਤਾ ਅਤੇ ਧਿਆਨ ਨਾਲ ਦੇਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਦੂਰ ਅਸਮਾਨ 'ਤੇ ਛੋਟੀ ਜਿਹੀ ਚੰਦਰਮਾ ਦੀ ਲਕੀਰ ਦਿਖਾਈ ਦੇਣ ਨਾਲ ਹੀ ਮਨ ਗਦਗਦ ਹੋ ਜਾਂਦਾ ਹੈ। ਇਸੇ ਸਿਧਾਂਤ ਦਾ ਪਾਲਣ ਕਰਦੇ ਹੋਏ ਸਾਨੂੰ ਬਾਬਾ ਦੇ ਸ੍ਰੀ ਦਰਸ਼ਨਾਂ ਦੀ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਾਬਾ ਦੀ ਤਸਵੀਰ ਵੱਲ ਦੇਖੋ। ਆਹਾ! ਕਿੰਨੀ ਸੁੰਦਰ ਹੈ? ਉਹ ਪੈਰ ਮੋੜ ਕੇ ਬੈਠੇ ਹਨ ਅਤੇ ਸੱਜਾ ਪੈਰ ਖੱਬੇ ਗੋਡੇ ਉੱਪਰ ਰੱਖਿਆ ਹੋਇਆ ਹੈ। ਖੱਬੇ ਹੱਥ ਦੀਆਂ ਉਂਗਲਾਂ ਸੱਜੇ ਪੈਰ ਉੱਪਰ ਫੈਲੀਆਂ ਹੋਈਆਂ ਹਨ। ਇਸ ਮੁਦਰਾ ਵਿਚ ਬਾਬਾ ਸਮਝਾ ਰਹੇ ਹਨ ਕਿ ਜੇ ਤੁਹਾਨੂੰ ਮੇਰੇ ਅਧਿਆਤਮਿਕ ਦਰਸ਼ਨ ਕਰਨ ਦੀ ਇੱਛਾ ਹੋਵੇ ਤਾਂ ਘੁਮੰਡ ਰਹਿਤ ਅਤੇ ਨਿਮਰ ਹੋ ਕੇ ਇਨ੍ਹਾਂ ਦੋ ਉਂਗਲਾਂ ਦੇ ਵਿਚੋਂ ਮੇਰੇ ਚਰਣ ਦੇ ਅੰਗੂਠੇ ਦਾ ਧਿਆਨ ਕਰੋ। ਤਾਂ ਹੀ ਤੁਸੀਂ ਉਸ ਸੱਚੇ ਸਰੂਪ ਦਾ ਦਰਸ਼ਨ ਕਰਨ ਵਿਚ ਸਫ਼ਲ ਹੋ ਸਕੋਗੇ। ਭਗਤੀ ਪ੍ਰਾਪਤ ਕਰਨ ਦਾ ਇਹ ਸਭ ਨਾਲੋਂ ਸੌਖਾ ਰਾਹ ਹੈ।

ਹੁਣ ਇਕ ਪਲ ਸ੍ਰੀ ਸਾਈਂ ਬਾਬਾ ਦੀ ਜੀਵਨੀ ਬਾਰੇ ਵਿਚਾਰ ਕਰੀਏ। ਸਾਈਂ ਬਾਬਾ ਦੇ ਵਾਸ ਨਾਲ



ਹੀ ਸ਼ਿਰਡੀ ਤੀਰਥ ਸਥਾਨ ਬਣ ਗਿਆ ਹੈ। ਚਾਰੇ ਪਾਸਿਆਂ ਤੋਂ ਲੋਕਾਂ ਦੀ ਭੀੜ ਉਥੇ ਦਿਨੋ ਦਿਨ ਵਧਣ ਲੱਗੀ ਹੈ ਅਤੇ ਅਮੀਰ ਅਤੇ ਗਰੀਬ ਸਾਰਿਆਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਲਾਭ ਪਹੁੰਚ ਰਿਹਾ ਹੈ। ਬਾਬਾ ਦੇ ਬੇਅੰਤ ਪਿਆਰ, ਉਨ੍ਹਾਂ ਦੇ ਅਦਭੁੱਤ ਗਿਆਨ ਭੰਡਾਰ ਅਤੇ ਸਰਵ-ਵਿਆਪਕਤਾ ਦਾ ਵਰਨਣ ਕਰਨ ਦੀ ਯੋਗਤਾ ਕਿਸਨੂੰ ਹੈ ? ਧੰਨ ਤਾਂ ਉਹ ਹੀ ਹੈ, ਜਿਸ ਨੂੰ ਕੁਝ ਅਨੁਭਵ ਹੋ ਚੁੱਕਾ ਹੈ। ਕਦੀ-ਕਦੀ ਉਹ ਬ੍ਰਹਮਾ ਵਿਚ ਮਗਨ ਰਹਿਣ ਕਰਕੇ ਲੰਮਾ ਮੌਨ ਧਾਰਨ ਕਰ ਲੈਂਦੇ ਸੀ। ਕਦੀ-ਕਦੀ ਉਹ ਗਿਆਨ ਅਤੇ ਆਨੰਦ ਦੀ ਮੂਰਤੀ ਬਣ ਕੇ ਭਗਤਾਂ ਨਾਲ ਘਿਰੇ ਰਹਿੰਦੇ ਸੀ। ਕਦੇ ਉਪਦੇਸ਼ ਦਿੰਦੇ ਤਾਂ ਕਦੀ ਹਾਸਾ-ਮਜ਼ਾਕ ਕਰਦੇ ਸੀ। ਕਦੀ ਖੁਸ਼ ਦਿਲ ਰਹਿੰਦੇ ਤਾਂ ਕਦੀ ਗੁੱਸੇ ਹੋ ਜਾਂਦੇ ਸੀ। ਭਗਤਾਂ ਦੀ ਉਨ੍ਹਾਂ ਦੇ ਚਿਹਰੇ ਨੂੰ ਦੇਖਣ, ਗੱਲਬਾਤ ਕਰਨ ਅਤੇ ਲੀਲ੍ਹਾਵਾਂ ਸੁਣਨ ਦੀ ਇੱਛਾ ਹਮੇਸ਼ਾਂ ਅਤ੍ਰਿਪਤ ਹੀ ਰਹਿੰਦੀ ਸੀ। ਫੇਰ ਵੀ ਅਸੀਂ ਫੁੱਲੇ ਨਹੀਂ ਸਮਾਉਂਦੇ ਸੀ। ਬਾਰਿਸ਼ ਦੀਆਂ ਕਣੀਆਂ ਦੀ ਗਿਣਤੀ ਕੀਤੀ ਜਾ ਸਕਦੀ ਹੈ, ਹਵਾ ਨੂੰ ਚਮੜੇ ਦੀ ਥੈਲੀ ਵਿਚ ਇਕੱਠਾ ਕੀਤਾ ਜਾ ਸਕਦਾ ਹੈ, ਪਰ ਬਾਬਾ ਦੀਆਂ ਲੀਲ੍ਹਾਵਾਂ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ। ਹੁਣ ਉਨ੍ਹਾਂ ਲੀਲ੍ਹਾਵਾਂ ਵਿਚੋਂ ਇਕ ਲੀਲ੍ਹਾ ਦਾ ਇਥੇ ਦਰਸ਼ਨ ਕਰੋ। ਭਗਤਾਂ ਦੀਆਂ ਮੁਸੀਬਤਾਂ ਦੇ ਘਟਣ ਤੋਂ ਪਹਿਲਾਂ ਹੀ ਬਾਬਾ ਠੀਕ ਮੌਕੇ 'ਤੇ ਕਿਸ ਤਰ੍ਹਾਂ ਉਨ੍ਹਾਂ ਦੀ ਰੱਖਿਆ ਕਰਦੇ ਸੀ ?

## ਸ੍ਰੀ ਬਾਲਾਸਾਹਿਬ ਮਿਰੀਕਰ

ਸ੍ਰੀ ਬਾਲਾਸਾਹਿਬ ਮਿਰੀਕਰ, ਜਿਹੜੇ ਸਰਦਾਰ ਕਾਕਾਸਾਹਿਬ ਦੇ ਸਪੁੱਤਰ ਅਤੇ ਕੋਪਰਗਾਂਵ ਦੇ ਮਾਮਲੇਦਾਰ ਸੀ, ਇਕ ਵਾਰੀ ਦੌਰੇ 'ਤੇ ਚਿਤਲੀ ਜਾ ਰਹੇ ਸੀ। ਉਦੋਂ ਰਸਤੇ ਵਿਚ, ਉਹ ਸਾਈਂ ਬਾਬਾ ਦੇ ਦਰਸ਼ਨਾਂ ਲਈ ਸ਼ਿਰਡੀ ਪਧਾਰੇ। ਉਨ੍ਹਾਂ ਨੇ ਮਸਜਿਦ ਵਿਚ ਜਾ ਕੇ ਬਾਬਾ ਦੀ ਚਰਣ-ਵੰਦਨਾ ਕੀਤੀ ਅਤੇ ਹਮੇਸ਼ਾਂ ਦੀ ਤਰ੍ਹਾਂ ਸਿਹਤ ਅਤੇ ਹੋਰ ਵਿਸ਼ਿਆਂ ਦੀ ਚਰਚਾ ਕੀਤੀ। ਬਾਬਾ ਨੇ ਉਨ੍ਹਾਂ ਨੂੰ ਚੇਤਾਵਨੀ ਦੇ ਕੇ ਕਿਹਾ, "ਜਿਥੇ ਤੁਸੀਂ ਬੈਠੇ ਹੋ, ਉਹ ਹੀ ਦਵਾਰਕਾਮਾਈ ਹੈ। ਜਿਹੜਾ ਉਸਦੀ ਗੋਦੀ ਵਿਚ ਬੈਠਦਾ ਹੈ, ਉਹ ਆਪਣੇ ਬੱਚਿਆਂ ਦੇ ਸਾਰੇ ਦੁੱਖਾਂ ਅਤੇ ਮੁਸ਼ਕਿਲਾਂ ਨੂੰ ਦੂਰ ਕਰ ਦਿੰਦੀ ਹੈ। ਇਹ ਮਸਜਿਦ ਮਾਈ ਪਰਮ ਦਿਆਲੂ ਹੈ। ਸਿੱਧੇ-ਸਾਧੇ ਸਾਫ਼ ਦਿਲ ਭਗਤਾਂ ਦੀ ਤਾਂ ਉਹ ਮਾਂ ਹੈ ਅਤੇ ਮੁਸੀਬਤਾਂ ਵਿਚ ਉਨ੍ਹਾਂ ਦੀ ਰੱਖਿਆ ਜ਼ਰੂਰ ਕਰੇਗੀ। ਜਿਹੜਾ ਉਸ ਦੀ ਗੋਦ ਵਿਚ ਇਕ ਵਾਰੀ ਬੈਠਦਾ ਹੈ, ਉਸ ਦੀਆਂ ਸਾਰੀਆਂ ਤਕਲੀਫ਼ਾਂ ਦੂਰ ਹੋ ਜਾਂਦੀਆਂ ਹਨ। ਜਿਹੜਾ ਉਸ ਦੀ ਛੱਤਰ ਛਾਇਆ ਵਿਚ ਆਰਾਮ ਕਰਦਾ ਹੈ, ਉਸ ਨੂੰ ਆਨੰਦ ਅਤੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ।" ਉਸ ਤੋਂ ਬਾਅਦ ਬਾਬਾ ਨੇ ਉਨ੍ਹਾਂ ਨੂੰ ਉਦੀ ਦੇ ਕੇ ਆਪਣਾ ਮਿਹਰ ਭਰਿਆ ਹੱਥ ਉਨ੍ਹਾਂ ਦੇ ਸਿਰ ਉੱਪਰ ਰੱਖ ਕੇ ਆਸ਼ੀਰਵਾਦ ਦਿੱਤਾ।

ਜਦੋਂ ਸ੍ਰੀ ਬਾਲਾਸਾਹਿਬ ਜਾਣ ਲਈ ਖੜੇ ਹੋਏ ਤਾਂ ਬਾਬਾ ਬੋਲੇ, "ਕੀ ਤੁਸੀਂ ਲੰਮੇ ਬਾਬਾ (ਸੱਪ) ਤੋਂ ਜਾਣੂ ਹੋ ?" ਅਤੇ ਆਪਣੀ ਖੱਬੀ ਮੁੱਠ ਬੰਦ ਕਰਕੇ ਉਸਨੂੰ ਸੱਜੇ ਹੱਥ ਦੀ ਕੂਹਣੀ ਦੇ ਕੋਲ ਲਿਜਾ ਕੇ ਸੱਜੇ ਹੱਥ ਨੂੰ ਸੱਪ ਵਾਂਗ ਹਿਲਾ ਕੇ ਬੋਲੇ, "ਉਹ ਬਹੁਤ ਭਿਆਨਕ ਹੈ, ਪਰ ਦਵਾਰਕਾਮਾਈ ਦੇ ਲਾਲਾਂ ਦਾ ਉਹ ਕਰ

ਹੀ ਕੀ ਸਕਦਾ ਹੈ ? ਜਦੋਂ ਆਪ ਦਵਾਰਕਾਮਾਈ ਉਨ੍ਹਾਂ ਦੀ ਰੱਖਿਆ ਕਰਨ ਵਾਲੀ ਹੈ ਤਾਂ ਸੱਪ ਦੀ ਸਮਰੱਥਾ ਹੀ ਕੀ ਹੈ ?" ਉਥੇ ਹਾਜ਼ਰ ਲੋਕ ਇਸ ਦਾ ਅਰਥ ਅਤੇ ਮਿਰੀਕਰ ਨੂੰ ਇਸ ਤਰ੍ਹਾਂ ਚੇਤਾਵਨੀ ਦੇਣ ਦਾ ਕਾਰਨ ਜਾਣਨਾ ਚਾਹੁੰਦੇ ਸੀ ਪਰ ਪੁੱਛਣ ਦੀ ਹਿੰਮਤ ਕਿਸੇ ਵਿਚ ਵੀ ਨਹੀਂ ਸੀ। ਬਾਬਾ ਨੇ ਸ਼ਾਮਾ ਨੂੰ ਬੁਲਾਇਆ ਅਤੇ ਬਾਲਾਸਾਹਿਬ ਦੇ ਨਾਲ ਜਾ ਕੇ ਚਿਤਲੀ ਯਾਤਰਾ ਦਾ ਮਜ਼ਾ ਲੈਣ ਦੀ ਆਗਿਆ ਦਿੱਤੀ ਤਾਂ ਸ਼ਾਮਾ ਨੇ ਜਾ ਕੇ ਬਾਬਾ ਦਾ ਹੁਕਮ ਬਾਲਾਸਾਹਿਬ ਨੂੰ ਸੁਣਾਇਆ। ਉਹ ਬੋਲੇ ਰਾਹ ਵਿਚ ਮੁਸ਼ਕਿਲਾਂ ਬਹੁਤ ਹਨ ਅਤੇ ਤੁਹਾਨੂੰ ਵਿਅਰਥ ਹੀ ਤਕਲੀਫ਼ ਦੇਣਾ ਠੀਕ ਨਹੀਂ ਹੈ। ਬਾਲਾ ਸਾਹਿਬ ਨੇ ਜੋ ਕੁਝ ਕਿਹਾ, "ਉਹ ਸ਼ਾਮਾ ਨੇ ਬਾਬਾ ਨੂੰ ਦੱਸਿਆ। ਬਾਬਾ ਬੋਲੇ ਕਿ "ਚੰਗਾ ਠੀਕ ਹੈ, ਨਾ ਜਾਉ।" ਹਮੇਸ਼ਾਂ ਠੀਕ ਅਰਥ ਗ੍ਰਹਿਣ ਕਰਕੇ ਚੰਗਾ ਕੰਮ ਹੀ ਕਰਨਾ ਚਾਹੀਦਾ ਹੈ। ਜੋ ਕੁਝ ਹੋਣ ਵਾਲਾ ਹੈ, ਸੋ ਤਾਂ ਹੋ ਕੇ ਹੀ ਰਹੇਗਾ।"

ਬਾਲਾਸਾਹਿਬ ਨੇ ਫੇਰ ਵਿਚਾਰ ਕਰ ਸ਼ਾਮਾ ਨੂੰ ਆਪਣੇ ਨਾਲ ਚੱਲਣ ਲਈ ਕਿਹਾ, ਤਾਂ ਸ਼ਾਮਾ ਫੇਰ ਬਾਬਾ ਦੀ ਆਗਿਆ ਪ੍ਰਾਪਤ ਕਰਕੇ ਬਾਲਾਸਾਹਿਬ ਦੇ ਨਾਲ ਟਾਂਗੇ ਵਿਚ ਬੈਠ ਕੇ ਚੱਲ ਪਏ। ਉਹ ਨੌਂ ਵਜੇ ਚਿਤਲੀ ਪਹੁੰਚੇ ਅਤੇ ਹਨੂੰਮਾਨ ਮੰਦਿਰ ਵਿਚ ਠਹਿਰੇ। ਦਫ਼ਤਰ ਦੇ ਕਰਮਚਾਰੀ ਹਾਲੇ ਆਏ ਨਹੀਂ ਸੀ, ਇਸ ਕਰਕੇ ਉਹ ਇਧਰ-ਉਧਰ ਦੀਆਂ ਗੱਲਾਂ ਕਰਨ ਲੱਗੇ। ਬਾਲਾਸਾਹਿਬ ਚਟਾਈ ਉਪਰ ਆਰਾਮ ਨਾਲ ਬੈਠ ਕੇ ਅਖ਼ਬਾਰ ਪੜ੍ਹ ਰਹੇ ਸੀ। ਉਨ੍ਹਾਂ ਦੀ ਧੋਤੀ ਦਾ ਉਪਰਲਾ ਸਿਰਾ ਕਮਰ ਉਪਰ ਪਿਆ ਸੀ ਅਤੇ ਉਸ ਦੇ ਉਪਰ ਇਕ ਸੱਪ ਬੈਠਾ ਹੋਇਆ ਸੀ। ਕਿਸੇ ਦਾ ਵੀ ਧਿਆਨ ਉਧਰ ਨਹੀਂ ਸੀ। ਉਹ ਸੀ-ਸੀ ਕਰਦਾ ਹੋਇਆ ਅੱਗੇ ਰੇਂਗਣ ਲੱਗਾ। ਇਹ ਆਵਾਜ਼ ਸੁਣ ਕੇ ਚਪੜਾਸੀ ਦੌੜ ਕੇ ਲਾਲਟੈਨ ਲੈ ਆਇਆ। ਸੱਪ ਨੂੰ ਦੇਖ ਕੇ ਉਹ 'ਸੱਪ-ਸੱਪ' ਕਹਿ ਕੇ ਉੱਚੀ ਆਵਾਜ਼ ਵਿਚ ਰੌਲਾ ਪਾਉਣ ਲੱਗਾ। ਉਦੋਂ ਤਾਂ ਬਾਲਾਸਾਹਿਬ ਬਹੁਤ ਡਰ ਗਏ ਅਤੇ ਕੰਬਣ ਲੱਗੇ। ਸ਼ਾਮਾ ਨੂੰ ਵੀ ਹੈਰਾਨੀ ਹੋਈ। ਤਾਂ ਉਹ ਅਤੇ ਹੋਰ ਆਦਮੀ ਉਥੋਂ ਹੌਲੀ ਜਿਹੇ ਪਰੇ ਹੋ ਗਏ ਅਤੇ ਆਪਣੇ ਹੱਥਾਂ ਵਿਚ ਸੋਟੀਆਂ ਲੈ ਆਏ। ਸੱਪ ਹੌਲੀ-ਹੌਲੀ ਕਮਰ ਤੋਂ ਥੱਲੇ ਉਤਰ ਆਇਆ। ਤਾਂ ਲੋਕਾਂ ਨੇ ਉਸ ਨੂੰ ਉਸੇ ਵੇਲੇ ਹੀ ਮਾਰ ਦਿੱਤਾ। ਜਿਸ ਮੁਸੀਬਤ ਦੀ ਬਾਬਾ ਨੇ ਭਵਿੱਖਬਾਣੀ ਕੀਤੀ ਸੀ, ਉਹ ਟਲ ਗਈ ਅਤੇ ਸਾਈਂ-ਚਰਣਾਂ ਵਿਚ ਬਾਲਾਸਾਹਿਬ ਦਾ ਪਿਆਰ ਹੋਰ ਡੂੰਘਾ ਹੋ ਗਿਆ।

## ਬਾਪੂਸਾਹਿਬ ਬੂਟੀ

ਇਕ ਦਿਨ ਮਹਾਨ ਜੋਤਸ਼ੀ ਸ੍ਰੀ ਨਾਨਾਸਾਹਿਬ ਡੇਂਗਲੇ ਨੇ ਬਾਪੂਸਾਹਿਬ ਬੂਟੀ ਨੂੰ (ਜਿਹੜੇ ਉਸ ਵੇਲੇ ਸ਼ਿਰਡੀ ਵਿਚ ਸੀ) ਕਿਹਾ, "ਅੱਜ ਦਾ ਦਿਨ ਤੁਹਾਡੇ ਲਈ ਅਤਿਅੰਤ ਅਸ਼ੁਭ ਹੈ ਅਤੇ ਤੁਹਾਡੇ ਜੀਵਨ ਲਈ ਮੁਸੀਬਤ ਵਾਲਾ ਹੈ।" ਇਹ ਸੁਣ ਕੇ ਬਾਪੂਸਾਹਿਬ ਬਹੁਤ ਬੇਚੈਨ ਹੋ ਗਏ। ਜਦੋਂ ਉਹ ਹਮੇਸ਼ਾਂ ਦੀ ਤਰ੍ਹਾਂ ਬਾਬਾ ਦੇ ਦਰਸ਼ਨ ਕਰਨ ਗਏ ਤਾਂ ਬਾਬਾ ਬੋਲੇ, "ਇਹ ਨਾਨਾ ਕੀ ਕਹਿੰਦੇ ਹਨ ? ਉਹ ਤੁਹਾਡੀ ਮੌਤ ਦੀ ਭਵਿੱਖਵਾਣੀ ਕਰ ਰਹੇ ਹਨ, ਪਰ ਤੁਹਾਨੂੰ ਡਰਨ ਦੀ ਜ਼ਰਾ ਵੀ ਲੋੜ ਨਹੀਂ ਹੈ। ਇਨ੍ਹਾਂ ਨੂੰ ਜ਼ੋਰ ਨਾਲ ਕਹਿ ਦਿਉ, "ਚੰਗਾ ਦੇਖਦੇ ਹਾਂ, ਮੈਨੂੰ ਕਿਸ ਤਰ੍ਹਾਂ ਮੌਤ ਆਉਂਦੀ ਹੈ।" ਜਦੋਂ ਸ਼ਾਮ ਨੂੰ ਬਾਪੂ ਆਪਣੇ ਗੁਸਲਖ਼ਾਨੇ ਵਿਚ ਗਏ ਤਾਂ



ਉਥੇ ਉਨ੍ਹਾਂ ਨੂੰ ਇਕ ਸੱਪ ਦਿਸਿਆ। ਉਨ੍ਹਾਂ ਦੇ ਨੌਕਰ ਨੇ ਵੀ ਸੱਪ ਨੂੰ ਦੇਖ ਲਿਆ ਅਤੇ ਉਸ ਨੂੰ ਮਾਰਨ ਲਈ ਇਕ ਪੱਥਰ ਚੁੱਕਿਆ। ਬਾਪੂ ਸਾਹਿਬ ਨੇ ਇਕ ਸੋਟੀ ਮੰਗਵਾਈ, ਪਰ ਸੋਟੀ ਆਉਣ ਤੋਂ ਪਹਿਲਾ ਹੀ ਉਹ ਸੱਪ ਰੇਂਗਦਾ ਹੋਇਆ ਦੂਰ ਚਲਾ ਗਿਆ ਅਤੇ ਜਲਦੀ ਹੀ ਨਜ਼ਰਾਂ ਤੋਂ ਓਝਲ ਹੋ ਗਿਆ। ਬਾਪੂਸਾਹਿਬ ਨੂੰ ਬਾਬਾ ਦੇ ਨਿਰਭੈਅ ਵਚਨ ਯਾਦ ਆ ਗਏ ਅਤੇ ਬੜੀ ਤਸੱਲੀ ਹੋਈ।

## ਅਮੀਰ ਸ਼ਕਰ

ਅਮੀਰ ਸ਼ਕਰ ਕੋਰਲੇ ਪਿੰਡ ਦਾ ਨਿਵਾਸੀ ਸੀ, ਜਿਹੜਾ ਕੋਪਰਗਾਂਵ ਤਾਲੁਕੇ ਵਿਚ ਹੈ। ਉਹ ਜ਼ਾਤ ਦਾ ਕਸਾਈ ਸੀ ਅਤੇ ਬਾਂਦਰਾ ਵਿਚ ਦਲਾਲੀ ਦਾ ਕੰਮ ਕਰਦਾ ਸੀ। ਉਹ ਪ੍ਰਸਿੱਧ ਆਦਮੀਆਂ ਵਿਚੋਂ ਇਕ ਸੀ। ਇਕ ਵਾਰ ਉਹ ਗੰਠੀਆ ਰੋਗ ਨਾਲ ਬਹੁਤ ਤਕਲੀਫ਼ ਪਾ ਰਿਹਾ ਸੀ। ਜਦੋਂ ਉਸਨੂੰ ਖ਼ੁਦਾ ਦੀ ਯਾਦ ਆਈ ਤਾਂ ਕੰਮ-ਕਾਰ ਛੱਡ ਕੇ ਉਹ ਸ਼ਿਰਡੀ ਆਇਆ ਅਤੇ ਬਾਬਾ ਨੂੰ ਰੋਗ ਤੋਂ ਛੁਟਕਾਰਾ ਕਰਾਉਣ ਦੀ ਬੇਨਤੀ ਕਰਨ ਲੱਗਾ ਤਾਂ ਬਾਬਾ ਨੇ ਉਸ ਨੂੰ ਚਾਵੜੀ ਵਿਚ ਰਹਿਣ ਦੀ ਆਗਿਆ ਦੇ ਦਿੱਤੀ। ਚਾਵੜੀ ਉਸ ਵੇਲੇ ਸਿਹਤ ਲਈ ਇਕ ਠੀਕ ਜਗ੍ਹਾ ਨਾ ਹੋਣ ਕਰਕੇ ਇਸ ਤਰ੍ਹਾਂ ਦੇ ਰੋਗੀਆਂ ਦੇ ਲਈ ਬਿਲਕੁਲ ਠੀਕ ਜਗ੍ਹਾ ਨਹੀਂ ਸੀ। ਪਿੰਡ ਦੀ ਹੋਰ ਕੋਈ ਵੀ ਥਾਂ ਉਸ ਲਈ ਚੰਗੀ ਹੁੰਦੀ, ਪਰ ਬਾਬਾ ਦੇ ਸ਼ਬਦ ਤਾਂ ਫ਼ੈਸਲਾਕੁੰਨ ਅਤੇ ਮੁੱਖ ਦਵਾਈ ਸਰੂਪ ਸੀ। ਬਾਬਾ ਨੇ ਉਸ ਨੂੰ ਮਸਜਿਦ ਵਿਚ ਨਾ ਆਉਣ ਦਿੱਤਾ ਅਤੇ ਚਾਵੜੀ ਵਿਚ ਹੀ ਰਹਿਣ ਦੀ ਆਗਿਆ ਦਿੱਤੀ। ਉਥੇ ਉਸ ਨੂੰ ਬਹੁਤ ਲਾਭ ਹੋਇਆ। ਬਾਬਾ ਸਵੇਰੇ ਅਤੇ ਸ਼ਾਮ ਨੂੰ ਚਾਵੜੀ ਕੋਲੋਂ ਲੰਘਦੇ ਸੀ ਅਤੇ ਇਕ ਦਿਨ ਦੇ ਬਾਅਦ ਜਲੂਸ ਨਾਲ ਉਥੇ ਆਉਂਦੇ ਸੀ ਅਤੇ ਉਥੇ ਹੀ ਆਰਾਮ ਕਰਦੇ ਸੀ। ਇਸ ਲਈ ਅਮੀਰ ਨੂੰ ਬਾਬਾ ਦੀ ਸੰਗਤ ਆਸਾਨੀ ਨਾਲ ਪ੍ਰਾਪਤ ਹੋ ਜਾਂਦੀ ਸੀ। ਅਮੀਰ ਉਥੇ ਪੂਰੇ ਨੌਂ ਮਹੀਨੇ ਰਿਹਾ। ਜਦੋਂ ਕਿਸੇ ਹੋਰ ਕਾਰਨ ਨਾਲ ਉਸ ਦਾ ਮਨ ਉਸ ਥਾਂ ਤੋਂ ਅੱਕ ਗਿਆ, ਤਾਂ ਇਕ ਰਾਤ ਨੂੰ ਉਹ ਚੋਰੀ ਉਸ ਜਗ੍ਹਾ ਨੂੰ ਛੱਡ ਕੇ ਕੋਪਰਗਾਂਵ ਦੀ ਧਰਮਸ਼ਾਲਾ ਵਿਚ ਜਾ ਠਹਿਰਿਆ। ਉਥੇ ਉਸ ਨੇ ਇਕ ਫ਼ਕੀਰ ਨੂੰ ਮਰਦੇ ਦੇਖਿਆ, ਜਿਹੜਾ ਪਾਣੀ ਮੰਗ ਰਿਹਾ ਸੀ, ਅਮੀਰ ਨੇ ਉਸ ਨੂੰ ਪਾਣੀ ਦਿੱਤਾ, ਜਿਸ ਨੂੰ ਪੀਂਦੇ ਹੀ ਉਹ ਮਰ ਗਿਆ। ਹੁਣ ਅਮੀਰ ਪਰੇਸ਼ਾਨ ਹੋ ਗਿਆ। ਉਸ ਨੂੰ ਖ਼ਿਆਲ ਆਇਆ ਕਿ ਅਫ਼ਸਰਾਂ ਨੂੰ ਇਸ ਦੀ ਖ਼ਬਰ ਦੇ ਦਿਆਂ ਤਾਂ ਮੈਂ ਹੀ ਇਸਦੀ ਮੌਤ ਦੇ ਲਈ ਜ਼ਿੰਮੇਵਾਰ ਸਮਝਿਆ ਜਾਵਾਂਗਾ ਅਤੇ ਪਹਿਲਾਂ ਖ਼ਬਰ ਦੇਣ ਵਾਲੇ ਦੇ ਨਾਤੇ ਕਿ ਮੈਨੂੰ ਜ਼ਰੂਰ ਇਸ ਦੀ ਜਾਣਕਾਰੀ ਹੋਏਗੀ, ਸਭ ਤੋਂ ਪਹਿਲਾਂ ਮੈਂ ਹੀ ਫੜਿਆ ਜਾਵਾਂਗਾ ਤਾਂ ਬਿਨਾਂ ਆਗਿਆ ਸ਼ਿਰਡੀ ਛੱਡਣ ਦੀ ਉਤਾਵਲੀ ਉਤੇ ਉਸ ਨੂੰ ਬਹੁਤ ਪਛਤਾਵਾ ਹੋਇਆ। ਉਸ ਨੇ ਬਾਬਾ ਨੂੰ ਮਨ ਹੀ ਮਨ ਪ੍ਰਾਰਥਨਾ ਕੀਤੀ ਅਤੇ ਸ਼ਿਰਡੀ ਵਾਪਸ ਜਾਣ ਦਾ ਫ਼ੈਸਲਾ ਕਰਕੇ ਉਸੇ ਰਾਤ ਬਾਬਾ ਦਾ ਨਾਂਅ ਲੈਂਦੇ ਹੋਏ ਪਹੁ ਫੁੱਟਣ ਤੋਂ ਪਹਿਲਾਂ ਹੀ ਸ਼ਿਰਡੀ ਵਾਪਸ ਪਹੁੰਚ ਕੇ ਬੇਫ਼ਿਕਰ ਹੋ ਗਿਆ। ਫੇਰ ਉਹ ਚਾਵੜੀ ਵਿਚ ਬਾਬਾ ਦੀ ਮਰਜ਼ੀ ਅਤੇ ਆਗਿਆ ਨਾਲ ਹੀ ਰਹਿਣ ਲੱਗਾ ਅਤੇ ਛੇਤੀ ਹੀ ਉਸ ਦਾ ਰੋਗ ਠੀਕ ਹੋ ਗਿਆ।

ਇਕ ਵਾਰੀ ਇਸ ਤਰ੍ਹਾਂ ਹੋਇਆ ਕਿ ਅੱਧੀ ਰਾਤ ਨੂੰ ਬਾਬਾ ਨੇ ਜ਼ੋਰ ਨਾਲ ਆਵਾਜ਼ ਦਿੱਤੀ, "ਐ ਅਬਦੁਲ ! ਕੋਈ ਦੁਰਾਚਾਰੀ ਪ੍ਰਾਣੀ ਮੇਰੇ ਬਿਸਤਰੇ 'ਤੇ ਚੜ੍ਹ ਰਿਹਾ ਹੈ।" ਅਬਦੁਲ ਨੇ ਲਾਲਟੈਨ ਲੈ ਕੇ ਬਾਬਾ ਦਾ ਬਿਸਤਰਾ ਦੇਖਿਆ, ਪਰ ਉਥੇ ਕੁਝ ਵੀ ਨਹੀਂ ਦਿਸਿਆ। ਬਾਬਾ ਨੇ ਧਿਆਨ ਨਾਲ ਸਾਰੀ ਜਗ੍ਹਾ ਦੇਖਣ ਲਈ ਕਿਹਾ ਅਤੇ ਉਹ ਆਪਣਾ ਸਟਕਾ ਵੀ ਜ਼ਮੀਨ 'ਤੇ ਮਾਰਨ ਲੱਗੇ। ਬਾਬਾ ਦੀ ਇਹ ਲੀਲ੍ਹਾ ਦੇਖ ਕੇ ਅਮੀਰ ਨੇ ਸੋਚਿਆ ਕਿ ਹੋ ਸਕਦਾ ਹੈ ਕਿ ਬਾਬਾ ਨੂੰ ਕਿਸੇ ਸੱਪ ਦੇ ਆਉਣ ਦਾ ਸ਼ੱਕ ਹੋਇਆ ਹੋਵੇ।

ਬਹੁਤ ਦੇਰ ਤਕ ਬਾਬਾ ਦੀ ਸੰਗਤ ਵਿਚ ਰਹਿਣ ਦੇ ਕਾਰਨ ਅਮੀਰ ਨੂੰ ਉਨ੍ਹਾਂ ਦੇ ਸ਼ਬਦਾਂ ਅਤੇ ਕੰਮਾਂ ਦਾ ਅਰਥ ਸਮਝ ਵਿਚ ਆ ਗਿਆ ਸੀ। ਉਨ੍ਹਾਂ ਨੇ ਆਪਣੇ ਬਿਸਤਰੇ ਕੋਲ ਕੁਝ ਰੇਂਗਦਾ ਹੋਇਆ ਦੇਖਿਆ, ਜਦੋਂ ਉਨ੍ਹਾਂ ਨੇ ਅਬਦੁਲ ਕੋਲੋਂ ਲਾਲਟੈਨ ਮੰਗਵਾਈ ਅਤੇ ਇਕ ਸੱਪ ਨੂੰ ਕੁੰਡਲੀ ਮਾਰ ਕੇ ਉਥੇ ਬੈਠੇ ਦੇਖਿਆ, ਜਿਹੜਾ ਆਪਣਾ ਫ਼ਨ ਹਿਲਾ ਰਿਹਾ ਸੀ। ਫੇਰ ਉਹ ਸੱਪ ਉਸੇ ਵੇਲੇ ਮਾਰ ਦਿੱਤਾ ਗਿਆ। ਇਸ ਤਰ੍ਹਾਂ ਬਾਬਾ ਨੇ ਵੇਲੇ ਸਿਰ ਖ਼ਬਰ ਦੇ ਕੇ ਅਮੀਰ ਦੇ ਪ੍ਰਾਣਾਂ ਦੀ ਰੱਖਿਆ ਕੀਤੀ।

## ਹੇਮਾਂਡਪੰਤ (ਬਿੱਛੂ ਅਤੇ ਸੱਪ)

1) ਬਾਬਾ ਦੀ ਆਗਿਆ ਅਨੁਸਾਰ ਕਾਕਾਸਾਹਿਬ ਦਿਕਸ਼ਿਤ ਸ੍ਰੀ ਏਕਨਾਥ ਮਹਾਰਾਜ ਦੇ ਦੋ ਗ੍ਰੰਥਾਂ ਭਾਗਵਤ ਅਤੇ ਭਾਵ-ਅਰਥ ਰਾਮਾਇਣ ਦਾ ਰੋਜ਼ ਪਾਠ ਕਰਦੇ ਸੀ। ਇਕ ਵੇਲੇ ਜਦੋਂ ਰਾਮਾਇਣ ਦਾ ਪਾਠ ਹੋ ਰਿਹਾ ਸੀ, ਤਾਂ ਸ੍ਰੀ ਹੇਮਾਂਡਪੰਤ ਵੀ ਸਰੋਤਿਆਂ ਵਿਚ ਸ਼ਾਮਲ ਸਨ। ਆਪਣੀ ਮਾਂ ਦੇ ਆਦੇਸ਼ ਅਨੁਸਾਰ ਕਿਸ ਤਰ੍ਹਾਂ ਹਨੂੰਮਾਨ ਨੇ ਰਾਮ ਦੀ ਮਹਾਨਤਾ ਦੀ ਪ੍ਰੀਖਿਆ ਲਈ—ਇਹ ਪ੍ਰਸੰਗ ਚਲ ਰਿਹਾ ਸੀ। ਸਾਰੇ ਸਰੋਤੇ ਮਸਤ ਹੋ ਰਹੇ ਸਨ ਅਤੇ ਹੇਮਾਂਡਪੰਤ ਦੀ ਵੀ ਉਹੀ ਹਾਲਤ ਸੀ। ਪਤਾ ਨਹੀਂ ਕਿਥੋਂ ਇਕ ਵੱਡਾ ਬਿੱਛੂ ਉਨ੍ਹਾਂ ਦੇ ਉਪਰ ਆ ਡਿੱਗਾ ਅਤੇ ਉਨ੍ਹਾਂ ਦੇ ਸੱਜੇ ਮੋਢੇ 'ਤੇ ਬੈਠ ਗਿਆ, ਜਿਸ ਦਾ ਉਨ੍ਹਾਂ ਨੂੰ ਕੋਈ ਪਤਾ ਤਕ ਨਾ ਲੱਗਾ। ਭਗਵਾਨ ਨੂੰ ਸਰੋਤਿਆਂ ਦੀ ਰੱਖਿਆ ਆਪ ਕਰਨੀ ਪੈਂਦੀ ਹੈ। ਅਚਾਨਕ ਹੀ ਉਨ੍ਹਾਂ ਦੀ ਨਜ਼ਰ ਮੋਢੇ ਉਪਰ ਪਈ। ਉਨ੍ਹਾਂ ਨੇ ਉਸ ਬਿੱਛੂ ਨੂੰ ਦੇਖ ਲਿਆ। ਉਹ ਮਰਿਆ ਜਿਹਾ ਲੱਗ ਰਿਹਾ ਸੀ, ਮੰਨੋ ਜਿਵੇਂ ਉਹ ਕਥਾ ਦੇ ਆਨੰਦ ਵਿਚ ਮਸਤ ਹੋਵੇ। ਹਰੀ ਇੱਛਾ ਸਮਝ ਕੇ ਉਨ੍ਹਾਂ ਨੇ ਸਰੋਤਿਆਂ ਵਿਚ ਬਿਨਾਂ ਰੁਕਾਵਟ ਪਾਏ ਉਸ ਨੂੰ ਆਪਣੀ ਧੋਤੀ ਦੇ ਦੋਵੇਂ ਸਿਰੇ ਮਿਲਾ ਕੇ ਉਸ ਵਿਚ ਲਪੇਟ ਲਿਆ ਅਤੇ ਦੂਰ ਲਿਜਾ ਕੇ ਬਗੀਚੇ ਵਿਚ ਛੱਡ ਦਿੱਤਾ।

2) ਇਕ ਹੋਰ ਮੌਕੇ 'ਤੇ ਸ਼ਾਮ ਵੇਲੇ ਅਣਾ ਸਾਹਿਬ ਵਾੜੇ ਦੇ ਉਪਰਲੇ ਹਿੱਸੇ ਵਿਚ ਬੈਠੇ ਹੋਏ ਸੀ। ਉਦੋਂ ਇਕ ਸੱਪ ਖਿੜਕੀ ਦੀ ਚੌਗਾਠ ਦੀ ਇਕ ਮੋਰੀ ਵਿਚੋਂ ਅੰਦਰ ਆ ਗਿਆ ਅਤੇ ਕੁੰਡਲੀ ਮਾਰ ਕੇ ਬੈਠ ਗਿਆ। ਲਾਲਟੈਨ ਲਿਆਉਣ 'ਤੇ ਪਹਿਲਾਂ ਤਾਂ ਉਹ ਥੋੜ੍ਹਾ ਚਮਕਿਆ, ਫੇਰ ਉਥੇ ਚੁੱਪਚਾਪ ਬੈਠਾ ਰਿਹਾ ਅਤੇ ਆਪਣਾ ਫ਼ਨ ਹਿਲਾਉਣ ਲੱਗਾ। ਬਹੁਤ ਸਾਰੇ ਲੋਕ ਸੋਟੀ ਅਤੇ ਡੰਡੇ ਲੈ ਕੇ ਉਥੇ ਦੌੜੇ ਪਰ ਉਹ ਇਕ ਇਹੋ ਜਿਹੀ ਜਗ੍ਹਾ 'ਤੇ ਬੈਠਾ ਸੀ ਜਿਥੇ ਉਸ ਉੱਪਰ ਕਿਸੇ ਦੇ ਵਾਰ ਦਾ ਕੋਈ ਅਸਰ ਨਹੀਂ ਸੀ ਪੈਂਦਾ। ਲੋਕਾਂ ਦਾ ਰੌਲਾ

ਸੁਣ ਕੇ ਉਹ ਛੇਤੀ ਹੀ ਉਸੇ ਮੋਰੀ ਵਿਚ ਗਾਇਬ ਹੋ ਗਿਆ, ਤਾਂ ਕਿਤੇ ਸਾਰੇ ਲੋਕਾਂ ਦੀ ਜਾਨ ਵਿਚ ਜਾਨ ਆਈ।

## ਬਾਬਾ ਦੇ ਵਿਚਾਰ

ਇਕ ਭਗਤ ਮੁਕਤਾਰਾਮ ਕਹਿਣ ਲੱਗਾ ਕਿ ਚਲੋ, ਚੰਗਾ ਹੀ ਹੋਇਆ, ਜੋ ਇਕ ਪ੍ਰਾਣੀ ਵਿਚਾਰਾ ਬਚ ਗਿਆ। ਸ੍ਰੀ ਹੇਮਾਂਡਪੰਤ ਨੇ ਉਸਦੀ ਪਰਵਾਹ ਨਾ ਕਰਕੇ ਕਿਹਾ ਕਿ ਸੱਪ ਨੂੰ ਮਾਰਨਾ ਹੀ ਉਚਿਤ ਹੈ। ਇਸ ਕਾਰਨ ਇਸ ਵਿਸ਼ੇ 'ਤੇ ਬਹਿਸ ਹੋਣ ਲੱਗੀ। ਇਕ ਦਾ ਮੱਤ ਸੀ ਕਿ ਸੱਪ ਅਤੇ ਉਸ ਵਰਗੇ ਜੰਤੂਆਂ ਨੂੰ ਮਾਰ ਦੇਣਾ ਹੀ ਠੀਕ ਹੈ, ਪਰ ਦੂਜਿਆਂ ਦਾ ਇਸ ਦੇ ਉਲਟ ਮਤ ਸੀ। ਰਾਤ ਜ਼ਿਆਦਾ ਹੋਣ ਦੇ ਕਾਰਨ ਕਿਸੇ ਨਤੀਜੇ 'ਤੇ ਪਹੁੰਚੇ ਬਿਨਾਂ ਹੀ ਉਨ੍ਹਾਂ ਨੂੰ ਬਹਿਸ ਖ਼ਤਮ ਕਰਨੀ ਪਈ। ਅਗਲੇ ਦਿਨ ਇਹ ਸੁਆਲ ਬਾਬਾ ਦੇ ਸਾਹਮਣੇ ਰੱਖਿਆ ਗਿਆ ਤਾਂ ਬਾਬਾ ਨੇ ਫ਼ੈਸਲਾਕੁੰਨ ਵਚਨ ਬੋਲੇ, "ਸਾਰੇ ਜੀਵਾਂ ਵਿਚ ਅਤੇ ਸਾਰਿਆਂ ਪ੍ਰਾਣੀਆ ਵਿਚ ਈਸ਼ਵਰ ਦਾ ਨਿਵਾਸ ਹੈ, ਭਾਵੇਂ ਉਹ ਸੱਪ ਹੈ ਜਾਂ ਬਿੱਛੂ। ਉਹ ਹੀ ਇਸ ਸੰਸਾਰ ਨੂੰ ਕੰਟਰੋਲ ਕਰਦੇ ਹਨ ਅਤੇ ਸਾਰੇ ਪ੍ਰਾਣੀ ਸੱਪ, ਬਿੱਛੂ ਆਦਿ ਉਨ੍ਹਾਂ ਦੀ ਆਗਿਆ ਦਾ ਹੀ ਪਾਲਣ ਕਰਦੇ ਹਨ। ਉਨ੍ਹਾਂ ਦੀ ਇੱਛਾ ਦੇ ਬਿਨਾਂ ਕੋਈ ਵੀ ਦੂਜਿਆਂ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਸਾਰਾ ਸੰਸਾਰ ਉਨ੍ਹਾਂ ਦੇ ਅਧੀਨ ਹੈ ਅਤੇ ਆਜ਼ਾਦ ਕੋਈ ਵੀ ਨਹੀਂ ਹੈ। ਇਸ ਲਈ ਸਾਨੂੰ ਸਾਰੇ ਪ੍ਰਾਣੀਆਂ ਨਾਲ ਦਯਾ ਅਤੇ ਪਿਆਰ ਕਰਨਾ ਚਾਹੀਦਾ ਹੈ। ਦੁਸ਼ਮਣੀ, ਵੈਰ ਅਤੇ ਜੀਵਾਂ ਨੂੰ ਮਾਰਨਾ ਛੱਡ ਕੇ ਸ਼ਾਂਤੀ ਨਾਲ ਜੀਵਨ ਗੁਜ਼ਾਰਨਾ ਚਾਹੀਦਾ ਹੈ। ਈਸ਼ਵਰ ਸਾਰਿਆਂ ਦਾ ਰਾਖਾ ਹੈ।"







# ॥ ਅਧਿਆਇ-23 ॥

***ਯੋਗ ਅਤੇ ਪਿਆਜ਼, ਸ਼ਾਮਾ ਦੀ ਸੱਪ ਦੇ ਡੰਗ ਤੋਂ ਮੁਕਤੀ, ਹੈਜ਼ਾ ਤੋਂ ਛੁਟਕਾਰੇ ਦੇ ਨਿਯਮ ਤੋੜਨਾ, ਗੁਰੂ ਭਗਤੀ ਦੀ ਮੁਸ਼ਕਿਲ ਪ੍ਰੀਖਿਆ।***

ਅਸਲ ਵਿਚ ਮਨੁੱਖ ਤਿੰਨ ਗੁਣਾਂ—ਸਤਵ, ਰਜ, ਤਮ ਦਾ ਸੁਮੇਲ ਹੈ ਅਤੇ ਮਾਇਆ ਦੇ ਅਸਰ ਨਾਲ ਹੀ ਉਸ ਨੂੰ ਮਹਿਸੂਸ ਹੋਣ ਲੱਗਦਾ ਹੈ ਕਿ ਮੈਂ ਸਰੀਰ ਹਾਂ। ਸਰੀਰਿਕ ਬੁੱਧੀ ਦੇ ਪਰਦੇ ਕਰਕੇ ਹੀ ਉਹ ਇਸ ਤਰ੍ਹਾਂ ਦੀ ਧਾਰਨਾ ਬਣਾ ਲੈਂਦਾ ਹੈ। ਮੈਂ ਹੀ ਰਚਣ ਵਾਲਾ ਅਤੇ ਭੋਗਣ ਵਾਲਾ ਹਾਂ ਅਤੇ ਇਸ ਤਰ੍ਹਾਂ ਉਹ ਆਪਣੇ ਆਪ ਨੂੰ ਅਨੇਕਾਂ ਦੁਖਾਂ ਤਕਲੀਫ਼ਾਂ ਵਿਚ ਫਸਾ ਲੈਂਦਾ ਹੈ। ਫੇਰ ਉਸ ਨੂੰ ਉਨ੍ਹਾਂ ਤੋਂ ਛੁਟਕਾਰੇ ਦਾ ਕੋਈ ਰਾਹ ਨਹੀਂ ਸੁਝਦਾ। ।

ਸਾਰਿਆਂ ਨਾਲੋਂ ਮਹਾਨ ਐਕਟਰ ਭਗਵਾਨ ਸਾਈਂ ਨੇ ਭਗਤਾਂ ਨੂੰ ਪੂਰਾ ਆਨੰਦ ਪਹੁੰਚਾ ਕੇ ਉਨ੍ਹਾਂ ਨੂੰ ਸੱਚੇ ਸਰੂਪ ਵਿਚ ਬਦਲ ਲਿਆ ਹੈ। ਖ਼ਾਸ ਕਾਰਨਾਂ ਕਰਕੇ

ਪਰ ਉਹ ਹਮੇਸ਼ਾਂ ਇਹ ਹੀ ਕਹਿੰਦੇ ਸੀ ਕਿ "ਮੈਂ ਤਾਂ ਈਸ਼ਵਰ ਦਾ ਦਾਸ ਹਾਂ।" ਅਵਤਾਰ ਹੁੰਦੇ ਹੋਏ ਵੀ ਮਨੁੱਖ ਨੂੰ ਕਿਸ ਤਰ੍ਹਾਂ ਆਚਰਣ ਕਰਨਾ ਚਾਹੀਦਾ ਹੈ ਅਤੇ ਆਪਣੇ ਵਰਣ ਦੇ ਕਰਤੱਵਾਂ ਦਾ ਕਿਸ ਤਰ੍ਹਾਂ ਪਾਲਣ ਕਰਨਾ ਚਾਹੀਦਾ ਹੈ, ਇਸ ਦਾ ਉਦਾਹਰਣ ਉਨ੍ਹਾਂ ਨੇ ਲੋਕਾਂ ਦੇ ਸਾਹਮਣੇ ਪੇਸ਼ ਕੀਤਾ, ਜਿਹੜਾ ਸਾਰਿਆਂ ਜੀਵਾਂ ਅਤੇ ਚੀਜ਼ਾਂ ਵਿਚ ਈਸ਼ਵਰ ਦੇ ਦਰਸ਼ਨ ਕਰਦਾ ਹੋਵੇ, ਉਸ ਨੂੰ ਨਿਮਰਤਾ ਨਾਲ ਹੀ ਰਹਿਣਾ ਠੀਕ ਸੀ। ਉਨ੍ਹਾਂ ਨੇ ਕਿਸੇ ਨਾਲ ਘਿਰਣਾ ਨਹੀਂ ਕੀਤੀ। ਉਹ ਸਾਰੇ ਪ੍ਰਾਣੀਆਂ ਵਿਚ ਭਗਵਦ (ਭਗਵਾਨ) ਦੇ ਦਰਸ਼ਨ ਕਰਦੇ ਸੀ। ਉਨ੍ਹਾਂ ਨੇ ਇਹ ਕਦੀ ਨਹੀਂ ਕਿਹਾ ਕਿ "ਮੈਂ ਰੱਬ ਹਾਂ"। ਉਹ ਹਮੇਸ਼ਾਂ ਇਹ ਹੀ ਕਹਿੰਦੇ ਸੀ ਕਿ "ਮੈਂ ਤਾਂ ਨਿਮਾਣਾ ਸੇਵਕ ਹਾਂ।" "ਅੱਲ੍ਹਾ ਮਾਲਿਕ" ਹਰ ਵੇਲੇ ਉਨ੍ਹਾਂ ਦੇ ਮੁੱਖ 'ਤੇ ਸੀ। ਅਸੀਂ ਹੋਰ ਸੰਤਾਂ ਤੋਂ ਜਾਣੂ ਨਹੀਂ ਹਾਂ ਅਤੇ ਨਾ ਹੀ ਸਾਨੂੰ ਪਤਾ ਹੈ ਕਿ ਉਹ ਕਿਸ ਤਰ੍ਹਾਂ ਆਚਰਣ ਕਰਦੇ ਹਨ ਅਤੇ ਉਨ੍ਹਾਂ ਦਾ ਦਿਨ ਕਿਸ ਤਰ੍ਹਾਂ ਗੁਜ਼ਰਦਾ ਹੈ। ਈਸ਼ਵਰ ਦੀ ਕ੍ਰਿਪਾ ਨਾਲ ਸਾਨੂੰ ਤਾਂ ਏਨਾ ਹੀ ਪਤਾ ਹੈ ਕਿ ਉਹ ਅਗਿਆਨ ਅਤੇ ਬੰਧਨ ਵਿਚ ਕੈਦ ਜੀਵਾਂ ਦੇ ਲਈ ਹੀ ਆਪ ਅਵਤਾਰ ਲੈਂਦੇ ਹਨ।

।

## ਯੋਗ ਅਤੇ ਪਿਆਜ਼

ਇਕ ਵਾਰੀ ਕੋਈ ਯੋਗ ਅਭਿਆਸੀ, ਨਾਨਾਸਾਹਿਬ ਚਾਂਦੋਰਕਰ ਦੇ ਨਾਲ ਸ਼ਿਰਡੀ ਆਇਆ। ਉਸਨੇ ਪਾਤਾਂਜਲੀ ਯੋਗ ਸੂਤਰ ਅਤੇ ਯੋਗ ਸ਼ਾਸਤਰ ਦੇ ਹੋਰ ਗ੍ਰੰਥਾਂ ਦਾ ਖ਼ਾਸ ਅਧਿਅਨ ਕੀਤਾ ਸੀ, ਪਰ ਉਹ ਵਿਹਾਰਕ ਅਨੁਭਵ ਤੋਂ ਵਾਂਝਾ ਸੀ। ਮਨ ਇਕਾਗਰ ਨਾ ਹੋਣ ਦੇ ਕਾਰਨ ਉਹ ਥੋੜ੍ਹੀ ਦੇਰ ਲਈ ਵੀ ਸਮਾਧੀ ਨਹੀਂ ਲਗਾ



ਸਕਦਾ ਸੀ। ਜੇ ਸਾਈਂ ਬਾਬਾ ਦੀ ਕ੍ਰਿਪਾ ਪ੍ਰਾਪਤ ਹੋ ਜਾਏ ਤਾਂ ਉਨ੍ਹਾਂ ਕੋਲੋਂ ਜ਼ਿਆਦਾ ਦੇਰ ਤਕ ਸਮਾਧੀ ਅਵੱਸਥਾ ਪ੍ਰਾਪਤ ਕਰਨ ਦੀ ਵਿਧੀ ਪਤਾ ਲਗ ਜਾਏਗੀ। ਇਸ ਖ਼ਿਆਲ ਨਾਲ ਉਹ ਸ਼ਿਰਡੀ ਆਇਆ ਅਤੇ ਜਦੋਂ ਮਸਜਿਦ ਵਿਚ ਪਹੁੰਚਿਆ ਤਾਂ ਸਾਈਂਬਾਬਾ ਨੂੰ ਪਿਆਜ਼ ਨਾਲ ਰੋਟੀ ਖਾਂਧੇ ਦੇਖ ਕੇ ਉਸ ਨੂੰ ਇਹ ਖ਼ਿਆਲ ਆਇਆ ਕਿ ਇਹ ਕੱਚੇ ਪਿਆਜ਼ ਨਾਲ ਸੁੱਕੀ ਰੋਟੀ ਖਾਣ ਵਾਲਾ ਆਦਮੀ ਮੇਰੀਆਂ ਮੁਸ਼ਕਿਲਾਂ ਕਿਸ ਤਰ੍ਹਾਂ ਹੱਲ ਕਰੇਗਾ ? ਸਾਈਂ ਬਾਬਾ ਅੰਤਰ ਗਿਆਨ ਨਾਲ ਉਸਦਾ ਵਿਚਾਰ ਜਾਣ ਕੇ ਉਸੇ ਵੇਲੇ ਨਾਨਾਸਾਹਿਬ ਨੂੰ ਕਹਿਣ ਲੱਗੇ, "ਓ ਨਾਨਾ ! ਜਿਸ ਵਿਚ ਪਿਆਜ਼ ਹਜ਼ਮ ਕਰਨ ਦੀ ਸ਼ਕਤੀ ਹੈ, ਉਸ ਨੂੰ ਹੀ ਪਿਆਜ਼ ਖਾਣਾ ਚਾਹੀਦਾ ਹੈ, ਹੋਰ ਕਿਸੇ ਨੂੰ ਨਹੀਂ।" ਇਨ੍ਹਾਂ ਸ਼ਬਦਾਂ ਨਾਲ ਬਹੁਤ ਹੈਰਾਨ ਹੋ ਕੇ ਯੋਗੀ ਨੇ ਸਾਈਂ ਚਰਣਾਂ ਵਿਚ ਪੂਰੀ ਤਰ੍ਹਾਂ ਆਤਮ ਸਮਰਪਨ ਕਰ ਦਿੱਤਾ। ਸ਼ੁਧ ਅਤੇ ਸਾਫ਼ ਭਾਵ ਨਾਲ ਆਪਣੀਆਂ ਮੁਸ਼ਕਿਲਾਂ ਬਾਬਾ ਦੇ ਸਾਹਮਣੇ ਪੇਸ਼ ਕਰ ਕੇ ਉਨ੍ਹਾਂ ਕੋਲੋਂ ਹੱਲ ਪ੍ਰਾਪਤ ਕੀਤਾ ਅਤੇ ਇਸ ਤਰ੍ਹਾਂ ਸੰਤੁਸ਼ਟ ਅਤੇ ਸੁੱਖੀ ਹੋ ਕੇ ਬਾਬਾ ਦੇ ਦਰਸ਼ਨ ਕਰ ਕੇ ਅਤੇ ਉਦੀ ਲੈ ਕੇ ਉਹ ਸ਼ਿਰਡੀ ਤੋਂ ਚਲਾ ਗਿਆ।

## ਸ਼ਾਮਾ ਦੀ ਸੱਪ ਦੇ ਡੰਗ ਤੋਂ ਮੁਕਤੀ

ਕਥਾ ਸ਼ੁਰੂ ਕਰਨ ਤੋਂ ਪਹਿਲਾਂ ਹੇਮਾਂਡਪੰਤ ਲਿਖਦੇ ਹਨ ਕਿ ਜੀਵ ਦੀ ਤੁਲਨਾ ਪਾਲਤੂ ਤੋਤੇ ਨਾਲ ਕੀਤੀ ਜਾ ਸਕਦੀ ਹੈ, ਕਿਉਂਕਿ ਦੋਵੇਂ ਹੀ ਬੰਧਨ ਵਿਚ ਹਨ। ਇਕ ਸਰੀਰ ਵਿਚ ਅਤੇ ਦੂਜਾ ਪਿੰਜਰੇ ਵਿਚ। ਦੋਵੇਂ ਹੀ ਆਪਣੀ ਬੰਧਨ ਦੀ ਹਾਲਤ ਨੂੰ ਚੰਗਾ ਸਮਝਦੇ ਹਨ। ਪਰ ਜੇ ਹਰੀ ਕ੍ਰਿਪਾ ਨਾਲ ਉਨ੍ਹਾਂ ਨੂੰ ਕੋਈ ਉੱਤਮ ਗੁਰੂ ਮਿਲ ਜਾਏ ਅਤੇ ਉਹ ਉਨ੍ਹਾਂ ਦੀਆਂ ਗਿਆਨ ਦੀਆਂ ਅੱਖਾਂ ਖੋਲ੍ਹ ਕੇ ਉਨ੍ਹਾਂ ਨੂੰ ਬੰਧਨ ਤੋਂ ਮੁਕਤ ਕਰ ਦੇਵੇ ਤਾਂ ਉਨ੍ਹਾਂ ਦੀ ਸੋਚ ਉੱਚੀ ਹੋ ਜਾਂਦੀ ਹੈ, ਜਿਸ ਦੇ ਮੁਕਾਬਲੇ ਵਿਚ ਪਹਿਲੀ ਤੰਗ ਹਾਲਤ ਬਿਲਕੁਲ ਤੁੱਛ ਹੀ ਸੀ।

ਪਿੱਛਲੇ ਅਧਿਆਇ ਵਿਚ ਕਿਸ ਤਰ੍ਹਾਂ ਸ੍ਰੀ ਮਿਰੀਕਰ 'ਤੇ ਆਉਣ ਵਾਲੀ ਮੁਸੀਬਤ ਦੀ ਪਹਿਲਾਂ ਖ਼ਬਰ ਦੇ ਕੇ ਉਨ੍ਹਾਂ ਨੂੰ ਮੁਸੀਬਤ ਤੋਂ ਬਚਾਇਆ ਗਿਆ, ਇਸ ਦਾ ਵਰਨਣ ਕੀਤਾ ਜਾ ਚੁੱਕਾ ਹੈ। ਪਾਠਕੋ, ਹੁਣ ਉਸੇ ਤਰ੍ਹਾਂ ਦੀ ਇਕ ਹੋਰ ਕਥਾ ਸਰਵਣ ਕਰੋ। ਇਕ ਵਾਰ ਸ਼ਾਮਾ ਨੂੰ ਜ਼ਹਿਰੀਲੇ ਸੱਪ ਨੇ ਉਸ ਦੇ ਹੱਥ ਦੀ ਉਂਗਲੀ ਉੱਤੇ ਡੰਗ ਮਾਰਿਆ। ਸਾਰੇ ਸਰੀਰ ਵਿਚ ਜ਼ਹਿਰ ਫੈਲਣ ਕਾਰਨ ਉਹ ਬਹੁਤ ਤਕਲੀਫ਼ ਮਹਿਸੂਸ ਕਰ ਕੇ ਰੋਣ ਲੱਗਾ ਕਿ ਹੁਣ ਮੇਰਾ ਅੰਤ ਨੇੜੇ ਆ ਗਿਆ ਹੈ। ਉਨ੍ਹਾਂ ਦੇ ਦੋਸਤ ਉਸ ਨੂੰ ਭਗਵਾਨ ਵਿਠੋਬਾ ਦੇ ਕੋਲ ਲਿਜਾਣਾ ਚਾਹੁੰਦੇ ਸੀ, ਜਿਥੇ ਇਸ ਤਰ੍ਹਾਂ ਦੀਆਂ ਸਾਰੀਆਂ ਤਕਲੀਫ਼ਾਂ ਦਾ ਠੀਕ ਇਲਾਜ ਹੁੰਦਾ ਹੈ, ਪਰ ਸ਼ਾਮਾ ਮਸਜਿਦ ਵੱਲ ਦੌੜਿਆ—ਆਪਣੇ ਵਿਠੋਬਾ, ਸ੍ਰੀ ਸਾਈਂ ਬਾਬਾ ਕੋਲ, ਜਦੋਂ ਬਾਬਾ ਨੇ ਸ਼ਾਮਾ ਨੂੰ ਦੂਰੋਂ ਆਉਂਦੇ ਦੇਖਿਆ ਤਾਂ ਉਹ ਝਿੜਕਨ ਅਤੇ ਗਾਲ੍ਹਾਂ ਕੱਢਣ ਲਗੇ। ਉਹ ਗੁੱਸੇ ਵਿਚ ਆ ਕੇ ਬੋਲੇ—"ਅਰੇ, ਓ ਨਾਦਾਨ, ਕ੍ਰਿਤਘਨ ਬਾਮਨ। ਉਪਰ ਨਾ ਚੜ੍ਹ। ਸਾਵਧਾਨ, ਜੇ ਇਸ ਤਰ੍ਹਾਂ ਕੀਤਾ ਤਾਂ" ਅਤੇ ਫੇਰ ਗਰਜ਼ ਕੇ ਬੋਲੇ "ਹਟ ਦੂਰ ਹਟ, ਹੇਠਾਂ ਉਤਰ।" ਸ੍ਰੀ ਸਾਈਂ ਬਾਬਾ ਨੂੰ ਇਸ ਤਰ੍ਹਾਂ ਗੁੱਸੇ ਵਿਚ ਦੇਖ ਕੇ ਸ਼ਾਮਾ ਸੋਚ ਵਿਚ ਪੈ ਗਿਆ ਅਤੇ ਨਾ

ਉਮੀਦ ਹੋ ਕੇ ਸੋਚਣ ਲਗਾ ਕਿ ਸਿਰਫ਼ ਮਸਜਿਦ ਹੀ ਤਾਂ ਮੇਰਾ ਘਰ ਹੈ ਅਤੇ ਸਾਈਂ ਬਾਬਾ ਬੇਆਸਰਿਆਂ ਨੂੰ ਆਸਰਾ ਦੇਣ ਵਾਲੇ ਹਨ ਅਤੇ ਜਦੋਂ ਉਹ ਹੀ ਇਸ ਤਰ੍ਹਾਂ ਮੈਨੂੰ ਇਥੋਂ ਭਜਾ ਰਹੇ ਹਨ ਤਾਂ ਮੈਂ ਹੁਣ ਕਿਸ ਦੀ ਸ਼ਰਨ ਵਿਚ ਜਾਵਾਂ ? ਉਸ ਨੇ ਆਪਣੇ ਜੀਵਨ ਦੀ ਆਸ ਹੀ ਛੱਡ ਦਿੱਤੀ ਅਤੇ ਉਥੇ ਹੀ ਸ਼ਾਂਤੀ ਨਾਲ ਬੈਠ ਗਿਆ। ਥੋੜ੍ਹੀ ਦੇਰ ਬਾਅਦ ਜਦੋਂ ਬਾਬਾ ਪਹਿਲਾਂ ਵਾਂਗ ਸ਼ਾਂਤ ਹੋਏ ਤਾਂ ਸ਼ਾਮਾ ਉੱਪਰ ਆ ਕੇ ਉਨ੍ਹਾਂ ਦੇ ਕੋਲ ਬੈਠ ਗਿਆ। ਉਦੋਂ ਬਾਬਾ ਬੋਲੇ, "ਡਰੋ ਨਾ, ਜ਼ਰਾ ਵੀ ਫ਼ਿਕਰ ਨਾ ਕਰੋ। ਦਿਆਲੂ ਫ਼ਕੀਰ ਤੁਹਾਡੀ ਜ਼ਰੂਰ ਰਖਿਆ ਕਰੇਗਾ। ਘਰ ਜਾ ਕੇ ਸ਼ਾਂਤੀ ਨਾਲ ਬੈਠੋ ਅਤੇ ਬਾਹਰ ਨਾ ਨਿਕਲਣਾ। ਮੇਰੇ 'ਤੇ ਭਰੋਸਾ ਕਰ ਕੇ ਨਿਡਰ ਹੋ ਕੇ ਫ਼ਿਕਰ ਛੱਡ ਦਿਉ।" ਉਨ੍ਹਾਂ ਨੂੰ ਘਰ ਭੇਜਣ ਮਗਰੋਂ ਹੀ ਬਾਬਾ ਨੇ ਤਾਤਿਆ ਪਾਟਿਲ ਅਤੇ ਕਾਕਾਸਾਹਿਬ ਦਿਕਸ਼ਿਤ ਦੇ ਹੱਥ ਇਹ ਸੁਨੇਹਾ ਭੇਜਿਆ ਕਿ ਉਹ ਮਰਜ਼ੀ ਨਾਲ ਭੋਜਨ ਕਰੇ, ਘਰ ਵਿਚ ਟਹਿਲਦਾ ਰਹੇ, ਲੰਮਾ ਨਾ ਪਏ ਅਤੇ ਨਾ ਹੀ ਸੌਂਵੇਂ। ਕਹਿਣ ਦੀ ਲੋੜ ਨਹੀਂ ਕਿ ਆਦੇਸ਼ਾਂ ਦਾ ਪੂਰਾ ਪਾਲਣ ਕੀਤਾ ਗਿਆ ਅਤੇ ਥੋੜ੍ਹੀ ਦੇਰ ਵਿਚ ਹੀ ਉਹ ਪੂਰੀ ਤਰ੍ਹਾਂ ਠੀਕ ਹੋ ਗਏ। ਇਸ ਵਿਸ਼ੇ ਵਿਚ ਸਿਰਫ਼ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਬਾਬਾ ਦੇ ਸ਼ਬਦ (ਹਟ, ਦੂਰ ਹਟ, ਹੇਠਾਂ ਉਤਰ) ਸ਼ਾਮਾ ਨੂੰ ਨਹੀਂ ਆਖੇ ਗਏ ਸੀ, ਜਿਸ ਤਰ੍ਹਾਂ ਕਿ ਉੱਪਰ ਲਗਦਾ ਹੈ, ਬਲਕਿ ਉਸ ਸੱਪ ਅਤੇ ਉਸ ਦੇ ਜ਼ਹਿਰ ਦੇ ਲਈ ਹੀ ਇਹ ਆਖਿਆ ਸੀ (ਭਾਵ ਸ਼ਾਮਾ ਦੇ ਸਰੀਰ ਵਿਚ ਜ਼ਹਿਰ ਨਾ ਫੈਲਾਉਣ ਦੀ ਆਗਿਆ ਸੀ)। ਹੋਰ ਮੰਤਰ ਸ਼ਾਸ਼ਤਰਾਂ ਦੇ ਮਾਹਿਰਾਂ ਵਾਂਗ ਬਾਬਾ ਨੇ ਕਿਸੇ ਮੰਤਰ ਜਾਂ ਮੰਤਰੇ ਹੋਏ ਚੌਲਾਂ ਜਾਂ ਪਾਣੀ ਆਦਿ ਦਾ ਪ੍ਰਯੋਗ ਨਹੀਂ ਕੀਤਾ। ਇਸ ਕਥਾ ਅਤੇ ਇਸ ਤਰ੍ਹਾਂ ਦੀਆਂ ਹੋਰ ਕਥਾਵਾਂ ਨੂੰ ਸੁਣ ਕੇ ਸਾਈਂ ਬਾਬਾ ਦੇ ਚਰਣਾਂ ਵਿਚ ਇਹ ਪੱਕਾ ਵਿਸ਼ਵਾਸ ਹੋ ਜਾਏਗਾ ਕਿ ਜੇ ਮਾਇਆ ਭਰਪੂਰ ਸੰਸਾਰ ਨੂੰ ਪਾਰ ਕਰਨਾ ਹੈ ਤਾਂ ਸਿਰਫ਼ ਸ੍ਰੀ ਸਾਈਂ ਚਰਣਾਂ ਦਾ ਦਿਲ ਵਿਚ ਧਿਆਨ ਕਰੋ।

## ਹੈਜ਼ਾ ਮਹਾਂਮਾਰੀ

ਇਕ ਵਾਰ ਸ਼ਿਰਡੀ ਹੈਜ਼ੇ ਦੇ ਪ੍ਰਕੋਪ ਨਾਲ ਭੈਭੀਤ ਹੋ ਗਈ ਅਤੇ ਪਿੰਡ ਵਾਸੀ ਡਰ ਗਏ। ਉਨ੍ਹਾਂ ਦਾ ਆਪਸੀ ਮੇਲ-ਜੋਲ ਹੋਰ ਪਿੰਡਾਂ ਦੇ ਲੋਕਾਂ ਨਾਲ ਕਰੀਬ-ਕਰੀਬ ਟੁੱਟ ਗਿਆ, ਤਾਂ ਪਿੰਡ ਦੇ ਪੰਚਾਂ ਨੇ ਇਕੱਠੇ ਹੋ ਕੇ ਦੋ ਆਦੇਸ਼ ਜਾਰੀ ਕੀਤੇ। ਪਹਿਲਾ—ਲਕੜਾਂ ਦੀ ਇਕ ਵੀ ਗੱਡੀ ਪਿੰਡ ਵਿਚ ਨਾ ਆਉਣ ਦਿੱਤੀ ਜਾਵੇ। ਦੂਜਾ—ਕੋਈ ਵੀ ਬਕਰੇ ਦੀ ਬਲੀ ਨਾ ਦੇਵੇ। ਇਨ੍ਹਾਂ ਹੁਕਮਾਂ ਦਾ ਉਲੰਘਣ ਕਰਨ ਵਾਲੇ ਨੂੰ ਮੁੱਖੀਆਂ ਅਤੇ ਪੰਚਾਂ ਵੱਲੋਂ ਸਜ਼ਾ ਦਿੱਤੀ ਜਾਵੇਗੀ। ਬਾਬਾ ਤਾਂ ਜਾਣਦੇ ਹੀ ਸੀ ਕਿ ਇਹ ਸਾਰਾ ਅੰਧਵਿਸ਼ਵਾਸ ਹੀ ਹੈ ਅਤੇ ਇਸ ਕਾਰਨ ਉਨ੍ਹਾਂ ਨੇ ਪੰਚਾਂ ਦੇ ਆਦੇਸ਼ਾਂ ਦੀ ਕੋਈ ਪਰਵਾਹ ਨਾ ਕੀਤੀ। ਜਦੋਂ ਇਹ ਹੁਕਮ ਲਾਗੂ ਸੀ, ਉਦੋਂ ਇਕ ਲੱਕੜਾਂ ਦੀ ਗੱਡੀ ਪਿੰਡ ਵਿਚ ਆਈ। ਸਾਰਿਆਂ ਨੂੰ ਪਤਾ ਸੀ ਕਿ ਪਿੰਡ ਵਿਚ ਲੱਕੜਾਂ ਦੀ ਬਹੁਤ ਘਾਟ ਹੈ, ਫੇਰ ਵੀ ਲੋਕ ਉਸ ਗੱਡੀ ਵਾਲੇ ਨੂੰ ਭਜਾਉਣ ਲੱਗੇ। ਇਹ ਖਬਰ, ਬਾਬਾ ਕੋਲ ਵੀ ਪਹੁੰਚ ਗਈ। ਤਾਂ ਉਹ ਆਪ ਉਥੇ ਆਏ ਅਤੇ ਗੱਡੀ ਵਾਲੇ ਨੂੰ ਗੱਡੀ ਮਸਜਿਦ ਵਿਚ ਲੈ ਜਾਣ ਲਈ ਕਿਹਾ। ਬਾਬਾ ਦੇ ਬਰਖ਼ਿਲਾਫ਼ ਕੋਈ ਚੂੰ-ਚਾਂਹ ਤਕ ਵੀ ਨਾ ਕਰ ਸਕਿਆ। ਅਸਲ ਵਿਚ ਉਨ੍ਹਾਂ ਨੂੰ ਧੂਣੀ ਲਈ ਲਕੜਾਂ

ਦੀ ਬਹੁਤ ਲੋੜ ਸੀ ਅਤੇ ਇਸ ਲਈ ਉਨ੍ਹਾਂ ਨੇ ਉਹ ਗੱਡੀ ਮੁੱਲ ਲੈ ਲਈ। ਇਕ ਮਹਾਨ ਅਗਨੀਹੋਤਰੀ ਦੀ ਤਰ੍ਹਾਂ ਉਨ੍ਹਾਂ ਨੇ ਜੀਵਨ ਭਰ ਧੂਣੀ ਨੂੰ ਬੱਲਦੀ ਰਖਿਆ। ਬਾਬਾ ਦੀ ਧੂਣੀ ਦਿਨ ਰਾਤ ਬਲਦੀ ਰਹਿੰਦੀ ਸੀ ਅਤੇ ਇਸ ਲਈ ਉਹ ਲੱਕੜਾਂ ਇਕੱਠੀਆਂ ਕਰ ਕੇ ਰੱਖਦੇ ਸੀ।

ਬਾਬਾ ਦਾ ਘਰ ਭਾਵ ਮਸਜਿਦ ਸਾਰਿਆਂ ਦੇ ਲਈ ਹਮੇਸ਼ਾਂ ਖੁੱਲ੍ਹੀ ਸੀ। ਉਸ ਨੂੰ ਕਿਸੇ ਤਾਲੇ ਚਾਬੀ ਦੀ ਲੋੜ ਨਹੀਂ ਸੀ। ਪਿੰਡ ਦੇ ਗਰੀਬ ਆਦਮੀ ਆਪਣੀ ਵਰਤੋਂ ਲਈ ਉਸ ਵਿਚੋਂ ਲੱਕੜਾਂ ਕੱਢ ਕੇ ਲੈ ਜਾਂਦੇ ਸੀ, ਪਰ ਬਾਬਾ ਨੇ ਕਦੀ ਕਿਸੇ ਨੂੰ ਨਹੀਂ ਰੋਕਿਆ ਸੀ। ਬਾਬਾ ਤਾਂ ਸਾਰੇ ਸੰਸਾਰ ਨੂੰ ਈਸ਼ਵਰ ਨਾਲ ਓਤ-ਪੋਤ ਰੂਪ ਵਿਚ ਦੇਖਦੇ ਸੀ, ਇਸ ਲਈ ਉਨ੍ਹਾਂ ਵਿਚ ਕਿਸੇ ਦੇ ਲਈ ਘਿਰਣਾ ਜਾਂ ਦੁਸ਼ਮਣੀ ਦੀ ਭਾਵਨਾ ਨਹੀਂ ਸੀ। ਪੂਰਨ ਉਦਾਸੀਨ ਹੁੰਦੇ ਹੋਏ ਵੀ ਉਨ੍ਹਾਂ ਨੇ ਇਕ ਆਮ ਗ੍ਰਹਿਸਥੀ ਵਰਗਾ ਉਦਾਹਰਣ ਲੋਕਾਂ ਦੇ ਸਾਹਮਣੇ ਪੇਸ਼ ਕੀਤਾ।

## ਗੁਰੂ ਭਗਤੀ ਦੀ ਮੁਸ਼ਕਿਲ ਪ੍ਰੀਖਿਆ

ਹੁਣ ਦੇਖੋ, ਦੂਜੇ ਹੁਕਮ ਦਾ ਵੀ ਬਾਬਾ ਨੇ ਕੀ ਹਾਲ ਕੀਤਾ। ਉਹ ਹੁਕਮ ਲਾਗੂ ਹੋਣ ਦੇ ਵਕਤ ਕੋਈ ਮਸਜਿਦ ਵਿਚ ਇਕ ਬਕਰਾ ਬਲੀ ਦੇਣ ਲਈ ਲਿਆਇਆ। ਉਹ ਬਹੁਤ ਕਮਜ਼ੋਰ, ਬੁੱਢਾ ਅਤੇ ਮਰਨ ਵਾਲਾ ਹੀ ਸੀ। ਉਸ ਵੇਲੇ ਮਾਲੇਗਾਂਵ ਦੇ ਫ਼ਕੀਰ ਪੀਰ ਮੁਹੰਮਦ ਉਰਫ਼ ਵੱਡੇ ਬਾਬਾ ਵੀ ਉਨ੍ਹਾਂ ਦੇ ਕੋਲ ਖੜੇ ਸੀ। ਬਾਬਾ ਨੇ ਉਨ੍ਹਾਂ ਨੂੰ ਬੱਕਰਾ ਕੱਟ ਕੇ ਬਲੀ ਚੜ੍ਹਾਉਣ ਲਈ ਕਿਹਾ। ਸ੍ਰੀ ਸਾਈਂ ਬਾਬਾ ਵੱਡੇ ਬਾਬਾ ਦਾ ਆਦਰ ਕਰਦੇ ਸੀ। ਇਸ ਕਾਰਨ ਉਹ ਹਮੇਸ਼ਾਂ ਉਨ੍ਹਾਂ ਦੇ ਸੱਜੇ ਪਾਸੇ ਹੀ ਬੈਠਦੇ ਸੀ। ਸਾਰਿਆਂ ਤੋਂ ਪਹਿਲਾਂ ਉਹ ਹੀ ਚਿਲਮ ਪੀਂਦੇ ਅਤੇ ਫੇਰ ਬਾਬਾ ਨੂੰ ਦਿੰਦੇ ਅਤੇ ਬਾਅਦ ਵਿਚ ਬਾਕੀ ਭਗਤਾਂ ਨੂੰ। ਜਦੋਂ ਦੁਪਹਿਰ ਨੂੰ ਭੋਜਨ ਪਰੋਸਿਆ ਜਾਂਦਾ, ਤਾਂ ਬਾਬਾ ਵੱਡੇ ਬਾਬਾ ਨੂੰ ਆਦਰ ਨਾਲ ਬੁਲਾ ਕੇ ਆਪਣੇ ਸੱਜੇ ਪਾਸੇ ਬਿਠਾਉਂਦੇ ਅਤੇ ਤਾਂ ਸਾਰੇ ਭੋਜਨ ਕਰਦੇ। ਬਾਬਾ ਦੇ ਕੋਲ ਜੋ ਦਕਸ਼ਿਣਾ ਇਕੱਠੀ ਹੁੰਦੀ, ਉਸ ਵਿਚੋਂ ਉਹ 50 ਰੁਪਏ ਵੱਡੇ ਬਾਬਾ ਨੂੰ ਦੇ ਦਿੰਦੇ ਸੀ। ਜਦੋਂ ਉਹ ਵਾਪਸ ਜਾਂਦੇ ਤਾਂ ਬਾਬਾ ਉਨ੍ਹਾਂ ਨਾਲ ਸੌ ਕਦਮ ਤਕ ਜਾਂਦੇ ਹੁੰਦੇ ਸੀ। ਉਨ੍ਹਾਂ ਦਾ ਏਨਾ ਆਦਰ ਹੁੰਦੇ ਹੋਏ ਵੀ ਜਦੋਂ ਉਨ੍ਹਾਂ ਨੂੰ ਬੱਕਰਾ ਕੱਟਣ ਲਈ ਕਿਹਾ ਤਾਂ ਉਨ੍ਹਾਂ ਨੇ ਨਾਂਹ ਕਰ ਕੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਕਿ ਬਲੀ ਚੜ੍ਹਾਉਣਾ ਫ਼ਜ਼ੂਲ ਹੀ ਹੈ। ਤਾਂ ਬਾਬਾ ਨੇ ਸ਼ਾਮਾ ਨੂੰ ਬੱਕਰੇ ਦੀ ਬਲੀ ਦੇਣ ਲਈ ਕਿਹਾ। ਉਹ ਰਾਧਾਕ੍ਰਿਸ਼ਨਾਮਾਈ ਦੇ ਘਰ ਜਾ ਕੇ ਇਕ ਚਾਕੂ ਲੈ ਆਏ ਅਤੇ ਉਸ ਨੂੰ ਬਾਬਾ ਦੇ ਸਾਹਮਣੇ ਰੱਖ ਦਿੱਤਾ। ਰਾਧਾਕ੍ਰਿਸ਼ਨਾਮਾਈ ਨੂੰ ਜਦੋਂ ਕਾਰਨ ਪਤਾ ਲੱਗਾ ਤਾਂ ਉਨ੍ਹਾਂ ਨੇ ਚਾਕੂ ਵਾਪਸ ਮੰਗਵਾ ਲਿਆ। ਹੁਣ ਸ਼ਾਮਾ ਹੋਰ ਚਾਕੂ ਲੈਣ ਲਈ ਗਏ, ਪਰ ਬਹੁਤ ਦੇਰ ਤਕ ਮਸਜਿਦ ਵਿਚ ਵਾਪਸ ਨਾ ਆਏ। ਤਾਂ ਕਾਕਾਸਾਹਿਬ ਦਿਕਸ਼ਿਤ ਦੀ ਵਾਰੀ ਆਈ। ਉਹ ਸੋਨਾ ਤਾਂ ਸੱਚਾ ਸੀ, ਪਰ ਉਸ ਨੂੰ ਕਸੌਟੀ ’ਤੇ ਪਰਖਣਾ ਵੀ ਬਹੁਤ ਜ਼ਰੂਰੀ ਸੀ। ਬਾਬਾ ਨੇ ਉਨ੍ਹਾਂ ਨੂੰ ਚਾਕੂ ਲਿਆ ਕੇ ਬੱਕਰਾ ਕੱਟਣ ਲਈ ਕਿਹਾ। ਉਹ ਸਾਠੇਵਾੜਾ ਤੋਂ ਇਕ ਚਾਕੂ ਲੈ ਆਏ ਅਤੇ ਬਾਬਾ ਦੀ ਆਗਿਆ ਮਿਲਦੇ ਹੀ ਬੱਕਰਾ ਕੱਟਣ ਨੂੰ ਤਿਆਰ ਹੋ ਗਏ। ਉਨ੍ਹਾਂ ਨੇ ਪਵਿੱਤਰ ਬ੍ਰਾਹਮਣ ਕੁਲ ਵਿਚ

ਜਨਮ ਲਿਆ ਸੀ ਅਤੇ ਆਪਣੇ ਜੀਵਨ ਵਿਚ ਉਹ ਬਲੀ ਬਾਰੇ ਜਾਣਦੇ ਹੀ ਨਹੀਂ ਸੀ। ਭਾਵੇਂ ਹਿੰਸਾ ਕਰਨਾ ਠੀਕ ਨਹੀਂ ਹੈ, ਫੇਰ ਵੀ ਉਹ ਬੱਕਰਾ ਕੱਟਣ ਲਈ ਤਿਆਰ ਹੋ ਗਏ। ਸਾਰੇ ਲੋਕਾਂ ਨੂੰ ਹੈਰਾਨਗੀ ਹੋ ਰਹੀ ਸੀ ਕਿ ਵੱਡੇ ਬਾਬਾ ਇਕ ਮੁਸਲਮਾਨ ਹੁੰਦੇ ਹੋਏ ਵੀ ਬੱਕਰਾ ਕੱਟਣ ਲਈ ਰਜ਼ਾਮੰਦ ਨਹੀਂ ਹਨ ਅਤੇ ਇਹ ਇਕ ਪਵਿੱਤਰ ਬ੍ਰਾਹਮਣ ਬੱਕਰੇ ਦੀ ਬਲੀ ਦੇਣ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਨੇ ਆਪਣੀ ਧੋਤੀ ਉੱਪਰ ਚੜ੍ਹਾ, ਪਟਕਾ ਕਸ ਲਿਆ ਅਤੇ ਚਾਕੂ ਲੈ ਕੇ ਹੱਥ ਉੱਪਰ ਕਰ ਕੇ ਬਾਬਾ ਦੀ ਆਖ਼ੀਰੀ ਆਗਿਆ ਦੀ ਉਡੀਕ ਕਰਨ ਲਗੇ। ਬਾਬਾ ਬੋਲੇ, "ਹੁਣ ਸੋਚ ਕੀ ਰਹੇ ਹੋ ? ਠੀਕ ਹੈ, ਮਾਰੋ।" ਜਦੋਂ ਉਨ੍ਹਾਂ ਦਾ ਹੱਥ ਥੱਲੇ ਆਉਣ ਹੀ ਵਾਲਾ ਸੀ, ਤਾਂ ਬਾਬਾ ਬੋਲੇ, "ਠਹਿਰੋ, ਤੁਸੀਂ ਇੰਨੇ ਦੁਰਾਚਾਰੀ ਹੋ ? ਬ੍ਰਾਹਮਣ ਹੋ ਕੇ ਤੁਸੀਂ ਬੱਕਰੇ ਦੀ ਬਲੀ ਦੇ ਰਹੇ ਹੋ ?" ਕਾਕਾਸਾਹਿਬ ਚਾਕੂ ਥੱਲੇ ਰੱਖ ਕੇ ਬਾਬਾ ਨੂੰ ਕਹਿਣ ਲੱਗੇ, "ਤੁਹਾਡੀ ਆਗਿਆ ਹੀ ਸਾਡੇ ਲਈ ਸਭ ਕੁਝ ਹੈ, ਸਾਨੂੰ ਬਾਕੀ ਆਦੇਸ਼ਾਂ ਨਾਲ ਕੀ ਮਤਲਬ ? ਅਸੀਂ ਤਾਂ ਸਿਰਫ਼ ਤੁਹਾਡਾ ਹੀ ਹਮੇਸ਼ਾਂ ਸਿਮਰਨ ਅਤੇ ਧਿਆਨ ਕਰਦੇ ਹਾਂ ਅਤੇ ਦਿਨ ਰਾਤ ਤੁਹਾਡੀ ਆਗਿਆ ਦਾ ਹੀ ਪਾਲਣ ਕਰਦੇ ਹਾਂ। ਸਾਨੂੰ ਇਹ ਵਿਚਾਰ ਕਰਨ ਦੀ ਲੋੜ ਨਹੀਂ ਕਿ ਬੱਕਰੇ ਨੂੰ ਮਾਰਨਾ ਠੀਕ ਹੈ ਜਾਂ ਗ਼ਲਤ ? ਅਤੇ ਨਾ ਅਸੀਂ ਇਸ ਦਾ ਕਾਰਨ ਹੀ ਜਾਣਨਾ ਚਾਹੁੰਦੇ ਹਾਂ ? ਸਾਡਾ ਫ਼ਰਜ਼ ਅਤੇ ਧਰਮ ਤਾਂ ਬਿਨਾਂ ਹਿਚਕਿਚਾਹਟ ਦੇ ਗੁਰੂ ਦੀ ਆਗਿਆ ਦਾ ਪੂਰੀ ਤਰ੍ਹਾਂ ਪਾਲਣ ਕਰਨ ਵਿਚ ਹੈ।" ਤਾਂ ਬਾਬਾ ਨੇ ਕਾਕਾਸਾਹਿਬ ਨੂੰ ਕਿਹਾ ਕਿ, "ਮੈਂ ਆਪ ਹੀ ਬਲੀ ਦੇਣ ਦਾ ਕੰਮ ਕਰਾਂਗਾ।" ਫੇਰ ਇਹ ਫ਼ੈਸਲਾ ਹੋਇਆ ਕਿ ਤਕੀਏ ਦੇ ਕੋਲ ਜਿਥੇ ਬਹੁਤ ਸਾਰੇ ਫ਼ਕੀਰ ਬੈਠਦੇ ਹਨ, ਉਥੇ ਜਾ ਕੇ ਇਸ ਦੀ ਬਲੀ ਦੇਣੀ ਚਾਹੀਦੀ ਹੈ। ਜਦੋਂ ਬੱਕਰਾ ਉਥੇ ਲਿਜਾ ਰਹੇ ਸੀ, ਉਦੋਂ ਰਸਤੇ ਵਿਚ ਡਿੱਗ ਕੇ ਮਰ ਗਿਆ।

ਭਗਤਾਂ ਦੇ ਪ੍ਰਕਾਰ ਦਾ ਵਰਨਣ ਕਰ ਕੇ ਸ੍ਰੀ ਹੇਮਾਂਡਪੰਤ ਇਹ ਅਧਿਆਇ ਖਤਮ ਕਰਦੇ ਹਨ। ਭਗਤ ਤਿੰਨ ਤਰ੍ਹਾਂ ਦੇ ਹੁੰਦੇ ਹਨ—(1) ਉੱਤਮ (2) ਔਸਤਨ ਅਤੇ (3) ਸਾਧਾਰਣ। ਪਹਿਲੀ ਸ਼੍ਰੇਣੀ ਦੇ ਭਗਤ ਉਹ ਹਨ, ਜਿਹੜੇ ਆਪਣੇ ਗੁਰੂ ਦੀ ਇੱਛਾ ਪਹਿਲਾਂ ਹੀ ਜਾਣ ਕੇ ਆਪਣਾ ਫ਼ਰਜ਼ ਸਮਝ ਕੇ ਸੇਵਾ ਕਰਦੇ ਹਨ। ਦੂਜੀ ਸ਼੍ਰੇਣੀ ਦੇ ਭਗਤ ਉਹ ਹਨ, ਜਿਹੜੇ ਗੁਰੂ ਦੀ ਆਗਿਆ ਮਿਲਦੇ ਹੀ ਉਸ ਦਾ ਉਸੇ ਵੇਲੇ ਪਾਲਣ ਕਰਦੇ ਹਨ। ਤੀਸਰੀ ਸ਼੍ਰੇਣੀ ਦੇ ਭਗਤ ਉਹ ਹਨ, ਜਿਹੜੇ ਗੁਰੂ ਦੀ ਆਗਿਆ ਹਰ ਵੇਲੇ ਟਾਲਦੇ ਹੋਏ ਪੈਰ-ਪੈਰ 'ਤੇ ਨੁਕਤਾਚੀਨੀ ਕਰਦੇ ਹਨ। ਭਗਤ ਜੇ ਆਪਣੀ ਜਾਗ੍ਰਿਤ ਬੁੱਧੀ ਅਤੇ ਧੀਰਜ ਧਾਰਨ ਕਰ ਕੇ ਪੱਕੇ ਵਿਸ਼ਵਾਸ ਨਾਲ ਟਿਕੇ ਰਹਿਣ ਤਾਂ ਬਿਨਾਂ ਸ਼ਕ ਉਨ੍ਹਾਂ ਦਾ ਵੀ ਅਧਿਆਤਮਿਕ ਉਦੇਸ਼ ਉਨ੍ਹਾਂ ਕੋਲੋਂ ਦੂਰ ਨਹੀਂ ਹੈ।

ਸਵਾਸਾਂ ਨੂੰ ਕਾਬੂ ਕਰਨਾ, ਹਠਯੋਗ ਜਾਂ ਹੋਰ ਮੁਸ਼ਕਿਲ ਸਾਧਨਾਵਾਂ ਦੀ ਕੋਈ ਲੋੜ ਨਹੀਂ ਹੈ। ਜਦੋਂ ਚੇਲੇ ਵਿਚ ਚੰਗੇ ਗੁਣਾਂ ਦਾ ਵਿਕਾਸ ਹੋ ਜਾਂਦਾ ਹੈ ਅਤੇ ਉਦੋਂ ਅਗਲੇ ਉਪਦੇਸ਼ਾਂ ਲਈ ਭੂਮਿਕਾ ਤਿਆਰ ਹੋ ਜਾਂਦੀ ਹੈ, ਤਾਂ ਗੁਰੂ ਆਪ ਪ੍ਰਗਟ ਹੋ ਕੇ ਉਸ ਨੂੰ ਪੂਰਣਤਾ ਵੱਲ ਲੈ ਜਾਂਦੇ ਹਨ। ਅਗਲੇ ਅਧਿਆਇ ਵਿਚ ਬਾਬਾ ਦੇ ਮਨੋਰੰਜਕ ਹਾਸੇ-ਮਜ਼ਾਕ ਦੇ ਬਾਰੇ ਵਿਚ ਚਰਚਾ ਕਰਾਂਗੇ।



# ॥ ਅਧਿਆਇ-24 ॥

***ਸ੍ਰੀ ਸਾਈਂ ਬਾਬਾ ਦਾ ਹਾਸਾ ਮਜ਼ਾਕ, ਛੋਲਿਆਂ ਦੀ ਲੀਲ੍ਹਾ (ਹੇਮਾਂਡਪੰਤ)***

***ਸੁਦਾਮਾ ਦੀ ਕਥਾ, ਅਣਾ ਚਿਚਣੀਕਰ ਅਤੇ ਮੌਸੀਬਾਈ ਦੀ ਕਥਾ,***

***ਬਾਬਾ ਦੀ ਭਗਤ ਪਰਾਯਣਤਾ।***

ਅਗਲੇ ਅਧਿਆਇ ਵਿਚ ਇਸ-ਇਸ ਵਿਸ਼ਿਆਂ ਦਾ ਵਰਨਣ ਹੋਏਗਾ, ਇਹ ਕਹਿਣਾ ਇਕ ਤਰ੍ਹਾਂ ਹੰਕਾਰ ਹੀ ਹੈ। ਜਦੋਂ ਤੱਕ ਹੰਕਾਰ ਗੁਰ-ਚਰਣਾਂ ਵਿਚ ਅਰਪਣ ਨਾ ਕਰ ਦਿੱਤਾ ਜਾਏ, ਉਦੋਂ ਤੱਕ ਸੱਚੇ ਸਰੂਪ ਦੀ ਪ੍ਰਾਪਤੀ ਸੰਭਵ ਨਹੀਂ। ਜੇ ਅਸੀਂ ਨਿਮਾਨੇ ਬਣ ਜਾਈਏ, ਤਾਂ ਸਫਲਤਾ ਪ੍ਰਾਪਤ ਹੋਣਾ ਯਕੀਨੀ ਹੀ ਹੈ।

ਸ੍ਰੀ ਸਾਈਂਬਾਬਾ ਦੀ ਭਗਤੀ ਕਰਨ ਨਾਲ ਦੁਨਿਆਵੀ ਅਤੇ ਅਧਿਆਤਮਿਕ ਦੋਵਾਂ ਚੀਜ਼ਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਅਸੀਂ ਆਪਣੇ ਮੂਲ ਸੁਭਾਅ ਵਿਚ ਟਿਕਾਊਪਣ ਪ੍ਰਾਪਤ ਕਰਕੇ ਸੁੱਖ ਅਤੇ ਸ਼ਾਂਤੀ ਦੇ ਭਾਗੀ ਬਣ ਜਾਂਦੇ ਹਾਂ। ਇਸ ਲਈ ਮੁਮੁਕਸ਼ੂਆ ਨੂੰ ਚਾਹੀਦਾ ਹੈ ਕਿ ਉਹ ਆਦਰ ਨਾਲ ਸ੍ਰੀ ਸਾਈਂਬਾਬਾ ਦੀਆਂ ਲੀਲ੍ਹਾਵਾਂ ਦਾ ਸਰਵਣ ਕਰਕੇ ਉਨ੍ਹਾਂ ਦਾ ਧਿਆਨ ਕਰਨ। ਜੇ ਉਹ ਇਸ ਤਰ੍ਹਾਂ ਕੋਸ਼ਿਸ਼ ਕਰਦੇ ਰਹਿਣਗੇ ਤਾਂ ਉਨ੍ਹਾਂ ਨੂੰ ਆਪਣੇ ਜੀਵਨ-ਉਦੇਸ਼ ਅਤੇ ਪਰਮਾਨੰਦ ਦੀ ਸੌਖ ਨਾਲ ਹੀ ਪ੍ਰਾਪਤੀ ਹੋ ਜਾਏਗੀ।

ਆਮ ਕਰਕੇ ਸਾਰੇ ਲੋਕਾਂ ਨੂੰ ਹੱਸਣਾ ਚੰਗਾ ਲੱਗਦਾ ਹੈ। ਪਰ ਆਪ ਹਾਸੇ ਦਾ ਪਾਤਰ ਕੋਈ ਨਹੀਂ ਬਣਨਾ ਚਾਹੁੰਦਾ ਇਸ ਵਿਸ਼ੇ ਵਿਚ ਬਾਬਾ ਦੀ ਰੀਤ ਵੀ ਅਜ਼ੀਬ ਸੀ। ਹਾਸਾ ਮਖੌਲ ਜਦੋਂ ਭਾਵਪੂਰਨ ਹੋਵੇ ਤਾਂ ਬਹੁਤ ਮਨੋਰੰਜਕ ਅਤੇ ਸਿੱਖਿਆ ਦੇਣ ਵਾਲਾ ਹੁੰਦਾ ਹੈ। ਇਸ ਲਈ ਭਗਤਾਂ ਨੂੰ ਜੇ ਆਪ ਹਾਸੇ ਦਾ ਪਾਤਰ ਬਣਨਾ ਵੀ ਪੈਂਦਾ ਸੀ ਤਾਂ ਵੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ ਸੀ। ਸ੍ਰੀ ਹੇਮਾਂਡਪੰਤ ਵੀ ਇਸ ਤਰ੍ਹਾਂ ਦਾ ਇਕ ਆਪਣਾ ਹੀ ਉਦਾਹਰਣ ਪੇਸ਼ ਕਰਦੇ ਹਨ।

## ਛੋਲਿਆਂ ਦੀ ਲੀਲ੍ਹਾ

ਸ਼ਿਰਡੀ ਵਿਚ ਬਜ਼ਾਰ ਹਰ ਐਤਵਾਰ ਨੂੰ ਲੱਗਦਾ ਹੈ। ਨੇੜੇ ਦੇ ਪਿੰਡਾਂ ਤੋਂ ਲੋਕ ਆ ਕੇ ਉਥੇ ਰਸਤੇ 'ਤੇ ਦੁਕਾਨਾਂ ਲਗਾਉਂਦੇ ਅਤੇ ਸੋਦਾ ਵੇਚਦੇ ਹਨ। ਦੁਪਹਿਰ ਵੇਲੇ ਮਸਜਿਦ ਲੋਕਾਂ ਨਾਲ ਖਚਾ ਖਚ ਭਰ ਜਾਂਦੀ ਸੀ, ਪਰ ਐਤਵਾਰ ਵਾਲੇ ਦਿਨ ਤਾਂ ਲੋਕਾਂ ਦੀ ਏਨੀ ਜ਼ਿਆਦਾ ਭੀੜ ਹੁੰਦੀ ਕਿ ਸਾਹ ਹੀ ਘੁੱਟਣ ਲਗਦਾ ਸੀ। ਇਸ ਤਰ੍ਹਾਂ ਦੇ ਹੀ ਇਕ ਐਤਵਾਰ ਵਾਲੇ ਦਿਨ ਸ੍ਰੀ ਹੇਮਾਂਡਪੰਤ ਬਾਬਾ ਦੇ ਚਰਣਾਂ ਦੀ ਸੇਵਾ ਕਰ ਰਹੇ ਸੀ। ਸ਼ਾਮਾ ਬਾਬਾ ਦੇ ਖੱਬੇ ਪਾਸੇ ਅਤੇ ਵਾਮਨਰਾਵ ਬਾਬਾ ਦੇ ਸੱਜੇ ਪਾਸੇ ਬੈਠੇ ਸਨ। ਇਸ ਮੌਕੇ 'ਤੇ ਸ੍ਰੀਮਾਨ ਬੂਟੀਸਾਹਿਬ ਅਤੇ ਕਾਕਾਸਾਹਿਬ ਦਿਕਸ਼ਿਤ ਵੀ ਉਥੇ ਹਾਜ਼ਰ ਸਨ। ਉਦੋਂ ਸ਼ਾਮਾ ਨੇ ਹੱਸ ਕੇ ਅਣਾਸਾਹਿਬ ਨੂੰ ਕਿਹਾ ਕਿ "ਦੇਖੋ, ਤੁਹਾਡੇ ਕੋਟ ਦੀ ਬਾਂਹ 'ਤੇ ਕੁੱਝ ਛੋਲੇ ਲੱਗੇ ਹੋਏ ਲੱਗਦੇ ਹਨ।" ਇਸ ਤਰ੍ਹਾਂ ਕਹਿ ਕੇ

ਸ਼ਾਮਾ ਨੇ ਉਨ੍ਹਾਂ ਦੀ ਬਾਂਹ ਨੂੰ ਛੂਹਿਆ ਜਿਥੇ ਕੁਝ ਛੋਲਿਆਂ ਦੇ ਦਾਣੇ ਮਿਲੇ। ਜਦੋਂ ਹੇਮਾਂਡਪੰਤ ਨੇ ਆਪਣੀ ਖੱਬੀ ਕੂਹਨੀ ਸਿਧੀ ਕੀਤੀ ਤਾਂ ਛੋਲਿਆਂ ਦੇ ਕੁਝ ਦਾਨੇ ਥੱਲੇ ਡਿੱਗ ਪਏ, ਜਿਹੜੇ ਉਥੇ ਹਾਜ਼ਰ ਲੋਕਾਂ ਨੇ ਚੁਣ ਲਏ।

ਭਗਤਾਂ ਨੂੰ ਤਾਂ ਹੱਸਣ ਦਾ ਮੌਕਾ ਮਿਲ ਗਿਆ ਅਤੇ ਸਾਰੇ ਹੈਰਾਨ ਹੋ ਕੇ ਤਰ੍ਹਾਂ-ਤਰ੍ਹਾਂ ਦੇ ਅੰਦਾਜ਼ੇ ਲਾਉਣ ਲਗੇ, ਪਰ ਕੋਈ ਵੀ ਇਹ ਨਹੀਂ ਜਾਣ ਸਕਿਆ ਕਿ ਛੋਲਿਆਂ ਦੇ ਇਹ ਦਾਣੇ ਉਥੇ ਕਿਥੋਂ ਆਏ ਅਤੇ ਏਨੀ ਦੇਰ ਤੱਕ ਉਥੇ ਕਿਸ ਤਰ੍ਹਾਂ ਫਸੇ ਰਹੇ ? ਇਸ ਦਾ ਤਸੱਲੀਬਖ਼ਸ਼ ਉਤਰ ਕਿਸੇ ਦੇ ਕੋਲ ਨਹੀਂ ਸੀ, ਪਰ ਇਸ ਦਾ ਭੇਦ ਜਾਣਨ ਲਈ ਹਰ ਕੋਈ ਉਤਾਵਲਾ ਸੀ। ਤਾਂ ਬਾਬਾ ਕਹਿਣ ਲਗੇ ਕਿ ਇਨ੍ਹਾਂ ਸੱਜਣ ਅਣਾਸਾਹਿਬ ਨੂੰ ਇਕੱਲੇ ਖਾਣ ਦੀ ਬੁਰੀ ਆਦਤ ਹੈ। ਅੱਜ ਬਾਜ਼ਾਰ ਦਾ ਦਿਨ ਹੈ ਅਤੇ ਇਹ ਛੋਲੇ ਚੱਬਦੇ ਹੋਏ ਹੀ ਇਥੇ ਆਏ ਹਨ। ਮੈਂ ਤਾਂ ਇਨ੍ਹਾਂ ਦੀਆਂ ਆਦਤਾਂ ਚੰਗੀ ਤਰ੍ਹਾਂ ਜਾਣਦਾ ਹਾਂ ਅਤੇ ਛੋਲੇ ਮੇਰੇ ਕਥਨ ਦੇ ਸੱਚ ਦਾ ਸਬੂਤ ਹਨ। ਇਸ ਵਿਚ ਹੈਰਾਨੀ ਦੀ ਗੱਲ ਹੀ ਕੀ ਹੈ ? ਹੇਮਾਂਡਪੰਤ ਬੋਲੇ ਕਿ "ਬਾਬਾ, ਮੈਨੂੰ ਕਦੇ ਵੀ ਇਕੱਲੇ ਖਾਣ ਦੀ ਆਦਤ ਨਹੀਂ ਹੈ, ਫੇਰ ਇਸ ਤਰ੍ਹਾਂ ਮੇਰੇ 'ਤੇ ਦੋਸ਼ ਕਿਉਂ ਲਗਾਉਂਦੇ ਹੋ ? ਹਾਲੇ ਤਕ ਮੈਂ ਸ਼ਿਰਡੀ ਦੇ ਬਜ਼ਾਰ ਦੇ ਦਰਸ਼ਨ ਵੀ ਨਹੀਂ ਕੀਤੇ ਅਤੇ ਅੱਜ ਦੇ ਦਿਨ ਤਾਂ ਭੁੱਲ ਕੇ ਵੀ ਬਜ਼ਾਰ ਨਹੀਂ ਗਿਆ, ਤਾਂ ਛੋਲੇ ਖਾਣ ਦੀ ਗੱਲ ਤਾਂ ਦੂਰ ਹੈ। ਭੋਜਨ ਵੇਲੇ ਵੀ ਜਿਹੜੇ ਮੇਰੇ ਕੋਲ ਹੁੰਦੇ ਹਨ ਉਨ੍ਹਾਂ ਨੂੰ ਉਨ੍ਹਾਂ ਦਾ ਠੀਕ ਹਿੱਸਾ ਦਿੱਤੇ ਬਿਨਾਂ ਕਦੀ ਭੋਜਨ ਨਹੀਂ ਕਰਦਾ।"

ਬਾਬਾ—"ਤੁਹਾਡਾ ਕਥਨ ਸੱਚ ਹੈ। ਪਰ ਜਦੋਂ ਤੁਹਾਡੇ ਕੋਲ ਹੀ ਕੋਈ ਨਾ ਹੋਏ ਤਾਂ ਤੁਸੀਂ ਜਾਂ ਅਸੀਂ ਕਰ ਹੀ ਕੀ ਸਕਦੇ ਹਾਂ ? ਚੰਗਾ ਦੱਸੋ, ਕੀ ਭੋਜਨ ਕਰਨ ਤੋਂ ਪਹਿਲਾਂ ਤੁਹਾਨੂੰ ਕਦੇ ਮੇਰੀ ਯਾਦ ਵੀ ਆਉਂਦੀ ਹੈ ? ਕੀ ਮੈਂ ਹਮੇਸ਼ਾਂ ਤੁਹਾਡੇ ਨਾਲ ਨਹੀਂ ਹਾਂ ? ਫੇਰ ਕੀ ਤੁਸੀਂ ਪਹਿਲੇ ਮੈਨੂੰ ਹੀ ਅਰਪਣ ਕਰਕੇ ਭੋਜਨ ਕਰਦੇ ਹੋ ?"

## ਸਿੱਖਿਆ

ਇਸ ਘਟਨਾ ਨਾਲ ਬਾਬਾ ਕੀ ਸਿੱਖਿਆ ਦੇ ਰਹੇ ਹਨ। ਥੋੜ੍ਹਾ ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਦਾ ਨਿਚੋੜ ਹੈ ਕਿ ਇੰਦਰੀਆਂ, ਮਨ ਅਤੇ ਬੁੱਧੀ ਨਾਲ ਚੀਜ਼ਾਂ ਦਾ ਸੁਆਦ ਲੈਣ ਤੋਂ ਪਹਿਲਾਂ ਬਾਬਾ ਨੂੰ ਯਾਦ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਯਾਦ ਕਰਨਾ ਹੀ ਅਰਪਣ ਕਰਨਾ ਹੈ। ਇੰਦਰੀਆਂ ਵਿਸ਼ੇ ਪਦਾਰਥਾਂ ਦੀ ਫਿਕਰ ਕੀਤੇ ਬਿਨਾਂ ਕਦੀ ਨਹੀਂ ਰਹਿ ਸਕਦੀਆਂ। ਇਨ੍ਹਾਂ ਚੀਜ਼ਾਂ ਨੂੰ ਭੋਗ ਆਨੰਦ ਤੋਂ ਪਹਿਲਾਂ ਈਸ਼ਵਰ ਨੂੰ ਅਰਪਣ ਕਰ ਦੇਣ ਨਾਲ ਉਨ੍ਹਾਂ ਦਾ ਮੋਹ ਨਸ਼ਟ ਹੋ ਜਾਂਦਾ ਹੈ। ਇਸ ਤਰ੍ਹਾਂ ਸਾਰੀਆਂ ਇੱਛਾਵਾਂ, ਕ੍ਰੋਧ ਅਤੇ ਲਾਲਸਾ ਆਦਿ ਭੈੜੀਆਂ ਪ੍ਰਵਿਰਤੀਆਂ ਨੂੰ ਪਹਿਲੇ ਈਸ਼ਵਰ ਨੂੰ ਅਰਪਣ ਕਰਕੇ ਗੁਰੂ ਵੱਲ ਮੋੜ ਦੇਣਾ ਚਾਹੀਦਾ ਹੈ। ਜੇ ਉਸ ਦਾ ਰੋਜ਼ ਅਭਿਆਸ ਕੀਤਾ ਜਾਏ ਤਾਂ ਪਰਮੇਸ਼ਰ ਤੁਹਾਡੀਆਂ ਪ੍ਰਵਿਰਤੀਆਂ ਦੇ ਨਾਸ਼ ਵਿਚ ਸਹਾਈ ਹੋਣਗੇ। ਚੀਜ਼ ਦਾ ਸੁਆਦ ਲੈਣ ਤੋਂ ਪਹਿਲਾਂ ਉਥੇ ਬਾਬਾ ਦੀ ਹਾਜ਼ਰੀ ਦਾ ਧਿਆਨ ਰੱਖਣਾ ਚਾਹੀਦਾ। ਤਾਂ



ਉਹ ਚੀਜ਼ ਭੋਗ ਦੇ ਯੋਗ ਹੈ ਜਾਂ ਨਹੀਂ, ਇਹ ਸੁਆਲ ਪੈਦਾ ਹੋ ਜਾਏਗਾ ਅਤੇ ਆਚਰਣ ਵਿਚ ਸੁਧਾਰ ਹੋਏਗਾ। ਇਸ ਦੇ ਫਲ ਸਰੂਪ ਗੁਰੂਪ੍ਰੇਮ ਵਿਚ ਵਾਧਾ ਹੋ ਕੇ ਸ਼ੁੱਧ ਗਿਆਨ ਦੀ ਪ੍ਰਾਪਤੀ ਹੋਏਗੀ। ਜਦੋਂ ਇਸ ਤਰ੍ਹਾਂ ਗਿਆਨ ਦਾ ਵਾਧਾ ਹੁੰਦਾ ਹੈ ਤਾਂ ਸਰੀਰਿਕ ਬੁੱਧੀ ਨਸ਼ਟ ਹੋ ਕੇ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਅਸਲ ਵਿਚ ਗੁਰੂ ਅਤੇ ਈਸ਼ਵਰ ਵਿਚ ਕੋਈ ਫ਼ਰਕ ਨਹੀਂ ਹੈ ਅਤੇ ਜਿਹੜਾ ਉਨ੍ਹਾਂ ਨੂੰ ਅਲੱਗ ਸਮਝਦਾ ਹੈ, ਉਹ ਤਾਂ ਨਿਰਾ ਅਗਿਆਨੀ ਹੈ ਅਤੇ ਉਸ ਨੂੰ ਪ੍ਰਭੂ-ਦਰਸ਼ਨ ਹੋਣਾ ਵੀ ਦੁਰਲਭ ਹੈ। ਇਸ ਲਈ ਸਾਰੇ ਭੇਦਭਾਵ ਨੂੰ ਭੁੱਲ ਕੇ, ਗੁਰੂ ਅਤੇ ਈਸ਼ਵਰ ਨੂੰ ਇਕ ਹੀ ਸਮਝਣਾ ਚਾਹੀਦਾ ਹੈ। ਇਸ ਤਰ੍ਹਾਂ ਗੁਰੂ ਦੀ ਸੇਵਾ ਕਰਨ ਨਾਲ ਈਸ਼ਵਰ ਦੀ ਕ੍ਰਿਪਾ ਪ੍ਰਾਪਤ ਕਰਨਾ ਯਕੀਨੀ ਹੀ ਹੈ ਅਤੇ ਤਾਂ ਹੀ ਉਹ ਸਾਡਾ ਚਿੱਤ ਸ਼ੁੱਧ ਕਰਕੇ ਸਾਨੂੰ ਆਤਮਾਨੁਭੂਤੀ ਪ੍ਰਦਾਨ ਕਰਨਗੇ। ਸਾਰ ਇਹ ਹੈ ਕਿ ਈਸ਼ਵਰ ਅਤੇ ਗੁਰੂ ਨੂੰ ਪਹਿਲੇ ਅਰਪਣ ਕੀਤੇ ਬਿਨਾਂ ਸਾਨੂੰ ਕਿਸੇ ਵੀ ਇੰਦਰੀਆਂ ਦੇ ਵਿਸ਼ੇ ਪਦਾਰਥਾਂ ਦਾ ਰਸ ਸੁਆਦ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਅਭਿਆਸ ਕਰਨ ਨਾਲ ਭਗਤੀ ਵਿਚ ਲਗਾਤਾਰ ਵਾਧਾ ਹੋਏਗਾ। ਫੇਰ ਸ੍ਰੀ ਸਾਈਂਬਾਬਾ ਦੀ ਮਨੋਹਰ ਸਗੁਣ ਮੂਰਤੀ ਹਮੇਸ਼ਾਂ ਅੱਖਾਂ ਦੇ ਸਾਹਮਣੇ ਰਹੇਗੀ, ਜਿਸ ਨਾਲ ਭਗਤੀ, ਵੈਰਾਗ ਅਤੇ ਮੋਕਸ਼ ਦੀ ਪ੍ਰਾਪਤੀ ਜਲਦੀ ਹੋ ਜਾਏਗੀ। ਧਿਆਨ ਬਹੁਤ ਡੂੰਘਾ ਹੋਣ ਨਾਲ ਭੁੱਖ-ਪਿਆਸ ਅਤੇ ਸੰਸਾਰ ਦੀ ਹੋਂਦ ਹੀ ਵਿਸਰ ਜਾਏਗੀ ਅਤੇ ਸੰਸਾਰਿਕ ਚੀਜ਼ਾਂ ਦੀ ਖਿੱਚ ਬਿਲਕੁਲ ਨਸ਼ਟ ਹੋ ਕੇ ਚਿਤ ਨੂੰ ਸੁੱਖ ਅਤੇ ਸ਼ਾਂਤੀ ਪ੍ਰਾਪਤ ਹੋਏਗੀ।

## ਸੁਦਾਮਾ ਦੀ ਕਥਾ

ਇਸ ਘਟਨਾ ਦਾ ਵਰਨਣ ਕਰਦੇ ਕਰਦੇ ਹੇਮਾਂਡਪੰਤ ਨੂੰ ਇਸ ਤਰ੍ਹਾਂ ਦੀ ਸੁਦਾਮਾ ਦੀ ਕਥਾ ਯਾਦ ਆ ਗਈ, ਜਿਹੜੀ ਉਪਰ ਵਰਨਣ ਕੀਤੇ ਅਸੂਲਾਂ ਦੀ ਪੁਸ਼ਟੀ ਕਰਦੀ ਹੈ। ਸ੍ਰੀ ਕ੍ਰਿਸ਼ਨ ਆਪਣੇ ਵੱਡੇ ਭਰਾ ਬਲਰਾਮ ਅਤੇ ਆਪਣੇ ਇਕ ਸਹਪਾਠੀ ਸੁਦਾਮਾ ਨਾਲ ਸੰਦੀਪਨੀ ਰਿਸ਼ੀ ਦੇ ਆਸ਼ਰਮ ਵਿਚ ਰਹਿ ਕੇ ਪੜ੍ਹਾਈ ਕਰ ਰਹੇ ਸੀ। ਇਕ ਵਾਰੀ ਕ੍ਰਿਸ਼ਨ ਅਤੇ ਬਲਰਾਮ ਲਕੜਾਂ ਲਿਆਉਣ ਲਈ ਜੰਗਲ ਗਏ। ਸੰਦੀਪਨੀ ਰਿਸ਼ੀ ਦੀ ਪਤਨੀ ਨੇ ਸੁਦਾਮਾ ਨੂੰ ਵੀ ਉਸੇ ਕੰਮ ਲਈ ਜੰਗਲ ਭੇਜਿਆ ਅਤੇ ਤਿੰਨਾਂ ਵਿਦਿਆਰਥੀਆਂ ਦੇ ਖਾਣ ਲਈ ਕੁਝ ਛੋਲੇ ਵੀ ਉਨ੍ਹਾਂ ਨੇ ਸੁਦਾਮਾ ਦੇ ਹੱਥ ਭੇਜੇ। ਜਦੋਂ ਕ੍ਰਿਸ਼ਨ ਅਤੇ ਸੁਦਾਮਾ ਦੀ ਮੁਲਾਕਾਤ ਹੋਈ ਤਾਂ ਕ੍ਰਿਸ਼ਨ ਨੇ ਕਿਹਾ "ਦਾਦਾ, ਮੈਨੂੰ ਥੋੜ੍ਹਾ ਪਾਣੀ ਦਿਓ, ਪਿਆਸ ਬਹੁਤ ਲੱਗੀ ਹੈ।" ਸੁਦਾਮਾ ਨੇ ਕਿਹਾ, "ਭੁੱਖੇ ਢਿੱਡ ਪਾਣੀ ਪੀਣਾ ਹਾਨੀਕਾਰਕ ਹੁੰਦਾ ਹੈ, ਇਸ ਲਈ ਪਹਿਲਾਂ ਕੁਝ ਆਰਾਮ ਕਰ ਲਵੋ।" ਸੁਦਾਮਾ ਨੇ ਛੋਲਿਆਂ ਦੇ ਬਾਰੇ ਕੋਈ ਗੱਲ ਨਾ ਕੀਤੀ ਅਤੇ ਨਾ ਹੀ ਕ੍ਰਿਸ਼ਨ ਨੂੰ ਉਨ੍ਹਾਂ ਦਾ ਹਿੱਸਾ ਹੀ ਦਿੱਤਾ। ਕ੍ਰਿਸ਼ਨ ਥਕੇ ਹੋਏ ਤਾਂ ਸੀ ਹੀ, ਇਸ ਲਈ ਸੁਦਾਮਾ ਦੀ ਗੋਦੀ ਵਿਚ ਆਪਣਾ ਸਿਰ ਰੱਖਦੇ ਹੀ ਉਹ ਡੂੰਘੀ ਨੀਂਦ ਵਿਚ ਮਸਤ ਹੋ ਗਏ। ਤਾਂ ਸੁਦਾਮਾ ਨੇ ਮੌਕਾ ਦੇਖ ਕੇ ਛੋਲੇ ਚੱਬਣੇ ਸ਼ੁਰੂ ਕਰ ਦਿੱਤੇ। ਇਸ ਵਿਚ ਅਚਾਨਕ ਕ੍ਰਿਸ਼ਨ ਨੇ ਪੁਛਿਆ "ਦਾਦਾ ਤੁਸੀਂ ਕੀ ਖਾ ਰਹੇ ਹੋ ਅਤੇ ਇਹ ਕੜ-ਕੜ ਦੀ ਅਵਾਜ਼ ਕਿਵੇਂ ਆ ਰਹੀ ਹੈ?" ਸੁਦਾਮਾ ਨੇ ਉਤਰ ਦਿੱਤਾ ਕਿ ਇਥੇ ਖਾਣ ਨੂੰ ਹੈ ਹੀ ਕੀ? ਮੈਂ ਤਾਂ ਠੰਡ ਨਾਲ ਕੰਬ ਰਿਹਾ ਹਾਂ ਅਤੇ ਇਸ ਲਈ ਮੇਰੇ ਦੰਦ ਕੜ

ਕੜ ਵੱਜ ਰਹੇ ਹਨ। ਦੇਖੋ, ਮੈਂ ਤਾਂ ਚੰਗੀ ਤਰ੍ਹਾਂ ਵਿਸ਼ਨੂੰਸਹਸਰਨਾਮ ਵੀ ਨਹੀਂ ਬੋਲ ਪਾ ਰਿਹਾ ਹਾਂ।" ਇਹ ਸੁਣ ਕੇ ਅੰਤਰਯਾਮੀ ਕ੍ਰਿਸ਼ਨ ਨੇ ਕਿਹਾ, "ਦਾਦਾ ਮੈਂ ਹੁਣੇ ਸੁਪਨੇ ਵਿਚ ਦੇਖਿਆ ਕਿ ਇਕ ਆਦਮੀ ਦੂਸਰੇ ਦੀ ਚੀਜ਼ ਖਾ ਰਿਹਾ ਹੈ। ਜਦੋਂ ਉਸ ਕੋਲੋਂ ਇਸ ਬਾਰੇ ਪੁਛਿਆ ਗਿਆ ਤਾਂ ਉਸ ਨੇ ਉਤਰ ਦਿੱਤਾ ਕਿ ਮੈਂ ਸੁਆਹ ਖਾ ਰਿਹਾ ਹਾਂ।" ਤਾਂ ਸੁਆਲ ਪੁੱਛਣ ਵਾਲੇ ਨੇ ਕਿਹਾ, ਇਸ ਤਰ੍ਹਾਂ ਹੀ ਹੋਵੇ। ਦਾਦਾ ਇਹ ਤਾਂ ਕੇਵਲ ਸੁਪਨਾ ਸੀ, ਮੈਨੂੰ ਪਤਾ ਹੈ ਕਿ ਤੁਸੀਂ ਮੇਰੇ ਬਿਨਾਂ ਅੰਨ ਦਾ ਦਾਣਾ ਵੀ ਨਹੀਂ ਖਾਂਧੇ, ਪਰ ਸੁਪਨੇ ਦੇ ਕਰਕੇ ਮੈਂ ਤੁਹਾਨੂੰ ਇਸ ਤਰ੍ਹਾਂ ਦਾ ਸੁਆਲ ਕੀਤਾ ਸੀ। ਜੇ ਸੁਦਾਮਾ ਜ਼ਰਾ ਵੀ ਕ੍ਰਿਸ਼ਨ ਦੀ ਸਰਵਗਿਆਤਾ ਤੋਂ ਜਾਣੂ ਹੁੰਦੇ ਤਾਂ ਉਹ ਇਸ ਤਰ੍ਹਾਂ ਆਚਰਣ ਕਦੀ ਨਾ ਕਰਦੇ। ਸ੍ਰੀ ਕ੍ਰਿਸ਼ਨ ਦੇ ਲੰਗੋਟੀਆ ਯਾਰ ਹੁੰਦੇ ਹੋਏ ਵੀ ਸੁਦਾਮਾ ਨੂੰ ਆਪਣਾ ਬਾਕੀ ਜੀਵਨ ਦਰਿਦ੍ਰਤਾ ਵਿਚ ਬਿਤਾਉਣਾ ਪਿਆ ਪਰ ਸਿਰਫ਼ ਇਕ ਮੁੱਠ ਰੁੱਖੇ ਚੌਲ, ਜੋ ਉਨ੍ਹਾਂ ਦੀ ਪਤਨੀ ਸੁਸ਼ੀਲਾ ਨੇ ਬਹੁਤ ਮਿਹਨਤ ਕਰਕੇ ਇਕੱਠੇ ਕੀਤੇ ਸੀ, ਭੇਟ ਕਰਨ ਤੇ ਸ੍ਰੀ ਕ੍ਰਿਸ਼ਨ ਬਹੁਤ ਪ੍ਰਸੰਨ ਹੋ ਗਏ ਅਤੇ ਉਨ੍ਹਾਂ ਨੂੰ ਉਸ ਦੇ ਬਦਲੇ ਵਿਚ ਸਵਰਣ ਨਗਰੀ ਪ੍ਰਦਾਨ ਕਰ ਦਿੱਤੀ। ਜਿਹੜੇ ਦੂਸਰਿਆਂ ਨੂੰ ਦਿੱਤੇ ਬਿਨਾਂ ਇਕੱਲੇ ਖਾਂਧੇ ਹਨ ਉਨ੍ਹਾਂ ਨੂੰ ਇਸ ਕਥਾ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ।

ਸ਼ਰੁਤੀ ਵੀ ਇਸ ਮਤ ਦੀ ਹਾਮੀ ਭਰਦੀ ਹੈ ਕਿ ਪਹਿਲੇ ਈਸ਼ਵਰ ਨੂੰ ਹੀ ਅਰਪਣ ਕਰੋ ਅਤੇ ਭੋਗ ਲਗਾਉਣ ਤੋਂ ਬਾਅਦ ਹੀ ਉਸ ਨੂੰ ਗ੍ਰਹਿਣ ਕਰੋ। ਇਹ ਹੀ ਸਿੱਖਿਆ ਬਾਬਾ ਨੇ ਹਾਸੇ ਦੇ ਰੂਪ ਵਿਚ ਦਿੱਤੀ ਹੈ।

## ਅਣਾ ਚਿਚਣੀਕਰ ਅਤੇ ਮੌਸੀਬਾਈ

ਹੁਣ ਸ੍ਰੀ ਹੇਮਾਂਡਪੰਤ ਇਕ ਦੂਜੀ ਹਾਸੇ ਵਾਲੀ ਕਥਾ ਦਾ ਵਰਨਣ ਕਰਦੇ ਹਨ ਜਿਸ ਵਿਚ ਬਾਬਾ ਨੇ ਸ਼ਾਂਤੀ ਕਰਨ ਦਾ ਕੰਮ ਕੀਤਾ ਹੈ। ਦਮੋਦਰ ਘਨਸ਼ਾਮ ਬਾਬਰੇ, ਉਪਨਾਮ ਅਣਾ ਚਿਚਣੀਕਰ ਬਾਬਾ ਦੇ ਭਗਤ ਸੀ। ਉਹ ਸਿੱਧੇ ਸਾਦੇ ਇਰਾਦੇ ਦੇ ਪੱਕੇ ਅਤੇ ਨਿਡਰ ਆਦਮੀ ਸਨ। ਉਹ ਨਿਡਰ ਹੋ ਕੇ ਸਾਫ ਸਾਫ ਗੱਲ ਕਰਦੇ ਅਤੇ ਹਮੇਸ਼ਾਂ ਹਿਸਾਬ-ਕਿਤਾਬ ਠੀਕ ਕਰਦੇ ਸੀ। ਹਾਲਾਂਕਿ ਵਿਹਾਰ ਵਿਚ ਉਹ ਰੁੱਖੇ ਲਗਦੇ ਸੀ ਪਰ ਦਿਲੋਂ ਉਹ ਛਲ ਕਪਟ ਤੋਂ ਦੂਰ ਅਤੇ ਵਿਹਾਰ ਵਿਚ ਸਾਫ ਸਨ। ਇਸ ਕਰਕੇ ਬਾਬਾ ਉਨ੍ਹਾਂ ਨੂੰ ਖ਼ਾਸ ਪਿਆਰ ਕਰਦੇ ਸਨ। ਸਾਰੇ ਭਗਤ ਆਪਣੀ ਆਪਣੀ ਮਰਜ਼ੀ ਨਾਲ ਬਾਬਾ ਦੇ ਅੰਗ-ਅੰਗ ਨੂੰ ਘੁੱਟ ਰਹੇ ਸੀ। ਬਾਬਾ ਦਾ ਹੱਥ ਕਠੜੇ ਉਪਰ ਰੱਖਿਆ ਹੋਇਆ ਸੀ। ਦੂਜੇ ਪਾਸੇ ਇਕ ਬਜ਼ੁਰਗ ਵਿਧਵਾ ਬਾਬਾ ਦੀ ਸੇਵਾ ਕਰ ਰਹੀ ਸੀ, ਜਿਸਦਾ ਨਾਂਅ ਵੇਣੁਬਾਈ ਕੋਜ਼ਲਗੀ ਸੀ। ਬਾਬਾ ਉਸ ਨੂੰ ਮਾਂ ਸ਼ਬਦ ਨਾਲ ਸੰਬੋਧਨ ਕਰਦੇ ਅਤੇ ਹੋਰ ਲੋਕ ਉਨ੍ਹਾਂ ਨੂੰ ਮੌਸੀਬਾਈ ਕਹਿੰਦੇ ਸੀ, ਉਹ ਇਕ ਸ਼ੁੱਧ, ਦਿਲ ਵਾਲੀ ਬਜ਼ੁਰਗ ਔਰਤ ਸੀ। ਉਹ ਉਸ ਵੇਲੇ ਦੋਵਾਂ ਹੱਥਾਂ ਦੀਆਂ ਉਂਗਲਾਂ ਜੋੜ ਕੇ ਬਾਬਾ ਦੇ ਸਰੀਰ ਨੂੰ ਮਲ ਰਹੀ ਸੀ। ਜਦੋਂ ਉਹ ਜ਼ੋਰ ਨਾਲ ਉਨ੍ਹਾਂ ਦਾ ਪੇਟ ਘੁੱਟਦੀ ਤਾਂ ਪੇਟ ਬਿਲਕੁਲ ਪਿਠ ਨਾਲ ਜੁੜ ਜਾਂਦਾ ਸੀ। ਬਾਬਾ ਵੀ ਇਸ ਕਰਕੇ ਇਧਰ ਉਧਰ ਹੋ ਰਹੇ ਸੀ। ਅਣਾ ਦੂਜੇ ਪਾਸੇ ਸੇਵਾ ਵਿਚ ਮਸਤ ਸੀ। ਮੌਸੀਬਾਈ ਦਾ ਮੂੰਹ ਅਣਾ ਦੇ ਬਿਲਕੁਲ ਨੇੜੇ ਆ ਗਿਆ।


ਮੌਸੀਬਾਈ ਮਜ਼ਾਕੀਆ ਸੁਭਾਅ ਦੀ ਹੋਣ ਕਰਕੇ ਤਾਨਾ ਦੇ ਕੇ ਬੋਲੀ ਕਿ ਇਹ ਅਣਾ ਬਹੁਤ ਬੁਰਾ ਆਦਮੀ ਹੈ ਅਤੇ ਇਹ ਮੇਰੀ ਚੁੰਮੀ ਲੈਣਾ ਚਾਹੁੰਦਾ ਹੈ। ਇਸ ਦੇ ਵਾਲ ਤਾਂ ਪੱਕ ਗਏ ਹਨ, ਪਰ ਮੇਰੀ ਚੁੰਮੀ ਲੈਣ ਵਿਚ ਇਸ ਨੂੰ ਜ਼ਰਾ ਵੀ ਸ਼ਰਮ ਨਹੀਂ ਆਉਂਦੀ ਹੈ। ਇਹ ਸੁਣ ਕੇ ਅਣਾ ਗੁੱਸੇ ਵਿਚ ਆ ਕੇ ਬੋਲਿਆ, "ਤੂੰ ਕਹਿੰਦੀ ਹੈਂ ਕਿ ਮੈਂ ਇਕ ਬਜ਼ੁਰਗ ਅਤੇ ਬੁਰਾ ਆਦਮੀ ਹਾਂ। ਕੀ ਮੈਂ ਮੂਰਖ ਹਾਂ ? ਤੂੰ ਆਪ ਹੀ ਛੇੜਖਾਨੀ ਕਰਕੇ ਮੇਰੇ ਨਾਲ ਝਗੜਾ ਕਰ ਰਹੀ ਹੈਂ ? ਉਥੇ ਹਾਜ਼ਰ ਸਾਰੇ ਲੋਕ ਇਸ ਬਹਿਸ ਦਾ ਮਜ਼ਾ ਲੈ ਰਹੇ ਸੀ। ਬਾਬਾ ਦਾ ਪਿਆਰ ਤਾਂ ਦੋਵਾਂ ਨਾਲ ਸੀ, ਇਸ ਲਈ ਉਨ੍ਹਾਂ ਨੇ ਚਤੁਰਾਈ ਨਾਲ ਇਸ ਵਿਵਾਦ ਦਾ ਫੈਸਲਾ ਕਰ ਦਿੱਤਾ। ਉਹ ਪਿਆਰ ਨਾਲ ਬੋਲੇ, "ਅਰੇ ਅਣਾ ਕਿਉਂ ਫਾਲਤੂ ਝਗੜਾ ਕਰ ਰਹੇ ਹੋ ? ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਮਾਂ ਦੀ ਚੁੰਮੀ ਲੈਣ ਵਿਚ ਕੀ ਹਰਜ਼ ਹੈ ?

ਬਾਬਾ ਦੀ ਗੱਲ ਸੁਣ ਕੇ ਦੋਵੇਂ ਚੁੱਪ ਹੋ ਗਏ ਅਤੇ ਸਾਰੇ ਹਾਜ਼ਰ ਲੋਕ ਰੱਜ ਕੇ ਠਹਾਕੇ ਮਾਰ ਕੇ ਬਾਬਾ ਦੇ ਮਜ਼ਾਕ ਦਾ ਮਜ਼ਾ ਲੈਣ ਲੱਗੇ।

## ਬਾਬਾ ਦੀ ਭਗਤ ਪਰਾਯਣਤਾ

ਬਾਬਾ ਭਗਤਾਂ ਨੂੰ ਉਨ੍ਹਾਂ ਦੀ ਮਰਜ਼ੀ ਨਾਲ ਹੀ ਸੇਵਾ ਕਰਨ ਦਿੰਦੇ ਸੀ ਅਤੇ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦਾ ਦਖ਼ਲ ਉਨ੍ਹਾਂ ਨੂੰ ਪਸੰਦ ਨਹੀਂ ਸੀ। ਇਕ ਹੋਰ ਵੇਲੇ ਮੌਸੀਬਾਈ ਬਾਬਾ ਦਾ ਪੇਟ ਜ਼ੋਰ ਨਾਲ ਮਲ ਰਹੀ ਸੀ, ਜਿਸ ਨੂੰ ਦੇਖ ਕੇ ਭਗਤ ਬੇਚੈਨ ਹੋ ਕੇ ਮੌਸੀਬਾਈ ਨੂੰ ਕਹਿਣ ਲੱਗੇ ਕਿ "ਮਾਂ ! ਕ੍ਰਿਪਾ ਕਰਕੇ ਹੌਲੀ-ਹੌਲੀ ਪੇਟ ਘੁੱਟੋ। ਇਸ ਤਰ੍ਹਾਂ ਮਲਣ ਨਾਲ ਤਾਂ ਬਾਬਾ ਦੀਆਂ ਆਂਦਰਾਂ ਅਤੇ ਨਾੜੀਆਂ ਹੀ ਟੁੱਟ ਜਾਣ ਗੀਆਂ।" ਉਨ੍ਹਾਂ ਨੇ ਇਹ ਕਿਹਾ ਹੀ ਸੀ ਕਿ ਬਾਬਾ ਆਪਣੇ ਆਸਨ ਤੋਂ ਉਠੇ ਅਤੇ ਅੰਗਾਰਿਆਂ ਵਾਂਗ ਲਾਲ ਅੱਖਾਂ ਕਰਕੇ ਗੁੱਸੇ ਵਿਚ ਆ ਗਏ। ਹਿੰਮਤ ਕਿਸੇ ਨੂੰ ਨਹੀਂ ਸੀ, ਜਿਹੜਾ ਉਨ੍ਹਾਂ ਨੂੰ ਰੋਕਦਾ ? ਉਨ੍ਹਾਂ ਨੇ ਦੋਵਾਂ ਹੱਥਾਂ ਨਾਲ ਸਟਕੇ ਦਾ ਇਕ ਸਿਰਾ ਫੱੜ ਕੇ ਧੂੰਨੀ ਵਿਚ ਲਾਇਆ ਅਤੇ ਦੂਜਾ ਸਿਰਾ ਜ਼ਮੀਨ ਉਪਰ ਰੱਖ ਕੇ ਉਸ ਨੂੰ ਪੇਟ ਨਾਲ ਧੱਕਾ ਦੇਣ ਲੱਗੇ। ਸਟਕਾ ਲਗਭਗ 2 ਜਾਂ 3 ਫੁੱਟ ਲੰਮਾ ਸੀ। ਹੁਣ ਇਸ ਤਰ੍ਹਾਂ ਲੱਗਣ ਲੱਗਾ ਕਿ ਉਹ ਪੇਟ ਵਿਚ ਮੋਰੀ ਕਰ ਕੇ ਅੰਦਰ ਚਲਾ ਜਾਏਗਾ। ਲੋਕ ਡਰ ਗਏ ਕਿ ਹੁਣ ਪੇਟ ਫੱਟਣ ਹੀ ਵਾਲਾ ਹੈ। ਬਾਬਾ ਆਪਣੀ ਥਾਂ ਤੇ ਪੱਕੇ ਹੋ ਉਸ ਦੇ ਬਿਲਕੁਲ ਨੇੜੇ ਹੁੰਦੇ ਜਾ ਰਹੇ ਸੀ ਅਤੇ ਹਰ ਘੜੀ ਪੇਟ ਫੱਟਣ ਦਾ ਸ਼ੱਕ ਹੋ ਰਿਹਾ ਸੀ। ਸਾਰੇ ਹੱਕੇ ਬੱਕੇ ਹੋ ਗਏ ਸੀ, ਉਹ ਸਾਰੇ ਡਰੇ ਹੋਏ ਤੇ ਹੈਰਾਨ ਹੋ ਕੇ ਇਸ ਤਰ੍ਹਾਂ ਖੜੇ ਸੀ ਜਿਵੇਂ ਕਿ ਗੂੰਗਿਆਂ ਦਾ ਸਮੂਹ ਹੋਵੇ। ਅਸਲ ਵਿਚ ਭਗਤ ਦਾ ਇਸ਼ਾਰਾ ਮੌਸੀਬਾਈ ਨੂੰ ਸਿਰਫ਼ ਇਹ ਸੀ ਕਿ ਉਹ ਆਰਾਮ ਨਾਲ ਸੇਵਾ ਕਰੇ। ਕਿਸੇ ਦੀ ਇੱਛਾ ਬਾਬਾ ਨੂੰ ਤਕਲੀਫ ਦੇਣ ਦੀ ਨਹੀਂ ਸੀ। ਭਗਤਾਂ ਨੇ ਤਾਂ ਇਹ ਕੰਮ ਸਿਰਫ਼ ਚੰਗੀ ਭਾਵਨਾ ਨਾਲ ਕੀਤਾ ਸੀ। ਪਰ ਬਾਬਾ ਤਾਂ ਆਪਣੇ ਕੰਮ ਵਿਚ ਕਿਸੇ ਦਾ ਦਖ਼ਲ ਜ਼ਰਾ ਵੀ ਨਹੀਂ ਹੋਣ ਦੇਣਾ ਚਾਹੁੰਦੇ ਸੀ। ਭਗਤਾਂ ਨੂੰ ਹੈਰਾਨੀ ਹੋ ਰਹੀ ਸੀ ਕਿ ਸ਼ੁਭ ਭਾਵਨਾ ਨਾਲ ਕੀਤਾ ਕੰਮ ਮਾੜੀ ਹਾਲਤ ਵਿਚ ਬਦਲ ਗਿਆ ਅਤੇ ਉਹ ਸਾਰੇ ਦਰਸ਼ਕ ਬਣਨ ਤੋਂ ਬਗੈਰ ਕਰ ਹੀ ਕੀ

ਸਕਦੇ ਸੀ ? ਚੰਗੀ ਕਿਸਮਤ ਨੂੰ ਬਾਬਾ ਦਾ ਗੁੱਸਾ ਸ਼ਾਂਤ ਹੋ ਗਿਆ ਅਤੇ ਸਟਕਾ ਛੱਡ ਕੇ ਉਹ ਫੇਰ ਆਸਨ ਉਪਰ ਬਿਰਾਜਮਾਨ ਹੋ ਗਏ। ਇਸ ਘਟਨਾ ਤੋਂ ਭਗਤਾਂ ਨੇ ਸਿੱਖਿਆ ਲੈ ਲਈ ਕਿ ਹੁਣ ਦੂਜਿਆਂ ਦੇ ਕੰਮ ਵਿਚ ਕਦੀ ਦਖਲ ਨਹੀਂ ਦੇਣਗੇ ਅਤੇ ਸਾਰਿਆਂ ਨੂੰ ਉਨ੍ਹਾਂ ਦੀ ਮਰਜ਼ੀ ਨਾਲ ਹੀ ਬਾਬਾ ਦੀ ਸੇਵਾ ਕਰਨ ਦੇਣਗੇ। ਕੇਵਲ ਬਾਬਾ ਹੀ ਸੇਵਾ ਦਾ ਮੁੱਲ ਜਾਣਨ ਯੋਗ ਹਨ।





# ॥ ਅਧਿਆਇ-25 ॥

### *1) ਦਾਮੂ ਅਣਾ ਕਾਸਾਰ—ਅਹਿਮਦ ਨਗਰ ਦੇ ਰੂੰ ਅਤੇ ਅਨਾਜ ਦੇ ਸੌਦੇ। 2) ਅੰਬਾਂ ਦੀ ਲੀਲ੍ਹਾ, ਪ੍ਰਾਰਥਨਾ।*

ਜਿਹੜੇ ਬਿਨਾਂ ਕਾਰਨ ਹੀ ਸਭ 'ਤੇ ਦਯਾ ਕਰਦੇ ਹਨ ਅਤੇ ਸਾਰੇ ਪ੍ਰਾਣੀਆਂ ਦੇ ਜੀਵਨ ਦੇ ਆਸਰੇ ਹਨ, ਜਿਹੜੇ ਪਾਰਬ੍ਰਹਮ ਦੇ ਪੂਰਨ ਅਵਤਾਰ ਹਨ, ਇਸ ਤਰ੍ਹਾਂ ਦੇ ਦਿਆਲੂ ਅਤੇ ਮਹਾਨ ਯੋਗੀਰਾਜ ਦੇ ਚਰਣਾਂ ਵਿਚ ਸ਼ਸ਼ਟਾਂਗ ਪ੍ਰਨਾਮ ਕਰਕੇ ਅਸੀਂ ਇਹ ਅਧਿਆਇ ਸ਼ੁਰੂ ਕਰਦੇ ਹਾਂ।

ਸ੍ਰੀ ਸਾਈਂ ਦੀ ਜੈ ਹੋਵੇ! ਉਹ ਸੰਤ ਸ਼੍ਰੇਸ਼ਟ, ਸਾਰੇ ਸ਼ੁਭ ਕੰਮਾਂ ਨੂੰ ਸ਼ੁਰੂ ਕਰਨ ਵਾਲੇ ਅਤੇ ਸਾਡੇ ਬ੍ਰਹਮਾ ਅਤੇ ਭਗਤਾਂ ਨੂੰ ਆਸਰਾ ਦੇਣ ਵਾਲੇ ਹਨ। ਅਸੀਂ ਉਨ੍ਹਾਂ ਸਾਈਂਨਾਥ ਦੇ ਚਰਣਾਂ ਵਿਚ ਪ੍ਰਾਰਥਨਾ ਕਰਦੇ ਹਾਂ, ਜਿਨ੍ਹਾਂ ਨੇ ਆਪਣੇ ਜੀਵਨ ਦਾ ਆਖ਼ਰੀ ਮੰਤਵ ਪ੍ਰਾਪਤ ਕਰ ਲਿਆ ਹੈ।

ਸ੍ਰੀ ਸਾਈਂ ਬਾਬਾ ਅਕਥ ਪ੍ਰੇਮ ਸਰੂਪ ਹਨ। ਸਾਨੂੰ ਤਾਂ ਸਿਰਫ਼ ਉਨ੍ਹਾਂ ਦੇ ਚਰਣਾਂ ਵਿਚ ਪੱਕੀ ਭਗਤੀ ਹੀ ਰੱਖਣੀ ਚਾਹੀਦੀ ਹੈ। ਜਦੋਂ ਭਗਤ ਦਾ ਵਿਸ਼ਵਾਸ ਪੱਕਾ ਅਤੇ ਭਗਤੀ ਪੱਕੀ ਹੋ ਜਾਂਦੀ ਹੈ ਤਾਂ ਉਸ ਦਾ ਮਨੋਰਥ ਵੀ ਜਲਦੀ ਹੀ ਸਫ਼ਲ ਹੋ ਜਾਂਦਾ ਹੈ। ਜਦੋਂ ਹੇਮਾਂਡਪੰਤ ਨੂੰ ਸਾਈਂ ਚਰਿੱਤਰ ਅਤੇ ਸਾਈਂ ਲੀਲ੍ਹਾਵਾਂ ਰਚਣ ਦੀ ਤੀਬਰ ਇੱਛਾ ਹੋਈ ਤਾਂ ਬਾਬਾ ਨੇ ਜਲਦੀ ਹੀ ਉਹ ਪੂਰੀ ਕਰ ਦਿੱਤੀ। ਜਦੋਂ ਉਨ੍ਹਾਂ ਨੂੰ ਯਾਦ-ਪੱਤਰ ਆਦਿ ਰੱਖਣ ਦੀ ਆਗਿਆ ਮਿਲੀ ਤਾਂ ਹੇਮਾਂਡਪੰਤ ਵਿਚ ਫੁਰਤੀ, ਬੁੱਧੀਮਤਾ, ਸ਼ਕਤੀ ਅਤੇ ਕੰਮ ਕਰਨ ਦੀ ਯੋਗਤਾ ਆਪੇ ਹੀ ਆ ਗਈ। ਉਹ ਕਹਿੰਦੇ ਹਨ ਕਿ ਮੈਂ ਇਸ ਕੰਮ ਦੇ ਯੋਗ ਨਾ ਹੁੰਦੇ ਹੋਏ ਵੀ ਸਾਈਂ ਦੇ ਸ਼ੁਭ ਆਸ਼ੀਰਵਾਦ ਨਾਲ ਇਸ ਮੁਸ਼ਕਿਲ ਕੰਮ ਨੂੰ ਪੂਰਨ ਕਰਨ ਵਿਚ ਸਮਰੱਥ ਹੋ ਸਕਿਆ। ਫ਼ਲਸਰੂਪ ਇਹ ਗ੍ਰੰਥ 'ਸ੍ਰੀ ਸਾਈਂ ਸੱਚਚਰਿੱਤਰ' ਤੁਹਾਨੂੰ ਲੋਕਾਂ ਨੂੰ ਪ੍ਰਾਪਤ ਹੋ ਸਕਿਆ, ਜੋ ਇਕ ਨਿਰਮਲ ਝਰਨੇ ਵਰਗਾ ਹੈ, ਜਿਸ ਵਿਚੋਂ ਸਦਾ ਸਾਈਂ ਲੀਲ੍ਹਾ ਰੂਪੀ ਅੰਮ੍ਰਿਤ ਵਗਦਾ ਰਹਿੰਦਾ ਹੈ, ਤਾਂ ਕਿ ਪਾਠਕ ਜੀ ਭਰ ਕੇ ਇਸ ਦਾ ਅੰਮ੍ਰਿਤਪਾਨ ਕਰਨ।

ਜਦੋਂ ਭਗਤ ਪੂਰਨ ਮਨ-ਬੁੱਧੀ ਨਾਲ ਸ੍ਰੀ ਸਾਈਂ ਬਾਬਾ ਦੀ ਭਗਤੀ ਕਰਨ ਲੱਗਦਾ ਹੈ ਤਾਂ ਬਾਬਾ ਉਸਦੇ ਸਾਰੇ ਦੁੱਖਾਂ ਅਤੇ ਮੰਦੇ ਭਾਗਾਂ ਨੂੰ ਦੂਰ ਕਰਕੇ ਆਪ ਉਸਦੀ ਰੱਖਿਆ ਕਰਨ ਲੱਗਦੇ ਹਨ। ਅਹਿਮਦ ਨਗਰ ਦੇ ਸ੍ਰੀ ਦਮੋਦਰ ਸਾਂਵਲਰਾਮ ਰਾਸਨੇ ਕਾਸਾਰ ਦੀ ਹੇਠਾਂ ਲਿਖੀ ਕਥਾ ਇਸ ਵਾਜਿਬ ਕਥਨ ਦੀ ਪੁਸ਼ਟੀ ਕਰਦੀ ਹੈ।

## ਦਾਮੂ ਅਣਾ

ਪਾਠਕਾਂ ਨੂੰ ਯਾਦ ਹੋਵੇਗਾ ਕਿ ਇਸ ਸੱਜਣ ਦਾ ਜ਼ਿਕਰ ਛੇਵੇਂ ਅਧਿਆਇ ਵਿਚ ਸ਼ਿਰਡੀ ਦੇ ਰਾਮਨੌਮੀ ਉਤਸਵ ਦੇ ਵਿਚ ਆ ਚੁੱਕਾ ਹੈ। ਇਹ ਲਗਭਗ ਸੰਨ 1895 ਵਿਚ ਸ਼ਿਰਡੀ ਪਧਾਰੇ ਸੀ, ਜਦੋਂ ਕਿ ਰਾਮਨੌਮੀ

ਉਤਸਵ ਸ਼ੁਰੂ ਹੀ ਹੋਇਆ ਸੀ ਅਤੇ ਉਸ ਵੇਲੇ ਤੋਂ ਇਹ ਇਕ ਜ਼ਰੀਦਾਰ ਵਧੀਆ ਝੰਡਾ ਇਸ ਮੌਕੇ 'ਤੇ ਭੇਟ ਕਰਦੇ ਅਤੇ ਗਰੀਬ ਭਿਖਾਰੀਆਂ ਨੂੰ ਭੋਜਨ ਆਦਿ ਕਰਵਾਉਂਦੇ ਸੀ।

## ਦਾਮੂ ਅਣਾ ਦੇ ਸੌਦੇ

### 1) ਰੂੰ ਦਾ ਸੌਦਾ

ਦਾਮੂ ਅਣਾ ਨੂੰ ਬੰਬਈ ਤੋਂ ਉਨ੍ਹਾਂ ਦੇ ਇਕ ਦੋਸਤ ਨੇ ਲਿਖਿਆ ਕਿ ਉਹ ਉਨ੍ਹਾਂ ਨਾਲ ਭਾਈਵਾਲੀ ਵਿਚ ਰੂੰ ਦਾ ਸੌਦਾ ਕਰਨਾ ਚਾਹੁੰਦਾ ਹੈ, ਜਿਸ ਵਿਚ ਲਗਭਗ ਦੋ ਲੱਖ ਰੁਪਇਆ ਲਾਭ ਹੋਣ ਦੀ ਉਮੀਦ ਹੈ। ਸੰਨ 1936 ਵਿਚ ਨਰ ਸਿੰਘ ਸਵਾਮੀ ਨੂੰ ਦਿੱਤੇ ਗਏ ਇਕ ਕਥਨ ਵਿਚ ਦਾਮੂ ਅਣਾ ਨੇ ਦੱਸਿਆ ਕਿ ਰੂੰ ਦੇ ਸੌਦੇ ਦਾ ਇਹ ਪ੍ਰਸਤਾਵ ਬੰਬਈ ਦੇ ਇਕ ਦਲਾਲ ਨੇ ਉਸ ਨੂੰ ਦਿੱਤਾ ਸੀ, ਜਿਹੜਾ ਕਿ ਭਾਈਵਾਲੀ ਵਿਚੋਂ ਹੱਥ ਖਿੱਚਕੇ ਸਾਰਾ ਭਾਰ ਮੇਰੇ ਉੱਪਰ ਛੱਡਣ ਵਾਲਾ ਸੀ (ਭਗਤਾਂ ਦੇ ਅਨੁਭਵ ਭਾਗ 11, ਸਫ਼ਾ 75 ਦੇ ਅਨੁਸਾਰ)। ਦਲਾਲ ਨੇ ਲਿਖਿਆ ਸੀ ਕਿ ਧੰਦਾ ਬਹੁਤ ਵਧੀਆ ਹੈ ਅਤੇ ਨੁਕਸਾਨ ਦਾ ਕੋਈ ਸ਼ੱਕ ਨਹੀਂ। ਇਸ ਤਰ੍ਹਾਂ ਦੇ ਸੁਨਹਿਰੀ ਮੌਕੇ ਨੂੰ ਗਵਾਉਣਾ ਨਹੀਂ ਚਾਹੀਦਾ। ਦਾਮੂ ਅਣਾ ਦੇ ਮਨ ਵਿਚ ਕਈ ਤਰ੍ਹਾਂ ਦੇ ਵਿਚਾਰ ਆ ਰਹੇ ਸੀ, ਪਰ ਆਪ ਕੋਈ ਫ਼ੈਸਲਾ ਕਰਨ ਦੀ ਹਿੰਮਤ ਉਹ ਨਹੀਂ ਕਰ ਸਕੇ। ਉਨ੍ਹਾਂ ਨੇ ਇਸ ਬਾਰੇ ਕੁਝ ਵਿਚਾਰ ਤਾਂ ਜ਼ਰੂਰ ਕਰ ਲਿਆ, ਪਰ ਬਾਬਾ ਦੇ ਭਗਤ ਹੋਣ ਕਰਕੇ ਪੂਰਨ ਵਿਸਥਾਰ ਨਾਲ ਇਕ ਚਿੱਠੀ ਸ਼ਾਮਾ ਨੂੰ ਲਿਖ ਭੇਜੀ, ਜਿਸ ਵਿਚ ਬਾਬਾ ਕੋਲੋਂ ਸਲਾਹ ਲੈਣ ਦੀ ਬੇਨਤੀ ਕੀਤੀ। ਇਹ ਚਿੱਠੀ ਸ਼ਾਮਾ ਨੂੰ ਅਗਲੇ ਹੀ ਦਿਨ ਮਿਲ ਗਈ, ਜਿਸ ਨੂੰ ਦੁਪਹਿਰ ਵੇਲੇ ਮਸਜਿਦ ਵਿਚ ਜਾ ਕੇ ਉਨ੍ਹਾਂ ਨੇ ਬਾਬਾ ਦੇ ਸਾਹਮਣੇ ਰੱਖ ਦਿੱਤਾ। ਸ਼ਾਮਾ ਕੋਲੋਂ ਬਾਬਾ ਨੇ ਚਿੱਠੀ ਬਾਰੇ ਪੁੱਛਗਿਛ ਕੀਤੀ। ਉਤਰ ਵਿਚ ਸ਼ਾਮਾ ਨੇ ਕਿਹਾ, "ਅਹਿਮਦ ਨਗਰ ਦੇ ਦਾਮੂ ਅਣਾ ਕਾਸਾਰ ਤੁਹਾਡੇ ਕੋਲੋਂ ਕੁਝ ਆਗਿਆ ਲੈਣ ਲਈ ਬੇਨਤੀ ਕਰ ਰਹੇ ਹਨ।" ਬਾਬਾ ਨੇ ਪੁੱਛਿਆ, "ਉਹ ਇਸ ਚਿੱਠੀ ਵਿਚ ਕੀ ਲਿਖ ਰਿਹਾ ਹੈ ਅਤੇ ਉਸ ਨੇ ਕੀ ਯੋਜਨਾ ਬਣਾਈ ਹੈ ?" ਮੈਨੂੰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਉਹ ਅਸਮਾਨ ਨੂੰ ਛੂਹਣਾ ਚਾਹੁੰਦਾ ਹੈ। ਉਸ ਨੂੰ ਜੋ ਕੁਝ ਵੀ ਭਗਵਾਨ ਦੀ ਕ੍ਰਿਪਾ ਨਾਲ ਪ੍ਰਾਪਤ ਹੈ, ਉਹ ਉਸ ਨਾਲ ਸੰਤੁਸ਼ਟ ਨਹੀਂ ਹੈ। ਚੰਗਾ, ਚਿੱਠੀ ਪੜ੍ਹ ਕੇ ਸੁਣਾਉ।" ਸ਼ਾਮਾ ਨੇ ਕਿਹਾ, "ਜੋ ਕੁਝ ਤੁਸੀਂ ਹੁਣੇ ਕਿਹਾ, ਉਹ ਹੀ ਤਾਂ ਚਿੱਠੀ ਵਿਚ ਵੀ ਲਿਖਿਆ ਹੋਇਆ ਹੈ। ਹੇ ਦੇਵਾ ! ਤੁਸੀਂ ਇਥੇ ਸ਼ਾਂਤ ਬੈਠ ਕੇ ਭਗਤਾਂ ਨੂੰ ਬੇਚੈਨ ਕਰ ਦਿੰਦੇ ਹੋ ਅਤੇ ਜਦੋਂ ਉਹ ਬੇਚੈਨ ਹੋ ਜਾਂਦੇ ਹਨ ਤਾਂ ਤੁਸੀਂ ਉਨ੍ਹਾਂ ਨੂੰ ਖਿੱਚ ਕੇ, ਕਿਸੇ ਨੂੰ ਸਿੱਧੇ ਅਤੇ ਕਿਸੇ ਨੂੰ ਚਿੱਠੀਆਂ ਜ਼ਰੀਏ ਇਥੇ ਖਿੱਚ ਲੈਂਦੇ ਹੋ। ਜਦੋਂ ਤੁਹਾਨੂੰ ਚਿੱਠੀ ਬਾਰੇ ਸਭ ਪਤਾ ਹੀ ਹੈ ਤਾਂ ਫੇਰ ਮੈਨੂੰ ਚਿੱਠੀ ਪੜ੍ਹਨ ਲਈ ਕਿਉਂ ਮਜ਼ਬੂਰ ਕਰ ਰਹੇ ਹੋ ?" ਬਾਬਾ ਕਹਿਣ ਲੱਗੇ, "ਸ਼ਾਮਾ ! ਤੂੰ ਤਾਂ ਚਿੱਠੀ ਪੜ੍ਹ। ਮੈਂ ਤਾਂ ਐਵੇਂ ਹੀ ਉਲਟਾ-ਪੁਲਟਾ ਬੋਲਦਾ ਹਾਂ। ਮੇਰੇ ਉਪਰ ਕੌਣ ਵਿਸ਼ਵਾਸ ਕਰਦਾ ਹੈ ?" ਤਾਂ ਸ਼ਾਮਾ ਨੇ ਚਿੱਠੀ ਪੜ੍ਹੀ ਅਤੇ ਬਾਬਾ ਚਿੱਠੀ ਧਿਆਨ ਨਾਲ ਸੁਣ ਕੇ ਫ਼ਿਕਰਮੰਦ ਹੋ ਕੇ ਕਹਿਣ ਲੱਗੇ, "ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਸੇਠ (ਦਾਮੂ ਅਣਾ) ਪਾਗਲ ਹੋ ਗਿਆ ਹੈ। ਉਸ ਨੂੰ ਲਿਖ ਦੇ ਕਿ



ਉਸ ਦੇ ਘਰ ਕਿਸੇ ਚੀਜ਼ ਦੀ ਘਾਟ ਨਹੀਂ ਹੈ। ਇਸ ਲਈ ਉਸ ਨੂੰ ਅੱਧੀ ਰੋਟੀ ਨਾਲ ਹੀ ਸੰਤੋਖ ਕਰਕੇ ਲੱਖਾਂ ਦੇ ਚੱਕਰ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ।" ਸ਼ਾਮਾ ਨੇ ਉਤਰ ਲਿਖ ਕੇ ਭੇਜ ਦਿੱਤਾ, ਜਿਸ ਦੀ ਉਡੀਕ ਬੇਸਬਰੀ ਨਾਲ ਦਾਮੂ ਅਣਾ ਕਰ ਰਹੇ ਸੀ। ਚਿੱਠੀ ਪੜ੍ਹਦੇ ਹੀ ਲੱਖਾਂ ਰੁਪਇਆਂ ਦੇ ਲਾਭ ਹੋਣ ਦੀ ਉਨ੍ਹਾਂ ਦੀ ਉਮੀਦ 'ਤੇ ਪਾਣੀ ਫਿਰ ਗਿਆ। ਉਨ੍ਹਾਂ ਨੂੰ ਉਸ ਵੇਲੇ ਇਹ ਵਿਚਾਰ ਆਇਆ ਕਿ ਬਾਬਾ ਕੋਲੋਂ ਸਲਾਹ ਲੈ ਕੇ ਉਨ੍ਹਾਂ ਨੇ ਗਲਤੀ ਕੀਤੀ ਪਰ ਸ਼ਾਮਾ ਨੇ ਚਿੱਠੀ ਵਿਚ ਸੰਕੇਤ ਕੀਤਾ ਸੀ ਕਿ "ਦੇਖਣ ਅਤੇ ਸੁਣਨ ਵਿਚ ਫ਼ਰਕ ਹੁੰਦਾ ਹੈ। ਇਸ ਲਈ ਬਿਹਤਰ ਤਾਂ ਇਹ ਹੀ ਹੋਵੇਗਾ ਕਿ ਆਪ ਸ਼ਿਰਡੀ ਆ ਕੇ ਬਾਬਾ ਦੀ ਆਗਿਆ ਪ੍ਰਾਪਤ ਕਰੋ।" ਬਾਬਾ ਕੋਲੋਂ ਆਪ ਆਗਿਆ ਲੈਣਾ ਠੀਕ ਸਮਝ ਕੇ ਉਹ ਸ਼ਿਰਡੀ ਆਏ। ਬਾਬਾ ਦੇ ਦਰਸ਼ਨ ਕਰਕੇ ਉਨ੍ਹਾਂ ਨੇ ਚਰਣ ਸੇਵਾ ਕੀਤੀ। ਪਰ ਬਾਬਾ ਦੇ ਸਾਹਮਣੇ ਸੌਦੇ ਵਾਲੀ ਗੱਲ ਕਰਨ ਦੀ ਹਿੰਮਤ ਉਹ ਨਾ ਕਰ ਸਕੇ। ਉਨ੍ਹਾਂ ਨੇ ਸੋਚਿਆ ਜੇ ਬਾਬਾ ਨੇ ਕ੍ਰਿਪਾ ਕਰ ਦਿੱਤੀ ਤਾਂ ਇਸ ਸੌਦੇ ਵਿਚੋਂ ਕੁਝ ਲਾਭ ਦਾ ਹਿੱਸਾ ਉਨ੍ਹਾਂ ਨੂੰ ਵੀ ਅਰਪਣ ਕਰ ਦੇਵਾਂਗਾ। ਭਾਵੇਂ ਇਹ ਵਿਚਾਰ ਦਾਮੂ ਅਣਾ ਬਹੁਤ ਗੁਪਤ ਤਰੀਕੇ ਨਾਲ ਆਪਣੇ ਮਨ ਵਿਚ ਕਰ ਰਹੇ ਸੀ ਤਾਂ ਵੀ ਤ੍ਰਿਕਾਲ ਗਿਆਨੀ ਬਾਬਾ ਕੋਲੋਂ ਕੀ ਲੁਕਿਆ ਰਹਿ ਸਕਦਾ ਸੀ ? ਬੱਚਾ ਤਾਂ ਮਿਠਾਈ ਮੰਗਦਾ ਹੈ, ਪਰ ਉਸ ਦੀ ਮਾਂ ਉਸ ਨੂੰ ਕੌੜੀ ਦਵਾਈ ਦਿੰਦੀ ਹੈ, ਕਿਉਂਕਿ ਮਿਠਾਈ ਸਿਹਤ ਲਈ ਹਾਨੀਕਾਰਕ ਹੁੰਦੀ ਹੈ ਅਤੇ ਇਸ ਕਰਕੇ ਉਹ ਬੱਚੇ ਦੇ ਭਲੇ ਵਾਸਤੇ ਉਸਨੂੰ ਸਮਝਾ-ਬੁਝਾ ਕੇ ਕੌੜੀ ਦਵਾਈ ਪਿਆ ਦਿੰਦੀ ਹੈ। ਬਾਬਾ ਇਕ ਦਿਆਲੂ ਮਾਂ ਵਾਂਗ ਸੀ। ਉਹ ਆਪਣੇ ਭਗਤਾਂ ਦਾ ਵਰਤਮਾਨ ਅਤੇ ਭਵਿੱਖ ਜਾਣਦੇ ਸੀ। ਇਸ ਲਈ ਉਨ੍ਹਾਂ ਨੇ ਦਾਮੂ ਅਣਾ ਦੇ ਮਨ ਦੀ ਗੱਲ ਜਾਣ ਕੇ ਕਿਹਾ, "ਬਾਪੂ ! ਮੈਂ ਆਪਣੇ-ਆਪ ਨੂੰ ਇਨ੍ਹਾਂ ਦੁਨਿਆਵੀ ਝੰਝਟਾਂ ਵਿਚ ਫਸਾਉਣਾ ਨਹੀਂ ਚਾਹੁੰਦਾ।" ਬਾਬਾ ਦੀ ਨਾ-ਮਨਜ਼ੂਰੀ ਜਾਣ ਕੇ ਦਾਮੂ ਅਣਾ ਨੇ ਇਹ ਵਿਚਾਰ ਛੱਡ ਦਿੱਤਾ।

ਫੇਰ ਦਾਮੂ ਅਣਾ ਨੇ ਅਨਾਜ—ਕਣਕ, ਚੌਲ ਆਦਿ ਚੀਜ਼ਾਂ ਦਾ ਧੰਧਾ ਸ਼ੁਰੂ ਕਰਨ ਦਾ ਵਿਚਾਰ ਕੀਤਾ। ਬਾਬਾ ਨੇ ਇਸ ਵਿਚਾਰ ਨੂੰ ਵੀ ਸਮਝ ਕੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਰੁਪਏ ਦਾ 5 ਸੇਰ ਖ਼ਰੀਦੋਗੇ ਅਤੇ 7 ਸੇਰ ਵੇਚੋਗੇ। ਇਸ ਲਈ ਉਨ੍ਹਾਂ ਨੂੰ ਇਸ ਧੰਧੇ ਦਾ ਵਿਚਾਰ ਵੀ ਛੱਡਣਾ ਪਿਆ। ਕੁਝ ਦੇਰ ਤਕ ਤਾਂ ਅਨਾਜਾਂ ਦਾ ਭਾਅ ਵੱਧਦਾ ਗਿਆ ਅਤੇ ਇਸ ਤਰ੍ਹਾਂ ਲੱਗਣ ਲੱਗਾ ਕਿ ਸੰਭਵ ਹੈ ਕਿ ਬਾਬਾ ਦੀ ਭਵਿੱਖਵਾਣੀ ਸੱਚ ਨਾ ਨਿਕਲੇ। ਪਰ ਇਕ-ਦੋ ਮਹੀਨੇ ਬਾਅਦ ਹੀ ਸਾਰੇ ਥਾਵਾਂ 'ਤੇ ਚੰਗੀ ਬਾਰਿਸ਼ ਹੋਈ, ਜਿਸਦੇ ਫ਼ਲਸਰੂਪ ਭਾਅ ਅਚਾਨਕ ਹੀ ਡਿੱਗ ਗਏ ਅਤੇ ਜਿਹੜੇ ਲੋਕਾਂ ਨੇ ਅਨਾਜ ਜਮ੍ਹਾਂ ਕਰ ਲਿਆ ਸੀ, ਉਨ੍ਹਾਂ ਨੂੰ ਬਹੁਤ ਘਾਟਾ ਪਿਆ, ਪਰ ਦਾਮੂ ਅਣਾ ਇਸ ਮੁਸੀਬਤ ਤੋਂ ਬਚ ਗਏ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਰੂੰ ਦਾ ਸੌਦਾ, ਜਿਹੜਾ ਕਿ ਉਸ ਦਲਾਲ ਨੇ ਕਿਸੇ ਹੋਰ ਵਪਾਰੀ ਨਾਲ ਭਾਈਵਾਲੀ ਵਿਚ ਕੀਤਾ ਸੀ, ਉਸ ਵਿਚ ਉਸ ਨੂੰ ਬਹੁਤ ਨੁਕਸਾਨ ਹੋਇਆ। ਬਾਬਾ ਨੇ ਦਾਮੂ ਅਣਾ ਨੂੰ ਵੱਡੀਆਂ ਮੁਸੀਬਤਾਂ ਤੋਂ ਬਚਾ ਲਿਆ

ਹੈ, ਇਹ ਦੇਖ ਕੇ ਉਨ੍ਹਾਂ ਦਾ ਸਾਈਂ-ਚਰਣਾਂ ਵਿਚ ਵਿਸ਼ਵਾਸ ਹੋਰ ਪੱਕਾ ਹੋ ਗਿਆ ਅਤੇ ਉਹ ਜੀਵਨ ਭਰ ਬਾਬਾ ਦੇ ਸੱਚੇ ਭਗਤ ਬਣੇ ਰਹੇ।

## ਅੰਬਾਂ ਦੀ ਲੀਲ੍ਹਾ

ਇਕ ਵਾਰੀ ਗੋਆ ਦੇ ਇਕ ਮਾਮਲੇਦਾਰ ਨੇ, ਜਿਸਦਾ ਨਾਂਅ ਰਾਲੇ ਸੀ, ਲਗਪਗ 300 ਅੰਬਾਂ ਦਾ ਇਕ ਪਾਰਸਲ ਸ਼ਾਮਾ ਦੇ ਨਾਂਅ ਸ਼ਿਰਡੀ ਭੇਜਿਆ। ਪਾਰਸਲ ਖੋਲ੍ਹਣ 'ਤੇ ਸਾਰੇ ਅੰਬ ਚੰਗੇ ਨਿਕਲੇ। ਭਗਤਾਂ ਨੂੰ ਅੰਬ ਵੰਡਣ ਦਾ ਕੰਮ ਸ਼ਾਮਾ ਨੂੰ ਸੌਂਪਿਆ ਗਿਆ। ਉਸ ਵਿਚੋਂ ਬਾਬਾ ਨੇ ਚਾਰ ਅੰਬ ਦਾਮੂ ਅਣਾ ਦੇ ਲਈ ਵੱਖਰੇ ਕੱਢ ਕੇ ਰੱਖ ਲਏ। ਦਾਮੂ ਅਣਾ ਦੀਆਂ ਤਿੰਨ ਪਤਨੀਆਂ ਸਨ। ਪਰ ਉਨ੍ਹਾਂ ਨੇ ਆਪ ਬਿਆਨ ਕੀਤਾ ਹੈ ਕਿ ਉਨ੍ਹਾਂ ਦੀਆਂ ਕੇਵਲ ਦੋ ਹੀ ਪਤਨੀਆਂ ਸੀ। ਉਨ੍ਹਾਂ ਦੇ ਔਲਾਦ ਨਹੀਂ ਸੀ, ਇਸ ਕਰਕੇ ਉਨ੍ਹਾਂ ਨੇ ਅਨੇਕ ਜੋਤਸ਼ੀਆਂ ਕੋਲੋਂ ਇਸਦਾ ਹੱਲ ਕਰਾਇਆ ਅਤੇ ਆਪ ਵੀ ਜੋਤਿਸ਼ ਦਾ ਥੋੜ੍ਹਾ ਬਹੁਤ ਅਧਿਅਨ ਕਰਕੇ ਜਾਣ ਲਿਆ ਕਿ ਜਨਮ-ਕੁੰਡਲੀ ਵਿਚ ਇਕ ਪਾਪਗ੍ਰਹਿ ਦੇ ਹੋਣ ਕਰਕੇ ਇਸ ਜੀਵਨ ਵਿਚ ਉਨ੍ਹਾਂ ਨੂੰ ਔਲਾਦ ਦਾ ਮੂੰਹ ਦੇਖਣ ਦਾ ਕੋਈ ਯੋਗ ਨਹੀਂ ਹੈ। ਪਰ ਬਾਬਾ ਦੇ ਲਈ ਤਾਂ ਉਨ੍ਹਾਂ ਦੀ ਅਟੱਲ ਸ਼ਰਧਾ ਸੀ। ਪਾਰਸਲ ਮਿਲਣ ਦੇ ਦੋ ਘੰਟੇ ਬਾਅਦ ਹੀ ਉਹ ਪੂਜਾ ਲਈ ਮਸਜਿਦ ਵਿਚ ਆਏ। ਉਨ੍ਹਾਂ ਨੂੰ ਦੇਖ ਕੇ ਬਾਬਾ ਕਹਿਣ ਲੱਗੇ ਕਿ ਲੋਕ ਅੰਬਾਂ ਲਈ ਚੱਕਰ ਕੱਟ ਰਹੇ ਹਨ, ਪਰ ਇਹ ਦੋ ਦਾਮੂ ਅਣਾ ਦੇ ਹਨ। ਜਿਸ ਦੇ ਹਨ, ਉਸ ਨੂੰ ਖਾਣ ਦਿਉ ਅਤੇ ਮਰਨ ਦਿਉ। ਇਹ ਸ਼ਬਦ ਸੁਣ ਕੇ ਦਾਮੂ ਅਣਾ ਦੇ ਦਿਲ ਨੂੰ ਝਟਕਾ ਲੱਗਾ, ਪਰ ਮਹਾਲਸਾਪਤਿ (ਸ਼ਿਰਡੀ ਦੇ ਇਕ ਭਗਤ) ਨੇ ਉਨ੍ਹਾਂ ਨੂੰ ਸਮਝਾਇਆ ਕਿ ਇਸ ਮੌਤ ਸ਼ਬਦ ਦਾ ਅਰਥ ਹੰਕਾਰ ਦੇ ਨਾਸ਼ ਵਾਸਤੇ ਹੈ ਅਤੇ ਬਾਬਾ ਦੇ ਚਰਣਾਂ ਦੀ ਕ੍ਰਿਪਾ ਨਾਲ ਤਾਂ ਇਹ ਆਸ਼ੀਰਵਾਦ ਸਰੂਪ ਹੈ, ਤਾਂ ਉਹ ਅੰਬ ਖਾਣ ਲਈ ਤਿਆਰ ਹੋ ਗਏ। ਫੇਰ ਬਾਬਾ ਨੇ ਕਿਹਾ, "ਉਹ ਅੰਬ ਤੁਸੀਂ ਨਾ ਖਾਉ, ਅੰਬ ਆਪਣੀ ਛੋਟੀ ਪਤਨੀ ਨੂੰ ਖਾਣ ਦਿਉ। ਇਨ੍ਹਾਂ ਅੰਬਾਂ ਦੇ ਅਸਰ ਨਾਲ ਉਸ ਨੂੰ ਚਾਰ ਪੁੱਤਰ ਅਤੇ ਚਾਰ ਧੀਆਂ ਪੈਦਾ ਹੋਣਗੀਆਂ।" ਇਹ ਆਗਿਆ ਸਿਰ-ਮੱਥੇ ਮੰਨ ਕੇ ਉਨ੍ਹਾਂ ਨੇ ਅੰਬ ਜਾ ਕੇ ਆਪਣੀ ਛੋਟੀ ਪਤਨੀ ਨੂੰ ਦੇ ਦਿੱਤੇ। ਧੰਨ ਹੈ ਸ੍ਰੀ ਸਾਈਂ ਬਾਬਾ ਦੀ ਲੀਲ੍ਹਾ, ਜਿਨ੍ਹਾਂ ਨੇ ਕਿਸਮਤ ਦਾ ਲਿਖਿਆ ਬਦਲ ਕੇ ਉਨ੍ਹਾਂ ਨੂੰ ਔਲਾਦ ਦਾ ਸੁੱਖ ਦਿੱਤਾ। ਬਾਬਾ ਦੇ ਦਿੱਤੇ ਵਚਨ ਸੱਚੇ ਹੋਏ, ਜੋਤਸ਼ੀਆਂ ਦੇ ਨਹੀਂ।

ਬਾਬਾ ਦੇ ਜੀਵਨ ਵਿਚ ਉਨ੍ਹਾਂ ਦੇ ਵਚਨਾਂ ਨੇ ਲੋਕਾਂ ਵਿਚ ਬਹੁਤ ਵਿਸ਼ਵਾਸ ਪੈਦਾ ਕੀਤਾ, ਪਰ ਬਹੁਤ ਵੱਡੀ ਹੈਰਾਨੀ ਹੈ ਕਿ ਉਨ੍ਹਾਂ ਦੇ ਮਹਾਂ-ਸਮਾਧੀ ਲੈਣ ਤੋਂ ਬਾਅਦ ਵੀ ਉਨ੍ਹਾਂ ਦਾ ਪ੍ਰਭਾਵ ਪਹਿਲਾਂ ਵਾਂਗ ਹੀ ਹੈ। ਬਾਬਾ ਨੇ ਕਿਹਾ,

## ਪ੍ਰਾਰਥਨਾ

ਇਕ ਪ੍ਰਾਰਥਨਾ ਕਰਕੇ ਹੇਮਾਂਡਪੰਤ ਇਹ ਅਧਿਆਇ ਖ਼ਤਮ ਕਰਦੇ ਹਨ।

"ਹੇ ਸਾਈਂ ਸਤਿਗੁਰੂ! ਸਾਡੀ ਤੁਹਾਡੇ ਕੋਲ ਪ੍ਰਾਰਥਨਾ ਹੈ ਕਿ ਤੁਹਾਡੇ ਨਿਰਭੈਅ ਚਰਣਾਂ ਦੀ ਸਾਨੂੰ ਕਦੀ ਯਾਦ ਨਾ ਭੁੱਲੇ। ਤੁਹਾਡੇ ਸ੍ਰੀ ਚਰਣ ਕਦੀ ਵੀ ਸਾਡੀਆਂ ਅੱਖਾਂ ਤੋਂ ਓਝਲ ਨਾ ਹੋਣ। ਅਸੀਂ ਇਸ ਜਨਮ-ਮਰਨ ਦੇ ਚੱਕਰ ਨਾਲ ਇਸ ਸੰਸਾਰ ਵਿਚ ਬਹੁਤ ਦੁਖੀ ਹਾਂ। ਹੁਣ ਦਯਾ ਕਰਕੇ ਇਸ ਚੱਕਰ ਤੋਂ ਸਾਡਾ ਛੇਤੀ ਛੁਟਕਾਰਾ ਕਰ ਦਿਉ। ਸਾਡੀਆਂ ਇੰਦਰੀਆਂ, ਜਿਹੜੀਆਂ ਵਿਸ਼ੇ-ਪਦਾਰਥਾਂ ਵੱਲ ਖਿੱਚੀਆਂ ਜਾ ਰਹੀਆਂ ਹਨ, ਉਨ੍ਹਾਂ ਦੀ ਬਾਹਰੀ ਪ੍ਰਵਿਰਤੀ ਤੋਂ ਰੱਖਿਆ ਕਰ ਕੇ ਉਨ੍ਹਾਂ ਨੂੰ ਅੰਤਰਮੁਖੀ ਬਣਾ ਕੇ ਸਾਨੂੰ ਆਤਮ-ਦਰਸ਼ਨ ਦੇ ਯੋਗ ਬਣਾ ਦਿਉ। ਜਦੋਂ ਤਕ ਸਾਡਾ ਇੰਦਰੀਆਂ ਦੀ ਬਾਹਰਮੁਖੀ ਪ੍ਰਵਿਰਤੀ ਅਤੇ ਚੰਚਲ ਮਨ 'ਤੇ ਕਾਬੂ ਨਹੀਂ ਹੈ, ਉਦੋਂ ਤਕ ਆਤਮਸਾਖ਼ਸ਼ਾਤਕਾਰ (ਪ੍ਰਭੂ-ਦਰਸ਼ਨ) ਦੀ ਸਾਨੂੰ ਕੋਈ ਆਸ ਨਹੀਂ। ਸਾਡੇ ਪੁੱਤਰ ਅਤੇ ਦੋਸਤ, ਕੋਈ ਵੀ ਅੰਤ ਵਿਚ ਸਾਡੇ ਕੰਮ ਨਹੀਂ ਆਉਣਗੇ। ਹੇ ਸਾਈਂ! ਸਾਡੇ ਤਾਂ ਇਕ ਮਾਤਰ ਤੁਸੀਂ ਹੋ, ਜਿਹੜੇ ਸਾਨੂੰ ਮੋਕਸ਼ ਅਤੇ ਆਨੰਦ ਦਿਉਗੇ। ਹੇ ਪ੍ਰਭੂ! ਸਾਡੀ ਸੋਚ-ਵਿਚਾਰ ਅਤੇ ਹੋਰ ਮੰਦੀਆਂ ਪ੍ਰਵਿਰਤੀਆਂ ਨੂੰ ਨਸ਼ਟ ਕਰ ਦਿਉ। ਸਾਡੀ ਰਸਨਾ ਹਮੇਸ਼ਾਂ ਤੁਹਾਡੇ ਨਾਮ-ਸਿਮਰਨ ਦਾ ਸੁਆਦ ਲੈਂਦੀ ਰਹੇ। ਹੇ ਸਾਈਂ! ਸਾਡੇ ਚੰਗੇ-ਮਾੜੇ ਸਭ ਤਰ੍ਹਾਂ ਦੇ ਵਿਚਾਰਾਂ ਨੂੰ ਨਸ਼ਟ ਕਰ ਦਿਉ। ਪ੍ਰਭੂ! ਕੁਝ ਇਸ ਤਰ੍ਹਾਂ ਕਰ ਦਿਉ ਕਿ ਜਿਸ ਨਾਲ ਸਾਡੇ ਆਪਣੇ ਸਰੀਰ ਅਤੇ ਘਰ ਨਾਲ ਮੋਹ ਨਾ ਰਹੇ। ਸਾਡਾ ਹੰਕਾਰ ਬਿਲਕੁਲ ਖ਼ਤਮ ਹੋ ਜਾਏ ਅਤੇ ਸਾਨੂੰ ਸਿਰਫ਼ ਤੁਹਾਡੇ ਹੀ ਨਾਂਅ ਦੀ ਯਾਦ ਬਣੀ ਰਹੇ ਅਤੇ ਬਾਕੀ ਸਭ ਭੁੱਲ ਜਾਏ। ਸਾਡੇ ਮਨ ਦੀ ਬੇਚੈਨੀ ਨੂੰ ਦੂਰ ਕਰਕੇ, ਉਸਨੂੰ ਸ਼ਾਂਤ ਕਰਕੇ ਟਿਕਾ ਦਿਉ। ਹੇ ਸਾਈਂ! ਜੇ ਤੁਸੀਂ ਸਾਡੇ ਹੱਥ ਆਪਣੇ ਹੱਥ ਵਿਚ ਲੈ ਲਵੋਗੇ ਤਾਂ ਅਗਿਆਨ ਰੂਪੀ ਰਾਤ ਦਾ ਹਨੇਰਾ ਛੇਤੀ ਦੂਰ ਹੋ ਜਾਏਗਾ ਅਤੇ ਅਸੀਂ ਤੁਹਾਡੇ ਗਿਆਨ ਦੇ ਪ੍ਰਕਾਸ਼ ਵਿਚ ਸੁੱਖ ਨਾਲ ਵਿਚਰਾਂਗੇ। ਇਹ ਜਿਹੜੇ ਤੁਹਾਡਾ ਲੀਲ੍ਹਾ ਅੰਮ੍ਰਿਤਪਾਨ ਕਰਨ ਦੇ ਚੰਗੇ ਭਾਗ ਸਾਨੂੰ ਮਿਲੇ ਹਨ ਅਤੇ ਜਿਸਨੇ ਸਾਨੂੰ ਅਖੰਡ ਨੀਂਦ ਵਿਚੋਂ ਜਗਾ ਦਿੱਤਾ ਹੈ, ਇਹ ਤੁਹਾਡੀ ਹੀ ਕ੍ਰਿਪਾ ਅਤੇ ਸਾਡੇ ਪਿਛਲੇ ਜਨਮਾਂ ਦੇ ਸ਼ੁਭ ਕਰਮਾਂ ਦਾ ਹੀ ਫਲ ਹੈ।"

## ਵਿਸ਼ੇਸ਼

"ਇਸ ਬਾਰੇ ਵਿਚ ਸ੍ਰੀ ਦਾਮੂ ਅਣਾ ਦੇ ਕਥਨ ਅਨੁਸਾਰ ਜਿਹੜੀ ਗੱਲ ਧਿਆਨ ਦੇਣ ਵਾਲੀ ਹੈ—"ਇਕ ਵਕਤ ਜਦੋਂ ਮੈਂ ਹੋਰ ਲੋਕਾਂ ਨਾਲ ਬਾਬਾ ਦੇ ਸ੍ਰੀ ਚਰਣਾਂ ਦੇ ਕੋਲ ਬੈਠਾ ਸੀ ਤਾਂ ਮੇਰੇ ਦਿਲ ਵਿਚ ਦੋ ਸੁਆਲ ਪੈਦਾ ਹੋਏ।" ਬਾਬਾ ਨੇ ਉਨ੍ਹਾਂ ਦਾ ਜਵਾਬ ਇਸ ਤਰ੍ਹਾਂ ਦਿੱਤਾ—1) ਜਿਹੜੀ ਲੋਕਾਂ ਦੀ ਭੀੜ ਸ੍ਰੀ ਸਾਈਂ ਦੇ

ਦਰਸ਼ਨਾਂ ਲਈ ਸ਼ਿਰਡੀ ਆਉਂਦੀ ਹੈ, ਕੀ ਉਨ੍ਹਾਂ ਸਾਰਿਆਂ ਨੂੰ ਲਾਭ ਪਹੁੰਚਦਾ ਹੈ ? ਇਸ ਦਾ ਉਨ੍ਹਾਂ ਨੇ ਜਵਾਬ ਦਿੱਤਾ, "ਬੂਰ ਲਗੇ ਅੰਬਾਂ ਦੇ ਦਰਖ਼ਤ ਵੱਲ ਦੇਖੋ। ਜੇ ਸਾਰੇ ਬੂਰ ਦੇ ਅੰਬ ਬਣ ਜਾਣ ਤਾਂ ਅੰਬਾਂ ਦੀ ਗਿਣਤੀ ਵੀ ਨਹੀਂ ਹੋ ਸਕੇਗੀ। ਪਰ ਕੀ ਇਸ ਤਰ੍ਹਾਂ ਹੁੰਦਾ ਹੈ ? ਬਹੁਤ ਸਾਰੇ ਬੂਰ ਝੜ ਜਾਂਦੇ ਹਨ। ਕੁਝ ਫਲ ਬਣ ਕੇ ਹਨੇਰੀ ਦੇ ਥਪੇੜਿਆਂ ਨਾਲ ਡਿੱਗ ਕੇ ਨਸ਼ਟ ਹੋ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਕੁਝ ਹੀ ਬਾਕੀ ਰਹਿ ਜਾਂਦੇ ਹਨ।" 2) ਦੂਸਰਾ ਸੁਆਲ ਮੇਰੇ ਆਪਣੇ ਬਾਰੇ ਵਿਚ ਸੀ। ਜੇ ਬਾਬਾ ਨੇ ਮਹਾਂਸਮਾਧੀ ਲੈ ਲਈ ਤਾਂ ਮੈਂ ਬਿਲਕੁਲ ਹੀ ਬੇਆਸਰਾ ਹੋ ਜਾਵਾਂਗਾ, ਤਾਂ ਮੇਰਾ ਕੀ ਹੋਵੇਗਾ ? ਇਸ ਦਾ ਬਾਬਾ ਨੇ ਜਵਾਬ ਦਿੱਤਾ ਕਿ

ਇਨ੍ਹਾਂ ਵਚਨਾਂ ਨੂੰ ਉਨ੍ਹਾਂ ਨੇ ਸੰਨ 1918 ਤੋਂ ਪਹਿਲਾਂ ਵੀ ਨਿਭਾਇਆ ਅਤੇ ਸੰਨ 1918 ਦੇ ਬਾਅਦ ਅੱਜ ਵੀ ਨਿਭਾਅ ਰਹੇ ਹਨ। ਉਹ ਹੁਣ ਵੀ ਮੇਰੇ ਹੀ ਨਾਲ ਰਹਿ ਕੇ ਮੇਰਾ ਮਾਰਗ-ਦਰਸ਼ਨ ਕਰ ਰਹੇ ਹਨ। ਇਹ ਘਟਨਾ ਲਗਭਗ ਸੰਨ 1910-11 ਦੀ ਹੈ। "ਉਸ ਵੇਲੇ ਮੇਰਾ ਭਰਾ ਮੇਰੇ ਨਾਲੋਂ ਵੱਖ ਹੋਇਆ ਅਤੇ ਮੇਰੀ ਭੈਣ ਦੀ ਮੌਤ ਹੋ ਗਈ। ਮੇਰੇ ਘਰ ਚੋਰੀ ਹੋਈ ਅਤੇ ਪੁਲਿਸ ਪੁੱਛ-ਪੜਤਾਲ ਕਰ ਰਹੀ ਸੀ, ਇਨ੍ਹਾਂ ਸਾਰੀਆਂ ਘਟਨਾਵਾਂ ਨੇ ਮੇਰਾ ਹਾਲ ਪਾਗਲਾਂ ਵਰਗਾ ਕਰ ਦਿੱਤਾ ਸੀ।"

"ਮੇਰੀ ਭੈਣ ਦੇ ਸਵਰਗਵਾਸ ਹੋਣ ਕਰਕੇ ਮੇਰੇ ਦੁੱਖ ਦਾ ਅੰਤ ਨਹੀਂ ਸੀ ਅਤੇ ਜਦੋਂ ਮੈਂ ਬਾਬਾ ਦੀ ਸ਼ਰਨ ਵਿਚ ਆਇਆ ਤਾਂ ਉਨ੍ਹਾਂ ਨੇ ਆਪਣੇ ਸੁੰਦਰ ਉਪਦੇਸ਼ਾਂ ਨਾਲ ਮੈਨੂੰ ਤਸੱਲੀ ਦੇ ਕੇ ਅਪਾ ਕੁਲਕਰਣੀ ਦੇ ਘਰ ਪੂਰਨਪੋਲੀ ਖਵਾਈ ਅਤੇ ਮੇਰੇ ਮੱਥੇ 'ਤੇ ਚੰਦਨ ਲਗਾਇਆ।"

ਜਦੋਂ ਮੇਰੇ ਘਰ ਚੋਰੀ ਹੋਈ ਅਤੇ ਮੇਰੇ ਹੀ ਇਕ 30 ਸਾਲ ਪੁਰਾਣੇ ਦੋਸਤ ਨੇ ਮੇਰੀ ਪਤਨੀ ਦੇ ਗਹਿਣਿਆਂ ਦਾ ਸੰਦੂਕ, ਜਿਸ ਵਿਚ ਮੰਗਲਸੂਤਰ ਅਤੇ ਨੱਥ ਆਦਿ ਸੀ, ਚੋਰੀ ਕਰ ਲਏ, ਤਾਂ ਮੈਂ ਬਾਬਾ ਦੀ ਤਸਵੀਰ ਅੱਗੇ ਰੋਇਆ ਅਤੇ ਉਸ ਦੇ ਅਗਲੇ ਹੀ ਦਿਨ ਉਹ ਆਦਮੀ ਆਪਣੇ-ਆਪ ਗਹਿਣਿਆਂ ਦਾ ਸੰਦੂਕ ਮੈਨੂੰ ਵਾਪਸ ਦੇ ਕੇ ਮਾਫ਼ੀ ਮੰਗਣ ਲੱਗਾ।"



# ॥ ਅਧਿਆਇ-26 ॥

***ਭਗਤ ਪੰਤ, ਹਰੀਸ਼ ਚੰਦਰ ਪਿਤਲੇ ਅਤੇ ਗੋਪਾਲ ਆਂਬਡੇਕਰ ਦੀਆਂ ਕਥਾਵਾਂ।***

ਇਸ ਦੁਨੀਆ ਵਿਚ ਛੋਟੀਆਂ-ਵੱਡੀਆਂ ਚੀਜ਼ਾਂ, ਪ੍ਰਾਣੀ ਅਤੇ ਬਨਸਪਤੀ ਆਦਿ ਜੋ ਕੁਝ ਨਜ਼ਰ ਆ ਰਿਹਾ ਹੈ, ਇਹ ਸਭ ਇਕ ਬ੍ਰਹਮਾ ਹੈ ਅਤੇ ਇਸੇ ਇਕ ਦੁਰਲਭ ਚੀਜ਼ ਨੂੰ ਹੀ ਅਸੀਂ ਵੱਖਰੇ-ਵੱਖਰੇ ਨਾਵਾਂ ਨਾਲ ਬੁਲਉਂਦੇ ਹਾਂ ਅਤੇ ਵੱਖ-ਵੱਖ ਨਜ਼ਰਾਂ ਨਾਲ ਦੇਖਦੇ ਹਾਂ। ਜਿਸ ਤਰ੍ਹਾਂ ਹਨ੍ਹੇਰੇ ਵਿਚ ਪਈ ਰਸੀ ਜਾਂ ਹਾਰ ਨੂੰ ਅਸੀਂ ਭੁਲੇਖੇ ਨਾਲ ਸੱਪ ਸਮਝ ਲੈਂਦੇ ਹਾਂ, ਉਸੇ ਤਰ੍ਹਾਂ ਅਸੀਂ ਸਾਰੀਆਂ ਚੀਜ਼ਾਂ ਦੇ ਕੇਵਲ ਬਾਹਰੀ ਸਰੂਪ ਨੂੰ ਹੀ ਦੇਖਦੇ ਹਾਂ, ਨਾ ਕਿ ਉਨ੍ਹਾਂ ਦੇ ਸੱਚੇ ਸਰੂਪ ਨੂੰ। ਇਕੋ ਸਤਿਗੁਰੂ ਹੀ ਸਾਡੀਆਂ ਅੱਖਾਂ ਤੋਂ ਮਾਇਆ ਦਾ ਪਰਦਾ ਦੂਰ ਕਰ ਕੇ ਸਾਨੂੰ ਚੀਜ਼ਾਂ ਦੇ ਸੱਚੇ ਸਰੂਪ ਦਾ ਅਸਲ ਵਿਚ ਦਰਸ਼ਨ ਕਰਾ ਦੇਣ ਵਿਚ ਸਮਰਥ ਹਨ। ਇਸ ਲਈ ਆਓ, ਅਸੀਂ ਸ੍ਰੀ ਸਤਿਗੁਰੂ ਸਾਈਂ ਮਹਾਰਾਜ ਦੀ ਉਪਾਸਨਾ ਕਰਕੇ ਉਨ੍ਹਾਂ ਨੂੰ ਸੱਚ ਦਾ ਦਰਸ਼ਨ ਕਰਵਾਉਣ ਦੀ ਪ੍ਰਾਰਥਨਾ ਕਰੀਏ, ਜਿਹੜੇ ਕਿ ਈਸ਼ਵਰ ਦੇ ਇਲਾਵਾ ਹੋਰ ਕੁਝ ਵੀ ਨਹੀਂ ਹਨ।

## ਅੰਦਰੂਨੀ ਪੂਜਾ

ਸ੍ਰੀ ਹੇਮਾਂਡਪੰਤ ਉਪਾਸਨਾ ਦਾ ਬਿਲਕੁਲ ਨਵਾਂ ਤਰੀਕਾ ਦੱਸਦੇ ਹਨ। ਉਹ ਕਹਿੰਦੇ ਹਨ ਕਿ ਸਤਿਗੁਰੂ ਦੇ ਚਰਣ ਧੋਣ ਲਈ ਖੁਸ਼ੀ ਦੇ ਅਥਰੂਆਂ ਦੇ ਗਰਮ ਜਲ ਨੂੰ ਵਰਤੋਂ। ਉਨ੍ਹਾਂ ਨੂੰ ਸੱਚੇ ਪ੍ਰੇਮ ਦੇ ਚੰਦਨ ਦਾ ਲੇਪ ਕਰਕੇ, ਪੱਕੇ ਵਿਸ਼ਵਾਸ ਦੇ ਕਪੜੇ ਪਹਿਨਾਉ ਅਤੇ ਕੋਮਲ ਅਤੇ ਇਕ ਚਿੱਤ ਰੂਪੀ ਫਲ ਉਨ੍ਹਾਂ ਨੂੰ ਅਰਪਣ ਕਰੋ। ਭਾਵ ਰੂਪੀ ਬੁੱਕਾ ਉਨ੍ਹਾਂ ਦੇ ਮੱਥੇ ਉਪਰ ਲਗਾ ਕੇ, ਭਗਤੀ ਦੀ ਧੋਤੀ ਬੰਨ੍ਹ ਕੇ ਆਪਣਾ ਮੱਥਾ ਉਨ੍ਹਾਂ ਦੇ ਚਰਣਾਂ 'ਤੇ ਰੱਖੋ। ਇਸ ਤਰ੍ਹਾਂ ਸ੍ਰੀ ਸਾਈਂ ਨੂੰ ਸਾਰੇ ਗਹਿਣਿਆਂ ਨਾਲ ਸਜਾ ਕੇ, ਉਨ੍ਹਾਂ ਨੂੰ ਆਪਣਾ ਸਭ ਕੁਝ ਕੁਰਬਾਨ ਕਰ ਦਿਉ। ਗਰਮੀ ਦੂਰ ਕਰਨ ਦੇ ਲਈ ਭਾਵ ਦੀ ਹਮੇਸ਼ਾਂ ਚੌਰ ਕਰੋ। ਇਸ ਤਰ੍ਹਾਂ ਖੁਸ਼ੀਆਂ ਭਰੀ ਪੂਜਾ ਕਰਕੇ ਉਨ੍ਹਾਂ ਨੂੰ ਪ੍ਰਾਰਥਨਾ ਕਰੋ—

"ਹੇ ਪ੍ਰਭੂ ਸਾਈਂ! ਸਾਡੀ ਪ੍ਰਵਿਰਤੀ ਅੰਦਰ ਮੁੱਖੀ ਬਣਾ ਦਿਓ। ਸੱਚ ਅਤੇ ਝੂਠ ਦੀ ਪਹਿਚਾਣ ਦੀ ਬੁੱਧੀ ਦਿਉ ਅਤੇ ਦੁਨੀਆਵੀਂ ਚੀਜ਼ਾਂ ਦਾ ਮੋਹ ਦੂਰ ਕਰ ਕੇ ਸਾਨੂੰ ਆਤਮਾਨੁਭੂਤੀ ਪ੍ਰਦਾਨ ਕਰੋ। ਅਸੀਂ ਆਪਣੀ ਦੇਹ ਅਤੇ ਪ੍ਰਾਣ ਤੁਹਾਡੇ ਚਰਣਾਂ ਵਿਚ ਅਰਪਣ ਕਰਦੇ ਹਾਂ। ਹੇ ਪ੍ਰਭੂ ਸਾਈਂ! ਮੇਰੀਆਂ ਅੱਖਾਂ ਨੂੰ ਤੁਸੀਂ ਆਪਣੀਆਂ ਅੱਖਾਂ ਬਣਾ ਲਵੋ, ਤਾਂਕਿ ਸਾਨੂੰ ਸੁੱਖ ਅਤੇ ਦੁੱਖ ਮਹਿਸੂਸ ਹੀ ਨਾ ਹੋਣ। ਹੇ ਸਾਈਂ! ਮੇਰੇ ਸਰੀਰ ਅਤੇ ਮਨ ਨੂੰ ਤੁਸੀਂ ਆਪਣੀ ਮਰਜ਼ੀ ਨਾਲ ਚਲਾਉ ਅਤੇ ਮੇਰੇ ਚੰਚਲ ਮਨ ਨੂੰ ਆਪਣੇ ਚਰਣਾਂ ਦੀ ਸੀਤਲ ਛਾਂ ਵਿਚ ਆਰਾਮ ਕਰਨ ਦਿਉ।" ਹੁਣ ਅਸੀਂ ਇਸ ਅਧਿਆਇ ਦੀਆਂ ਕਥਾਵਾਂ ਵੱਲ ਆਉਂਦੇ ਹਾਂ।

## ਭਗਤ ਪੰਤ

ਇਕ ਵਾਰੀ ਇਕ ਭਗਤ, ਜਿਸ ਦਾ ਨਾਂਅ ਪੰਤ ਸੀ ਅਤੇ ਜਿਹੜਾ ਕਿਸੇ ਹੋਰ ਸਤਿਗੁਰੂ ਦਾ ਚੇਲਾ

ਸੀ, ਉਸ ਨੂੰ ਸ਼ਿਰਡੀ ਆਉਣ ਦਾ ਚੰਗਾ ਭਾਗ ਪ੍ਰਾਪਤ ਹੋਇਆ। ਉਨ੍ਹਾਂ ਦੀ ਸ਼ਿਰਡੀ ਆਉਣ ਦੀ ਮਰਜ਼ੀ ਤਾਂ ਨਹੀਂ ਸੀ, ਪਰ "ਮੇਰੇ ਮਨ ਕੁਝ ਹੋਰ ਹੈ, ਵਿਧਾਤਾ ਦੇ ਕੁੱਝ ਹੋਰ" ਵਾਲੀ ਕਹਾਵਤ ਸੱਚ ਹੋਈ। ਉਹ ਰੇਲਗੱਡੀ, (ਪੱਛਮ ਰੇਲਵੇ) ਵਿਚ ਸਫਰ ਕਰ ਰਹੇ ਸੀ, ਜਿਥੇ ਉਨ੍ਹਾਂ ਦੇ ਬਹੁਤ ਸਾਰੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਅਚਾਨਕ ਮੇਲ ਹੋ ਗਿਆ, ਜਿਹੜੇ ਸ਼ਿਰਡੀ ਯਾਤਰਾ ਨੂੰ ਜਾ ਰਹੇ ਸੀ। ਉਨ੍ਹਾਂ ਲੋਕਾਂ ਨੇ ਪੰਤ ਨੂੰ ਸ਼ਿਰਡੀ ਤੱਕ ਨਾਲ ਚੱਲਣ ਲਈ ਕਿਹਾ। ਉਹ ਉਨ੍ਹਾਂ ਨੂੰ ਨਾ ਨਹੀਂ ਕਰ ਸਕਿਆ। ਫੇਰ ਉਹ ਸਾਰੇ ਬੰਬਈ ਉੱਤਰੇ ਅਤੇ ਵਿਰਾਰ ਉਤਰ ਕੇ ਆਪਣੇ ਸਤਿਗੁਰੂ ਕੋਲੋਂ ਸ਼ਿਰਡੀ ਜਾਣ ਦੀ ਆਗਿਆ ਲੈ ਕੇ ਅਤੇ ਜ਼ਰੂਰੀ ਖਰਚ ਆਦਿ ਦਾ ਪ੍ਰਬੰਧ ਕਰਕੇ, ਸਾਰੇ ਲੋਕਾਂ ਦੇ ਨਾਲ ਚੱਲ ਪਏ। ਉਹ ਸਵੇਰੇ ਉਥੇ ਪਹੁੰਚ ਗਏ ਅਤੇ ਲੱਗਭਗ 11ਵਜੇ ਮਸਜਿਦ ਨੂੰ ਗਏ। ਉਥੇ ਪੂਜਾ ਲਈ ਭਗਤਾਂ ਦੀ ਭੀੜ ਦੇਖ ਕੇ ਸਾਰਿਆਂ ਨੂੰ ਬਹੁਤ ਖੁਸ਼ੀ ਹੋਈ, ਪਰ ਪੰਤ ਅਚਾਨਕ ਬੇਹੋਸ਼ ਹੋ ਗਿਆ ਅਤੇ ਉਥੇ ਡਿੱਗ ਗਿਆ। ਸਾਰੇ ਲੋਕ ਡਰ ਗਏ ਅਤੇ ਉਸ ਨੂੰ ਹੋਸ਼ ਵਿਚ ਲਿਆਉਣ ਲਈ ਕੋਸ਼ਿਸ਼ ਕਰਨ ਲਗੇ। ਬਾਬਾ ਦੀ ਕ੍ਰਿਪਾ ਨਾਲ ਅਤੇ ਮੱਥੇ 'ਤੇ ਪਾਣੀ ਦੇ ਛਿੱਟੇ ਮਾਰਨ ਨਾਲ ਉਹ ਹੋਸ਼ ਵਿਚ ਆ ਗਏ ਅਤੇ ਏਦਾਂ ਉਠ ਬੈਠੇ, ਜਿਵੇਂ ਕਿ ਕੋਈ ਨੀਂਦ ਤੋਂ ਉਠਿਆ ਹੋਵੇ।

ਤ੍ਰਿਕਾਲ ਗਿਆਨੀ ਬਾਬਾ ਨੇ ਇਹ ਸਭ ਜਾਣ ਕੇ ਕਿ ਇਹ ਕਿਸੇ ਹੋਰ ਗੁਰੂ ਦਾ ਚੇਲਾ ਹੈ, ਉਸ ਦੀ ਰੱਖਿਆ ਕਰ ਉਸਦੇ ਗੁਰੂ ਵਿਚ ਹੀ ਉਸ ਦੇ ਵਿਸ਼ਵਾਸ ਨੂੰ ਪੱਕਾ ਕਰਕੇ ਕਿਹਾ ਕਿ, "ਕਿਸ ਤਰ੍ਹਾਂ ਵੀ ਆਓ, ਪਰ ਭੁਲੋ ਨਾ, ਆਪਣੇ ਹੀ ਥੰਮ ਨੂੰ ਮਜ਼ਬੂਤੀ ਨਾਲ ਪੱਕੜ ਕੇ ਹਮੇਸ਼ਾਂ ਟਿੱਕ ਕੇ ਉਨ੍ਹਾਂ ਨਾਲ ਅਭਿਨੰਤਾ ਪ੍ਰਾਪਤ ਕਰੋ।" ਪੰਤ ਉਸੇ ਵੇਲੇ ਇਨ੍ਹਾਂ ਸ਼ਬਦਾਂ ਦਾ ਮੱਤਲਬ ਸਮਝ ਗਏ ਅਤੇ ਉਨ੍ਹਾਂ ਨੂੰ ਆਪਣੇ ਸਤਿਗੁਰੂ ਦੀ ਯਾਦ ਆ ਗਈ। ਉਨ੍ਹਾਂ ਨੂੰ ਬਾਬਾ ਦੀ ਇਹ ਕ੍ਰਿਪਾ ਜੀਵਨ ਭਰ ਯਾਦ ਰਹੀ!

## ਸ੍ਰੀ ਹਰੀਸ਼ ਚੰਦਰ ਪਿਤਲੇ

ਬੰਬਈ ਵਿਚ ਇਕ ਹਰੀਸ਼ ਚੰਦਰ ਪਿਤਲੇ ਨਾਂਅ ਦੇ ਸੱਜਣ ਸੀ। ਉਨ੍ਹਾਂ ਦੇ ਪੁੱਤਰ ਨੂੰ ਮਿਰਗੀ ਦੀ ਬੀਮਾਰੀ ਸੀ। ਉਨ੍ਹਾਂ ਨੇ ਕਈ ਤਰ੍ਹਾਂ ਦੇ ਦੇਸੀ ਅਤੇ ਅੰਗਰੇਜ਼ੀ ਇਲਾਜ ਕਰਵਾਏ, ਪਰ ਉਨ੍ਹਾਂ ਦਾ ਕੋਈ ਲਾਭ ਨਹੀਂ ਹੋਇਆ। ਹੁਣ ਕੇਵਲ ਇਹ ਹੀ ਜੁਗਤੀ ਬਾਕੀ ਰਹਿ ਗਈ ਸੀ ਕਿ ਕਿਸੇ ਸੰਤ ਦੇ ਚਰਣਾਂ ਦੀ ਸ਼ਰਨ ਲਈ ਜਾਵੇ। 15ਵੇਂ ਅਧਿਆਇ ਵਿਚ ਦੱਸਿਆ ਜਾ ਚੁੱਕਾ ਹੈ ਕਿ ਸ੍ਰੀ ਦਾਸਗਣੂ ਦੇ ਸੁੰਦਰ ਕੀਰਤਨ ਨਾਲ ਸ੍ਰੀ ਸਾਈਂਬਾਬਾ ਦੀ ਕੀਰਤੀ ਬੰਬਈ ਵਿਚ ਫੈਲ ਚੁੱਕੀ ਸੀ। ਪਿਤਲੇ ਨੇ ਵੀ ਸੰਨ 1910 ਵਿਚ ਉਨ੍ਹਾਂ ਦਾ ਕੀਰਤਨ ਸੁਣਿਆ ਅਤੇ ਉਨ੍ਹਾਂ ਨੂੰ ਪਤਾ ਲਗਾ ਕਿ ਸ੍ਰੀ ਸਾਈਂ ਬਾਬਾ ਦੇ ਕੇਵਲ ਛੋਹ ਅਤੇ ਦੇਖਣ ਨਾਲ ਹੀ ਰੋਗ ਜੜ੍ਹੋਂ ਨਸ਼ਟ ਹੋ ਜਾਂਦੇ ਹਨ। ਤਾਂ ਉਨ੍ਹਾਂ ਦੇ ਮਨ ਵਿਚ ਵੀ ਸ੍ਰੀ ਸਾਈਂ ਬਾਬਾ ਦੇ ਸ਼ੁੱਭ ਦਰਸ਼ਣ ਕਰਨ ਦੀ ਤੀਬਰ ਇੱਛਾ ਜਾਗ ਗਈ। ਯਾਤਰਾ ਦਾ ਪ੍ਰਬੰਧ ਕਰ ਕੇ ਭੇਟ ਦੇਣ ਲਈ ਫਲਾਂ ਦੀ ਟੋਕਰੀ ਲੈ ਕੇ ਪਤਨੀ ਅਤੇ ਬੱਚਿਆਂ ਨਾਲ ਉਹ ਸ਼ਿਰਡੀ ਪਧਾਰੇ। ਮਸਜਿਦ ਪਹੁੰਚ ਕੇ ਉਨ੍ਹਾਂ ਨੇ ਬਾਬਾ ਦੇ ਚਰਣਾਂ ਦੀ ਸੇਵਾ ਕੀਤੀ ਅਤੇ ਆਪਣੇ ਰੋਗੀ ਪੁੱਤਰ ਨੂੰ ਉਨ੍ਹਾਂ ਦੇ ਸ੍ਰੀ ਚਰਣਾਂ ਵਿਚ ਪਾ ਦਿੱਤਾ। ਬਾਬਾ ਦੀ ਨਜ਼ਰ ਉਸ 'ਤੇ ਪੈਂਦੇ ਹੀ ਉਸ

ਵਿਚ ਇਕ ਅਜ਼ੀਬ ਬਦਲਾਅ ਹੋ ਗਿਆ। ਬੱਚੇ ਨੇ ਅੱਖਾਂ ਫੇਰ ਲਈਆਂ ਅਤੇ ਬੇਹੋਸ਼ ਹੋ ਕੇ ਡਿੱਗ ਪਿਆ। ਉਸ ਦੇ ਮੂੰਹ ਵਿਚੋਂ ਝੱਗ ਨਿਕਲਣ ਲਗੀ ਅਤੇ ਪਸੀਨੇ ਨਾਲ ਭਿੱਜ ਗਿਆ ਅਤੇ ਇਹ ਸ਼ੱਕ ਹੋਣ ਲੱਗਾ ਕਿ ਉਸ ਦੇ ਪ੍ਰਾਣ ਨਿਕਲਣ ਹੀ ਵਾਲੇ ਹਨ। ਇਹ ਦੇਖ ਕੇ ਉਸ ਦੇ ਮਾਤਾ-ਪਿਤਾ ਬਹੁਤ ਨਾ ਉਮੀਦ ਹੋ ਕੇ ਘਬਰਾਉਣ ਲਗੇ। ਬੱਚੇ ਨੂੰ ਆਮ ਤੌਰ 'ਤੇ ਥੋੜ੍ਹੀ ਬੇਹੋਸ਼ੀ ਤਾਂ ਜ਼ਰੂਰ ਆ ਜਾਂਦੀ ਸੀ, ਪਰ ਇਹ ਬੇਹੋਸ਼ੀ ਬਹੁਤ ਦੇਰ ਤੱਕ ਰਹੀ। ਮਾਂ ਦੀਆਂ ਅੱਖਾਂ ਵਿਚੋਂ ਅਥਰੂਆਂ ਦੀ ਧਾਰ ਵੱਗ ਰਹੀ ਸੀ ਅਤੇ ਉਹ ਦੁੱਖੀ ਹੋ ਕੇ ਵਿਰਲਾਪ ਕਰਨ ਲਗੀ ਕਿ "ਮੈਂ ਇਹੋ ਜਿਹੀ ਹਾਲਤ ਵਿਚ ਹਾਂ, ਜਿਵੇਂ ਕਿ ਇਕ ਆਦਮੀ, ਚੋਰਾਂ ਦੇ ਡਰ ਨਾਲ ਦੌੜ ਕੇ ਕਿਸੇ ਘਰ ਵਿਚ ਦਾਖਲ ਹੋ ਜਾਏ ਅਤੇ ਉਹ ਘਰ ਹੀ ਉਸ ਦੇ ਉਪਰ ਡਿਗ ਪਏ", ਤਾਂ ਬਾਬਾ ਨੇ ਤਸੱਲੀ ਦਿੰਦੇ ਹੋਏ ਕਿਹਾ, "ਇਸ ਤਰ੍ਹਾਂ ਵਿਰਲਾਪ ਨਾ ਕਰੋ ਧੀਰਜ ਰੱਖੋ। ਬੱਚੇ ਨੂੰ ਆਪਣੇ ਨਿਵਾਸ ਸਥਾਨ 'ਤੇ ਲੈ ਜਾਉ। ਉਹ ਅੱਧੇ ਘੰਟੇ ਦੇ ਬਾਅਦ ਹੋਸ਼ ਵਿਚ ਆ ਜਾਏਗਾ। ਤਾਂ ਉਨ੍ਹਾਂ ਨੇ ਬਾਬਾ ਦੀ ਆਗਿਆ ਦਾ ਉਸੇ ਵੇਲੇ ਪਾਲਣ ਕੀਤਾ। ਬਾਬਾ ਦੇ ਵੱਚਣ ਸੱਚ ਹੋਏ। ਜਿਵੇਂ ਹੀ ਉਸ ਨੂੰ ਵਾੜੇ ਵਿਚ ਲਿਆਏ ਬੱਚਾ ਠੀਕ ਹੋ ਗਿਆ ਅਤੇ ਪਿਤਲੇ ਪਰਿਵਾਰ—ਪਤੀ, ਪਤਨੀ ਅਤੇ ਹੋਰ ਸਭ ਲੋਕਾਂ ਨੂੰ ਬਹੁਤ ਖੁਸ਼ੀ ਹੋਈ ਅਤੇ ਉਨ੍ਹਾਂ ਦਾ ਭੁਲੇਖਾ ਦੂਰ ਹੋ ਗਿਆ। ਸ੍ਰੀ ਪਿਤਲੇ ਆਪਣੀ ਧਰਮ ਪਤਨੀ ਨਾਲ ਬਾਬਾ ਦੇ ਦਰਸ਼ਨ ਕਰਨ ਲਈ ਆਏ ਅਤੇ ਬਹੁਤ ਨਿਮਰਤਾ ਅਤੇ ਆਦਰ ਨਾਲ ਚਰਣ-ਵੰਦਨਾ ਕਰ ਕੇ ਪਾਦ ਸੇਵਨ ਕਰਨ ਲੱਗੇ। ਮਨ ਹੀ ਮਨ ਉਹ ਬਾਬਾ ਦਾ ਧੰਨਵਾਦ ਕਰ ਰਹੇ ਸੀ। ਤਾਂ ਬਾਬਾ ਨੇ ਮੁਸਕਰਾ ਕੇ ਕਿਹਾ ਕਿ "ਕੀ ਤੁਹਾਡੇ ਸਾਰੇ ਵਿਚਾਰ ਅਤੇ ਸ਼ਕ ਮਿਟ ਗਏ। ਜਿਨ੍ਹਾਂ ਨੂੰ ਵਿਸ਼ਵਾਸ ਅਤੇ ਧੀਰਜ ਹੈ, ਉਨ੍ਹਾਂ ਦੀ ਰੱਖਿਆ ਸ੍ਰੀ ਹਰੀ ਜ਼ਰੂਰ ਕਰਨਗੇ।" ਸ੍ਰੀ ਪਿਤਲੇ ਇਕ ਅਮੀਰ ਆਦਮੀ ਸਨ, ਇਸ ਲਈ ਉਨ੍ਹਾਂ ਨੇ ਬਹੁਤ ਸਾਰੀ ਮਿਠਿਆਈ ਵੰਡੀ ਅਤੇ ਉੱਤਮ ਫਲ ਅਤੇ ਪਾਨ-ਬੀੜੇ ਬਾਬਾ ਨੂੰ ਭੇਟ ਕੀਤੇ। ਸ੍ਰੀਮਤੀ ਪਿਤਲੇ ਧਾਰਮਿਕ ਸੁਭਾਅ ਵਾਲੀ ਔਰਤ ਸੀ। ਉਹ ਇਕ ਥਾਂ 'ਤੇ ਬੈਠ ਕੇ ਬਾਬਾ ਵੱਲ ਪ੍ਰੇਮ ਭਰੀ ਨਜ਼ਰ ਨਾਲ ਦੇਖਦੀ ਸੀ। ਉਸ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਅੱਥਰੂ ਡਿੱਗਦੇ ਸੀ। ਉਸ ਦਾ ਸੁੰਦਰ ਅਤੇ ਸਿੱਧਾ ਸਾਦਾ ਸੁਭਾਅ ਦੇਖ ਕੇ ਬਾਬਾ ਬਹੁਤ ਪ੍ਰਸੰਨ ਹੋਏ। ਈਸ਼ਵਰ ਦੇ ਵਾਂਗ ਹੀ ਸੰਤ ਵੀ ਭਗਤਾਂ ਦੇ ਵਸ ਹਨ। ਜਿਹੜੇ ਉਨ੍ਹਾਂ ਦੀ ਸ਼ਰਨ ਵਿਚ ਜਾ ਕੇ ਇਕ ਚਿਤ ਹੋ ਕੇ ਉਨ੍ਹਾਂ ਦੀ ਪੂਜਾ ਕਰਦੇ ਹਨ। ਸੰਤ ਉਨ੍ਹਾਂ ਦੀ ਰੱਖਿਆ ਕਰਦੇ ਹਨ। ਸ਼ਿਰਡੀ ਵਿਚ ਕੁਝ ਦਿਨ ਸੁੱਖ ਨਾਲ ਗੁਜ਼ਾਰ ਕੇ ਪਿਤਲੇ ਪਰਿਵਾਰ ਨੇ ਬਾਬਾ ਕੋਲ ਮਸਜਿਦ ਵਿਚ ਜਾ ਕੇ ਅਤੇ ਚਰਣ-ਵੰਦਨਾ ਕਰ ਸ਼ਿਰਡੀ ਤੋਂ ਜਾਣ ਦੀ ਆਗਿਆ ਮੰਗੀ। ਬਾਬਾ ਨੇ ਉਨ੍ਹਾਂ ਨੂੰ ਉਦੀ ਦੇ ਕੇ ਆਸ਼ੀਰਵਾਦ ਦਿੱਤਾ। ਪਿਤਲੇ ਨੂੰ ਕੋਲ ਬੁਲਾ ਕੇ ਉਹ ਕਹਿਣ ਲੱਗੇ "ਬਾਪੂ! ਪਹਿਲੇ ਮੈਂ ਤੈਨੂੰ ਦੋ ਰੁਪਏ ਦਿੱਤੇ ਸੀ ਅਤੇ ਹੁਣ ਮੈਂ ਤੈਨੂੰ ਤਿੰਨ ਰੁਪਏ ਦਿੰਦਾ ਹਾਂ। ਇਨ੍ਹਾਂ ਨੂੰ ਆਪਣੇ ਪੂਜਾ-ਘਰ ਵਿਚ ਰੱਖ ਕੇ ਰੋਜ਼ ਇਨ੍ਹਾਂ ਦੀ ਪੂਜਾ ਕਰੋ। ਇਸ ਨਾਲ ਤੁਹਾਡਾ ਭਲਾ ਹੋਏਗਾ।" ਸ੍ਰੀ ਪਿਤਲੇ ਨੇ ਉਨ੍ਹਾਂ ਨੂੰ ਪ੍ਰਸ਼ਾਦ ਸਰੂਪ ਗ੍ਰਹਿਣ ਕਰਕੇ, ਬਾਬਾ ਨੂੰ ਫੇਰ ਸ਼ਸ਼ਟਾਂਗ ਪ੍ਰਨਾਮ ਕੀਤਾ ਅਤੇ ਅਸੀਸਾਂ ਦੇਣ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਨੂੰ ਇਹ ਵਿਚਾਰ ਵੀ ਆਇਆ ਕਿ ਪਹਿਲਾ ਮੌਕਾ ਹੋਣ ਦੇ ਕਾਰਨ ਮੈਂ ਇਸ ਦਾ ਅਰਥ ਸਮਝਣ ਦੇ ਯੋਗ ਨਹੀਂ ਹਾਂ ਕਿ ਦੋ ਰੁਪਏ ਬਾਬਾ ਨੇ ਮੈਨੂੰ ਕਦੋਂ

ਦਿੱਤੇ ਸੀ।

ਉਹ ਇਸ ਗੱਲ ਦਾ ਹੱਲ ਚਾਹੁੰਦੇ ਸੀ, ਪਰ ਬਾਬਾ ਚੁੱਪ ਹੀ ਰਹੇ। ਬੰਬਈ ਪਹੁੰਚ ਕੇ ਉਨ੍ਹਾਂ ਨੇ ਆਪਣੀ ਬਜ਼ੁਰਗ ਮਾਂ ਨੂੰ ਸ਼ਿਰਡੀ ਦੀ ਗੱਲ ਵਿਸਥਾਰ ਵਿਚ ਸੁਣਾਈ ਅਤੇ ਦੋ ਰੁਪਇਆ ਦਾ ਮਸਲਾ ਵੀ ਉਨ੍ਹਾਂ ਨੂੰ ਦੱਸਿਆ। ਉਨ੍ਹਾਂ ਦੀ ਮਾਂ ਨੂੰ ਵੀ ਪਹਿਲੇ ਤਾਂ ਕੁਝ ਸਮਝ ਨਹੀਂ ਆਇਆ, ਪਰ ਪੂਰੀ ਤਰ੍ਹਾਂ ਵਿਚਾਰ ਕਰਨ ਨਾਲ ਉਨ੍ਹਾਂ ਨੂੰ ਇਕ ਪੁਰਾਣੀ ਘਟਨਾ ਯਾਦ ਆ ਗਈ, ਜਿਸ ਨਾਲ ਇਹ ਮਸਲਾ ਹਲ ਹੋ ਗਿਆ। ਉਨ੍ਹਾਂ ਦੀ ਬਜ਼ੁਰਗ ਮਾਂ ਕਹਿਣ ਲਗੀ ਕਿ, "ਜਿਸ ਤਰ੍ਹਾਂ ਤੂੰ ਆਪਣੇ ਪੁੱਤਰ ਨੂੰ ਲੈ ਕੇ ਸ੍ਰੀ ਸਾਈਂ ਬਾਬਾ ਦੇ ਦਰਸ਼ਣਾਂ ਲਈ ਗਿਆ ਸੀ, ਠੀਕ ਉਸ ਤਰ੍ਹਾਂ ਤੈਨੂੰ ਲੈ ਕੇ ਤੇਰੇ ਪਿਤਾ ਬਹੁਤ ਸਾਲ ਪਹਿਲੇ ਅਕਲਕੋਟ ਮਹਾਰਾਜ ਦੇ ਦਰਸ਼ਨਾਂ ਲਈ ਗਏ ਸੀ, ਮਹਾਰਾਜ ਪੂਰਨ ਸਿੱਧ, ਯੋਗੀ, ਤ੍ਰਿਕਾਲ ਗਿਆਨੀ ਅਤੇ ਬਹੁਤ ਦਿਆਲੂ ਸਨ। ਤੇਰੇ ਪਿਤਾ ਉਨ੍ਹਾਂ ਦੇ ਪਰਮ ਭਗਤ ਸੀ। ਇਸ ਕਾਰਨ ਉਨ੍ਹਾਂ ਦੀ ਪੂਜਾ ਮਨਜ਼ੂਰ ਹੋਈ। ਤਾਂ ਮਹਾਰਾਜ ਨੇ ਉਨ੍ਹਾਂ ਨੂੰ ਪੂਜਾ ਲਈ ਦੋ ਰੁਪਏ ਦਿੱਤੇ ਸੀ, ਜਿਨ੍ਹਾਂ ਦੀ ਉਨ੍ਹਾਂ ਨੇ ਜੀਵਨ ਭਰ ਪੂਜਾ ਕੀਤੀ। ਉਨ੍ਹਾਂ ਦੇ ਮਗਰੋਂ ਇਨ੍ਹਾਂ ਰੁਪਇਆਂ ਦੀ ਪੂਜਾ ਠੀਕ ਤਰ੍ਹਾਂ ਨਾਲ ਨਹੀਂ ਹੋ ਸਕੀ ਅਤੇ ਉਹ ਗੁਆਚ ਗਏ। ਕੁਝ ਦਿਨ ਦੇ ਬਾਅਦ ਉਨ੍ਹਾਂ ਦੀ ਪੂਰੀ ਤਰ੍ਹਾਂ ਯਾਦ ਭੁੱਲ ਗਈ। ਤੁਹਾਡੀ ਚੰਗੀ ਕਿਸਮਤ ਹੈ, ਜਿਹੜਾਂ ਸ੍ਰੀ ਅਕਲਕੋਟ ਮਹਾਰਾਜ ਨੇ ਸਾਈਂ ਰੂਪ ਵਿਚ ਤੁਹਾਨੂੰ ਆਪਣੇ ਕਰਤੱਵ ਅਤੇ ਪੂਜਾ ਦੀ ਯਾਦ ਕਰਵਾ ਕੇ ਮੁਸੀਬਤਾਂ ਤੋਂ ਆਜ਼ਾਦ ਕਰ ਦਿੱਤਾ ਹੈ। ਹੁਣ ਭਵਿੱਖ ਵਿਚ ਸੁਚੇਤ ਰਹਿ ਕੇ ਸਾਰੇ ਭਰਮ ਭੁਲੇਖੇ ਅਤੇ ਸੋਚ ਵਿਚਾਰ ਛੱਡ ਕੇ ਆਪਣੇ ਵਡੇਰਿਆਂ ਨੂੰ ਯਾਦ ਕਰਕੇ ਰਿਵਾਜ਼ਾ ਨੂੰ ਅਪਨਾਉ ਉੱਤਮ ਤਰ੍ਹਾਂ ਦਾ ਆਚਰਣ ਕਰੋ। ਆਪਣੇ ਕੁਲ ਦੇਵਤਾ ਅਤੇ ਇਨ੍ਹਾਂ ਰੁਪਇਆਂ ਦੀ ਪੂਜਾ ਕਰ ਕੇ ਉਨ੍ਹਾਂ ਦੇ ਅਸਲੀ ਸਰੂਪ ਨੂੰ ਸਮਝੋ ਅਤੇ ਸੰਤਾਂ ਦਾ ਆਸ਼ੀਰਵਾਦ ਲੈਣ ਵਿਚ ਮਾਨ ਸਮਝੋ। ਸ੍ਰੀ ਸਾਈਂ ਸਮਰੱਥ ਨੇ ਦਯਾ ਕਰਕੇ ਤੁਹਾਡੇ ਦਿਲ ਵਿਚ ਭਗਤੀ ਦਾ ਬੀ ਬੀਜ ਦਿੱਤਾ ਹੈ ਅਤੇ ਹੁਣ ਤੇਰਾ ਫਰਜ਼ ਹੈ ਕਿ ਤੂੰ ਉਸ ਵਿਚ ਵਾਧਾ ਕਰੇਂ।" ਮਾਂ ਦੇ ਸੁੰਦਰ ਅੰਮ੍ਰਿਤ ਵਚਨਾਂ ਦਾ ਪਾਨ ਕਰ ਕੇ ਸ੍ਰੀ ਪਿਤਲੇ ਨੂੰ ਬਹੁਤ ਖੁਸ਼ੀ ਹੋਈ। ਉਨ੍ਹਾਂ ਨੂੰ ਬਾਬਾ ਦੀ ਸਰਵ ਕਾਲ ਗਿਆਤਾ ਪਤਾ ਲੱਗ ਗਈ ਅਤੇ ਉਨ੍ਹਾਂ ਦੇ ਸ੍ਰੀ ਦਰਸ਼ਨ ਦਾ ਮਹੱਤਵ ਵੀ ਪਤਾ ਲੱਗ ਗਿਆ। ਇਸ ਤੋਂ ਬਾਅਦ ਉਹ ਆਪਣੇ ਵਿਹਾਰ ਵਿਚ ਬਹੁਤ ਸਾਵਧਾਨ ਹੋ ਗਏ।

## ਸ੍ਰੀ ਆਂਬਡੇਕਰ

ਪੂਨੇ ਦੇ ਸ੍ਰੀ ਗੋਪਾਲ ਨਰਾਇਣ ਆਂਬਡੇਕਰ ਬਾਬਾ ਦੇ ਪਰਮ ਭਗਤਾਂ ਵਿਚੋਂ ਸੀ, ਜਿਹੜੇ ਠਾਣੇ ਜ਼ਿਲ੍ਹੇ ਅਤੇ ਜਵਾਹਰ ਸਟੇਟ ਦੇ ਆਬਕਾਰੀ ਵਿਭਾਗ ਵਿਚ ਦਸ ਸਾਲਾਂ ਤੋਂ ਕੰਮ ਕਰਦੇ ਸੀ। ਉਥੋਂ ਸੇਵਾਮੁਕਤ ਹੋਣ ਤੇ ਉਨ੍ਹਾਂ ਨੇ ਹੋਰ ਨੌਕਰੀ ਲੱਭੀ, ਪਰ ਉਹ ਸਫਲ ਨਹੀਂ ਹੋਏ। ਤਾਂ ਉਨ੍ਹਾਂ ਨੂੰ ਬਦਕਿਸਮਤੀ ਨੇ ਚਾਰੋਂ ਪਾਸਿਆਂ ਤੋਂ ਘੇਰ ਲਿਆ, ਜਿਸ ਨਾਲ ਉਨ੍ਹਾਂ ਦੀ ਮਾਲੀ ਹਾਲਤ ਹੋਰ ਵੀ ਤਰਸਯੋਗ ਹੋ ਗਈ। ਇਸ ਹਾਲਾਤ ਵਿਚ ਉਨ੍ਹਾਂ ਨੇ ਸਤ ਸਾਲ ਗੁਜ਼ਾਰੇ। ਉਹ ਹਰ ਸਾਲ ਸ਼ਿਰਡੀ ਜਾਂਦੇ ਅਤੇ ਆਪਣੀ ਦੁੱਖ ਭਰੀ ਕਹਾਣੀ ਬਾਬਾ ਨੂੰ

ਸੁਣਾਉਂਦੇ ਸੀ। ਸੰਨ 1916 ਵਿਚ ਤਾਂ ਉਨ੍ਹਾਂ ਦੀ ਹਾਲਤ ਹੋਰ ਵੀ ਚਿੰਤਾ ਵਾਲੀ ਹੋ ਗਈ। ਤਾਂ ਉਨ੍ਹਾਂ ਨੇ ਸ਼ਿਰਡੀ ਜਾ ਕੇ ਆਤਮਹਤਿਆ ਕਰਨ ਦੀ ਠਾਨ ਲਈ। ਇਸ ਲਈ ਉਹ ਆਪਣੀ ਪਤਨੀ ਨੂੰ ਨਾਲ ਲੈ ਕੇ ਸ਼ਿਰਡੀ ਆਏ ਅਤੇ ਉਥੇ ਦੋ ਮਹੀਨੇ ਠਹਿਰੇ। ਇਕ ਰਾਤ ਨੂੰ ਦਿਕਸ਼ਿਤ ਵਾੜੇ ਦੇ ਸਾਮਹਣੇ ਇਕ ਬੈਲ ਗੱਡੀ ਉੱਪਰ ਬੈਠੇ-ਬੈਠੇ ਉਨ੍ਹਾਂ ਨੇ ਖੂਹ ਵਿਚ ਛਾਲ ਮਾਰ ਕੇ ਆਪਣੇ ਪ੍ਰਾਣ ਦੇਣ ਦਾ ਅਤੇ ਬਾਬਾ ਨੇ ਉਨ੍ਹਾਂ ਦੀ ਰੱਖਿਆ ਕਰਨ ਦਾ ਇਰਾਦਾ ਕੀਤਾ। ਉਥੇ ਨੇੜੇ ਹੀ ਇਕ ਢਾਬੇ ਦੇ ਮਾਲਕ ਸ੍ਰੀ ਸਗੁਣ ਮੇਰੂ ਨਾਇਕ ਠੀਕ ਉਸ ਵੇਲੇ ਬਾਹਰ ਆ ਕੇ ਉਨ੍ਹਾਂ ਨਾਲ ਇਸ ਤਰ੍ਹਾਂ ਗੱਲ-ਬਾਤ ਕਰਨ ਲੱਗੇ ਕਿ " ਕੀ ਤੁਸੀਂ ਕਦੀ ਸ੍ਰੀ ਅਕਲਕੋਟ ਮਹਾਰਾਜ ਦੀ ਜੀਵਨੀ ਪੜ੍ਹੀ ਹੈ? ਸਗੁਣ ਕੋਲੋਂ ਕਿਤਾਬ ਲੈ ਕੇ ਉਨ੍ਹਾਂ ਨੇ ਪੜ੍ਹਨਾ ਸ਼ੁਰੂ ਕਰ ਦਿੱਤਾ। ਕਿਤਾਬ ਪੜ੍ਹਦੇ-ਪੜ੍ਹਦੇ ਉਹ ਇਕ ਏਦਾਂ ਦੀ ਕਥਾ ਤੇ ਪਹੁੰਚੇ, ਜਿਹੜੀ ਇਸ ਤਰ੍ਹਾਂ ਸੀ—ਸ੍ਰੀ ਅਕਲਕੋਟ ਮਹਾਰਾਜ ਦੇ ਜੀਵਨ ਵਿਚ ਇਕ ਆਦਮੀ ਲਾਇਲਾਜ ਰੋਗ ਨਾਲ ਦੁੱਖੀ ਸੀ। ਜਦੋਂ ਉਹ ਕਿਸੇ ਤਰ੍ਹਾਂ ਵੀ ਤਕਲੀਫ਼ ਸਹਿਣ ਨਹੀਂ ਕਰ ਸਕਿਆ ਤਾਂ ਉਹ ਬਿਲਕੁਲ ਨਾ-ਉਮੀਦ ਹੋ ਗਿਆ ਅਤੇ ਇਕ ਰਾਤ ਨੂੰ ਖੂਹ ਵਿਚ ਛਾਲ ਮਾਰ ਦਿੱਤੀ। ਉਸੇ ਵੇਲੇ ਹੀ ਮਹਾਰਾਜ ਉਥੇ ਪਹੁੰਚ ਗਏ ਅਤੇ ਉਨ੍ਹਾਂ ਨੇ ਆਪ ਆਪਣੇ ਹੱਥਾਂ ਨਾਲ ਉਸ ਨੂੰ ਬਾਹਰ ਕਢਿਆ। ਉਹ ਉਸ ਨੂੰ ਸਮਝਾਉਣ ਲੱਗੇ ਕਿ,

ਇਹ ਠੀਕ ਵਕਤ ਅਤੇ ਮੁਨਾਸਿਬ ਕਥਾ ਪੜ੍ਹ ਕੇ ਆਂਬਡੇਕਰ ਨੂੰ ਬਹੁਤ ਹੈਰਾਨੀ ਹੋਈ ਅਤੇ ਉਹ ਭਾਵੁਕ ਹੋ ਗਏ।

ਜੇ ਇਸ ਕਥਾ ਨਾਲ ਉਨ੍ਹਾਂ ਨੂੰ ਬਾਬਾ ਦਾ ਇਸ਼ਾਰਾ ਨਾ ਮਿਲਦਾ ਤਾਂ ਹੁਣ ਤੱਕ ਉਨ੍ਹਾਂ ਦੇ ਪ੍ਰਾਣਾਂ ਦਾ ਅੰਤ ਹੀ ਹੋ ਗਿਆ ਹੁੰਦਾ। ਬਾਬਾ ਦੀ ਵਿਆਪਕਤਾ ਅਤੇ ਦਿਆਲੂਤਾ ਦੇਖ ਕੇ ਉਨ੍ਹਾਂ ਦਾ ਵਿਸ਼ਵਾਸ ਪੱਕਾ ਹੋ ਗਿਆ ਅਤੇ ਉਹ ਬਾਬਾ ਦੇ ਪਰਮ ਭਗਤ ਬਣ ਗਏ। ਉਨ੍ਹਾਂ ਦੇ ਪਿਤਾ ਅਕਲਕੋਟ ਮਹਾਰਾਜ ਦੇ ਚੇਲੇ ਸੀ ਅਤੇ ਬਾਬਾ ਦੀ ਮਰਜ਼ੀ ਉਨ੍ਹਾਂ ਨੂੰ ਉਸ ਰਸਤੇ ਤੇ ਚਲਾਉਣ ਦੀ ਸੀ। ਬਾਬਾ ਨੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ ਅਤੇ ਹੁਣ ਉਨ੍ਹਾਂ ਦੀ ਕਿਸਮਤ ਚਮਕ ਗਈ। ਉਨ੍ਹਾਂ ਨੇ ਜੋਤਿਸ਼ ਵਿੱਦਿਆ ਦੇ ਅਧਿਅਨ ਵਿਚ ਨਿਪੁੰਨਤਾ ਪ੍ਰਾਪਤ ਕਰ ਕੇ ਉਸ ਵਿਚ ਬਹੁਤ ਤਰੱਕੀ ਕਰ ਲਈ ਅਤੇ ਬਹੁਤ ਸਾਰਾ ਧਨ ਇਕੱਠਾ ਕਰਕੇ ਆਪਣਾ ਬਾਕੀ ਜੀਵਨ ਸੁੱਖ ਅਤੇ ਸ਼ਾਂਤੀ ਨਾਲ ਬਿਤਾਇਆ।







# ॥ ਅਧਿਆਇ-27 ॥

***ਭਾਗਵਤ ਅਤੇ ਵਿਸ਼ਨੂੰਸਹਸਰਨਾਮ ਪ੍ਰਦਾਨ ਕਰਨਾ, ਗੀਤਾ ਭੇਦ, ਦਾਦਾ ਸਾਹਿਬ ਖਾਪਰਡੇ।***

ਇਸ ਅਧਿਆਇ ਵਿਚ ਦਸਿਆ ਗਿਆ ਹੈ ਕਿ ਸ੍ਰੀ ਸਾਈਂਬਾਬਾ ਨੇ ਕਿਸ ਤਰ੍ਹਾਂ ਧਾਰਮਿਕ ਗ੍ਰੰਥਾਂ ਨੂੰ ਆਪਣੀ ਛੋਹ ਲਾਲ ਪਵਿੱਤਰ ਕਰਕੇ ਭਗਤਾਂ ਨੂੰ ਪਾਠ ਕਰਨ ਲਈ ਦੇ ਕੇ ਮਸ਼ਕੂਰ ਕੀਤਾ ਅਤੇ ਹੋਰ ਵੀ ਕਈ ਘਟਨਾਵਾਂ ਦਾ ਵਰਨਣ ਕੀਤਾ ਗਿਆ ਹੈ।

ਆਮ ਲੋਕਾਂ ਦਾ ਵਿਸ਼ਵਾਸ ਹੈ ਕਿ ਸਮੁੰਦਰ ਵਿਚ ਇਸ਼ਨਾਨ ਕਰ ਲੈਣ ਨਾਲ ਹੀ ਸਾਰੇ ਤੀਰਥਾਂ ਅਤੇ ਪਵਿੱਤਰ ਨਦੀਆਂ ਵਿਚ ਇਸ਼ਨਾਨ ਕਰਨ ਦਾ ਪੁੰਨ ਮਿਲ ਜਾਂਦਾ ਹੈ। ਠੀਕ ਇਸ ਤਰ੍ਹਾਂ ਸਤਿਗੁਰੂ ਦੇ ਚਰਣਾਂ ਦਾ ਆਸਰਾ ਲੈਣ ਨਾਲ ਹੀ ਤਿੰਨਾਂ ਸ਼ਕਤੀਆਂ (ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼) ਅਤੇ ਪਾਰਬ੍ਰਹਮ ਨੂੰ ਨਮਸਕਾਰ ਕਰਨ ਦਾ ਫਲ ਸਹਿਜੇ ਹੀ ਮਿਲ ਜਾਂਦਾ ਹੈ। ਸ੍ਰੀ ਸਚਿਦਾਨੰਦ ਸਾਈਂ ਮਹਾਰਾਜ ਦੀ ਜੈ ਹੋਵੇ! ਉਹ ਤਾਂ ਭਗਤਾਂ ਦੀਆਂ ਮਨੋਕਾਮਨਾ ਪੂਰੀਆਂ ਕਰਨ ਵਾਲੇ, ਦਯਾ ਦੇ ਸਾਗਰ ਅਤੇ ਪ੍ਰਭੂ-ਦਰਸ਼ਨ ਕਰਾਉਣ ਵਾਲੇ ਹਨ। ਹੇ ਸਾਈਂ! ਤੁਸੀਂ ਆਪਣੀਆਂ ਕਥਾਵਾਂ ਦੇ ਸਰਵਣ ਵਿਚ ਮੇਰੀ ਸ਼ਰਧਾ ਜਗਾ ਦਿਉ। ਬੱਦਲਾਂ ਦੀ ਗਰਜ਼ ਅਤੇ ਮੀਂਹ ਦੇ ਮੌਸਮ ਵਿਚ ਜਿਸ ਤਰ੍ਹਾਂ ਚਾਤਕ ਪੰਛੀ ਬੱਦਲਾਂ ਵਿਚੋਂ ਪਾਣੀ ਦੀ ਇਕ ਬੂੰਦ ਪੀ ਕੇ ਖੁਸ਼ ਹੋ ਜਾਂਦਾ ਹੈ, ਉਸੇ ਤਰ੍ਹਾਂ ਆਪਣੀਆਂ ਕਥਾਵਾਂ ਦੇ ਸਾਰ ਵਿਚੋਂ ਪ੍ਰਗਟ ਜਲ ਦੀ ਬੂੰਦ ਦਾ ਹਜ਼ਾਰਵਾਂ ਹਿੱਸਾ ਦੇ ਦਿਉ, ਜਿਸ ਨਾਲ ਪਾਠਕਾਂ ਅਤੇ ਸਰੋਤਿਆਂ ਦੇ ਦਿਲ ਤ੍ਰਿਪਤ ਹੋ ਕੇ ਖੁਸ਼ੀ ਨਾਲ ਭਰ ਜਾਣ। ਸਰੀਰ ਵਿਚੋਂ ਪਸੀਨਾ ਨਿਕਲਣ ਲਗੇ, ਅਥਰੂਆਂ ਨਾਲ ਅੱਖਾਂ ਭਰ ਜਾਣ, ਪ੍ਰਾਣ ਟਿੱਕ ਕੇ ਚਿੱਤ ਇਕਾਗਰ ਹੋ ਜਾਏ ਅਤੇ ਪਲ-ਪਲ ਤੇ ਰੋਂਗਟੇ ਖੜ੍ਹੇ ਹੋ ਜਾਣ, ਇਸ ਤਰ੍ਹਾਂ ਦਾ ਧਾਰਮਿਕ ਭਾਵ ਸਾਰਿਆਂ ਵਿਚ ਜਗਾ ਦਿਉ। ਆਪਸੀ ਦੁਸ਼ਮਨੀ ਅਤੇ ਜਾਤ-ਪਾਤ ਦਾ ਭੇਦ-ਭਾਵ ਮਿੱਟਾ ਦਿਉ, ਜਿਸ ਨਾਲ ਤੁਹਾਡੀ ਭਗਤੀ ਵਿਚ ਸਿਸਕਣ, ਚੀਕਨ ਅਤੇ ਕੰਬਨ। ਜੇ ਇਹ ਸਾਰੇ ਭਾਵ ਪੈਦਾ ਹੋਣ ਲਗਣ ਤਾਂ ਇਸ ਨੂੰ ਗੁਰੂ-ਕ੍ਰਿਪਾ ਦੇ ਲੱਛਣ ਸਮਝੋ। ਇਨ੍ਹਾਂ ਭਾਵਾਂ ਨੂੰ ਮਨ-ਬੁੱਧੀ ਵਿਚ ਪੈਦਾ ਹੋਇਆ ਦੇਖ ਕੇ ਗੁਰੂ ਬਹੁਤ ਖੁਸ਼ ਹੋ ਕੇ ਤੁਹਾਨੂੰ ਪ੍ਰਭੂ-ਦਰਸ਼ਨ ਵੱਲ ਅੱਗੇ ਤੋਰ ਦੇਣਗੇ।

। ਸਾਰੇ ਪ੍ਰਾਣੀਆਂ ਅਤੇ ਭੂਤਾਂ ਵਿਚ ਈਸ਼ਵਰ ਦਾ ਦਰਸ਼ਨ ਕਰਨ ਦੇ ਯੋਗ ਬਣਾਉਣ ਦੀ ਸ਼ਕਤੀ ਕੇਵਲ ਉਨ੍ਹਾਂ ਵਿਚ ਹੈ।

## ਪਵਿੱਤਰ ਗ੍ਰੰਥਾਂ ਦਾ ਪ੍ਰਦਾਨ

ਪਿੱਛਲੇ ਅਧਿਆਇ ਵਿਚ ਬਾਬਾ ਦੀ ਉਪਦੇਸ਼ ਦੇਣ ਦੀ ਨਵੀਨਤਾ ਪਤਾ ਲਗ ਚੁੱਕੀ ਹੈ। ਇਸ ਅਧਿਆਇ ਵਿਚ ਉਸ ਦੀ ਇਕ ਉਦਾਹਰਣ ਦਾ ਹੀ ਵਰਨਣ ਕਰਾਂਗੇ। ਭਗਤਾਂ ਨੂੰ ਜਿਸ ਖ਼ਾਸ ਗ੍ਰੰਥ ਦਾ ਪਾਠ ਕਰਨਾ



ਹੁੰਦਾ ਸੀ, ਉਸ ਨੂੰ ਉਹ ਬਾਬਾ ਦੇ ਕਰਕਮਲਾਂ ਵਿਚ ਭੇਟ ਕਰ ਦਿੰਦੇ ਸੀ ਅਤੇ ਜੇ ਬਾਬਾ ਉਸ ਨੂੰ ਆਪਣੇ ਕਰਕਮਲਾਂ ਨਾਲ ਛੂਹ ਕੇ ਵਾਪਸ ਕਰ ਦਿੰਦੇ ਤਾਂ ਉਹ ਉਸ ਨੂੰ ਸਵੀਕਾਰ ਕਰ ਲੈਂਦੇ ਸੀ। ਉਨ੍ਹਾਂ ਦੀ ਇਹ ਭਾਵਨਾ ਹੋ ਜਾਂਦੀ ਸੀ ਕਿ ਏਦਾਂ ਦੇ ਗ੍ਰੰਥ ਦਾ ਜੇ ਰੋਜ਼ ਪਾਠ ਕੀਤਾ ਜਾਏਗਾ ਤਾਂ ਬਾਬਾ ਹਮੇਸ਼ਾਂ ਉਨ੍ਹਾਂ ਦੇ ਨਾਲ ਹੀ ਹੋਣਗੇ। ਇਕ ਵਾਰੀ ਕਾਕਾ ਮਹਾਜਨੀ ਸ੍ਰੀ ਏਕਨਾਥੀ ਭਾਗਵਤ ਲੈ ਕੇ ਸ਼ਿਰਡੀ ਆਏ। ਸ਼ਾਮਾ ਨੇ ਇਹ ਗ੍ਰੰਥ ਅਧਿਅਨ ਦੇ ਲਈ ਉਨ੍ਹਾਂ ਕੋਲੋਂ ਲੈ ਲਿਆ ਅਤੇ ਉਸ ਨੂੰ ਲੈ ਕੇ ਉਹ ਮਸਜਿਦ ਵਿਚ ਪਹੁੰਚੇ। ਤਾਂ ਬਾਬਾ ਨੇ ਉਹ ਗ੍ਰੰਥ ਸ਼ਾਮਾ ਕੋਲੋਂ ਲੈ ਲਿਆ ਅਤੇ ਉਨ੍ਹਾਂ ਨੇ ਉਸ ਨੂੰ ਛੂਹ ਕੇ ਕੁਝ ਖ਼ਾਸ ਸਫ਼ਿਆਂ ਨੂੰ ਦੇਖ ਕੇ ਉਸ ਨੂੰ ਸਾਂਭ ਕੇ ਰੱਖਣ ਦੀ ਆਗਿਆ ਦੇ ਕੇ ਵਾਪਸ ਕਰ ਦਿੱਤਾ। ਸ਼ਾਮਾ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਗ੍ਰੰਥ ਤਾਂ ਕਾਕਾ ਸਾਹਿਬ ਦਾ ਹੈ ਅਤੇ ਉਨ੍ਹਾਂ ਨੂੰ ਇਹ ਵਾਪਸ ਕਰਨਾ ਹੈ। ਤਾਂ ਬਾਬਾ ਕਹਿਣ ਲਗੇ ਕਿ, “ਨਹੀਂ, ਨਹੀਂ ਇਹ ਗ੍ਰੰਥ ਤਾਂ ਮੈਂ ਤੁਹਾਨੂੰ ਦੇ ਰਿਹਾ ਹਾਂ। ਤੁਸੀਂ ਇਸ ਨੂੰ ਸਾਵਧਾਨੀ ਨਾਲ ਆਪਣੇ ਕੋਲ ਰਖੋ। ਇਹ ਤੁਹਾਨੂੰ ਬਹੁਤ ਉਪਯੋਗੀ ਸਿੱਧ ਹੋਵੇਗਾ।” ਕੁਝ ਦਿਨਾਂ ਬਾਅਦ ਕਾਕਾ ਮਹਾਜਨੀ ਫੇਰ ਸ੍ਰੀ ਏਕਨਾਥੀ ਭਾਗਵਤ ਦੀ ਦੂਸਰੀ ਪ੍ਰਤੀਲਿਪੀ ਲੈ ਕੇ ਆਏ ਅਤੇ ਬਾਬਾ ਦੇ ਕਰਕਮਲਾਂ ਵਿਚ ਭੇਟ ਕਰ ਦਿੱਤੀ, ਜਿਸ ਨੂੰ ਬਾਬਾ ਨੇ ਪ੍ਰਸਾਦ ਸਰੂਪ ਵਾਪਸ ਕਰਕੇ ਉਨ੍ਹਾਂ ਨੂੰ ਵੀ ਉਸ ਨੂੰ ਸਾਵਧਾਨੀ ਨਾਲ ਸਾਂਭ ਕੇ ਰੱਖਣ ਦੀ ਆਗਿਆ ਦਿੱਤੀ। ਨਾਲ ਹੀ ਬਾਬਾ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਇਹ ਤੁਹਾਨੂੰ ਉੱਤਮ ਹਾਲਤ ਵਿਚ ਪਹੁੰਚਾਉਣ ਵਿਚ ਮਦਦਗਾਰ ਸਿੱਧ ਹੋਵੇਗਾ। ਕਾਕਾ ਨੇ ਉਨ੍ਹਾਂ ਨੂੰ ਪ੍ਰਨਾਮ ਕਰਕੇ ਉਸ ਨੂੰ ਸਵੀਕਾਰ ਕਰ ਲਿਆ।

## ਸ਼ਾਮਾ ਅਤੇ ਵਿਸ਼ਨੂੰਸਹਸਰਨਾਮ

ਸ਼ਾਮਾ ਬਾਬਾ ਦੇ ਖ਼ਾਸ ਭਗਤ ਸੀ। ਇਸ ਕਰਕੇ ਬਾਬਾ ਉਨ੍ਹਾਂ ਨੂੰ ਇਕ ਅਜ਼ੀਬ ਢੰਗ ਨਾਲ ਵਿਸ਼ਨੂੰਸਹਸਰਨਾਮ ਪ੍ਰਸ਼ਾਦ ਰੂਪ ਵਿਚ ਦੇਣ ਦੀ ਕ੍ਰਿਪਾ ਕਰਨਾ ਚਾਹੁੰਦੇ ਸੀ। ਉਦੋਂ ਇਕ ਰਾਮਦਾਸੀ ਆ ਕੇ ਸ਼ਿਰਡੀ ਵਿਚ ਠਹਿਰਿਆ। ਉਹ ਰੋਜ਼ ਨਿਯਮ ਨਾਲ ਸਵੇਰੇ-ਸਵੇਰੇ ਉੱਠਦਾ ਅਤੇ ਹੱਥ ਮੂੰਹ ਧੋਣ ਦੇ ਬਾਅਦ ਇਸ਼ਨਾਨ ਕਰਕੇ ਭਗਵੇ ਕਪੜੇ ਪਾ ਕੇ ਅਤੇ ਸਰੀਰ ’ਤੇ ਭਸਮ ਲਗਾ ਕੇ ਵਿਸ਼ਨੂੰਸਹਸਰਨਾਮ ਦਾ ਜਾਪ ਕਰਦਾ ਹੁੰਦਾ ਸੀ ਅਤੇ ਆਮ ਇਨ੍ਹਾਂ ਗ੍ਰੰਥਾਂ ਨੂੰ ਹੀ ਪੜ੍ਹਦਾ ਹੁੰਦਾ ਸੀ। ਕੁਝ ਦਿਨਾਂ ਬਾਅਦ ਬਾਬਾ ਨੇ ਸ਼ਾਮਾ ਨੂੰ ਵੀ ਵਿਸ਼ਨੂੰਸਹਸਰਨਾਮ ਤੋਂ ਜਾਣੂ ਕਰਾਉਣ ਦਾ ਵਿਚਾਰ ਕਰਕੇ ਰਾਮਦਾਸੀ ਨੂੰ ਆਪਣੇ ਕੋਲ ਬੁੱਲਾ ਕੇ ਉਸ ਨੂੰ ਕਿਹਾ ਕਿ ਮੇਰੇ ਢਿੱਡ ਵਿਚ ਬਹੁਤ ਪੀੜ ਹੋ ਰਹੀ ਹੈ ਅਤੇ ਜਦੋਂ ਤੱਕ ਮੈਂ ਸੋਨਾਮੁੱਖੀ ਦਾ ਸੇਵਨ ਨਹੀਂ ਕਰਾਂਗਾ, ਉਦੋਂ ਤੱਕ ਮੇਰਾ ਦਰਦ ਦੂਰ ਨਹੀਂ ਹੋਏਗਾ। ਤਾਂ ਰਾਮਦਾਸੀ ਨੇ ਆਪਣਾ ਪਾਠ ਮੁਲਤਵੀ ਕਰ ਦਿੱਤਾ ਅਤੇ ਉਹ ਦਵਾਈ ਲੈਣ ਬਜ਼ਾਰ ਚਲਾ ਗਿਆ। ਉਸੇ ਵੇਲੇ ਬਾਬਾ ਆਪਣੇ ਆਸਨ ਤੋਂ ਉਠੇ ਅਤੇ ਜਿਥੇ ਉਹ ਪਾਠ ਕਰਦਾ ਹੁੰਦਾ ਸੀ, ਉਥੇ ਜਾ ਕੇ ਵਿਸ਼ਨੂੰਸਹਸਰਨਾਮ ਦੀ ਉਹ ਕਿਤਾਬ ਚੁੱਕੀ ਅਤੇ ਫੇਰ ਆਪਣੇ ਆਸਨ ਉਪਰ ਬਿਰਾਜਮਾਨ ਹੋ ਕੇ ਸ਼ਾਮਾ ਨੂੰ ਕਹਿਣ ਲਗੇ ਕਿ, “ਇਹ ਕਿਤਾਬ ਅਮੁੱਲ ਅਤੇ ਮਨਚਾਹੇ ਫਲ ਦੇਣ ਵਾਲੀ ਹੈ। ਇਸ ਲਈ ਮੈਂ ਤੈਨੂੰ ਇਹ ਪ੍ਰਦਾਨ ਕਰ ਰਿਹਾ ਹਾਂ, ਤਾਂਕਿ ਤੂੰ ਇਸਦਾ ਰੋਜ਼ ਪਾਠ ਕਰੇਂ। ਇਕ ਵਾਰੀ

ਜਦੋਂ ਮੈਂ ਬਹੁਤ ਬਿਮਾਰ ਸੀ, ਤਾਂ ਮੇਰਾ ਦਿਲ ਧੜਕਨ ਲਗਾ ਮੇਰੇ ਪ੍ਰਾਣ ਪਖੇਰੂ ਨਿਕਲਣਾ ਹੀ ਚਾਹੁੰਦੇ ਸੀ ਕਿ ਉਸੇ ਵੇਲੇ ਮੈਂ ਇਸ ਸਦਗ੍ਰੰਥ ਨੂੰ ਆਪਣੇ ਦਿਲ ਉਪਰ ਰੱਖ ਲਿਆ। ਕਿਸ ਤਰ੍ਹਾਂ ਦਾ ਸੁੱਖ ਪਹੁੰਚਾਇਆ ਇਸ ਨੇ ? ਉਸ ਵੇਲੇ ਮੈਨੂੰ ਏਦਾਂ ਮਹਿਸੂਸ ਹੋਇਆ ਕਿ ਅੱਲ੍ਹਾ ਨੇ ਆਪ ਹੀ ਧਰਤੀ 'ਤੇ ਆ ਕੇ ਮੇਰੀ ਰੱਖਿਆ ਕੀਤੀ। ਇਸ ਕਰਕੇ ਇਹ ਗ੍ਰੰਥ ਮੈਂ ਤੈਨੂੰ ਦੇ ਰਿਹਾ ਹਾਂ। ਇਸ ਨੂੰ ਥੋੜ੍ਹਾ ਹੌਲੀ-ਹੌਲੀ ਘਟ ਤੋਂ ਘਟ ਇਕ ਸਲੋਕ ਰੋਜ਼ ਜ਼ਰੂਰ ਪੜ੍ਹਨਾ, ਜਿਸ ਨਾਲ ਤੇਰਾ ਬਹੁਤ ਭਲਾ ਹੋਵੇਗਾ।" ਤਾਂ ਸ਼ਾਮਾ ਕਹਿਣ ਲਗਾ ਕਿ, "ਮੈਨੂੰ ਇਸ ਗ੍ਰੰਥ ਦੀ ਲੋੜ ਨਹੀਂ, ਕਿਉਂਕਿ ਇਸ ਦਾ ਮਾਲਕ ਰਾਮਦਾਸੀ ਇਕ ਪਾਗਲ, ਹਠੀ ਅਤੇ ਬਹੁਤ ਗੁੱਸੇ ਵਾਲਾ ਆਦਮੀ ਹੈ, ਜਿਹੜਾ ਫਜ਼ੂਲ ਹੀ ਹੁਣੇ ਆ ਕੇ ਲੜਣ ਨੂੰ ਤਿਆਰ ਹੋ ਜਾਏਗਾ। ਘੱਟ ਪੜ੍ਹੇ-ਲਿਖੇ ਹੋਣ ਦੇ ਨਾਤੇ ਮੈਂ ਸੰਸਕ੍ਰਿਤ ਭਾਸ਼ਾ ਵਿਚ ਲਿਖੇ ਇਸ ਗ੍ਰੰਥ ਨੂੰ ਪੜ੍ਹਣ ਦੇ ਵੀ ਯੋਗ ਨਹੀਂ ਹਾਂ।"

ਸ਼ਾਮਾ ਦੀ ਧਾਰਨਾ ਸੀ ਕਿ ਬਾਬਾ ਮੇਰੇ ਅਤੇ ਰਾਮਦਾਸੀ ਦੇ ਵਿਚ ਮਨਮੁਟਾਵ ਕਰਵਾਉਣਾ ਚਾਹੁੰਦੇ ਹਨ, ਇਸ ਲਈ ਹੀ ਉਨ੍ਹਾਂ ਨੇ ਇਹ ਡਰਾਮਾ ਰਚਿਆ ਹੈ। ਬਾਬਾ ਦਾ ਵਿਚਾਰ ਉਨ੍ਹਾਂ ਵਾਸਤੇ ਕੀ ਸੀ, ਇਹ ਉਨ੍ਹਾਂ ਦੀ ਸਮਝ ਵਿਚ ਨਹੀਂ ਆਇਆ। ਬਾਬਾ 'ਯੇਨ ਕੇਨ ਪ੍ਰਕਾਰੇਣ' ਵਿਸ਼ਨੂੰਸਹਸਰਨਾਮ ਉਸ ਦੇ ਕੰਠ ਵਿਚ ਉਤਾਰ ਦੇਣਾ ਚਾਹੁੰਦੇ ਸੀ। ਉਹ ਤਾਂ ਆਪਣੇ ਇਕ ਘੱਟ ਪੜ੍ਹੇ-ਲਿਖੇ ਖ਼ਾਸ ਭਗਤ ਨੂੰ ਸੰਸਾਰਿਕ ਦੁੱਖਾਂ ਤੋਂ ਮੁਕਤ ਕਰ ਦੇਣਾ ਚਾਹੁੰਦੇ ਸੀ।

।

ਬਾਬਾ ਦੀ ਮਰਜ਼ੀ ਤਾਂ ਸ਼ਾਮਾ ਕੋਲੋਂ ਇਹ ਸਾਧਨਾ ਕਰਵਾਉਣ ਦੀ ਸੀ, ਪਰ ਸ਼ਾਮਾ ਇਸ ਤਰ੍ਹਾਂ ਨਹੀਂ ਚਾਹੁੰਦੇ ਸੀ, ਇਸ ਲਈ ਬਾਬਾ ਨੇ ਉਨ੍ਹਾਂ ਨੂੰ ਜ਼ੋਰ ਲਾ ਕੇ ਕਿਹਾ। ਇਸ ਤਰ੍ਹਾਂ ਆਮ ਸੁਣਨ ਵਿਚ ਆਇਆ ਹੈ ਕਿ ਬਹੁਤ ਪਹਿਲੇ ਸ੍ਰੀ ਏਕ ਨਾਥ ਮਹਾਰਾਜ ਨੇ ਵੀ ਆਪਣੇ ਇਕ ਗੁਆਂਢੀ ਬ੍ਰਾਹਮਣ ਨੂੰ ਵਿਸ਼ਨੂੰਸਹਸਰਨਾਮ ਦਾ ਜਾਪ ਕਰਨ ਲਈ ਬੇਨਤੀ ਕਰਕੇ ਉਸ ਦੀ ਰੱਖਿਆ ਕੀਤੀ ਸੀ। ਵਿਸ਼ਨੂੰਸਹਸਰਨਾਮ ਦਾ ਜਾਪ ਚਿੱਤ ਸ਼ੁੱਧੀ ਦੇ ਲਈ ਇਕ ਬਿਹਤਰ ਅਤੇ ਸਰਲ ਰਾਹ ਹੈ। ਇਸ ਲਈ ਬਾਬਾ ਨੇ ਸ਼ਾਮਾ ਨੂੰ ਪ੍ਰੇਰਨਾ ਨਾਲ ਇਸ ਦੇ ਜਾਪ ਵਿਚ ਲਗਾ ਦਿੱਤਾ। ਰਾਮਦਾਸੀ ਬਜ਼ਾਰੋਂ ਜਲਦੀ ਸੋਨਾਮੁੱਖੀ ਲੈ ਕੇ ਵਾਪਸ ਆ ਗਿਆ। ਅਣਾ ਚਿਚਣੀਕਰ, ਜਿਹੜੇ ਉਥੇ ਹਾਜ਼ਰ ਸੀ ਖ਼ਾਸ ਕਰਕੇ ਪੂਰੇ ਨਾਰਦਮੁਨੀ ਹੀ ਸੀ ਅਤੇ ਉਨ੍ਹਾਂ ਸਾਰੀ ਘਟਨਾ ਦਾ ਪੂਰਾ ਵਿਵਰਣ ਰਾਮਦਾਸੀ ਨੂੰ ਦੱਸ ਦਿੱਤਾ।

ਰਾਮਦਾਸੀ ਗੁੱਸੇ ਵਿਚ ਆ ਕੇ ਸ਼ਾਮਾ ਵੱਲ ਵੱਧਿਆ ਅਤੇ ਕਹਿਣ ਲੱਗਾ ਕਿ, "ਇਹ ਤੇਰਾ ਹੀ ਕੰਮ ਹੈ, ਜਿਹੜਾ ਤੂੰ ਬਾਬਾ ਦੇ ਢਿੱਡ ਪੀੜ ਦੇ ਬਹਾਨੇ ਮੈਨੂੰ ਦਵਾਈ ਲੈਣ ਲਈ ਭੇਜਿਆ। ਜੇ ਤੂੰ ਕਿਤਾਬ ਵਾਪਸ ਨਾ ਕੀਤੀ ਤਾਂ ਮੈਂ ਤੇਰਾ ਸਿਰ ਪਾੜ ਦਿਆਂਗਾ।" ਸ਼ਾਮਾ ਨੇ ਉਸ ਨੂੰ ਸ਼ਾਂਤੀ ਨਾਲ ਸਮਝਾਇਆ, ਪਰ ਉਨ੍ਹਾਂ ਦਾ ਕਹਿਣਾ ਫ਼ਜ਼ੂਲ ਹੀ ਹੋਇਆ। ਤਾਂ ਬਾਬਾ ਪ੍ਰੇਮ ਨਾਲ ਬੋਲੇ ਕਿ, "ਅਰੇ ਰਾਮਦਾਸੀ, ਇਹ ਕੀ ਗੱਲ ਹੈ ?



ਕਿਉਂ ਦੰਗਾਂ ਕਰ ਰਹੇ ਹੋ ? ਕੀ ਸ਼ਾਮਾ ਆਪਣਾ ਬਾਲਕ ਨਹੀਂ ਹੈ ? ਤੁਸੀਂ ਉਸ ਨੂੰ ਫ਼ਜ਼ੂਲ ਹੀ ਕਿਉਂ ਗਾਲ੍ਹਾਂ ਕੱਢ ਰਹੇ ਹੋ ? ਮੈਨੂੰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਤੇਰਾ ਸੁਭਾਅ ਹੀ ਲੜਾਕਾ ਹੈ। ਕੀ ਤੂੰ ਕੋਮਲ ਅਤੇ ਮਿੱਠੀ ਬੋਲੀ ਨਹੀਂ ਬੋਲ ਸਕਦਾ ? ਤੁਸੀਂ ਰੋਜ਼ਾਨਾ ਇਨ੍ਹਾਂ ਪਵਿੱਤਰ ਗ੍ਰੰਥਾਂ ਦਾ ਪਾਠ ਕਰਦੇ ਹੋ ਫੇਰ ਵੀ ਤੁਹਾਡਾ ਚਿਤ ਸ਼ੁਧ ਨਹੀਂ ਹੈ ? ਜਦੋਂ ਤੇਰੀਆਂ ਇੱਛਾਵਾਂ ਹੀ ਤੇਰੇ ਵਸ ਵਿਚ ਨਹੀਂ ਹਨ ਤਾਂ ਤੂੰ ਰਾਮਦਾਸੀ ਕਿਵੇਂ ਹੋਇਆ ? ਤੈਨੂੰ ਤਾਂ ਸਾਰੀਆਂ ਚੀਜ਼ਾਂ ਤੋਂ ਵੈਰਾਗ ਹੋਣਾ ਚਾਹੀਦਾ ਹੈ। ਕਿਸ ਤਰ੍ਹਾਂ ਦੀ ਅਜ਼ੀਬ ਗੱਲ ਹੈ ਕਿ ਤੈਨੂੰ ਇਸ ਕਿਤਾਬ ਨਾਲ ਏਨਾ ਜ਼ਿਆਦਾ ਪਿਆਰ ਹੈ ? ਸੱਚੇ ਰਾਮਦਾਸੀ ਨੂੰ ਤਾਂ ਮਮਤਾ ਤਿਆਗ ਕੇ ਸਾਰਿਆਂ ਨੂੰ ਇਕ ਨਜ਼ਰ ਨਾਲ ਦੇਖਣ ਵਾਲਾ ਹੋਣਾ ਚਾਹੀਦਾ ਹੈ। ਤੁਸੀਂ ਤਾਂ ਹੁਣੇ ਬਾਲਕ ਸ਼ਾਮਾ ਨਾਲ ਕੇਵਲ ਇਕ ਛੋਟੀ ਜਿਹੀ ਕਿਤਾਬ ਲਈ ਝੱਗੜਾ ਕਰ ਰਹੇ ਹੋ। ਜਾਉ ਆਪਣੀ ਥਾਂ 'ਤੇ ਬੈਠੋ। ਪੈਸਿਆਂ ਨਾਲ ਕਿਤਾਬਾਂ ਤਾਂ ਬਹੁਤ ਮਿਲ ਸਕਦੀਆਂ ਹਨ, ਪਰ ਮਨੁੱਖ ਨਹੀਂ ਮਿਲਦੇ। ਉੱਤਮ ਵਿਚਾਰਾਂ ਵਾਲੇ ਬਣ ਕੇ ਵਿਵੇਕਸ਼ੀਲ ਹੋਵੋ। ਕਿਤਾਬ ਦਾ ਮੁੱਲ ਹੀ ਕੀ ਹੈ ਅਤੇ ਸ਼ਾਮਾ ਨੂੰ ਉਸ ਨਾਲ ਕੀ ਮਤਲਬ ? ਮੈਂ ਆਪ ਚੁੱਕ ਕੇ ਉਹ ਕਿਤਾਬ ਉਸ ਨੂੰ ਦਿੱਤੀ ਸੀ, ਇਹ ਸੋਚ ਕੇ ਕਿ ਤੈਨੂੰ ਤਾਂ ਇਹ ਕਿਤਾਬ ਪੂਰੀ ਜ਼ੁਬਾਨੀ ਯਾਦ ਹੈ। ਸ਼ਾਮਾ ਨੂੰ ਇਸ ਦੇ ਪਾਠ ਨਾਲ ਕੁਝ ਲਾਭ ਪਹੁੰਚੇ, ਇਸ ਲਈ ਮੈਂ ਉਸ ਨੂੰ ਦੇ ਦਿੱਤੀ।" ਬਾਬਾ ਦੇ ਇਹ ਸ਼ਬਦ ਕਿੰਨੇ ਸੁੰਦਰ ਅਤੇ ਪ੍ਰਭਾਵਸ਼ਾਲੀ ਅੰਮ੍ਰਿਤ ਵਰਗੇ ਹਨ। ਇਨ੍ਹਾਂ ਦਾ ਅਸਰ ਰਾਮਦਾਸੀ 'ਤੇ ਹੋਇਆ। ਉਹ ਚੁੱਪ ਹੋ ਗਿਆ ਅਤੇ ਸ਼ਾਮਾ ਨੂੰ ਕਹਿਣ ਲੱਗਾ ਕਿ ਮੈਂ ਇਸ ਦੇ ਬਦਲੇ ਵਿਚ ਪੰਚਰਤਨੀ ਗੀਤਾ ਦੀ ਇਕ ਪ੍ਰਤਿਲਿਪੀ ਸਵੀਕਾਰ ਕਰ ਲਵਾਂਗਾ। ਤਾਂ ਸ਼ਾਮਾ ਵੀ ਖੁਸ਼ ਹੋ ਕੇ ਕਹਿਣ ਲਗੇ ਕਿ, "ਇਕ ਹੀ ਕਿਉਂ, ਮੈਂ ਤਾਂ ਤੈਨੂੰ ਉਸ ਦੇ ਬਦਲੇ ਵਿਚ 10 ਪ੍ਰਤਿਲਿਪੀਆਂ ਦੇਣ ਲਈ ਤਿਆਰ ਹਾਂ।"

ਇਸ ਤਰ੍ਹਾਂ ਇਹ ਵਿਵਾਦ ਤਾਂ ਸ਼ਾਂਤ ਹੋ ਗਿਆ, ਪਰ ਹੁਣ ਸੁਆਲ ਇਹ ਹੋਇਆ ਕਿ ਰਾਮਦਾਸੀ ਨੇ ਪੰਚਰਤਨੀ ਗੀਤਾ ਲਈ ਇਸ ਤਰ੍ਹਾਂ ਦੀ ਕਿਤਾਬ ਜਿਸ ਦਾ ਉਸ ਨੂੰ ਕਦੀ ਧਿਆਨ ਵੀ ਨਹੀਂ ਆਇਆ ਸੀ, ਏਨਾ ਹੱਠ ਕਿਉ ਕੀਤਾ ਅਤੇ ਜਿਹੜਾ ਮਸਜਿਦ ਵਿਚ ਹਰ ਰੋਜ਼ ਧਾਰਮਿਕ ਗ੍ਰੰਥਾਂ ਦਾ ਪਾਠ ਕਰਦਾ ਹੋਵੇ, ਉਹ ਬਾਬਾ ਦੇ ਸਾਹਮਣੇ ਹੀ ਏਨਾ ਝੱਗੜਾ ਕਰਨ ਲਈ ਕਿਉਂ ਉਤਾਰੂ ਹੋ ਗਿਆ ? ਅਸੀਂ ਨਹੀਂ ਜਾਣਦੇ ਕਿ ਇਸ ਦੋਸ਼ ਦਾ ਫੈਸਲਾ ਕਿਸ ਤਰ੍ਹਾਂ ਕਰੀਏ ਅਤੇ ਕਿਸ ਨੂੰ ਦੋਸ਼ੀ ਠਹਿਰਾਈਏ ? ਅਸੀਂ ਤਾਂ ਕੇਵਲ ਏਨਾ ਹੀ ਜਾਣ ਸਕੇ ਹਾਂ ਕਿ ਜੇ ਇਸ ਢੰਗ ਨੂੰ ਨਾ ਅਪਨਾਇਆ ਜਾਂਦਾ ਤਾਂ ਇਸ ਵਿਸ਼ੇ ਦਾ ਮਹੱਤਵ ਅਤੇ ਈਸ਼ਵਰ ਦੇ ਨਾਂਅ ਦੀ ਮਹਿਮਾ ਅਤੇ ਸ਼ਾਮਾ ਨੂੰ ਵਿਸ਼ਨੂੰਸਹਸਰਨਾਮ ਦੇ ਪਾਠ ਕਰਨ ਦਾ ਮੌਕਾ ਹੀ ਨਾ ਮਿਲਦਾ। ਇਸ ਤੋਂ ਇਹ ਹੀ ਲੱਗਦਾ ਹੈ ਕਿ ਬਾਬਾ ਦੇ ਉਪਦੇਸ਼ ਦੀ ਸ਼ੈਲੀ ਅਤੇ ਉਸਦਾ ਢੰਗ ਨਿਰਾਲਾ ਹੈ। ਸ਼ਾਮਾ ਨੇ ਹੌਲੀ-ਹੌਲੀ ਇਸ ਗ੍ਰੰਥ ਦਾ ਏਨਾ ਅਧਿਅਨ ਕਰ ਲਿਆ ਅਤੇ ਉਨ੍ਹਾਂ ਨੂੰ ਇਸ ਵਿਸ਼ੇ ਦਾ ਏਨਾ ਗਿਆਨ ਹੋ ਗਿਆ ਕਿ ਉਹ ਸ੍ਰੀ ਮਾਨ ਬੂਟੀ ਸਾਹਿਬ ਦੇ ਜਵਾਈ ਪ੍ਰੋਫੈਸਰ ਜੀ.ਜੀ ਨਾਰਕੇ ਐਮ.ਏ (ਇੰਜੀਨੀਅਰਿੰਗ ਕਾਲਜ ਪੂਨਾ) ਨੂੰ ਵੀ ਉਸ ਦਾ ਅਸਲੀ ਅਰਥ ਸਮਝਾਉਣ ਵਿਚ ਪੂਰੇ ਸਫਲ ਹੋਏ।

## ਗੀਤਾ ਭੇਦ

ਬ੍ਰਹਮ ਵਿਦਿਆ (ਅਧਿਆਤਮ) ਦਾ ਜਿਹੜੇ ਭਗਤ ਅਧਿਅਨ ਕਰਦੇ, ਉਨ੍ਹਾਂ ਨੂੰ ਬਾਬਾ ਸਦਾ ਉਤਸ਼ਾਹਿਤ ਕਰਦੇ ਸੀ। ਇਸ ਦਾ ਇਕ ਉਦਾਹਰਣ ਹੈ ਕਿ ਇਕ ਵੇਲੇ ਬਾਪੂ ਸਾਹਿਬ ਜੋਗ ਦਾ ਇਕ ਪਾਰਸਲ ਆਇਆ ਜਿਸ ਵਿਚ ਸ੍ਰੀ ਲੋਕਮਾਨਯ ਤਿਲਕ ਦੀ ਲਿੱਖੀ ਗੀਤਾ ਦੀ ਇਕ ਪ੍ਰਤਿਲਿਪੀ ਸੀ, ਜਿਸ ਨੂੰ ਕੱਛ ਵਿਚ ਦੱਬ ਕੇ ਉਹ ਮਸਜਿਦ ਵਿਚ ਆਏ। ਜਦੋਂ ਉਹ ਚਰਣ-ਵੰਦਨਾ ਦੇ ਲਈ ਝੁਕੇ ਤਾਂ ਉਹ ਪਾਰਸਲ ਬਾਬਾ ਦੇ ਸ੍ਰੀ ਚਰਣਾਂ 'ਤੇ ਡਿੱਗ ਪਿਆ। ਤਾਂ ਬਾਬਾ ਉਨ੍ਹਾਂ ਨੂੰ ਪੁੱਛਣ ਲੱਗੇ ਕਿ ਇਸ ਵਿਚ ਕੀ ਹੈ ? ਸ੍ਰੀ ਜੋਗ ਨੇ ਪਾਰਸਲ ਵਿਚੋਂ ਉਹ ਕਿਤਾਬ ਕੱਢ ਕੇ ਬਾਬਾ ਦੇ ਕਰਕਮਲਾਂ ਵਿਚ ਰੱਖ ਦਿੱਤੀ। ਬਾਬਾ ਨੇ ਥੋੜ੍ਹੀ ਦੇਰ ਉਸਦੇ ਕੁੱਝ ਸਫੇ ਦੇਖਕੇ ਜੇਬ ਵਿਚੋਂ ਇਕ ਰੁਪਇਆ ਕਢਿਆ ਅਤੇ ਉਸ ਨੂੰ ਕਿਤਾਬ ਉਪਰ ਰੱਖ ਕੇ ਜੋਗ ਨੂੰ ਵਾਪਸ ਦੇ ਦਿੱਤਾ ਅਤੇ ਕਹਿਣ ਲਗੇ ਕਿ, "ਇਸ ਦਾ ਧਿਆਨ ਨਾਲ ਅਧਿਅਨ ਕਰਦੇ ਰਹੋ ਇਸ ਨਾਲ ਤੁਹਾਡਾ ਭਲਾ ਹੋਏਗਾ।"

## ਸ੍ਰੀਮਾਨ ਅਤੇ ਸ੍ਰੀਮਤੀ ਖਾਪਰਡੇ


ਇਕ ਵਾਰੀ ਸ੍ਰੀ ਦਾਦਾਸਾਹਿਬ ਖਾਪਰਡੇ ਪਰਿਵਾਰ ਨਾਲ ਸ਼ਿਰਡੀ ਆਏ ਕੁਝ ਮਹੀਨੇ ਉਥੇ ਠਹਿਰੇ। ਉਨ੍ਹਾਂ ਦੇ ਠਹਿਰਨ ਦੇ ਰੋਜ਼ ਦੇ ਪ੍ਰੋਗਰਾਮ ਦਾ ਵਰਨਣ ਸ੍ਰੀ ਸਾਈਂ ਲੀਲ੍ਹਾ ਮੈਗਜ਼ੀਨ ਦੇ ਪਹਿਲੇ ਭਾਗ ਵਿਚ ਛੱਪਿਆ ਹੈ। ਦਾਦਾ ਕੋਈ ਆਮ ਆਦਮੀ ਨਹੀਂ ਸੀ। ਉਹ ਇਕ ਧਨਾਢ ਅਤੇ ਅਮਰਾਵਤੀ (ਬਰਾਰ) ਦੇ ਮਸ਼ਹੂਰ ਵਕੀਲ ਅਤੇ ਕੇਂਦਰੀ ਧਾਰਾਸਭਾ (ਦਿੱਲੀ) ਦੇ ਮੈਂਬਰ ਸੀ। ਉਹ ਵਿਦਵਾਨ ਅਤੇ ਚੰਗੇ ਬੁਲਾਰੇ ਵੀ ਸੀ। ਏਨੇ ਗੁਣਵਾਣ ਹੁੰਦੇ ਹੋਏ ਵੀ ਉਨ੍ਹਾਂ ਨੂੰ ਬਾਬਾ ਦੇ ਸਾਹਮਣੇ ਮੂੰਹ ਖੋਲ੍ਹਣ ਦੀ ਹਿੰਮਤ ਨਹੀਂ ਸੀ ਹੁੰਦੀ। ਜ਼ਿਆਦਾ ਭਗਤ ਤਾਂ ਬਾਬਾ ਕੋਲੋਂ ਹਰ ਵੇਲੇ ਆਪਣੇ ਸ਼ੱਕ ਅਤੇ ਮਸਲੇ ਦਾ ਹਲ ਕਰ ਲੈਂਦੇ ਸੀ। ਕੇਵਲ ਤਿੰਨ ਆਦਮੀ ਖਾਪਰਡੇ, ਨੂਲਕਰ ਅਤੇ ਬੂਟੀ ਹੀ ਸੀ ਜਿਹੜੇ ਹਮੇਸ਼ਾਂ ਚੁੱਪ ਰਹਿੰਦੇ ਅਤੇ ਬਹੁਤ ਨਿਮਰ ਅਤੇ ਉੱਤਮ ਸੁਭਾਅ ਦੇ ਆਦਮੀ ਸਨ। ਦਾਦਾਸਾਹਿਬ, ਵਿਧਾਰਨੇ ਸੁਵਾਮੀ ਦਾ ਰਚਿਆ ਪੰਚਦਸ਼ੀ ਨਾਂਅ ਦਾ ਪ੍ਰਸਿੱਧ ਸੰਸਕ੍ਰਿਤ ਗ੍ਰੰਥ, ਜਿਸ ਵਿਚ ਅਦਵੈਤ-ਵੇਦਾਂਤ ਦਾ ਦਰਸ਼ਨ ਹੈ, ਉਸ ਦਾ ਵਿਵਰਣ ਦੂਜਿਆਂ ਨੂੰ ਤਾਂ ਸਮਝਾਇਆ ਕਰਦੇ ਸੀ, ਪਰ ਜਦੋਂ ਉਹ ਬਾਬਾ ਦੇ ਕੋਲ ਮਸਜਿਦ ਆਏ ਤਾਂ ਉਹ ਇਕ ਸ਼ਬਦ ਵੀ ਨਾ ਬੋਲ ਸਕੇ। ਅਸਲ ਵਿਚ ਕੋਈ ਆਦਮੀ, ਭਾਵੇਂ ਉਹ ਜਿਨ੍ਹਾਂ ਮਰਜ਼ੀ ਵੇਦ ਵੇਦਾਂਤਾਂ ਦਾ ਜਾਣਕਾਰ ਕਿਉਂ ਨਾ ਹੋਵੇ ਪਰ ਬ੍ਰਹਮਪਦ ਨੂੰ ਪਹੁੰਚੇ ਹੋਏ ਆਦਮੀ ਦੇ ਸਾਹਮਣੇ ਉਸ ਦਾ ਨਿਰਥਕ ਗਿਆਨ ਕੋਈ ਪ੍ਰਕਾਸ਼ ਨਹੀਂ ਦੇ ਸਕਦਾ। ਦਾਦਾ ਚਾਰ ਮਹੀਨੇ ਅਤੇ ਉਨ੍ਹਾਂ ਦੀ ਪਤਨੀ ਸੱਤ ਮਹੀਨੇ ਉਥੇ ਠਹਿਰੀ। ਉਹ ਦੋਵੇਂ ਆਪਣੇ ਸ਼ਿਰਡੀ ਨਿਵਾਸ ਵਿਚ ਬਹੁਤ ਖੁਸ਼ ਸੀ। ਸ੍ਰੀਮਤੀ ਖਾਪਰਡੇ ਸ਼ਰਧਾਲੂ ਅਤੇ ਪੂਰਨ ਭਗਤ ਸੀ, ਇਸ ਲਈ ਉਨ੍ਹਾਂ ਦਾ ਸਾਈਂ ਚਰਣਾਂ ਵਿਚ ਬਹੁਤ ਪ੍ਰੇਮ ਸੀ। ਉਹ ਰੋਜ਼ ਦੁਪਹਿਰ ਨੂੰ ਆਪ ਨੈਵੇਧ ਲੈ ਕੇ ਮਸਜਿਦ ਜਾਂਦੀ ਅਤੇ ਜਦੋਂ ਬਾਬਾ ਉਸਨੂੰ ਗ੍ਰਹਿਣ ਕਰ ਲੈਂਦੇ, ਉਦੋਂ ਉਹ ਵਾਪਸ ਆ ਕੇ ਆਪਣਾ ਭੋਜਨ ਕਰਦੀ ਸੀ। ਬਾਬਾ ਉਨ੍ਹਾਂ ਦੀ ਅਟੱਲ ਸ਼ਰਧਾ ਦੀ ਝਾਕੀ ਦਾ ਦੂਜਿਆਂ

ਨੂੰ ਵੀ ਦਰਸ਼ਨ ਕਰਵਾਉਣਾ ਚਾਹੁੰਦੇ ਸੀ। ਇਕ ਦਿਨ ਦੁਪਹਿਰ ਨੂੰ ਉਹ ਸਾਂਜਾ, ਪੂਰੀ, ਭਾਤ, ਸਾਗ, ਖੀਰ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਲੈ ਕੇ ਮਸਜਿਦ ਵਿਚ ਆਈ।

ਹੋਰ ਆਮ ਦਿਨਾਂ ਵਿਚ ਤਾਂ ਭੋਜਨ ਘੰਟਿਆਂ ਤੱਕ ਬਾਬਾ ਦੀ ਉਡੀਕ ਵਿਚ ਪਿਆ ਰਹਿੰਦਾ ਸੀ, ਪਰ ਉਸ ਦਿਨ ਉਹ ਫਟਾਫੱਟ ਉਠੇ ਅਤੇ ਭੋਜਨ ਵਾਲੀ ਥਾਂ 'ਤੇ ਆ ਕੇ ਆਸਨ ਉਪਰ ਬੈਠ ਗਏ ਅਤੇ ਥਾਲੀ ਉਪਰੋਂ ਕਪੜਾ ਚੁੱਕ ਕੇ ਉਨ੍ਹਾਂ ਨੇ ਸੁਆਦ ਨਾਲ ਭੋਜਨ ਖਾਣਾ ਸ਼ੁਰੂ ਕਰ ਦਿੱਤਾ। ਤਾਂ ਸ਼ਾਮਾ ਕਹਿਣ ਲਗੇ ਕਿ, "ਇਹ ਵਿਤਕਰਾਂ ਕਿਉਂ ? ਦੂਜਿਆਂ ਦੀਆਂ ਥਾਲੀਆਂ 'ਤੇ ਤਾਂ ਤੁਸੀਂ ਨਜ਼ਰ ਭਰ ਨਹੀਂ ਦੇਖਦੇ, ਸਗੋਂ ਉਹ ਸੁਟ ਦਿੰਦੇ ਹੋ, ਪਰ ਅਜ ਇਸ ਭੋਜਨ ਨੂੰ ਤੁਸੀਂ ਬਹੁਤ ਰਸ ਅਤੇ ਸੁਆਦ ਨਾਲ ਖਾ ਰਹੇ ਹੋ। ਅੱਜ ਇਸ ਬਾਈ ਦਾ ਭੋਜਨ ਤੁਹਾਨੂੰ ਏਨਾ ਸੁਆਦ ਕਿਉਂ ਲੱਗਾ ? ਇਹ ਵਿਸ਼ੇ ਤਾਂ ਸਾਡੇ ਲੋਕਾਂ ਲਈ ਇਕ ਸਮਸਿਆ ਬਣ ਗਿਆ ਹੈ।" ਉਦੋਂ ਬਾਬਾ ਨੇ ਇਸ ਤਰ੍ਹਾਂ ਸਮਝਾਇਆ।

"ਸੱਚਮੁਚ ਹੀ ਇਸ ਭੋਜਨ ਵਿਚ ਇਕ ਵਿਲੱਖਣਤਾ ਹੈ। ਪਿਛਲੇ ਜਨਮ ਵਿਚ ਇਹ ਬਾਈ ਇਕ ਵਪਾਰੀ ਦੀ ਮੋਟੀ ਗਾਂ ਸੀ, ਜਿਹੜੀ ਬਹੁਤ ਜ਼ਿਆਦਾ ਦੁੱਧ ਦਿੰਦੀ ਸੀ। ਪਸ਼ੂ ਜੂਨ ਤਿਆਗ ਕੇ ਇਸ ਨੇ ਇਕ ਮਾਲੀ ਦੇ ਘਰ ਜਨਮ ਲਿਆ। ਉਸ ਜਨਮ ਦੇ ਬਾਅਦ ਫੇਰ ਇਹ ਇਕ ਖ਼ੱਤਰੀ ਕੁਲ ਵਿਚ ਪੈਦਾ ਹੋਈ ਅਤੇ ਇਸ ਦਾ ਵਿਆਹ ਇਕ ਵਪਾਰੀ ਨਾਲ ਹੋ ਗਿਆ। ਬਹੁਤ ਦੇਰ ਦੇ ਬਾਅਦ ਇਸ ਨਾਲ ਮੁਲਾਕਾਤ ਹੋਈ ਹੈ। ਇਸ ਲਈ ਇਨ੍ਹਾਂ ਦੀ ਥਾਲੀ ਵਿਚੋਂ ਪ੍ਰੇਮ ਨਾਲ ਚਾਰ ਗਰਾਈਆਂ ਤਾਂ ਖਾ ਲੈਣ ਦਿਉ।" ਇਸ ਤਰ੍ਹਾਂ ਕਹਿ ਕੇ ਬਾਬਾ ਨੇ ਢਿੱਡ ਭਰ ਕੇ ਭੋਜਨ ਕੀਤਾ ਅਤੇ ਫੇਰ ਮੂੰਹ ਹੱਥ ਧੋ ਕੇ ਅਤੇ ਤਸੱਲੀ ਨਾਲ ਚਾਰ-ਪੰਜ ਡਕਾਰ ਮਾਰ ਕੇ ਉਹ ਆਪਣੇ ਆਸਨ 'ਤੇ ਆ ਬੈਠੇ। ਫੇਰ ਸ੍ਰੀਮਤੀ ਖਾਪਰਡੇ ਨੇ ਬਾਬਾ ਨੂੰ ਨਮਨ ਕੀਤਾ ਅਤੇ ਉਨ੍ਹਾਂ ਦੇ ਚਰਨਾਂ ਦੀ ਸੇਵਾ ਕਰਨ ਲਗੀ। ਬਾਬਾ ਉਨ੍ਹਾਂ ਨਾਲ ਗੱਲਬਾਤ ਕਰਨ ਲਗੇ ਅਤੇ ਨਾਲ ਨਾਲ ਉਨ੍ਹਾਂ ਦੇ ਹੱਥ ਘੁੱਟਨ ਲਗੇ। ਇਸ ਤਰ੍ਹਾਂ ਆਪਸ ਵਿਚ ਇਕ ਦੂਜੇ ਨੂੰ ਸੇਵਾ ਕਰਦੇ ਦੇਖ ਕੇ ਸ਼ਾਮਾ ਮੁਸਕਰਾਉਣ ਲਗਾ ਅਤੇ ਬੋਲਿਆ ਕਿ, "ਦੇਖੋ ਤਾਂ, ਇਹ ਅਦਭੁੱਤ ਨਜ਼ਾਰਾ ਹੈ ਕਿ ਭਗਵਾਨ ਅਤੇ ਭਗਤ ਇਕ ਦੂਜੇ ਦੀ ਸੇਵਾ ਕਰ ਰਹੇ ਹਨ।" ਉਨ੍ਹਾਂ ਦੀ ਸੱਚੀ ਲਗਨ ਦੇਖਕੇ ਬਾਬਾ ਬਹੁਤ ਕੋਮਲ ਅਤੇ ਮੱਧੁਰ ਸ਼ਬਦਾਂ ਵਿਚ ਸ੍ਰੀ ਮੁੱਖ ਤੋਂ ਕਹਿਣ ਲਗੇ ਕਿ ਹੁਣ ਹਮੇਸ਼ਾਂ "ਰਾਜਾਰਾਮ, ਰਾਜਾਰਾਮ" ਦਾ ਜਾਪ ਕਰਿਆ ਕਰੋ ਅਤੇ ਜੇ ਤੁਸੀਂ ਇਸ ਦਾ ਅਭਿਆਸ ਲਗਾਤਾਰ ਕਰ ਲਿਆ ਤਾਂ ਤੁਹਾਨੂੰ ਆਪਣੇ ਜੀਵਨ ਦਾ ਮੰਤਵ ਜ਼ਰੂਰ ਪ੍ਰਾਪਤ ਹੋ ਜਾਏਗਾ। ਤੁਹਾਨੂੰ ਪੂਰਨ ਸ਼ਾਂਤੀ ਪ੍ਰਾਪਤ ਹੋ ਕੇ ਬਹੁਤ ਲਾਭ ਹੋਏਗਾ ਅਧਿਆਤਮਿਕ ਵਿਸ਼ਿਆਂ ਨੂੰ ਨਾ ਜਾਣਨ ਵਾਲੇ ਆਦਮੀਆਂ ਲਈ ਇਹ ਘਟਨਾ ਆਮ ਜਿਹੀ ਲੱਗਦੀ ਹੈ ਪਰ ਸ਼ਾਸਤਰਾਂ ਦੀ ਭਾਸ਼ਾ ਵਿਚ ਇਹ "ਸ਼ਕਤੀਪਾਤ" ਦੇ ਨਾਂਅ ਨਾਲ ਜਾਣੀ ਜਾਂਦੀ ਹੈ ਭਾਵ ਗੁਰੂ ਵੱਲੋਂ ਚੇਲੇ ਵਿਚ ਸ਼ਕਤੀ ਦਾ ਸੰਚਾਰ ਕਰਨਾ ਹੈ। ਉਹ ਸ਼ਬਦ ਕਿਨੇ ਸ਼ਕਤੀਸ਼ਾਲੀ ਅਤੇ ਪ੍ਰਭਾਵਕਾਰੀ ਸੀ ਜਿਹੜੇ ਇਕ ਪਲ ਵਿਚ ਹੀ ਦਿਲ ਵਿਚ ਦਾਖਲ ਹੋ ਗਏ ਅਤੇ ਉਥੇ ਛੱਪ ਗਏ। ਇਹ ਘਟਨਾ ਗੁਰੂ ਚੇਲੇ ਦੇ ਸਬੰਧ ਦੇ ਆਦਰਸ਼ ਦਰਸਾਉਂਦੀ ਹੈ। ਗੁਰੂ-ਚੇਲੇ ਦੋਵਾਂ ਨੂੰ ਇਕ ਦੂਜੇ

ਨੂੰ ਅਭਿੰਨ ਜਾਣ ਕੇ ਪ੍ਰੇਮ ਅਤੇ ਸੇਵਾ ਕਰਨੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਦੋਵਾਂ ਵਿਚ ਕੋਈ ਭੇਦ ਨਹੀਂ ਹੈ। ਉਹ ਦੋਵੇਂ ਅਭਿੰਨ ਅਤੇ ਇਕ ਹੀ ਹਨ, ਜਿਹੜੇ ਕਦੀ ਅਲੱਗ ਨਹੀਂ ਹੋ ਸਕਦੇ। ਚੇਲਾ ਗੁਰੂ ਦੇ ਚਰਣਾਂ ਤੇ ਮੱਥਾ ਰੱਖ ਰਿਹਾ ਹੈ, ਇਹ ਤਾਂ ਕੇਵਲ ਬਾਹਰੋਂ ਦਿੱਸਦਾ ਹੈ। ਅੰਦਰੂਨੀ ਨਜ਼ਰ ਨਾਲ ਦੋਵੇਂ ਅਭਿੰਨ ਅਤੇ ਇਕ ਹੀ ਹਨ ਅਤੇ ਜਿਹੜਾ ਉਨ੍ਹਾਂ ਵਿਚ ਭੇਦ ਸਮਝਦਾ ਹੈ, ਉਹ ਹਾਲੇ ਅਨੁਭਵ ਹੀਨ ਅਤੇ ਅੱਧੂਰਾ ਹੀ ਹੈ।





# ॥ ਅਧਿਆਇ-28 ॥

## *ਚਿੜੀਆਂ ਦਾ ਸ਼ਿਰਡੀ ਵੱਲ ਖਿੱਚੇ ਜਾਣਾ—1) ਲਕਸ਼ਮੀ ਚੰਦ, 2) ਬੁਰਹਾਨਪੁਰ ਦੀ ਔਰਤ, 3) ਮੇਘਾ ਦੀ ਮੁਕਤੀ।*

ਸ੍ਰੀ ਸਾਈਂ ਦਾ ਕੋਈ ਅੰਤ ਨਹੀਂ। ਉਹ ਇਕ ਕੀੜੀ ਤੋਂ ਲੈ ਕੇ ਸੰਪੂਰਨ ਸੰਸਾਰ ਦੇ ਸਾਰੇ ਪ੍ਰਾਣੀਆਂ ਵਿਚ ਵਿਆਪਕ ਹਨ। ਵੇਦ ਅਤੇ ਆਤਮ-ਗਿਆਨ ਵਿਚ ਪੂਰੇ ਜਾਣਕਾਰ ਹੋਣ ਕਰਕੇ ਉਹ ਸਤਿਗੁਰੂ ਕਹਾਉਣ ਦੇ ਬਿਲਕੁਲ ਯੋਗ ਹਨ। ਭਾਵੇਂ ਕੋਈ ਕਿੰਨਾ ਹੀ ਵਿਦਵਾਨ ਕਿਉ ਨਾ ਹੋਵੇ, ਪਰ ਜੇ ਉਹ ਆਪਣੇ ਚੇਲੇ ਨੂੰ ਸੁਚੇਤ ਕਰਕੇ ਉਸ ਨੂੰ ਆਤਮਾ ਦੇ ਸਰੂਪ ਦਾ ਦਰਸ਼ਨ ਨਾ ਕਰਾ ਸਕੇ ਤਾਂ ਉਸ ਨੂੰ ਸਤਿਗੁਰੂ ਦੇ ਨਾਂਅ ਨਾਲ ਕਦੀ ਵੀ ਜਾਣਿਆ ਨਹੀਂ ਜਾ ਸਕਦਾ। ਆਮ ਕਰਕੇ ਪਿਤਾ ਕੇਵਲ ਇਕ ਨਾਸ਼ਵਾਨ ਸਰੀਰ ਦਾ ਹੀ ਜਨਮਦਾਤਾ ਹੈ, ਪਰ ਸਤਿਗੁਰੂ ਤਾਂ ਜਨਮ ਅਤੇ ਮੌਤ ਦੋਵਾਂ ਕੋਲੋਂ ਹੀ ਮੁਕਤੀ ਕਰਾ ਦੇਣ ਵਾਲੇ ਹਨ। ਇਸ ਲਈ ਉਹ ਹੋਰ ਲੋਕਾਂ ਨਾਲੋਂ ਜ਼ਿਆਦਾ ਦਯਾਵਾਨ ਹਨ।

ਸ੍ਰੀ ਸਾਈਂ ਬਾਬਾ ਹਮੇਸ਼ਾਂ ਕਹਿੰਦੇ ਹੁੰਦੇ ਸੀ,

ਇਸ ਅਧਿਆਇ ਵਿਚ ਇਸ ਤਰ੍ਹਾਂ ਦੀਆਂ ਤਿੰਨ ਚਿੜੀਆਂ ਦਾ ਵਰਨਣ ਹੈ।

## 1) ਲਾਲਾ ਲਕਸ਼ਮੀ ਚੰਦ

ਇਕ ਸੱਜਣ ਬੰਬਈ ਦੇ ਸ੍ਰੀ ਵੈਂਕਟੇਸ਼ਵਰ ਪ੍ਰੈਸ ਵਿਚ ਨੌਕਰੀ ਕਰਦੇ ਸੀ। ਉਥੋਂ ਨੌਕਰੀ ਛੱਡ ਕੇ ਉਹ ਰੇਲਵੇ ਵਿਭਾਗ ਵਿਚ ਆਏ ਅਤੇ ਫੇਰ ਉਹ ਮੈਸਰਜ ਰੈਲੀ ਬਦਰਜ਼ ਐਂਡ ਕੰਪਨੀ ਵਿਚ ਮੁਨਸ਼ੀ ਦਾ ਕੰਮ ਕਰਨ ਲੱਗੇ। ਉਨ੍ਹਾਂ ਦਾ ਸੰਨ 1910 ਵਿਚ ਸ੍ਰੀ ਸਾਈਂ ਬਾਬਾ ਨਾਲ ਮੇਲ ਹੋਇਆ। ਵੱਡੇ ਦਿਨ (ਕ੍ਰਿਸਮਸ) ਤੋਂ ਲਗਭਗ ਇਕ ਜਾਂ ਦੋ ਮਹੀਨੇ ਪਹਿਲਾਂ ਸਾਂਤਾਕਰੂਜ਼ ਵਿਚ ਉਨ੍ਹਾਂ ਨੇ ਸੁਪਨੇ ਵਿਚ ਇਕ ਦਾੜ੍ਹੀ ਵਾਲੇ ਬਜ਼ੁਰਗ ਨੂੰ ਦੇਖਿਆ, ਜਿਹੜਾ ਚਾਰਾਂ ਪਾਸਿਆਂ ਤੋਂ ਭਗਤਾਂ ਨਾਲ ਘਿਰਿਆ ਹੋਇਆ ਖੜ੍ਹਾ ਸੀ। ਕੁਝ ਦਿਨਾਂ ਬਾਅਦ ਉਹ ਆਪਣੇ ਦੋਸਤ ਸ੍ਰੀ ਦਤਾਤ੍ਰੇਯ ਮੰਜੂਨਾਥ ਬਿਜੂਰ ਦੇ ਘਰ ਦਾਸਗਣੁ ਦਾ ਕੀਰਤਨ ਸੁਣਨ ਗਏ। ਦਾਸਗਣੁ ਦਾ ਇਹ ਨੇਮ ਸੀ ਕਿ ਉਹ ਕੀਰਤਨ ਕਰਨ ਵੇਲੇ ਸਰੋਤਿਆਂ ਦੇ ਸਾਹਮਣੇ ਸ੍ਰੀ ਸਾਈਂ ਬਾਬਾ ਦੀ ਤਸਵੀਰ ਰੱਖ ਲੈਂਦੇ ਸੀ। ਲਕਸ਼ਮੀ ਚੰਦ ਨੂੰ ਤਸਵੀਰ ਦੇਖ ਕੇ ਬਹੁਤ ਹੈਰਾਨੀ ਹੋਈ, ਕਿਉਂਕਿ ਸੁਪਨੇ ਵਿਚ ਉਨ੍ਹਾਂ ਨੂੰ ਜਿਸ ਬਜ਼ੁਰਗ ਦੇ ਦਰਸ਼ਨ ਹੋਏ ਸੀ, ਉਨ੍ਹਾਂ ਦੀ ਸ਼ਕਲ ਸੂਰਤ ਵੀ ਠੀਕ ਇਸ ਤਸਵੀਰ ਵਰਗੀ ਹੀ ਸੀ। ਇਸ ਨਾਲ ਉਹ ਇਸ ਨਤੀਜੇ 'ਤੇ ਪਹੁੰਚੇ ਕਿ ਸੁਪਨੇ ਵਿਚ ਦਰਸ਼ਨ ਦੇਣ ਵਾਲੇ ਆਪ ਸ਼ਿਰਡੀ

ਦੇ ਸ੍ਰੀ ਸਾਈਂ ਸਮਰੱਥ ਦੇ ਇਲਾਵਾ ਹੋਰ ਕੋਈ ਨਹੀਂ ਹੈ। ਤਸਵੀਰ ਦੇ ਦਰਸ਼ਨ, ਦਾਸਗਣੂ ਦਾ ਸੁੰਦਰ ਕੀਰਤਨ ਅਤੇ ਉਨ੍ਹਾਂ ਦੇ ਸੰਤ ਤੁਕਾਰਾਮ 'ਤੇ ਪ੍ਰਵਚਨਾਂ ਆਦਿ ਦਾ ਕੁਝ ਇਸ ਤਰ੍ਹਾਂ ਦਾ ਅਸਰ ਉਨ੍ਹਾਂ 'ਤੇ ਹੋਇਆ ਕਿ ਉਨ੍ਹਾਂ ਨੇ ਸ਼ਿਰਡੀ ਯਾਤਰਾ ਦਾ ਪੱਕਾ ਇਰਾਦਾ ਕਰ ਲਿਆ। ਭਗਤਾਂ ਨੂੰ ਬਹੁਤ ਦੇਰ ਤੋਂ ਹੀ ਇਸ ਤਰ੍ਹਾਂ ਮਹਿਸੂਸ ਹੁੰਦਾ ਰਿਹਾ ਹੈ ਕਿ

। ਉਸੇ ਰਾਤ ਨੂੰ ਲਗਭਗ ਅੱਠ ਵਜੇ ਉਨ੍ਹਾਂ ਦੇ ਦੋਸਤ ਸ਼ੰਕਰਰਾਵ ਨੇ ਉਨ੍ਹਾਂ ਦਾ ਦਰਵਾਜ਼ਾ ਖੜਕਾਇਆ ਅਤੇ ਪੁੱਛਿਆ ਕਿ ਕੀ ਤੁਸੀਂ ਸਾਡੇ ਨਾਲ ਸ਼ਿਰਡੀ ਜਾਣ ਲਈ ਤਿਆਰ ਹੋ ? ਲਕਸ਼ਮੀ ਚੰਦ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ ਅਤੇ ਉਨ੍ਹਾਂ ਨੇ ਉਸੇ ਵੇਲੇ ਹੀ ਸ਼ਿਰਡੀ ਜਾਣ ਦਾ ਇਰਾਦਾ ਬਣਾ ਲਿਆ। ਇਕ ਮਾਰਵਾੜੀ ਕੋਲੋਂ ਪੰਦਰਾਂ ਰੁਪਏ ਉਧਾਰ ਲੈ ਕੇ ਅਤੇ ਹੋਰ ਜ਼ਰੂਰੀ ਪ੍ਰਬੰਧ ਕਰਕੇ ਉਹ ਸ਼ਿਰਡੀ ਲਈ ਚੱਲ ਪਏ। ਰੇਲਗੱਡੀ ਵਿਚ ਉਨ੍ਹਾਂ ਨੇ ਆਪਣੇ ਦੋਸਤ ਦੇ ਨਾਲ ਕੁਝ ਦੇਰ ਭਜਨ ਵੀ ਕੀਤਾ। ਉਸੇ ਡੱਬੇ ਵਿਚ ਚਾਰ ਯਵਨ ਯਾਤਰੀ ਵੀ ਬੈਠੇ ਸੀ, ਜਿਹੜੇ ਸ਼ਿਰਡੀ ਦੇ ਨੇੜੇ ਆਪਣੇ-ਆਪਣੇ ਘਰਾਂ ਨੂੰ ਵਾਪਸ ਜਾ ਰਹੇ ਸੀ। ਲਕਸ਼ਮੀ ਚੰਦ ਨੇ ਉਨ੍ਹਾਂ ਕੋਲੋਂ ਸ੍ਰੀ ਸਾਈਂ ਬਾਬਾ ਦੇ ਬਾਰੇ ਵਿਚ ਕੁਝ ਪੁੱਛਗਿੱਛ ਕੀਤੀ। ਉਦੋਂ ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਸ੍ਰੀ ਸਾਈਂ ਬਾਬਾ ਸ਼ਿਰਡੀ ਵਿਚ ਬਹੁਤ ਸਾਲਾਂ ਤੋਂ ਨਿਵਾਸ ਕਰ ਰਹੇ ਹਨ ਅਤੇ ਉਹ ਇਕ ਪਹੁੰਚੇ ਹੋਏ ਸੰਤ ਹਨ। ਜਦੋਂ ਉਹ ਕੋਪਰਗਾਂਵ ਪਹੁੰਚੇ ਤਾਂ ਬਾਬਾ ਨੂੰ ਭੇਟ ਕਰਨ ਲਈ ਕੁਝ ਅਮਰੂਦ ਖ਼ਰੀਦਣ ਦਾ ਉਨ੍ਹਾਂ ਨੇ ਵਿਚਾਰ ਕੀਤਾ। ਉਹ ਉਥੋਂ ਦੇ ਕੁਦਰਤੀ ਅਤੇ ਸੁੰਦਰ ਨਜ਼ਾਰੇ ਦੇਖਣ ਵਿਚ ਮਸਤ ਹੋ ਗਏ, ਉਨ੍ਹਾਂ ਨੂੰ ਅਮਰੂਦ ਲੈਣ ਦੀ ਹੋਸ਼ ਹੀ ਨਾ ਰਹੀ। ਪਰ ਜਦੋਂ ਉਹ ਸ਼ਿਰਡੀ ਦੇ ਨੇੜੇ ਆਏ ਤਾਂ ਅਚਾਨਕ ਉਨ੍ਹਾਂ ਨੂੰ ਅਮਰੂਦ ਖ਼ਰੀਦਣ ਦੀ ਯਾਦ ਆ ਗਈ। ਇਸੇ ਵੇਲੇ ਉਨ੍ਹਾਂ ਨੇ ਦੇਖਿਆ ਕਿ ਇਕ ਬੁੱਢੀ ਔਰਤ ਟੋਕਰੀ ਵਿਚ ਅਮਰੂਦ ਲੈ ਕੇ ਟਾਂਗੇ ਦੇ ਪਿੱਛੇ-ਪਿੱਛੇ ਦੌੜਦੀ ਆ ਰਹੀ ਹੈ। ਇਹ ਦੇਖ ਕੇ ਉਨ੍ਹਾਂ ਨੇ ਟਾਂਗਾ ਰੁਕਵਾਇਆ ਅਤੇ ਉਸ ਵਿਚੋਂ ਕੁਝ ਚੰਗੇ ਅਮਰੂਦ ਖ਼ਰੀਦ ਲਏ, ਤਾਂ ਉਹ ਬੁੱਢੀ ਉਨ੍ਹਾਂ ਨੂੰ ਕਹਿਣ ਲੱਗੀ, "ਕ੍ਰਿਪਾ ਕਰਕੇ ਇਹ ਬਾਕੀ ਅਮਰੂਦ ਵੀ ਮੇਰੇ ਵੱਲੋਂ ਬਾਬਾ ਨੂੰ ਭੇਟ ਕਰ ਦੇਣਾ।" ਇਹ ਸੁਣ ਕੇ ਇਕਦਮ ਉਨ੍ਹਾਂ ਨੂੰ ਵਿਚਾਰ ਆਇਆ ਕਿ ਮੈਂ ਅਮਰੂਦ ਖਰੀਦਣ ਦੀ ਜਿਹੜੀ ਇੱਛਾ ਪਹਿਲਾਂ ਕੀਤੀ ਸੀ ਅਤੇ ਜਿਸ ਨੂੰ ਮੈਂ ਭੁੱਲ ਗਿਆ ਸੀ, ਉਸਦੀ ਇਸ ਬੁੱਢੀ ਨੇ ਫੇਰ ਯਾਦ ਕਰਾ ਦਿੱਤੀ ਹੈ। ਸ੍ਰੀ ਸਾਈਂ ਬਾਬਾ ਲਈ ਉਸਦੀ ਭਗਤੀ ਦੇਖ ਕੇ ਉਹ ਦੋਵੇਂ ਬਹੁਤ ਹੈਰਾਨ ਹੋਏ। ਲਕਸ਼ਮੀ ਚੰਦ ਨੇ ਇਹ ਸੋਚ ਕੇ ਕਿ ਹੋ ਸਕਦਾ ਹੈ ਕਿ ਸੁਪਨੇ ਵਿਚ ਜਿਸ ਬਜ਼ੁਰਗ ਦੇ ਦਰਸ਼ਨ ਮੈਂ ਕੀਤੇ ਸੀ, ਉਨ੍ਹਾਂ ਦੀ ਹੀ ਇਹ ਕੋਈ ਰਿਸ਼ਤੇਦਾਰ ਹੋਏ, ਉਹ ਅੱਗੇ ਚਲ ਪਏ। ਸ਼ਿਰਡੀ ਦੇ ਕੋਲ ਪਹੁੰਚਣ 'ਤੇ ਉਨ੍ਹਾਂ ਨੇ ਦੂਰੋਂ ਹੀ ਮਸਜਿਦ 'ਤੇ ਲਹਿਰਾਉਂਦੇ ਦੋ ਝੰਡੇ ਦੇਖੇ, ਜਿਨ੍ਹਾਂ ਨੂੰ ਦੇਖ ਕੇ ਪ੍ਰਨਾਮ ਕਰਕੇ ਆਪਣੇ ਹੱਥਾਂ ਵਿਚ ਪੂਜਾ ਦੀ ਸਮੱਗਰੀ ਲੈ ਕੇ ਉਹ ਮਸਜਿਦ ਪਹੁੰਚੇ ਅਤੇ ਬਾਬਾ ਦੀ ਵਿਧੀ ਨਾਲ ਪੂਜਾ ਕਰਕੇ ਉਹ ਭਾਵੁਕ ਹੋ ਗਏ। ਉਨ੍ਹਾਂ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਅਤੇ ਉਨ੍ਹਾਂ ਦੇ ਸੀਤਲ ਚਰਣਾਂ ਨਾਲ ਏਦਾਂ ਚਿਪਕੇ ਜਿਵੇਂ ਇਕ ਮੱਧੂਮੱਖੀ ਕਮਲ ਦੇ ਫੁੱਲ ਦੀ ਖ਼ੁਸ਼ਬੂ ਨਾਲ ਮਸਤ ਹੋ ਕੇ ਉਸ ਨਾਲ ਚਿਪਕ ਜਾਂਦੀ ਹੈ। ਉਦੋਂ ਬਾਬਾ ਨੇ ਉਨ੍ਹਾਂ ਨੂੰ ਜੋ ਕੁਝ ਕਿਹਾ, ਉਸ ਦਾ ਵਰਨਣ ਹੇਮਾਂਡਪੰਤ

ਨੇ ਆਪਣੇ ਮੂਲ ਗ੍ਰੰਥ ਵਿਚ ਇਸ ਤਰ੍ਹਾਂ ਕੀਤਾ ਹੈ—"ਸਾਲੇ, ਰਾਹ ਵਿਚ ਭਜਨ ਕਰਦੇ ਅਤੇ ਦੂਜੇ ਆਦਮੀ ਨੂੰ ਪੁੱਛਦੇ। ਦੂਜੇ ਨੂੰ ਕੀ ਪੁੱਛਣਾ ? ਸਭ ਕੁਝ ਆਪਣੀਆਂ ਅੱਖਾਂ ਨਾਲ ਦੇਖਣਾ। ਕਾਹਦੇ ਲਈ ਦੂਜੇ ਆਦਮੀ ਕੋਲੋਂ ਪੁੱਛਣਾ ? ਸੁਪਨਾ ਕੀ ਝੂਠਾ ਹੈ ਜਾਂ ਸੱਚਾ ? ਕਰ ਲਵੋ ਆਪਣਾ ਵਿਚਾਰ ਆਪ। ਮਾਰਵਾੜੀ ਕੋਲੋਂ ਉਧਾਰ ਲੈਣ ਦੀ ਕੀ ਲੋੜ ਸੀ ? ਹੋਈ ਕੀ ਮੁਰਾਦ ਪੂਰੀ ?" ਇਹ ਸ਼ਬਦ ਸੁਣ ਕੇ ਉਨ੍ਹਾਂ ਦੀ ਸਰਵ-ਵਿਆਪਕਤਾ 'ਤੇ ਲਕਸ਼ਮੀ ਚੰਦ ਨੂੰ ਬਹੁਤ ਹੈਰਾਨੀ ਹੋਈ ਉਹ ਬਹੁਤ ਸ਼ਰਮਿੰਦੇ ਹੋਏ ਕਿ ਘਰ ਤੋਂ ਸ਼ਿਰਡੀ ਤਕ ਰਾਹ ਵਿਚ ਜੋ ਕੁਝ ਹੋਇਆ, ਉਸ ਦਾ ਉਨ੍ਹਾਂ ਨੂੰ ਸਾਰਾ ਪਤਾ ਹੈ। ਇਸ ਵਿਚ ਖ਼ਾਸ ਧਿਆਨ ਦੇਣ ਵਾਲੀ ਗੱਲ ਸਿਰਫ਼ ਇਹ ਹੈ ਕਿ ਬਾਬਾ ਇਹ ਨਹੀਂ ਚਾਹੁੰਦੇ ਸੀ ਕਿ ਉਨ੍ਹਾਂ ਦੇ ਦਰਸ਼ਨਾਂ ਦੇ ਲਈ ਕਰਜ਼ਾ ਲਿਆ ਜਾਏ ਜਾਂ ਯਾਤਰਾ ਵਿਚ ਛੁੱਟੀ ਮਨਾਉ।

## ਸਾਂਜਾ (ਉਪਮਾ)

ਦੁਪਹਿਰ ਵੇਲੇ ਜਦੋਂ ਲਕਸ਼ਮੀ ਚੰਦ ਭੋਜਨ ਲਈ ਬੈਠੇ ਤਾਂ ਉਨ੍ਹਾਂ ਨੂੰ ਇਕ ਭਗਤ ਨੇ ਸਾਂਜੇ ਦਾ ਪ੍ਰਸ਼ਾਦ ਲਿਆ ਕੇ ਦਿੱਤਾ, ਜਿਸ ਨੂੰ ਲੈ ਕੇ ਉਹ ਬਹੁਤ ਖ਼ੁਸ਼ ਹੋਏ। ਦੂਜੇ ਦਿਨ ਵੀ ਉਹ ਸਾਂਜੇ ਦੀ ਉਮੀਦ ਲਗਾ ਕੇ ਬੈਠੇ ਰਹੇ, ਪਰ ਕਿਸੇ ਭਗਤ ਨੇ ਉਹ ਪ੍ਰਸ਼ਾਦ ਨਾ ਦਿੱਤਾ, ਜਿਸ ਦੇ ਲਈ ਉਹ ਚਾਹਵਾਨ ਸੀ। ਤੀਜੇ ਦਿਨ ਦੁਪਹਿਰ ਦੀ ਆਰਤੀ ਵੇਲੇ ਬਾਪੂ ਸਾਹਿਬ ਜੋਗ ਨੇ ਬਾਬਾ ਨੂੰ ਪੁੱਛਿਆ ਕਿ ਨੈਵੇਦ ਦੇ ਲਈ ਕੀ ਬਣਾਇਆ ਜਾਏ ? ਤਾਂ ਬਾਬਾ ਨੇ ਉਨ੍ਹਾਂ ਨੂੰ ਸਾਂਜਾ ਲਿਆਉਣ ਲਈ ਕਿਹਾ। ਭਗਤ ਦੋ ਵੱਡੇ ਭਾਂਡਿਆਂ ਵਿਚ ਸਾਂਜਾ ਭਰ ਕੇ ਲੈ ਆਏ। ਲਕਸ਼ਮੀ ਚੰਦ ਨੂੰ ਭੁੱਖ ਬਹੁਤ ਲੱਗੀ ਸੀ। ਨਾਲ ਹੀ ਪਿੱਠ ਵਿਚ ਪੀੜ ਵੀ ਸੀ। ਬਾਬਾ ਨੇ ਲਕਸ਼ਮੀ ਚੰਦ ਨੂੰ ਕਿਹਾ, "(ਹੇਮਾਂਡਪੰਤ ਨੇ ਮੂਲ ਗ੍ਰੰਥ ਵਿਚ ਇਸ ਤਰ੍ਹਾਂ ਵਰਨਣ ਕੀਤਾ ਹੈ) ਤੈਨੂੰ ਭੁੱਖ ਲੱਗੀ ਹੈ, ਚੰਗਾ ਹੋਇਆ। ਪਿੱਠ ਵਿਚ ਦਰਦ ਵੀ ਹੈ। ਲਵੋ, ਹੁਣ ਸਾਂਜੇ ਦੀ ਹੀ ਦਵਾਈ ਕਰੋ।" ਉਨ੍ਹਾਂ ਨੂੰ ਫੇਰ ਹੈਰਾਨੀ ਹੋਈ ਕਿ ਮੇਰੇ ਦਿਲ ਦੇ ਸਾਰੇ ਵਿਚਾਰਾਂ ਨੂੰ ਉਨ੍ਹਾਂ ਨੇ ਜਾਣ ਲਿਆ ਹੈ। ਬਾਬਾ ਤਾਂ ਸਭ ਕੁਝ ਜਾਣਦੇ ਹਨ।

## ਬੁਰੀ ਨਜ਼ਰ

ਇਸ ਯਾਤਰਾ ਵਿਚ ਇਕ ਵਾਰੀ ਉਨ੍ਹਾਂ ਨੂੰ ਚਾਵੜੀ ਦਾ ਜਲੂਸ ਦੇਖਣ ਦਾ ਚੰਗਾ ਭਾਗ ਪ੍ਰਾਪਤ ਹੋਇਆ। ਉਸ ਦਿਨ ਬਾਬਾ ਖੰਘ ਨਾਲ ਬਹੁਤ ਤਕਲੀਫ਼ ਵਿਚ ਸੀ। ਉਨ੍ਹਾਂ ਨੂੰ ਖ਼ਿਆਲ ਆਇਆ ਕਿ ਇਸ ਖੰਘ ਦਾ ਕਾਰਨ ਹੋ ਸਕਦਾ ਹੈ ਕਿ ਕਿਸੇ ਦੀ ਨਜ਼ਰ ਲੱਗੀ ਹੋਵੇ। ਦੂਜੇ ਦਿਨ ਸਵੇਰੇ ਜਦੋਂ ਬਾਬਾ ਮਸਜਿਦ ਨੂੰ ਗਏ ਤਾਂ ਸ਼ਾਮਾ ਨੂੰ ਕਹਿਣ ਲੱਗੇ, "ਕਲ੍ਹ ਜਿਹੜੀ ਖੰਘ ਮੈਨੂੰ ਆ ਰਹੀ ਸੀ, ਉਸ ਦਾ ਮੁੱਖ ਕਾਰਨ ਕਿਸੇ ਦੀ ਬੁਰੀ ਨਜ਼ਰ ਹੀ ਸੀ। ਮੈਨੂੰ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਕਿਸੇ ਦੀ ਨਜ਼ਰ ਲਗ ਗਈ ਹੈ। ਇਸ ਲਈ ਇਹ ਤਕਲੀਫ਼ ਮੈਨੂੰ ਹੋਈ ਹੈ।" ਲਕਸ਼ਮੀ ਚੰਦ ਦੇ ਮਨ ਵਿਚ ਜੋ ਵਿਚਾਰ ਉੱਠ ਰਹੇ ਸਨ, ਉਹ ਹੀ ਬਾਬਾ

ਨੇ ਵੀ ਕਹਿ ਦਿੱਤੇ। ਬਾਬਾ ਦੀ ਸਭ ਕੁਝ ਜਾਣਨ ਦੀ ਸ਼ਕਤੀ ਦੇ ਅਨੇਕ ਸਬੂਤ ਅਤੇ ਭਗਤਾਂ ਦੇ ਲਈ ਉਨ੍ਹਾਂ ਦਾ ਪਿਆਰ ਦੇਖ ਕੇ ਲਕਸ਼ਮੀ ਚੰਦ ਬਾਬਾ ਦੇ ਚਰਣਾਂ 'ਤੇ ਡਿੱਗ ਪਏ ਅਤੇ ਕਹਿਣ ਲੱਗੇ, "ਤੁਹਾਡੇ ਪਿਆਰੇ ਦਰਸ਼ਨਾਂ ਨਾਲ ਮੇਰੇ ਚਿੱਤ ਨੂੰ ਬੜੀ ਪ੍ਰਸੰਨਤਾ ਹੋਈ ਹੈ। ਮੇਰਾ ਦਿਲ ਤੁਹਾਡੇ ਚਰਣ-ਕਮਲਾਂ ਅਤੇ ਭਜਨਾਂ ਵਿਚ ਹੀ ਲਗਾ ਰਹੇ। ਤੁਹਾਡੇ ਬਗੈਰ ਵੀ ਹੋਰ ਕੋਈ ਈਸ਼ਵਰ ਹੈ, ਇਸ ਦਾ ਮੈਨੂੰ ਗਿਆਨ ਨਹੀਂ। ਮੇਰੇ 'ਤੇ ਤੁਸੀਂ ਸਦਾ ਦਯਾ ਕਰੋ ਅਤੇ ਆਪਣੇ ਚਰਣਾਂ ਦੇ ਦੀਨ ਦਾਸ ਦੀ ਰੱਖਿਆ ਕਰਕੇ ਉਸਦਾ ਕਲਿਆਣ ਕਰੋ। ਤੁਹਾਡੇ ਦੁਨੀਆ ਦੇ ਦੁੱਖਾਂ ਨੂੰ ਦੂਰ ਕਰਨ ਵਾਲੇ ਚਰਣਾਂ ਦੀ ਯਾਦ ਕਰਦੇ ਹੋਏ ਮੇਰਾ ਜੀਵਨ ਖੁਸ਼ੀ ਨਾਲ ਗੁਜ਼ਰ ਜਾਏ, ਇਹ ਮੇਰੀ ਤੁਹਾਡੇ ਕੋਲ ਨਿਮਰ ਪ੍ਰਾਰਥਨਾ ਹੈ।"

ਬਾਬਾ ਕੋਲੋਂ ਆਸ਼ੀਰਵਾਦ ਅਤੇ ਉਦੀ ਲੈ ਕੇ ਉਹ ਦੋਸਤ ਨਾਲ ਪ੍ਰਸੰਨ ਅਤੇ ਸੰਤੁਸ਼ਟ ਹੋ ਕੇ ਰਾਹ ਵਿਚ ਉਨ੍ਹਾਂ ਦੀ ਕੀਰਤੀ ਦਾ ਗੁਣਗਾਣ ਕਰਦੇ ਹੋਏ ਘਰ ਵਾਪਸ ਆਏ ਅਤੇ ਹਮੇਸ਼ਾਂ ਉਨ੍ਹਾਂ ਦੇ ਹੀ ਭਗਤ ਬਣੇ ਰਹੇ। ਸ਼ਿਰਡੀ ਜਾਣ ਵਾਲਿਆਂ ਦੇ ਹੱਥ ਉਹ ਬਾਬਾ ਨੂੰ ਹਾਰ, ਕਪੂਰ ਅਤੇ ਦਕਸ਼ਿਣਾ ਭੇਜਦੇ ਰਹਿੰਦੇ ਸੀ।

## 2) ਬੁਰਹਾਨਪੁਰ ਦੀ ਔਰਤ

ਹੁਣ ਅਸੀਂ ਦੂਜੀ ਚਿੜੀ (ਭਗਤ) ਦਾ ਵਰਨਣ ਕਰਾਂਗੇ। ਇਕ ਦਿਨ ਬੁਰਹਾਨਪੁਰ ਵਿਚ ਇਕ ਔਰਤ ਨੇ ਸੁਪਨੇ ਵਿਚ ਦੇਖਿਆ ਕਿ ਸ੍ਰੀ ਸਾਈਂ ਬਾਬਾ ਉਸਦੇ ਦਰਵਾਜ਼ੇ ਵਿਚ ਖੜੇ ਭੋਜਨ ਲਈ ਖਿੱਚੜੀ ਮੰਗ ਰਹੇ ਹਨ। ਉਸਨੇ ਉੱਠ ਕੇ ਦੇਖਿਆ ਤਾਂ ਦਰਵਾਜ਼ੇ 'ਤੇ ਕੋਈ ਵੀ ਨਹੀਂ ਸੀ। ਫੇਰ ਵੀ ਉਹ ਖੁਸ਼ ਹੋਈ ਅਤੇ ਉਸਨੇ ਇਹ ਸੁਪਨਾ ਆਪਣੇ ਪਤੀ ਅਤੇ ਹੋਰ ਲੋਕਾਂ ਨੂੰ ਸੁਣਾਇਆ। ਉਸਦਾ ਪਤੀ ਡਾਕ ਮਹਿਕਮੇ ਵਿਚ ਨੌਕਰੀ ਕਰਦਾ ਸੀ। ਉਹ ਦੋਵੇਂ ਬਹੁਤ ਧਾਰਮਿਕ ਸਨ। ਜਦੋਂ ਉਸਦੀ ਬਦਲੀ ਅਕੋਲਾ ਹੋਈ ਤਾਂ ਦੋਵਾਂ ਨੇ ਸ਼ਿਰਡੀ ਜਾਣ ਦਾ ਵੀ ਇਰਾਦਾ ਕੀਤਾ ਅਤੇ ਇਕ ਸ਼ੁਭ ਦਿਨ ਉਹ ਸ਼ਿਰਡੀ ਲਈ ਚੱਲ ਪਏ। ਰਾਹ ਵਿਚ ਗੋਮਤੀ ਤੀਰਥ ਹੋ ਕੇ ਉਹ ਸ਼ਿਰਡੀ ਪਹੁੰਚੇ ਅਤੇ ਦੋ ਮਹੀਨੇ ਠਹਿਰੇ। ਹਰ ਰੋਜ਼ ਉਹ ਮਸਜਿਦ ਜਾਂਦੇ ਅਤੇ ਬਾਬਾ ਦੀ ਪੂਜਾ ਕਰਕੇ ਆਨੰਦ ਨਾਲ ਆਪਣਾ ਵਕਤ ਗੁਜ਼ਾਰਦੇ ਸੀ। ਭਾਵੇਂ ਉਹ ਖਿੱਚੜੀ ਦਾ ਨੈਵੇਦ ਭੇਟ ਕਰਨ ਲਈ ਹੀ ਆਏ ਸੀ, ਪਰ ਕਿਸੇ ਕਾਰਨ ਕਰਕੇ ਉਨ੍ਹਾਂ ਨੂੰ 14 ਦਿਨਾਂ ਤਕ ਇਸ ਤਰ੍ਹਾਂ ਦਾ ਮੌਕਾ ਨਾ ਮਿਲ ਸਕਿਆ, ਉਨ੍ਹਾਂ ਦੀ ਪਤਨੀ ਇਸ ਕੰਮ ਵਿਚ ਹੁਣ ਜ਼ਿਆਦਾ ਦੇਰ ਨਹੀਂ ਸੀ ਕਰਨਾ ਚਾਹੁੰਦੀ। ਇਸ ਲਈ ਜਦੋਂ 15ਵੇਂ ਦਿਨ ਦੁਪਹਿਰ ਵੇਲੇ ਉਹ ਖਿੱਚੜੀ ਲੈ ਕੇ ਮਸਜਿਦ ਵਿਚ ਪਹੁੰਚੀ ਤਾਂ ਉਸ ਨੇ ਦੇਖਿਆ ਕਿ ਬਾਬਾ ਹੋਰ ਲੋਕਾਂ ਦੇ ਨਾਲ ਭੋਜਨ ਕਰਨ ਲਈ ਬੈਠ ਚੁੱਕੇ ਹਨ। ਪਰਦਾ ਡਿੱਗ ਚੁੱਕਿਆ ਸੀ। ਜਿਸ ਤੋਂ ਬਾਅਦ ਕਿਸੇ ਦੀ ਹਿੰਮਤ ਨਹੀਂ ਸੀ ਕਿ ਉਹ ਅੰਦਰ ਜਾ ਸਕੇ। ਪਰ ਉਹ ਇਕ ਪਲ ਵੀ ਉਡੀਕ ਨਾ ਕਰ ਸਕੀ ਅਤੇ ਹੱਥ ਨਾਲ ਪਰਦਾ ਹਟਾ ਕੇ ਅੰਦਰ ਚਲੀ ਗਈ। ਬਹੁਤ ਹੈਰਾਨੀ ਦੀ ਗੱਲ ਸੀ ਕਿ ਉਸਨੇ ਦੇਖਿਆ ਕਿ ਬਾਬਾ ਦੀ ਇੱਛਾ ਉਸ ਦਿਨ ਸਭ ਤੋਂ ਪਹਿਲਾਂ ਖਿੱਚੜੀ ਖਾਣ ਦੀ ਹੀ ਸੀ, ਜਿਸ ਦੀ ਉਨ੍ਹਾਂ ਨੂੰ ਲੋੜ ਸੀ। ਜਦੋਂ ਉਹ ਥਾਲੀ ਲੈ ਕੇ ਅੰਦਰ ਆਈ ਤਾਂ ਬਾਬਾ ਨੂੰ ਬਹੁਤ ਖੁਸ਼ੀ ਹੋਈ ਅਤੇ ਉਹ ਉਸ ਵਿਚੋਂ ਹੀ ਖਿੱਚੜੀ ਖਾਣ ਲੱਗ ਪਏ।

ਬਾਬਾ ਦੀ ਇਸ ਤਰ੍ਹਾਂ ਉਤਸੁਕਤਾ ਦੇਖ ਕੇ ਹਰ ਇਕ ਨੂੰ ਬਹੁਤ ਹੈਰਾਨੀ ਹੋਈ ਅਤੇ ਜਿਨ੍ਹਾਂ ਨੇ ਇਹ ਖਿੱਚੜੀ ਦੀ ਕਹਾਣੀ ਸੁਣੀ, ਉਨ੍ਹਾਂ ਨੂੰ ਭਗਤਾਂ ਦੇ ਵਾਸਤੇ ਬਾਬਾ ਦਾ ਅਨੋਖਾ ਪਿਆਰ ਦੇਖ ਕੇ ਬਹੁਤ ਪ੍ਰਸੰਨਤਾ ਹੋਈ।

## ਮੇਘਾ ਦੀ ਮੁਕਤੀ

ਹੁਣ ਤੀਜੇ ਮਹਾਨ ਪੰਛੀ ਦੀ ਚਰਚਾ ਸੁਣੋ। ਬਿਰਮਗਾਂਵ ਦਾ ਰਹਿਣ ਵਾਲਾ ਮੇਘਾ ਬੜਾ ਸਿੱਧਾ ਅਤੇ ਅੰਨਪੜ੍ਹ ਆਦਮੀ ਸੀ। ਉਹ ਰਾਏ ਬਹਾਦਰ ਹ.ਵੀ. ਸਾਠੇ ਦੇ ਕੋਲ ਰਸੋਈਏ ਦਾ ਕੰਮ ਕਰਦਾ ਸੀ। ਉਹ ਸ਼ਿਵ ਜੀ ਦਾ ਪਰਮ ਭਗਤ ਸੀ ਅਤੇ ਹਮੇਸ਼ਾਂ ਪੰਜ ਅੱਖ਼ਰੀ ਮੰਤਰ 'ਨਮਹ ਸ਼ਿਵਾਏ' ਦਾ ਜਾਪ ਕਰਦਾ ਸੀ। ਸ਼ਾਮ ਦੀ ਪੂਜਾ ਆਦਿ ਦਾ ਉਸ ਨੂੰ ਕੋਈ ਗਿਆਨ ਨਹੀਂ ਸੀ। ਇਥੋਂ ਤਕ ਕਿ ਉਹ ਸ਼ਾਮ ਦੇ ਮੂਲ ਗਾਯਤ੍ਰੀ ਮੰਤਰ ਨੂੰ ਵੀ ਨਹੀਂ ਜਾਣਦਾ ਸੀ। ਰਾਏ ਬਹਾਦਰ ਸਾਠੇ ਦਾ ਉਸ ਨਾਲ ਬਹੁਤ ਪਿਆਰ ਸੀ। ਇਸ ਲਈ ਉਨ੍ਹਾਂ ਨੇ ਉਸ ਨੂੰ ਸ਼ਾਮ ਦੀ ਵਿਧੀ ਅਤੇ ਗਾਯਤ੍ਰੀ ਮੰਤਰ ਸਿਖਾ ਦਿੱਤਾ। ਸਾਠੇ ਸਾਹਿਬ ਨੇ ਸ੍ਰੀ ਸਾਈਂ ਬਾਬਾ ਨੂੰ ਸ਼ਿਵ ਜੀ ਦਾ ਹੀ ਪ੍ਰਤੱਖ ਅਵਤਾਰ ਦੱਸ ਕੇ ਉਸ ਨੂੰ ਸ਼ਿਰਡੀ ਭੇਜਣ ਦਾ ਇਰਾਦਾ ਕੀਤਾ। ਜਦੋਂ ਸਾਠੇ ਸਾਹਿਬ ਕੋਲੋਂ ਪੁੱਛਣ 'ਤੇ ਉਨ੍ਹਾਂ ਨੇ ਦੱਸਿਆ ਕਿ ਸ੍ਰੀ ਸਾਈਂ ਬਾਬਾ ਤਾਂ ਯਵਨ ਹਨ। ਇਸ ਲਈ ਮੇਘਾ ਨੇ ਸੋਚਿਆ ਕਿ ਸ਼ਿਰਡੀ ਵਿਚ ਇਕ ਯਵਨ ਨੂੰ ਪ੍ਰਨਾਮ ਕਰਨਾ ਪਵੇਗਾ, ਇਹ ਕੋਈ ਚੰਗੀ ਗੱਲ ਨਹੀਂ ਹੈ। ਭੋਲਾ-ਭਾਲਾ ਆਦਮੀ ਤਾਂ ਉਹ ਸੀ ਹੀ, ਇਸ ਲਈ ਉਸ ਦੇ ਮਨ ਵਿਚ ਦੁਬਿਧਾ ਪੈਦਾ ਹੋ ਗਈ, ਤਾਂ ਉਸਨੇ ਆਪਣੇ ਮਾਲਕ ਕੋਲ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਉਥੇ ਨਾ ਭੇਜੋ। ਪਰ ਸਾਠੇ ਸਾਹਿਬ ਕਿਥੇ ਮੰਨਣ ਵਾਲੇ ਸੀ ? ਉਨ੍ਹਾਂ ਦੇ ਸਾਹਮਣੇ ਮੇਘਾ ਦੀ ਇਕ ਨਾ ਚੱਲੀ। ਉਨ੍ਹਾਂ ਨੇ ਉਸ ਨੂੰ ਕਿਸੇ ਤਰ੍ਹਾਂ ਸ਼ਿਰਡੀ ਭੇਜ ਦਿੱਤਾ ਅਤੇ ਉਸ ਜ਼ਰੀਏ, ਆਪਣੇ ਸਹੁਰੇ ਗਣੇਸ਼ ਦਮੋਦਰ ਉਪ-ਨਾਮ ਦਾਦਾ ਕੇਲਕਰ ਨੂੰ, ਜਿਹੜੇ ਸ਼ਿਰਡੀ ਵਿਚ ਹੀ ਰਹਿੰਦੇ ਸੀ, ਇਕ ਚਿੱਠੀ ਭੇਜੀ ਕਿ ਮੇਘਾ ਦੀ ਜਾਣ-ਪਛਾਣ ਬਾਬਾ ਨਾਲ ਕਰਵਾ ਦੇਣਾ। ਸ਼ਿਰਡੀ ਪਹੁੰਚ ਕੇ ਜਦੋਂ ਉਹ ਮਸਜਿਦ ਵਿਚ ਵੜਿਆ ਤਾਂ ਬਾਬਾ ਬਹੁਤ ਗੁੱਸੇ ਹੋ ਗਏ ਅਤੇ ਉਸਨੂੰ ਉਨ੍ਹਾਂ ਨੇ ਮਸਜਿਦ ਵਿਚ ਆਉਣ ਦੀ ਮਨਾਹੀ ਕਰ ਦਿੱਤੀ। ਉਹ ਗਰਜ ਕੇ ਕਹਿਣ ਲੱਗੇ, "ਇਸਨੂੰ ਬਾਹਰ ਕੱਢ ਦਿਉ।" ਫੇਰ ਮੇਘਾ ਵੱਲ ਦੇਖ ਕੇ ਕਹਿਣ ਲੱਗੇ, "ਤੂੰ ਤਾਂ ਇਕ ਉੱਚੀ ਕੁਲ ਦਾ ਬ੍ਰਾਹਮਣ ਹੈਂ ਅਤੇ ਮੈਂ ਨੀਵੀਂ ਜਾਤ ਦਾ ਇਕ ਯਵਨ। ਤੇਰੀ ਜਾਤ ਭ੍ਰਿਸ਼ਟ ਹੋ ਜਾਏਗੀ, ਇਸ ਲਈ ਇਥੋਂ ਬਾਹਰ ਨਿਕਲ ਜਾ।" ਇਹ ਸ਼ਬਦ ਸੁਣ ਕੇ ਮੇਘਾ ਕੰਬ ਗਿਆ। ਉਸਨੂੰ ਬੜੀ ਹੈਰਾਨੀ ਹੋਈ ਕਿ ਜੋ ਕੁਝ ਉਸ ਦੇ ਦਿਲ ਵਿਚ ਖ਼ਿਆਲ ਆ ਰਹੇ ਸੀ, ਉਹ ਬਾਬਾ ਨੇ ਕਿਸ ਤਰ੍ਹਾਂ ਜਾਣ ਲਿਆ ? ਕਿਸੇ ਤਰ੍ਹਾਂ ਉਹ ਕੁਝ ਦਿਨ ਉਥੇ ਠਹਿਰਿਆ ਅਤੇ ਆਪਣੀ ਮਰਜ਼ੀ ਨਾਲ ਸੇਵਾ ਵੀ ਕਰਦਾ ਰਿਹਾ, ਪਰ ਉਸ ਦੀ ਇੱਛਾ ਤ੍ਰਿਪਤ ਨਹੀਂ ਹੋਈ। ਫੇਰ ਉਹ ਘਰ ਵਾਪਸ ਆਇਆ ਅਤੇ ਉਥੋਂ ਤ੍ਰਿੰਬਕ (ਜ਼ਿਲ੍ਹਾ ਨਾਸਿਕ) ਨੂੰ ਚਲਾ ਗਿਆ। ਸਾਲ ਭਰ ਦੇ ਮਗਰੋਂ ਉਹ ਫੇਰ ਸ਼ਿਰਡੀ ਆਇਆ ਅਤੇ ਇਸ ਵਾਰੀ ਦਾਦਾ ਕੇਲਕਰ ਦੇ ਕਹਿਣ ਨਾਲ ਉਸ ਨੂੰ ਮਸਜਿਦ ਵਿਚ ਰਹਿਣ ਦਾ ਮੌਕਾ ਮਿਲ ਗਿਆ। ਸਾਈਂ ਬਾਬਾ ਮੌਖਿਕ ਉਪਦੇਸ਼ ਨਾਲ ਮੇਘਾ ਦੀ ਉੱਨਤੀ ਕਰਨ ਦੇ ਬਦਲੇ ਉਸਦਾ ਅੰਦਰੂਨੀ ਸੁਧਾਰ ਕਰ ਰਹੇ





ਸੀ। ਉਸਦੀ ਹਾਲਤ ਵਿਚ ਕਾਫੀ ਬਦਲਾਅ ਹੋ ਕੇ ਕਾਫੀ ਉੱਨਤੀ ਹੋ ਚੁੱਕੀ ਸੀ ਅਤੇ ਹੁਣ ਤਾਂ ਉਹ ਸ੍ਰੀ ਸਾਈਂ ਬਾਬਾ ਨੂੰ ਸ਼ਿਵ ਜੀ ਦਾ ਹੀ ਪ੍ਰਤੱਖ ਅਵਤਾਰ ਸਮਝਣ ਲੱਗਾ ਸੀ। ਸ਼ਿਵ ਦੀ ਪੂਜਾ ਵਿਚ ਬਿਲਵ ਦੇ ਪੱਤਿਆਂ ਦੀ ਲੋੜ ਹੁੰਦੀ ਹੈ। ਇਸ ਲਈ ਆਪਣੇ ਸ਼ਿਵ ਜੀ (ਬਾਬਾ) ਦੀ ਪੂਜਾ ਕਰਨ ਲਈ ਬਿਲਵ ਦੇ ਪੱਤਿਆਂ ਦੀ ਖੋਜ ਵਿਚ ਉਹ ਮੀਲਾਂ ਦੂਰ ਚਲਾ ਜਾਂਦਾ ਸੀ। ਹਰ ਰੋਜ਼ ਉਸਨੇ ਇਹ ਨੇਮ ਬਣਾ ਲਿਆ ਸੀ ਕਿ ਪਿੰਡ ਵਿਚ ਜਿੰਨੇ ਵੀ ਮੰਦਿਰ ਸਨ, ਪਹਿਲਾਂ ਉਥੇ ਜਾ ਕੇ ਉਹ ਉਨ੍ਹਾਂ ਦੀ ਪੂਜਾ ਕਰਦਾ ਅਤੇ ਉਸ ਤੋਂ ਬਾਅਦ ਹੀ ਮਸਜਿਦ ਵਿਚ ਬਾਬਾ ਨੂੰ ਪ੍ਰਨਾਮ ਕਰਦਾ ਅਤੇ ਕੁਝ ਦੇਰ ਚਰਣਾਂ ਦੀ ਸੇਵਾ ਕਰਨ ਦੇ ਬਾਅਦ ਹੀ ਚਰਣ-ਅੰਮ੍ਰਿਤਪਾਨ ਕਰਦਾ ਸੀ। ਇਕ ਵਾਰੀ ਏਦਾਂ ਹੋਇਆ ਕਿ ਖੰਡੋਬਾ ਦੇ ਮੰਦਿਰ ਦਾ ਦਰਵਾਜ਼ਾ ਬੰਦ ਸੀ। ਇਸ ਕਾਰਨ ਉਹ ਬਿਨਾਂ ਪੂਜਾ ਕੀਤੇ ਹੀ ਉਥੋਂ ਵਾਪਸ ਆ ਗਿਆ ਅਤੇ ਜਦੋਂ ਉਹ ਮਸਜਿਦ ਵਿਚ ਆਇਆ ਤਾਂ ਬਾਬਾ ਨੇ ਉਸਦੀ ਸੇਵਾ ਸਵੀਕਾਰ ਨਾ ਕੀਤੀ ਅਤੇ ਉਸ ਨੂੰ ਫੇਰ ਉਥੇ ਜਾ ਕੇ ਪੂਜਾ ਕਰਕੇ ਆਉਣ ਲਈ ਕਿਹਾ ਅਤੇ ਉਸ ਨੂੰ ਦੱਸਿਆ ਕਿ ਹੁਣ ਮੰਦਿਰ ਦਾ ਦਰਵਾਜ਼ਾ ਖੁੱਲ੍ਹ ਗਿਆ ਹੈ। ਮੇਘਾ ਨੇ ਜਾ ਕੇ ਦੇਖਿਆ ਕਿ ਸੱਚਮੁਚ ਮੰਦਿਰ ਦਾ ਦਰਵਾਜ਼ਾ ਖੁੱਲ੍ਹ ਗਿਆ ਹੈ। ਜਦੋਂ ਉਸਨੇ ਵਾਪਸ ਆ ਕੇ ਵਿਧੀ ਨਾਲ ਪੂਜਾ ਕੀਤੀ, ਤਾਂ ਕਿਤੇ ਬਾਬਾ ਨੇ ਉਸ ਨੂੰ ਆਪਣੀ ਪੂਜਾ ਕਰਨ ਦੀ ਆਗਿਆ ਦਿੱਤੀ।

## ਗੰਗਾ ਇਸ਼ਨਾਨ

ਇਕ ਵਾਰੀ ਮਕਰ ਸਕਰਾਂਤੀ (ਮਾਘੀ) ਦੇ ਅਵਸਰ 'ਤੇ ਮੇਘਾ ਨੇ ਵਿਚਾਰ ਕੀਤਾ ਕਿ ਬਾਬਾ ਨੂੰ ਚੰਦਨ ਦਾ ਲੇਪ ਕਰਾਂ ਅਤੇ ਗੰਗਾਜਲ ਨਾਲ ਉਨ੍ਹਾਂ ਨੂੰ ਇਸ਼ਨਾਨ ਕਰਾਵਾਂ। ਬਾਬਾ ਨੇ ਪਹਿਲਾਂ ਤਾਂ ਇਸ ਲਈ ਆਪਣੀ ਮਨਜ਼ੂਰੀ ਨਾ ਦਿੱਤੀ, ਪਰ ਉਸ ਦੀ ਲਗਾਤਾਰ ਪ੍ਰਾਰਥਨਾ ਦੇ ਬਾਅਦ ਉਨ੍ਹਾਂ ਨੇ ਕਿਸੇ ਤਰ੍ਹਾਂ ਸਵੀਕਾਰ ਕਰ ਲਿਆ। ਗੋਦਾਵਰੀ ਨਦੀ ਦਾ ਪਵਿੱਤਰ ਜਲ ਲਿਆਉਣ ਲਈ ਮੇਘਾ ਨੂੰ ਅੱਠ ਕੋਹ (1 ਕੋਹ=3 ਮੀਲ) ਦਾ ਚੱਕਰ ਲਾਉਣਾ ਪਿਆ। ਉਹ ਜਲ ਲੈ ਕੇ ਵਾਪਸ ਆਇਆ ਅਤੇ ਦੁਪਹਿਰ ਤਕ ਪੂਰਾ ਇੰਤਜ਼ਾਮ ਕਰ ਲਿਆ। ਉਦੋਂ ਉਸ ਨੇ ਬਾਬਾ ਨੂੰ ਤਿਆਰ ਹੋਣ ਦੀ ਸੂਚਨਾ ਦਿੱਤੀ। ਬਾਬਾ ਨੇ ਫੇਰ ਮੇਘਾ ਨੂੰ ਬੇਨਤੀ ਕੀਤੀ ਕਿ "ਮੈਨੂੰ ਇਸ ਝੰਜਟ ਤੋਂ ਦੂਰ ਹੀ ਰਹਿਣ ਦੇ। ਮੈਂ ਤਾਂ ਇਕ ਫ਼ਕੀਰ ਹਾਂ, ਮੈਨੂੰ ਗੰਗਾਜਲ ਨਾਲ ਕੀ ਮਤਲਬ ?" ਪਰ ਮੇਘਾ ਕੁਝ ਸੁਣਦਾ ਹੀ ਨਹੀਂ ਸੀ। ਮੇਘਾ ਦੀ ਤਾਂ ਇਹ ਪੱਕੀ ਧਾਰਨਾ ਸੀ ਕਿ ਸ਼ਿਵ ਜੀ ਗੰਗਾਜਲ ਨਾਲ ਬਹੁਤ ਖੁਸ਼ ਹੁੰਦੇ ਹਨ। ਇਸ ਲਈ ਇਹੋ ਜਿਹੇ ਸ਼ੁਭ ਤਿਉਹਾਰ 'ਤੇ ਆਪਣੇ ਸ਼ਿਵ ਜੀ ਨੂੰ ਇਸ਼ਨਾਨ ਕਰਾਉਣਾ ਸਾਡਾ ਫ਼ਰਜ਼ ਹੈ। ਹੁਣ ਤਾਂ ਬਾਬਾ ਨੂੰ ਮੰਨਣਾ ਹੀ ਪਿਆ ਅਤੇ ਹੇਠਾਂ ਉਤਰ ਕੇ ਉਹ ਇਕ ਪੀੜ੍ਹੇ ਉਪਰ ਬੈਠ ਗਏ ਅਤੇ ਆਪਣਾ ਸਿਰ ਅੱਗੇ ਕਰ ਕੇ ਕਹਿਣ ਲੱਗੇ, "ਅਰੇ ਮੇਘਾ! ਘੱਟ ਤੋਂ ਘੱਟ ਏਨੀ ਕ੍ਰਿਪਾ ਤਾਂ ਕਰ ਕਿ ਸਿਰਫ਼ ਮੇਰੇ ਸਿਰ 'ਤੇ ਹੀ ਪਾਣੀ ਪਾਉਣਾ। ਸਿਰ ਸਰੀਰ ਦਾ ਮੁੱਖ ਅੰਗ ਹੈ ਅਤੇ ਉਸ 'ਤੇ ਪਾਣੀ ਪਾਉਣਾ ਹੀ ਪੂਰੇ ਸਰੀਰ 'ਤੇ ਪਾਣੀ ਪਾਉਣ ਦੇ ਬਰਾਬਰ ਹੈ।" ਮੇਘਾ ਨੇ 'ਚੰਗਾ ਚੰਗਾ' ਕਹਿੰਦੇ ਹੋਏ ਬਰਤਨ ਚੁੱਕ ਕੇ ਸਿਰ ਉਪਰ ਪਾਣੀ ਪਾਉਣਾ ਸ਼ੁਰੂ ਕੀਤਾ। ਇਸ ਤਰ੍ਹਾਂ ਕਰਨ ਨਾਲ ਉਸਨੂੰ ਏਨੀ ਖੁਸ਼ੀ ਹੋਈ ਕਿ ਉਸਨੇ

ਉੱਚੀ ਆਵਾਜ਼ ਵਿਚ 'ਹਰ ਹਰ ਗੰਗੇ' ਕਹਿੰਦੇ ਹੋਏ ਬਰਤਨ ਦਾ ਸਾਰਾ ਪਾਣੀ ਬਾਬਾ ਦੇ ਪੂਰੇ ਸਰੀਰ 'ਤੇ ਉਲਟਾ ਦਿੱਤਾ ਅਤੇ ਪਾਣੀ ਵਾਲਾ ਬਰਤਨ ਇਕ ਪਾਸੇ ਰੱਖ ਕੇ ਉਹ ਬਾਬਾ ਵੱਲ ਦੇਖਣ ਲੱਗਾ। ਉਸਨੇ ਦੇਖਿਆ ਕਿ ਬਾਬਾ ਦਾ ਤਾਂ ਸਿਰਫ਼ ਸਿਰ ਹੀ ਗਿੱਲਾ ਹੈ ਅਤੇ ਬਾਕੀ ਸਰੀਰ ਬਿਲਕੁਲ ਸੁੱਕਾ ਹੀ ਹੈ। ਇਹ ਦੇਖ ਕੇ ਉਸਨੂੰ ਬੜੀ ਹੈਰਾਨੀ ਹੋਈ।

## ਤ੍ਰਿਸ਼ੂਲ ਅਤੇ ਪਿੰਡੀ

ਮੇਘਾ, ਬਾਬਾ ਨੂੰ ਦੋ ਥਾਵਾਂ 'ਤੇ ਇਸ਼ਨਾਨ ਕਰਾਉਂਦਾ ਸੀ। ਪਹਿਲਾਂ ਉਹ ਬਾਬਾ ਨੂੰ ਮਸਜਿਦ ਵਿਚ ਇਸ਼ਨਾਨ ਕਰਾਉਂਦਾ ਸੀ ਅਤੇ ਫੇਰ ਵਾੜੇ ਵਿਚ ਨਾਨਾਸਾਹਿਬ ਚਾਂਦੋਰਕਰ ਕੋਲੋਂ ਮਿਲੀ ਉਨ੍ਹਾਂ ਦੀ ਵੱਡੀ ਤਸਵੀਰ ਨੂੰ। ਇਸ ਤਰ੍ਹਾਂ ਇਹ ਸਿਲਸਿਲਾ 12 ਮਹੀਨੇ ਤਕ ਚਲਦਾ ਰਿਹਾ।

ਬਾਬਾ ਨੇ ਉਸ ਦੀ ਭਗਤੀ ਅਤੇ ਵਿਸ਼ਾਵਾਸ ਪੱਕਾ ਕਰਨ ਲਈ ਉਸਨੂੰ ਦਰਸ਼ਨ ਦਿੱਤੇ। ਇਕ ਦਿਨ ਸਵੇਰੇ ਮੇਘਾ ਜਦੋਂ ਅਧਸੁੱਤਾ ਆਪਣੇ ਮੰਜੇ ਉਪਰ ਪਿਆ ਹੋਇਆ ਸੀ, ਉਦੋਂ ਉਸ ਨੂੰ ਬਾਬਾ ਦੇ ਦਰਸ਼ਨ ਹੋਏ। ਬਾਬਾ ਨੇ ਉਸ ਨੂੰ ਜਾਗਦਾ ਸਮਝ ਕੇ ਅਕਸ਼ਤ ਸੁੱਟੇ ਅਤੇ ਕਿਹਾ, "ਮੇਘਾ! ਮੈਨੂੰ ਤ੍ਰਿਸ਼ੂਲ ਲਗਾਉ।" ਏਨਾ ਕਹਿ ਕੇ ਉਹ ਗਾਇਬ ਹੋ ਗਏ। ਉਨ੍ਹਾਂ ਦੇ ਸ਼ਬਦ ਸੁਣ ਕੇ ਉਸਨੇ ਉਤਸੁਕਤਾ ਨਾਲ ਆਪਣੀਆਂ ਅੱਖਾਂ ਖੋਲ੍ਹੀਆਂ, ਪਰ ਦੇਖਿਆ ਕਿ ਕੋਈ ਨਹੀਂ ਹੈ, ਕੇਵਲ ਅਕਸ਼ਤ ਹੀ ਇਧਰ-ਉਧਰ ਖਿੱਲਰੇ ਪਏ ਹਨ। ਤਾਂ ਉਹ ਉੱਠ ਕੇ ਬਾਬਾ ਕੋਲ ਗਿਆ ਅਤੇ ਉਨ੍ਹਾਂ ਨੂੰ ਆਪਣਾ ਸੁਪਨਾ ਸੁਣਾਉਣ ਦੇ ਬਾਅਦ ਉਸ ਨੇ ਉਨ੍ਹਾਂ ਕੋਲੋਂ ਤ੍ਰਿਸ਼ੂਲ ਲਗਾਉਣ ਦੀ ਆਗਿਆ ਮੰਗੀ। ਬਾਬਾ ਨੇ ਕਿਹਾ, "ਕੀ ਤੂੰ ਮੇਰੇ ਸ਼ਬਦ ਨਹੀਂ ਸੁਣੇ ਕਿ ਮੈਨੂੰ ਤ੍ਰਿਸ਼ੂਲ ਲਗਾਉ। ਉਹ ਕੋਈ ਸੁਪਨਾ ਨਹੀਂ ਬਲਕਿ ਮੇਰੀ ਪ੍ਰਤੱਖ ਆਗਿਆ ਸੀ।

।" ਮੇਘਾ ਕਹਿਣ ਲੱਗਾ ਕਿ ਤੁਸੀਂ ਦਯਾ ਕਰਕੇ ਮੈਨੂੰ ਨੀਂਦ ਤੋਂ ਤਾਂ ਜਗਾ ਦਿੱਤਾ ਹੈ ਪਰ ਸਾਰੇ ਦਰਵਾਜ਼ੇ ਪਹਿਲੇ ਵਾਂਗ ਹੀ ਬੰਦ ਦੇਖ ਕੇ ਮੈਂ ਮੂਰਖ਼ ਸੋਚਣ ਲੱਗਾ ਕਿ ਮੈਂ ਸੁਪਨਾ ਤਾਂ ਨਹੀਂ ਦੇਖ ਰਿਹਾ ਸੀ। ਬਾਬਾ ਨੇ ਫੇਰ ਕਿਹਾ,

। ਮੇਘਾ ਵਾਪਸ ਵਾੜੇ ਵਿਚ ਆਇਆ ਅਤੇ ਬਾਬਾ ਦੀ ਤਸਵੀਰ ਦੇ ਕੋਲ ਹੀ ਕੰਧ ਉਤੇ ਇਕ ਲਾਲ ਤ੍ਰਿਸ਼ੂਲ ਖਿੱਚ ਦਿੱਤਾ। ਦੂਸਰੇ ਦਿਨ ਇਕ ਰਾਮਦਾਸੀ ਭਗਤ ਪੂਨੇ ਤੋਂ ਆਇਆ। ਉਸ ਨੇ ਬਾਬਾ ਨੂੰ ਪ੍ਰਨਾਮ ਕਰਕੇ ਸ਼ੰਕਰ ਦੀ ਇਕ ਪਿੰਡੀ ਭੇਟ ਕੀਤੀ। ਉਸ ਵੇਲੇ ਮੇਘਾ ਵੀ ਉਥੇ ਪਹੁੰਚਿਆ। ਤਾਂ ਬਾਬਾ ਉਸ ਨੂੰ ਕਹਿਣ ਲੱਗੇ ਕਿ ਦੇਖੋ, ਸ਼ੰਕਰ ਭੋਲੇ ਆ ਗਏ ਹਨ। ਹੁਣ ਉਨ੍ਹਾਂ ਨੂੰ ਸੰਭਾਲੋ ਮੇਘਾ ਨੇ ਪਿੰਡੀ 'ਤੇ ਤ੍ਰਿਸ਼ੂਲ ਲੱਗਾ ਦੇਖਿਆ ਤਾਂ ਉਸ ਨੂੰ ਬਹੁਤ ਹੈਰਾਨੀ ਹੋਈ। ਉਹ ਵਾੜੇ ਵਿਚ ਆਇਆ। ਉਸ ਵੇਲੇ ਕਾਕਾ ਸਾਹਿਬ ਦਿਕਸ਼ਿਤ ਇਸ਼ਨਾਨ ਤੋਂ ਬਾਅਦ ਸਿਰ ਉਪਰ ਤੋਲੀਆ ਪਾ ਕੇ 'ਸਾਈਂ" ਨਾਮ ਦਾ ਜਾਪ ਕਰ ਰਹੇ

ਸੀ। ਉਦੋਂ ਉਨ੍ਹਾਂ ਨੇ ਧਿਆਨ ਵਿਚ ਇਕ ਪਿੰਡੀ ਦੇਖੀ, ਜਿਸ ਨਾਲ ਉਨ੍ਹਾਂ ਨੂੰ ਅਸਚਰਜ ਜਿਹਾ ਹੋ ਗਿਆ। ਉਨ੍ਹਾਂ ਨੇ ਸਾਹਮਣੇ ਤੋਂ ਮੇਘਾ ਨੂੰ ਆਉਂਦੇ ਦੇਖਿਆ। ਮੇਘਾ ਨੇ ਬਾਬਾ ਵੱਲੋਂ ਦਿੱਤੀ ਉਹ ਪਿੰਡੀ ਕਾਕਾ ਸਾਹਿਬ ਦਿਕਸ਼ਿਤ ਨੂੰ ਦਿਖਾਈ। ਪਿੰਡੀ ਠੀਕ ਉਸ ਤਰ੍ਹਾਂ ਦੀ ਹੀ ਸੀ, ਜਿਸ ਤਰ੍ਹਾਂ ਦੀ ਉਨ੍ਹਾਂ ਨੇ ਕੁਝ ਘੜੀ ਪਹਿਲਾਂ ਧਿਆਨ ਵਿਚ ਦੇਖੀ ਸੀ। ਕੁਝ ਦਿਨਾਂ ਵਿਚ ਜਦੋਂ ਤ੍ਰਿਸ਼ੂਲ ਦਾ ਖਿੱਚਣਾ ਪੂਰਾ ਹੋ ਗਿਆ ਤਾਂ ਬਾਬਾ ਨੇ ਵੱਡੀ ਤਸਵੀਰ ਕੋਲ (ਜਿਸਦੀ ਮੇਘਾ ਰੋਜ਼ ਪੂਜਾ ਕਰਦਾ ਸੀ) ਹੀ ਉਸ ਪਿੰਡੀ ਦੀ ਸਥਾਪਨਾ ਕਰ ਦਿੱਤੀ। ਮੇਘਾ ਨੂੰ ਸ਼ਿਵ-ਪੂਜਾ ਨਾਲ ਬੜਾ ਪ੍ਰੇਮ ਸੀ। ਤ੍ਰਿਪੁੰਡ ਖਿੱਚਣ ਦਾ ਮੌਕਾ ਦੇ ਕੇ ਅਤੇ ਪਿੰਡੀ ਦੀ ਸਥਾਪਨਾ ਕਰਕੇ ਬਾਬਾ ਨੇ ਉਸ ਦਾ ਵਿਸ਼ਵਾਸ ਪੱਕਾ ਕਰ ਦਿੱਤਾ।

ਇਸ ਤਰ੍ਹਾਂ ਕਈ ਸਾਲ ਤਕ ਦੁਪਹਿਰ ਅਤੇ ਸ਼ਾਮ ਨੂੰ ਨੇਮ ਨਾਲ ਆਰਤੀ ਅਤੇ ਪੂਜਾ ਕਰਕੇ ਸੰਨ 1912 ਵਿਚ ਮੇਘਾ ਪਰਲੋਕ ਵਾਸੀ ਹੋ ਗਿਆ। ਬਾਬਾ ਨੇ ਉਸ ਦੇ ਸਰੀਰ 'ਤੇ ਆਪਣਾ ਹੱਥ ਫੇਰਦੇ ਹੋਏ ਕਿਹਾ, "ਇਹ ਮੇਰਾ ਸੱਚਾ ਭਗਤ ਸੀ।" ਫੇਰ ਬਾਬਾ ਨੇ ਆਪਣੇ ਹੀ ਖ਼ਰਚੇ 'ਤੇ ਉਸਦੀ ਮੌਤ 'ਤੇ ਭੋਜਨ ਬ੍ਰਾਹਮਣਾਂ ਨੂੰ ਦਿੱਤੇ ਜਾਣ ਦੀ ਆਗਿਆ ਦਿੱਤੀ, ਜਿਸ ਦਾ ਪਾਲਣ ਕਾਕਾਸਾਹਿਬ ਦਿਕਸ਼ਿਤ ਨੇ ਕੀਤਾ।





# ॥ ਅਧਿਆਇ-29 ॥

***1) ਮਦਰਾਸੀ ਭਜਨੀ ਮੇਲਾ, 2) ਤੇਂਡੁਲਕਰ (ਪਿਤਾ ਅਤੇ ਪੁੱਤਰ),***

***3) ਡਾਕਟਰ ਕੈਪਟਨ ਹਾਟੇ ਅਤੇ, 4) ਵਾਮਨ ਨਾਰਵੇਕਰ ਆਦਿ ਦੀਆਂ ਕਥਾਵਾਂ।***

## 1) ਮਦਰਾਸੀ ਭਜਨੀ ਮੇਲਾ

ਲਗਭਗ ਸੰਨ 1916 ਵਿਚ ਇਕ ਮਦਰਾਸੀ ਭਜਨ ਮੰਡਲੀ ਪਵਿੱਤਰ ਕਾਂਸ਼ੀ ਦੀ ਤੀਰਥ ਯਾਤਰਾ 'ਤੇ ਨਿਕਲੀ। ਉਸ ਮੰਡਲੀ ਵਿਚ ਇਕ ਆਦਮੀ, ਉਸਦੀ ਪਤਨੀ, ਪੁੱਤਰੀ ਅਤੇ ਸਾਲੀ ਸੀ। ਬਦਕਿਸਮਤੀ ਨਾਲ, ਉਨ੍ਹਾਂ ਦੇ ਨਾਂਅ ਇਥੇ ਨਹੀਂ ਦਿੱਤੇ ਜਾ ਰਹੇ ਹਨ। ਰਾਹ ਵਿਚ ਕਿਤੋਂ ਉਨ੍ਹਾਂ ਨੇ ਸੁਣਿਆ ਕਿ ਅਹਿਮਦਨਗਰ ਦੀ ਤਹਿਸੀਲ ਕੋਪਰਗਾਂਵ ਦੇ ਸ਼ਿਰਡੀ ਪਿੰਡ ਵਿਚ ਸ੍ਰੀ ਸਾਈਂ ਬਾਬਾ ਨਾਂਅ ਦੇ ਇਕ ਮਹਾਨ ਸੰਤ ਰਹਿੰਦੇ ਹਨ, ਜਿਹੜੇ ਬਹੁਤ ਦਿਆਲੂ ਅਤੇ ਪਹੁੰਚੇ ਹੋਏ ਹਨ। ਉਹ ਦਰਿਆ ਦਿਲ ਅਤੇ ਮਿਹਰਵਾਨ ਹਨ। ਉਹ ਰੋਜ਼ ਆਪਣੇ ਭਗਤਾਂ ਨੂੰ ਪੈਸੇ ਵੰਡਦੇ ਹਨ। ਜੇ ਕੋਈ ਕਲਾਕਾਰ ਉਥੇ ਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਾ ਹੈ ਤਾਂ ਉਸ ਨੂੰ ਵੀ ਇਨਾਮ ਮਿਲਦਾ ਹੈ। ਹਰ ਰੋਜ਼ ਬਾਬਾ ਕੋਲ ਬਹੁਤ ਰੁਪਏ ਇਕੱਠੇ ਹੋ ਜਾਂਦੇ ਸੀ। ਇਨ੍ਹਾਂ ਰੁਪਇਆਂ ਵਿਚੋਂ ਉਹ ਰੋਜ਼ ਇਕ ਰੁਪਇਆ ਭਗਤ ਕੋਨੰਡਾ ਜੀ ਦੀ ਤਿੰਨ ਸਾਲ ਦੀ ਲੜਕੀ ਅਮਨੀ ਨੂੰ, ਕਿਸੇ ਨੂੰ ਦੋ ਰੁਪਏ ਤੋਂ ਪੰਜ ਰੁਪਏ ਤਕ, ਛੇ ਰੁਪਏ ਅਮਨੀ ਦੀ ਮਾਂ ਜਮਲੀ ਨੂੰ ਅਤੇ ਦੱਸ ਤੋਂ ਵੀਹ ਰੁਪਏ ਤਕ ਅਤੇ ਕਦੀ-ਕਦੀ ਪੰਜਾਹ ਰੁਪਏ ਵੀ ਆਪਣੀ ਮਰਜ਼ੀ ਨਾਲ ਬਾਕੀ ਭਗਤਾਂ ਨੂੰ ਦਿੰਦੇ ਸੀ। ਇਹ ਸੁਣ ਕੇ ਮੰਡਲੀ ਸ਼ਿਰਡੀ ਆ ਕੇ ਠਹਿਰੀ। ਮੰਡਲੀ ਬਹੁਤ ਸੁੰਦਰ ਭਜਨ ਗਾਉਂਦੀ ਸੀ, ਪਰ ਉਨ੍ਹਾਂ ਦਾ ਅਸਲੀ ਮਕਸਦ ਪੈਸੇ ਇਕੱਠੇ ਕਰਨਾ ਹੀ ਸੀ। ਮੰਡਲੀ ਵਿਚ ਤਿੰਨ ਜਣੇ ਬਹੁਤ ਹੀ ਲਾਲਚੀ ਸਨ। ਕੇਵਲ ਪ੍ਰਧਾਨ ਔਰਤ ਦਾ ਹੀ ਸੁਭਾਅ ਇਨ੍ਹਾਂ ਲੋਕਾਂ ਨਾਲੋਂ ਬਿਲਕੁਲ ਭਿੰਨ ਸੀ। ਉਸ ਦੇ ਦਿਲ ਵਿਚ ਬਾਬਾ ਦੇ ਲਈ ਸ਼ਰਧਾ ਅਤੇ ਆਦਰ ਸੀ। ਇਕ ਵਾਰੀ ਜਦੋਂ ਦੁਪਹਿਰ ਦੀ ਆਰਤੀ ਹੋ ਰਹੀ ਸੀ, ਤਾਂ ਉਸ ਔਰਤ ਦੀ ਭਗਤੀ ਅਤੇ ਵਿਸ਼ਵਾਸ ਦੇਖ ਕੇ ਬਾਬਾ ਖੁਸ਼ ਹੋ ਗਏ। ਫੇਰ ਕੀ ਸੀ ? ਬਾਬਾ ਨੇ ਉਸ ਨੂੰ ਉਸਦੇ ਭਗਵਾਨ ਦੇ ਰੂਪ ਵਿਚ ਦਰਸ਼ਨ ਦਿੱਤੇ ਅਤੇ ਸਿਰਫ਼ ਉਸ ਨੂੰ ਹੀ ਬਾਬਾ ਸੀਤਾਨਾਥ ਦੇ ਰੂਪ ਵਿਚ ਦਿਖਾਈ ਦਿੱਤੇ, ਜਦੋਂ ਕਿ ਹੋਰ ਹਾਜ਼ਰ ਲੋਕਾਂ ਨੂੰ ਆਮ ਵਾਂਗ ਹੀ। ਆਪਣੇ ਪਿਆਰੇ ਭਗਵਾਨ ਦਾ ਦਰਸ਼ਨ ਪਾ ਕੇ ਉਹ ਭਾਵੁਕ ਹੋ ਗਈ ਅਤੇ ਉਸ ਦਾ ਗਲਾ ਭਰ ਆਇਆ ਅਤੇ ਅੱਖਾਂ ਵਿਚੋਂ ਅੱਥਰੂ ਵਗਣ ਲੱਗੇ ਤਾਂ ਉਹ ਪ੍ਰੇਮ ਵਿਚ ਆ ਕੇ ਤਾੜੀਆਂ ਵਜਾਉਣ ਲੱਗ ਪਈ। ਉਸ ਨੂੰ ਇਸ ਤਰ੍ਹਾਂ ਖੁਸ਼ ਦੇਖ ਕੇ ਲੋਕਾਂ ਨੂੰ ਅਸਚਰਜ ਤਾਂ ਹੋਣ ਲੱਗਾ, ਪਰ ਕਾਰਨ ਕਿਸੇ ਨੂੰ ਵੀ ਪਤਾ ਨਹੀਂ ਲੱਗ ਰਿਹਾ ਸੀ। ਦੁਪਹਿਰ ਦੇ ਬਾਅਦ ਉਸ ਨੇ ਇਹ ਭੇਦ ਆਪਣੇ ਪਤੀ ਨੂੰ ਪ੍ਰਗਟ ਕੀਤਾ। ਬਾਬਾ ਦੇ ਸ੍ਰੀ ਰਾਮ ਦੇ ਸਰੂਪ ਵਿਚ ਉਸ ਨੂੰ ਕਿਸ ਤਰ੍ਹਾਂ ਦਰਸ਼ਨ ਹੋਏ ਆਦਿ ਉਸ

ਨੇ ਸਭ ਕੁਝ ਦੱਸਿਆ। ਪਤੀ ਨੇ ਸੋਚਿਆ ਕਿ ਮੇਰੀ ਪਤਨੀ ਬਹੁਤ ਭੋਲੀ ਅਤੇ ਭਾਵੁਕ ਹੈ, ਇਸਨੂੰ ਰਾਮ ਦੇ ਦਰਸ਼ਨ ਹੋਣਾ ਇਕ ਮਾਨਸਿਕ ਵਿਕਾਰ ਦੇ ਇਲਾਵਾ ਕੁਝ ਨਹੀਂ ਹੈ। ਉਸਨੇ ਏਦਾਂ ਕਹਿ ਕੇ ਉਸ ਦੀ ਪ੍ਰਵਾਹ ਨਹੀਂ ਕੀਤੀ ਕਿ ਕਦੀ ਇਹ ਵੀ ਸੰਭਵ ਹੋ ਸਕਦਾ ਹੈ ਕਿ ਸਿਰਫ਼ ਤੈਨੂੰ ਹੀ ਬਾਬਾ ਰਾਮ ਦੇ ਰੂਪ ਵਿਚ ਨਜ਼ਰ ਆਉਣ ਅਤੇ ਹੋਰ ਲੋਕਾਂ ਨੂੰ ਹਮੇਸ਼ਾਂ ਦੀ ਤਰ੍ਹਾਂ ਸਾਈਂ ਬਾਬਾ ਹੀ। ਪਤਨੀ ਨੇ ਕੋਈ ਖੰਡਨ ਨਾ ਕੀਤਾ, ਕਿਉਂਕਿ ਉਸ ਨੂੰ ਰਾਮ ਦੇ ਦਰਸ਼ਨ ਜਿਸ ਤਰ੍ਹਾਂ ਉਸ ਵੇਲੇ ਹੋਏ ਸੀ, ਉਸ ਤਰ੍ਹਾਂ ਹੀ ਹੁਣ ਵੀ ਹੋ ਰਹੇ ਸੀ। ਉਸ ਦਾ ਮਨ ਸ਼ਾਂਤ ਅਤੇ ਤ੍ਰਿਪਤ ਹੋ ਚੁੱਕਾ ਸੀ।

## ਹੈਰਾਨੀਜਨਕ ਦਰਸ਼ਨ

ਇਸ ਤਰ੍ਹਾਂ ਦਿਨ ਗੁਜ਼ਰਦੇ ਗਏ। ਇਕ ਦਿਨ ਰਾਤ ਨੂੰ ਉਸ ਦੇ ਪਤੀ ਨੂੰ ਇਕ ਅਜ਼ੀਬ ਸੁਪਨਾ ਆਇਆ। ਉਸ ਨੇ ਦੇਖਿਆ ਕਿ ਇਕ ਵੱਡੇ ਸ਼ਹਿਰ ਵਿਚ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਰੱਸੀ ਨਾਲ ਬੰਨ੍ਹ ਕੇ ਉਸ ਨੂੰ ਹਵਾਲਾਤ ਵਿਚ ਪਾਇਆ ਹੋਇਆ ਹੈ। ਉਸ ਦੇ ਬਾਅਦ ਹੀ ਉਸ ਨੇ ਦੇਖਿਆ ਕਿ ਬਾਬਾ ਸ਼ਾਂਤ ਮੁਦਰਾ ਵਿਚ ਸੀਖਾਂ ਦੇ ਬਾਹਰ ਉਸ ਦੇ ਨੇੜੇ ਖੜੇ ਹਨ। ਉਨ੍ਹਾਂ ਨੂੰ ਆਪਣੇ ਕੋਲ ਖੜੇ ਦੇਖ ਕੇ ਉਹ ਗਿੜਗਿੜਾ ਕੇ ਕਹਿਣ ਲੱਗਾ, "ਤੁਹਾਡੀ ਕੀਰਤੀ ਸੁਣ ਕੇ ਹੀ ਮੈਂ ਤੁਹਾਡੇ ਸ੍ਰੀ ਚਰਣਾਂ ਵਿਚ ਆਇਆ ਹਾਂ। ਫੇਰ ਤੁਹਾਡੇ ਇੰਨੇ ਨੇੜੇ ਹੁੰਦੇ ਹੋਏ ਵੀ ਮੇਰੇ 'ਤੇ ਇਹ ਮੁਸੀਬਤ ਕਿਉਂ ਆਈ?"

ਤਾਂ ਬਾਬਾ ਬੋਲੇ, "ਤੈਨੂੰ ਆਪਣੇ ਬੁਰੇ ਕਰਮਾਂ ਦਾ ਫਲ ਜ਼ਰੂਰ ਭੋਗਣਾ ਚਾਹੀਦਾ ਹੈ।" ਉਹ ਫੇਰ ਬੋਲਿਆ, "ਇਸ ਜੀਵਨ ਵਿਚ ਮੈਨੂੰ ਆਪਣੇ ਇਹੋ ਜਿਹੇ ਕਰਮਾਂ ਦੀ ਯਾਦ ਨਹੀਂ, ਜਿਸ ਕਾਰਨ ਮੈਨੂੰ ਇਹ ਮਾੜੇ ਦਿਨ ਦੇਖਣੇ ਪਏ ਹਨ।" ਬਾਬਾ ਨੇ ਕਿਹਾ, "ਜੇ ਇਸ ਜਨਮ ਵਿਚ ਨਹੀਂ ਤਾਂ ਪਿਛਲੇ ਜਨਮ ਵਿਚ ਜ਼ਰੂਰ ਕੋਈ ਬੁਰਾ ਕਰਮ ਕੀਤਾ ਹੋਏਗਾ।" ਤਾਂ ਉਹ ਕਹਿਣ ਲੱਗਾ, "ਮੈਨੂੰ ਤਾਂ ਆਪਣੇ ਪਿਛਲੇ ਜਨਮ ਦੀ ਕੋਈ ਯਾਦ ਨਹੀਂ, ਪਰ ਜੇ ਇਕ ਵਾਰੀ ਮੰਨ ਵੀ ਲਵਾਂ ਤਾਂ ਕੋਈ ਬੁਰਾ ਕਰਮ ਹੋ ਵੀ ਗਿਆ ਹੋਏਗਾ ਤਾਂ ਤੁਹਾਡੇ ਇਥੇ ਹੁੰਦੇ ਹੋਏ ਤਾਂ ਉਸ ਨੂੰ ਭਸਮ ਹੋ ਜਾਣਾ ਚਾਹੀਦਾ ਹੈ, ਜਿਸ ਤਰ੍ਹਾਂ ਸੁੱਕੀ ਘਾਹ ਅੱਗ ਵਿਚ ਭਸਮ ਹੋ ਜਾਂਦੀ ਹੈ।" ਬਾਬਾ ਨੇ ਪੁੱਛਿਆ, "ਕੀ ਤੇਰਾ ਸੱਚਮੁੱਚ ਇਸ ਤਰ੍ਹਾਂ ਦਾ ਪੱਕਾ ਵਿਸ਼ਵਾਸ ਹੈ?" ਉਸ ਨੇ ਕਿਹਾ, "ਹਾਂ।"

ਬਾਬਾ ਨੇ ਉਸ ਨੂੰ ਅੱਖਾਂ ਬੰਦ ਕਰਨ ਲਈ ਕਿਹਾ ਅਤੇ ਜਦੋਂ ਉਸਨੇ ਅੱਖਾਂ ਬੰਦ ਕੀਤੀਆ, ਉਸਨੂੰ ਕਿਸੇ ਭਾਰੀ ਚੀਜ਼ ਦੇ ਡਿੱਗਣ ਦੀ ਆਵਾਜ਼ ਆਈ। ਅੱਖਾਂ ਖੋਲ੍ਹਣ 'ਤੇ ਉਸਨੇ ਆਪਣੇ-ਆਪ ਨੂੰ ਜ਼ੇਲ ਤੋਂ ਆਜ਼ਾਦ ਦੇਖਿਆ। ਪੁਲਿਸ ਵਾਲਾ ਥੱਲੇ ਡਿੱਗਾ ਹੋਇਆ ਹੈ ਅਤੇ ਉਸ ਦੇ ਸਰੀਰ ਵਿਚੋਂ ਖ਼ੂਨ ਵਗ ਰਿਹਾ ਹੈ, ਇਹ ਦੇਖ ਕੇ ਉਹ ਬਹੁਤ ਡਰ ਕੇ ਬਾਬਾ ਵੱਲ ਦੇਖਣ ਲੱਗਾ ਤਾਂ ਬਾਬਾ ਬੋਲੇ, "ਬੱਚੂ, ਹੁਣ ਤੇਰੀ ਚੰਗੀ ਤਰ੍ਹਾਂ ਖ਼ਬਰ ਲਈ ਜਾਏਗੀ। ਪੁਲਿਸ ਅਧਿਕਾਰੀ ਹੁਣੇ ਆਉਣਗੇ ਅਤੇ ਤੈਨੂੰ ਗ੍ਰਿਫ਼ਤਾਰ ਕਰ ਲੈਣਗੇ।" ਤਾਂ ਉਹ ਗਿੜਗਿੜਾ ਕੇ ਕਹਿਣ ਲੱਗਾ, "ਤੁਹਾਡੇ ਬਿਨਾਂ ਮੇਰੀ ਰੱਖਿਆ ਹੋਰ ਕੌਣ ਕਰ ਸਕਦਾ ਹੈ? ਮੈਨੂੰ ਤਾਂ ਇਕ ਤੁਹਾਡਾ ਹੀ ਸਹਾਰਾ ਹੈ। ਭਗਵਾਨ! ਮੈਨੂੰ ਕਿਸੇ ਤਰ੍ਹਾਂ ਬਚਾ ਲਵੋ।"

ਉਦੋਂ ਬਾਬਾ ਨੇ ਫੇਰ ਉਸ ਨੂੰ ਅੱਖਾਂ ਬੰਦ ਕਰਨ ਲਈ ਕਿਹਾ। ਅੱਖਾਂ ਖੋਲ੍ਹਣ ’ਤੇ ਉਸਨੇ ਦੇਖਿਆ ਕਿ ਉਹ ਪੂਰੀ ਤਰ੍ਹਾਂ ਆਜ਼ਾਦ ਹੋ ਕੇ ਸੀਖਾਂ ਦੇ ਬਾਹਰ ਖੜਾ ਹੈ ਅਤੇ ਬਾਬਾ ਵੀ ਉਸ ਦੇ ਕੋਲ ਖੜੇ ਹਨ। ਉਦੋਂ ਉਹ ਬਾਬਾ ਦੇ ਸ੍ਰੀ ਚਰਣਾਂ ’ਤੇ ਡਿੱਗ ਪਿਆ।

ਬਾਬਾ ਨੇ ਪੁੱਛਿਆ, “ਮੈਨੂੰ ਦੱਸ ਤਾਂ, ਤੇਰੇ ਇਸ ਨਮਸਕਾਰ ਅਤੇ ਪਿਛਲੇ ਨਮਸਕਾਰਾਂ ਵਿਚ ਕਿਸੇ ਤਰ੍ਹਾਂ ਦਾ ਫ਼ਰਕ ਹੈ ਜਾਂ ਨਹੀਂ ? ਇਸਦਾ ਜਵਾਬ ਚੰਗੀ ਤਰ੍ਹਾਂ ਸੋਚ ਕੇ ਦੇ।” ਉਹ ਬੋਲਿਆ, “ਜ਼ਮੀਨ ਅਸਮਾਨ ਵਿਚ ਜੋ ਫ਼ਰਕ ਹੈ, ਉਹ ਹੀ ਫ਼ਰਕ ਮੇਰੇ ਪਹਿਲੇ ਅਤੇ ਇਸ ਨਮਸਕਾਰ ਵਿਚ ਹੈ। ਮੇਰੇ ਪਹਿਲੇ ਨਮਸਕਾਰ ਸਿਰਫ਼ ਧਨ-ਪ੍ਰਾਪਤੀ ਦੀ ਆਸ ਨਾਲ ਹੀ ਸਨ, ਪਰ ਇਹ ਨਮਸਕਾਰ ਮੈਂ ਤੁਹਾਨੂੰ ਈਸ਼ਵਰ ਸਮਝ ਕੇ ਹੀ ਕੀਤਾ ਹੈ। ਪਹਿਲਾਂ ਮੇਰੀ ਧਾਰਨਾ ਏਦਾਂ ਸੀ ਕਿ ਯਵਨ ਹੋਣ ਦੇ ਨਾਤੇ ਤੁਸੀਂ ਹਿੰਦੂਆਂ ਦਾ ਧਰਮ ਭ੍ਰਿਸ਼ਟ ਕਰ ਰਹੇ ਹੋ।”

ਬਾਬਾ ਨੇ ਪੁੱਛਿਆ, “ਕੀ ਤੇਰਾ ਯਵਨ ਪੀਰਾਂ ਵਿਚ ਵਿਸ਼ਵਾਸ ਨਹੀਂ ?” ਜਵਾਬ ਵਿਚ ਉਸ ਨੇ ਕਿਹਾ, “ਜੀ ਨਹੀਂ!” ਤਾਂ ਫੇਰ ਉਹ ਪੁੱਛਣ ਲੱਗੇ, “ਕੀ ਤੁਹਾਡੇ ਘਰ ਵਿਚ ਇਕ ਪੰਜਾ ਨਹੀਂ ? ਕੀ ਤਬੂਤ ਦੀ ਪੂਜਾ ਨਹੀਂ ਕਰਦੇ ? ਤੇਰੇ ਘਰ ਵਿਚ ਹਾਲੇ ਵੀ ਇਕ ਕਾਂਡਬੀਬੀ ਨਾਂਅ ਦੀ ਦੇਵੀ ਹੈ, ਜਿਸ ਦੇ ਅੱਗੇ ਤੁਸੀਂ ਵਿਆਹ ਅਤੇ ਹੋਰ ਧਾਰਮਿਕ ਅਵਸਰਾਂ ’ਤੇ ਕ੍ਰਿਪਾ ਦੀ ਭਿੱਖਿਆ ਮੰਗਦੇ ਹੋ।

ਆਖ਼ੀਰ ਵਿਚ ਜਦੋਂ ਉਸਨੇ ਮੰਨ ਲਿਆ ਤਾਂ ਬਾਬਾ ਬੋਲੇ, “ਇਸ ਤੋਂ ਜ਼ਿਆਦਾ ਹੁਣ ਤੈਨੂੰ ਕੀ ਸਬੂਤ ਚਾਹੀਦਾ ਹੈ ?” ਤਾਂ ਉਸ ਦੇ ਮਨ ਵਿਚ ਆਪਣੇ ਗੁਰੂ ਸ੍ਰੀ ਰਾਮਦਾਸ ਦੇ ਦਰਸ਼ਨਾਂ ਦੀ ਇੱਛਾ ਹੋਈ। ਬਾਬਾ ਨੇ ਜਿਵੇਂ ਹੀ ਉਸ ਨੂੰ ਪਿੱਛੇ ਘੁੰਮਣ ਲਈ ਕਿਹਾ ਤਾਂ ਉਸ ਨੇ ਦੇਖਿਆ ਕਿ ਸ੍ਰੀ ਰਾਮਦਾਸ ਸਵਾਮੀ ਉਸ ਦੇ ਸਾਹਮਣੇ ਖੜੇ ਹਨ ਅਤੇ ਜਦੋਂ ਹੀ ਉਹ ਉਨ੍ਹਾਂ ਦੇ ਚਰਣਾਂ ’ਤੇ ਡਿੱਗਣ ਲੱਗਾ, ਉਹ ਉਸੇ ਵੇਲੇ ਗ਼ਾਇਬ ਹੋ ਗਏ।

ਉਦੋਂ ਉਹ ਬਾਬਾ ਨੂੰ ਕਹਿਣ ਲਗਾ, “ਤੁਸੀਂ ਤਾਂ ਬੁੱਢੇ ਲੱਗਦੇ ਹੋ। ਕੀ ਤੁਹਾਨੂੰ ਆਪਣੀ ਉਮਰ ਪਤਾ ਹੈ।”

ਬਾਬਾ ਨੇ ਪੁੱਛਿਆ, “ਤੂੰ ਕੀ ਕਹਿੰਦਾ ਹੈਂ ਕਿ ਮੈਂ ਬੁੱਢਾ ਹਾਂ ?” ਥੋੜ੍ਹੀ ਦੂਰ ਮੇਰੇ ਨਾਲ ਦੌੜ ਕੇ ਤਾਂ ਦੇਖ।” ਇਹ ਕਹਿ ਕੇ ਬਾਬਾ ਦੌੜਨ ਲਗੇ ਅਤੇ ਉਹ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਦੌੜਨ ਲਗਾ। ਦੌੜਨ ਨਾਲ ਪੈਰਾਂ ਨਾਲ ਜਿਹੜੀ ਧੂੜ ਉੱਡੀ, ਉਸ ਵਿਚ ਬਾਬਾ ਗਾਇਬ ਹੋ ਗਏ ਅਤੇ ਉਸੇ ਵੇਲੇ ਉਸ ਦੀ ਨੀਂਦ ਵੀ ਖੁੱਲ੍ਹ ਗਈ।

ਜਾਗਦੇ ਹੀ ਉਹ ਸੰਜੀਦਾ ਹੋ ਕੇ ਇਸ ਸੁਪਨੇ ’ਤੇ ਵਿਚਾਰ ਕਰਨ ਲੱਗਾ। ਉਸ ਦੀ ਮਾਨਸਿਕ ਹਾਲਤ ਵਿਚ ਪੂਰੀ ਤਰ੍ਹਾਂ ਬਦਲਾਅ ਹੋ ਗਿਆ। ਹੁਣ ਉਸ ਨੂੰ ਬਾਬਾ ਦੀ ਮਹਾਨਤਾ ਪਤਾ ਲਗ ਗਈ ਸੀ। ਉਸ ਦਾ ਲਾਲਚੀ ਅਤੇ ਸ਼ੱਕੀ ਸੁਭਾਅ ਗਾਇਬ ਹੋ ਗਿਆ ਅਤੇ ਦਿਲ ਵਿਚ ਬਾਬਾ ਦੇ ਚਰਣਾਂ ਵਿਚ ਸੱਚੀ ਭਗਤੀ ਉਮੜ ਪਈ। ਉਹ ਸੀ ਤਾਂ ਇਕ ਸੁਪਨਾ ਹੀ, ਪਰ ਉਸ ਵਿਚ ਜਿਹੜੇ ਸੁਆਲ ਜਵਾਬ ਸੀ, ਉਹ ਜ਼ਿਆਦਾ

ਮਹੱਤਵ ਵਾਲੇ ਸੀ। ਦੂਜੇ ਦਿਨ ਜਦੋਂ ਸਾਰੇ ਲੋਕ ਮਸਜਿਦ ਵਿਚ ਆਰਤੀ ਦੇ ਲਈ ਇਕੱਠੇ ਹੋਏ, ਉਦੋਂ ਬਾਬਾ ਨੇ ਉਸ ਨੂੰ ਲਗਭਗ ਦੋ ਰੁਪਏ ਦੀ ਮਠਿਆਈ ਅਤੇ ਦੋ ਰੁਪਏ ਨਗਦ ਆਪਣੇ ਕੋਲੋਂ ਦੇ ਕੇ ਆਸ਼ੀਰਵਾਦ ਦਿੱਤਾ। ਉਸ ਨੂੰ ਕੁਝ ਦਿਨ ਹੋਰ ਰੋਕ ਕੇ ਉਨ੍ਹਾਂ ਨੇ ਅਸੀਸ ਦੇ ਕੇ ਕਿਹਾ, "ਅੱਲ੍ਹਾ, ਤੈਨੂੰ ਬਹੁਤ ਦੇਵੇਗਾ ਅਤੇ ਹੁਣ ਸਭ ਚੰਗਾ ਹੀ ਕਰੇਗਾ।" ਬਾਬਾ ਕੋਲੋਂ ਉਸ ਨੂੰ ਜ਼ਿਆਦਾ ਪੈਸੇ ਦੀ ਪ੍ਰਾਪਤੀ ਤਾਂ ਨਹੀਂ ਹੋਈ, ਪਰ ਉਨ੍ਹਾਂ ਦੀ ਕ੍ਰਿਪਾ ਉਸ ਨੂੰ ਜ਼ਰੂਰ ਪ੍ਰਾਪਤ ਹੋ ਗਈ, ਜਿਸ ਨਾਲ ਉਸਦਾ ਬਹੁਤ ਹੀ ਭਲਾ ਹੋਇਆ। ਰਸਤੇ ਵਿਚ ਉਨ੍ਹਾਂ ਨੂੰ ਕਾਫੀ ਪੈਸਾ ਮਿਲਿਆ ਅਤੇ ਉਨ੍ਹਾਂ ਦੀ ਯਾਤਰਾ ਬਹੁਤ ਹੀ ਸਫ਼ਲ ਰਹੀ। ਉਨ੍ਹਾਂ ਨੂੰ ਯਾਤਰਾ ਵਿਚ ਕੋਈ ਤਕਲੀਫ਼ ਨਹੀਂ ਹੋਈ ਅਤੇ ਉਹ ਆਪਣੇ ਘਰ ਠੀਕ-ਠਾਕ ਪਹੁੰਚ ਗਏ। ਉਨ੍ਹਾਂ ਨੂੰ ਬਾਬਾ ਦੇ ਸ੍ਰੀ ਵਚਨਾਂ ਅਤੇ ਆਸ਼ੀਰਵਾਦ ਅਤੇ ਉਨ੍ਹਾਂ ਦੀ ਕ੍ਰਿਪਾ ਨਾਲ ਮਿਲੇ ਆਨੰਦ ਦੀ ਹਮੇਸ਼ਾਂ ਯਾਦ ਆਉਂਦੀ ਰਹੀ।

ਇਸ ਕਥਾ ਤੋਂ ਪਤਾ ਲੱਗਦਾ ਹੈ ਕਿ ਬਾਬਾ ਕਿਸ ਤਰ੍ਹਾਂ ਆਪਣੇ ਭਗਤਾਂ ਦੇ ਨੇੜੇ ਆ ਕੇ ਉਨ੍ਹਾਂ ਨੂੰ ਉੱਤਮ ਰਾਹ 'ਤੇ ਲੈ ਜਾਂਦੇ ਸੀ ਅਤੇ ਅੱਜ ਵੀ ਲੈ ਜਾਂਦੇ ਹਨ।

## ਤੇਂਡੁਲਕਰ ਪਰਿਵਾਰ

ਬੰਬਈ ਵਿਚ ਬਾਂਦਰਾ ਵਿਚ ਇਕ ਤੇਂਡੁਲਕਰ ਪਰਿਵਾਰ ਰਹਿੰਦਾ ਸੀ, ਜਿਹੜਾ ਬਾਬਾ ਦਾ ਪਰਮ ਭਗਤ ਸੀ। ਸ੍ਰੀਮਾਨ ਰਘੁਨਾਥ ਰਾਵ ਤੇਂਡੁਲਕਰ ਨੇ ਮਰਾਠੀ ਭਾਸ਼ਾ ਵਿਚ 'ਸ੍ਰੀ ਸਾਈਂਨਾਥ ਭਜਨਮਾਲਾ' ਨਾਂਅ ਦੀ ਇਕ ਕਿਤਾਬ ਲਿਖੀ ਹੈ, ਜਿਸ ਵਿਚ ਲਗਭਗ ਅੱਠ ਸੌ ਅਭੰਗ ਅਤੇ ਪਦਾ ਦਾ ਸੁਮੇਲ ਅਤੇ ਬਾਬਾ ਦੀਆਂ ਲੀਲ੍ਹਾਵਾਂ ਦਾ ਸੁੰਦਰ ਵਰਨਣ ਹੈ। ਇਹ ਬਾਬਾ ਦੇ ਭਗਤਾਂ ਦੇ ਪੜ੍ਹਨ ਯੋਗ ਕਿਤਾਬ ਹੈ। ਉਨ੍ਹਾਂ ਦਾ ਵੱਡਾ ਪੁੱਤਰ ਡਾਕਟਰੀ ਦੀ ਪ੍ਰੀਖਿਆ ਵਿਚ ਬੈਠਣ ਦੇ ਲਈ ਤਿਆਰੀ ਕਰ ਰਿਹਾ ਸੀ। ਉਸ ਨੇ ਕਈ ਜੋਤਸ਼ੀਆਂ ਨੂੰ ਆਪਣੀ ਜਨਮ-ਕੁੰਡਲੀ ਦਿਖਾਈ, ਪਰ ਸਭ ਨੇ ਦੱਸਿਆ ਕਿ ਇਸ ਸਾਲ ਉਸਦੇ ਗ੍ਰਹਿ ਉੱਤਮ ਨਹੀਂ ਹਨ, ਅਗਲੇ ਸਾਲ ਪ੍ਰੀਖਿਆ ਵਿਚ ਬੈਠਣ ਨਾਲ ਉਸਨੂੰ ਜ਼ਰੂਰ ਸਫ਼ਲਤਾ ਪ੍ਰਾਪਤ ਹੋਏਗੀ। ਇਸ ਨਾਲ ਉਸ ਨੂੰ ਬਹੁਤ ਨਾਉਮੀਦੀ ਹੋਈ ਅਤੇ ਉਹ ਬੇਚੈਨ ਹੋ ਗਿਆ। ਥੋੜ੍ਹੇ ਦਿਨਾਂ ਬਾਅਦ ਉਸ ਦੀ ਮਾਂ ਸ਼ਿਰਡੀ ਗਈ ਅਤੇ ਬਾਬਾ ਦੇ ਦਰਸ਼ਨ ਕਰਕੇ ਉਸ ਨੇ ਆਪਣੇ ਪੁੱਤਰ ਦੀ ਬੇਚੈਨੀ ਦੀ ਗੱਲ ਵੀ ਬਾਬਾ ਨੂੰ ਦੱਸੀ। ਉਨ੍ਹਾਂ ਦੇ ਪੁੱਤਰ ਨੇ ਕੁਝ ਦਿਨਾਂ ਬਾਅਦ ਹੀ ਪ੍ਰੀਖਿਆ ਵਿਚ ਬੈਠਣਾ ਸੀ। ਬਾਬਾ ਕਹਿਣ ਲੱਗੇ, "ਆਪਣੇ ਪੁੱਤਰ ਨੂੰ ਆਖੋ ਕਿ ਮੇਰੇ ਉਤੇ ਵਿਸ਼ਵਾਸ ਰੱਖੇ। ਸਾਰੀਆਂ ਭਵਿੱਖਵਾਣੀਆਂ ਅਤੇ ਜੋਤਸ਼ੀਆਂ ਦੀਆਂ ਬਣਾਈਆਂ ਕੁੰਡਲੀਆਂ ਨੂੰ ਨੁੱਕਰ ਵਿਚ ਸੁੱਟ ਦੇ ਅਤੇ ਆਪਣੀ ਤਿਆਰੀ ਜਾਰੀ ਰਖ ਕੇ ਸ਼ਾਂਤੀ ਨਾਲ ਪ੍ਰੀਖਿਆ ਵਿਚ ਬੈਠੇ। ਉਹ ਜ਼ਰੂਰ ਹੀ ਇਸ ਸਾਲ ਪਾਸ ਹੋ ਜਾਏਗਾ। ਉਸ ਨੂੰ ਕਹਿਣਾ ਕਿ ਨਾਉਮੀਦ ਹੋਣ ਦੀ ਕੋਈ ਗੱਲ ਨਹੀਂ ਹੈ।" ਮਾਂ ਨੇ ਘਰ ਆ ਕੇ ਬਾਬਾ ਦਾ ਸੁਨੇਹਾ ਪੁੱਤਰ ਨੂੰ ਸੁਣਾ ਦਿੱਤਾ। ਉਸਨੇ ਸਖ਼ਤ ਮਿਹਨਤ ਕੀਤੀ ਅਤੇ ਪ੍ਰੀਖਿਆ ਵਿਚ ਬੈਠ ਗਿਆ। ਸਾਰੇ ਪੇਪਰਾਂ ਦੇ ਜਵਾਬ ਬਹੁਤ ਚੰਗੇ ਲਿਖੇ, ਪਰ ਫੇਰ ਵੀ ਉਸ ਨੇ ਸੋਚਿਆ ਕਿ ਸੰਭਵ ਹੈ ਕਿ ਪਾਸ ਹੋਣ ਜੋਗੇ ਨੰਬਰ ਮੈਨੂੰ ਨਾ ਮਿਲਣ। ਇਸ ਲਈ ਉਸ ਨੇ ਮੌਖਿਕ ਪ੍ਰੀਖਿਆ ਵਿਚ

ਬੈਠਣ ਦਾ ਵਿਚਾਰ ਤਿਆਗ ਦਿੱਤਾ। ਪ੍ਰੀਖਿਅਕ ਤਾਂ ਉਸ ਦੇ ਪਿੱਛੇ ਹੀ ਲਗਾ ਸੀ। ਉਸ ਨੇ ਇਕ ਵਿਦਿਆਰਥੀ ਹੱਥ ਸੂਚਨਾ ਭੇਜੀ ਕਿ ਉਸ ਨੂੰ ਪ੍ਰੀਖਿਆ ਵਿਚ ਪਾਸ ਹੋਣ ਜੋਗੇ ਨੰਬਰ ਪ੍ਰਾਪਤ ਹਨ। ਹੁਣ ਉਸ ਨੂੰ ਮੌਖਿਕ ਪ੍ਰੀਖਿਆ ਵਿਚ ਜ਼ਰੂਰ ਹੀ ਬੈਠਣਾ ਚਾਹੀਦਾ ਹੈ। ਇਸ ਤਰ੍ਹਾਂ ਉਤਸ਼ਾਹ ਪਾ ਕੇ ਉਹ ਉਸ ਵਿਚ ਵੀ ਬੈਠ ਗਿਆ ਅਤੇ ਦੋਵਾਂ ਪ੍ਰੀਖਿਆਵਾਂ ਵਿਚ ਪਾਸ ਹੋ ਗਿਆ। ਉਸ ਸਾਲ ਉਸ ਦੀ ਗ੍ਰਹਿ-ਦਸ਼ਾ ਉਲਟ ਹੁੰਦੇ ਹੋਏ ਵੀ ਬਾਬਾ ਦੀ ਕ੍ਰਿਪਾ ਨਾਲ ਉਸ ਨੂੰ ਸਫ਼ਲਤਾ ਮਿਲੀ।

ਇਸ ਬਾਲਕ ਦੇ ਪਿਤਾ ਰਘੂਨਾਥਰਾਵ ਬੰਬਈ ਦੀ ਇਕ ਵਿਦੇਸ਼ੀ ਕੰਪਨੀ ਵਿਚ ਨੌਕਰੀ ਕਰਦੇ ਸੀ। ਉਹ ਬਹੁਤ ਬਜ਼ੁਰਗ ਹੋ ਗਏ ਸੀ ਅਤੇ ਆਪਣਾ ਕੰਮ ਚੰਗੀ ਤਰ੍ਹਾਂ ਨਹੀਂ ਕਰ ਸਕਦੇ ਸੀ। ਇਸ ਲਈ ਉਹ ਹੁਣ ਛੁੱਟੀ ਲੈ ਕੇ ਆਰਾਮ ਕਰਨਾ ਚਾਹੁੰਦੇ ਸੀ। ਛੁੱਟੀ ਲੈਣ 'ਤੇ ਵੀ ਉਨ੍ਹਾਂ ਦੀ ਸਿਹਤ ਵਿਚ ਕੋਈ ਖ਼ਾਸ ਫ਼ਰਕ ਨਾ ਪਿਆ। ਹੁਣ ਇਹ ਜ਼ਰੂਰੀ ਸੀ ਕਿ ਸੇਵਾਮੁਕਤ ਹੋਣ ਤੋਂ ਪਹਿਲਾਂ ਵਾਲੀ ਛੁੱਟੀ ਲਈ ਜਾਵੇ। ਇਕ ਬਜ਼ੁਰਗ ਅਤੇ ਵਿਸ਼ਵਾਸ ਪਾਤਰ ਨੌਕਰ ਹੋਣ ਦੇ ਨਾਤੇ ਮੁੱਖ ਮੈਨੇਜਰ ਨੇ ਉਨ੍ਹਾਂ ਨੂੰ ਪੈਨਸ਼ਨ ਦੇ ਕੇ ਸੇਵਾਮੁਕਤ ਕਰਨ ਦਾ ਫ਼ੈਸਲਾ ਕੀਤਾ। ਪੈਨਸ਼ਨ ਕਿੰਨੀ ਦਿੱਤੀ ਜਾਵੇ, ਇਹ ਸੁਆਲ ਵਿਚਾਰਨ ਵਾਲਾ ਸੀ। ਉਨ੍ਹਾਂ ਨੂੰ 150 ਰੁਪਏ ਤਨਖਾਹ ਮਿਲਦੀ ਸੀ। ਇਸ ਹਿਸਾਬ ਨਾਲ ਪੈਨਸ਼ਨ ਹੋਈ 75 ਰੁਪਏ, ਜਿਹੜੀ ਕਿ ਉਨ੍ਹਾਂ ਦੇ ਪਰਿਵਾਰ ਦੇ ਗੁਜ਼ਾਰੇ ਲਈ ਕਾਫੀ ਨਹੀਂ ਸੀ। ਇਸ ਲਈ ਉਹ ਬੜੇ ਫ਼ਿਕਰਮੰਦ ਸੀ। ਫ਼ੈਸਲਾ ਹੋਣ ਤੋਂ 15 ਦਿਨ ਪਹਿਲਾਂ ਹੀ ਬਾਬਾ ਨੇ ਸ੍ਰੀਮਤੀ ਤੇਂਡੁਲਕਰ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਕਿਹਾ, "ਮੇਰੀ ਇੱਛਾ ਹੈ ਕਿ ਪੈਨਸ਼ਨ 100 ਰੁਪਏ ਦਿੱਤੀ ਜਾਵੇ। ਕੀ ਤੈਨੂੰ ਇਸ ਨਾਲ ਸੰਤੋਖ ਹੋਏਗਾ?"

ਸ੍ਰੀਮਤੀ ਤੇਂਡੁਲਕਰ ਨੇ ਕਿਹਾ, "ਬਾਬਾ ਮੇਰੇ ਦਾਸੀ ਕੋਲੋਂ ਤੁਸੀਂ ਕੀ ਪੁੱਛਦੇ ਹੋ? ਸਾਨੂੰ ਤਾਂ ਤੁਹਾਡੇ ਸ੍ਰੀਚਰਣਾਂ ਵਿਚ ਪੂਰਾ ਵਿਸ਼ਵਾਸ ਹੈ।"

ਭਾਵੇਂ ਬਾਬਾ ਨੇ 100 ਰੁਪਏ ਪੈਨਸ਼ਨ ਕਿਹਾ ਸੀ, ਪਰ ਉਸ ਨੂੰ ਵਿਸ਼ੇਸ਼ ਪ੍ਰਸੰਗ ਸਮਝ ਕੇ 10 ਰੁਪਏ ਵੱਧ, 110 ਰੁਪਏ ਪੈਨਸ਼ਨ ਤੈਅ ਹੋਈ। ਬਾਬਾ ਆਪਣੇ ਭਗਤਾਂ ਲਈ ਬੇਹੱਦ ਪਿਆਰ ਅਤੇ ਕਿੰਨੀ ਚਿੰਤਾ ਕਰਦੇ ਸੀ।

## ਕੈਪਟਨ ਹਾਟੇ

ਬੀਕਾਨੇਰ ਦੇ ਵਾਸੀ ਕੈਪਟਨ ਹਾਟੇ ਬਾਬਾ ਦੇ ਪਰਮ ਭਗਤ ਸੀ। ਇਕ ਵਾਰ ਸੁਪਨੇ ਵਿਚ ਬਾਬਾ ਨੇ ਉਨ੍ਹਾਂ ਨੂੰ ਪੁੱਛਿਆ, "ਕੀ ਤੁਸੀਂ ਮੈਨੂੰ ਭੁਲਾ ਦਿੱਤਾ ਹੈ?" ਸ੍ਰੀ ਹਾਟੇ ਨੇ ਬਾਬਾ ਦੇ ਸ੍ਰੀਚਰਣਾਂ ਨਾਲ ਲਿਪਟ ਕੇ ਕਿਹਾ, "ਜੇ ਬੱਚਾ ਆਪਣੀ ਮਾਂ ਨੂੰ ਭੁੱਲ ਜਾਏਂ ਤਾਂ ਕੀ ਉਹ ਜਿੰਦਾ ਰਹਿ ਸਕਦਾ ਹੈ?"





ਏਨਾ ਕਹਿ ਕੇ ਸ੍ਰੀ ਹਾਟੇ ਬਗੀਚੇ ਵਿਚ ਜਾ ਕੇ ਕੁਝ ਵਲਪਪੜੀ (ਸੇਮ) ਤੋੜ ਲਿਆਏ ਅਤੇ ਇਕ ਥਾਲੀ ਵਿਚ ਸੁੱਕੀ ਰਸਤ ਅਤੇ ਦਕਸ਼ਿਣਾ ਰੱਖ ਕੇ ਬਾਬਾ ਨੂੰ ਭੇਟ ਕਰਨ ਲਈ ਆਏ। ਉਸੇ ਵੇਲੇ ਉਨ੍ਹਾਂ ਦੀ ਅੱਖ ਖੁੱਲ੍ਹ ਗਈ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਇਹ ਤਾਂ ਇਕ ਸੁਪਨਾ ਸੀ। ਫੇਰ ਉਹ ਸਾਰੀਆਂ ਚੀਜ਼ਾਂ, ਜਿਹੜੀਆਂ ਉਨ੍ਹਾਂ ਨੇ ਸੁਪਨੇ ਵਿਚ ਦੇਖੀਆਂ ਸੀ, ਬਾਬਾ ਕੋਲ ਸ਼ਿਰਡੀ ਭੇਜਣ ਦਾ ਇਰਾਦਾ ਕਰ ਲਿਆ। ਕੁਝ ਦਿਨਾਂ ਦੇ ਬਾਅਦ ਵਿਚ ਉਹ ਗਵਾਲੀਅਰ ਆਏ ਅਤੇ ਉਥੋਂ ਆਪਣੇ ਇਕ ਦੋਸਤ ਨੂੰ 12 ਰੁਪਏ ਦਾ ਮਨੀਆਰਡਰ ਭੇਜ ਕੇ ਚਿੱਠੀ ਵਿਚ ਲਿਖ ਕੇ ਭੇਜਿਆ ਕਿ ਦੋ ਰੁਪਏ ਵਿਚ ਸੁੱਕੀ ਰਸਤ ਅਤੇ ਵਲਪਪੜੀ (ਸੇਮ) ਆਦਿ ਮੁੱਲ ਲੈ ਕੇ ਅਤੇ ਦਸ ਰੁਪਏ ਦਕਸ਼ਿਣਾ ਸਰੂਪ ਰੱਖ ਕੇ ਮੇਰੇ ਵੱਲੋਂ ਬਾਬਾ ਨੂੰ ਭੇਟ ਕਰ ਦੇਣਾ। ਉਨ੍ਹਾਂ ਦੇ ਦੋਸਤ ਨੇ ਸ਼ਿਰਡੀ ਆ ਕੇ ਸਾਰੀਆਂ ਚੀਜ਼ਾਂ ਤਾਂ ਇੱਕਠੀਆਂ ਕਰ ਲਈਆਂ, ਪਰ ਵਲਪਪੜੀ ਪ੍ਰਾਪਤ ਕਰਨ ਵਿਚ ਉਨ੍ਹਾਂ ਨੂੰ ਬਹੁਤ ਮੁਸ਼ਕਿਲ ਹੋਈ। ਥੋੜ੍ਹੀ ਦੇਰ ਦੇ ਬਾਅਦ ਉਨ੍ਹਾਂ ਨੇ ਇਕ ਔਰਤ ਨੂੰ ਸਿਰ ਉਤੇ ਟੋਕਰੀ ਰੱਖ ਕੇ ਸਾਹਮਣਿਉਂ ਆਉਂਦੇ ਦੇਖਿਆ। ਉਨ੍ਹਾਂ ਨੂੰ ਇਹ ਦੇਖ ਦੇ ਬਹੁਤ ਹੈਰਾਨੀ ਹੋਈ ਕਿ ਉਸ ਟੋਕਰੀ ਵਿਚ ਵਲਪਪੜੀ ਦੇ ਇਲਾਵਾ ਕੁਝ ਵੀ ਨਹੀਂ ਸੀ। ਤਾਂ ਉਨ੍ਹਾਂ ਨੇ ਵਲਪਪੜੀ ਖ਼ਰੀਦ ਕੇ ਸਾਰੀਆਂ ਇਕੱਠੀਆਂ ਕੀਤੀਆਂ ਚੀਜ਼ਾਂ ਲੈ ਕੇ ਮਸਜਿਦ ਵਿਚ ਜਾ ਕੇ ਸ੍ਰੀ ਹਾਟੇ ਵੱਲੋਂ ਬਾਬਾ ਨੂੰ ਭੇਟ ਕਰ ਦਿੱਤੀਆਂ। ਦੂਜੇ ਦਿਨ ਸ੍ਰੀ ਨਿਮੋਣਕਰ ਨੇ ਉਸ ਦਾ ਨੈਵੇਦ (ਚੋਲ ਅਤੇ ਵਲਪਪੜੀ ਦੀ ਸਬਜ਼ੀ) ਤਿਆਰ ਕਰਕੇ ਬਾਬਾ ਨੂੰ ਭੋਜਨ ਕਰਾਇਆ। ਸਾਰੇ ਲੋਕਾਂ ਨੂੰ ਬੜੀ ਹੈਰਾਨਗੀ ਹੋਈ ਕਿ ਬਾਬਾ ਨੇ ਭੋਜਨ ਵਿਚ ਸਿਰਫ਼ ਵਲਪਪੜੀ ਹੀ ਖਾਧੀ ਅਤੇ ਬਾਕੀ ਚੀਜ਼ਾਂ ਨੂੰ ਹੱਥ ਨਹੀਂ ਲਾਇਆ। ਉਨ੍ਹਾਂ ਦੇ ਦੋਸਤ ਨੇ ਜਦੋਂ ਇਹ ਗੱਲ ਕੈਪਟਨ ਹਾਟੇ ਨੂੰ ਦੱਸੀ ਤਾਂ ਉਹ ਗਦਗਦ ਹੋ ਗਏ ਅਤੇ ਉਨ੍ਹਾਂ ਦੀ ਖੁਸ਼ੀ ਦਾ ਟਿਕਾਣਾ ਨਹੀਂ ਰਿਹਾ।

## ਪਵਿੱਤਰ ਰੁਪਇਆ

ਇਕ ਹੋਰ ਮੌਕੇ ਕੈਪਟਨ ਹਾਟੇ ਨੇ ਵਿਚਾਰ ਕੀਤਾ ਕਿ ਬਾਬਾ ਦੇ ਪਵਿੱਤਰ ਕਰਕਮਲਾਂ ਦੀ ਛੋਹ ਵਾਲਾ ਇਕ ਰੁਪਇਆ ਲਿਆ ਕੇ ਆਪਣੇ ਘਰ ਵਿਚ ਜ਼ਰੂਰ ਰੱਖਣਾ ਚਾਹੀਦਾ ਹੈ। ਅਚਾਨਕ ਹੀ ਉਨ੍ਹਾਂ ਦੀ ਮੁਲਾਕਾਤ ਆਪਣੇ ਇਕ ਦੋਸਤ ਨਾਲ ਹੋ ਗਈ, ਜਿਹੜਾ ਸ਼ਿਰਡੀ ਜਾ ਰਿਹਾ ਸੀ। ਉਸਦੇ ਹੱਥ ਹੀ ਸ੍ਰੀ ਹਾਟੇ ਨੇ ਇਕ ਰੁਪਇਆ ਭੇਜ ਦਿੱਤਾ। ਸ਼ਿਰਡੀ ਪਹੁੰਚ ਕੇ ਬਾਬਾ ਨੂੰ ਪ੍ਰਨਾਮ ਕਰਨ ਤੋਂ ਬਾਅਦ ਉਸ ਨੇ ਦਕਸ਼ਿਣਾ ਭੇਟ ਕੀਤੀ, ਜਿਹੜੀ ਬਾਬਾ ਨੇ ਉਸੇ ਵੇਲੇ ਆਪਣੀ ਜੇਬ ਵਿਚ ਰੱਖ ਲਈ। ਉਸਦੇ ਬਾਅਦ ਵਿਚ ਉਸਨੇ ਕੈਪਟਨ ਹਾਟੇ ਦਾ ਰੁਪਇਆ ਵੀ ਅਰਪਣ ਕੀਤਾ, ਜਿਸਨੂੰ ਉਹ ਹੱਥ ਵਿਚ ਫੜ ਕੇ ਧਿਆਨ ਨਾਲ ਦੇਖਣ ਲੱਗ ਪਏ। ਉਨ੍ਹਾਂ ਨੇ ਉਸ ਦਾ ਤਸਵੀਰ ਵਾਲਾ ਪਾਸਾ ਉਪਰ ਵੱਲ ਕਰਕੇ ਅੰਗੂਠੇ ’ਤੇ ਰੱਖ ਕੇ ਛਣਕਾਇਆ ਅਤੇ ਆਪਣੇ ਹੱਥ ਵਿਚ ਫੜ ਕੇ ਦੇਖਣ ਲਗੇ। ਫੇਰ ਬਾਬਾ ਉਨ੍ਹਾਂ ਦੇ ਦੋਸਤ ਨੂੰ ਕਹਿਣ ਲੱਗੇ, “ਉਦੀ ਨਾਲ ਇਹ ਰੁਪਇਆ ਆਪਣੇ ਦੋਸਤ ਨੂੰ ਵਾਪਸ ਕਰ ਦੇਣਾ। ਮੈਨੂੰ ਉਨ੍ਹਾਂ ਕੋਲੋਂ ਕੁਝ ਨਹੀਂ ਚਾਹੀਦਾ। ਉਨ੍ਹਾਂ ਨੂੰ ਕਹਿਣਾ ਕਿ ਉਹ ਖੁਸ਼ੀ ਨਾਲ ਰਹਿਣ। ਦੋਸਤ ਨੇ ਗਵਾਲੀਅਰ ਆ ਕੇ ਉਹ ਰੁਪਇਆ ਹਾਟੇ ਨੂੰ ਦੇ ਕੇ ਉਥੇ ਜੋ ਵੀ ਹੋਇਆ,

ਉਹ ਸਾਰਾ ਉਨ੍ਹਾਂ ਨੂੰ ਦੱਸਿਆ, ਜਿਸ ਨੂੰ ਸੁਣ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਬਾਬਾ ਹਮੇਸ਼ਾਂ ਉੱਤਮ ਵਿਚਾਰਾਂ ਨੂੰ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਦੀ ਮਨੋਕਾਮਨਾ ਬਾਬਾ ਨੇ ਪੂਰੀ ਕਰ ਦਿੱਤੀ।

## 4) ਸ੍ਰੀ ਵਾਮਨ ਨਾਰਵੇਕਰ

ਪਾਠਕੋ, ਹੁਣ ਇਕ ਵੱਖਰੀ ਕਥਾ ਸੁਣੋ। ਇਕ ਸੱਜਣ, ਜਿਨ੍ਹਾਂ ਦਾ ਨਾਂਅ ਵਾਮਨ ਨਾਰਵੇਕਰ ਸੀ, ਉਨ੍ਹਾਂ ਦੀ ਸਾਈਂ-ਚਰਣਾਂ ਵਿਚ ਬਹੁਤ ਪ੍ਰੀਤ ਸੀ। ਇਕ ਵਾਰੀ ਉਹ ਇਕ ਸਿੱਕਾ ਲਿਆਏ, ਜਿਸ ਦੇ ਇਕ ਪਾਸੇ ਰਾਮ, ਲਛਮਣ, ਸੀਤਾ ਅਤੇ ਦੂਜੇ ਪਾਸੇ ਮਾਰੂਤੀ (ਹਨੂੰਮਾਨ) ਦੇ ਹੱਥ ਜੋੜੇ ਹੋਇਆਂ ਦੀ ਤਸਵੀਰ ਬਣੀ ਹੋਈ ਸੀ। ਉਨ੍ਹਾਂ ਨੇ ਉਹ ਸਿੱਕਾ ਬਾਬਾ ਨੂੰ ਇਹ ਸੋਚ ਕੇ ਭੇਟ ਕੀਤਾ ਕਿ ਉਹ ਇਸ ਨੂੰ ਆਪਣੀ ਛੋਹ ਨਾਲ ਪਵਿੱਤਰ ਕਰਕੇ ਉਦੀ ਨਾਲ ਵਾਪਸ ਕਰ ਦੇਣਗੇ। ਪਰ ਬਾਬਾ ਨੇ ਉਸਨੂੰ ਤੁਰੰਤ ਆਪਣੀ ਜ਼ੇਬ ਵਿਚ ਰੱਖ ਲਿਆ। ਸ਼ਾਮਾ ਨੇ ਵਾਮਨਰਾਵ ਦੀ ਇੱਛਾ ਦੱਸ ਕੇ ਉਨ੍ਹਾਂ ਨੂੰ ਸਿੱਕਾ ਵਾਪਸ ਕਰਨ ਦੀ ਬੇਨਤੀ ਕੀਤੀ। ਉਦੋਂ ਉਹ ਵਾਮਨਰਾਵ ਦੇ ਸਾਹਮਣੇ ਹੀ ਕਹਿਣ ਲਗੇ, "ਇਹ ਭਲਾ ਉਨ੍ਹਾਂ ਨੂੰ ਕਿਉਂ ਵਾਪਸ ਕੀਤਾ ਜਾਵੇ?" ਇਸ ਨੂੰ ਤਾਂ ਸਾਨੂੰ ਆਪਣੇ ਕੋਲ ਹੀ ਰੱਖਣਾ ਚਾਹੀਦਾ। ਜੇ ਉਹ ਇਸਦੇ ਬਦਲੇ ਵਿਚ 25 ਰੁਪਏ ਦੇਣਾ ਮੰਨੇ ਤਾਂ ਇਸ ਨੂੰ ਵਾਪਸ ਦੇ ਦੇਵਾਂਗਾ।" ਉਹ ਸਿੱਕਾ ਵਾਪਸ ਲੈਣ ਲਈ ਸ੍ਰੀ ਵਾਮਨਰਾਵ ਨੇ 25 ਰੁਪਏ ਇਕੱਠੇ ਕਰਕੇ ਉਨ੍ਹਾਂ ਨੂੰ ਭੇਟ ਕੀਤੇ। ਤਾਂ ਬਾਬਾ ਕਹਿਣ ਲੱਗੇ, "ਇਸ ਸਿੱਕੇ ਦਾ ਮੁੱਲ ਤਾਂ 25 ਰੁਪਏ ਤੋਂ ਬਹੁਤ ਜ਼ਿਆਦਾ ਹੈ। ਸ਼ਾਮਾ! ਤੁਸੀਂ ਇਸ ਨੂੰ ਆਪਣੇ ਖ਼ਜ਼ਾਨੇ ਵਿਚ ਜਮ੍ਹਾ ਕਰਕੇ ਆਪਣੇ ਮੰਦਿਰ ਵਿਚ ਸਜਾ ਕੇ ਇਸ ਦੀ ਰੋਜ਼ ਪੂਜਾ ਕਰੋ।" ਕਿਸੇ ਦੀ ਹਿੰਮਤ ਨਹੀਂ ਸੀ ਕਿ ਉਹ ਇਹ ਪੁੱਛੇ ਕਿ ਉਨ੍ਹਾਂ ਨੇ ਇਸ ਤਰ੍ਹਾਂ ਕਿਉਂ ਕੀਤਾ? ਇਹ ਤਾਂ ਸਿਰਫ਼ ਬਾਬਾ ਹੀ ਜਾਣਨ ਕਿ ਕਿਸਦੇ ਲਈ ਕਦੋਂ ਅਤੇ ਕੀ ਠੀਕ ਹੈ?



# ॥ ਅਧਿਆਇ-30 ॥

## *ਸ਼ਿਰਡੀ ਨੂੰ ਖਿੱਚੇ ਗਏ ਭਗਤ—1) ਵਣੀ ਦੇ ਕਾਕਾ ਵੈਦ,*

## *2) ਖੁਸ਼ਾਲ ਚੰਦ, 3) ਬੰਬਈ ਦੇ ਰਾਮ ਲਾਲ ਪੰਜਾਬੀ*

ਇਸ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਤਿੰਨ ਹੋਰ ਭਗਤ ਕਿਸ ਤਰ੍ਹਾਂ ਸ਼ਿਰਡੀ ਵੱਲ ਖਿੱਚੇ ਗਏ।

ਜਿਹੜੇ ਬਿਨਾਂ ਕਿਸੇ ਕਾਰਨ ਭਗਤਾਂ ਨਾਲ ਪਿਆਰ ਕਰਨ ਵਾਲੇ ਦਯਾ ਦੇ ਸਾਗਰ ਹਨ ਅਤੇ ਨਿਰਗੁਣ ਹੋ ਕੇ ਵੀ ਭਗਤਾਂ ਦੇ ਪ੍ਰੇਮ ਖ਼ਾਤਰ ਹੀ ਜਿਨ੍ਹਾਂ ਨੇ ਆਪਣੀ ਮਰਜ਼ੀ ਨਾਲ ਮਾਨਵ ਸਰੀਰ ਧਾਰਨ ਕੀਤਾ, ਜਿਹੜੇ ਭਗਤਾਂ ਨੂੰ ਪਿਆਰ ਕਰਨ ਵਾਲੇ ਹਨ ਕਿ ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਭਵਸਾਗਰ ਦੇ ਡਰ ਅਤੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਏਦਾਂ ਦੇ ਸ੍ਰੀ ਸਾਈਂਨਾਥ ਮਹਾਰਾਜ ਨੂੰ ਅਸੀਂ ਨਮਸਕਾਰ ਕਰੀਏ। ਭਗਤਾਂ ਨੂੰ ਆਤਮ-ਦਰਸ਼ਨ ਕਰਾਉਣਾ ਹੀ ਸੰਤਾਂ ਦਾ ਮੁੱਖ ਕਾਰਜ ਹੈ। ਸ੍ਰੀ ਸਾਈਂ, ਜਿਹੜੇ ਸੰਤ ਸ਼ਰੋਮਣੀ ਹਨ, ਉਨ੍ਹਾਂ ਦਾ ਤਾਂ ਮੁੱਖ ਉਦੇਸ਼ ਹੀ ਇਹ ਹੈ। ਜਿਹੜੇ ਉਨ੍ਹਾਂ ਦੇ ਸ੍ਰੀਚਰਣਾਂ ਦੀ ਸ਼ਰਨ ਵਿਚ ਜਾਂਦੇ ਹਨ, ਉਨ੍ਹਾਂ ਦੇ ਸਾਰੇ ਪਾਪ ਨਸ਼ਟ ਹੋ ਕੇ ਯਕੀਨਨ ਹੀ ਦਿਨੋ-ਦਿਨ ਉੱਨਤੀ ਕਰਦੇ ਹਨ। ਉਨ੍ਹਾਂ ਦੇ ਸ੍ਰੀਚਰਣਾਂ ਦਾ ਸਿਮਰਨ ਕਰਕੇ ਪਵਿੱਤਰ ਥਾਵਾਂ ਤੋਂ ਭਗਤ ਸ਼ਿਰਡੀ ਆਉਂਦੇ ਅਤੇ ਉਨ੍ਹਾਂ ਦੇ ਕੋਲ ਬੈਠ ਕੇ ਸਲੋਕ ਪੜ੍ਹ ਕੇ ਗਾਯਤ੍ਰੀ ਮੰਤਰ ਦਾ ਜਾਪ ਕਰਦੇ ਸੀ। ਪਰ ਜਿਹੜੇ ਨਿਰਬਲ ਅਤੇ ਸਾਰੀ ਤਰ੍ਹਾਂ ਨਾਲ ਦੀਨ-ਹੀਣ ਹਨ ਅਤੇ ਜਿਹੜੇ ਇਹ ਵੀ ਨਹੀਂ ਜਾਣਦੇ ਕਿ ਭਗਤੀ ਕਿਸ ਨੂੰ ਕਹਿੰਦੇ ਹਨ, ਉਨ੍ਹਾਂ ਦਾ ਕੇਵਲ ਏਨਾ ਹੀ ਵਿਸ਼ਵਾਸ ਹੈ ਕਿ ਬਾਕੀ ਸਾਰੇ ਲੋਕ ਉਨ੍ਹਾਂ ਨੂੰ ਬੇਸਹਾਰਾ ਛੱਡ ਕੇ ਅਣਦੇਖੀ ਕਰ ਦੇਣ, ਪਰ ਅਨਾਥਾਂ ਦੇ ਨਾਥ ਅਤੇ ਪ੍ਰਭੂ ਸ੍ਰੀ ਸਾਈਂ ਮੇਰਾ ਕਦੀ ਤਿਆਗ ਨਹੀਂ ਕਰਨਗੇ। ਜਿਨ੍ਹਾਂ ਉਪਰ ਉਹ ਕ੍ਰਿਪਾ ਕਰਨ, ਉਨ੍ਹਾਂ ਨੂੰ ਪ੍ਰਚੰਡ ਸ਼ਕਤੀ, ਅਸਲੀ-ਨਕਲੀ ਦਾ ਭੇਦ ਅਤੇ ਗਿਆਨ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ।

ਉਹ ਆਪਣੇ ਭਗਤਾਂ ਦੀਆਂ ਇੱਛਾਵਾਂ ਜਾਣ ਕੇ ਉਨ੍ਹਾਂ ਨੂੰ ਪੂਰਾ ਕਰਦੇ ਹਨ, ਇਸ ਲਈ ਭਗਤਾਂ ਨੂੰ ਮਨਚਾਹੇ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਹ ਸਦਾ ਅਭਾਰੀ ਰਹਿੰਦੇ ਹਨ। ਅਸੀਂ ਉਨ੍ਹਾਂ ਨੂੰ ਸ਼ਸ਼ਟਾਂਗ ਪ੍ਰਨਾਮ ਕਰਕੇ ਪ੍ਰਾਰਥਨਾ ਕਰਦੇ ਹਾਂ ਕਿ ਉਹ ਸਾਡੀਆਂ ਕਮੀਆਂ ਦੇ ਵੱਲ ਧਿਆਨ ਨਾ ਕਰਕੇ ਸਾਨੂੰ ਸਾਰੇ ਦੁੱਖਾਂ ਤੋਂ ਬਚਾ ਲੈਣ। ਜਿਹੜੇ ਮੁਸੀਬਤ-ਮਾਰੇ ਪ੍ਰਾਣੀ ਇਸ ਤਰ੍ਹਾਂ ਸ੍ਰੀ ਸਾਈਂ ਨੂੰ ਪ੍ਰਾਰਥਨਾ ਕਰਦੇ ਹਨ, ਉਨ੍ਹਾਂ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਪੂਰੀ ਸ਼ਾਂਤੀ ਅਤੇ ਸੁੱਖ ਅਤੇ ਧਨ ਪ੍ਰਾਪਤ ਹੁੰਦਾ ਹੈ।

ਸ੍ਰੀ ਹੇਮਾਂਡਪੰਤ ਕਹਿੰਦੇ ਹਨ, "ਹੇ ਮੇਰੇ ਸਾਈਂ! ਤੁਸੀਂ ਤਾਂ ਦਯਾ ਦੇ ਸਾਗਰ ਹੋ।" ਇਹ ਤਾਂ ਤੁਹਾਡੀ ਹੀ ਦਯਾ ਦਾ ਫਲ ਹੈ, ਜਿਹੜਾ ਅੱਜ ਇਹ 'ਸਾਈਂ ਸੱਚਰਿੱਤਰ' ਭਗਤਾਂ ਦੇ ਸਾਹਮਣੇ ਪੇਸ਼ ਹੈ, ਨਹੀਂ ਤਾਂ ਮੇਰੇ ਵਿਚ ਏਨੀ ਯੋਗਤਾ ਕਿਥੇ, ਜਿਹੜਾ ਏਨਾ ਮੁਸ਼ਕਿਲ ਕਾਰਜ ਕਰਨ ਦੀ ਹਿੰਮਤ ਵੀ ਕਰ ਸਕਦਾ? ਜਦੋਂ

ਪੂਰੀ ਜ਼ਿੰਮੇਵਾਰੀ ਸਾਈਂ ਨੇ ਆਪ ਹੀ ਲੈ ਲਈ ਤਾਂ ਹੇਮਾਂਡਪੰਤ ਨੂੰ ਜ਼ਰਾ ਵੀ ਭਾਰ ਮਹਿਸੂਸ ਨਹੀਂ ਹੋਇਆ ਅਤੇ ਨਾ ਹੀ ਇਸ ਦੀ ਕੋਈ ਉਨ੍ਹਾਂ ਨੂੰ ਫ਼ਿਕਰ ਹੀ ਹੋਈ। ਸ੍ਰੀ ਸਾਈਂ ਨੇ ਇਸ ਗ੍ਰੰਥ ਦੇ ਰੂਪ ਵਿਚ ਉਨ੍ਹਾਂ ਦੀ ਸੇਵਾ ਮਨਜ਼ੂਰ ਕਰ ਲਈ। ਇਹ ਕੇਵਲ ਉਨ੍ਹਾਂ ਦੇ ਪਿਛਲੇ ਜਨਮ ਦੇ ਸ਼ੁਭ ਸੰਸਕਾਰਾਂ ਦੇ ਕਾਰਨ ਹੀ ਸੰਭਵ ਹੋਇਆ, ਜਿਸ ਦੇ ਲਈ ਉਹ ਆਪਣੇ-ਆਪ ਨੂੰ ਖ਼ੁਸ਼-ਕਿਸਮਤ ਅਤੇ ਸੰਤੁਸ਼ਟ ਸਮਝਦੇ ਹਨ।

ਹੇਠਾਂ ਲਿਖੀਆਂ ਕਥਾਵਾਂ-ਕਹਾਣੀਆਂ ਨਹੀਂ, ਬਲਕਿ ਸ਼ੁੱਧ ਅੰਮ੍ਰਿਤ ਤੁੱਲ ਹਨ। ਇਸ ਨੂੰ ਜਿਹੜਾ ਦਿਲ ਨਾ ਪੀਏਗਾ, ਉਸ ਨੂੰ ਸ੍ਰੀ ਸਾਈਂ ਦੀ ਮਹਾਨਤਾ ਅਤੇ ਸਰਵ-ਵਿਆਪਕਤਾ ਪਤਾ ਲੱਗ ਜਾਏਗੀ, ਪਰ ਜਿਹੜੇ ਬਹਿਸ ਅਤੇ ਆਲੋਚਨਾ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਇਨ੍ਹਾਂ ਕਥਾਵਾਂ ਵੱਲ ਧਿਆਨ ਦੇਣ ਦੀ ਲੋੜ ਵੀ ਨਹੀਂ ਹੈ। ਇਥੇ ਦਲੀਲ ਦੀ ਨਹੀਂ ਬਲਕਿ ਡੂੰਘੇ ਪਿਆਰ ਅਤੇ ਭਗਤੀ ਦੀ ਬਹੁਤ ਜ਼ਰੂਰਤ ਹੈ। ਵਿਦਵਾਨ ਭਗਤ ਅਤੇ ਸ਼ਰਧਾਲੂ ਜਾਂ ਜਿਹੜੇ ਆਪਣੇ-ਆਪ ਨੂੰ ਸਾਈਂ-ਪਦ ਸੇਵਕ ਸਮਝਦੇ ਹਨ, ਉਨ੍ਹਾਂ ਨੂੰ ਹੀ ਇਹ ਕਥਾਵਾਂ ਦਿਲਚਸਪ ਅਤੇ ਸਿੱਖਿਆਦਾਇਕ ਲੱਗਣ ਗੀਆਂ, ਬਾਕੀ ਲੋਕਾਂ ਦੇ ਲਈ ਤਾਂ ਇਹ ਸਿਰਫ਼ ਕਹਾਣੀਆਂ ਹੀ ਹਨ। ਸ੍ਰੀ ਸਾਈਂ ਦੇ ਭਗਤਾਂ ਨੂੰ ਸ੍ਰੀ ਸਾਈਂ ਲੀਲ੍ਹਾਵਾਂ ਕਲਪਤਰੂ ਵਾਂਗ ਹਨ। ਸ੍ਰੀ ਸਾਈਂ ਲੀਲ੍ਹਾ ਰੂਪੀ ਅੰਮ੍ਰਿਤਪਾਨ ਕਰਨ ਨਾਲ ਅਗਿਆਨੀ ਜੀਵਾਂ ਨੂੰ ਗਿਆਨ, ਗ੍ਰਹਿਸਥੀਆਂ ਨੂੰ ਸੰਤੋਖ ਮੁਮੁਕਸ਼ੂਆਂ ਨੂੰ ਚੰਗਾ ਸਾਧਨ ਪ੍ਰਾਪਤ ਹੁੰਦਾ ਹੈ। ਹੁਣ ਅਸੀਂ ਇਸ ਅਧਿਆਇ ਦੀ ਮੂਲ ਕਥਾ 'ਤੇ ਆਉਂਦੇ ਹਾਂ।

## 1) ਕਾਕਾ ਜੀ ਵੈਦ

ਨਾਸਿਕ ਜ਼ਿਲ੍ਹੇ ਦੇ ਵਣੀ ਪਿੰਡ ਵਿਚ ਕਾਕਾ ਜੀ ਵੈਦ ਨਾਂਅ ਦੇ ਇਕ ਆਦਮੀ ਰਹਿੰਦੇ ਸੀ। ਉਹ ਸ੍ਰੀ ਸਪਤਸ਼੍ਰੰਗੀ ਦੇਵੀ ਦੇ ਮੁੱਖ ਪੁਜਾਰੀ ਸੀ। ਇਕ ਵਾਰੀ ਉਹ ਮੁਸੀਬਤਾਂ ਵਿਚ ਕੁਝ ਇਸ ਤਰ੍ਹਾਂ ਫਸੇ ਕਿ ਉਨ੍ਹਾਂ ਦੇ ਚਿੱਤ ਦੀ ਸ਼ਾਂਤੀ ਭੰਗ ਹੋ ਗਈ ਅਤੇ ਉਹ ਬਿਲਕੁਲ ਨਾਉਮੀਦ ਹੋ ਗਏ। ਇਕ ਦਿਨ ਬਹੁਤ ਬੇਚੈਨ ਹੋ ਕੇ ਦੇਵੀ ਦੇ ਮੰਦਿਰ ਵਿਚ ਜਾ ਕੇ ਦਿਲ ਨਾਲ ਉਹ ਪ੍ਰਾਰਥਨਾ ਕਰਨ ਲਗੇ, "ਹੇ ਦੇਵੀ! ਹੇ ਦਯਾਵਾਨ! ਮੈਨੂੰ ਦੁੱਖਾਂ ਤੋਂ ਜਲਦੀ ਮੁਕਤ ਕਰੋ।" ਉਨ੍ਹਾਂ ਦੀ ਪ੍ਰਾਰਥਨਾ ਨਾਲ ਦੇਵੀ ਖੁਸ਼ ਹੋ ਗਈ ਅਤੇ ਉਸੇ ਰਾਤ ਨੂੰ ਉਨ੍ਹਾਂ ਨੂੰ ਸੁਪਨੇ ਵਿਚ ਬੋਲੀ, "ਤੂੰ ਬਾਬਾ ਦੇ ਕੋਲ ਜਾ, ਉਥੇ ਤੇਰਾ ਮਨ ਸ਼ਾਂਤ ਹੋ ਕੇ ਟਿਕ ਜਾਏਗਾ।" ਬਾਬਾ ਦੀ ਜਾਣਕਾਰੀ ਲੈਣ ਲਈ ਕਾਕਾ ਜੀ ਬਹੁਤ ਉਤਸੁਕ ਸੀ, ਪਰ ਦੇਵੀ ਕੋਲੋਂ ਸੁਆਲ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਦੀ ਨੀਂਦ ਖੁੱਲ੍ਹ ਗਈ। ਉਹ ਸੋਚਣ ਲੱਗੇ ਕਿ ਇਹੋ ਜਿਹੇ ਇਹ ਬਾਬਾ ਕੌਣ ਹਨ, ਜਿਨ੍ਹਾਂ ਵੱਲ ਦੇਵੀ ਨੇ ਮੈਨੂੰ ਇਸ਼ਾਰਾ ਕੀਤਾ ਹੈ। ਕੁਝ ਦੇਰ ਵਿਚਾਰ ਕਰਨ ਦੇ ਬਾਅਦ ਉਹ ਇਸ ਨਤੀਜੇ 'ਤੇ ਪਹੁੰਚੇ ਕਿ ਸੰਭਵ ਹੈ ਕਿ ਉਹ ਤਰੰਬਕੇਸ਼ਵਰ ਬਾਬਾ (ਸ਼ਿਵ) ਹੀ ਹੋਣ। ਇਸ ਲਈ ਪਵਿੱਤਰ ਤੀਰਥ ਤਰੰਬਕ (ਨਾਸਿਕ) ਗਏ ਅਤੇ ਉਥੇ ਦਸ ਦਿਨ ਗੁਜ਼ਾਰੇ। ਉਹ ਸਵੇਰੇ ਉੱਠ ਕੇ ਇਸ਼ਨਾਨ ਆਦਿ ਤੋਂ ਵਿਹਲੇ ਹੋ ਕੇ, ਰੁਦਰ ਮੰਤਰ ਦਾ ਜਾਪ ਕਰਕੇ, ਨਾਲ ਹੀ ਨਾਲ ਅਭਿਸ਼ੇਕ ਅਤੇ ਹੋਰ ਧਾਰਮਿਕ ਕਾਰਜ ਵੀ ਕਰਨ ਲਗੇ। ਪਰ ਉਨ੍ਹਾਂ ਦਾ ਮਨ ਪਹਿਲਾਂ ਵਾਂਗ ਹੀ ਬੇਚੈਨ ਰਿਹਾ। ਉਦੋਂ ਫੇਰ ਆਪਣੇ ਘਰ ਵਾਪਸ ਆ ਕੇ ਉਹ ਬਹੁਤ ਨਿਮਰ ਹੋ ਕੇ ਦੇਵੀ

ਦੀ ਉਸਤਤ ਕਰਨ ਲਗੇ। ਉਸੇ ਰਾਤ ਨੂੰ ਦੇਵੀ ਨੇ ਉਨ੍ਹਾਂ ਨੂੰ ਫੇਰ ਸੁਪਨੇ ਵਿਚ ਦਰਸ਼ਨ ਦੇ ਕੇ ਕਿਹਾ, "ਤੂੰ ਫ਼ਜ਼ੂਲ ਹੀ ਤਰੰਬਕੇਸ਼ਵਰ ਕਿਉਂ ਗਿਆ ? ਬਾਬਾ ਤੋਂ ਮੇਰਾ ਮਤਲਬ ਸੀ ਸ਼ਿਰਡੀ ਦੇ ਸ੍ਰੀ ਸਾਈਂ ਸਮਰਥ।" ਹੁਣ ਕਾਕਾ ਜੀ ਦੇ ਸਾਹਮਣੇ ਮੁਖ ਸੁਆਲ ਇਹ ਪੈਦਾ ਹੋਇਆ ਕਿ ਉਹ ਕਿਸ ਤਰ੍ਹਾਂ ਅਤੇ ਕਦੋਂ ਸ਼ਿਰਡੀ ਜਾ ਕੇ ਬਾਬਾ ਦੇ ਸ੍ਰੀ ਦਰਸ਼ਨ ਦਾ ਲਾਭ ਉਠਾਉਣ।

। ਜਿਹੜਾ ਸੱਦਾ ਦਿੰਦਾ ਹੈ, ਉਹ ਆਦਰ ਸਤਿਕਾਰ ਦਾ ਪ੍ਰਬੰਧ ਵੀ ਕਰਦਾ ਹੈ। ਕਾਕਾ ਜੀ ਦੇ ਸਬੰਧ ਵਿਚ ਸੱਚਮੁਚ ਇਹੀ ਹੋਇਆ।

## ਸ਼ਾਮਾ ਦੀਆਂ ਸੁੱਖਣਾਂ

ਜਦੋਂ ਕਾਕਾ ਜੀ ਸ਼ਿਰਡੀ ਯਾਤਰਾ ਦਾ ਵਿਚਾਰ ਕਰ ਰਹੇ ਸੀ, ਉਸੇ ਵੇਲੇ ਉਨ੍ਹਾਂ ਕੋਲ ਇਕ ਮਹਿਮਾਨ ਆਇਆ (ਜਿਹੜਾ ਕਿ ਸ਼ਾਮਾ ਦੇ ਇਲਾਵਾ ਹੋਰ ਕੋਈ ਨਹੀਂ ਸੀ)। ਸ਼ਾਮਾ ਬਾਬਾ ਦੇ ਖ਼ਾਸ ਭਗਤਾਂ ਵਿਚੋਂ ਸੀ। ਉਹ ਠੀਕ ਇਸੇ ਵੇਲੇ ਵਣੀ ਵਿਚ ਕਿਉਂ ਅਤੇ ਕਿਸ ਤਰ੍ਹਾਂ ਆ ਪਹੁੰਚੇ, ਹੁਣ ਅਸੀਂ ਇਸ 'ਤੇ ਨਜ਼ਰ ਮਾਰੀਏ।

ਬਚਪਨ ਵਿਚ ਉਹ ਇਕ ਵਾਰੀ ਬਹੁਤ ਬਿਮਾਰ ਹੋ ਗਏ ਸੀ। ਉਨ੍ਹਾਂ ਦੀ ਮਾਂ ਨੇ ਆਪਣੀ ਕੁਲਦੇਵੀ ਸ਼ਪਤਸ਼ੂੰਗੀ ਨੂੰ ਪ੍ਰਾਰਥਨਾ ਕੀਤੀ ਕਿ ਜੇ ਮੇਰਾ ਪੁੱਤਰ ਨਿਰੋਗ ਹੋ ਜਾਏ ਤਾਂ ਮੈਂ ਉਸਨੂੰ ਤੁਹਾਡੇ ਚਰਣਾਂ ਵਿਚ ਲਿਆ ਕੇ ਪਾਵਾਂਗੀ। ਕੁਝ ਸਾਲਾਂ ਬਾਅਦ ਹੀ ਉਨ੍ਹਾਂ ਦੀ ਮਾਂ ਦੇ ਛਾਤੀ ਵਿਚ ਦਾਦ ਹੋ ਗਈ ਤਾਂ ਉਨ੍ਹਾਂ ਨੇ ਫੇਰ ਦੇਵੀ ਨੂੰ ਪ੍ਰਾਰਥਨਾ ਕੀਤੀ ਕਿ ਜੇ ਮੈਂ ਨਿਰੋਗ ਹੋ ਜਾਵਾਂ ਤਾਂ ਮੈਂ ਤੁਹਾਨੂੰ ਚਾਂਦੀ ਦੀਆਂ ਛਾਤੀਆਂ ਚੜ੍ਹਾਵਾਂਗੀ। ਪਰ ਇਹ ਦੋਨੋਂ ਵਚਨ ਅਧੂਰੇ ਹੀ ਰਹੇ। ਪਰ ਜਦੋਂ ਉਹ ਮਰਨ ਲਗੀ ਸੀ ਤਾਂ ਉਨ੍ਹਾਂ ਨੇ ਆਪਣੇ ਪੁੱਤਰ ਸ਼ਾਮਾ ਨੂੰ ਕੋਲ ਬੁਲਾ ਕੇ ਉਹ ਦੋਵੇਂ ਵਚਨਾਂ ਦੀ ਯਾਦ ਦਿਵਾਈ ਅਤੇ ਉਨ੍ਹਾਂ ਨੂੰ ਪੂਰਾ ਕਰਨ ਦਾ ਭਰੋਸਾ ਲੈ ਕੇ ਪ੍ਰਾਣ ਤਿਆਗ ਦਿੱਤੇ। ਕੁਝ ਦਿਨਾਂ ਬਾਅਦ ਸ਼ਾਮਾ ਆਪਣੀ ਇਹ ਪ੍ਰਤਿੱਗਿਆ ਭੁੱਲ ਗਏ ਅਤੇ ਇਸ ਨੂੰ ਭੁੱਲੇ ਪੂਰੇ ਤੀਹ ਸਾਲ ਬੀਤ ਗਏ। ਉਦੋਂ ਇਕ ਪ੍ਰਸਿੱਧ ਜੋਤਸ਼ੀ ਸ਼ਿਰਡੀ ਆਏ ਅਤੇ ਉਥੇ ਲਗਭਗ ਇਕ ਮਹੀਨਾ ਠਹਿਰੇ। ਸ੍ਰੀਮਾਨ ਬੂਟੀ ਸਾਹਿਬ ਅਤੇ ਹੋਰ ਲੋਕਾਂ ਨੂੰ ਦੱਸੀਆਂ ਉਨ੍ਹਾਂ ਦੀਆਂ ਸਾਰੀਆਂ ਭਵਿੱਖਵਾਣੀਆਂ ਬਿਲਕੁਲ ਠੀਕ ਨਿਕਲੀਆਂ, ਜਿਸ ਨਾਲ ਸਾਰਿਆਂ ਨੂੰ ਪੂਰੀ ਤਸੱਲੀ ਸੀ। ਸ਼ਾਮਾ ਦੇ ਛੋਟੇ ਭਰਾ ਬਾਪਾ ਜੀ

ਨੇ ਵੀ ਉਨ੍ਹਾਂ ਕੋਲੋਂ ਕੁਝ ਸੁਆਲ ਪੁੱਛੇ। ਤਾਂ ਜੋਤਸ਼ੀ ਨੇ ਉਨ੍ਹਾਂ ਨੂੰ ਦੱਸਿਆ ਕਿ ਤੁਹਾਡੇ ਵੱਡੇ ਭਰਾ ਨੇ ਆਪਣੀ ਮਾਂ ਨੂੰ ਮਰਨ ਲੱਗੇ ਜਿਹੜੇ ਵਚਨ ਦਿੱਤੇ ਸੀ, ਉਨ੍ਹਾਂ ਦੇ ਹੁਣ ਤਕ ਪੂਰੇ ਨਾ ਕੀਤੇ ਜਾਣ ਦੇ ਕਾਰਨ ਦੇਵੀ ਅਸੰਤੁਸ਼ਟ ਹੋ ਕੇ ਉਨ੍ਹਾਂ ਨੂੰ ਦੁੱਖ ਪਹੁੰਚਾ ਰਹੀ ਹੈ। ਜੋਤਸ਼ੀ ਦੀ ਗੱਲ ਸੁਣ ਕੇ ਸ਼ਾਮਾ ਨੂੰ ਉਨ੍ਹਾਂ ਵਚਨਾਂ ਦੀ ਯਾਦ ਆ ਗਈ। ਹੁਣ ਹੋਰ ਦੇਰ ਕਰਨਾ ਖ਼ਤਰਨਾਕ ਸਮਝ ਕੇ ਸ਼ਾਮਾ ਨੇ ਸੁਨਿਆਰੇ ਨੂੰ ਬੁਲਾ ਕੇ ਜਲਦੀ ਚਾਂਦੀ ਦੀਆਂ ਛਾਤੀਆਂ ਤਿਆਰ ਕਰਵਾਈਆਂ ਅਤੇ ਉਨ੍ਹਾਂ ਨੂੰ ਮਸਜਿਦ ਵਿਚ ਲਿਜਾ ਕੇ ਬਾਬਾ ਦੇ ਸਾਹਮਣੇ ਰੱਖ ਦਿੱਤਾ ਅਤੇ ਪ੍ਰਨਾਮ ਕਰਕੇ ਉਨ੍ਹਾਂ ਨੂੰ ਸਵੀਕਾਰ ਕਰਕੇ ਵਚਨ ਮੁਕਤ ਕਰਨ ਦੀ ਪ੍ਰਾਰਥਨਾ ਕੀਤੀ। ਸ਼ਾਮਾ ਨੇ ਕਿਹਾ, "ਮੇਰੇ ਲਈ ਤਾਂ ਸਪਤਸ਼੍ਰੰਗੀ ਦੇਵੀ ਤੁਸੀਂ ਹੀ ਹੋ, ਪਰ ਬਾਬਾ ਨੇ ਜ਼ੋਰ ਦੇ ਕੇ ਕਿਹਾ ਕਿ ਤੁਸੀਂ ਇਨ੍ਹਾਂ ਨੂੰ ਆਪ ਹੀ ਲਿਜਾ ਕੇ ਦੇਵੀ ਦੇ ਚਰਣਾਂ ਵਿਚ ਅਰਪਣ ਕਰੋ। ਬਾਬਾ ਦੀ ਆਗਿਆ ਅਤੇ ਉਦੀ ਲੈ ਕੇ ਉਹ ਵਣੀ ਲਈ ਰਵਾਨਾ ਹੋਏ। ਪੁਜਾਰੀ ਦਾ ਘਰ ਪੁੱਛਦੇ-ਪੁੱਛਦੇ ਉਹ ਕਾਕਾ ਜੀ ਦੇ ਕੋਲ ਪਹੁੰਚ ਗਏ। ਕਾਕਾ ਜੀ ਇਸ ਵੇਲੇ ਬਾਬਾ ਦੇ ਦਰਸ਼ਨਾਂ ਲਈ ਬਹੁਤ ਉਤਾਵਲੇ ਸੀ ਅਤੇ ਠੀਕ ਉਸ ਮੌਕੇ ਹੀ ਸ਼ਾਮਾ ਵੀ ਉਥੇ ਪਹੁੰਚ ਗਏ। ਇਹ ਸੰਜੋਗ ਵੀ ਅਜ਼ੀਬ ਸੀ। ਕਾਕਾ ਜੀ ਨੇ ਆਉਣ ਵਾਲੇ ਮਹਿਮਾਨ ਕੋਲੋਂ ਉਸ ਦੀ ਪਛਾਣ ਪ੍ਰਾਪਤ ਕਰਕੇ ਪੁੱਛਿਆ ਕਿ ਤੁਸੀਂ ਕਿਥੋਂ ਪਧਾਰੇ ਹੋ ? ਜਦੋਂ ਉਨ੍ਹਾਂ ਨੇ ਸੁਣਿਆ ਕਿ ਉਹ ਸ਼ਿਰਡੀ ਤੋਂ ਹੀ ਆ ਰਹੇ ਹਨ ਤਾਂ ਉਹ ਇਕਦਮ ਖੁਸ਼ ਹੋ ਗਏ ਅਤੇ ਸ਼ਾਮਾ ਨੂੰ ਜੱਫ਼ੀ ਪਾ ਲਈ ਅਤੇ ਫੇਰ ਦੋਵਾਂ ਦੀ ਸ੍ਰੀ ਸਾਈਂ ਲੀਲ੍ਹਾਵਾਂ ਉਤੇ ਗੱਲਬਾਤ ਸ਼ੁਰੂ ਹੋ ਗਈ। ਆਪਣੇ ਵਚਨਾਂ ਸਬੰਧੀ ਕਾਰਜਾਂ ਨੂੰ ਪੂਰਾ ਕਰਕੇ ਉਹ ਕਾਕਾ ਜੀ ਦੇ ਨਾਲ ਸ਼ਿਰਡੀ ਵਾਪਸ ਆ ਗਏ। ਕਾਕਾ ਮਸਜਿਦ ਪਹੁੰਚ ਕੇ ਬਾਬਾ ਦੇ ਸ੍ਰੀ ਚਰਣਾਂ ਨਾਲ ਜਾ ਕੇ ਚਿਪਕ ਗਏ। ਉਨ੍ਹਾਂ ਦੀਆਂ ਅੱਖਾਂ ਵਿਚੋਂ ਪ੍ਰੇਮ ਦੇ ਅੱਥਰੂਆਂ ਦੀ ਧਾਰ ਵਗਣ ਲੱਗੀ ਅਤੇ ਉਨ੍ਹਾਂ ਦਾ ਚਿੱਤ ਟਿਕ ਗਿਆ। ਦੇਵੀ ਦੇ ਕਹਿਣ ਅਨੁਸਾਰ ਜਿਵੇਂ ਹੀ ਉਨ੍ਹਾਂ ਨੇ ਬਾਬਾ ਦੇ ਦਰਸ਼ਨ ਕੀਤੇ, ਉਨ੍ਹਾਂ ਦੇ ਮਨ ਦੀ ਬੇਚੈਨੀ ਤੁਰੰਤ ਨਾਸ਼ ਹੋ ਗਈ ਅਤੇ ਉਹ ਪਰਮ ਸ਼ਾਂਤੀ ਮਹਿਸੂਸ ਕਰਨ ਲਗੇ। ਉਹ ਵਿਚਾਰ ਕਰਨ ਲਗੇ ਕਿ ਕਿਸ ਤਰ੍ਹਾਂ ਦੀ ਅਜ਼ਬ ਸ਼ਕਤੀ ਹੈ ਕਿ ਬਿਨਾਂ ਬੋਲੇ ਜਾਂ ਕੋਈ ਸੁਆਲ-ਜਵਾਬ ਕੀਤੇ ਜਾਂ ਅਸੀਸ ਲਏ, ਦਰਸ਼ਨ ਨਾਲ ਹੀ ਅਪਾਰ ਪ੍ਰਸੰਨਤਾ ਹੋ ਰਹੀ ਹੈ। ਸੱਚਮੁਚ ਵਿਚ ਦਰਸ਼ਨ ਦਾ ਮਹੱਤਵ ਤਾਂ ਇਸ ਨੂੰ ਹੀ ਕਹਿੰਦੇ ਹਨ। ਉਨ੍ਹਾਂ ਦੀਆਂ ਪਿਆਸੀਆਂ ਅੱਖਾਂ ਸਾਈਂ ਚਰਣਾਂ 'ਤੇ ਟਿਕ ਗਈਆਂ ਅਤੇ ਉਹ ਆਪਣੀ ਜ਼ੁਬਾਨ ਨਾਲ ਇਕ ਸ਼ਬਦ ਵੀ ਨਾ ਬੋਲ ਸਕੇ। ਬਾਬਾ ਦੀਆਂ ਹੋਰ ਲੀਲ੍ਹਾਵਾਂ ਸੁਣ ਕੇ ਉਨ੍ਹਾਂ ਨੂੰ ਅਪਾਰ ਖੁਸ਼ੀ ਹੋਈ ਅਤੇ ਉਹ ਪੂਰੀ ਤਰ੍ਹਾਂ ਬਾਬਾ ਦੀ ਸ਼ਰਨ ਆ ਗਏ। ਸਾਰੇ ਫ਼ਿਕਰ ਅਤੇ ਦੁੱਖਾਂ ਨੂੰ ਭੁੱਲ ਕੇ ਉਹ ਬਹੁਤ ਖੁਸ਼ ਹੋ ਗਏ। ਉਨ੍ਹਾਂ ਨੇ ਉਥੇ ਸੁੱਖ ਨਾਲ ਬਾਰਾਂ ਦਿਨ ਬਿਤਾਏ ਅਤੇ ਫੇਰ ਬਾਬਾ ਦੀ ਆਗਿਆ, ਆਸ਼ੀਰਵਾਦ ਅਤੇ ਉਦੀ ਪ੍ਰਾਪਤ ਕਰਕੇ ਆਪਣੇ ਘਰ ਵਾਪਸ ਆ ਗਏ।

## 2) ਖੁਸ਼ਾਲ ਚੰਦ

ਇਸ ਤਰ੍ਹਾਂ ਕਹਿੰਦੇ ਹਨ ਕਿ ਸਵੇਰ ਵੇਲੇ ਜਿਹੜਾ ਸੁਪਨਾ ਆਉਂਦਾ ਹੈ, ਉਹ ਆਮ ਤੌਰ 'ਤੇ ਸੱਚ ਹੀ

ਨਿਕਲਦਾ ਹੈ। ਠੀਕ ਹੈ, ਏਦਾਂ ਹੀ ਹੁੰਦਾ ਹੋਏਗਾ। ਪਰ ਬਾਬਾ ਦੇ ਸਬੰਧ ਵਿਚ ਵਕਤ ਦੀ ਏਦਾਂ ਦੀ ਕੋਈ ਪਾਬੰਦੀ ਨਹੀਂ ਸੀ। ਇਸ ਤਰ੍ਹਾਂ ਦੀ ਇਕ ਉਦਾਹਰਣ ਪੇਸ਼ ਹੈ—

ਬਾਬਾ ਨੇ ਇਕ ਦਿਨ ਤੀਜੇ ਪਹਿਰ ਕਾਕਾਸਾਹਿਬ ਨੂੰ ਟਾਂਗਾ ਲੈ ਕੇ ਰਾਹਾਤਾ ਤੋਂ ਖੁਸ਼ਾਲ ਚੰਦ ਨੂੰ ਲਿਆਉਣ ਲਈ ਭੇਜਿਆ, ਕਿਉਂਕਿ ਖੁਸ਼ਾਲ ਚੰਦ ਨਾਲ ਉਨ੍ਹਾਂ ਦੀ ਕਈ ਦਿਨਾਂ ਤੋਂ ਮੁਲਾਕਾਤ ਨਹੀਂ ਹੋਈ ਸੀ। ਰਾਹਾਤਾ ਪਹੁੰਚ ਕੇ ਕਾਕਾਸਾਹਿਬ ਨੇ ਇਹ ਸੁਨੇਹਾ ਉਨ੍ਹਾਂ ਨੂੰ ਦਿੱਤਾ। ਇਹ ਸੁਨੇਹਾ ਸੁਣ ਕੇ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ ਅਤੇ ਉਹ ਕਹਿਣ ਲਗੇ ਕਿ ਦੁਪਹਿਰ ਨੂੰ ਭੋਜਨ ਦੇ ਬਾਅਦ ਥੋੜ੍ਹੀ ਦੇਰ ਮੈਨੂੰ ਝਪਕੀ ਆ ਗਈ ਸੀ, ਉਦੋਂ ਬਾਬਾ ਸੁਪਨੇ ਵਿਚ ਆਏ ਅਤੇ ਮੈਨੂੰ ਜਲਦੀ ਹੀ ਸ਼ਿਰਡੀ ਆਉਣ ਲਈ ਕਿਹਾ। ਪਰ ਘੋੜੇ ਦਾ ਪ੍ਰਬੰਧ ਨਾ ਹੋ ਸਕਣ ਕਰਕੇ ਮੈਂ ਆਪਣੇ ਪੁੱਤਰ ਨੂੰ ਇਹ ਸੂਚਨਾ ਦੇਣ ਲਈ ਹੀ ਉਨ੍ਹਾਂ ਕੋਲ ਭੇਜਿਆ ਸੀ। ਜਦੋਂ ਉਹ ਪਿੰਡ ਦੀ ਹੱਦ ਤਕ ਹੀ ਪਹੁੰਚਿਆ ਸੀ, ਤਾਂ ਤੁਹਾਨੂੰ ਸਾਹਮਣਿਉਂ ਟਾਂਗੇ ਵਿਚ ਆਉਂਦੇ ਦੇਖਿਆ।

ਉਹ ਦੋਵੇਂ ਉਸੇ ਟਾਂਗੇ ਵਿਚ ਬੈਠ ਕੇ ਸ਼ਿਰਡੀ ਪਹੁੰਚੇ ਅਤੇ ਬਾਬਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਬੜੀ ਖੁਸ਼ੀ ਹੋਈ। ਬਾਬਾ ਦੀ ਇਹ ਲੀਲ੍ਹਾ ਦੇਖ ਕੇ ਖੁਸ਼ਾਲ ਚੰਦ ਗੱਦਗਦ ਹੋ ਗਏ।

### 3) ਬੰਬਈ ਦੇ ਰਾਮ ਲਾਲ ਪੰਜਾਬੀ

ਬੰਬਈ ਦੇ ਇਕ ਪੰਜਾਬੀ ਬ੍ਰਾਹਮਣ ਸ੍ਰੀ ਰਾਮ ਲਾਲ ਨੂੰ ਬਾਬਾ ਨੇ ਸੁਪਨੇ ਵਿਚ ਇਕ ਮਹੰਤ ਦੇ ਭੇਸ ਵਿਚ ਦਰਸ਼ਨ ਦੇ ਕੇ ਸ਼ਿਰਡੀ ਆਉਣ ਲਈ ਕਿਹਾ। ਉਨ੍ਹਾਂ ਨੂੰ ਥਾਂ ਦਾ ਨਾਂਅ ਕੁਝ ਵੀ ਪਤਾ ਨਾ ਲਗਿਆ। ਉਨ੍ਹਾਂ ਨੂੰ ਸ੍ਰੀ ਦਰਸ਼ਨ ਕਰਨ ਦੀ ਤੀਬਰ ਇੱਛਾ ਤਾਂ ਸੀ, ਪਰ ਪਤਾ-ਟਿਕਾਣਾ ਪਤਾ ਨਾ ਹੋਣ ਦੇ ਕਾਰਨ ਉਹ ਬਹੁਤ ਹੀ ਪਰੇਸ਼ਾਨੀ ਵਿਚ ਪੈ ਗਏ ਸੀ। ਜਿਹੜਾ ਸੱਦਾ ਦਿੰਦਾ ਹੈ, ਉਹੀ ਆਉਣ ਦਾ ਪ੍ਰਬੰਧ ਵੀ ਕਰਦਾ ਹੈ ਅਤੇ ਆਖ਼ੀਰ ਵਿਚ ਉਵੇਂ ਹੀ ਹੋਇਆ। ਉਸੇ ਦਿਨ ਸ਼ਾਮ ਵੇਲੇ ਜਦੋਂ ਉਹ ਸੜਕ 'ਤੇ ਘੁੰਮ ਰਹੇ ਸੀ ਤਾਂ ਉਨ੍ਹਾਂ ਨੇ ਇਕ ਦੁਕਾਨ 'ਤੇ ਬਾਬਾ ਦੀ ਤਸਵੀਰ ਟੰਗੀ ਦੇਖੀ। ਸੁਪਨੇ ਵਿਚ ਜਿਸ ਸ਼ਕਲ ਵਾਲੇ ਮਹੰਤ ਦੇ ਦਰਸ਼ਨ ਹੋਏ ਸੀ, ਉਹ ਇਸ ਤਸਵੀਰ ਵਰਗੇ ਹੀ ਸੀ। ਪੁੱਛਗਿੱਛ ਕਰਨ 'ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਤਸਵੀਰ ਸ਼ਿਰਡੀ ਦੇ ਸ੍ਰੀ ਸਾਈਂ ਸਮਰੱਥ ਦੀ ਹੈ ਅਤੇ ਉਦੋਂ ਉਹ ਜਲਦੀ ਹੀ ਸ਼ਿਰਡੀ ਨੂੰ ਰਵਾਨਾ ਹੋ ਗਏ ਅਤੇ ਜ਼ਿੰਦਗੀ ਭਰ ਸ਼ਿਰਡੀ ਵਿਚ ਹੀ ਨਿਵਾਸ ਕੀਤਾ।

ਇਸ ਤਰ੍ਹਾਂ ਬਾਬਾ ਨੇ ਆਪਣੇ ਭਗਤਾਂ ਨੂੰ ਆਪਣੇ ਦਰਸ਼ਨਾਂ ਦੇ ਲਈ ਸ਼ਿਰਡੀ ਬੁਲਾਇਆ ਅਤੇ ਉਨ੍ਹਾਂ ਦੀਆਂ ਲੋਕ ਅਤੇ ਪਰਲੋਕ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕੀਤੀਆਂ।



# ॥ ਅਧਿਆਏ-31 ॥

**ਮੁਕਤੀ-ਦਾਨ :**

1. **ਸੰਨਿਆਸੀ ਵਿਜਯਾਨੰਦ**
2. **ਬਾਲਾਰਾਮ ਮਾਨਕਰ**
3. **ਨੂਲਕਰ**
4. **ਮੇਘਾ**
5. **ਸ਼ੇਰ ਦੀ ਮੁਕਤੀ**

ਇਸ ਅਧਿਆਇ ਵਿਚ ਹੇਮਾਂਡਪੰਤ ਬਾਬਾ ਦੇ ਸਾਹਮਣੇ ਕੁੱਝ ਭਗਤਾਂ ਦੀ ਮੌਤ ਅਤੇ ਸ਼ੇਰ ਦੇ ਪ੍ਰਾਣ ਤਿਆਗ ਦੀ ਕਥਾ ਦਾ ਵਰਨਣ ਕਰਦੇ ਹਨ।

ਮੌਤ ਵੇਲੇ ਜਿਹੜੀ ਆਖਰੀ ਇੱਛਾ ਜਾਂ ਭਾਵਨਾ ਹੁੰਦੀ ਹੈ, ਉਹੀ ਭਵਿੱਖ ਦਾ ਨਿਰਮਾਨ ਕਰਦੀ ਹੈ। ਸ੍ਰੀ ਕ੍ਰਿਸ਼ਨ ਨੇ ਗੀਤਾ (ਅਧਿਆਇ 8) ਵਿਚ ਕਿਹਾ ਹੈ ਕਿ ਜਿਹੜਾ ਆਪਣੇ ਜੀਵਨ ਦੇ ਆਖਰੀ ਪਲ ਵਿਚ ਮੈਨੂੰ ਯਾਦ ਕਰਦਾ ਹੈ, ਉਹ ਮੈਨੂੰ ਹੀ ਪ੍ਰਾਪਤ ਹੁੰਦਾ ਅਤੇ ਉਸ ਵੇਲੇ ਉਹ ਜੋ ਕੁਝ ਵੀ ਨਜ਼ਾਰਾ ਦੇਖਦਾ ਹੈ, ਉਸੇ ਨੂੰ ਅੰਤ ਵਿਚ ਪਾਉਂਦਾ ਹੈ। ਇਹ ਕੋਈ ਵੀ ਯਕੀਨਨ ਨਹੀਂ ਕਹਿ ਸਕਦਾ ਕਿ ਉਸ ਪਲ ਅਸੀਂ ਸਿਰਫ਼ ਉੱਤਮ ਵਿਚਾਰ ਹੀ ਕਰ ਸਕਾਂਗੇ। ਜਿਥੋਂ ਤੱਕ ਅਨੁਭਵ ਵਿਚ ਆਇਆ ਹੈ, ਏਦਾਂ ਲੱਗਦਾ ਹੈ ਕਿ ਉਸ ਵੇਲੇ ਅਨੇਕ ਕਾਰਨਾਂ ਕਰ ਕੇ ਡਰੇ ਹੋਣ ਦੀ ਕਲਪਨਾ ਰਹਿੰਦੀ ਹੈ। ਇਸ ਦੇ ਅਨੇਕ ਕਾਰਨ ਹਨ। ਇਸ ਲਈ ਮਨ ਨੂੰ ਮਰਜ਼ੀ ਨਾਲ ਕਿਸੇ ਉੱਤਮ ਵਿਚਾਰ ਦੇ ਧਿਆਨ ਵਿਚ ਹੀ ਲਗਾਉਣ ਦੇ ਲਈ ਰੋਜ਼ ਅਭਿਆਸ ਬਹੁਤ ਜ਼ਰੂਰੀ ਹੈ। ਇਸ ਕਰਕੇ ਸਾਰੇ ਸੰਤਾਂ ਨੇ ਹਰੀ ਸਿਮਰਨ ਅਤੇ ਜਾਪ ਨੂੰ ਹੀ ਉੱਤਮ ਦੱਸਿਆ ਹੈ, ਤਾਂਕਿ ਮੌਤ ਦੇ ਵੇਲੇ ਅਸੀਂ ਕਿਸੇ ਘਰੇਲੂ ਮੁਸ਼ਕਿਲ ਵਿਚ ਨਾ ਪੈ ਜਾਈਏ ਇਸ ਤਰ੍ਹਾਂ ਦੇ ਮੌਕੇ ਤੇ ਭਗਤ ਪੂਰੀ ਤਰ੍ਹਾਂ ਸੰਤਾਂ ਦੇ ਸ਼ਰਨਾਗਤ ਹੋ ਜਾਂਦੇ ਹਨ, ਤਾਂਕਿ ਸੰਤ, ਜਿਹੜੇ ਕਿ ਸਭ ਕੁਝ ਜਾਣਦੇ ਹਨ, ਉਚਿਤ ਰਾਹ ਦਿਖਾ ਕੇ ਸਾਡੀ ਯੋਗ ਮਦਦ ਕਰਨ। ਇਸ ਤਰ੍ਹਾਂ ਦੇ ਕੁਝ ਉਦਾਹਰਣ ਹੇਠਾਂ ਦਿੱਤੇ ਜਾਂਦੇ ਹਨ—

## ਵਿਜਯਾਨੰਦ

ਇਕ ਮਦਰਾਸੀ ਸੰਨਿਆਸੀ ਵਿਜਯਾਨੰਦ ਮਾਨਸਰੋਵਰ ਦੀ ਯਾਤਰਾ ਕਰਨ ਲਈ ਨਿਕਲਿਆ। ਰਾਹ ਵਿਚ ਉਹ ਬਾਬਾ ਦੀ ਕੀਰਤੀ ਸੁਣ ਕੇ ਸ਼ਿਰਡੀ ਆਇਆ। ਜਿਥੇ ਉਸ ਦੀ ਮੁਲਾਕਾਤ ਹਰਿਦਵਾਰ ਦੇ ਸੋਮਦੇਵ ਜੀ ਸਵਾਮੀ ਨਾਲ ਹੋਈ ਅਤੇ ਇਨ੍ਹਾਂ ਕੋਲੋਂ ਉਸ ਨੇ ਮਾਨਸਰੋਵਰ ਦੀ ਯਾਤਰਾ ਦੇ ਬਾਰੇ ਵਿਚ ਪੁੱਛ-ਗਿੱਛ ਕੀਤੀ। ਸਵਾਮੀ ਜੀ ਨੇ ਉਸ ਨੂੰ ਦੱਸਿਆ ਕਿ ਮਾਨਸਰੋਵਰ ਗੰਗੋਤਰੀ ਤੋਂ 500 ਮੀਲ ਉਤਰ ਵਲ ਹੈ। ਅਤੇ ਰਸਤੇ ਵਿਚ ਜੋ ਤਕਲੀਫਾਂ ਹੁੰਦੀਆਂ ਹਨ। ਉਨ੍ਹਾਂ ਦਾ ਵੀ ਜ਼ਿਕਰ ਕੀਤਾ, ਜਿਵੇਂ ਕਿ ਬਹੁਤ ਜ਼ਿਆਦਾ ਬਰਫ 50 ਕੋਹ ਤੱਕ ਭਾਸ਼ਾ ਵਿਚ ਭਿੰਨਤਾ ਅਤੇ ਭੁਟਾਨ ਵਾਸੀਆਂ ਦਾ ਸ਼ੱਕੀ ਸੁਭਾਅ, ਜਿਹੜਾ ਯਾਤਰੀਆਂ ਨੂੰ

ਬਹੁਤ ਦੁੱਖੀ ਕਰਦਾ ਹੈ। ਇਹ ਸਭ ਸੁੱਣ ਕੇ ਸੰਨਿਆਸੀ ਦਾ ਮਨ ਉਦਾਸ ਹੋ ਗਿਆ ਅਤੇ ਉਸ ਨੇ ਯਾਤਰਾ ਕਰਨ ਦਾ ਵਿਚਾਰ ਤਿਆਗ ਕੇ ਮਸਜਿਦ ਵਿਚ ਜਾ ਕੇ ਬਾਬਾ ਦੇ ਸ੍ਰੀਚਰਣ ਛੂਹੇ। ਬਾਬਾ ਗੁੱਸੇ ਹੋ ਕੇ ਕਹਿਣ ਲੱਗੇ ਇਸ ਨਿਕੰਮੇ ਸੰਨਿਆਸੀ ਨੂੰ ਇਥੋਂ ਕੱਢੋ। ਇਸ ਦੀ ਸੰਗਤ ਕਰਨੀ ਫ਼ਜ਼ੂਲ ਹੈ।" ਸੰਨਿਆਸੀ ਬਾਬਾ ਦੇ ਸੁਭਾਅ ਨੂੰ ਨਹੀਂ ਜਾਣਦਾ ਸੀ। ਉਹ ਬਹੁਤ ਨਾਉਮੀਦ ਹੋਇਆ, ਪਰ ਉਥੇ ਜੋ ਕੁਝ ਵੀ ਹੋ ਰਿਹਾ ਸੀ, ਉਹ ਉਸ ਨੂੰ ਬੈਠੇ-ਬੈਠੇ ਹੀ ਦੇਖਦਾ ਰਿਹਾ। ਸਵੇਰ ਦਾ ਦਰਬਾਰ ਲੋਕਾਂ ਨਾਲ ਖੱਚਾ ਖਚ ਭਰਿਆ ਹੋਇਆ ਸੀ ਅਤੇ ਬਾਬਾ ਨੂੰ ਵਿਧੀ ਨਾਲ ਅਭਿਸ਼ੇਕ ਕਰਾਇਆ ਜਾ ਰਿਹਾ ਸੀ। ਕੋਈ ਚਰਣ ਧੋ ਰਿਹਾ ਸੀ ਅਤੇ ਕੋਈ ਚਰਣਾਂ ਨੂੰ ਛੂਹ ਕੇ ਅੰਮ੍ਰਿਤ ਪੀ ਰਿਹਾ ਸੀ ਅਤੇ ਕੋਈ ਆਪਣੀਆਂ ਅੱਖਾਂ ਅੰਮ੍ਰਿਤ ਨਾਲ ਤ੍ਰਿਪਤ ਕਰ ਰਿਹਾ ਸੀ। ਕੁਝ ਲੋਕ ਬਾਬਾ ਨੂੰ ਚੰਦਨ ਦਾ ਲੇਪ ਲਾ ਰਹੇ ਸੀ, ਕੋਈ ਸਰੀਰ ਨੂੰ ਇਤਰ ਹੀ ਮਲ ਰਿਹਾ ਸੀ। ਜਾਤ ਪਾਤ ਦਾ ਭੇਦਭਾਵ ਭੁੱਲਾ ਕੇ ਸਾਰੇ ਭਗਤ ਇਹ ਕਾਰਜ ਕਰ ਰਹੇ ਸੀ। ਭਾਵੇਂ ਬਾਬਾ ਉਸ ਨਾਲ ਗੁੱਸੇ ਹੋ ਗਏ ਸੀ ਤਾਂ ਵੀ ਸੰਨਿਆਸੀ ਦੇ ਦਿਲ ਵਿਚ ਉਨ੍ਹਾਂ ਲਈ ਬਹੁਤ ਪ੍ਰੇਮ ਪੈਦਾ ਹੋ ਗਿਆ। ਉਸ ਦਾ ਇਹ ਥਾਂ ਛੱਡਣ ਨੂੰ ਦਿਲ ਨਹੀਂ ਕਰਦਾ ਸੀ। ਦੋ ਦਿਨਾਂ ਦੇ ਬਾਅਦ ਹੀ ਮਦਰਾਸ ਤੋਂ ਚਿੱਠੀ ਆਈ ਕਿ ਉਸਦੀ ਮਾਂ ਦੀ ਹਾਲਤ ਬਹੁਤ ਖਰਾਬ ਹੈ। ਜਿਸ ਨੂੰ ਪੜ੍ਹ ਕੇ ਉਸ ਨੂੰ ਬੜੀ ਨਿਰਾਸ਼ਤਾ ਹੋਈ ਅਤੇ ਉਹ ਆਪਣੀ ਮਾਂ ਦੇ ਦਰਸ਼ਨਾਂ ਦੀ ਇੱਛਾ ਕਰਨ ਲੱਗਾ, ਪਰ ਬਾਬਾ ਦੀ ਆਗਿਆ ਬਿਨਾਂ ਉਹ ਸ਼ਿਰਡੀ ਤੋਂ ਜਾ ਹੀ ਕਿਸ ਤਰ੍ਹਾਂ ਸਕਦਾ ਸੀ? ਇਸ ਲਈ ਉਹ ਹੱਥ ਵਿਚ ਚਿੱਠੀ ਲੈ ਕੇ ਉਨ੍ਹਾਂ ਦੇ ਕੋਲ ਗਿਆ ਅਤੇ ਉਨ੍ਹਾਂ ਕੋਲੋਂ ਘਰ ਮੁੜਣ ਦੀ ਆਗਿਆ ਮੰਗੀ। ਤ੍ਰਿਕਾਲਗਿਆਨੀ ਬਾਬਾ ਨੂੰ ਤਾਂ ਸਾਰਿਆਂ ਦਾ ਭਵਿੱਖ ਪਤਾ ਹੀ ਸੀ। ਉਨ੍ਹਾਂ ਨੇ ਕਿਹਾ ਕਿ "ਜਦੋਂ ਤੈਨੂੰ ਆਪਣੀ ਮਾਂ ਨਾਲ ਏਨਾ ਮੋਹ ਸੀ ਤਾਂ ਫੇਰ ਸੰਨਿਆਸ ਧਾਰਨ ਕਰਨ ਦੀ ਤਕਲੀਫ਼ ਹੀ ਕਿਉਂ ਕੀਤੀ? ਮਮਤਾ ਜਾਂ ਮੋਹ ਭਗਵੇ ਕਪੜੇ ਧਾਰਨ ਕਰਨ ਵਾਲਿਆਂ ਨੂੰ ਕੀ ਸੋਭਾ ਦਿੰਦਾ ਹੈ? ਜਾਉ, ਚੁਪ ਚਾਪ ਆਪਣੀ ਥਾਂ ਉਪਰ ਰਹਿ ਕੇ ਕੁਝ ਦਿਨ ਸ਼ਾਂਤੀ ਨਾਲ ਬਿਤਾਓ। ਪਰ ਸਾਵਧਾਨ! ਵਾੜੇ ਵਿਚ ਚੋਰ ਬਹੁਤ ਹਨ। ਇਸ ਲਈ ਦਰਵਾਜ਼ਾ ਬੰਦ ਕਰਕੇ ਸਾਵਧਾਨੀ ਨਾਲ ਰਹਿਣਾ, ਨਹੀਂ ਤਾਂ ਚੋਰ ਸਭ ਕੁਝ ਚੁਰਾ ਕੇ ਲੈ ਜਾਣਗੇ। 'ਲਕਸ਼ਮੀ' ਯਾਨੀ ਮਾਯਾ ਚੰਚਲ ਹੈ ਅਤੇ ਇਹ ਸਰੀਰ ਵੀ ਨਾਸ਼ਵਾਨ ਹੈ, ਏਦਾਂ ਹੀ ਸਮਝ ਕੇ ਇਸ ਲੋਕ ਅਤੇ ਪਰਲੋਕ ਦੇ ਸਾਰੇ ਪਦਾਰਥਾਂ ਦਾ ਮੋਹ ਤਿਆਗ ਕੇ ਆਪਣੇ ਕਰਤੱਵ ਕਰੋ। ਜਿਹੜਾ ਇਸ ਤਰ੍ਹਾਂ ਦਾ ਆਚਰਣ ਕਰਕੇ ਸ੍ਰੀ ਹਰੀ ਦੇ ਸ਼ਰਨਾਗਤ ਹੋ ਜਾਂਦਾ ਹੈ, ਉਸ ਦਾ ਸਭ ਦੁੱਖਾਂ ਤੋਂ ਜਲਦੀ ਛੁਟਕਾਰਾ ਹੋ ਕੇ ਉਸ ਨੂੰ ਪਰਮਾਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

। ਪਿੱਛਲੇ ਜਨਮਾਂ ਦੇ

ਸ਼ੁਭ ਸੰਸਕਾਰਾਂ ਦੇ ਫ਼ਲਸਰੂਪ ਹੀ ਤੁਸੀਂ ਇਥੇ ਪਹੁੰਚੇ ਹੋ ਅਤੇ ਹੁਣ ਜੋ ਕੁਝ ਮੈਂ ਕਹਿੰਦਾ ਹਾਂ, ਉਸ ਨੂੰ ਧਿਆਨ ਨਾਲ ਸੁਣੋ ਅਤੇ ਆਪਣੇ ਆਖਰੀ ਮੰਤਵ 'ਤੇ ਵਿਚਾਰ ਕਰੋ। ਕਿਸੇ ਇੱਛਾ ਤੋਂ ਬਿਨਾਂ ਕੱਲ ਤੋਂ ਭਾਗਵਤ ਦਾ ਤਿੰਨ ਹਫਤੇ ਤਕ ਪਾਠ ਸ਼ੁਰੂ ਕਰੋ। ਤਾਂ ਭਗਵਾਨ ਪ੍ਰਸੰਨ ਹੋਣਗੇ ਅਤੇ ਤੁਹਾਡੇ ਸਾਰੇ ਦੁੱਖ ਦੂਰ ਕਰ ਦੇਣਗੇ। ਮਾਇਆ ਦਾ ਪਰਦਾ ਦੂਰ ਹੋ ਕੇ ਤੁਹਾਨੂੰ ਸ਼ਾਂਤੀ ਮਿਲੇਗੀ, "ਬਾਬਾ ਨੇ ਉਸ ਦਾ ਅੰਤਕਾਲ ਨੇੜੇ ਦੇਖਕੇ ਉਸ

ਨੂੰ ਇਹ ਜੁਗਤੀ ਦੱਸ ਦਿੱਤੀ ਅਤੇ 'ਰਾਮ ਵਿਜੇ' ਪੜ੍ਹਨ ਦੀ ਵੀ ਆਗਿਆ ਦਿੱਤੀ, ਜਿਸ ਨਾਲ ਯਮਰਾਜ ਬਹੁਤ ਪ੍ਰਸੰਨ ਹੁੰਦੇ ਹਨ। ਦੂਜੇ ਦਿਨ ਇਸ਼ਨਾਨ ਆਦਿ ਅਤੇ ਹੋਰ ਸ਼ੁੱਧੀ ਦੇ ਕੰਮ ਕਰਕੇ ਉਸ ਨੇ ਲੇਂਡੀ ਬਾਗ ਦੇ ਇਕਾਂਤ ਵਿਚ ਬੈਠ ਕੇ ਭਾਗਵਤ ਦਾ ਪਾਠ ਸ਼ੁਰੂ ਕਰ ਦਿੱਤਾ। ਦੂਜੀ ਵਾਰੀ ਪਾਠ ਖ਼ਤਮ ਹੋਣ ਤੇ ਉਹ ਬਹੁਤ ਥੱਕ ਗਿਆ ਅਤੇ ਵਾੜੇ ਵਿਚ ਆ ਕੇ ਦੋ ਦਿਨ ਠਹਿਰਿਆ, ਤੀਜੇ ਦਿਨ ਵੱਡੇ ਬਾਬਾ ਦੀ ਗੋਦ ਵਿਚ ਉਸ ਦੇ ਪ੍ਰਾਣ ਪਖੇਰੂ ਉੱਡ ਗਏ। ਬਾਬਾ ਨੇ ਦਰਸ਼ਨਾਂ ਵਾਸਤੇ ਇਕ ਦਿਨ ਲਈ ਉਸ ਦਾ ਸਰੀਰ ਸਾਂਭ ਕੇ ਰੱਖਣ ਲਈ ਕਿਹਾ। ਉਸ ਤੋਂ ਬਾਅਦ ਪੁਲਿਸ ਆਈ ਅਤੇ ਲੋੜੀਂਦੀ ਜਾਂਚ ਪੜਤਾਲ ਕਰਨ ਦੇ ਮਗਰੋਂ ਸਰੀਰ ਨੂੰ ਉਥੋਂ ਚੁੱਕਣ ਦੀ ਆਗਿਆ ਦੇ ਦਿੱਤੀ। ਧਾਰਮਿਕ ਰਸਮਾਂ ਦੇ ਨਾਲ ਉਸ ਦੀ ਠੀਕ ਥਾਂ ਉਤੇ ਸਮਾਧੀ ਬਣਾ ਦਿੱਤੀ ਗਈ। ਬਾਬਾ ਨੇ ਇਸ ਤਰ੍ਹਾਂ ਸੰਨਿਆਸੀ ਦੀ ਮਦਦ ਕਰਕੇ ਉਸ ਨੂੰ ਸਦਗਤੀ ਪ੍ਰਦਾਨ ਕੀਤੀ।

## 2. ਬਾਲਾਰਾਮ ਮਾਨਕਰ

ਬਾਲਾਰਾਮ ਮਾਨਕਰ ਨਾਂਅ ਦਾ ਇਕ ਗ੍ਰਹਿਸਥੀ ਬਾਬਾ ਦਾ ਪਰਮ ਭਗਤ ਸੀ। ਜਦੋਂ ਉਨ੍ਹਾਂ ਦੀ ਪਤਨੀ ਦੀ ਮੌਤ ਹੋ ਗਈ ਤਾਂ ਉਹ ਬੜੇ ਨਾਉਮੀਦ ਹੋ ਗਏ ਅਤੇ ਸਭ ਘਰ ਬਾਰ ਆਪਣੇ ਲੜਕੇ ਨੂੰ ਸੌਂਪ ਕੇ ਸ਼ਿਰਡੀ ਆ ਕੇ ਬਾਬਾ ਦੇ ਕੋਲ ਰਹਿਣ ਲਗੇ। ਉਨ੍ਹਾਂ ਦੀ ਭਗਤੀ ਦੇਖ ਕੇ ਬਾਬਾ ਉਨ੍ਹਾਂ ਦੇ ਜੀਵਨ ਦੀ ਗਤੀ ਬਦਲ ਦੇਣਾ ਚਾਹੁੰਦੇ ਸੀ। ਇਸ ਲਈ ਬਾਬਾ ਨੇ ਉਨ੍ਹਾਂ ਨੂੰ ਬਾਰਾਂ ਰੁਪਏ ਦੇ ਕੇ ਮਛਿੰਦਰਗੜ (ਜ਼ਿਲ੍ਹਾ ਸਤਾਰਾ) ਵਿਚ ਜਾ ਕੇ ਰਹਿਣ ਲਈ ਕਿਹਾ। ਮਾਨਕਰ ਦੀ ਇੱਛਾ ਉਨ੍ਹਾਂ ਦੀ ਸੰਗਤ ਛੱਡ ਕੇ ਕਿਤੇ ਵੀ ਜਾਣ ਦੀ ਨਹੀਂ ਸੀ, ਪਰ ਬਾਬਾ ਨੇ ਉਨ੍ਹਾਂ ਨੂੰ ਸਮਝਾਇਆ ਕਿ, "ਤੁਹਾਡੇ ਭੱਲੇ ਵਾਸਤੇ ਹੀ ਮੈਂ ਇਹ ਉੱਤਮ ਉਪਾਉ ਤੁਹਾਨੂੰ ਦਸ ਰਿਹਾ ਹਾਂ। ਇਸ ਲਈ ਉਥੇ ਜਾ ਕੇ ਦਿਨ ਵਿਚ ਤਿੰਨ ਵਾਰੀ ਪ੍ਰਭੂ ਦਾ ਧਿਆਨ ਕਰੋ।" ਬਾਬਾ ਦੇ ਸ਼ਬਦਾਂ 'ਤੇ ਭਰੋਸਾ ਕਰਕੇ ਉਹ ਮਛਿੰਦਰਗੜ ਚਲਾ ਗਿਆ ਅਤੇ ਉਥੇ ਦੇ ਮਨੋਹਰ ਨਜ਼ਾਰੇ, ਸ਼ੀਤਲ ਜਲ ਅਤੇ ਉੱਤਮ ਹਵਾ ਅਤੇ ਨੇੜੇ ਦੇ ਨਜ਼ਾਰੇ ਦੇਖ ਕੇ ਉਸ ਦੇ ਮਨ ਨੂੰ ਬੜੀ ਖੁਸ਼ੀ ਹੋਈ। ਬਾਬਾ ਵੱਲੋਂ ਦੱਸੇ ਤਰੀਕੇ ਨਾਲ ਉਸ ਨੇ ਪ੍ਰਭੂ ਦਾ ਧਿਆਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਕੁਝ ਦਿਨਾਂ ਬਾਅਦ ਹੀ ਉਸ ਨੂੰ ਦਰਸ਼ਨ ਪ੍ਰਾਪਤ ਹੋ ਗਿਆ। ਆਮ ਤੌਰ ਤੇ ਭਗਤਾਂ ਨੂੰ ਸਮਾਧੀ ਜਾਂ ਸ਼ੁਧ-ਚੇਤਨ ਅਵਸਥਾ ਵਿਚ ਹੀ ਦਰਸ਼ਨ ਹੁੰਦੇ ਹਨ, ਪਰ ਮਾਨਕਰ ਜਦੋਂ ਸ਼ੁਧ-ਚੇਤਨ ਅਵਸਥਾ ਵਿਚੋਂ ਸੁਭਾਵਿਕ ਅਵਸਥਾ ਵਿਚ ਆਇਆ, ਉਦੋਂ ਉਸ ਨੂੰ ਦਰਸ਼ਨ ਹੋਏ। ਦਰਸ਼ਨ ਹੋਣ ਦੇ ਬਾਅਦ ਮਾਨਕਰ ਨੇ ਬਾਬਾ ਕੋਲੋਂ ਉਸ ਨੂੰ ਉਥੇ ਭੇਜਣ ਦਾ ਕਾਰਨ ਪੁਛਿਆ। ਬਾਬਾ ਨੇ ਕਿਹਾ ਕਿ, ਸ਼ਿਰਡੀ ਵਿਚ ਤੁਹਾਡੇ ਮਨ ਵਿਚ ਕਈ ਤਰ੍ਹਾਂ ਦੇ ਉਲਟੇ-ਪੁਲਟੇ ਵਿਚਾਰ ਪੈਦਾ ਹੋਣ ਲੱਗੇ ਸੀ। ਇਸ ਕਰਕੇ ਮੈਂ ਤੁਹਾਨੂੰ ਉਥੇ ਭੇਜਿਆ ਤਾਂ ਕਿ ਤੁਹਾਡੇ ਚੰਚਲ ਮਨ ਨੂੰ ਸ਼ਾਂਤੀ ਮਿਲ ਜਾਏ। ਤੁਹਾਡੀ ਧਾਰਨਾ ਸੀ ਕਿ ਮੈਂ ਸ਼ਿਰਡੀ ਵਿਚ ਹੀ ਬਿਰਾਜਮਾਨ ਹਾਂ ਅਤੇ ਸਾਡੇ ਤਿੰਨ ਹੱਥ ਦੇ ਇਸ ਪੰਜ ਤੱਤਾਂ ਦੇ ਪੁਤਲੇ ਤੋਂ ਇਲਾਵਾ ਕੁਝ ਨਹੀਂ ਹਾਂ, ਪਰ ਹੁਣ ਤੁਸੀਂ ਮੈਨੂੰ ਦੇਖ ਕੇ ਇਹ ਧਾਰਨਾ ਬਣਾ ਲਵੋਂ ਕਿ ਜਿਹੜਾ ਤੁਹਾਡੇ ਸਾਹਮਣੇ ਸ਼ਿਰਡੀ ਵਿਚ ਹਾਜ਼ਰ ਹੈ ਅਤੇ ਜਿਸ ਦੇ ਤੁਸੀਂ ਦਰਸ਼ਨ ਕੀਤੇ, ਉਹ ਦੋਨੋਂ ਅਭਿੰਨ ਹਨ ਜਾਂ ਨਹੀਂ। ਮਾਨਕਰ ਉਹ

ਥਾਂ ਛੱਡਕੇ ਆਪਣੇ ਘਰ ਬਾਂਦਰਾ ਲਈ ਚੱਲ ਪਿਆ। ਉਹ ਪੂਨਾ ਤੋਂ ਦਾਦਰ ਗੱਡੀ ਵਿਚ ਜਾਣਾ ਚਾਹੁੰਦਾ ਸੀ। ਪਰ ਜਦੋਂ ਉਹ ਟਿਕਟ-ਘਰ ਪਹੁੰਚਿਆਂ ਤਾਂ ਉਥੇ ਬਹੁਤ ਜ਼ਿਆਦਾ ਭੀੜ ਦੇ ਕਾਰਨ ਉਹ ਟਿਕਟ ਖਰੀਦ ਨਾ ਸਕਿਆ। ਇਨੇ ਵਿਚ ਹੀ ਇਕ ਪੇਂਡੂ, ਜਿਸ ਦੇ ਮੋਢੇ 'ਤੇ ਇਕ ਕੰਬਲ ਸੀ ਅਤੇ ਸਰੀਰ 'ਤੇ ਸਿਰਫ਼ ਇਕ ਲੰਗੋਟੀ ਦੇ ਇਲਾਵਾ ਕੁਝ ਨਹੀਂ ਸੀ, ਉਥੇ ਆਇਆ ਅਤੇ ਮਾਨਕਰ ਨੂੰ ਪੁੱਛਣ ਲੱਗਾ ਕਿ, "ਤੁਸੀਂ ਕਿਥੇ ਜਾ ਰਹੇ ਹੋ ?" ਮਾਨਕਰ ਨੇ ਜਵਾਬ ਦਿੱਤਾ, "ਮੈਂ ਦਾਦਰ ਜਾ ਰਿਹਾ ਹਾਂ।" ਤਾਂ ਉਹ ਕਹਿਣ ਲੱਗਾ ਕਿ, "ਮੇਰਾ ਇਹ ਦਾਦਰ ਦਾ ਟਿਕਟ ਤੁਸੀਂ ਲੈ ਲਵੋ, ਕਿਉਂਕਿ ਮੈਨੂੰ ਇਥੇ ਇਕ ਜ਼ਰੂਰੀ ਕੰਮ ਹੋਣ ਕਰਕੇ ਮੈਂ ਅੱਜ ਨਹੀਂ ਜਾ ਸਕਦਾ।" ਮਾਨਕਰ ਨੂੰ ਟਿਕਟ ਲੈ ਕੇ ਬੜੀ ਖੁਸ਼ੀ ਹੋਈ ਅਤੇ ਉਹ ਆਪਣੀ ਜੇਬ ਵਿਚੋਂ ਪੈਸੇ ਕੱਢਣ ਲੱਗਾ ਏਨੇ ਵਿਚ ਟਿਕਟ ਦੇਣ ਵਾਲਾ ਆਦਮੀ ਭੀੜ ਵਿਚ ਗੁਆਚ ਗਿਆ। ਮਾਨਕਰ ਨੇ ਭੀੜ ਵਿਚ ਬਹੁਤ ਲੱਭਿਆ। ਪਰ ਸਭ ਫਜ਼ੂਲ ਗਿਆ। ਜਦੋਂ ਤਕ ਗੱਡੀ ਨਹੀਂ ਚਲੀ, ਮਾਨਕਰ ਉਸ ਦੇ ਵਾਪਸ ਆਉਣ ਦੀ ਉਡੀਕ ਕਰਦਾ ਰਿਹਾ, ਪਰ ਉਹ ਆਖੀਰ ਤਕ ਨਾ ਮੁੜਿਆ। ਇਸ ਤਰ੍ਹਾਂ ਮਾਨਕਰ ਨੂੰ ਇਸ ਅਦਭੁੱਤ ਰੂਪ ਵਿਚ ਦੂਜੀ ਵਾਰੀ ਦਰਸ਼ਨ ਹੋਏ। ਕੁਝ ਦਿਨ ਆਪਣੇ ਘਰ ਰਹਿ ਕੇ ਮਾਨਕਰ ਫੇਰ ਸ਼ਿਰਡੀ ਵਾਪਸ ਆਇਆ ਅਤੇ ਸ੍ਰੀਚਰਣਾਂ ਵਿਚ ਹੀ ਆਪਣੇ ਦਿਨ ਬਿਤਾਉਣ ਲੱਗਾ। ਹੁਣ ਉਹ ਹਮੇਸ਼ਾਂ ਬਾਬਾ ਦੇ ਵਚਨਾਂ ਅਤੇ ਆਗਿਆ ਦਾ ਪਾਲਣ ਕਰਨ ਲੱਗਾ। ਆਖੀਰ, ਉਸ ਭਾਗਾਂ ਵਾਲੇ ਨੇ ਬਾਬਾ ਦੇ ਸਾਹਮਣੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਆਪਣੇ ਪ੍ਰਾਣ ਤਿਆਗੇ।

## 3. ਤਾਤਿਆਸਾਹਿਬ ਨੂਲਕਰ

ਹੇਮਾਂਡਪੰਤ ਨੇ ਤਾਤਿਆਸਾਹਿਬ ਨੂਲਕਰ ਦੇ ਬਾਰੇ ਵਿਚ ਕੋਈ ਵਿਵਰਣ ਨਹੀਂ ਲਿਖਿਆ ਹੈ। ਸਿਰਫ਼ ਏਨਾ ਹੀ ਲਿਖਿਆ ਹੈ ਕਿ ਉਨ੍ਹਾਂ ਦੀ ਮੌਤ ਸ਼ਿਰਡੀ ਵਿਚ ਹੋਈ ਸੀ। 'ਸਾਈਂ-ਲੀਲ੍ਹਾ' ਮੈਗ਼ਜ਼ੀਨ ਵਿਚ ਸੰਖੇਪ ਵਿਵਰਣ ਛੱਪਿਆ ਸੀ—ਸੰਨ 1909 ਵਿਚ ਜਿਸ ਵੇਲੇ ਤਾਤਿਆ ਸਾਹਿਬ ਪੰਡਰਪੁਰ ਵਿਚ ਉਪ ਜੱਜ ਸੀ, ਉਦੋਂ ਹੀ ਨਾਨਾਸਾਹਿਬ ਚਾਂਦੋਰਕਰ ਵੀ ਉਥੋਂ ਦੇ ਮਾਮਲੇਦਾਰ ਸੀ। ਇਹ ਦੋਵੇਂ ਆਪਸ ਵਿਚ ਆਮ ਮਿਲਦੇ ਅਤੇ ਪ੍ਰੇਮ ਨਾਲ ਗੱਲਬਾਤ ਕਰਦੇ ਹੁੰਦੇ ਸੀ। ਤਾਤਿਆਸਾਹਿਬ ਸੰਤਾਂ ਵਿਚ ਭਰੋਸਾ ਨਹੀਂ ਕਰਦੇ ਸੀ, ਜਦੋਂ ਕਿ ਨਾਨਾਸਾਹਿਬ ਦੀ ਸੰਤਾਂ ਵਾਸਤੇ ਖਾਸ ਸ਼ਰਧਾ ਸੀ। ਨਾਨਾਸਾਹਿਬ ਨੇ ਉਨ੍ਹਾਂ ਨੂੰ ਸਾਈਂਬਾਬਾ ਦੀਆਂ ਲੀਲ੍ਹਾਵਾਂ ਸੁਣਾਈਆਂ ਅਤੇ ਇਕ ਵਾਰੀ ਸ਼ਿਰਡੀ ਜਾ ਕੇ ਬਾਬਾ ਦੇ ਦਰਸ਼ਨਾ ਦਾ ਲਾਭ ਲੈਣ ਦੀ ਬੇਨਤੀ ਕੀਤੀ। ਉਹ ਦੋ ਸ਼ਰਤਾਂ 'ਤੇ ਸ਼ਿਰਡੀ ਜਾਣ ਲਈ ਤਿਆਰ ਹੋਏ—

1. ਉਨ੍ਹਾਂ ਨੂੰ ਬ੍ਰਾਹਮਣ ਰਸੋਈਆ ਮਿਲਣਾ ਚਾਹੀਦਾ ਹੈ।
2. ਭੇਟ ਕਰਨ ਲਈ ਨਾਗਪੁਰ ਦੇ ਉੱਤਮ ਸੰਤਰੇ ਹੋਣੇ ਚਾਹੀਦੇ ਹਨ।

ਜਲਦੀ ਹੀ ਇਹ ਦੋਵੇਂ ਸ਼ਰਤਾਂ ਪੂਰੀਆਂ ਹੋ ਗਈਆਂ। ਨਾਨਾਸਾਹਿਬ ਕੋਲ ਇਕ ਬ੍ਰਾਹਮਣ ਨੌਕਰੀ ਲਈ ਆਇਆ, ਜਿਸ ਨੂੰ ਉਨ੍ਹਾਂ ਨੇ ਤਾਤਿਆਸਾਹਿਬ ਦੇ ਕੋਲ ਭੇਜ ਦਿੱਤਾ ਅਤੇ ਇਕ ਸੰਤਰਿਆਂ ਦਾ ਪਾਰਸਲ

ਵੀ ਆਇਆ, ਜਿਸ ਉਪਰ ਭੇਜਣ ਵਾਲੇ ਦਾ ਕੋਈ ਪਤਾ ਨਹੀਂ ਲਿਖਿਆ ਸੀ। ਉਨ੍ਹਾਂ ਦੀਆਂ ਦੋਵੇਂ ਸ਼ਰਤਾਂ ਪੂਰੀਆਂ ਹੋ ਗਈਆਂ ਸੀ। ਇਸ ਲਈ ਹੁਣ ਉਨ੍ਹਾਂ ਨੂੰ ਸ਼ਿਰਡੀ ਜਾਣਾ ਹੀ ਪਿਆ। ਪਹਿਲੇ ਤਾਂ ਬਾਬਾ ਉਨ੍ਹਾਂ ਨਾਲ ਗੁੱਸੇ ਹੋਏ, ਪਰ ਜਦੋਂ ਹੌਲੀ-ਹੌਲੀ ਤਾਤਿਆਸਾਹਿਬ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਸੱਚਮੁੱਚ ਹੀ ਈਸ਼ਵਰ ਦਾ ਅਵਤਾਰ ਹਨ ਤਾਂ ਉਹ ਬਾਬਾ ਤੋਂ ਪ੍ਰਭਾਵਿਤ ਹੋ ਗਏ ਅਤੇ ਫੇਰ ਜੀਵਨ ਭਰ ਉਥੇ ਹੀ ਰਹੇ। ਜਦੋਂ ਉਨ੍ਹਾਂ ਦਾ ਅੰਤ ਕਾਲ ਨੇੜੇ ਆਇਆ ਤਾਂ ਉਨ੍ਹਾਂ ਨੂੰ ਪਵਿੱਤਰ ਧਾਰਮਿਕ ਪਾਠ ਸੁਣਾਇਆ ਗਿਆ ਅਤੇ ਆਖਰੀ ਪਲਾਂ ਵਿਚ ਉਨ੍ਹਾਂ ਨੂੰ ਬਾਬਾ ਦਾ ਪਾਦ ਤੀਰਥ (ਚਰਣ-ਅੰਮ੍ਰਿਤ) ਵੀ ਦਿੱਤਾ ਗਿਆ। ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣ ਕੇ ਬਾਬਾ ਬੋਲੇ...."ਅਰੇ! ਤਾਤਿਆ ਤਾਂ ਅੱਗੇ ਚਲੇ ਗਿਆ। ਹੁਣ ਉਸਦਾ ਫੇਰ ਜਨਮ ਨਹੀਂ ਹੋਏਗਾ।"

## 4. ਮੇਘਾ

28ਵੇਂ ਅਧਿਆਇ ਵਿਚ ਮੇਘਾ ਦੀ ਕਥਾ ਦਾ ਵਰਨਣ ਕੀਤਾ ਜਾ ਚੁੱਕਾ ਹੈ। ਜਦੋਂ ਮੇਘਾ ਦੀ ਮੌਤ ਹੋਈ ਤਾਂ ਸਾਰੇ ਪਿੰਡਵਾਸੀ ਉਸ ਦੀ ਅਰਥੀ ਦੇ ਨਾਲ ਗਏ ਅਤੇ ਬਾਬਾ ਵੀ ਉਨ੍ਹਾਂ ਦੇ ਨਾਲ ਸ਼ਾਮਿਲ ਹੋਏ ਅਤੇ ਉਨ੍ਹਾਂ ਨੇ ਉਸ ਦੇ ਸਰੀਰ 'ਤੇ ਫੁੱਲ ਵਰਸਾਏ, ਦਾਹ-ਸੰਸਕਾਰ ਹੋਣ ਦੇ ਬਾਅਦ ਬਾਬਾ ਦੀਆਂ ਅੱਖਾਂ ਵਿਚੋਂ ਅੱਥਰੂ ਵੱਗਣ ਲੱਗੇ। ਇਕ ਆਮ ਆਦਮੀ ਵਾਂਗ ਉਨ੍ਹਾਂ ਦਾ ਦਿਲ ਦੁੱਖ ਨਾਲ ਟੁੱਟ ਗਿਆ। ਉਸ ਦੇ ਸਰੀਰ ਨੂੰ ਫੁਲਾਂ ਨਾਲ ਕੱਜ ਕੇ ਇਕ ਨੇੜੇ ਦੇ ਰਿਸ਼ਤੇਦਾਰ ਵਾਂਗ ਰੋਂਦੇ-ਪਿਟਦੇ ਉਹ ਮਸਜਿਦ ਵਾਪਸ ਆਏ। ਸਦਗਤੀ ਪ੍ਰਦਾਨ ਕਰਦੇ ਅਨੇਕ ਸੰਤ ਦੇਖੇ ਹਨ, ਪਰ ਬਾਬਾ ਦੀ ਮਹਾਨਤਾ ਨਿਰਾਲੀ ਹੀ ਹੈ। ਇਥੋਂ ਤਕ ਕਿ ਸ਼ੇਰ ਵਰਗਾ ਇਕ ਹਿੰਸਕ ਪਸ਼ੂ ਵੀ ਆਪਣੀ ਰੱਖਿਆ ਦੇ ਲਈ ਬਾਬਾ ਦੀ ਸ਼ਰਨ ਵਿਚ ਆਇਆ, ਜਿਸ ਦਾ ਵਿਸਥਾਰ ਹੇਠਾਂ ਲਿਖਿਆ ਹੈ—

## 5. ਸ਼ੇਰ ਦੀ ਮੁਕਤੀ

ਬਾਬਾ ਦੇ ਮਹਾਂਸਮਾਧੀ ਲੈਣ ਦੇ ਸੱਤ ਦਿਨ ਪਹਿਲਾ ਸ਼ਿਰਡੀ ਵਿਚ ਇਕ ਅਦਭੁੱਤ ਘਟਨਾ ਹੋਈ। ਮਸਜਿਦ ਦੇ ਸਾਹਮਣੇ ਇਕ ਬੈਲਗੱਡੀ ਆ ਕੇ ਰੁਕੀ, ਜਿਸ 'ਤੇ ਇਕ ਸ਼ੇਰ ਜ਼ੰਜੀਰਾਂ ਨਾਲ ਬੰਨ੍ਹਿਆ ਸੀ, ਉਸ ਦਾ ਭਿਆਨਕ ਮੂੰਹ ਗੱਡੀ ਦੇ ਪਿੱਛੇ ਵੱਲ ਸੀ। ਉਹ ਕਿਸੇ ਅਣਜਾਣੀ ਪੀੜ ਜਾਂ ਦਰਦ ਨਾਲ ਦੁੱਖੀ ਸੀ, ਉਸ ਦੇ ਪਾਲਣ ਕਰਤਾ ਤਿੰਨ ਦਰਵੇਸ਼ ਸੀ। ਜਿਹੜੇ ਇਕ ਪਿੰਡ ਤੋਂ ਦੂਜੇ ਪਿੰਡ ਵਿਚ ਜਾ ਕੇ ਉਸ ਦੀ ਰੋਜ਼ ਨੁਮਾਇਸ਼ ਕਰਦੇ ਅਤੇ ਇਸ ਤਰ੍ਹਾਂ ਕਾਫ਼ੀ ਧਨ ਇਕੱਠਾ ਕਰਦੇ ਸੀ ਅਤੇ ਇਹੀ ਉਨ੍ਹਾਂ ਦੇ ਗੁਜ਼ਾਰਾ ਕਰਨ ਦਾ ਇਕ ਹੀ ਸਾਧਨ ਸੀ। ਉਨ੍ਹਾਂ ਨੇ ਉਸ ਦੇ ਇਲਾਜ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਸਭ ਕੁਝ ਬੇਕਾਰ ਗਿਆ। ਕਿਤੋਂ ਬਾਬਾ ਦੀ ਕੀਰਤੀ ਉਨ੍ਹਾਂ ਦੇ ਕੰਨਾਂ 'ਚ ਪਈ ਅਤੇ ਉਹ ਸ਼ੇਰ ਨੂੰ ਲੈ ਕੇ ਸਾਈਂ ਦਰਬਾਰ ਵਿਚ ਆਏ। ਹੱਥਾਂ ਵਿਚ ਜ਼ੰਜੀਰਾਂ ਫੜ ਕੇ ਉਨ੍ਹਾਂ ਨੇ ਸ਼ੇਰ ਨੂੰ ਮਸਜਿਦ ਦੇ ਦਰਵਾਜੇ 'ਤੇ ਖੜਾ ਕਰ ਦਿੱਤਾ। ਉਹ ਸੁਭਾਵਿਕ ਹੀ ਭਿਆਨਕ ਸੀ,

ਪਰ ਰੋਗੀ ਹੋਣ ਕਰਕੇ ਉਹ ਬੇਚੈਨ ਸੀ। ਲੋਕ ਡਰ ਅਤੇ ਹੈਰਾਨੀ ਨਾਲ ਉਹਦੇ ਵੱਲ ਦੇਖਣ ਲਗੇ। ਦਰਵੇਸ਼ ਅੰਦਰ ਆਏ ਅਤੇ ਬਾਬਾ ਨੂੰ ਸਾਰਾ ਹਾਲ ਦੱਸ ਕੇ ਉਨ੍ਹਾਂ ਦੀ ਆਗਿਆ ਲੈ ਕੇ ਉਹ ਸ਼ੇਰ ਨੂੰ ਉਨ੍ਹਾਂ ਦੇ ਸਾਹਮਣੇ ਲਿਆਏ। ਜਿਵੇਂ ਹੀ ਉਹ ਪੌੜੀਆਂ ਦੇ ਕੋਲ ਪਹੁੰਚਿਆ, ਉਵੇਂ ਹੀ ਬਾਬਾ ਦੇ ਤੇਜ਼ ਪੁੰਜ ਸਰੂਪ ਦੇ ਦਰਸ਼ਨ ਕਰਕੇ ਇਕ ਵਾਰੀ ਪਿੱਛੇ ਹੱਟ ਗਿਆ ਅਤੇ ਆਪਣੀ ਧੌਣ ਹੇਠਾਂ ਝੁੱਕਾ ਦਿੱਤੀ। ਜਦੋਂ ਦੋਵਾਂ ਦੀ ਨਜ਼ਰ ਆਪਸ ਵਿਚ ਇਕ ਹੋਈ ਤਾਂ ਸ਼ੇਰ ਪੌੜੀ ਉਪਰ ਚੜ੍ਹ ਗਿਆ ਅਤੇ ਪਿਆਰ ਭਰੀ ਨਜ਼ਰ ਨਾਲ ਬਾਬਾ ਵਲ ਦੇਖਣ ਲਗਾ। ਉਸ ਨੇ ਆਪਣੀ ਪੂੱਛ ਹਿਲਾ ਕੇ ਤਿੰਨ ਵਾਰੀ ਜ਼ਮੀਨ 'ਤੇ ਮਾਰੀ ਅਤੇ ਫੇਰ ਉਸੇ ਵੇਲੇ ਆਪਣੇ ਪ੍ਰਾਣ ਤਿਆਗ ਦਿੱਤੇ। ਉਸ ਨੂੰ ਮਰਿਆ ਦੇਖ ਕੇ ਦਰਵੇਸ਼ੀ ਬਹੁਤ ਨਾਉਮੀਦੇ ਅਤੇ ਦੁਖੀ ਹੋਏ। ਉਸ ਦੇ ਬਾਅਦ ਜਦੋਂ ਉਨ੍ਹਾਂ ਨੂੰ ਗਿਆਨ ਹੋਇਆ ਤਾਂ ਉਨ੍ਹਾਂ ਨੇ ਸੋਚਿਆ ਕਿ ਪ੍ਰਾਣੀ ਰੋਗੀ ਹੀ ਸੀ ਅਤੇ ਉਸ ਦੀ ਮੌਤ ਵੀ ਨੇੜੇ ਹੀ ਸੀ। ਚਲੋਂ, ਇਸ ਦੇ ਲਈ ਚੰਗਾ ਹੀ ਹੋਇਆ ਕਿ ਬਾਬਾ ਵਰਗੇ ਮਹਾਨ ਸੰਤ ਦੇ ਚਰਣਾਂ ਵਿਚ ਉਸ ਨੂੰ ਸਦਗਤੀ ਪ੍ਰਾਪਤ ਹੋ ਗਈ। ਉਹ ਦਰਵੇਸ਼ੀਆਂ ਦਾ ਕਰਜ਼ਾਈ ਸੀ ਅਤੇ ਜਦੋਂ ਉਹ ਕਰਜ਼ਾ ਮੁੱਕ ਗਿਆ ਤਾਂ ਉਹ ਆਜ਼ਾਦ ਹੋ ਗਿਆ ਅਤੇ ਜੀਵਨ ਦੇ ਆਖੀਰ ਵਿਚ ਉਸ ਨੂੰ ਸਾਈਂ ਚਰਣਾਂ ਵਿਚ ਸਦਗਤੀ ਪ੍ਰਾਪਤ ਹੋਈ।

। ਪਿਛਲੇ ਜਨਮਾਂ ਦੇ ਸ਼ੁਭ ਸੰਸਕਾਰਾਂ ਤੋਂ ਬਿਨਾਂ ਇਸ ਤਰ੍ਹਾਂ ਦਾ ਸੁਖੀ ਅੰਤ ਹੋਣਾ ਕਿਸ ਤਰ੍ਹਾਂ ਸੰਭਵ ਹੈ।



# ॥ ਅਧਿਆਇ-32 ॥

## *ਗੁਰੂ ਅਤੇ ਈਸ਼ਵਰ ਦੀ ਖੋਜ, ਵਰਤ ਨਾਮਨਜ਼ੂਰ, ਬਾਬਾ ਦੇ ਸਰਕਾਰ।*

ਇਸ ਅਧਿਆਇ ਵਿਚ ਹੇਮਾਂਡਪੰਤ ਨੇ ਦੋ ਵਿਸ਼ਿਆਂ ਦਾ ਵਰਨਣ ਕੀਤਾ ਹੈ। 1. ਕਿਸ ਤਰ੍ਹਾਂ ਬਾਬਾ ਦੀ ਆਪਣੇ ਗੁਰੂ ਨਾਲ ਮੁਲਾਕਾਤ ਹੋਈ ਅਤੇ ਉਨ੍ਹਾਂ ਕੋਲੋਂ ਈਸ਼ਵਰ ਦਰਸ਼ਨ ਦੀ ਪ੍ਰਾਪਤੀ ਕਿਵੇਂ ਹੋਈ। 2. ਸ੍ਰੀਮਤੀ ਗੋਖਲੇ, ਜਿਹੜੀ ਤਿੰਨ ਦਿਨ ਤੋਂ ਵਰਤ ਰੱਖ ਰਹੀ ਸੀ, ਨੂੰ ਪੂਰਨਪੋਲੀ ਦਾ ਭੋਜਨ ਕਿਵੇਂ ਕਰਾਇਆ।

ਸ੍ਰੀ ਹੇਮਾਂਡਪੰਤ ਬੋਹੜ ਦੇ ਦਰੱਖ਼ਤ ਦਾ ਉਦਾਹਰਣ ਦੇ ਕੇ ਇਸ ਪ੍ਰਤੱਖ ਸੰਸਾਰ ਦੇ ਸਰੂਪ ਦਾ ਵਰਨਣ ਕਰਦੇ ਹਨ। ਗੀਤਾ ਦੇ ਅਨੁਸਾਰ ਬੋਹੜ ਦੀਆਂ ਜੜ੍ਹਾਂ ਉਪਰ ਅਤੇ ਟਾਹਣੀਆਂ ਹੇਠਾਂ ਨੂੰ ਚਾਰੋਂ ਪਾਸੇ ਫੈਲੀਆਂ ਹੋਈਆਂ ਹਨ । ਉਧਰਵ ਮੂਲਮਧ : ਸ਼ਾਖਮ (ਗੀਤਾ 15ਵਾਂ ਅਧਿਆਇ, ਸਲੋਕ 1) ਇਸ ਦਰੱਖ਼ਤ ਦੇ ਗੁਣ, ਪੋਸ਼ਕ ਅਤੇ ਅੰਕੁਰ, ਇੰਦਰੀਆਂ ਦੇ ਭੋਗਣ ਵਾਲੇ ਪਦਾਰਥ ਹਨ। ਜੜ੍ਹਾਂ ਜਿਨ੍ਹਾਂ ਦਾ ਕਾਰਨੀਭੂਤ ਕੰਮ ਹੈ, ਇਹ ਦੁਨੀਆਂ ਦੇ ਮਨੁੱਖਾਂ ਦੇ ਵਲ ਫੈਲੀਆਂ ਹੋਈਆਂ ਹਨ। ਇਸ ਦਰੱਖ਼ਤ ਦੀ ਰਚਨਾ ਬੜੀ ਹੀ ਅਦਭੁੱਤ ਹੈ। ਨਾ ਤਾਂ ਇਸ ਦੇ ਸਰੂਪ, ਸ਼ੁਰੂ ਅਤੇ ਅੰਤ ਦਾ ਹੀ ਪਤਾ ਲੱਗਦਾ ਹੈ ਅਤੇ ਨਾ ਹੀ ਇਸ ਦੇ ਆਧਾਰ ਦਾ। ਇਸ ਸਖਤ ਜੜ੍ਹ ਵਾਲੇ ਸੰਸਾਰ ਰੂਪੀ ਦਰੱਖ਼ਤ ਨੂੰ, ਨਾਸ਼ ਕਰਨ ਲਈ ਕਿਸੇ ਬਾਹਰੀ ਰਾਹ ਤੋਂ ਲੰਘਣਾ ਬਹੁਤ ਜ਼ਰੂਰੀ ਹੈ, ਤਾਂ ਕਿ ਇਸ ਸੰਸਾਰ ਵਿਚ ਆਉਣ-ਜਾਣ ਤੋਂ ਮੁਕਤੀ ਮਿਲੇ। ਇਸ ਰਾਹ 'ਤੇ ਅੱਗੇ ਵੱਧਣ ਲਈ ਕਿਸੇ ਯੋਗ ਗੁਰੂ ਦੀ ਬਹੁਤ ਲੋੜ ਹੈ।

ਅਤੇ ਇਸ ਤਰੀਕੇ ਨਾਲ ਹੀ ਸੰਸਾਰ-ਯਾਤਰਾ ਸੁਖਾਲੀ ਅਤੇ ਖੈਰੀਅਤ ਨਾਲ ਪੂਰੀ ਹੋ ਸਕਦੀ ਹੈ। ਇਸ ਮਾਮਲੇ ਵਿਚ ਬਾਬਾ ਦਾ ਅਨੁਭਵ, ਜਿਹੜਾ ਉਨ੍ਹਾਂ ਨੇ ਆਪ ਦੱਸਿਆ, ਅਸਲ ਵਿਚ ਹੈਰਾਨ ਕਰਨ ਵਾਲਾ ਹੈ। ਜੇ ਅਸੀਂ ਉਸ 'ਤੇ ਧਿਆਨ ਨਾਲ ਚਲੀਏ ਤਾਂ ਸਾਨੂੰ ਯਕੀਨਨ ਹੀ ਸ਼ਰਧਾ, ਭਗਤੀ ਅਤੇ ਮੁਕਤੀ ਮਿਲੇਗੀ।

ਇਕ ਵਕਤ ਅਸੀਂ ਚਾਰ ਸਾਥੀ ਮਿਲਕੇ ਧਾਰਮਿਕ ਅਤੇ ਹੋਰ ਕਿਤਾਬਾਂ ਦਾ ਅਧਿਅਨ ਕਰ ਰਹੇ ਸੀ। ਇਸ ਤਰ੍ਹਾਂ ਜਾਣਕਾਰ ਹੋ ਕੇ ਅਸੀਂ ਲੋਕ ਬ੍ਰਹਮਾ ਦੇ ਮੂਲ ਸਰੂਪ ਉੱਤੇ ਵਿਚਾਰ ਕਰਨ ਲਗ ਪਏ। ਇਕ ਨੇ ਕਿਹਾ ਕਿ, ਸਾਨੂੰ ਆਪਣੀ ਹੀ ਸੁਚੇਤਤਾ ਕਰਨੀ ਚਾਹੀਦੀ ਹੈ, ਦੂਜਿਆਂ ਉਪਰ ਨਿਰਭਰ ਰਹਿਣਾ ਸਾਡੇ ਲਈ ਠੀਕ ਨਹੀਂ ਹੈ, ਇਸ 'ਤੇ ਦੂਜੇ ਨੇ ਕਿਹਾ ਕਿ, ਜਿਸ ਨੇ ਮਨ ਨੂੰ ਕਾਬੂ ਕਰ ਲਿਆ ਹੈ, ਉਹ ਧੰਨ ਹੈ, ਸਾਨੂੰ ਆਪਣੇ ਤੰਗ ਵਿਚਾਰਾਂ ਅਤੇ ਭਾਵਨਾਵਾਂ ਤੋਂ ਅਜ਼ਾਦ ਹੋਣਾ ਚਾਹੀਦਾ, ਕਿਉਂਕਿ ਇਸ ਸੰਸਾਰ ਵਿਚ ਸਾਡੇ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। ਤੀਜੇ ਨੇ ਕਿਹਾ ਕਿ, ਇਹ ਸੰਸਾਰ ਸਦਾ ਬਦਲਣ ਵਾਲਾ ਹੈ।

ਸਿਰਫ਼ ਨਿਰਾਕਾਰ ਹੀ ਸਦੀਵੀ ਹੈ। ਇਸ ਲਈ ਸੱਚ ਅਤੇ ਝੂਠ ਦਾ ਗਿਆਨ ਕਰਨਾ ਚਾਹੀਦਾ ਹੈ। ਉਦੋਂ ਚੌਥੇ (ਆਪ ਬਾਬਾ) ਨੇ ਕਿਹਾ ਕਿ

। ਪੱਕਾ ਵਿਸ਼ਵਾਸ ਅਤੇ ਪੂਰੀ ਸ਼ਰਧਾ ਵਿਸ਼ਵਾਸ ਨਾਲ ਆਪਣਾ ਤਨ, ਮਨ, ਧਨ ਅਤੇ ਪੰਜਭੂਤ ਸਰੀਰ ਆਦਿ ਸਰਵ ਵਿਆਪਕ ਗੁਰੂ ਦੇਵ ਨੂੰ ਅਰਪਣ ਕਰ ਦੇਣੇ ਚਾਹੀਦੇ ਹਨ। ਗੁਰੂ ਭਗਵਾਨ ਹੈ, ਸਭ ਦਾ ਪਾਲਣ ਹਾਰ ਹੈ।

ਇਸ ਤਰ੍ਹਾਂ ਗੱਲਬਾਤ ਕਰਨ ਤੋਂ ਬਾਅਦ ਅਸੀਂ ਚਾਰੇ ਸਾਥੀ ਜੰਗਲ ਵਿਚ, ਈਸ਼ਵਰ ਦੀ ਖੋਜ ਕਰਨ ਚੱਲ ਪਏ। ਅਸੀਂ ਚਾਰ ਵਿਦਵਾਨ ਬਿਨਾਂ ਕਿਸੇ ਦੀ ਮਦਦ ਲਏ ਕੇਵਲ ਆਪਣੀ ਅਜ਼ਾਦ ਬੁੱਧੀ ਨਾਲ ਹੀ ਈਸ਼ਵਰ ਦੀ ਖੋਜ ਕਰਨਾ ਚਾਹੁੰਦੇ ਸੀ। ਰਾਹ ਵਿਚ ਸਾਨੂੰ ਇਕ ਵਣਜਾਰਾ ਮਿਲਿਆ, ਜਿਸ ਨੇ ਸਾਨੂੰ ਪੁੱਛਿਆ ਕਿ, "ਹੇ ਸੱਜਣੋਂ ! ਇੰਨੀ ਧੁੱਪ ਵਿਚ ਤੁਸੀਂ ਲੋਕ ਕਿਧਰ ਜਾ ਰਹੇ ਹੋ ?" ਜਵਾਬ ਵਿਚ ਅਸੀਂ ਕਿਹਾ ਕਿ, "ਜੰਗਲ ਵਲ !" ਉਸ ਨੇ ਫੇਰ ਪੁਛਿਆ, "ਕ੍ਰਿਪਾ ਕਰਕੇ ਇਹ ਤਾਂ ਦੱਸੋ ਕਿ ਜੰਗਲ ਵਲ ਜਾਣ ਦਾ ਉਦੇਸ਼ ਕੀ ਹੈ ?" ਅਸੀਂ ਉਸ ਨੂੰ ਟਾਲ-ਮਟੋਲ ਵਾਲਾ ਜਵਾਬ ਦੇ ਦਿੱਤਾ। ਸਾਨੂੰ ਲੋਕਾਂ ਨੂੰ ਬਿਨਾਂ ਮਕਸਦ ਸੰਘਣੇ ਭਿਆਨਕ ਜੰਗਲਾਂ ਵਿਚ ਭਟਕਦੇ ਦੇਖ ਕੇ ਉਸ ਨੂੰ ਦਯਾ ਆ ਗਈ। ਤਾਂ ਉਸ ਨੇ ਬਹੁਤ ਨਿਮਰ ਹੋ ਕੇ ਸਾਨੂੰ ਬੇਨਤੀ ਕੀਤੀ ਕਿ, "ਤੁਸੀਂ ਆਪਣੀ ਗੁਪਤ ਖੋਜ ਬਾਰੇ ਭਾਵੇਂ ਮੈਨੂੰ ਨਾ ਦੱਸੋ, ਪਰ ਮੈਂ ਪ੍ਰਤੱਖ ਦੇਖ ਰਿਹਾ ਹਾਂ ਕਿ ਦੁਪਹਿਰ ਦੀ ਸਖ਼ਤ ਅਤੇ ਤੇਜ਼ ਗਰਮੀ ਦੀਆਂ ਕਿਰਨਾਂ ਦੀ ਗਰਮੀ ਨਾਲ ਤੁਹਾਨੂੰ ਬਹੁਤ ਤਕਲੀਫ ਹੋ ਰਹੀ ਹੈ। ਕ੍ਰਿਪਾ ਕਰਕੇ ਇਥੇ ਕੁਝ ਪਲ ਆਰਾਮ ਕਰੋ ਅਤੇ ਚਾਹ ਪਾਣੀ ਪੀ ਲਵੋ। ਤੁਹਾਡੇ ਲੋਕਾਂ ਵਿਚ ਸੱਬਰ ਅਤੇ ਨਿਮਰਤਾ ਹੋਣੀ ਚਾਹੀਦੀ ਹੈ। ਬਿਨਾਂ ਮਾਰਗ-ਦਰਸ਼ਕ ਦੇ ਇਸ ਅਨਜਾਣ ਭਿਆਨਕ ਜੰਗਲ ਵਿਚ ਭਟਕਦੇ ਫਿਰਨ ਨਾਲ ਕੋਈ ਲਾਭ ਨਹੀਂ ਹੈ। ਜੇ ਤੁਹਾਡੀ ਤੀਬਰ ਇੱਛਾ ਇਸ ਤਰ੍ਹਾਂ ਹੀ ਹੈ ਤਾਂ ਕ੍ਰਿਪਾ ਕਰਕੇ ਕਿਸੇ ਯੋਗ ਮਾਰਗ ਦਰਸ਼ਕ ਨੂੰ ਨਾਲ ਲੈ ਲਵੋ।" ਉਸ ਦੀ ਨਿਮਰ ਬੇਨਤੀ 'ਤੇ ਧਿਆਨ ਦਿੱਤੇ ਬਿਨਾਂ ਅਸੀਂ ਲੋਕ ਅੱਗੇ ਵੱਧੇ। ਅਸੀਂ ਵਿਚਾਰ ਕੀਤਾ ਕਿ ਅਸੀਂ ਆਪ ਹੀ ਆਪਣੀ ਮੰਜ਼ਿਲ ਪ੍ਰਾਪਤ ਕਰਨ ਦੇ ਸਮਰਥ ਹਾਂ, ਤਾਂ ਫੇਰ ਸਾਨੂੰ ਕਿਸੇ ਦੇ ਸਹਾਰੇ ਦੀ ਕੋਈ ਲੋੜ ਨਹੀਂ ਹੈ। ਜੰਗਲ ਬਹੁਤ ਵੱਡਾ ਅਤੇ ਬਿਨਾਂ ਰਾਹ ਦੇ ਸੀ। ਦਰੱਖ਼ਤ ਇੰਨੇ ਉੱਚੇ ਅਤੇ ਸੰਘਣੇ ਸੀ ਕਿ ਸੂਰਜ ਦੀਆਂ ਕਿਰਨਾਂ ਦਾ ਵੀ ਉਥੇ ਪਹੁੰਚ ਸਕਣਾ ਮੁਸ਼ਕਿਲ ਸੀ। ਨਤੀਜਾ ਇਹ ਹੋਇਆ ਕਿ ਅਸੀਂ ਰਾਹ ਭੁੱਲ ਗਏ ਅਤੇ ਬਹੁਤ ਦੇਰ ਇਧਰ ਉਧਰ ਭਟਕਦੇ ਰਹੇ। ਕਿਸਮਤ ਨਾਲ ਅਸੀਂ ਉਸੇ ਥਾਂ 'ਤੇ ਫੇਰ ਜਾ ਪਹੁੰਚੇ ਜਿਥੋਂ ਪਹਿਲੇ ਤੁਰੇ ਸੀ, ਤਾਂ ਉਹੀ ਵਣਜਾਰਾ ਸਾਨੂੰ ਫੇਰ ਮਿਲਿਆ ਅਤੇ ਕਹਿਣ ਲਗਾ ਕਿ, "ਆਪਣੀ ਹੁਸ਼ਿਆਰੀ ਉਪਰ ਭਰੋਸਾ ਕਰਕੇ ਤੁਹਾਨੂੰ ਲੋਕਾਂ ਨੂੰ ਰਾਹ ਭੁੱਲ ਗਿਆ ਹੈ। ਹਰ ਇਕ ਕੰਮ ਵਿਚ ਭਾਵੇਂ ਉਹ ਵੱਡਾ ਹੋਵੇ ਜਾਂ ਛੋਟਾ, ਮਾਰਗ-ਦਰਸ਼ਕ ਜ਼ਰੂਰੀ ਹੈ। ਈਸ਼ਵਰ ਦੀ ਪ੍ਰੇਰਨਾ ਦੇ ਬਿਨਾਂ ਸੱਚੇ ਪੁਰਖਾਂ ਨਾਲ ਮੁਲਾਕਾਤ ਹੋਣਾ ਸੰਭਵ ਨਹੀਂ।

।” ਇਨਾ ਕਹਿ ਕੇ ਉਸ ਨੇ ਭੋਜਨ ਕਰਨ ਲਈ ਫੇਰ ਬੇਨਤੀ ਕੀਤੀ। ਫੇਰ ਵੀ ਅਸੀਂ ਲੋਕਾਂ ਨੇ ਉਸ ਦੀ ਬੇਨਤੀ ਠੁਕਰਾ ਕੇ ਭੋਜਨ ਕਰਨਾ ਨਾਮਨਜ਼ੂਰ ਕੀਤਾ। ਉਸ ਦੇ ਸਰਲ ਅਤੇ ਗੂੜ ਉਪਦੇਸ਼ਾਂ ਵੱਲ ਧਿਆਨ ਦਿੱਤੇ ਬਿਨਾਂ ਹੀ ਮੇਰੇ ਤਿਨੋਂ ਸਾਥੀ ਅੱਗੇ ਤੁਰ ਪਏ। ਹੁਣ ਪਾਠਕ ਹੀ ਅੰਦਾਜ਼ਾ ਲਾਉਣ ਕਿ ਉਹ ਲੋਕ ਕਿੰਨੇ ਹੰਕਾਰੀ ਸਨ। ਮੈਂ ਭੁੱਖ ਅਤੇ ਪਿਆਸ ਨਾਲ ਬਹੁਤ ਵਿਆਕੁਲ ਤਾਂ ਸੀ, ਵਣਜਾਰੇ ਦੇ ਅਨੋਖੇ ਪਿਆਰ ਨੇ ਵੀ ਮੈਨੂੰ ਖਿੱਚ ਲਿਆ। ਭਾਵੇਂ ਅਸੀਂ ਲੋਕ ਆਪਣੇ ਆਪ ਨੂੰ ਬਹੁਤ ਵਿਦਵਾਨ ਸਮਝਦੇ ਸੀ, ਪਰ ਦਯਾ ਅਤੇ ਕ੍ਰਿਪਾ ਕਿਸ ਨੂੰ ਕਹਿੰਦੇ ਹਨ, ਉਸ ਤੋਂ ਬਿਲਕੁਲ ਅਨਜਾਣ ਹੀ ਸੀ। ਵਣਜਾਰਾ ਸੀ ਤਾਂ ਇਕ ਸ਼ੂਦਰ, ਅੰਨਪੜ੍ਹ ਅਤੇ ਗਵਾਰ, ਪਰ ਉਸ ਦੇ ਦਿਲ ਵਿਚ ਮਹਾਨ ਦਯਾ ਸੀ, ਜਿਸ ਨੇ ਬਾਰ-ਬਾਰ ਭੋਜਨ ਦੇ ਲਈ ਬੇਨਤੀ ਕੀਤੀ।

। ਮੈਂ ਸੋਚਿਆ ਕਿ ਇਸ ਦੀ ਬੇਨਤੀ ਸਵੀਕਾਰ ਕਰ ਲੈਣਾ ਗਿਆਨ ਪ੍ਰਾਪਤੀ ਦੇ ਲਈ ਸ਼ੁਭ ਸ਼ਗਨ ਹੈ, ਅਤੇ ਮੈਂ ਇਸ ਕਰਕੇ ਉਸ ਦੇ ਦਿੱਤੇ ਰੁੱਖੇ-ਸੁੱਕੇ ਭੋਜਨ ਨੂੰ ਆਦਰ ਅਤੇ ਪਿਆਰ ਨਾਲ ਸਵੀਕਾਰ ਕਰ ਲਿਆ।

ਭੁੱਖ ਦੂਰ ਹੁੰਦੇ ਹੀ ਕੀ ਦੇਖਦਾ ਹਾਂ ਕਿ ਗੁਰੂ ਦੇਵ ਤੁਰੰਤ ਹੀ ਪ੍ਰਗਟ ਹੋ ਗਏ ਅਤੇ ਸੁਆਲ ਕਰਨ ਲੱਗੇ ਕਿ, “ਇਹ ਸਭ ਕੀ ਹੋ ਰਿਹਾ ਹੈ?” ਸਾਰੀ ਘਟਨਾ ਮੈਂ ਤੁਰੰਤ ਹੀ ਉਨ੍ਹਾਂ ਨੂੰ ਸੁਣਾ ਦਿੱਤੀ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ, “ਮੈਂ ਤੁਹਾਡੇ ਦਿਲ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰ ਦੇਵਾਂਗਾ, ਪਰ ਜਿਸ ਦਾ ਵਿਸ਼ਵਾਸ ਮੇਰੇ ਉਪਰ ਹੋਵੇਗਾ, ਸਫਲਤਾ ਸਿਰਫ਼ ਉਸ ਨੂੰ ਹੀ ਮਿਲੇਗੀ। ਮੇਰੇ ਤਿੰਨੋ ਸਾਥੀ ਤਾਂ ਪਹਿਲਾਂ ਹੀ ਉਥੋਂ ਚਲੇ ਗਏ ਸੀ। ਮੈਂ ਉਨ੍ਹਾਂ ਨੂੰ ਆਦਰ ਨਾਲ ਪ੍ਰਨਾਮ ਕੀਤਾ ਅਤੇ ਉਨ੍ਹਾਂ ਦੀ ਆਗਿਆ ਮੰਨਣਾ ਸਵੀਕਾਰ ਕਰ ਲਿਆ, ਉਸ ਤੋਂ ਬਾਅਦ ਉਹ ਮੈਨੂੰ ਇਕ ਖੂਹ ਦੇ ਕੋਲ ਲੈ ਗਏ ਅਤੇ ਰਸੀ ਨਾਲ ਮੇਰੇ ਪੈਰ ਬੰਨ੍ਹ ਕੇ ਮੈਨੂੰ ਖੂਹ ਵਿਚ ਪੁੱਠਾ ਲਟਕਾ ਦਿੱਤਾ। ਮੇਰਾ ਸਿਰ ਥੱਲੇ ਅਤੇ ਪੈਰ ਉਪਰ ਵੱਲ ਸੀ। ਮੇਰਾ ਸਿਰ ਪਾਣੀ ਤੋਂ ਲਗਭਗ ਤਿੰਨ ਫੁੱਟ ਦੀ ਉਚਾਈ 'ਤੇ ਸੀ, ਨਾ ਮੈਂ ਹੱਥਾਂ ਨਾਲ ਪਾਣੀ ਹੀ ਛੂਹ ਸਕਦਾ ਸੀ ਅਤੇ ਨਾ ਮੂੰਹ ਨਾਲ ਹੀ ਉਸ ਦੇ ਜਾ ਸਕਣ ਦੀ ਕੋਈ ਉਮੀਦ ਸੀ। ਮੈਨੂੰ ਇਸ ਤਰ੍ਹਾਂ ਪੁੱਠੇ ਲਟਕਾ ਕੇ ਉਹ ਪਤਾ ਨਹੀਂ ਕਿਥੇ ਚਲੇ ਗਏ। ਲਗਭਗ ਚਾਰ-ਪੰਜ ਘੰਟਿਆ ਬਾਅਦ ਉਹ ਵਾਪਸ ਆਏ ਅਤੇ ਉਨ੍ਹਾਂ ਨੇ ਮੈਨੂੰ ਛੇਤੀ ਹੀ ਖੂਹ ਵਿਚੋਂ ਬਾਹਰ ਕਢਿਆ। ਫੇਰ ਉਹ ਮੈਨੂੰ ਪੁੱਛਣ ਲਗੇ ਤੈਨੂੰ ਉਥੇ ਕਿਸ ਤਰ੍ਹਾਂ ਲੱਗ ਰਿਹਾ ਸੀ? ਮੈਂ ਕਿਹਾ ਕਿ, “ਮੈਂ ਪਰਮ ਆਨੰਦ ਮਹਿਸੂਸ ਕਰ ਰਿਹਾ ਸੀ। ਮੇਰੇ ਵਰਗਾ ਮੂਰਖ ਪ੍ਰਾਣੀ ਭਲਾ ਇਸ ਆਨੰਦ ਦਾ ਵਰਨਣ ਕਿਵੇਂ ਕਰ ਸਕਦਾ ਹੈ।” ਮੇਰਾ ਜਵਾਬ ਸੁਣ ਕੇ ਗੁਰੂ ਦੇਵ ਬਹੁਤ ਹੀ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਮੈਨੂੰ ਆਪਣੀ ਛਾਤੀ ਨਾਲ ਲਗਾ ਕੇ ਮੇਰੀ ਸਿਫਤ ਕੀਤੀ ਅਤੇ ਮੈਨੂੰ ਨਾਲ ਰਖ ਲਿਆ। ਇਕ ਚਿੱੜੀ ਆਪਣੇ ਬੱਚਿਆਂ ਦਾ ਜਿੰਨੀ ਸਾਵਧਾਨੀ ਨਾਲ ਪਾਲਣ-ਪੋਸ਼ਣ ਕਰਦੀ ਹੈ, ਉਸੇ ਤਰ੍ਹਾਂ ਉਨ੍ਹਾਂ ਨੇ ਮੇਰਾ ਵੀ ਪਾਲਣ ਕੀਤਾ ਉਨ੍ਹਾਂ ਨੇ ਮੈਨੂੰ ਆਪਣੇ ਆਸ਼ਰਮ ਵਿਚ ਥਾਂ ਦਿੱਤੀ। ਆਸ਼ਰਮ ਬਹੁਤ ਸੁੰਦਰ ਸੀ। ਉਥੇ ਮੈਨੂੰ ਆਪਣੇ ਮਾਤਾ-ਪਿਤਾ ਦੀ ਵੀ ਯਾਦ ਭੁੱਲ ਗਈ। ਮੇਰੇ ਸਾਰੇ ਹੋਰ ਖਿਚਾਉ ਦੂਰ ਹੋ ਗਏ ਅਤੇ ਮੈਨੂੰ ਆਸਾਨੀ ਨਾਲ ਬੰਧਨਾ ਤੋਂ ਛੁਟਕਾਰਾ

ਮਿਲ ਗਿਆ। ਮੈਨੂੰ ਹਮੇਸ਼ਾਂ ਏਦਾਂ ਹੀ ਲੱਗਦਾ ਸੀ ਕਿ ਉਨ੍ਹਾਂ ਦੇ ਦਿਲ ਨਾਲ ਹੀ ਚਿੰਬੜੇ ਰਹਿ ਕੇ ਉਨ੍ਹਾਂ ਵੱਲ ਹੀ ਦੇਖਦਾ ਰਹਾਂ। ਜੇ ਉਨ੍ਹਾਂ ਦੀ ਸੁੰਦਰ ਮੂਰਤ ਮੇਰੀਆਂ ਅੱਖਾਂ ਵਿਚ ਨਾ ਸਮਾਉਂਦੀ ਤਾਂ ਮੈਂ ਆਪਣੇ ਆਪ ਨੂੰ ਅੰਨ੍ਹਾ ਹੋਣਾ ਹੀ ਜ਼ਿਆਦਾ ਚੰਗਾ ਸਮਝਦਾ। ਇਨਾ ਪਿਆਰਾ ਸੀ ਉਹ ਆਸ਼ਰਮ ਕਿ ਉਥੇ ਪਹੁੰਚ ਕੇ ਕੋਈ ਵੀ ਕਦੀ ਖਾਲੀ ਹੱਥ ਨਹੀਂ ਮੁੜਿਆ। ਮੇਰੀ ਸਾਰੀ ਦੁਨੀਆਂ, ਘਰ, ਜਾਇਦਾਦ, ਮਾਤਾ-ਪਿਤਾ ਜਾਂ ਕੀ ਕਹਾਂ, ਉਹ ਮੇਰੇ ਸਭ ਕੁਝ ਸੀ। ਮੇਰੀਆਂ ਇੰਦਰੀਆਂ ਆਪਣੇ ਕਰਮਾਂ ਨੂੰ ਛੱਡਕੇ ਮੇਰੀਆਂ ਅੱਖਾਂ ਵਿਚ ਇਕੱਠੀਆਂ ਹੋ ਗਈਆਂ ਅਤੇ ਮੇਰੀਆਂ ਅੱਖਾਂ ਗੁਰੂ ਦੇਵ ’ਤੇ। ਮੇਰੇ ਲਈ ਤਾਂ ਗੁਰੂ ਇਸ ਤਰ੍ਹਾਂ ਹੋ ਗਏ ਸੀ ਕਿ ਦਿਨ-ਰਾਤ ਮੈਂ ਉਨ੍ਹਾਂ ਦੇ ਹੀ ਧਿਆਨ ਵਿਚ ਮਸਤ ਰਹਿੰਦਾ ਸੀ। ਮੈਨੂੰ ਕਿਸੇ ਵੀ ਚੀਜ਼ ਦੀ ਸੁੱਧ ਨਹੀਂ ਸੀ। ਇਸ ਤਰ੍ਹਾਂ ਧਿਆਨ ਅਤੇ ਸਿਮਰਨ ਕਰਦੇ ਹੋਏ ਮੇਰਾ ਮਨ ਅਤੇ ਬੁੱਧੀ ਟਿਕ ਗਈ। ਮੈਂ ਜੜ੍ਹ ਹੋ ਗਿਆ ਅਤੇ ਉਨ੍ਹਾਂ ਨੂੰ ਮਾਨਸਿਕ ਪ੍ਰਨਾਮ ਕਰਨ ਲੱਗਾ। ਹੋਰ ਵੀ ਕਈ ਅਧਿਆਤਮਿਕ ਕੇਂਦਰ ਹਨ, ਜਿਥੇ ਇਕ ਅਲੱਗ ਹੀ ਨਜ਼ਾਰਾ ਦੇਖਣ ਵਿਚ ਆਉਂਦਾ ਹੈ। ਤਪੱਸਵੀ ਉਥੇ ਗਿਆਨ ਪ੍ਰਾਪਤ ਕਰਨ ਲਈ ਜਾਂਦਾ ਹੈ ਅਤੇ ਪੈਸੇ ਅਤੇ ਵਕਤ ਦਾ ਫਜ਼ੂਲ ਖਰਚਾ ਕਰਦਾ ਹੈ। ਸਖ਼ਤ ਮਿਹਨਤ ਵੀ ਕਰਦਾ ਹੈ, ਪਰ ਅੰਤ ਵਿਚ ਉਸ ਨੂੰ ਪਛਤਾਵਾ ਹੀ ਮਿਲਦਾ ਹੈ। ਉਥੇ ਗੁਰੂ ਆਪਣੇ ਗੁਪਤ ਗਿਆਨ ਭੰਡਾਰ ਦਾ ਘੁਮੰਡ ਪ੍ਰਗਟ ਕਰਦੇ ਹਨ ਅਤੇ ਆਪਣੇ ਆਪ ਨੂੰ ਨਿਸ਼ਕਲੰਕ ਦੱਸਦੇ ਹਨ। ਉਹ ਆਪਣੀ ਪਵਿੱਤਰਤਾ ਅਤੇ ਸ਼ੁਧਤਾ ਦਾ ਡਰਾਮਾ ਤਾਂ ਕਰਦੇ ਹਨ, ਪਰ ਉਨ੍ਹਾਂ ਦੇ ਦਿਲ ਵਿਚ ਜ਼ਰਾ ਵੀ ਦਯਾ ਨਹੀਂ ਹੁੰਦੀ। ਉਹ ਉਪਦੇਸ਼ ਜ਼ਿਆਦਾ ਦਿੰਦੇ ਹਨ ਅਤੇ ਆਪਣੀ ਕੀਰਤੀ ਦਾ ਆਪ ਹੀ ਗੁਣਗਾਣ ਕਰਦੇ ਹਨ, ਪਰ ਉਨ੍ਹਾਂ ਦੇ ਸ਼ਬਦ ਦਿਲ ਛੂਹਣ ਵਾਲੇ ਨਹੀਂ ਹੁੰਦੇ, ਇਸ ਲਈ ਤਪੱਸਵੀਆਂ ਨੂੰ ਸੰਤੋਖ ਪ੍ਰਾਪਤ ਨਹੀਂ ਹੁੰਦਾ। ਜਿਥੋਂ ਤੱਕ ਆਤਮ-ਦਰਸ਼ਨ ਦਾ ਸੁਆਲ ਹੈ, ਉਹ ਉਸ ਤੋਂ ਕੋਹਾਂ ਦੂਰ ਹੁੰਦੇ ਹਨ। ਇਸ ਤਰ੍ਹਾਂ ਦੇ ਕੇਂਦਰ ਤਪੱਸਵੀਆਂ ਲਈ ਉਪਯੋਗੀ ਕਿਵੇਂ ਸਿੱਧ ਹੋ ਸਕਦੇ ਹਨ ਅਤੇ ਉਨ੍ਹਾਂ ਕੋਲੋਂ ਕਿਸੇ ਉੱਨਤੀ ਦੀ ਉਮੀਦ ਕੋਈ ਕਿਥੋਂ ਤਕ ਕਰ ਸਕਦਾ ਹੈ ? ਜਿਸ ਗੁਰੂ ਦੇ ਸ੍ਰੀਚਰਣਾਂ ਦਾ ਮੈਂ ਹੁਣੇ ਵਰਨਣ ਕੀਤਾ ਹੈ, ਉਹ ਅਲੱਗ ਤਰ੍ਹਾਂ ਦੇ ਹੀ ਸੀ। ਕੇਵਲ ਉਨ੍ਹਾਂ ਦੀ ਕ੍ਰਿਪਾਦ੍ਰਿਸ਼ਟੀ ਨਾਲ ਮੈਨੂੰ ਆਪਣੇ ਆਪ ਹੀ ਅੰਤਰ ਬੋਧ ਪ੍ਰਾਪਤ ਹੋ ਗਿਆ ਅਤੇ ਮੈਨੂੰ ਨਾ ਕੋਈ ਕੋਸ਼ਿਸ਼ ਅਤੇ ਨਾ ਹੀ ਕੋਈ ਖ਼ਾਸ ਅਧਿਅਨ ਕਰਨਾ ਪਿਆ। ਮੈਨੂੰ ਕਿਸੇ ਵੀ ਚੀਜ਼ ਨੂੰ ਖੋਜਨ ਦੀ ਲੋੜ ਨਹੀਂ ਪਈ, ਬਲਕਿ ਹਰ ਇਕ ਚੀਜ਼ ਮੈਨੂੰ ਦਿਨ ਦੀ ਰੌਸ਼ਨੀ ਵਾਂਗ ਉਜਵਲ ਦਿੱਸਣ ਲਗ ਪਈ। ਕੇਵਲ ਮੇਰੇ ਉਹ ਗੁਰੂ ਹੀ ਜਾਣਦੇ ਹਨ ਕਿ ਕਿਸ ਤਰ੍ਹਾਂ ਉਨ੍ਹਾਂ ਵੱਲੋਂ ਖੂਹ ਵਿਚ ਮੈਨੂੰ ਪੁੱਠੇ ਲਟਕਾਉਣਾ ਮੇਰੇ ਲਈ ਪਰਮਾਨੰਦ ਦਾ ਕਾਰਨ ਸਿੱਧ ਹੋਇਆ।

ਉਨ੍ਹਾਂ ਚਾਰ ਸਾਥੀਆਂ ਵਿਚੋਂ ਇਕ ਮਹਾਨ ਕਰਮਕਾਂਡੀ ਸੀ। ਕਿਸ ਤਰ੍ਹਾਂ ਕਰਮ ਕਰਨਾ ਅਤੇ ਉਸ ਨਾਲ ਨਿਰਲੇਪ ਰਹਿਣਾ, ਇਹ ਉਸ ਨੂੰ ਚੰਗੀ ਤਰ੍ਹਾਂ ਪਤਾ ਸੀ। ਦੂਜਾ ਗਿਆਨੀ ਸੀ, ਜਿਹੜਾ ਹਮੇਸ਼ਾਂ ਗਿਆਨ ਦੇ ਹੰਕਾਰ ਵਿਚ ਚੂਰ ਰਹਿੰਦਾ ਸੀ। ਤੀਜਾ ਈਸ਼ਵਰ ਭਗਤ ਸੀ ਜਿਹੜਾ ਕਿ ਇਕਾਗਰ ਭਾਵ ਨਾਲ ਭਗਵਾਨ ਦੇ ਸ਼ਰਨਾਗਤ ਹੋ ਚੁੱਕਾ ਸੀ ਅਤੇ ਉਸ ਨੂੰ ਪਤਾ ਸੀ ਕਿ ਈਸ਼ਵਰ ਹੀ ਕਰਤਾ ਹੈ। ਜਦੋਂ ਉਹ ਇਸ ਤਰ੍ਹਾਂ ਵਿਚਾਰ ਵਟਾਂਦਰਾ ਕਰ ਰਹੇ ਸੀ, ਤਾਂ ਈਸ਼ਵਰ ਬਾਰੇ ਸੁਆਲ ਪੈਦਾ ਹੋਇਆ ਅਤੇ ਉਹ ਬਿਨਾਂ ਕਿਸੇ ਮਦਦ

ਲਏ, ਆਪਣੇ ਆਜ਼ਾਦ ਗਿਆਨ ਦੇ ਆਸਰੇ ਈਸ਼ਵਰ ਦੀ ਖੋਜ ਵਿਚ ਨਿਕਲ ਪਏ। ਸ੍ਰੀ ਸਾਈਂ, ਜਿਹੜੇ ਵਿਵੇਕ ਅਤੇ ਵੈਰਾਗ ਦੀ ਪ੍ਰਤੱਖ ਮੂਰਤੀ ਸੀ, ਉਨ੍ਹਾਂ ਚਾਰਾਂ ਲੋਕਾਂ ਵਿਚ ਸ਼ਾਮਲ ਸੀ। ਇਥੇ ਕੋਈ ਸ਼ੱਕ ਕਰ ਸਕਦਾ ਹੈ ਕਿ ਜਦੋਂ ਸਾਈਂ ਆਪ ਹੀ ਬ੍ਰਹਮਾ ਦੇ ਅਵਤਾਰ ਸੀ, ਤਾਂ ਉਹ ਉਨ੍ਹਾਂ ਲੋਕਾਂ ਦੇ ਨਾਲ ਕਿਉ ਸ਼ਾਮਿਲ ਹੋਏ ਅਤੇ ਕਿਉਂ ਉਨ੍ਹਾਂ ਨੇ ਇਸ ਤਰ੍ਹਾਂ ਆਚਰਣ ਕੀਤਾ। ਆਪ ਅਵਤਾਰ ਹੁੰਦੇ ਹੋਏ ਵੀ ਅਤੇ ਇਹ ਪੱਕੀ ਧਾਰਨਾ ਕਰਕੇ ਕਿ ਅੰਨ ਹੀ ਬ੍ਰਹਮਾ ਹੈ, ਉਨ੍ਹਾਂ ਨੇ ਇਕ ਸ਼ੂਦਰ ਵਣਜਾਰੇ ਦੇ ਭੋਜਨ ਨੂੰ ਖੁਸ਼ੀ ਨਾਲ ਸਵੀਕਾਰ ਕਰ ਲਿਆ ਅਤੇ ਵਣਜਾਰੇ ਦੇ ਭੋਜਨ ਦੀ ਬੇਨਤੀ ਦੀ ਅਣਦੇਖੀ ਨਹੀਂ ਕੀਤੀ ਅਤੇ ਬਿਨਾਂ ਗੁਰੂ ਦੇ ਗਿਆਨ ਪ੍ਰਾਪਤ ਕਰਨ ਵਾਲਿਆਂ ਦੀ ਕੀ ਹਾਲਤ ਹੁੰਦੀ ਹੈ, ਇਸ ਦੀ ਉਨ੍ਹਾਂ ਦੇ ਸਾਹਮਣੇ ਇਕ ਉਦਾਹਰਣ ਪੇਸ਼ ਕੀਤੀ। ਸ਼ਰੁਤੀ (ਤੈਤਿਰੀਏ ਉਪਨਿਸ਼ਦ) ਦਾ ਕਥਨ ਹੈ ਕਿ ਸਾਨੂੰ ਮਾਤਾ, ਪਿਤਾ ਅਤੇ ਗੁਰੂ ਦੀ ਆਦਰ ਨਾਲ ਪੂਜਾ ਕਰਕੇ ਧਾਰਮਿਕ ਗ੍ਰੰਥਾਂ ਦਾ ਅਧਿਅਨ ਕਰਨਾ ਚਾਹੀਦਾ ਹੈ। ਇਹ ਚਿੱਤ-ਸ਼ੁੱਧੀ ਦੇ ਰਾਹ ਹਨ ਅਤੇ ਜਦੋਂ ਤਕ

। ਆਤਮਾ ਇੰਦਰੀਆਂ, ਮਨ

ਅਤੇ ਬੁੱਧੀ ਤੋਂ ਪਰੇ ਹੈ। ਇਸ ਵਿਸ਼ੇ ਵਿਚ ਗਿਆਨ ਅਤੇ ਦਲੀਲ ਸਾਡੀ ਕੋਈ ਮਦਦ ਨਹੀਂ ਕਰ ਸਕਦੇ, ਸਿਰਫ਼ ਗੁਰੂ ਦੀ ਕ੍ਰਿਪਾ ਨਾਲ ਹੀ ਸਭ ਕੁਝ ਸੰਭਵ ਹੈ। ਧਰਮ, ਅਰਥ ਅਤੇ ਕਾਮ ਦੀ ਪ੍ਰਾਪਤੀ ਆਪਣੀ ਕੋਸ਼ਿਸ਼ ਨਾਲ ਹੋ ਸਕਦੀ ਹੈ, । ਸ੍ਰੀ ਸਾਈਂ

ਦੇ ਦਰਬਾਰ ਵਿਚ ਤਰ੍ਹਾਂ-ਤਰ੍ਹਾਂ ਦੇ ਲੋਕਾਂ ਦਾ ਦਰਸ਼ਨ ਹੁੰਦਾ ਸੀ। ਦੇਖੋ, ਜੋਤਸ਼ੀ ਲੋਕ ਆ ਰਹੇ ਹਨ ਅਤੇ ਭਵਿੱਖ ਦਾ ਬਿਆਨ ਕਰ ਰਹੇ ਹਨ। ਦੂਜੇ ਪਾਸੇ ਰਾਜਕੁਮਾਰ, ਸ੍ਰੀਮਾਨ, ਅਮੀਰ ਅਤੇ ਗਰੀਬ, ਸੰਨਿਆਸੀ, ਜੋਗੀ ਅਤੇ ਗਾਇਕ ਦਰਸ਼ਨਾਂ ਲਈ ਆ ਰਹੇ ਹਨ। ਇਥੋਂ ਤੱਕ ਕਿ ਇਕ ਅਤਿ ਸ਼ੂਦਰ ਵੀ ਦਰਬਾਰ ਵਿਚ ਆਉਂਦਾ ਹੈ ਅਤੇ ਪ੍ਰਨਾਮ ਕਰਨ ਤੋਂ ਬਾਅਦ ਕਹਿੰਦਾ ਹੈ ਕਿ, “ਸਾਈਂ ਹੀ ਮੇਰੇ ਮਾਂ-ਬਾਪ ਹਨ, ਅਤੇ ਉਹ ਜਨਮ-ਮਰਨ ਦੇ ਚਕਰ ਤੋਂ ਮੇਰਾ ਛੁਟਕਾਰਾ ਕਰ ਦੇਣਗੇ।” ਹੋਰ ਵੀ ਅਨੇਕ ਤਮਾਸ਼ਾ ਕਰਨ ਵਾਲੇ, ਕੀਰਤਨ ਕਰਨ ਵਾਲੇ, ਅੰਨ੍ਹੇ, ਕੋਹੜੀ, ਨਾਥ ਪੰਥੀ, ਨੱਚਣ ਵਾਲੇ ਅਤੇ ਹੋਰ ਮਨੋਰੰਜਨ ਕਰਨ ਵਾਲੇ ਦਰਬਾਰ ਵਿਚ ਆਉਂਦੇ ਸੀ, ਜਿਥੇ ਉਨ੍ਹਾਂ ਦਾ ਉਚਿਤ ਮਾਨ ਕੀਤਾ ਜਾਂਦਾ ਸੀ ਅਤੇ ਇਸੇ ਤਰ੍ਹਾਂ ਠੀਕ ਵਕਤ ’ਤੇ ਉਹ ਵਣਜਾਰਾ ਵੀ ਪ੍ਰਗਟ ਹੋਇਆ ਅਤੇ ਜਿਹੜਾ ਰੋਲ ਉਸ ਨੂੰ ਸੌਂਪਿਆ ਗਿਆ ਸੀ, ਉਸ ਨੇ ਉਹ ਪੂਰਾ ਕੀਤਾ।

ਸਾਡੇ ਵਿਚਾਰ ਨਾਲ ਖੂਹ ਵਿਚ 4-5 ਘੰਟੇ ਲਟਕੇ ਰਹਿਣਾ ਇਸ ਨੂੰ ਆਮ ਘਟਨਾ ਨਹੀਂ ਸਮਝਣਾ ਚਾਹੀਦਾ, ਕਿਉਂਕਿ ਏਦਾਂ ਦਾ ਕੋਈ ਵਿਰਲਾ ਹੀ ਹੋਵੇਗਾ, ਜਿਹੜਾ ਇਸ ਤਰ੍ਹਾਂ ਏਨੀ ਦੇਰ ਤਕ ਰਸੀ ਨਾਲ ਲਟਕਾਏ ਜਾਣ ’ਤੇ ਤਕਲੀਫ ਮਹਿਸੂਸ ਨਾ ਕਰ ਕੇ ਪਰਮਾਨੰਦ ਦਾ ਅਨੁਭਵ ਕਰੇ। ਇਸ ਦੇ ਉਲਟ ਉਸ ਨੂੰ ਪੀੜ ਹੋਣ ਦੀ ਹੀ ਕਲਪਨਾ ਜ਼ਿਆਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਸਮਾਧੀ ਅਵਸਥਾ ਦਾ ਹੀ ਇਥੇ ਉਲੇਖ ਕੀਤਾ ਗਿਆ ਹੈ। ਆਨੰਦ ਦੋ ਤਰ੍ਹਾਂ ਦੇ ਹੁੰਦੇ ਹਨ—ਪਹਿਲਾ ਸਰੀਰਿਕ ਅਤੇ ਦੂਜਾ ਅਧਿਆਤਮਿਕ। ਈਸ਼ਵਰ ਨੇ ਸਾਡੀਆਂ ਇੰਦਰੀਆਂ ਅਤੇ ਤਨ ਮਨ ਦੀਆਂ ਪ੍ਰਵਿਰਤੀਆਂ ਦੀ ਰਚਨਾ ਬਾਹਰ ਵੱਲ ਕੀਤੀ ਹੈ ਅਤੇ ਜਦੋਂ ਉਹ ਇੰਦਰੀਆਂ ਅਤੇ ਮਨ ਆਪਣੇ ਵਿਸ਼ੇ ਪਦਾਰਥਾਂ ਵਿਚ ਮਗਨ ਹੁੰਦੀਆਂ ਹਨ, ਉਦੋਂ ਸਾਨੂੰ

ਇੰਦਰੀਆਂ ਦੀ ਸੂਝ ਹੁੰਦੀ ਹੈ, ਜਿਸ ਦੇ ਫਲਸਰੂਪ ਸਾਨੂੰ ਸੁੱਖ ਜਾਂ ਦੁੱਖ ਦਾ ਵੱਖ-ਵੱਖ ਜਾਂ ਦੋਵਾਂ ਦਾ ਰਲਿਆ ਮਿਲਿਆ ਅਨੁਭਵ ਹੁੰਦਾ ਹੈ, ਨਾ ਕਿ ਪਰਮਾਨੰਦ ਦਾ। ਜਦੋਂ ਇੰਦਰੀਆਂ ਅਤੇ ਮਨ ਨੂੰ ਉਨ੍ਹਾਂ ਦੇ ਵਿਸ਼ੇ ਪਦਾਰਥਾਂ ਤੋਂ ਹਟਾ ਕੇ ਅੰਤਰਮੁੱਖ ਕਰ ਕੇ ਆਤਮਾ 'ਤੇ ਕੇਂਦਰਤ ਕੀਤਾ ਜਾਂਦਾ ਹੈ, ਤਾਂ ਸਾਨੂੰ ਅਧਿਆਤਮਿਕ ਗਿਆਨ ਹੁੰਦਾ ਹੈ ਅਤੇ ਉਸ ਵੇਲੇ ਦੇ ਆਨੰਦ ਦਾ ਮੂੰਹ ਨਾਲ ਵਰਨਣ ਨਹੀਂ ਕੀਤਾ ਜਾ ਸਕਦਾ। "ਮੈਂ ਪਰਮਾਨੰਦ ਵਿਚ ਸੀ ਅਤੇ ਉਸ ਵੇਲੇ ਦਾ ਵਰਨਣ ਮੈਂ ਕਿਵੇਂ ਕਰ ਸਕਦਾ ਹਾਂ ?" ਇਨ੍ਹਾਂ ਸ਼ਬਦਾਂ ਤੋਂ ਲੱਗਦਾ ਹੈ ਕਿ ਗੁਰੂ ਨੇ ਉਨ੍ਹਾਂ ਨੂੰ ਸਮਾਧੀ ਅਵਸਥਾ ਵਿਚ ਰੱਖ ਕੇ ਚੰਚਲ ਇੰਦਰੀਆਂ ਅਤੇ ਮਨਰੂਪੀ ਜਲ ਕੋਲੋਂ ਦੂਰ ਰੱਖਿਆ।

## ਵਰਤ ਅਤੇ ਸ੍ਰੀਮਤੀ ਗੋਖਲੇ

**ਬਾਬਾ ਨੇ ਆਪ ਕਦੀ ਵਰਤ ਨਹੀਂ ਰੱਖਿਆ, ਨਾ ਹੀ ਉਨ੍ਹਾਂ ਨੇ ਦੂਜਿਆਂ ਨੂੰ ਵਰਤ ਰੱਖਣ ਦਿੱਤਾ। ਵਰਤ ਰੱਖਣ ਵਾਲਿਆਂ ਦਾ ਮਨ ਕਦੀ ਸ਼ਾਂਤ ਨਹੀਂ ਰਹਿੰਦਾ, ਤਾਂ ਉਨ੍ਹਾਂ ਨੂੰ ਪ੍ਰਮਾਰਥ ਦੀ ਪ੍ਰਾਪਤੀ ਕਿਵੇਂ ਸੰਭਵ ਹੈ ? ਪਹਿਲਾਂ ਆਤਮਾ ਦੀ ਤ੍ਰਿਪਤੀ ਹੋਣਾ ਜ਼ਰੂਰੀ ਹੈ। ਭੁੱਖੇ ਰਹਿ ਕੇ ਈਸ਼ਵਰ ਦੀ ਪ੍ਰਾਪਤੀ ਨਹੀਂ ਹੋ ਸਕਦੀ**। ਜੇ ਸਰੀਰ ਵਿਚ ਕੁਝ ਅੰਨ ਦੀ ਤਾਕਤ ਨਾ ਹੋਵੇ ਤਾਂ ਅਸੀਂ ਕਿਸ ਅੱਖ ਨਾਲ ਈਸ਼ਵਰ ਨੂੰ ਦੇਖਾਂਗੇ, ਕਿਸ ਜ਼ੀਭ ਨਾਲ ਉਸਦੀ ਮਹਾਨਤਾ ਦਾ ਵਰਨਣ ਕਰਾਂਗੇ ਅਤੇ ਕਿਹੜੇ ਕੰਨਾਂ ਨਾਲ ਉਸਦਾ ਸਰਵਣ ਕਰਾਂਗੇ। ਭਾਵ ਇਹ ਕਿ ਜਦੋਂ ਸਾਰੀਆਂ ਇੰਦਰੀਆਂ ਨੂੰ ਪੂਰੀ ਖ਼ੁਰਾਕ ਅਤੇ ਸ਼ਾਂਤੀ ਮਿਲਦੀ ਹੈ, ਅਤੇ ਜਦੋਂ ਉਹ ਤਾਕਤਵਰ ਰਹਿੰਦੀਆਂ ਹਨ, ਤਾਂ ਹੀ ਅਸੀਂ ਭਗਤੀ ਅਤੇ ਈਸ਼ਵਰ ਪ੍ਰਾਪਤੀ ਦੀਆਂ ਹੋਰ ਸਾਧਨਾਵਾਂ ਕਰ ਸਕਦੇ ਹਾਂ,

ਸ੍ਰੀਮਤੀ ਕਾਸ਼ੀਬਾਈ ਕਾਨਿਟਕਰ (ਸ੍ਰੀ ਸਾਈਂਬਾਬਾ ਦੀ ਇਕ ਭਗਤ) ਕੋਲੋਂ ਜਾਣ-ਪਹਿਚਾਣ ਦੀ ਚਿੱਠੀ ਲੈ ਕੇ ਸ੍ਰੀਮਤੀ ਗੋਖਲੇ, ਦਾਦਾ ਕੇਲਕਰ ਕੋਲ ਸ਼ਿਰਡੀ ਆਈ। ਉਹ ਪੱਕਾ ਇਰਾਦਾ ਕਰਕੇ ਆਈ ਸੀ ਕਿ ਬਾਬਾ ਦੇ ਸ੍ਰੀਚਰਣਾਂ ਵਿਚ ਬੈਠ ਕੇ ਤਿੰਨ ਦਿਨ ਵਰਤ ਰਖਾਂਗੀ। ਉਨ੍ਹਾਂ ਦੇ ਸ਼ਿਰਡੀ ਪਹੁੰਚਣ ਤੋਂ ਇਕ ਦਿਨ ਪਹਿਲੇ ਹੀ ਬਾਬਾ ਨੇ ਦਾਦਾ ਕੇਲਕਰ ਨੂੰ ਕਿਹਾ ਕਿ, "ਮੈਂ ਸ਼ਿਮਗਾ (ਹੌਲੀ) ਦੇ ਦਿਨਾਂ ਵਿਚ ਆਪਣੇ ਬੱਚਿਆਂ ਨੂੰ ਭੁੱਖਾ ਨਹੀਂ ਦੇਖ ਸਕਦਾ ਹਾਂ। ਜੇ ਉਨ੍ਹਾਂ ਨੂੰ ਭੁੱਖੇ ਰਹਿਣਾ ਪਏ ਤਾਂ ਮੇਰਾ ਇਥੇ ਹੋਣ ਦਾ ਲਾਭ ਹੀ ਕੀ ਹੈ ?" ਦੂਸਰੇ ਦਿਨ ਜਦੋਂ ਉਹ ਔਰਤ ਦਾਦਾ ਕੇਲਕਰ ਨਾਲ ਮਸਜਿਦ ਵਿਚ ਜਾ ਕੇ ਬਾਬਾ ਦੇ ਚਰਣਾਂ ਕੋਲ ਬੈਠੀ ਤਾਂ ਤੁਰੰਤ ਬਾਬਾ ਨੇ ਕਿਹਾ, "ਵਰਤ ਦੀ ਲੋੜ ਹੀ ਕੀ ਹੈ ? ਦਾਦਾ ਕੇਲਕਰ ਦੇ ਘਰ ਜਾ ਕੇ ਪੂਰਨਪੋਲੀ ਤਿਆਰ ਕਰੋ। ਆਪਣੇ ਬੱਚਿਆਂ ਨੂੰ ਖਵਾਉ ਅਤੇ ਆਪ ਖਾਉ।" ਉਹ ਹੋਲੀ ਦੇ ਦਿਨ ਸੀ ਅਤੇ ਇਸ ਵਕਤ ਸ੍ਰੀਮਤੀ ਕੇਲਕਰ ਮਾਸਿਕ ਧਰਮ ਨਾਲ ਸੀ। ਦਾਦਾ ਕੇਲਕਰ ਦੇ ਘਰ ਰੋਟੀ ਬਣਾਉਣ ਲਈ ਕੋਈ ਨਹੀਂ ਸੀ ਅਤੇ ਇਸ ਲਈ ਬਾਬਾ ਦੀ ਤਰਕੀਬ ਬਹੁਤ ਵਕਤੀ ਸੀ। ਸ੍ਰੀਮਤੀ ਗੋਖਲੇ ਨੇ ਦਾਦਾ ਕੇਲਕਰ ਦੇ ਘਰ ਜਾ ਕੇ ਭੋਜਨ ਤਿਆਰ ਕੀਤਾ ਅਤੇ ਦੂਜਿਆਂ ਨੂੰ ਭੋਜਨ ਕਰਾ ਕੇ ਆਪ ਵੀ ਖਾਧਾ। ਕਿੰਨੀ ਸੁੰਦਰ ਕਥਾ ਹੈ ਅਤੇ

ਕਿੰਨੀ ਸੁੰਦਰ ਉਸ ਦੀ ਸਿਖਿਆ।

## ਬਾਬਾ ਦੇ ਸਰਕਾਰ

ਬਾਬਾ ਨੇ ਆਪਣੇ ਬਚਪਣ ਦੀ ਇਕ ਕਹਾਣੀ ਦਾ ਇਸ ਤਰ੍ਹਾਂ ਵਰਨਣ ਕੀਤਾ—

ਜਦੋਂ ਮੈਂ ਛੋਟਾ ਸੀ, ਤਾਂ ਰੋਜ਼ੀ ਕਮਾਉਣ ਮੈਂ ਬੀਡਗਾਂਵ ਆਇਆ। ਉਥੇ ਮੈਨੂੰ ਜ਼ਰੀ ਦਾ ਕੰਮ ਮਿਲ ਗਿਆ ਅਤੇ ਮੈਂ ਪੂਰੀ ਲਗਨ ਅਤੇ ਉਮੀਦ ਨਾਲ ਆਪਣਾ ਕੰਮ ਕਰਨ ਲੱਗਾ। ਮੇਰਾ ਕੰਮ ਦੇਖ ਕੇ ਸੇਠ ਬਹੁਤ ਹੀ ਖੁਸ਼ ਹੋਇਆ। ਮੇਰੇ ਨਾਲ ਤਿੰਨ ਲੜਕੇ ਹੋਰ ਵੀ ਕੰਮ ਕਰਦੇ ਸੀ। ਪਹਿਲੇ ਦਾ ਕੰਮ 50 ਰੁਪਏ ਦਾ, ਦੂਜੇ ਦਾ 100 ਰੁਪਏ ਦਾ ਅਤੇ ਤੀਜੇ ਦਾ 150 ਰੁਪਏ ਦਾ ਹੋਇਆ। ਮੇਰਾ ਕੰਮ ਉਨ੍ਹਾਂ ਤਿੰਨਾਂ ਨਾਲੋਂ ਦੁਗੁਣਾ ਹੋ ਗਿਆ। ਮੇਰੀ ਨਿਪੁੰਨਤਾ ਦੇਖ ਕੇ ਸੇਠ ਬਹੁਤ ਹੀ ਖੁਸ਼ ਹੋਇਆ। ਉਹ ਮੈਨੂੰ ਬਹੁਤ ਚਾਹੁੰਦਾ ਸੀ ਅਤੇ ਮੇਰੀ ਸਿਫ਼ਤ ਵੀ ਕਰਦਾ ਰਹਿੰਦਾ ਸੀ, ਉਸ ਨੇ ਮੈਨੂੰ ਇਕ ਪੂਰੀ ਪੋਸ਼ਾਕ ਦਿੱਤੀ, ਜਿਸ ਵਿਚ ਸਿਰ ਲਈ ਇਕ ਪਗੜੀ ਅਤੇ ਸਰੀਰ ਦੇ ਲਈ ਇਕ ਸ਼ਾਲ ਵੀ ਸੀ। ਮੇਰੇ ਕੋਲ ਉਹ ਪੋਸ਼ਾਕ ਉਦਾਂ ਹੀ ਰੱਖੀ ਰਹੀ। ਮੈਂ ਸੋਚਿਆ ਕਿ ਜੋ ਕੁਝ ਮੇਰੇ ਸਰਕਾਰ ਕੋਲੋਂ ਮਿਲੇਗਾ, ਉਹ ਅੰਤ ਤੱਕ ਰਹੇਗਾ। ਕਿਸੇ ਵੀ ਮਨੁੱਖ ਦੇ ਤੋਹਫੇ ਦੀ ਉਸ ਨਾਲ ਬਰਾਬਰੀ ਸੰਭਵ ਨਹੀਂ ਹੈ। ਮੇਰੇ ਸਰਕਾਰ ਕਹਿੰਦੇ ਹਨ ਲੈ ਜਾਉ।" ਲੋਕ ਮੇਰੇ ਕੋਲ ਆ ਕੇ ਕਹਿੰਦੇ ਹਨ, "ਮੈਨੂੰ ਦਿਉ, ਮੈਨੂੰ ਦਿਉ।" ਪਰ ਜੋ ਕੁਝ ਮੈਂ ਕਹਿੰਦਾ ਹਾਂ, ਉਸਦੇ ਅਰਥ 'ਤੇ ਕੋਈ ਧਿਆਨ ਦੇਣ ਦੀ ਕੋਸ਼ਿਸ਼ ਨਹੀਂ ਕਰਦਾ। ਮੇਰੇ ਸਰਕਾਰ ਦਾ ਖਜ਼ਾਨਾ (ਅਧਿਆਤਮਿਕ ਭੰਡਾਰ) ਭਰਪੂਰ ਹੈ ਅਤੇ ਉਹ ਵਗ ਰਿਹਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਪੁੱਟ ਕੇ ਗੱਡੀ ਵਿਚ ਭਰ ਕੇ ਲੈ ਜਾਉ। ਜਿਹੜਾ ਸੱਚੀ ਮਾਂ ਦਾ ਲਾਲ ਹੋਏਗਾ, ਉਸ ਨੂੰ ਆਪ ਹੀ ਭਰਨਾ ਚਾਹੀਦਾ ਹੈ। ਮੇਰੇ ਫਕੀਰ ਦੀ ਕਲਾ, ਮੇਰੇ ਭਗਵਾਨ ਦੀ ਲੀਲ੍ਹਾ ਅਤੇ ਮੇਰੇ ਸਰਕਾਰ ਦਾ ਵਰਤਾਅ ਸਭ ਤਰ੍ਹਾਂ ਨਿਰਾਲਾ ਹੈ। ਮੇਰਾ ਕੀ, ਇਹ ਸਰੀਰ ਮਿਟੀ ਵਿਚ ਮਿਲ ਕੇ ਸਾਰੇ ਭੂ-ਮੰਡਲ ਵਿਚ ਫੈਲ ਜਾਏਗਾ ਅਤੇ ਫੇਰ ਇਹ ਮੌਕਾ ਕਦੀ ਨਹੀਂ ਮਿਲੇਗਾ। ਮੈਂ ਭਾਵੇਂ ਕਿਤੇ ਜਾਂਦਾ ਹਾਂ ਜਾਂ ਕਿਤੇ ਬੈਠਦਾ ਹਾਂ, ਪਰ ਮਾਯਾ ਫੇਰ ਵੀ ਮੈਨੂੰ ਤਕਲੀਫ਼ ਪਹੁੰਚਾਉਂਦੀ ਹੈ। ਏਨਾ ਹੋਣ ਤੇ ਵੀ ਮੈਂ ਆਪਣੇ ਭਗਤਾਂ ਦੇ ਭਲੇ ਲਈ ਹਮੇਸ਼ਾਂ ਉਤਾਵਲਾ ਹੀ ਰਹਿੰਦਾ ਹਾਂ।

।







# ॥ ਅਧਿਆਇ-33 ॥

***ਉਦੀ ਦੀ ਮਹਿਮਾ (ਭਾਗ 1)—***

***ਬਿੱਛੂ ਦਾ ਡੰਗ, ਪਲੇਗ ਦੀ ਗੰਡ, ਜਾਮਨੇਰ ਦਾ ਚਮਤਕਾਰ, ਨਰਾਇਣ ਰਾਵ, ਬਾਲਾ ਬੁਵਾ ਸੁਤਾਰ, ਅਪਾ ਸਾਹਿਬ ਕੁਲਕਰਨੀ, ਹਰੀਭਾਉ ਕਾਰਨਿਕ।***

ਪਿਛਲੇ ਅਧਿਆਇ ਵਿਚ ਗੁਰੂ ਦੀ ਮਹਾਨਤਾ ਦਾ ਨਮੂਨਾ ਦੱਸਿਆ ਗਿਆ ਹੈ। ਹੁਣ ਇਸ ਅਧਿਆਇ ਵਿਚ ਉਦੀ ਦੀ ਮਹੱਤਤਾ ਦਾ ਵਰਨਣ ਕੀਤਾ ਜਾਏਗਾ।

ਆਓ, ਪਹਿਲਾਂ ਅਸੀਂ ਸੰਤਾਂ ਦੇ ਚਰਣਾਂ ਵਿਚ ਪ੍ਰਨਾਮ ਕਰੀਏ, ਜਿਨ੍ਹਾਂ ਦੀ ਕ੍ਰਿਪਾ ਦੀ ਇਕ ਨਜ਼ਰ ਨਾਲ ਹੀ ਸਾਰੇ ਪਾਪ ਭਸਮ ਹੋ ਕੇ ਸਾਡੇ ਆਚਰਣ ਦੇ ਅਵਗੁਣ ਨਾਸ਼ ਹੋ ਜਾਣਗੇ। ਉਨ੍ਹਾਂ ਨਾਲ ਗੱਲਬਾਤ ਕਰਨਾ ਸਾਡੇ ਲਈ ਸਿੱਖਿਆਦਾਇਕ ਅਤੇ ਅਤਿ ਆਨੰਦਦਾਇਕ ਹੈ। ਉਹ ਆਪਣੇ ਮਨ ਵਿਚ 'ਇਹ ਮੇਰਾ ਅਤੇ ਉਹ ਤੇਰਾ' ਇਸ ਤਰ੍ਹਾਂ ਦਾ ਕੋਈ ਭੇਦ ਨਹੀਂ ਰੱਖਦੇ। ਇਸ ਤਰ੍ਹਾਂ ਦੇ ਭੇਦਭਾਵ ਦੀ ਕਲਪਨਾ ਉਨ੍ਹਾਂ ਦੇ ਦਿਲ ਵਿਚ ਕਦੀ ਵੀ ਪੈਦਾ ਨਹੀਂ ਹੁੰਦੀ। ਉਨ੍ਹਾਂ ਦਾ ਕਰਜ਼ਾ ਇਸ ਜਨਮ ਵਿਚ ਤਾਂ ਕੀ, ਅਨੇਕ ਜਨਮਾਂ ਵਿਚ ਵੀ ਨਹੀਂ ਚੁਕਾਇਆ ਜਾ ਸਕੇਗਾ।

## ਉਦੀ (ਵਿਭੂਤੀ)

ਇਹ ਸਾਰੇ ਜਾਣਦੇ ਹਨ ਕਿ ਬਾਬਾ ਦਕਸ਼ਿਣਾ ਲੈਂਦੇ ਸੀ ਅਤੇ ਉਸ ਧਨ ਰਾਸ਼ੀ ਵਿਚੋਂ ਦਾਨ ਕਰਨ ਦੇ ਬਾਅਦ ਜੋ ਕੁਝ ਵੀ ਬਾਕੀ ਬਚਦਾ, ਉਸ ਨਾਲ ਉਹ ਬਾਲਣ ਮੁੱਲ ਲੈ ਕੇ ਹਮੇਸ਼ਾਂ ਧੂਣੀ ਬਲਦੀ ਰੱਖਦੇ ਸੀ। ਇਸ ਧੂਣੀ ਦੀ ਭਸਮ 'ਉਦੀ' ਅਖਵਾਉਂਦੀ ਹੈ। ਭਗਤਾਂ ਦੇ ਸ਼ਿਰਡੀ ਤੋਂ ਜਾਣ ਵੇਲੇ ਇਹ ਭਸਮ ਖੁੱਲ੍ਹੇ ਹੱਥਾਂ ਨਾਲ ਸਾਰਿਆਂ ਨੂੰ ਵੰਡੀ ਜਾਂਦੀ ਸੀ।

ਇਸ ਉਦੀ ਨਾਲ ਬਾਬਾ ਸਾਨੂੰ ਕੀ ਸਿੱਖਿਆ ਦਿੰਦੇ ਹਨ ? ਉਦੀ ਵੰਡ ਕੇ ਬਾਬਾ ਸਾਨੂੰ ਸਿੱਖਿਆ ਦਿੰਦੇ ਹਨ ਕਿ ਅੰਗਿਆਰੇ ਵਾਂਗ ਦਿਸਣ ਵਾਲੇ ਬ੍ਰਹਿਮੰਡ ਦੀ ਤਸਵੀਰ ਭਸਮ ਦੇ ਵਰਗੀ ਹੈ। ਸਾਡਾ ਤਨ ਵੀ ਬਾਲਣ ਵਾਂਗ ਹੀ ਹੈ ਭਾਵ ਪੰਜਭੂਤਾਂ ਆਦਿ ਨਾਲ ਬਣਿਆ ਹੈ, ਜਿਹੜਾ ਕਿ ਸੰਸਾਰਿਕ ਭੋਗਾਂ ਦੇ ਬਾਅਦ ਨਾਸ਼ ਹੋ ਕੇ ਭਸਮ ਦੇ ਰੂਪ ਵਿਚ ਬਦਲ ਜਾਏਗਾ।

ਭਗਤਾਂ ਨੂੰ ਇਸ ਗੱਲ ਦੀ ਯਾਦ ਕਰਾਉਣ ਦੇ ਲਈ ਹੀ ਕਿ ਅੰਤ ਵਿਚ ਇਹ ਦੇਹ ਭਸਮ ਹੀ ਹੋਣ ਵਾਲੀ ਹੈ, ਬਾਬਾ ਉਦੀ ਵੰਡਦੇ ਸੀ। ਬਾਬਾ ਇਸ ਉਦੀ ਨਾਲ ਇਕ ਹੋਰ ਵੀ ਸਿੱਖਿਆ ਦਿੰਦੇ ਹਨ ਕਿ ਇਸ ਸੰਸਾਰ ਵਿਚ ਬ੍ਰਹਮਾ ਹੀ ਸੱਚ ਹੈ ਅਤੇ ਜਗਤ ਮਿਥਿਆ ਹੈ। ਇਸ ਸੰਸਾਰ ਵਿਚ ਅਸਲ ਵਿਚ ਕੋਈ ਕਿਸੇ ਦਾ ਪਿਤਾ, ਪੁੱਤਰ ਜਾਂ ਪਤਨੀ ਨਹੀਂ ਹੈ। ਅਸੀਂ ਜਗਤ ਵਿਚ ਇਕੱਲੇ ਹੀ ਆਏ ਹਾਂ ਅਤੇ ਇਕੱਲੇ ਹੀ ਜਾਵਾਂਗੇ।

ਪਹਿਲਾਂ ਵੀ ਇਹ ਦੇਖਿਆ ਗਿਆ ਹੈ ਅਤੇ ਹੁਣ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਸ ਉਦੀ ਨੇ ਅਨੇਕ ਸਰੀਰਿਕ ਅਤੇ ਮਾਨਸਿਕ ਰੋਗੀਆਂ ਨੂੰ ਸਿਹਤ ਪ੍ਰਦਾਨ ਕੀਤੀ ਹੈ। ਅਸਲ ਵਿਚ ਬਾਬਾ ਤਾਂ ਦਕਸ਼ਿਣਾ ਅਤੇ ਉਦੀ ਨਾਲ ਸੱਚ ਅਤੇ ਝੂਠ ਵਿਚ ਫ਼ਰਕ ਅਤੇ ਝੂਠ ਛੱਡਣ ਦਾ ਸਿਧਾਂਤ ਸਮਝਾਉਣਾ ਚਾਹੁੰਦੇ ਸੀ। ਇਸ ਉਦੀ ਨਾਲ ਵੈਰਾਗ ਅਤੇ ਦਕਸ਼ਿਣਾ ਤੋਂ ਤਿਆਗ ਦੀ ਸਿੱਖਿਆ ਮਿਲਦੀ ਹੈ। ਇਨ੍ਹਾਂ ਦੋਨਾਂ ਦੀ ਘਾਟ ਨਾਲ ਇਸ ਮਾਯਾਰੂਪੀ ਭਵਸਾਗਰ ਨੂੰ ਪਾਰ ਕਰਨਾ ਮੁਸ਼ਕਿਲ ਹੈ, ਇਸ ਲਈ ਬਾਬਾ ਦੂਜਿਆਂ ਦੇ ਭੋਗ ਆਪ ਭੋਗ ਕੇ ਦਕਸ਼ਿਣਾ ਸਵੀਕਾਰ ਕਰ ਲੈਂਦੇ ਸੀ। ਜਦੋਂ ਭਗਤ ਵਿਦਿਆ ਹੁੰਦੇ, ਤਾਂ ਉਹ ਪ੍ਰਸ਼ਾਦ ਦੇ ਰੂਪ ਵਿਚ ਉਦੀ ਦੇ ਕੇ ਅਤੇ ਕੁਝ ਉਨ੍ਹਾਂ ਦੇ ਮੱਥੇ 'ਤੇ ਲਗਾ ਕੇ ਆਪਣਾ ਮਿਹਰ ਭਰਿਆ ਹੱਥ ਉਨ੍ਹਾਂ ਦੇ ਸਿਰ ਉਤੇ ਰੱਖਦੇ ਸੀ। ਜਦੋਂ ਬਾਬਾ ਪ੍ਰਸੰਨ ਚਿੱਤ ਹੁੰਦੇ, ਤਾਂ ਉਹ ਪ੍ਰੇਮ ਨਾਲ ਗੀਤ ਗਾਉਂਦੇ ਹੁੰਦੇ ਸੀ। ਇਸ ਤਰ੍ਹਾਂ ਦਾ ਇਕ ਭਜਨ ਉਦੀ ਦੇ ਬਾਰੇ ਵਿਚ ਵੀ ਹੈ। ਭਜਨ ਦੇ ਬੋਲ ਹਨ 'ਰਮਤੇ ਰਾਮ ਆਉ ਜੀ ਆਉ ਜੀ, ਉਦਿਆ ਦੀ ਗੋਨੀਆਂ ਲਾਉ ਜੀ।" ਬਾਬਾ ਇਹ ਸ਼ੁੱਧ ਅਤੇ ਮਿੱਠੀ ਆਵਾਜ਼ ਵਿਚ ਗਾਉਂਦੇ ਸੀ।

ਇਹ ਸਭ ਤਾਂ ਉਦੀ ਦੇ ਅਧਿਆਤਮਿਕ ਅਸਰ ਦੇ ਬਾਰੇ ਵਿਚ ਹੋਇਆ, ਪਰ ਉਸ ਵਿਚ ਭੌਤਿਕ ਅਸਰ ਵੀ ਸੀ, ਜਿਸ ਨਾਲ ਭਗਤਾਂ ਨੂੰ ਸਿਹਤ, ਧਨ, ਚਿੰਤਾ ਤੋਂ ਛੁਟਕਾਰਾ ਅਤੇ ਅਨੇਕ ਸੰਸਾਰਿਕ ਲਾਭ ਪ੍ਰਾਪਤ ਹੋਏ। ਇਸ ਲਈ ਉਦੀ ਸਾਨੂੰ ਅਧਿਆਤਮਿਕ ਅਤੇ ਸੰਸਾਰਿਕ ਲਾਭ ਪਹੁੰਚਾਉਂਦੀ ਹੈ। ਹੁਣ ਅਸੀਂ ਉਦੀ ਦੀਆਂ ਕਥਾਵਾਂ ਸ਼ੁਰੂ ਕਰਦੇ ਹਾਂ।

## ਬਿੱਛੂ ਦਾ ਡੰਗ

ਨਾਸਿਕ ਦੇ ਸ੍ਰੀ ਨਾਰਾਇਣ ਮੋਤੀਰਾਮ ਜਾਨੀ ਬਾਬਾ ਦੇ ਪਰਮ ਭਗਤ ਸੀ। ਉਹ ਬਾਬਾ ਦੇ ਇਕ ਹੋਰ ਭਗਤ ਰਾਮ ਚੰਦਰ ਵਾਮਨ ਮੋਡਕ ਦੇ ਥੱਲੇ ਕੰਮ ਕਰਦੇ ਸੀ। ਇਕ ਵਾਰੀ ਉਹ ਆਪਣੀ ਮਾਂ ਦੇ ਨਾਲ ਸ਼ਿਰਡੀ ਗਏ ਅਤੇ ਬਾਬਾ ਦੇ ਦਰਸ਼ਨਾਂ ਦਾ ਲਾਭ ਉਠਾਇਆ। ਉਦੋਂ ਬਾਬਾ ਨੇ ਉਨ੍ਹਾਂ ਦੀ ਮਾਂ ਨੂੰ ਕਿਹਾ, "ਹੁਣ ਤੁਹਾਡੇ ਪੁੱਤਰ ਨੂੰ ਨੌਕਰੀ ਛੱਡ ਕੇ ਆਪਣਾ ਵਪਾਰ ਕਰਨਾ ਚਾਹੀਦਾ।" ਕੁਝ ਦਿਨਾਂ ਵਿਚ ਹੀ ਬਾਬਾ ਦੇ ਵਚਨ ਸੱਚ ਹੋਏ। ਨਾਰਾਇਣ ਜਾਨੀ ਨੇ ਨੌਕਰੀ ਛੱਡ ਕੇ ਇਕ ਗਿਫ਼ਟ ਹਾਊਸ 'ਆਨੰਦ ਆਸ਼ਰਮ' ਚਲਾਉਣਾ ਸ਼ੁਰੂ ਕਰ ਦਿੱਤਾ, ਜਿਹੜਾ ਚੰਗੀ ਤਰ੍ਹਾਂ ਚੱਲਣ ਲੱਗਾ। ਇਕ ਵਾਰੀ ਨਾਰਾਇਣ ਰਾਵ ਦੇ ਇਕ ਦੋਸਤ ਨੂੰ ਬਿੱਛੂ ਨੇ ਡੰਗ ਮਾਰਿਆ, ਜਿਸ ਨਾਲ ਉਸਨੂੰ ਅਸਹਿ ਪੀੜ ਹੋਣ ਲਗੀ। ਇਹੋ ਜਿਹੇ ਮੌਕੇ ਵਿਚ ਉਦੀ ਤਾਂ ਰਾਮਬਾਣ ਮਸ਼ਹੂਰ ਹੀ ਹੈ, ਡੰਗ ਵਾਲੀ ਥਾਂ 'ਤੇ ਸਿਰਫ਼ ਉਦੀ ਲਾ ਹੀ ਦੇਣੀ ਹੈ। ਨਾਰਾਇਣ ਨੇ ਉਦੀ ਲੱਭੀ, ਪਰ ਕਿਤੇ ਵੀ ਨਾ ਮਿਲ ਸਕੀ। ਉਨ੍ਹਾਂ ਨੇ ਬਾਬਾ ਦੀ ਤਸਵੀਰ ਦੇ ਸਾਹਮਣੇ ਖੜੇ ਹੋ ਕੇ ਮਦਦ ਲਈ ਪ੍ਰਾਰਥਨਾ ਕੀਤੀ ਅਤੇ ਉਨ੍ਹਾਂ ਦਾ ਨਾਂਅ ਲੈਂਦੇ ਹੋਏ, ਉਨ੍ਹਾਂ ਦੀ ਤਸਵੀਰ ਦੇ ਅੱਗੇ ਬਲਦੀ ਅਗਰਬੱਤੀ ਵਿਚੋਂ ਇਕ ਚੁੰਢੀ ਭਸਮ ਬਾਬਾ ਦੀ ਉਦੀ ਸਮਝ ਕੇ ਬਿੱਛੂ ਦੇ ਡੰਗ ਮਾਰਨ ਵਾਲੀ ਥਾਂ 'ਤੇ ਲੇਪ ਕਰ ਦਿੱਤਾ। ਉਥੋਂ ਹੱਥ ਚੁੱਕਦੇ ਹੀ ਪੀੜ ਤੁਰੰਤ ਮਿਟ ਗਈ ਅਤੇ ਦੋਵੇਂ ਬਹੁਤ ਖੁਸ਼ ਹੋ ਕੇ ਚਲੇ ਗਏ।





## ਪਲੇਗ ਦੀ ਗੰਡ

ਇਕ ਵੇਲੇ ਇਕ ਭਗਤ ਬਾਂਦਰਾ ਵਿਚ ਸੀ। ਉਸ ਨੂੰ ਉਥੇ ਪਤਾ ਲੱਗਾ ਕਿ ਉਸਦੀ ਲੜਕੀ, ਜਿਹੜੀ ਦੂਜੀ ਥਾਂ 'ਤੇ ਹੈ, ਨੂੰ ਪਲੇਗ ਹੋ ਗਈ ਹੈ ਅਤੇ ਉਸਨੂੰ ਗਿਲਟੀ ਨਿਕਲ ਆਈ ਹੈ। ਉਨ੍ਹਾਂ ਕੋਲ ਉਸ ਵੇਲੇ ਉਦੀ ਨਹੀਂ ਸੀ, ਇਸ ਲਈ ਉਨ੍ਹਾਂ ਨੇ ਨਾਨਾ ਚਾਂਦੋਰਕਰ ਨੂੰ ਉਦੀ ਭੇਜਣ ਦੇ ਲਈ ਖ਼ਬਰ ਭੇਜੀ। ਨਾਨਾਸਾਹਿਬ ਠਾਣੇ ਰੇਲਵੇ ਸਟੇਸ਼ਨ ਦੇ ਨੇੜੇ ਰਾਹ ਵਿਚ ਹੀ ਸੀ। ਜਦੋਂ ਉਨ੍ਹਾਂ ਦੇ ਕੋਲ ਇਹ ਖ਼ਬਰ ਪਹੁੰਚੀ, ਉਹ ਆਪਣੀ ਪਤਨੀ ਨਾਲ ਕਲਿਆਣ ਜਾ ਰਹੇ ਸੀ। ਉਨ੍ਹਾਂ ਕੋਲ ਵੀ ਉਸ ਵੇਲੇ ਉਦੀ ਨਹੀਂ ਸੀ। ਇਸ ਲਈ ਉਨ੍ਹਾਂ ਨੇ ਸੜਕ ਉਪਰੋਂ ਕੁਝ ਧੂੜ ਚੁੱਕੀ ਅਤੇ ਸ੍ਰੀ ਸਾਈਂ ਬਾਬਾ ਦਾ ਧਿਆਨ ਕਰਕੇ ਉਨ੍ਹਾਂ ਨੂੰ ਮਦਦ ਕਰਨ ਦੀ ਪ੍ਰਾਰਥਨਾ ਕੀਤੀ ਅਤੇ ਧੂੜ ਨੂੰ ਆਪਣੀ ਪਤਨੀ ਦੇ ਮੱਥੇ 'ਤੇ ਲਗਾ ਦਿੱਤਾ। ਉਹ ਭਗਤ ਖੜੇ-ਖੜੇ ਇਹ ਸਾਰਾ ਡਰਾਮਾ ਦੇਖ ਰਿਹਾ ਸੀ। ਜਦੋਂ ਉਹ ਘਰ ਵਾਪਸ ਆਇਆ ਤਾਂ ਉਸ ਨੂੰ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਜਿਸ ਵੇਲੇ ਨਾਨਾਸਾਹਿਬ ਨੇ ਠਾਣੇ ਰੇਲਵੇ ਸਟੇਸ਼ਨ ਕੋਲ ਬਾਬਾ ਨੂੰ ਮਦਦ ਕਰਨ ਲਈ ਪ੍ਰਾਰਥਨਾ ਕੀਤੀ, ਉਸ ਵੇਲੇ ਤੋਂ ਹੀ ਉਨ੍ਹਾਂ ਦੀ ਲੜਕੀ ਦੀ ਹਾਲਤ ਵਿਚ ਕਾਫੀ ਸੁਧਾਰ ਹੋ ਗਿਆ ਸੀ, ਜਿਹੜੀ ਪਿਛਲੇ ਤਿੰਨ ਦਿਨਾਂ ਤੋਂ ਬਿਮਾਰ ਸੀ।

ਸੰਨ 1904-05 ਵਿਚ ਨਾਨਾਸਾਹਿਬ ਚਾਂਦੋਰਕਾਰ ਖਾਨਦੇਸ਼ ਦੇ ਜ਼ਿਲ੍ਹੇ ਜਾਮਨੇਰ ਵਿਚ ਮਾਮਲੇਦਾਰ ਸੀ। ਜਾਮਨੇਰ ਸ਼ਿਰਡੀ ਤੋਂ ਲਗਭਗ 100 ਮੀਲ ਤੋਂ ਵੀ ਜ਼ਿਆਦਾ ਦੂਰੀ 'ਤੇ ਹੈ। ਉਨ੍ਹਾਂ ਦੀ ਧੀ ਮੈਨਾਤਾਈ ਗਰਭਵਤੀ ਸੀ ਅਤੇ ਬੱਚੇ ਦੇ ਜਨਮ ਦਾ ਵਕਤ ਨੇੜੇ ਹੀ ਸੀ। ਉਸਦੀ ਹਾਲਤ ਬਹੁਤ ਗੰਭੀਰ ਸੀ। 2-3 ਦਿਨਾਂ ਤੋਂ ਉਸ ਨੂੰ ਦਰਦਾਂ ਹੋ ਰਹੀਆਂ ਸਨ। ਨਾਨਾ ਸਾਹਿਬ ਨੇ ਸਾਰੀਆਂ ਸੰਭਵ ਕੋਸ਼ਿਸ਼ਾਂ ਕੀਤੀਆਂ, ਪਰ ਉਹ ਸਾਰੀਆਂ ਫ਼ਜ਼ੂਲ ਸਾਬਤ ਹੋਈਆਂ। ਤਾਂ ਉਨ੍ਹਾਂ ਨੇ ਬਾਬਾ ਦਾ ਧਿਆਨ ਕੀਤਾ ਅਤੇ ਉਨ੍ਹਾਂ ਕੋਲੋਂ ਮਦਦ ਲਈ ਪ੍ਰਾਰਥਨਾ ਕੀਤੀ। ਉਸ ਵੇਲੇ ਸ਼ਿਰਡੀ ਵਿਚ ਇਕ ਰਾਮਗੀਰ ਬੁਵਾ, ਜਿਨ੍ਹਾਂ ਨੂੰ ਬਾਬਾ ਬਾਪੂਗੀਰ ਬੁਵਾ ਦੇ ਨਾਂਅ ਨਾਲ ਬੁਲਾਉਂਦੇ ਸੀ, ਆਪਣੇ ਘਰ ਖਾਨਦੇਸ਼ ਵਾਪਸ ਜਾ ਰਹੇ ਸੀ। ਬਾਬਾ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਕਿਹਾ ਕਿ ਤੁਸੀਂ ਘਰ ਵਾਪਸ ਜਾਂਦੇ ਵੇਲੇ ਥੋੜ੍ਹੀ ਦੇਰ ਦੇ ਲਈ ਜਾਮਨੇਰ ਉਤਰ ਕੇ ਇਹ ਉਦੀ ਅਤੇ ਆਰਤੀ ਸ੍ਰੀ ਨਾਨਾਸਾਹਿਬ ਨੂੰ ਦੇ ਦੇਣਾ। ਰਾਮਗੀਰ ਬੁਵਾ ਬੋਲੇ, "ਮੇਰੇ ਕੋਲ ਸਿਰਫ਼ ਦੋ ਹੀ ਰੁਪਏ ਹਨ, ਜਿਹੜੇ ਮੁਸ਼ਕਿਲ ਨਾਲ ਜਲਗਾਂਵ ਤਕ ਦੇ ਕਿਰਾਏ ਲਈ ਹੀ ਹਨ। ਫੇਰ ਇਸ ਹਾਲਤ ਵਿਚ ਜਲਗਾਂਵ ਤੋਂ 30 ਮੀਲ ਹੋਰ ਅੱਗੇ ਜਾਣਾ ਮੇਰੇ ਲਈ ਕਿਸ ਤਰ੍ਹਾਂ ਸੰਭਵ ਹੋਵੇਗਾ ?" ਬਾਬਾ ਨੇ ਜਵਾਬ ਦਿਤਾ, "ਫ਼ਿਕਰ ਕਰਨ ਦੀ ਕੋਈ ਗੱਲ ਨਹੀਂ। ਤੁਹਾਡਾ ਸਾਰਾ ਪ੍ਰਬੰਧ ਹੋ ਜਾਏਗਾ।" ਤਾਂ ਬਾਬਾ ਨੇ ਸ਼ਾਮਾ ਕੋਲੋਂ ਮਾਧਵ ਅਡਕਰ ਦੀ ਲਿਖੀ ਪ੍ਰਸਿੱਧ ਆਰਤੀ ਦੀ ਨਕਲ ਕਰਾਈ ਅਤੇ ਉਦੀ ਦੇ ਨਾਲ ਨਾਨਾਸਾਹਿਬ ਦੇ ਕੋਲ ਭੇਜ ਦਿੱਤੀ। ਬਾਬਾ ਦੇ ਵਚਨਾਂ 'ਤੇ ਭਰੋਸਾ ਕਰਕੇ ਰਾਮਗੀਰ ਬੁਵਾ ਸ਼ਿਰਡੀ ਤੋਂ ਤੁਰ ਪਏ ਅਤੇ ਪੌਣੇ ਤਿੰਨ ਵਜੇ ਰਾਤ ਨੂੰ ਜਲਗਾਂਵ

ਪਹੁੰਚੇ। ਉਸ ਵੇਲੇ ਉਨ੍ਹਾਂ ਦੇ ਕੋਲ ਸਿਰਫ਼ ਦੋ ਆਨੇ ਹੀ ਬਾਕੀ ਸੀ, ਜਿਸ ਨਾਲ ਉਹ ਬੜੀ ਦੁਚਿੱਤੀ ਵਿਚ ਸੀ। ਏਨੀ ਦੇਰ 'ਚ ਇਕ ਆਵਾਜ਼ ਉਨ੍ਹਾਂ ਦੇ ਕੰਨਾਂ ਵਿਚ ਪਈ ਕਿ 'ਸ਼ਿਰਡੀ ਤੋਂ ਆਏ ਹੋਏ ਬਾਪੂਗੀਰ ਬੁਵਾ ਕੌਣ ਹਨ ?' ਉਨ੍ਹਾਂ ਨੇ ਅੱਗੇ ਹੋ ਕੇ ਦੱਸਿਆ ਕਿ 'ਮੈਂ ਸ਼ਿਰਡੀ ਤੋਂ ਆਇਆ ਹਾਂ ਅਤੇ ਮੇਰਾ ਨਾਂਅ ਬਾਪੂਗੀਰ ਬੁਵਾ ਹੈ।' ਉਸ ਚਪੜਾਸੀ ਨੇ, ਜਿਹੜਾ ਕਿ ਆਪਣੇ-ਆਪ ਨੂੰ ਨਾਨਾਸਾਹਿਬ ਵੱਲੋਂ ਭੇਜਿਆ ਹੋਇਆ ਦੱਸ ਰਿਹਾ ਸੀ, ਉਨ੍ਹਾਂ ਨੂੰ ਬਾਹਰ ਲਿਆ ਕੇ ਇਕ ਸ਼ਾਨਦਾਰ ਟਾਂਗੇ ਵਿਚ ਬਿਠਾਇਆ, ਜਿਸ ਨਾਲ ਦੋ ਸੁੰਦਰ ਘੋੜੇ ਜੁਤੇ ਹੋਏ ਸੀ। ਫੇਰ ਉਹ ਦੋਵੇਂ ਚਲ ਪਏ। ਟਾਂਗਾ ਰੋਕ ਕੇ ਘੋੜਿਆਂ ਨੂੰ ਪਾਣੀ ਪਿਲਾਇਆ। ਇਸ ਦੌਰਾਨ ਚਪੜਾਸੀ ਨੇ ਰਾਮਗੀਰ ਬੁਵਾ ਨੂੰ ਥੋੜ੍ਹਾ ਜਿਹਾ ਨਾਸ਼ਤਾ ਕਰਨ ਲਈ ਕਿਹਾ। ਉਸ ਦੀਆਂ ਦਾੜ੍ਹੀ-ਮੁੱਛਾਂ ਅਤੇ ਬਾਕੀ ਪਹਿਰਾਵੇ ਤੋਂ ਉਸ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ ਨੇ ਚਾਹ-ਪਾਣੀ ਪੀਣ ਤੋਂ ਨਾਂਹ ਕਰ ਦਿੱਤੀ। ਤਾਂ ਉਸ ਚਪੜਾਸੀ ਨੇ ਕਿਹਾ ਕਿ ਮੈਂ ਗੜਵਾਲ ਦਾ ਖ਼ੱਤਰੀ ਵੰਸ਼ੀ ਹਿੰਦੂ ਹਾਂ। ਇਹ ਸਾਰਾ ਨਾਸ਼ਤਾ ਨਾਨਾਸਾਹਿਬ ਨੇ ਤੁਹਾਡੇ ਲਈ ਹੀ ਭੇਜਿਆ ਹੈ ਅਤੇ ਉਸ ਵਿਚ ਤੁਹਾਨੂੰ ਕੋਈ ਇਤਰਾਜ਼ ਅਤੇ ਸ਼ੱਕ ਨਹੀਂ ਹੋਣਾ ਚਾਹੀਦਾ। ਤਾਂ ਉਹ ਦੋਵੇਂ ਚਾਹ-ਪਾਣੀ ਪੀ ਕੇ ਫੇਰ ਚੱਲ ਪਏ ਅਤੇ ਸੂਰਜ ਚੜ੍ਹਨ ਵੇਲੇ ਜਾਮਨੇਰ ਪਹੁੰਚ ਗਏ। ਰਾਮਗੀਰ ਬੁਵਾ ਪਿਸ਼ਾਬ ਕਰਨ ਗਏ ਅਤੇ ਥੋੜ੍ਹੀ ਦੇਰ ਵਿਚ ਜਦੋਂ ਵਾਪਸ ਆਏ ਤਾਂ ਕੀ ਦੇਖਦੇ ਹਨ ਕਿ ਉਥੇ ਨਾ ਤਾਂ ਟਾਂਗਾ ਸੀ, ਨਾ ਟਾਂਗੇ ਵਾਲਾ ਅਤੇ ਨਾ ਹੀ ਟਾਂਗੇ ਦੇ ਘੋੜੇ। ਉਨ੍ਹਾਂ ਦੇ ਮੂੰਹ ਵਿਚੋਂ ਇਕ ਸ਼ਬਦ ਵੀ ਨਹੀਂ ਨਿਕਲ ਰਿਹਾ ਸੀ। ਉਹ ਨੇੜੇ ਹੀ ਕਚਹਿਰੀ ਵਿਚ ਪੁੱਛ-ਗਿੱਛ ਕਰਨ ਗਏ ਅਤੇ ਉਥੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਵੇਲੇ ਮਾਮਲੇਦਾਰ ਘਰ ਹੀ ਹਨ। ਉਹ ਨਾਨਾਸਾਹਿਬ ਦੇ ਘਰ ਗਏ ਅਤੇ ਉਨ੍ਹਾਂ ਨੂੰ ਦੱਸਿਆ, "ਮੈਂ ਸ਼ਿਰਡੀ ਤੋਂ ਬਾਬਾ ਦੀ ਆਰਤੀ ਅਤੇ ਉਦੀ ਲੈ ਕੇ ਆਇਆ ਹਾਂ।" ਉਸ ਵੇਲੇ ਮੈਨਾਤਾਈ ਦੀ ਹਾਲਤ ਬਹੁਤ ਹੀ ਖ਼ਰਾਬ ਸੀ ਅਤੇ ਸਾਰਿਆਂ ਨੂੰ ਉਸਦੀ ਬਹੁਤ ਫ਼ਿਕਰ ਸੀ। ਨਾਨਾਸਾਹਿਬ ਨੇ ਆਪਣੀ ਪਤਨੀ ਨੂੰ ਬੁਲਾ ਕੇ ਉਦੀ ਨੂੰ ਪਾਣੀ ਵਿਚ ਘੋਲ ਕੇ ਆਪਣੀ ਲੜਕੀ ਨੂੰ ਪਿਆ ਦੇਣ ਅਤੇ ਆਰਤੀ ਕਰਨ ਲਈ ਕਿਹਾ। ਥੋੜ੍ਹੀ ਦੇਰ ਵਿਚ ਹੀ ਖ਼ਬਰ ਮਿਲੀ ਕਿ ਬੱਚਾ ਠੀਕ-ਠਾਕ ਹੋ ਗਿਆ ਅਤੇ ਸਾਰੀ ਪੀੜ ਦੂਰ ਹੋ ਗਈ ਹੈ। ਜਦੋਂ ਰਾਮਗੀਰ ਬੁਵਾ ਨੇ ਨਾਨਾਸਾਹਿਬ ਨੂੰ ਚਪੜਾਸੀ, ਟਾਂਗਾ ਅਤੇ ਚਾਹ-ਪਾਣੀ ਆਦਿ ਰੇਲਵੇ ਸਟੇਸ਼ਨ 'ਤੇ ਭੇਜਣ ਦੇ ਲਈ ਧੰਨਵਾਦ ਕੀਤਾ ਤਾਂ ਨਾਨਾਸਾਹਿਬ ਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ ਅਤੇ ਕਹਿਣ ਲਗੇ ਕਿ ਮੈਂ ਨਾ ਤਾਂ ਕੋਈ ਟਾਂਗਾ ਨਾ ਚਪੜਾਸੀ ਹੀ ਭੇਜਿਆ ਸੀ ਅਤੇ ਨਾ ਹੀ ਮੈਨੂੰ ਸ਼ਿਰਡੀ ਤੋਂ ਤੁਹਾਡੇ ਆਉਣ ਦੀ ਕੋਈ ਖ਼ਬਰ ਹੀ ਸੀ।

ਠਾਣੇ ਦੇ ਸੇਵਾਮੁਕਤ ਮਾਮਲੇਦਾਰ ਸ੍ਰੀ ਬੀ.ਵੀ. ਦੇਵ ਨੇ ਨਾਨਾਸਾਹਿਬ ਚਾਂਦੋਰਕਰ ਦੇ ਪੁੱਤਰ ਬਾਪੂਸਾਹਿਬ ਚਾਂਦੋਰਕਰ ਅਤੇ ਸ਼ਿਰਡੀ ਦੇ ਰਾਮਗੀਰ ਬੁਵਾ ਕੋਲੋਂ ਇਸ ਬਾਰੇ ਬਹੁਤ ਪੁੱਛ-ਪੜਤਾਲ ਕੀਤੀ ਅਤੇ ਫਿਰ ਤਸੱਲੀ ਕਰਕੇ ਸ੍ਰੀ ਸਾਈਂ ਲੀਲ੍ਹਾ ਮੈਗਜ਼ੀਨ ਭਾਗ 13 (ਪੰਨਾ ਨੰ. 11, 12, 13) ਵਿਚ ਗਦ ਅਤੇ ਪਦ ਵਿਚ ਇਕ ਸੁੰਦਰ ਰਚਨਾ ਲਿਖੀ। ਸ੍ਰੀ ਬੀ.ਵੀ. ਨਰਸਿੰਘ ਸਵਾਮੀ ਨੇ ਵੀ (1) ਮੈਨਾਤਾਈ (ਭਾਗ 5, ਸਫ਼ਾ 14), (2) ਬਾਪੂ ਸਾਹਿਬ ਚਾਂਦੋਰਕਰ (ਭਾਗ 20, ਸਫ਼ਾ 50) ਅਤੇ (3) ਰਾਮਗੀਰ ਬੁਵਾ (ਭਾਗ 27, ਸਫ਼ਾ 83) ਦੇ

ਕਥਨ ਲਏ ਹਨ, ਜਿਹੜੇ ਕਿ ਕ੍ਰਮਵਾਰ—1 ਜੂਨ 1936, 16 ਸਤੰਬਰ 1936 ਅਤੇ 1 ਦਸੰਬਰ 1936 ਨੂੰ ਛਪੇ ਹਨ ਅਤੇ ਇਹ ਸਾਰੇ ਉਨ੍ਹਾਂ ਨੇ ਆਪਣੀ ਕਿਤਾਬ 'ਭਗਤਾਂ ਦੇ ਅਨੁਭਵ' ਦੇ ਭਾਗ 3 ਵਿਚ ਲਿਖੇ ਹਨ। ਹੇਠਾਂ ਲਿਖੀ ਕਥਾ ਰਾਮਗੀਰ ਬੁਵਾ ਦੇ ਕਹਿਣ ਅਨੁਸਾਰ ਹੈ—

"ਇਕ ਦਿਨ ਬਾਬਾ ਨੇ ਮੈਨੂੰ ਆਪਣੇ ਕੋਲ ਬੁਲਾ ਕੇ ਇਕ ਉਦੀ ਦੀ ਪੁੜੀ ਅਤੇ ਇਕ ਆਰਤੀ ਦੀ ਨਕਲ ਦੇ ਕੇ ਆਗਿਆ ਦਿੱਤੀ ਕਿ ਜਾਮਨੇਰ ਜਾਉ ਅਤੇ ਆਰਤੀ ਅਤੇ ਉਦੀ ਨਾਨਾ ਸਾਹਿਬ ਨੂੰ ਦੇ ਦਿਉ। ਮੈਂ ਬਾਬਾ ਨੂੰ ਦੱਸਿਆ ਕਿ ਮੇਰੇ ਕੋਲ ਸਿਰਫ਼ ਦੋ ਰੁਪਏ ਹੀ ਹਨ, ਜੋ ਕਿ ਕੋਪਰਗਾਂਵ ਤੋਂ ਜਲਗਾਂਵ ਜਾਣ ਅਤੇ ਫੇਰ ਉਥੋਂ ਬੈਲਗੱਡੀ ਵਿਚ ਜਾਮਨੇਰ ਜਾਣ ਲਈ ਕਾਫੀ ਨਹੀਂ ਹਨ।" ਬਾਬਾ ਨੇ ਕਿਹਾ, "ਅੱਲ੍ਹਾ ਦੇਵੇਗਾ।" ਸ਼ੁੱਕਰਵਾਰ ਦਾ ਦਿਨ ਸੀ। ਮੈਂ ਫਟਾਫੱਟ ਹੀ ਚੱਲ ਪਿਆ। ਮੈਂ ਮਨਮਾਡ 6:30 ਵਜੇ ਸ਼ਾਮ ਨੂੰ ਅਤੇ ਜਲਗਾਂਵ ਰਾਤ ਨੂੰ 2 ਵੱਜ ਕੇ 45 ਮਿੰਟ 'ਤੇ ਪਹੁੰਚਿਆ। ਉਸ ਵੇਲੇ ਪਲੇਗ ਰੋਕੂ ਹੁਕਮ ਲਾਗੂ ਸੀ, ਜਿਸ ਨਾਲ ਮੈਨੂੰ ਮੁਸ਼ਕਿਲ ਹੋਈ ਅਤੇ ਮੈਂ ਸੋਚ ਰਹਿਆ ਸੀ ਕਿ ਕਿਵੇਂ ਜਾਮਨੇਰ ਪਹੁੰਚਾਂਗਾ। ਰਾਤ ਨੂੰ 3 ਵੱਜੇ ਇਕ ਚਪੜਾਸੀ ਆਇਆ, ਜਿਹੜਾ ਪੈਰਾਂ ਵਿਚ ਬੂਟ ਪਾਏ ਹੋਏ ਸੀ ਸਿਰ 'ਤੇ ਪੱਗੜੀ ਬੰਨ੍ਹੇ ਅਤੇ ਹੋਰ ਪੋਸ਼ਾਕ ਵੀ ਪਾਈ ਦੀ ਸੀ। ਉਸਨੇ ਮੈਨੂੰ ਟਾਂਗੇ ਵਿਚ ਬੈਠਾ ਲਿਆ ਅਤੇ ਟਾਂਗਾ ਚਲ ਪਿਆ। ਮੈਂ ਉਸ ਵੇਲੇ ਡਰ ਰਿਹਾ ਸੀ। ਰਾਹ ਵਿਚ ਭਗੂਰ ਦੇ ਕੋਲ ਮੈਂ ਚਾਹ ਪਾਣੀ ਪੀਤਾ। ਜਦੋਂ ਸਵੇਰ ਵੇਲੇ ਮੈਂ ਜਾਮਨੇਰ ਪਹੁੰਚਿਆ, ਤਾਂ ਉਸੇ ਵੇਲੇ ਮੈਨੂੰ ਪਿਸ਼ਾਬ ਆ ਗਿਆ, ਜਦੋਂ ਮੈਂ ਵਾਪਸ ਆਇਆ ਤਾਂ ਦੇਖਿਆ ਕਿ ਉਥੇ ਕੁਝ ਵੀ ਨਹੀਂ ਹੈ। ਟਾਂਗਾ ਅਤੇ ਟਾਂਗੇ ਵਾਲਾ ਗਾਇਬ ਹਨ।

ਭਗਤ ਨਰਾਇਣਰਾਵ ਨੂੰ ਬਾਬਾ ਦੇ ਦਰਸ਼ਨ ਖੁਸ਼ਕਿਸਮਤੀ ਨਾਲ ਤਿੰਨ ਵਾਰੀ ਹੋਏ। ਸੰਨ 1918 ਵਿਚ ਮਹਾਂਸਮਾਧੀ ਲੈਣ ਦੇ ਤਿੰਨ ਸਾਲ ਬਾਅਦ ਉਹ ਸ਼ਿਰਡੀ ਜਾਣਾ ਚਾਹੁੰਦੇ ਸੀ, ਪਰ ਕਿਸੇ ਕਾਰਨ ਉਹ ਜਾ ਨਹੀਂ ਸਕੇ। ਬਾਬਾ ਦੇ ਸਮਾਧੀ ਲੈਣ ਤੋਂ ਇਕ ਸਾਲ ਦੇ ਵਿਚ ਉਹ ਰੋਗੀ ਹੋ ਗਏ। ਕਿਸੇ ਇਲਾਜ ਨਾਲ ਉਨ੍ਹਾਂ ਨੂੰ ਲਾਭ ਨਹੀਂ ਹੋਇਆ। ਤਾਂ ਉਨ੍ਹਾਂ ਨੇ ਅੱਠੇ ਪਹਿਰ ਬਾਬਾ ਦਾ ਧਿਆਨ ਕਰਨਾ ਸ਼ੁਰੂ ਕਰ ਦਿੱਤਾ। ਇਕ ਰਾਤ ਨੂੰ ਉਨ੍ਹਾਂ ਨੂੰ ਸੁਪਨਾ ਆਇਆ। ਬਾਬਾ ਇਕ ਗੁਫ਼ਾ ਵਿਚੋਂ ਆਉਂਦੇ ਹੋਏ ਦਿਸੇ ਅਤੇ ਹੌਂਸਲਾ ਦੇ ਕੇ ਕਹਿਣ ਲੱਗੇ, "ਘਬਰਾਉ ਨਾ ਤੁਹਾਨੂੰ ਕਲ ਤੋਂ ਆਰਾਮ ਆ ਜਾਏਗਾ ਅਤੇ ਇਕ ਹਫ਼ਤੇ ਵਿਚ ਹੀ ਤੁਰਨ-ਫਿਰਨ ਲੱਗੋਗੇ।" ਠੀਕ ਇਕ ਹਫ਼ਤੇ ਵਿਚ ਨਰਾਇਣਰਾਵ ਤੰਦਰੁਸਤ ਹੋ ਗਏ। ਹੁਣ ਇਹ ਸੁਆਲ ਸੋਚਣ ਯੋਗ ਹੈ ਕਿ ਕੀ ਬਾਬਾ ਦੇਹਧਾਰੀ ਹੋਣ ਨਾਲ ਜ਼ਿੰਦਾ ਅਖਵਾਉਂਦੇ ਸੀ ਅਤੇ ਕੀ ਉਨ੍ਹਾਂ ਨੇ ਦੇਹ ਤਿਆਗ ਦਿੱਤੀ, ਇਸ ਲਈ ਮਰ ਗਏ ? ਨਹੀਂ। ਬਾਬਾ ਅਮਰ ਹਨ, ਕਿਉਂਕਿ ਉਹ ਜੀਵਨ ਅਤੇ ਮੌਤ ਤੋਂ ਪਰੇ ਹਨ।

।

ਸੰਨ 1917 ਵਿਚ ਅਪਾਸਾਹਿਬ ਕੁਲਕਰਨੀ ਦੇ ਸ਼ੁਭ ਦਿਨ ਆਏ। ਉਨ੍ਹਾਂ ਦਾ ਤਬਾਦਲਾ ਠਾਣੇ ਹੋ ਗਿਆ। ਉਨ੍ਹਾਂ ਨੇ ਬਾਲਾਸਾਹਿਬ ਭਾਟੇ ਕੋਲੋਂ ਮਿਲੀ ਬਾਬਾ ਦੀ ਤਸਵੀਰ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਸੱਚੇ ਦਿਲ ਨਾਲ ਪੂਜਾ ਕੀਤੀ। ਉਹ ਰੋਜ਼ ਫੁੱਲ, ਚੰਦਨ ਅਤੇ ਨੈਵੇਦ ਬਾਬਾ ਨੂੰ ਅਰਪਣ ਕਰਦੇ ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਬੜੀ ਚਾਹ ਰੱਖਦੇ ਸੀ। ਇਸ ਬਾਰੇ ਵਿਚ ਏਨਾ ਤਾਂ ਕਿਹਾ ਜਾ ਸਕਦਾ ਹੈ ਕਿ

। ਹੇਠਾਂ ਲਿਖੀ ਕਥਾ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ।

ਬੰਬਈ ਵਿਚ ਇਕ ਬਾਲਾਬੁਵਾ ਨਾਂਅ ਦੇ ਸੰਤ ਸੀ, ਜਿਹੜੇ ਕਿ ਆਪਣੀ ਭਗਤੀ, ਭਜਨ ਅਤੇ ਆਚਰਣ ਕਰਕੇ 'ਆਧੁਨਿਕ ਤੁਕਾ ਰਾਮ' ਦੇ ਨਾਂਅ ਨਾਲ ਮਸ਼ਹੂਰ ਸੀ। ਸੰਨ 1917 ਵਿਚ ਉਹ ਸ਼ਿਰਡੀ ਆਏ। ਜਦੋਂ ਉਨ੍ਹਾਂ ਨੇ ਬਾਬਾ ਨੂੰ ਪ੍ਰਨਾਮ ਕੀਤਾ ਤਾਂ ਬਾਬਾ ਕਹਿਣ ਲਗੇ, "ਮੈਂ ਤਾਂ ਉਨ੍ਹਾਂ ਨੂੰ ਚਾਰ ਸਾਲਾਂ ਤੋਂ ਜਾਣਦਾ ਹਾਂ। ਬਾਲਾਬੁਵਾ ਨੂੰ ਹੈਰਾਨੀ ਹੋਈ ਅਤੇ ਉਨ੍ਹਾਂ ਨੇ ਸੋਚਿਆ ਕਿ ਮੈਂ ਤਾਂ ਪਹਿਲੀ ਵਾਰੀ ਹੀ ਸ਼ਿਰਡੀ ਆਇਆ ਹਾਂ, ਫੇਰ ਇਹ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ ? ਡੂੰਘਾ ਸੋਚਣ 'ਤੇ ਉਨ੍ਹਾਂ ਨੂੰ ਬਾਬਾ ਦੇ ਸ਼ਬਦਾਂ ਦੀ ਅਸਲੀਅਤ ਦਾ ਗਿਆਨ ਹੋ ਗਿਆ ਅਤੇ ਉਹ ਮਨ ਹੀ ਮਨ ਕਹਿਣ ਲਗੇ ਕਿ ਸੰਤ ਕਿੰਨੇ ਸਰਵ-ਵਿਆਪਕ ਅਤੇ ਸਰਵਗਿਆਨੀ ਹੁੰਦੇ ਹਨ ਅਤੇ ਆਪਣੇ ਭਗਤਾਂ ਦੇ ਲਈ ਉਨ੍ਹਾਂ ਦੇ ਦਿਲ ਵਿਚ ਕਿੰਨੀ ਦਯਾ ਹੁੰਦੀ ਹੈ। ਮੈਂ ਸਿਰਫ਼ ਉਨ੍ਹਾਂ ਦੀ ਤਸਵੀਰ ਨੂੰ ਹੀ ਨਮਸਕਾਰ ਕੀਤਾ ਸੀ ਤਾਂ ਵੀ ਇਹ ਗੱਲ ਉਨ੍ਹਾਂ ਨੂੰ ਪਤਾ ਲਗ ਗਈ। ਇਸ ਲਈ ਉਨ੍ਹਾਂ ਨੇ ਮੈਨੂੰ ਇਹ ਗੱਲ ਮਹਿਸੂਸ ਕਰਾਈ ਹੈ ਕਿ

।

ਹੁਣ ਅਸੀਂ ਅਪਾਸਾਹਿਬ ਦੀ ਕਥਾ 'ਤੇ ਆਉਂਦੇ ਹਾਂ। ਜਦੋਂ ਉਹ ਠਾਣੇ ਵਿਚ ਸੀ ਤਾਂ ਉਨ੍ਹਾਂ ਨੂੰ ਭਿਵੰਡੀ ਦੌਰੇ 'ਤੇ ਜਾਣਾ ਪਿਆ, ਜਿਥੋਂ ਉਨ੍ਹਾਂ ਦਾ ਇਕ ਹਫ਼ਤੇ ਵਿਚ ਵਾਪਸ ਆਉਣਾ ਸੰਭਵ ਨਹੀਂ ਸੀ। ਉਨ੍ਹਾਂ ਦੇ ਮਗਰੋਂ ਤੀਜੇ ਦਿਨ ਉਨ੍ਹਾਂ ਦੇ ਘਰ ਵਿਚ ਹੇਠਾਂ ਲਿਖੀ ਅਜ਼ੀਬ ਘਟਨਾ ਹੋਈ। ਦੁਪਹਿਰ ਵੇਲੇ ਅਪਾਸਾਹਿਬ ਦੇ ਘਰ ਇਕ ਫ਼ਕੀਰ ਆਇਆ, ਜਿਸ ਦੀ ਸੂਰਤ ਬਾਬਾ ਦੀ ਤਸਵੀਰ ਨਾਲ ਮਿਲਦੀ-ਜੁਲਦੀ ਸੀ। ਸ੍ਰੀਮਤੀ ਕੁਲਕਰਨੀ ਅਤੇ ਉਨ੍ਹਾਂ ਦੇ ਬੱਚਿਆਂ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਸ਼ਿਰਡੀ ਦੇ ਸ੍ਰੀ ਸਾਈਂ ਬਾਬਾ ਤਾਂ ਨਹੀਂ ? ਇਸ 'ਤੇ ਜਵਾਬ ਮਿਲਿਆ ਕਿ ਉਹ ਤਾਂ ਸਾਈਂ ਬਾਬਾ ਦੇ ਆਗਿਆਕਾਰੀ ਸੇਵਕ ਹਨ ਅਤੇ ਉਨ੍ਹਾਂ ਦੀ ਆਗਿਆ ਨਾਲ ਹੀ ਤੁਹਾਡੇ ਲੋਕਾਂ ਦਾ ਹਾਲ-ਚਾਲ ਪੁੱਛਣ ਇਥੇ ਆਇਆ ਹਾਂ। ਫ਼ਕੀਰ ਨੇ ਦਕਸ਼ਿਣਾ ਮੰਗੀ ਤਾਂ ਸ੍ਰੀਮਤੀ

ਕੁਲਕਰਨੀ ਨੇ ਉਨ੍ਹਾਂ ਨੂੰ ਇਕ ਰੁਪਇਆ ਭੇਟ ਕੀਤਾ। ਤਾਂ ਫ਼ਕੀਰ ਨੇ ਉਨ੍ਹਾਂ ਨੂੰ ਉਦੀ ਦੀ ਇਕ ਪੁੜੀ ਦਿੰਦੇ ਹੋਏ ਕਿਹਾ ਕਿ ਇਸ ਨੂੰ ਆਪਣੀ ਪੂਜਾ ਵਿਚ ਤਸਵੀਰ ਦੇ ਨਾਲ ਰੱਖੋ। ਏਨਾ ਕਹਿ ਕੇ ਉਹ ਉਥੋਂ ਚਲਾ ਗਿਆ। ਹੁਣ ਬਾਬਾ ਦੀ ਅਦਭੁੱਤ ਲੀਲ੍ਹਾ ਸੁਣੋ—

ਭਿਵੰਡੀ ਵਿਚ ਅਪਾਸਾਹਿਬ ਦਾ ਘੋੜਾ ਬਿਮਾਰ ਹੋ ਗਿਆ, ਜਿਸ ਕਰਕੇ ਉਹ ਦੌਰੇ ’ਤੇ ਅੱਗੇ ਨਹੀਂ ਜਾ ਸਕੇ। ਤਾਂ ਉਸੇ ਸ਼ਾਮ ਨੂੰ ਉਹ ਘਰ ਵਾਪਸ ਆ ਗਏ। ਘਰ ਆਉਣ ’ਤੇ ਉਨ੍ਹਾਂ ਨੂੰ ਪਤਨੀ ਕੋਲੋਂ ਫ਼ਕੀਰ ਦੇ ਆਉਣ ਦੀ ਖ਼ਬਰ ਮਿਲੀ। ਉਨ੍ਹਾਂ ਦੇ ਮਨ ਵਿਚ ਥੋੜ੍ਹੀ ਬੇਚੈਨੀ ਜਿਹੀ ਹੋਈ ਕਿ ਮੈਂ ਫ਼ਕੀਰ ਦੇ ਦਰਸ਼ਨਾਂ ਤੋਂ ਵਾਂਝਾ ਰਹਿ ਗਿਆ ਅਤੇ ਪਤਨੀ ਵੱਲੋਂ ਸਿਰਫ਼ ਇਕ ਰੁਪਇਆ ਦਕਸ਼ਿਣਾ ਦੇਣਾ, ਉਨ੍ਹਾਂ ਨੂੰ ਚੰਗਾ ਨਹੀਂ ਲੱਗਿਆ। ਉਹ ਕਹਿਣ ਲਗੇ ਕਿ ਜੇ ਮੈਂ ਘਰ ਹੁੰਦਾ ਤਾਂ 10 ਰੁਪਏ ਤੋਂ ਘੱਟ ਕਦੀ ਨਾ ਦਿੰਦਾ। ਤਾਂ ਉਹ ਭੁੱਖੇ ਹੀ ਫ਼ਕੀਰ ਦੀ ਖੋਜ ਵਿਚ ਚਲ ਪਏ। ਉਨ੍ਹਾਂ ਨੇ ਮਸਜਿਦ ਅਤੇ ਹੋਰ ਕਈ ਥਾਵਾਂ ’ਤੇ ਲੱਭਿਆ, ਪਰ ਉਨ੍ਹਾਂ ਦੀ ਭਾਲ ਬੇਕਾਰ ਹੀ ਹੋਈ। ਪਾਠਕੋ ਅਧਿਆਇ 32 ਵਿਚ ਕਹੇ ਗਏ ਬਾਬਾ ਦੇ ਵਚਨਾਂ ਨੂੰ ਯਾਦ ਕਰੋ ਕਿ

। ਅਪਾਸਾਹਿਬ ਨੂੰ ਸਿੱਖਿਆ ਮਿਲ ਗਈ। ਭੋਜਨ ਦੇ ਬਾਅਦ ਉਹ ਜਦੋਂ ਆਪਣੇ ਦੋਸਤ ਸ੍ਰੀ ਚਿਤਰੇ ਨਾਲ ਘੁੰਮਣ ਗਏ ਤਾਂ ਥੋੜ੍ਹੀ ਦੂਰ ਜਾਣ ’ਤੇ ਉਨ੍ਹਾਂ ਨੂੰ ਸਾਹਮਣਿਉਂ ਇਕ ਫ਼ਕੀਰ ਤੇਜ਼ੀ ਨਾਲ ਆਉਂਦਾ ਦਿਸਿਆ। ਅਪਾਸਾਹਿਬ ਨੇ ਸੋਚਿਆ ਕਿ ਇਹ ਤਾਂ ਉਹੀ ਫ਼ਕੀਰ ਲੱਗਦਾ ਹੈ, ਜਿਹੜਾ ਮੇਰੇ ਘਰ ਆਇਆ ਸੀ ਅਤੇ ਉਸ ਦੀ ਸੂਰਤ ਵੀ ਬਾਬਾ ਦੀ ਤਸਵੀਰ ਵਰਗੀ ਹੀ ਹੈ। ਫ਼ਕੀਰ ਨੇ ਤੁਰੰਤ ਹੀ ਹੱਥ ਵਧਾ ਕੇ ਦਕਸ਼ਿਣਾ ਮੰਗੀ। ਅਪਾਸਾਹਿਬ ਨੇ ਉਨ੍ਹਾਂ ਨੂੰ ਇਕ ਰੁਪਇਆ ਦੇ ਦਿੱਤਾ, ਤਾਂ ਉਹ ਹੋਰ ਮੰਗਣ ਲਗਾ। ਹੁਣ ਅਪਾਸਾਹਿਬ ਨੇ ਦੋ ਰੁਪਏ ਦਿੱਤੇ। ਤਾਂ ਵੀ ਉਸ ਨੂੰ ਤਸੱਲੀ ਨਹੀਂ ਹੋਈ। ਉਨ੍ਹਾਂ ਨੇ ਆਪਣੇ ਦੋਸਤ ਚਿਤਰੇ ਕੋਲੋਂ 3 ਰੁਪਏ ਉਧਾਰ ਲੈ ਕੇ ਦਿੱਤੇ, ਫੇਰ ਵੀ ਉਹ ਮੰਗਦਾ ਹੀ ਰਿਹਾ ਤਾਂ ਅਪਾਸਾਹਿਬ ਨੇ ਉਸ ਨੂੰ ਘਰ ਚੱਲਣ ਲਈ ਕਿਹਾ। ਸਾਰੇ ਲੋਕ ਘਰ ਆਏ ਅਤੇ ਅਪਾਸਾਹਿਬ ਨੇ ਉਸ ਨੂੰ 3 ਰੁਪਏ ਹੋਰ ਦਿੱਤੇ, ਮਤਲਬ ਕੁਲ 9 ਰੁਪਏ। ਫੇਰ ਵੀ ਉਸ ਨੂੰ ਸੰਤੋਖ ਨਹੀਂ ਹੋਇਆ ਅਤੇ ਹੋਰ ਮੰਗਦਾ ਹੀ ਰਿਹਾ। ਤਾਂ ਅਪਾਸਾਹਿਬ ਨੇ ਕਿਹਾ ਕਿ ਮੇਰੇ ਕੋਲ ਤਾਂ 10 ਰੁਪਏ ਦਾ ਨੋਟ ਹੈ। ਤਾਂ ਫ਼ਕੀਰ ਨੇ ਨੋਟ ਲੈ ਲਿਆ ਅਤੇ 9 ਰੁਪਏ ਵਾਪਸ ਕਰਕੇ ਚਲਾ ਗਿਆ। ਅਪਾਸਾਹਿਬ ਨੇ 10 ਰੁਪਏ ਦੇਣ ਲਈ ਕਿਹਾ ਸੀ, ਇਸ ਲਈ ਉਨ੍ਹਾਂ ਕੋਲੋਂ 10 ਰੁਪਏ ਲੈ ਲਏ ਅਤੇ ਬਾਬਾ ਦੀ ਛੋਹ ਵਾਲੇ 9 ਰੁਪਏ ਉਨ੍ਹਾਂ ਨੂੰ ਵਾਪਸ ਮਿਲ ਗਏ। ਅੰਕ 9 ਰੁਪਏ ਅਰਥਪੂਰਨ ਹਨ ਅਤੇ ਨਵਵਿਦਾ ਭਗਤੀ ਵੱਲ ਇਸ਼ਾਰਾ ਕਰਦੇ ਹਨ (ਦੇਖੋ ਅਧਿਆਇ 21) ਇਥੇ ਧਿਆਨ ਦਿਉ ਕਿ ਲਕਸ਼ਮੀ ਬਾਈ ਨੂੰ ਵੀ ਉਨ੍ਹਾਂ ਨੇ ਆਖ਼ਰੀ ਵੇਲੇ 9 ਰੁਪਏ ਹੀ ਦਿੱਤੇ ਸੀ।

ਉਦੀ ਦੀ ਪੁੜੀ ਖੋਲ੍ਹਣ ’ਤੇ ਅਪਾਸਾਹਿਬ ਨੇ ਦੇਖਿਆ ਕਿ ਉਸ ਵਿਚ ਫੁੱਲ ਦੀਆਂ ਪਤੀਆਂ ਅਤੇ ਅਕਸ਼ਤ ਹਨ। ਜਦੋਂ ਉਹ ਸ਼ਿਰਡੀ ਗਏ ਤਾਂ ਉਨ੍ਹਾਂ ਨੂੰ ਬਾਬਾ ਨੇ ਆਪਣਾ ਇਕ ਵਾਲ ਵੀ ਦਿੱਤਾ। ਉਨ੍ਹਾਂ ਨੇ ਉਦੀ ਅਤੇ ਵਾਲ ਨੂੰ ਇਕ ਤਵੀਤ ਵਿਚ ਰੱਖਿਆ ਅਤੇ ਉਸ ਨੂੰ ਉਹ ਹਮੇਸ਼ਾਂ ਹੱਥ ਉਪਰ ਬੰਨ੍ਹਦੇ ਸੀ। ਹੁਣ ਅਪਾਸਾਹਿਬ ਨੂੰ ਉਦੀ ਦੀ ਸ਼ਕਤੀ ਪਤਾ ਲਗ ਚੁੱਕੀ ਸੀ। ਉਹ ਤੇਜ਼ ਦਿਮਾਗ ਦੇ ਸੀ। ਪਹਿਲਾਂ ਉਨ੍ਹਾਂ ਨੂੰ 40 ਰੁਪਏ ਮਹੀਨਾ

ਮਿਲਦੇ ਸੀ, ਪਰ  ਬਾਬਾ ਦੀ ਉਦੀ ਅਤੇ ਤਸਵੀਰ ਮਿਲਣ ਤੋਂ ਬਾਅਦ ਉਨ੍ਹਾਂ ਦੀ ਤਨਖ਼ਾਹ ਕਈ ਗੁਣਾਂ ਹੋ ਗਈ ਅਤੇ ਉਨ੍ਹਾਂ ਨੂੰ ਮਾਨ ਅਤੇ ਯਸ਼ ਵੀ ਮਿਲਿਆ। ਇਨ੍ਹਾਂ ਆਰਜ਼ੀ ਖਿਚਾਉ ਤੋਂ ਇਲਾਵਾ ਉਨ੍ਹਾਂ ਦੀ ਅਧਿਆਤਮਿਕ ਉਨਤੀ ਵੀ ਜਲਦੀ-ਜਲਦੀ ਹੋਣ ਲਗੀ। ਇਸ ਲਈ ਚੰਗੇ ਭਾਗਾਂ ਨਾਲ ਜਿਨ੍ਹਾਂ ਕੋਲ ਉਦੀ ਹੈ, ਉਨ੍ਹਾਂ ਨੂੰ ਇਸ਼ਨਾਨ ਕਰਨ ਤੋਂ ਬਾਅਦ ਮੱਥੇ 'ਤੇ ਧਾਰਨ ਕਰਨਾ ਚਾਹੀਦਾ ਅਤੇ ਕੁਝ ਪਾਣੀ ਵਿਚ ਘੋਲ ਕੇ ਅੰਮ੍ਰਿਤ ਵਾਂਗ ਗ੍ਰਹਿਣ ਕਰਨਾ ਚਾਹੀਦਾ ਹੈ।

ਸੰਨ 1907 ਵਿਚ ਗੁਰੂ ਪੂਰਨਿਮਾ ਦੇ ਸ਼ੁਭ ਦਿਨ ਡਹਾਣੂ ਜ਼ਿਲ੍ਹਾ ਠਾਣੇ ਦੇ ਹਰੀਭਾਊ ਕਾਰਨਿਕ  ਸ਼ਿਰਡੀ ਆਏ ਅਤੇ ਉਨ੍ਹਾਂ ਨੇ ਬਾਬਾ ਦੀ ਵਿਧੀ ਨਾਲ ਪੂਜਾ ਕੀਤੀ। ਉਨ੍ਹਾਂ ਨੇ ਚੀਜ਼ਾਂ ਅਤੇ ਦਕਸ਼ਿਣਾ ਆਦਿ ਭੇਟ ਕਰਕੇ ਸ਼ਾਮਾ ਜ਼ਰੀਏ ਬਾਬਾ ਕੋਲੋਂ ਵਾਪਸ ਜਾਣ ਦੀ ਆਗਿਆ ਪ੍ਰਾਪਤ ਕੀਤੀ। ਉਹ ਮਸਜਿਦ ਦੀਆਂ ਪੌੜੀਆਂ ਤੋਂ ਉਤਰੇ ਹੀ ਸੀ ਕਿ ਉਨ੍ਹਾਂ ਨੂੰ ਖ਼ਿਆਲ ਆਇਆ ਕਿ ਬਾਬਾ ਨੂੰ ਇਕ ਰੁਪਇਆ ਹੋਰ ਅਰਪਣ ਕਰਨਾ ਚਾਹੀਦਾ ਹੈ। ਉਹ ਸ਼ਾਮਾ ਨੂੰ ਇਸ਼ਾਰੇ ਨਾਲ ਇਹ ਦੱਸਣਾ ਚਾਹੁੰਦੇ ਸੀ ਕਿ ਬਾਬਾ ਕੋਲੋਂ ਜਾਣ ਦੀ ਆਗਿਆ ਮਿਲ ਚੁੱਕੀ ਹੈ, ਇਸ ਲਈ ਵਾਪਸ ਨਹੀਂ ਜਾਣਾ ਚਾਹੁੰਦਾ। ਪਰ ਸ਼ਾਮਾ ਦਾ ਧਿਆਨ ਉਨ੍ਹਾਂ ਵੱਲ ਨਹੀਂ ਗਿਆ, ਇਸ ਲਈ ਉਹ ਘਰ ਵੱਲ ਤੁਰ ਪਏ। ਰਾਹ ਵਿਚ ਉਹ ਨਾਸਿਕ ਵਿਚ ਕਾਲਾਰਾਮ ਦੇ ਮੰਦਿਰ ਵਿਚ ਦਰਸ਼ਨ ਲਈ ਗਏ। ਸੰਤ ਨਰਸਿੰਘ ਮਹਾਰਾਜ, ਜਿਹੜੇ ਕਿ ਮੰਦਿਰ ਦੇ ਮੁੱਖ ਦਰਵਾਜ਼ੇ ਦੇ ਅੰਦਰ ਬੈਠਦੇ ਸੀ, ਭਗਤਾਂ ਨੂੰ ਉਥੇ ਛੱਡ ਕੇ ਹਰੀਭਾਊ ਦੇ ਕੋਲ ਆਏ ਅਤੇ ਉਨ੍ਹਾਂ ਦਾ ਹੱਥ ਫੜ ਕੇ ਕਹਿਣ ਲਗੇ, "ਮੈਨੂੰ ਮੇਰਾ ਰੁਪਇਆ ਦੇ ਦਿਉ।" ਕਾਰਨਿਕ ਨੂੰ ਬੜੀ ਹੈਰਾਨੀ ਹੋਈ ਅਤੇ ਉਨ੍ਹਾਂ ਨੇ ਖੁਸ਼ੀ ਨਾਲ ਰੁਪਇਆ ਦੇ ਦਿੱਤਾ। ਉਨ੍ਹਾਂ ਨੂੰ ਵਿਚਾਰ ਆਇਆ ਕਿ ਮੈਂ ਬਾਬਾ ਨੂੰ ਰੁਪਇਆ ਦੇਣ ਦਾ ਮਨ ਵਿਚ ਸੋਚਿਆ ਸੀ ਅਤੇ ਬਾਬਾ ਨੇ ਇਹ ਰੁਪਇਆ ਨਾਸਿਕ ਦੇ ਨਰਸਿੰਘ ਮਹਾਰਾਜ ਦੇ ਜ਼ਰੀਏ ਲੈ ਲਿਆ। ਇਸ ਕਥਾ ਤੋਂ ਸਿੱਧ ਹੁੰਦਾ ਹੈ ਕਿ ਸਾਰੇ ਸੰਤ ਇਕ ਹੀ ਹਨ ਅਤੇ ਉਹ ਕਿਸੇ ਨਾ ਕਿਸੇ ਰੂਪ ਵਿਚ ਇਕੱਠੇ ਹੀ ਕਾਰਜ ਕਰਦੇ ਹਨ।



# ॥ ਅਧਿਆਇ-34 ॥

***ਉਦੀ ਦੀ ਮਹਿਮਾ (ਭਾਗ 2)—***

***1) ਡਾਕਟਰ ਦਾ ਭਤੀਜਾ, 2) ਡਾਕਟਰ ਪਿਲੇ, 3) ਸ਼ਾਮਾ ਦੀ ਭਰਜਾਈ, 4) ਇਰਾਨੀ ਕੰਨਿਆ, 5) ਹਰਦਾ ਦੇ ਸੱਜਣ, 6) ਬੰਬਈ ਦੀ ਔਰਤ।***

ਇਸ ਅਧਿਆਇ ਵਿਚ ਵੀ ਉਦੀ ਦੀ ਹੀ ਮਹੱਤਤਾ ਲਿਖੀ ਹੈ ਅਤੇ ਉਨ੍ਹਾਂ ਘਟਨਾਵਾਂ ਦਾ ਵੀ ਵਰਨਣ ਹੈ, ਜਿਨ੍ਹਾਂ ਵਿਚ ਉਸ ਦਾ ਉਪਯੋਗ ਬਹੁਤ ਹੀ ਅਸਰਦਾਰ ਸਾਬਤ ਹੋਇਆ।

ਨਾਸਿਕ ਜ਼ਿਲ੍ਹੇ ਦੇ ਮਾਲੇਗਾਂਵ ਵਿਚ ਇਕ ਡਾਕਟਰ ਰਹਿੰਦੇ ਸੀ। ਉਨ੍ਹਾਂ ਦਾ ਭਤੀਜਾ ਇਕ ਲਾਇਲਾਜ ਬਿਮਾਰੀ Tubercular bone abscess (ਇਕ ਤਰ੍ਹਾਂ ਦੀ ਤਪਦਿਕ) ਨਾਲ ਪੀੜਤ ਸੀ। ਉਨ੍ਹਾਂ ਨੇ ਅਤੇ ਉਨ੍ਹਾਂ ਦੇ ਸਾਰੇ ਡਾਕਟਰ ਦੋਸਤਾਂ ਨੇ ਸਾਰੇ ਇਲਾਜ ਕੀਤੇ। ਇਥੋਂ ਤਕ ਕਿ ਉਸਦਾ ਆਪ੍ਰੇਸ਼ਨ ਵੀ ਕਰਾਇਆ, ਫੇਰ ਵੀ ਬੱਚੇ ਨੂੰ ਕੋਈ ਲਾਭ ਨਹੀਂ ਹੋਇਆ। ਉਸਦੀਆਂ ਤਕਲੀਫ਼ਾਂ ਦਾ ਕੋਈ ਅੰਤ ਨਹੀਂ ਸੀ। ਦੋਸਤਾਂ ਅਤੇ ਰਿਸ਼ਤੇਦਾਰਾਂ ਨੇ ਬੱਚੇ ਦੇ ਮਾਤਾ ਪਿਤਾ ਨੂੰ ਦੈਵਿਕ ਇਲਾਜ ਕਰਨ ਦੀ ਸਲਾਹ ਦੇ ਕੇ ਸ੍ਰੀ ਸਾਈਂ ਬਾਬਾ ਦੀ ਸ਼ਰਨ ਵਿਚ ਜਾਣ ਲਈ ਕਿਹਾ, ਜਿਹੜੇ ਆਪਣੀ ਇਕ ਨਜ਼ਰ ਨਾਲ ਹੀ ਲਾਇਲਾਜ ਰੋਗਾਂ ਨੂੰ ਠੀਕ ਕਰਨ ਲਈ ਪ੍ਰਸਿੱਧ ਹਨ। ਆਖ਼ੀਰ ਮਾਂ-ਪਿਉ ਬੱਚੇ ਨੂੰ ਨਾਲ ਲੈ ਕੇ ਸ਼ਿਰਡੀ ਆਏ। ਉਨ੍ਹਾਂ ਨੇ ਬਾਬਾ ਨੂੰ ਸ਼ਸ਼ਟਾਂਗ ਪ੍ਰਨਾਮ ਕਰਕੇ ਸ੍ਰੀਚਰਣਾਂ ਵਿਚ ਬੱਚੇ ਨੂੰ ਪਾ ਦਿੱਤਾ ਅਤੇ ਬੜੀ ਨਿਮਰਤਾ ਅਤੇ ਆਦਰ ਨਾਲ ਬੇਨਤੀ ਕੀਤੀ, "ਪ੍ਰਭੂ, ਸਾਡੇ ਲੋਕਾਂ 'ਤੇ ਦਯਾ ਕਰੋ। ਤੁਹਾਡਾ 'ਸੰਕਟ ਮੋਚਨ' ਨਾਂਅ ਸੁਣ ਕੇ ਹੀ ਅਸੀਂ ਲੋਕ ਇਥੇ ਆਏ ਹਾਂ। ਦਯਾ ਕਰਕੇ ਇਸ ਬੱਚੇ ਦੀ ਰੱਖਿਆ ਕਰੋ। ਪ੍ਰਭੂ! ਸਾਨੂੰ ਤਾਂ ਸਿਰਫ਼ ਤੁਹਾਡਾ ਹੀ ਭਰੋਸਾ ਹੈ।" ਪ੍ਰਾਰਥਨਾ ਸੁਣ ਕੇ ਬਾਬਾ ਨੂੰ ਦਯਾ ਆ ਗਈ ਅਤੇ ਉਨ੍ਹਾਂ ਨੇ ਤਸੱਲੀ ਦੇ ਕੇ ਕਿਹਾ,

ਬੱਚੇ ਨੂੰ ਬਾਬਾ ਦੇ ਸਾਹਮਣੇ ਬਿਠਾਇਆ ਗਿਆ। ਉਹ ਉਸ ਰੋਗ ਵਾਲੀ ਥਾਂ 'ਤੇ ਆਪਣਾ ਹੱਥ ਫੇਰਦੇ ਹੋਏ ਦਯਾ ਭਰੀ ਨਜ਼ਰ ਨਾਲ ਬੱਚੇ ਵੱਲ ਦੇਖਣ ਲਗੇ। ਰੋਗੀ ਹੁਣ ਖੁਸ਼ ਰਹਿਣ ਲਗਾ ਅਤੇ ਉਦੀ ਦੇ ਲੇਪ ਨਾਲ ਬੱਚਾ ਥੋੜ੍ਹੇ ਵਕਤ ਵਿਚ ਹੀ ਠੀਕ ਹੋ ਗਿਆ। ਮਾਂ ਪਿਉ ਆਪਣੇ ਆਪ ਨੂੰ ਬਾਬਾ ਦਾ ਅਭਾਰੀ ਅਤੇ ਅਹਿਸਾਨਮੰਦ ਮੰਨ ਕੇ ਬੱਚੇ ਨੂੰ ਲੈ ਕੇ ਸ਼ਿਰਡੀ ਤੋਂ

ਚਲੇ ਗਏ।

ਇਹ ਲੀਲ੍ਹਾ ਦੇਖ ਕੇ ਬੱਚੇ ਦੇ ਚਾਚਾ ਨੂੰ, ਜਿਹੜੇ ਡਾਕਟਰ ਸੀ, ਬਹੁਤ ਹੈਰਾਨੀ ਹੋਈ ਅਤੇ ਉਨ੍ਹਾਂ ਨੂੰ ਵੀ ਬਾਬਾ ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਹੋਈ। ਉਸ ਵੇਲੇ ਜਦੋਂ ਉਹ ਕਿਸੇ ਕੰਮ ਬੰਬਈ ਜਾ ਰਹੇ ਸੀ ਤਾਂ ਮਾਲੇਗਾਂਵ ਅਤੇ ਮਨਮਾਡ ਦੇ ਨੇੜੇ ਕਿਸੇ ਨੇ ਬਾਬਾ ਖ਼ਿਲਾਫ਼ ਉਨ੍ਹਾਂ ਦੇ ਕੰਨ ਭਰ ਦਿੱਤੇ, ਇਸ ਕਾਰਨ ਉਹ ਸ਼ਿਰਡੀ ਜਾਣ ਦਾ ਵਿਚਾਰ ਤਿਆਗ ਕੇ ਸਿੱਧੇ ਬੰਬਈ ਚਲੇ ਗਏ। ਉਹ ਆਪਣੀਆਂ ਬਾਕੀ ਛੁੱਟੀਆਂ ਅਲੀ ਬਾਗ ਵਿਚ ਬਿਤਾਉਣਾ ਚਾਹੁੰਦੇ ਸੀ, ਪਰ ਬੰਬਈ ਵਿਚ ਉਨ੍ਹਾਂ ਨੂੰ ਲਗਾਤਾਰ ਤਿੰਨ ਰਾਤਾਂ ਤਕ ਇਕ ਹੀ ਅਵਾਜ਼ ਸੁਣਦੀ ਰਹੀ, "ਕੀ ਹੁਣ ਵੀ ਤੂੰ ਮੇਰੇ 'ਤੇ ਵਿਸ਼ਵਾਸ ਨਹੀਂ ਕਰ ਰਿਹਾ ?" ਤਾਂ ਡਾਕਟਰ ਨੇ ਆਪਣਾ ਵਿਚਾਰ ਬਦਲ ਕੇ ਸ਼ਿਰਡੀ ਜਾਣ ਦਾ ਇਰਾਦਾ ਕੀਤਾ। ਬੰਬਈ ਵਿਚ ਉਨ੍ਹਾਂ ਦੇ ਇਕ ਮਰੀਜ਼ ਨੂੰ ਬੁਖਾਰ ਹੋ ਗਿਆ ਸੀ, ਜਿਸ ਦਾ ਤਾਪ ਘੱਟ ਹੋਣ ਦਾ ਕੋਈ ਅਸਾਰ ਨਾ ਹੋਣ ਕਰਕੇ ਉਨ੍ਹਾਂ ਨੂੰ ਏਦਾਂ ਲੱਗ ਰਿਹਾ ਸੀ ਕਿ ਕਿਤੇ ਸ਼ਿਰਡੀ ਦੀ ਯਾਤਰਾ ਮੁਲਤਵੀ ਨਾ ਕਰਨੀ ਪਏ। ਉਨ੍ਹਾਂ ਨੇ ਆਪਣੇ ਆਪ ਮਨ ਹੀ ਮਨ ਇਕ ਪ੍ਰੀਖਿਆ ਕਰਨ ਦਾ ਵਿਚਾਰ ਕੀਤਾ ਕਿ ਜੇ ਮਰੀਜ਼ ਅੱਜ ਠੀਕ ਹੋ ਜਾਏ ਤਾਂ ਕਲ ਹੀ ਮੈਂ ਸ਼ਿਰਡੀ ਲਈ ਚੱਲ ਪਵਾਂਗਾ। ਹੈਰਾਨੀ ਹੋਈ ਕਿ ਜਿਸ ਵੇਲੇ ਉਨ੍ਹਾਂ ਨੇ ਇਹ ਇਰਾਦਾ ਕੀਤਾ, ਠੀਕ ਉਸੇ ਵੇਲੇ ਤੋਂ ਬੁਖਾਰ ਉਤਰਨ ਲੱਗ ਪਿਆ ਅਤੇ ਤਾਪ ਹੌਲੀ-ਹੌਲੀ ਨਾਰਮਲ 'ਤੇ ਪਹੁੰਚ ਗਿਆ ਤਾਂ ਉਹ ਆਪਣੇ ਇਰਾਦੇ ਮੁਤਾਬਿਕ ਸ਼ਿਰਡੀ ਪਹੁੰਚੇ ਅਤੇ ਬਾਬਾ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਪ੍ਰਨਾਮ ਕੀਤਾ। ਬਾਬਾ ਨੇ ਉਨ੍ਹਾਂ ਨੂੰ ਕੁਝ ਇਹੋ ਜਿਹੇ ਅਨੁਭਵ ਦਿਤੇ ਕਿ ਉਹ ਹਮੇਸ਼ਾਂ ਦੇ ਲਈ ਉਨ੍ਹਾਂ ਦੇ ਭਗਤ ਬਣ ਗਏ। ਡਾਕਟਰ ਉਥੇ ਚਾਰ ਦਿਨ ਠਹਿਰੇ, ਉਦੀ ਅਤੇ ਆਸ਼ੀਰਵਾਦ ਲੈ ਕੇ ਘਰ ਵਾਪਸ ਆ ਗਏ। ਪੰਦਰਾਂ ਦਿਨ 'ਚ ਹੀ ਤਰੱਕੀ ਹੋ ਗਈ ਅਤੇ ਉਨ੍ਹਾਂ ਦੀ ਬਦਲੀ ਬੀਜਾਪੁਰ ਹੋ ਗਈ। ਭਤੀਜੇ ਦੀ ਬਿਮਾਰੀ ਤੋਂ ਮੁਕਤੀ ਨੇ ਉਨ੍ਹਾਂ ਨੂੰ ਬਾਬਾ ਦੇ ਦਰਸ਼ਨਾਂ ਦਾ ਚੰਗਾ ਮੌਕਾ ਦਿੱਤਾ ਅਤੇ ਸ਼ਿਰਡੀ ਦੀ ਯਾਤਰਾ ਨੇ ਉਨ੍ਹਾਂ ਦੀ ਸ੍ਰੀ ਸਾਈਂ ਦੇ ਚਰਣਾਂ ਵਿਚ ਡੂੰਘੀ ਪ੍ਰੀਤ ਪੈਦਾ ਕਰ ਦਿੱਤੀ।

ਡਾਕਟਰ ਪਿਲੇ ਬਾਬਾ ਦੇ ਇਕ ਸ਼ਰਧਾਵਾਨ ਭਗਤ ਸੀ। ਇਸ ਕਰਕੇ ਬਾਬਾ ਉਨ੍ਹਾਂ ਨਾਲ ਜ਼ਿਆਦਾ ਪਿਆਰ ਕਰਦੇ ਸੀ ਅਤੇ ਉਨ੍ਹਾਂ ਨੂੰ ਹਮੇਸ਼ਾਂ 'ਭਾਊ' ਕਹਿ ਕੇ ਬੁਲਾਉਂਦੇ ਸੀ ਅਤੇ ਹਰ ਵੇਲੇ ਉਨ੍ਹਾਂ ਨਾਲ ਗੱਲਬਾਤ ਕਰਕੇ ਹਰੇਕ ਵਿਸ਼ੇ 'ਤੇ ਸਲਾਹ ਵੀ ਲੈਂਦੇ ਸੀ। ਉਨ੍ਹਾਂ ਦੀ ਸਦਾ ਇਹੀ ਇੱਛਾ ਹੁੰਦੀ ਕਿ ਉਹ ਬਾਬਾ ਦੇ ਕੋਲ ਹੀ ਰਹਿਣ। ਇਕ ਵਾਰੀ ਡਾਕਟਰ ਪਿਲੇ ਨੂੰ ਨਾਸੂਰ ਹੋ ਗਿਆ। ਉਹ ਕਾਕਾਸਾਹਿਬ ਦਿਕਸ਼ਿਤ ਨੂੰ ਕਹਿਣ ਲਗੇ ਕਿ ਮੈਨੂੰ ਅਸਹਿ ਪੀੜ ਹੋ ਰਹੀ ਹੈ ਅਤੇ ਮੈਂ ਹੁਣ ਇਸ ਜੀਵਨ ਨਾਲੋਂ ਮੌਤ ਨੂੰ ਜ਼ਿਆਦਾ ਬਿਹਤਰ ਸਮਝਦਾ ਹਾਂ। ਮੈਨੂੰ ਪਤਾ ਹੈ ਕਿ ਇਸ ਦਾ ਮੁੱਖ ਕਾਰਨ ਮੇਰੇ ਪਿੱਛਲੇ ਜਨਮਾਂ ਦੇ ਕਰਮ ਹੀ ਹਨ। ਜਾ ਕੇ ਬਾਬਾ ਨੂੰ ਆਖੋ ਕਿ ਉਹ ਮੇਰੀ ਪੀੜ ਹੁਣ ਦੂਰ ਕਰਨ, ਮੈਂ ਆਪਣੇ ਪਿੱਛਲੇ ਜਨਮ ਦੇ ਕਰਮਾਂ ਨੂੰ ਅਗਲੇ

10 ਜਨਮਾਂ ਵਿਚ ਭੋਗਣ ਨੂੰ ਤਿਆਰ ਹਾਂ ਤਾਂ ਕਾਕਾ ਦਿਕਸ਼ਿਤ ਨੇ ਬਾਬਾ ਦੇ ਕੋਲ ਜਾ ਕੇ ਉਨ੍ਹਾਂ ਦੀ ਪ੍ਰਾਰਥਨਾ ਸੁਣਾਈ। ਸਾਈਂ ਤਾਂ ਦਯਾ ਦੇ ਅਵਤਾਰ ਹੀ ਹਨ। ਉਹ ਆਪਣੇ ਭਗਤਾਂ ਦੇ ਦੁੱਖ ਕਿਵੇਂ ਦੇਖ ਸਕਦੇ ਸੀ ? ਉਨ੍ਹਾਂ ਦੀ ਪ੍ਰਾਰਥਨਾ ਸੁਣ ਕੇ ਉਨ੍ਹਾਂ ਨੂੰ ਵੀ ਦਯਾ ਆ ਗਈ ਅਤੇ ਉਨ੍ਹਾਂ ਨੇ ਦਿਕਸ਼ਿਤ ਨੂੰ ਕਿਹਾ, “ਪਿਲੇ ਨੂੰ ਜਾ ਕੇ ਆਖੋ ਕਿ ਘਬਰਾਉਣ ਦੀ ਕੋਈ ਗੱਲ ਨਹੀਂ। ਕਰਮਾਂ ਦਾ ਫ਼ਲ ਦਸ ਜਨਮਾਂ ਵਿਚ ਕਿਉਂ ਭੁਗਤਣਾ ਪਏਗਾ ? ਸਿਰਫ਼ ਦਸ ਦਿਨਾਂ ਵਿਚ ਹੀ ਪਿੱਛਲੇ ਜਨਮਾਂ ਦੇ ਕਰਮਾਂ ਦੇ ਫਲ ਖ਼ਤਮ ਹੋ ਜਾਣਗੇ। ਮੈਂ ਤਾਂ ਇਥੇ ਤੁਹਾਨੂੰ ਧਾਰਮਿਕ ਅਤੇ ਅਧਿਆਤਮਿਕ ਕਲਿਆਣ ਦੇਣ ਲਈ ਬੈਠਾ ਹਾਂ।

। ਜਾਉ, ਕਿਸੇ ਦੀ ਪਿੱਠ ’ਤੇ ਲੱਦ ਕੇ ਉਨ੍ਹਾਂ ਨੂੰ ਇਥੇ ਲੈ ਆਉ, ਮੈਂ ਸਦਾ ਦੇ ਲਈ ਉਨ੍ਹਾਂ ਦਾ ਦੁੱਖਾਂ ਤੋਂ ਛੁਟਕਾਰਾ ਕਰ ਦੇਵਾਂਗਾ।”

ਉਦੋਂ ਉਸੇ ਹਾਲਤ ਵਿਚ ਪਿਲੇ ਨੂੰ ਉਥੇ ਲਿਆਇਆ ਗਿਆ। ਬਾਬਾ ਨੇ ਆਪਣੇ ਸੱਜੇ ਪਾਸੇ ਉਨ੍ਹਾਂ ਦੇ ਸਰਹਾਣੇ ਆਪਣੀ ਗੱਦੀ ਰੱਖ ਕੇ ਆਰਾਮ ਨਾਲ ਲਿਟਾ ਕੇ ਕਿਹਾ, “ਇਸ ਦੀ ਮੁੱਖ ਦਵਾਈ ਤਾਂ ਇਹ ਹੈ ਕਿ ਪਿਛਲੇ ਜਨਮਾਂ ਦੇ ਕਰਮਾਂ ਦੇ ਫਲ ਨੂੰ ਜ਼ਰੂਰ ਭੋਗ ਲੈਣਾ ਚਾਹੀਦਾ, ਤਾਂ ਕਿ ਉਨ੍ਹਾਂ ਤੋਂ ਹਮੇਸ਼ਾਂ ਵਾਸਤੇ ਛੁਟਕਾਰਾ ਮਿਲ ਜਾਏ। ਸਾਡੇ ਕਰਮ ਹੀ ਸੁੱਖ-ਦੁੱਖ ਦੇ ਕਾਰਨ ਹੁੰਦੇ ਹਨ, ਇਸ ਲਈ ਜਿਵੇਂ ਦੇ ਵੀ ਹਾਲਾਤ ਹੋਣ, ਉਸੇ ਵਿਚ ਹੀ ਸੰਤੋਖ ਕਰਨਾ ਚਾਹੀਦਾ। ਅੱਲ੍ਹਾ ਹੀ ਸਾਰਿਆਂ ਨੂੰ ਫਲ ਦੇਣ ਵਾਲਾ ਹੈ ਅਤੇ ਉਹ ਹੀ ਸਾਰਿਆਂ ਦੀ ਰੱਖਿਆ ਕਰਦਾ ਹੈ। ਏਦਾਂ ਵਿਚਾਰ ਕਰਕੇ ਹਮੇਸ਼ਾਂ ਉਨ੍ਹਾਂ ਦਾ ਹੀ ਸਿਮਰਨ ਕਰੋ। ਉਹ ਹੀ ਤੁਹਾਡੀ ਚਿੰਤਾ ਦੂਰ ਕਰਨਗੇ। ਤਨ-ਮਨ-ਧਨ ਅਤੇ ਵਚਨਾਂ ਨਾਲ ਉਨ੍ਹਾਂ ਦੀ ਹੀ ਸ਼ਰਨ ਵਿਚ ਜਾਓ, ਫੇਰ ਦੇਖੋਂ ਕਿ ਉਹ ਕੀ ਕਰਦੇ ਹਨ। ਡਾਕਟਰ ਪਿਲੇ ਨੇ ਕਿਹਾ ਕਿ ਨਾਨਾਸਾਹਿਬ ਨੇ ਮੇਰੇ ਪੈਰ ’ਤੇ ਇਕ ਪੱਟੀ ਬੰਨ੍ਹੀ ਹੈ। ਪਰ ਮੈਨੂੰ ਉਸ ਨਾਲ ਕੋਈ ਲਾਭ ਨਹੀਂ ਪਹੁੰਚਿਆ “ਨਾਨਾ ਤਾਂ ਮੂਰਖ਼ ਹੈ” ਬਾਬਾ ਨੇ ਕਿਹਾ, ‘ਉਹ ਪੱਟੀ ਉਤਾਰੋ, ਨਹੀਂ ਤਾਂ ਮਰ ਜਾਉਗੇ। ਥੋੜ੍ਹੀ ਦੇਰ ਵਿਚ ਹੀ ਇਕ ਕਾਂ ਆਏਗਾ ਅਤੇ ਉਹ ਆਪਣੀ ਚੁੰਝ ਇਸ ਵਿਚ ਮਾਰੇਗਾ। ਉਦੋਂ ਤੁਸੀਂ ਛੇਤੀ ਠੀਕ ਹੋ ਜਾਉਗੇ।

ਜਦੋਂ ਇਹ ਗੱਲਬਾਤ ਹੋ ਰਹੀ ਸੀ ਕਿ ਉਸ ਵੇਲੇ ਅਬਦੁਲ, ਜਿਹੜਾ ਮਸਜਿਦ ਵਿਚ ਝਾੜੂ ਲਾਉਣ ਅਤੇ ਦੀਵਾ ਬੱਤੀ ਆਦਿ ਸਾਫ ਕਰਨ ਦਾ ਕੰਮ ਕਰਦਾ ਸੀ, ਉਥੇ ਆਇਆ। ਜਦੋਂ ਉਹ ਦੀਵਾ ਬੱਤੀ ਸਾਫ ਕਰ ਰਿਹਾ ਸੀ ਤਾਂ ਅਚਾਨਕ ਹੀ ਉਸ ਦਾ ਪੈਰ ਡਾਕਟਰ ਪਿਲੇ ਦੇ ਨਾਸੂਰ ਵਾਲੇ ਪੈਰ ਉਪਰ ਜਾ ਪਿਆ। ਪੈਰ ਤਾਂ ਸੁਜਿਆ ਹੋਇਆ ਸੀ ਹੀ ਅਤੇ ਫੇਰ ਅਬਦੁਲ ਦੇ ਪੈਰ ਨਾਲ ਦਬਿਆ ਗਿਆ ਤਾਂ ਉਸ ਵਿਚੋਂ ਨਾਸੂਰ ਦੇ ਸੱਤ ਕੀੜੇ ਬਾਹਰ ਨਿਕਲ ਆਏ। ਤਕਲੀਫ ਅਸਹਿ ਹੋ ਗਈ ਅਤੇ ਡਾਕਟਰ ਪਿਲੇ ਉੱਚੀ ਅਵਾਜ਼ ਵਿਚ ਚੀਖ ਪਏ। ਪਰ ਕੁਝ ਦੇਰ ਬਾਅਦ ਉਹ ਸ਼ਾਂਤ ਹੋ ਕੇ ਗਾਣਾ ਗਾਉਣ ਲਗੇ। ਤਾਂ ਬਾਬਾ ਨੇ ਕਿਹਾ, “ਦੇਖੋ, ਭਾਊ ਹੁਣ ਠੀਕ ਹੋ ਗਿਆ ਹੈ ਅਤੇ ਗਾਣਾ ਗਾ ਰਿਹਾ ਹੈ। ਗਾਣੇ ਦੇ ਬੋਲ ਸੀ—

ਕਰਮ ਕਰ ਮੇਰੇ ਹਾਲ ਪਰ ਤੂੰ ਕਰੀਮ।
ਤੇਰਾ ਨਾਮ ਰਹਿਮਾਨ ਹੈ ਔਰ ਰਹੀਮ।

ਤੂੰ ਹੀ ਦੋਨੋ ਆਲਮ ਕਾ ਸੁਲਤਾਨ ਹੈ।
ਜਹਾਂ ਮੇ ਨੁਮਾਯਾਂ ਤੇਰੀ ਸ਼ਾਨ ਹੈ।
ਫਨਾ ਹੋਨੇ ਵਾਲਾ ਹੈ ਸਬ ਕਾਰੋਬਾਰ।
ਰਹੇ ਨੂਰ ਤੇਰਾ ਸਦਾ ਆਸ਼ਕਾਰ।
ਤੂੰ ਆਸ਼ਿਕ ਕਾ ਹਰਦਮ ਮਦਦਗਾਰ ਹੈ।

ਫੇਰ ਡਾਕਟਰ ਪਿਲੇ ਨੇ ਪੁਛਿਆ ਕਿ, "ਉਹ ਕਾਂ ਕਦੋ ਆਏਗਾ ਅਤੇ ਚੁੰਝ ਮਾਰੇਗਾ ?" ਬਾਬਾ ਨੇ ਕਿਹਾ, "ਅਰੇ, ਕੀ ਤੁਸੀਂ ਕਾਂ ਨੂੰ ਨਹੀਂ ਦੇਖਿਆ ? ਅਬਦੁਲ ਜਿਸ ਨੇ ਤੁਹਾਡਾ ਪੈਰ ਦਬਿਆ, ਉਹੀ ਕਾਂ ਸੀ। ਉਸ ਨੇ ਚੁੰਝ ਮਾਰਕੇ ਨਾਸੂਰ ਨੂੰ ਕੱਢ ਦਿੱਤਾ। ਉਹ ਹੁਣ ਫੇਰ ਤੋਂ ਕਿਉਂ ਆਏਗਾ ? ਹੁਣ ਜਾ ਕੇ ਵਾੜੇ ਵਿਚ ਆਰਾਮ ਕਰੋ। ਤੁਸੀਂ ਛੇਤੀ ਹੀ ਤੰਦਰੁਸਤ ਹੋ ਜਾਉਗੇ।"

ਉਦੀ ਲਾਉਣ ਅਤੇ ਪਾਣੀ ਦੇ ਨਾਲ ਪੀਣ ਨਾਲ, ਬਿਨਾਂ ਕਿਸੇ ਦਵਾਈ ਜਾਂ ਇਲਾਜ ਦੇ ਉਹ ਦਸ ਦਿਨਾਂ ਵਿਚ ਨਿਰੋਗ ਹੋ ਗਏ, ਜਿਵੇਂ ਕਿ ਬਾਬਾ ਨੇ ਉਨ੍ਹਾਂ ਨੂੰ ਕਿਹਾ ਸੀ।

ਸਾਂਵਲੀ ਵਿਹੀਰ ਦੇ ਨੇੜੇ ਸ਼ਾਮਾ ਦੇ ਛੋਟੇ ਭਰਾ ਬਾਪਾਜੀ ਰਹਿੰਦੇ ਸੀ। ਇਕ ਵਾਰੀ ਉਨ੍ਹਾਂ ਦੀ ਪਤਨੀ ਨੂੰ ਗਿਲਟੀਆਂ ਵਾਲਾ ਪਲੇਗ ਹੋ ਗਿਆ। ਉਸ ਨੂੰ ਬੁਖਾਰ ਹੋ ਗਿਆ ਅਤੇ ਉਸ ਦੀ ਜਾਂਘ ਵਿਚ ਪਲੇਗ ਦੀਆਂ ਦੋ ਗਿਲਟੀਆਂ ਨਿਕਲ ਆਈਆਂ। ਬਾਪਾ ਜੀ ਦੌੜ ਕੇ ਸ਼ਾਮਾ ਕੋਲ ਆਏ ਅਤੇ ਮਦਦ ਦੇ ਲਈ ਚੱਲਣ ਨੂੰ ਕਿਹਾ। ਸ਼ਾਮਾ ਡਰ ਗਏ। ਉਨ੍ਹਾਂ ਨੇ ਹਮੇਸ਼ਾਂ ਦੀ ਤਰ੍ਹਾਂ ਬਾਬਾ ਦੇ ਕੋਲ ਜਾ ਕੇ ਉਨ੍ਹਾਂ ਨੂੰ ਨਮਸਕਾਰ ਕੀਤਾ ਅਤੇ ਮਦਦ ਲਈ ਪ੍ਰਾਰਥਨਾ ਕੀਤੀ ਅਤੇ ਭਰਾ ਦੇ ਘਰ ਜਾਣ ਦੀ ਇਜ਼ਾਜਤ ਮੰਗੀ। ਬਾਬਾ ਨੇ ਕਿਹਾ ਏਨੀ ਰਾਤ ਬੀਤ ਚੁੱਕੀ ਹੈ। ਹੁਣ ਇਸ ਵੇਲੇ ਤੁਸੀਂ ਕਿਥੇ ਜਾਉਗੇ ? ਸਿਰਫ਼ ਉਦੀ ਹੀ ਭੇਜ ਦਿਉ। ਬੁਖਾਰ ਅਤੇ ਗਿਲਟੀ ਦੀ ਫਿਕਰ ਕਿਉਂ ਕਰਦੇ ਹੋ ? ਭਗਵਾਨ ਤਾਂ ਆਪਣੇ ਪਿਤਾ ਅਤੇ ਸਵਾਮੀ ਹਨ। ਉਹ ਜਲਦੀ ਹੀ ਠੀਕ ਹੋ ਜਾਏਗੀ। ਹੁਣ ਨਾ ਜਾਉ। ਸਵੇਰੇ ਜਾਣਾ ਅਤੇ ਛੇਤੀ ਹੀ ਵਾਪਸ ਆ ਜਾਣਾ।

ਸ਼ਾਮਾ ਨੂੰ ਤਾਂ ਉਸ ਮ੍ਰਤ-ਸੰਜੀਵਨੀ 'ਉਦੀ' 'ਤੇ ਪੂਰਾ ਭਰੋਸਾ ਸੀ। ਉਦੀ ਲਿਜਾ ਕੇ ਉਸਦੇ ਭਰਾ ਨੇ ਥੋੜ੍ਹੀ ਜਿਹੀ ਗਿਲਟੀ ਅਤੇ ਮੱਥੇ 'ਤੇ ਲਗਾਈ ਅਤੇ ਕੁਝ ਪਾਣੀ ਵਿਚ ਘੋਲ ਕੇ ਰੋਗੀ ਨੂੰ ਪਿਲਾ ਦਿੱਤੀ। ਜਿਵੇਂ ਹੀ ਉਸ ਦਾ ਸੇਵਨ ਕੀਤਾ ਗਿਆ, ਉਦੋਂ ਹੀ ਪਸੀਨਾ ਵੱਗਣ ਲੱਗਾ, ਬੁਖਾਰ ਘੱਟ ਗਿਆ ਅਤੇ ਰੋਗੀ ਗੂੜੀ ਨੀਂਦ 'ਚ ਮਸਤ ਹੋ ਗਿਆ। ਦੂਜੇ ਦਿਨ ਬਾਪਾਜੀ ਨੇ ਆਪਣੀ ਪਤਨੀ ਨੂੰ ਠੀਕ ਦੇਖ ਕੇ ਬੜੀ ਹੈਰਾਨੀ ਪ੍ਰਗਟ ਕੀਤੀ ਕਿ ਨਾ ਤਾਂ ਬੁਖਾਰ ਹੈ, ਨਾ ਗਿਲਟੀ ਦਾ ਕੋਈ ਨਿਸ਼ਾਨ ਹੀ। ਦੂਜੇ ਦਿਨ ਜਦੋਂ ਸ਼ਾਮਾ ਬਾਬਾ ਦੀ ਆਗਿਆ ਲੈ ਕੇ ਉਥੇ ਪਹੁੰਚੇ ਤਾਂ ਆਪਣੇ ਭਰਾ ਦੀ ਪਤਨੀ ਨੂੰ ਚਾਹ ਬਣਾਉਂਦੇ ਦੇਖ ਕੇ ਉਨ੍ਹਾਂ ਨੂੰ ਬੜੀ ਹੈਰਾਨੀ ਹੋਈ। ਆਪਣੇ ਭਰਾ ਕੋਲੋਂ ਪੁੱਛਣ 'ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਬਾਬਾ ਦੀ ਉਦੀ ਨੇ ਇਕ ਰਾਤ

ਵਿਚ ਹੀ ਰੋਗ ਨੂੰ ਜੜ੍ਹੋਂ ਖ਼ਤਮ ਕਰ ਦਿੱਤਾ ਹੈ। ਤਾਂ ਸ਼ਾਮਾ ਨੂੰ ਬਾਬਾ ਦੇ ਸ਼ਬਦਾਂ ਦਾ ਮਤਲਬ ਸਮਝ ਆਇਆ ਕਿ “ਸਵੇਰੇ ਜਾਉ ਅਤੇ ਜਲਦੀ ਵਾਪਸ ਆਉ।”

ਚਾਹ ਪੀ ਕੇ ਸ਼ਾਮਾ ਵਾਪਸ ਆਇਆ ਅਤੇ ਬਾਬਾ ਨੂੰ ਪ੍ਰਨਾਮ ਕਰਨ ਤੋਂ ਬਾਅਦ ਕਹਿਣ ਲਗਾ ਕਿ, “ਦੇਵਾ! ਇਹ ਕੀ ਡਰਾਮਾ ਹੈ? ਪਹਿਲੇ ਤੂਫ਼ਾਨ ਖੜਾ ਕਰਕੇ ਸਾਨੂੰ ਬੇਚੈਨ ਕਰ ਦਿੰਦੇ ਹੋ, ਫੇਰ ਸਾਡੀ ਜਲਦੀ ਮਦਦ ਕਰਕੇ ਸਭ ਠੀਕ ਠਾਕ ਕਰ ਦਿੰਦੇ ਹੋ।” ਬਾਬਾ ਨੇ ਜਵਾਬ ਦਿੱਤਾ ਕਿ, “ਤੈਨੂੰ ਪਤਾ ਹੋਏਗਾ ਕਿ ਕਰਮ ਦਾ ਰਾਹ ਬਹੁਤ ਭੇਦ ਭਰਿਆ ਹੈ। ਭਾਵੇਂ ਮੈਂ ਕੁਝ ਵੀ ਨਹੀਂ ਕਰਦਾ, ਫੇਰ ਵੀ ਲੋਕ ਮੈਨੂੰ ਹੀ ਕਰਮਾਂ ਦੇ ਲਈ ਦੋਸ਼ੀ ਮੰਨਦੇ ਹਨ। ਮੈਂ ਤਾਂ ਇਕ ਦਰਸ਼ਕ ਹੀ ਹਾਂ।

।”

ਹੁਣ ਇਕ ਇਰਾਨੀ ਸੱਜਣ ਦਾ ਅਨੁਭਵ ਪੜ੍ਹੋ। ਉਸ ਦੀ ਛੋਟੀ ਲੜਕੀ ਘੰਟੇ-ਘੰਟੇ ਬਾਅਦ ਬੇਹੋਸ਼ ਹੋ ਜਾਂਦੀ ਸੀ। ਉਸ ਦੇ ਦੰਦ ਕਸੇ ਜਾਂਦੇ ਸੀ। ਉਸ ਦੇ ਹੱਥ-ਪੈਰ ਆਕੜ ਜਾਂਦੇ ਅਤੇ ਉਹ ਬੇਹੋਸ਼ ਹੋ ਕੇ ਜ਼ਮੀਨ ’ਤੇ ਡਿਗ ਪੈਂਦੀ ਸੀ। ਜਦੋਂ ਹਰ ਤਰ੍ਹਾਂ ਦੇ ਇਲਾਜਾਂ ਨਾਲ ਵੀ ਉਸ ਨੂੰ ਕੋਈ ਲਾਭ ਨਾ ਹੋਇਆ, ਤਾਂ ਕੁਝ ਲੋਕਾਂ ਨੇ ਉਸ ਇਰਾਨੀ ਕੋਲ ਬਾਬਾ ਦੀ ਉਦੀ ਦੀ ਬਹੁਤ ਤਰੀਫ ਕੀਤੀ ਅਤੇ ਕਿਹਾ ਕਿ ਵਿਲੇ ਪਾਰਲਾ ਵਿਚ ਕਾਕਾਸਾਹਿਬ ਦਿਕਸ਼ਿਤ ਕੋਲੋਂ ਹੀ ਮਿਲ ਸਕਦੀ ਹੈ। ਤਾਂ ਇਰਾਨੀ ਸੱਜਣ ਨੇ ਉਥੋਂ ਉਦੀ ਲਿਆ ਕੇ ਪਾਣੀ ਵਿਚ ਘੋਲ ਕੇ ਆਪਣੀ ਬੇਟੀ ਨੂੰ ਪਿਲਾਇਆ। ਸ਼ੁਰੂ ਵਿਚ ਜਿਹੜੇ ਦੌਰੇ ਇਕ ਘੰਟੇ ਦੇ ਫਰਕ ਨਾਲ ਆਉਂਦੇ ਸੀ, ਬਾਅਦ ਵਿਚ ਉਹ ਸੱਤ ਘੰਟੇ ਦੇ ਫ਼ਰਕ ਨਾਲ ਆਏ ਅਤੇ ਕੁਝ ਦਿਨਾਂ ਦੇ ਬਾਅਦ ਤਾਂ ਉਹ ਪੂਰੀ ਤਰ੍ਹਾਂ ਤੰਦਰੁਸਤ ਹੋ ਗਈ।

ਹਰਦਾ ਦੇ ਇਕ ਸੱਜਣ ਪਥਰੀ ਦੇ ਰੋਗ ਨਾਲ ਬਿਮਾਰ ਸੀ। ਇਹ ਪਥਰੀ ਸਿਰਫ਼ ਆਪਰੇਸ਼ਨ ਨਾਲ ਹੀ ਕੱਢੀ ਜਾ ਸਕਦੀ ਸੀ। ਲੋਕਾਂ ਨੇ ਵੀ ਇਸ ਤਰ੍ਹਾਂ ਕਰਨ ਦੀ ਸਲਾਹ ਦਿੱਤੀ। ਉਹ ਬਹੁਤ ਹੀ ਬਜ਼ੁਰਗ ਅਤੇ ਕਮਜ਼ੋਰ ਸੀ, ਅਤੇ ਆਪਣੀ ਕਮਜ਼ੋਰੀ ਦੇਖ ਕੇ ਉਨ੍ਹਾਂ ਨੂੰ ਆਪ੍ਰੇਸ਼ਨ ਕਰਾਉਣ ਦੀ ਹਿੰਮਤ ਨਹੀਂ ਹੋ ਰਹੀ ਸੀ। ਇਸ ਹਾਲਤ ਵਿਚ ਉਨ੍ਹਾਂ ਦੀ ਬਿਮਾਰੀ ਦਾ ਹੋਰ ਇਲਾਜ ਹੀ ਕੀ ਸੀ? ਉਸ ਵੇਲੇ ਸ਼ਹਿਰ ਦੇ ਇਨਾਮਦਾਰ ਵੀ ਉਥੇ ਆਏ ਹੋਏ ਸੀ, ਜਿਹੜੇ ਬਾਬਾ ਦੇ ਪਰਮ ਭਗਤ ਸੀ ਅਤੇ ਉਨ੍ਹਾਂ ਕੋਲ ਉਦੀ ਵੀ ਸੀ। ਕੁਝ ਦੋਸਤਾਂ

ਦੇ ਸਲਾਹ ਦੇਣ 'ਤੇ ਉਨ੍ਹਾਂ ਦੇ ਪੁੱਤਰ ਨੇ ਉਨ੍ਹਾਂ ਦੇ ਕੋਲੋਂ ਕੁਝ ਉਦੀ ਲੈ ਕੇ ਆਪਣੇ ਬਜ਼ੁਰਗ ਪਿਤਾ ਨੂੰ ਪਾਣੀ ਵਿਚ ਘੋਲ ਕੇ ਪੀਣ ਲਈ ਦਿੱਤੀ। ਸਿਰਫ਼ ਪੰਜ ਮਿੰਟ ਵਿਚ ਹੀ ਉਦੀ ਦੇ ਢਿੱਡ ਵਿਚ ਜਾਂਦੇ ਹੀ ਪਥਰੀ ਪਿਸ਼ਾਬ ਦੇ ਰਸਤੇ 'ਚੋਂ ਬਾਹਰ ਨਿਕਲ ਗਈ ਅਤੇ ਉਹ ਬਜ਼ੁਰਗ ਛੇਤੀ ਹੀ ਤੰਦਰੁਸਤ ਹੋ ਗਏ।

ਬੰਬਈ ਦੀ ਕਾਅਸਥ ਪ੍ਰਭੂ ਜਾਤ ਦੀ ਇਕ ਔਰਤ ਨੂੰ ਬੱਚਾ ਜਮਣ ਵੇਲੇ ਅਸਹਿ ਤਕਲੀਫ ਹੁੰਦੀ ਸੀ। ਜਦੋਂ ਉਹ ਗਰਭਵਤੀ ਹੋ ਜਾਂਦੀ ਤਾਂ ਬਹੁਤ ਘਬਰਾਉਂਦੀ ਅਤੇ ਪਰੇਸ਼ਾਨ ਹੋ ਜਾਂਦੀ ਸੀ। ਇਸ ਦੇ ਇਲਾਜ ਲਈ ਉਨ੍ਹਾਂ ਦੇ ਪਤੀ ਦੇ ਇਕ ਦੋਸਤ ਸ੍ਰੀਰਾਮ ਮਾਰੂਤੀ ਨੇ ਉਨ੍ਹਾਂ ਦੇ ਪਤੀ ਨੂੰ ਸਲਾਹ ਦਿੱਤੀ ਕਿ ਜੇ ਇਸ ਤਕਲੀਫ ਤੋਂ ਛੁਟਕਾਰਾ ਚਾਹੁੰਦੇ ਹੋ ਤਾਂ ਆਪਣੀ ਪਤਨੀ ਨੂੰ ਸ਼ਿਰਡੀ ਲੈ ਜਾਉ।

ਫੇਰ ਜਦੋਂ ਉਨ੍ਹਾਂ ਦੀ ਪਤਨੀ ਗਰਭਵਤੀ ਹੋਈ ਤਾਂ ਉਹ ਦੋਵੇਂ ਪਤੀ-ਪਤਨੀ ਸ਼ਿਰਡੀ ਆਏ ਅਤੇ ਉਥੇ ਕੁਝ ਮਹੀਨੇ ਠਹਿਰੇ। ਉਹ ਬਾਬਾ ਦੀ ਰੋਜ਼ ਸੇਵਾ ਕਰਨ ਲੱਗੇ। ਉਨ੍ਹਾਂ ਨੂੰ ਬਾਬਾ ਦੇ ਸਤਿਸੰਗ ਦਾ ਵੀ ਬਹੁਤ ਲਾਭ ਹੋਇਆ। ਕੁਝ ਦਿਨਾਂ ਬਾਅਦ ਜਦੋਂ ਬੱਚਾ ਹੋਣ ਦਾ ਵਕਤ ਨੇੜੇ ਆਇਆ, ਤਾਂ ਹਮੇਸ਼ਾਂ ਦੀ ਤਰ੍ਹਾਂ ਬੱਚੇਦਾਨੀ ਦੇ ਰਾਹ ਵਿਚ ਰੁਕਾਵਟ ਨਾਲ ਬਹੁਤ ਤਕਲੀਫ ਹੋਣ ਲਗੀ। ਉਨ੍ਹਾਂ ਦੀ ਸਮਝ ਵਿਚ ਨਹੀਂ ਆਉਂਦਾ ਸੀ ਕਿ ਹੁਣ ਕੀ ਕਰਨਾ ਚਾਹੀਦਾ? ਥੋੜ੍ਹੀ ਦੇਰ ਵਿਚ ਇਕ ਗੁਆਂਢਣ ਆਈ ਅਤੇ ਉਸ ਨੇ ਮਨ ਹੀ ਮਨ ਬਾਬਾ ਨੂੰ ਮਦਦ ਦੀ ਪ੍ਰਾਰਥਨਾ ਕਰਕੇ ਪਾਣੀ ਵਿਚ ਉਦੀ ਘੋਲ ਕੇ ਉਸ ਨੂੰ ਪੀਣ ਲਈ ਦਿੱਤੀ। ਤਾਂ ਸਿਰਫ਼ ਪੰਜ ਮਿੰਟ ਵਿਚ ਹੀ ਬਿਨਾਂ ਕਿਸੇ ਤਕਲੀਫ ਦੇ ਬੱਚਾ ਪੈਦਾ ਹੋ ਗਿਆ। ਬੱਚਾ ਤਾਂ ਆਪਣੀ ਕਿਸਮਤ ਨਾਲ ਹੀ ਪੈਦਾ ਹੋਇਆ, ਪਰ ਉਸ ਦੀ ਮਾਂ ਦੀ ਪੀੜ ਅਤੇ ਤਕਲੀਫ ਹਮੇਸ਼ਾਂ ਦੇ ਲਈ ਦੂਰ ਹੋ ਗਈ। ਉਹ ਆਪਣੇ ਆਪ ਨੂੰ ਬਾਬਾ ਦੇ ਬਹੁਤ ਅਭਾਰੀ ਸਮਝਣ ਲਗੇ ਅਤੇ ਜੀਵਨ ਭਰ ਉਨ੍ਹਾਂ ਦੇ ਅਭਾਰੀ ਬਣੇ ਰਹੇ।



# ॥ ਅਧਿਆਇ-35 ॥

***ਕਾਕਾ ਮਹਾਜਨੀ ਦੇ ਦੋਸਤ ਅਤੇ ਸੇਠ, ਬੀਜਾਂ ਤੋ ਬਿਨਾਂ ਮੁਨੱਕੇ, ਬਾਂਦਰਾ ਦੇ ਸੱਜਣ ਦਾ ਉਨੀਂਦਰਾ, ਬਾਲਾਜੀ ਪਾਟਿਲ ਨੇਵਾਸਕਰ, ਬਾਬਾ ਦਾ ਸੱਪ ਦੇ ਰੂਪ ਵਿਚ ਪ੍ਰਗਟ ਹੋਣਾ।***

ਇਸ ਅਧਿਆਇ ਵਿਚ ਵੀ ਉਦੀ ਦੀ ਮਹੱਤਤਾ ਦਾ ਹੀ ਵਰਨਣ ਹੈ। ਇਸ ਵਿਚ ਏਦਾਂ ਦੀਆਂ ਦੋ ਘਟਨਾਵਾਂ ਦਾ ਉਲੇਖ ਹੈ ਕਿ ਪਰੀਖਿਆ ਕਰਨ 'ਤੇ ਦੇਖਿਆ ਗਿਆ ਕਿ ਬਾਬਾ ਨੇ ਦਕਸ਼ਿਣਾ ਲੈਣ ਤੋਂ ਨਾ ਕਰ ਦਿੱਤੀ। ਪਹਿਲੇ ਇਨ੍ਹਾਂ ਘਟਨਾਵਾਂ ਦਾ ਵਰਨਣ ਕੀਤਾ ਜਾਏਗਾ।

ਅਧਿਆਤਮਿਕ ਵਿਸ਼ਿਆਂ ਵਿਚ ਧਾਰਮਿਕ ਤੰਗਨਜ਼ਰੀ ਉਨਤੀ ਦੇ ਰਾਹ ਵਿਚ ਇਕ ਵੱਡਾ ਰੋੜਾ ਹੈ। ਨਿਰਾਕਾਰਵਾਦੀਆਂ ਨੂੰ ਕਹਿੰਦੇ ਸੁਣਿਆ ਜਾਂਦਾ ਹੈ ਕਿ ਈਸ਼ਵਰ ਦੀ ਸਗੁਣ ਉਪਾਸਨਾ ਸਿਰਫ਼ ਇਕ ਭੁਲੇਖਾ ਹੀ ਹੈ ਅਤੇ ਸੰਤ ਵੀ ਸਾਡੇ ਵਰਗੇ ਹੀ ਆਮ ਪੁਰਖ ਹਨ। ਇਸ ਕਰਕੇ ਉਨ੍ਹਾਂ ਦੇ ਚਰਣਾਂ ਦੀ ਸੇਵਾਂ ਕਰਕੇ ਉਨ੍ਹਾਂ ਨੂੰ ਦਕਸ਼ਿਣਾ ਕਿਉਂ ਦੇਣੀ ਚਾਹੀਦੀ ? ਹੋਰ ਧਰਮਾਂ ਦੇ ਪੈਰੋਕਾਰਾਂ ਦਾ ਵੀ ਇਹੋ ਹੀ ਮੱਤ ਹੈ ਕਿ ਆਪਣੇ ਸਤਿਗੁਰੂ ਦੇ ਇਲਾਵਾ ਹੋਰ ਸੰਤਾਂ ਨੂੰ ਨਮਨ ਅਤੇ ਉਨ੍ਹਾਂ ਦੀ ਭਗਤੀ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਦੀਆਂ ਅਨੇਕਾਂ ਆਲੋਚਨਾਵਾਂ ਸਾਈਂਬਾਬਾ ਦੇ ਬਾਰੇ ਵਿਚ ਪਹਿਲਾ ਸੁਣਨ ਵਿਚ ਆਉਂਦੀਆਂ ਸੀ ਅਤੇ ਹੁਣ ਵੀ ਆ ਰਹੀਆਂ ਹਨ। ਕਿਸੇ ਦਾ ਕਹਿਣਾ ਸੀ ਕਿ ਜਦੋਂ ਅਸੀਂ ਸ਼ਿਰਡੀ ਗਏ ਤਾਂ ਬਾਬਾ ਨੇ ਸਾਡੇ ਕੋਲੋਂ ਦਕਸ਼ਿਣਾ ਮੰਗੀ। ਕੀ ਇਸ ਤਰ੍ਹਾਂ ਦਕਸ਼ਿਣਾ ਮੰਗਣਾ ਇਕ ਸੰਤ ਦੇ ਲਈ ਸ਼ੋਭਾ ਯੋਗ ਸੀ ? ਜਦੋਂ ਉਹ ਇਸ ਤਰ੍ਹਾਂ ਦਾ ਵਿਹਾਰ ਕਰਦੇ ਹਨ ਤਾਂ ਫੇਰ ਉਨ੍ਹਾਂ ਦਾ ਸਾਧੂ ਧਰਮ ਕਿਥੇ ਰਿਹਾ ? ਪਰ ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਦੇਖਣ 'ਚ ਆਈਆਂ ਹਨ ਕਿ ਜਿਹੜੇ ਲੋਕਾਂ ਨੇ ਸ਼ਿਰਡੀ ਜਾ ਕੇ ਬੇਯਕੀਨੀ ਨਾਲ ਬਾਬਾ ਦੇ ਦਰਸ਼ਨ ਕੀਤੇ, ਉਨ੍ਹਾਂ ਨੇ ਹੀ ਸਭ ਤੋਂ ਪਹਿਲਾਂ ਬਾਬਾ ਨੂੰ ਪ੍ਰਨਾਮ ਕਰਕੇ ਪ੍ਰਾਰਥਨਾ ਵੀ ਕੀਤੀ। ਇਸ ਤਰ੍ਹਾਂ ਦੇ ਹੀ ਕੁਝ ਉਦਾਹਰਣ ਹੇਠਾਂ ਦਿੱਤੇ ਜਾਂਦੇ ਹਨ।

ਕਾਕਾ ਮਹਾਜਨੀ ਦੇ ਦੋਸਤ ਨਿਰਾਕਾਰਵਾਦੀ ਅਤੇ ਮੂਰਤੀ ਪੂਜਾ ਦੇ ਬਿਲਕੁਲ ਖਿਲਾਫ ਸੀ। ਕੌਤਕ ਵੇਖਣ ਲਈ ਉਹ ਕਾਕਾ ਮਹਾਜਨੀ ਨਾਲ ਦੋ ਸ਼ਰਤਾਂ 'ਤੇ ਸ਼ਿਰਡੀ ਜਾਣ ਲਈ ਮੰਨ ਗਏ ਕਿ (1) ਬਾਬਾ ਨੂੰ ਨਮਸਕਾਰ ਨਹੀਂ ਕਰਨਗੇ (2) ਨਾ ਹੀ ਉਨ੍ਹਾਂ ਨੂੰ ਕੋਈ ਦਕਸ਼ਿਣਾ ਦੇਣਗੇ। ਜਦੋਂ ਕਾਕਾ ਨੇ ਹਾਂ ਵਿਚ ਜਵਾਬ ਦੇ ਦਿੱਤਾ ਤਾਂ ਫੇਰ ਇਕ ਸ਼ਨੀਵਾਰ ਦੀ ਰਾਤ ਨੂੰ ਉਹ ਦੋਵੇਂ ਬੰਬਈ ਤੋਂ ਚਲ ਪਏ ਅਤੇ ਦੂਜੇ ਦਿਨ ਸਵੇਰੇ ਸ਼ਿਰਡੀ ਪਹੁੰਚ ਗਏ। ਜਿਵੇਂ ਹੀ ਉਨ੍ਹਾਂ ਨੇ ਮਸਜਿਦ ਵਿਚ ਪੈਰ ਰੱਖਿਆ, ਉਸੇ ਵੇਲੇ ਬਾਬਾ ਨੇ ਉਨ੍ਹਾਂ ਦੇ ਦੋਸਤ ਵੱਲ ਥੋੜ੍ਹੀ ਦੇਰ ਦੇਖ ਕੇ ਉਨ੍ਹਾਂ ਨੂੰ ਕਿਹਾ ਕਿ "ਅਰੇ ਆਉ, ਸ੍ਰੀਮਾਨ ਪਧਾਰੋ। ਤੁਹਾਡਾ ਸਵਾਗਤ ਹੈ।" ਇਨ੍ਹਾਂ ਸ਼ਬਦਾਂ ਦੀ ਅਵਾਜ਼ ਕੁਝ ਅਜ਼ੀਬ ਜਿਹੀ ਸੀ ਅਤੇ ਉਨ੍ਹਾਂ ਦੀ ਅਵਾਜ਼ ਕਰੀਬ-ਕਰੀਬ ਉਨ੍ਹਾਂ

ਦੇ ਦੋਸਤ ਦੇ ਪਿਤਾ ਦੇ ਵਰਗੀ ਹੀ ਸੀ। ਉਦੋਂ ਉਨ੍ਹਾਂ ਨੂੰ ਆਪਣੇ ਸਵਰਗਵਾਸੀ ਪਿਤਾ ਦੀ ਯਾਦ ਆ ਗਈ ਅਤੇ ਉਹ ਬਹੁਤ ਖੁਸ਼ ਹੋ ਗਏ। ਕਿੰਨੀ ਮੋਹਣ ਵਾਲੀ ਸੀ ਉਹ ਆਵਾਜ਼ ? ਹੈਰਾਨ ਹੋ ਕੇ ਉਨ੍ਹਾਂ ਦੇ ਦੋਸਤ ਦੇ ਮੂੰਹ ਵਿਚੋਂ ਨਿਕਲ ਪਿਆ ਕਿ ਬਿਨਾਂ ਸ਼ੱਕ ਇਹ ਅਵਾਜ਼ ਮੇਰੇ ਪਿਤਾ ਜੀ ਦੀ ਹੀ ਹੈ। ਤਾਂ ਉਹ ਫਟਾ-ਫੱਟ ਹੀ ਦੌੜ ਕੇ ਗਏ ਅਤੇ ਆਪਣੀਆਂ ਸਾਰੀਆਂ ਪ੍ਰਤਿਗਿਆਵਾਂ ਭੁੱਲ ਕੇ ਉਨ੍ਹਾਂ ਨੇ ਬਾਬਾ ਦੇ ਸ੍ਰੀਚਰਣਾਂ ਤੇ ਆਪਣਾ ਸਿਰ ਰੱਖ ਦਿੱਤਾ। ਬਾਬਾ ਨੇ ਕਾਕਾ ਕੋਲੋਂ ਤਾਂ ਦੁਪਹਿਰ ਨੂੰ ਅਤੇ ਵਿਦਿਆ ਹੋਣ ਵੇਲੇ ਦੋ ਵਾਰੀ ਦਕਸ਼ਿਣਾ ਮੰਗੀ, ਪਰ ਉਨ੍ਹਾਂ ਦੇ ਦੋਸਤ ਨੂੰ ਇਕ ਸ਼ਬਦ ਵੀ ਨਹੀਂ ਕਿਹਾ। ਉਨ੍ਹਾਂ ਦੇ ਦੋਸਤ ਨੇ ਫੁਸਫੁਸਾਉਂਦੇ ਹੋਏ ਕਿਹਾ ਕਿ, 'ਭਰਾ।' ਦੇਖੋ, ਬਾਬਾ ਨੇ ਤੇਰੇ ਕੋਲੋਂ ਤਾਂ ਦੋ ਵਾਰੀ ਦਕਸ਼ਿਣਾ ਮੰਗੀ, ਪਰ ਮੈਂ ਵੀ ਤਾਂ ਤੇਰੇ ਨਾਲ ਹਾਂ, ਫੇਰ ਬਾਬਾ ਮੇਰੀ ਇਸ ਤਰ੍ਹਾਂ ਅਣਦੇਖੀ ਕਿਉਂ ਕਰਦੇ ਹਨ ?" ਕਾਕਾ ਨੇ ਜਵਾਬ ਦਿੱਤਾ ਕਿ, "ਬਿਹਤਰ ਤਾਂ ਇਹ ਹੋਏਗਾ ਕਿ ਤੁਸੀਂ ਆਪ ਹੀ ਬਾਬਾ ਕੋਲੋਂ ਪੁੱਛ ਲਵੋ।" ਬਾਬਾ ਨੇ ਪੁੱਛਿਆ ਕਿ "ਕੀ ਕਾਨਾਫੂਸੀ ਹੋ ਰਹੀ ਹੈ ?" ਤਾਂ ਉਨ੍ਹਾਂ ਦੇ ਦੋਸਤ ਨੇ ਕਿਹਾ ਕਿ, "ਕੀ ਮੈਂ ਵੀ ਤੁਹਾਨੂੰ ਦਕਸ਼ਿਣਾ ਦੇਵਾਂ।" ਬਾਬਾ ਨੇ ਕਿਹਾ ਕਿ, "ਤੁਹਾਡੀ ਮਰਜ਼ੀ ਨਾ ਦੇਖਕੇ ਮੈਂ ਤੁਹਾਡੇ ਕੋਲੋਂ ਦਕਸ਼ਿਣਾ ਨਹੀਂ ਮੰਗੀ, ਪਰ ਜੇ ਤੁਹਾਡੀ ਇੱਛਾ ਇਸ ਤਰ੍ਹਾਂ ਦੀ ਹੈ ਤਾਂ ਤੁਸੀਂ ਦਕਸ਼ਿਣਾ ਦੇ ਸਕਦੇ ਹੋ।" ਉਦੋਂ ਉਨ੍ਹਾਂ ਨੇ ਸਤਾਰਾਂ ਰੁਪਏ ਭੇਟ ਕੀਤੇ, ਜਿੰਨੇ ਕਾਕਾ ਨੇ ਦਿੱਤੇ ਸੀ। ਤਾਂ ਬਾਬਾ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ,

ਬਾਬਾ ਨੇ ਉਨ੍ਹਾਂ ਨੂੰ ਵਾਪਸ ਜਾਣ ਦੀ ਆਗਿਆ ਦਿੰਦੇ ਹੋਏ ਕਿਹਾ ਕਿ, "ਤੁਹਾਡੀ ਯਾਤਰਾ ਸਫਲ ਰਹੇਗੀ।" ਭਾਵੇਂ ਅਸਮਾਨ ਵਿਚ ਬੱਦਲ ਛਾਏ ਹੋਏ ਸੀ ਅਤੇ ਤੇਜ਼ ਹਵਾ ਚਲ ਰਹੀ ਸੀ ਤਾਂ ਵੀ ਦੋਵੇਂ ਠੀਕ-ਠਾਕ ਬੰਬਈ ਪਹੁੰਚ ਗਏ। ਘਰ ਪਹੁੰਚ ਕੇ ਜਦੋਂ ਉਨ੍ਹਾਂ ਨੇ ਦਰਵਾਜ਼ਾ ਅਤੇ ਬਾਰੀਆਂ ਖੋਲ੍ਹੀਆਂ ਤਾਂ ਉਥੇ ਦੋ ਮਰੇ ਦਿਮਗਾਦੜ ਪਏ ਦੇਖੇ। ਇਕ ਤੀਜਾ ਉਨ੍ਹਾਂ ਦੇ ਸਾਹਮਣੇ ਹੀ ਫੁਰ ਕਰ ਕੇ ਬਾਰੀ ਵਿਚੋਂ ਉੱਡ ਗਿਆ। ਉਨ੍ਹਾਂ ਨੂੰ ਖ਼ਿਆਲ ਆਇਆ ਕਿ ਜੇ ਮੈਂ ਬਾਰੀ ਖੁਲ੍ਹੀ ਛੱਡੀ ਹੁੰਦੀ ਤਾਂ ਇਨ੍ਹਾਂ ਜੀਵਾਂ ਦੇ ਪ੍ਰਾਣ ਜ਼ਰੂਰ ਬਚ ਜਾਂਦੇ, ਪਰ ਫੇਰ ਉਨ੍ਹਾਂ ਨੂੰ ਖ਼ਿਆਲ ਆਇਆ ਕਿ ਇਹ ਉਨ੍ਹਾਂ ਦੀ ਕਿਸਮਤ ਅਨੁਸਾਰ ਹੀ ਹੋਇਆ ਹੈ ਅਤੇ ਬਾਬਾ ਨੇ ਤੀਜੇ ਦੇ ਪ੍ਰਾਣਾ ਦੀ ਰਖਿਆ ਲਈ ਹੀ ਸਾਨੂੰ ਜਲਦੀ ਹੀ ਉਥੋਂ ਵਾਪਸ ਭੇਜ ਦਿੱਤਾ।

ਬੰਬਈ ਵਿਚ ਠਕਰ ਧਰਮਸੀ ਜੇਠਾਭਾਈ ਸਾਲਿਸਿਟਰ (ਕਨੂੰਨੀ ਸਲਾਹਕਾਰ) ਦੀ ਇਕ ਫਰਮ ਸੀ। ਕਾਕਾ ਇਸ ਫਰਮ ਦੇ ਪ੍ਰਬੰਧਕ ਸੀ। ਸੇਠ ਅਤੇ ਪ੍ਰਬੰਧਕ ਦੇ ਸਬੰਧ ਆਪਸ ਵਿਚ ਚੰਗੇ ਸੀ। ਸ੍ਰੀਮਾਨ ਠਕਰ ਨੂੰ ਪਤਾ ਸੀ ਕਿ ਕਾਕਾ ਅਕਸਰ ਸ਼ਿਰਡੀ ਜਾਂਦੇ ਹਨ ਅਤੇ ਉਥੇ ਕੁਝ ਦਿਨ ਠਹਿਰ ਕੇ ਬਾਬਾ ਦੀ ਆਗਿਆ ਨਾਲ ਹੀ ਵਾਪਸ ਆਉਂਦੇ ਹਨ। ਕੌਤਕ ਦੇਖਣ ਅਤੇ ਬਾਬਾ ਦੀ ਪਰਿਖਿਆ ਕਰਨ ਦੇ ਵਿਚਾਰ ਨਾਲ ਉਨ੍ਹਾਂ ਨੇ ਹੋਲੀ ਦੇ ਮੌਕੇ 'ਤੇ ਕਾਕਾ ਦੇ ਨਾਲ ਹੀ ਸ਼ਿਰਡੀ ਜਾਣ ਦਾ ਇਰਾਦਾ ਕੀਤਾ। ਕਾਕਾ ਦਾ ਸ਼ਿਰਡੀ ਤੋਂ ਵਾਪਸ

ਆਉਣਾ ਹਮੇਸ਼ਾਂ ਕੋਈ ਯਕੀਨੀ ਨਹੀਂ ਸੀ ਹੁੰਦਾ, ਇਸ ਲਈ ਆਪਣੇ ਨਾਲ ਇਕ ਦੋਸਤ ਨੂੰ ਲੈ ਕੇ ਉਹ ਤਿੰਨੇ ਰਵਾਨਾ ਹੋ ਗਏ। ਰਾਹ ਵਿਚ ਕਾਕਾ ਨੇ ਬਾਬਾ ਨੂੰ ਅਰਪਣ ਕਰਨ ਲਈ ਦੋ ਸੇਰ ਮੁਨੱਕੇ ਮੁਲ ਲਏ। ਠੀਕ ਵਕਤ 'ਤੇ ਸ਼ਿਰਡੀ ਪਹੁੰਚ ਕੇ ਉਨ੍ਹਾਂ ਦੇ ਦਰਸ਼ਨਾਂ ਲਈ ਮਸਜਿਦ ਵਿਚ ਗਏ। ਬਾਬਾਸਾਹਿਬ ਤਰਖੰਡ ਵੀ ਉਦੋਂ ਉਥੇ ਹੀ ਸੀ। ਸ੍ਰੀ ਠਕਰ ਨੇ ਉਨ੍ਹਾਂ ਕੋਲੋ ਆਉਣ ਦਾ ਉਦੇਸ਼ ਪੁਛਿਆ। ਤਰਖੰਡ ਨੇ ਜਵਾਬ ਦਿੱਤਾ ਕਿ ਮੈਂ ਤਾਂ ਦਰਸ਼ਨ ਕਰਨ ਲਈ ਆਇਆ ਹਾਂ। ਮੈਨੂੰ ਚਮਤਕਾਰਾਂ ਨਾਲ ਕੋਈ ਮਤਲਬ ਨਹੀਂ। ਇਥੇ ਤਾਂ ਭਗਤਾਂ ਦੇ ਦਿਲ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਕਾਕਾ ਨੇ ਬਾਬਾ ਨੂੰ ਪ੍ਰਣਾਮ ਕਰਕੇ ਉਨ੍ਹਾਂ ਨੂੰ ਮੁਨੱਕੇ ਅਰਪਣ ਕੀਤੇ। ਤਾਂ ਬਾਬਾ ਨੇ ਉਨ੍ਹਾਂ ਨੂੰ ਵੰਡਣ ਦੀ ਆਗਿਆ ਦੇ ਦਿੱਤੀ। ਸ੍ਰੀਮਾਨ ਠਕਰ ਨੂੰ ਵੀ ਕੁਝ ਮੁਨੱਕੇ ਮਿਲੇ। ਇਕ ਤਾਂ ਉਨ੍ਹਾਂ ਨੂੰ ਮੁਨੱਕੇ ਚੰਗੇ ਨਹੀਂ ਲਗਦੇ ਸੀ, ਦੂਜਾ ਇਸ ਤਰ੍ਹਾਂ ਸਾਫ ਕੀਤੇ ਬਿਨਾਂ ਖਾਣ ਤੋਂ ਡਾਟਕਰ ਨੇ ਮੰਨਾ ਕੀਤਾ ਹੋਇਆ ਸੀ। ਇਸ ਲਈ ਉਹ ਕੁਝ ਫੈਸਲਾ ਨਾ ਕਰ ਸਕੇ ਅਤੇ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨੂੰ ਖਾਣਾ ਪਿਆ ਅਤੇ ਸਿਰਫ਼ ਦਿਖਾਵੇ ਦੇ ਲਈ ਹੀ ਉਨ੍ਹਾਂ ਨੇ ਮੂੰਹ ਵਿਚ ਪਾ ਲਿਆ। ਹੁਣ ਸਮਝ ਵਿਚ ਨਹੀਂ ਆਉਂਦਾ ਸੀ ਕਿ ਬੀਆਂ ਦਾ ਕੀ ਕਰਨ। ਮਸਜਿਦ ਦੇ ਫਰਸ਼ ਉਤੇ ਤਾਂ ਥੁਕਿਆ ਨਹੀਂ ਜਾ ਸਕਦਾ ਸੀ, ਇਸ ਲਈ ਉਨ੍ਹਾਂ ਨੇ ਬੀ ਆਪਣੀ ਇੱਛਾ ਦੇ ਵਿਰੁੱਧ ਆਪਣੀ ਜੇਬ ਵਿਚ ਪਾ ਲਏ ਅਤੇ ਸੋਚਣ ਲਗੇ ਕਿ ਜੇ ਬਾਬਾ ਸੰਤ ਹਨ ਤਾਂ ਇਹ ਗੱਲ ਉਨ੍ਹਾਂ ਨੂੰ ਕਿਸ ਤਰ੍ਹਾਂ ਪਤਾ ਨਹੀਂ ਹੈ ਕਿ ਮੈਨੂੰ ਮੁਨੱਕੇ ਪਸੰਦ ਨਹੀਂ ਹਨ? ਫੇਰ ਕੀ ਉਹ ਮੈਨੂੰ ਇਸ ਲਈ ਮਜ਼ਬੂਰ ਕਰ ਸਕਦੇ ਹਨ? ਜਿਵੇਂ ਹੀ ਇਹ ਵਿਚਾਰ ਉਨ੍ਹਾਂ ਦੇ ਮਨ ਵਿਚ ਆਇਆ, ਬਾਬਾ ਨੇ ਉਨ੍ਹਾਂ ਨੂੰ ਕੁਝ ਹੋਰ ਮੁਨੱਕੇ ਦਿੱਤੇ, ਪਰ ਉਨ੍ਹਾਂ ਨੇ ਖਾਧੇ ਨਹੀਂ ਅਤੇ ਆਪਣੇ ਹੱਥ ਵਿਚ ਰੱਖ ਲਏ। ਤਾਂ ਬਾਬਾ ਨੇ ਉਨ੍ਹਾਂ ਨੂੰ ਖਾਣ ਲਈ ਕਿਹਾ। ਉਨ੍ਹਾਂ ਨੇ ਆਗਿਆ ਦਾ ਪਾਲਣ ਕੀਤਾ ਅਤੇ ਚੱਬਣ 'ਤੇ ਦੇਖਿਆ ਕਿ ਉਹ ਸਾਰੇ ਬੀਆਂ ਤੋਂ ਬਿਨਾਂ ਹਨ। ਉਹ ਚਮਤਕਾਰ ਦੀ ਇੱਛਾ ਰੱਖਦੇ ਸੀ, ਇਸ ਲਈ ਉਨ੍ਹਾਂ ਨੂੰ ਦੇਖਣ ਨੂੰ ਮਿਲ ਗਿਆ। ਉਨ੍ਹਾਂ ਨੇ ਸੋਚਿਆ ਕਿ ਬਾਬਾ ਸਾਰੇ ਵਿਚਾਰਾਂ ਨੂੰ ਤੁਰੰਤ ਜਾਣ ਲੈਂਦੇ ਹਨ ਅਤੇ ਮੇਰੀ ਇੱਛਾ ਅਨੁਸਾਰ ਹੀ ਉਨ੍ਹਾਂ ਨੇ ਮੁਨੱਕੇ ਬਿਨਾਂ ਬੀਆਂ ਦੇ ਬਣਾ ਦਿੱਤੇ ਹਨ। ਕੀ ਅਦਭੁੱਤ ਸ਼ਕਤੀ ਹੈ ਉਨ੍ਹਾਂ ਵਿਚ? ਫੇਰ ਸ਼ੱਕ ਦੂਰ ਕਰਨ ਲਈ ਉਨ੍ਹਾਂ ਨੇ ਤਰਖੰਡ ਕੋਲੋਂ, ਜਿਹੜੇ ਨੇੜੇ ਹੀ ਬੈਠੇ ਸੀ ਅਤੇ ਜਿਨ੍ਹਾਂ ਨੂੰ ਵੀ ਥੋੜ੍ਹੇ ਮੁਨੱਕੇ ਮਿਲੇ ਸੀ, ਪੁਛਿਆ ਕਿ ਕਿਸ ਤਰ੍ਹਾਂ ਦੇ ਮੁਨੱਕੇ ਤੁਹਾਨੂੰ ਮਿਲੇ ਹਨ? ਜਵਾਬ ਮਿਲਿਆ "ਚੰਗੇ ਬੀਆਂ ਵਾਲੇ।" ਸ੍ਰੀਮਾਨ ਠਕਰ ਨੂੰ ਉਦੋਂ ਹੋਰ ਵੀ ਹੈਰਾਨੀ ਹੋਈ ਕਿ ਜੇ ਬਾਬਾ ਅਸਲ ਵਿਚ ਸੰਤ ਹਨ ਤਾਂ ਹੁਣ ਸਭ ਤੋਂ ਪਹਿਲਾਂ ਮੁਨੱਕੇ ਕਾਕਾ ਨੂੰ ਹੀ ਦਿੱਤੇ ਜਾਣੇ ਚਾਹੀਦੇ ਹਨ। ਇਸ ਵਿਚਾਰ ਨੂੰ ਜਾਣ ਕੇ ਬਾਬਾ ਨੇ ਕਿਹਾ ਕਿ ਹੁਣ ਦੁਬਾਰਾ ਵੰਡ ਕਾਕਾ ਤੋਂ ਹੀ ਸ਼ੁਰੂ ਹੋਣੀ ਚਾਹੀਦੀ ਹੈ। ਇਹ ਸਾਰੇ ਸਬੂਤ ਸ੍ਰੀ ਠਕਰ ਦੇ ਲਈ ਕਾਫ਼ੀ ਸੀ।

ਫੇਰ ਸ਼ਾਮਾ ਨੇ ਬਾਬਾ ਨਾਲ ਪਛਾਣ ਕਰਵਾਈ ਕਿ ਇਹ ਹੀ ਕਾਕਾ ਦੇ ਸੇਠ ਹਨ। ਬਾਬਾ ਕਹਿਣ ਲਗੇ ਕਿ ਇਹ ਉਨ੍ਹਾਂ ਦੇ ਸੇਠ ਕਿਵੇਂ ਹੋ ਸਕਦੇ ਹਨ? ਇਨ੍ਹਾਂ ਦੇ ਸੇਠ ਤਾਂ ਬੜੇ ਅਜ਼ੀਬ ਹਨ। ਕਾਕਾ ਇਸ ਜਵਾਬ ਨਾਲ ਰਾਜ਼ੀ ਹੋ ਗਏ। ਆਪਣੀ ਜਿਦ ਛੱਡ ਕੇ ਠਕਰ ਨੇ ਬਾਬਾ ਨੂੰ ਪ੍ਰਨਾਮ ਕੀਤਾ ਅਤੇ ਵਾੜੇ ਵਾਪਸ ਆ

ਗਏ। ਦੁਪਹਿਰ ਦੀ ਆਰਤੀ ਖ਼ਤਮ ਹੋਣ ਦੇ ਬਾਅਦ ਉਹ ਬਾਬਾ ਕੋਲੋਂ ਵਾਪਸ ਮੁੜਨ ਦੀ ਆਗਿਆ ਪ੍ਰਾਪਤ ਕਰਨ ਲਈ ਮਸਜਿਦ 'ਚ ਆਏ। ਸ਼ਾਮਾ ਨੇ ਉਨ੍ਹਾਂ ਦੀ ਕੁਝ ਸਿਫਾਰਸ਼ ਕੀਤੀ, ਤਾਂ ਬਾਬਾ ਇਸ ਤਰ੍ਹਾਂ ਬੋਲੇ—

"ਇਕ ਸਨਕੀ ਦਿਮਾਗ ਵਾਲਾ ਸੱਜਣ ਆਦਮੀ ਸੀ, ਜਿਹੜਾ ਤੰਦਰੁਸਤ ਅਤੇ ਧਨੀ ਵੀ ਸੀ। ਸਰੀਰਿਕ ਅਤੇ ਮਾਨਸਿਕ ਦੁੱਖਾਂ ਤਕਲੀਫਾਂ ਤੋਂ ਮੁਕਤ ਹੋਣ 'ਤੇ ਵੀ ਉਹ ਫਜ਼ੂਲ ਹੀ ਫ਼ਿਕਰ ਵਿਚ ਡੁੱਬਾ ਰਹਿੰਦਾ ਸੀ ਅਤੇ ਐਵੇਂ ਹੀ ਇਧਰ-ਉਧਰ ਭੱਟਕ ਕੇ ਬੇਚੈਨ ਰਹਿੰਦਾ ਸੀ। ਕਦੀ ਉਹ ਟਿੱਕ ਜਾਂਦਾ ਅਤੇ ਕਦੀ ਫਿਕਰ ਵਿਚ ਰਹਿੰਦਾ ਸੀ। ਉਸ ਦੀ ਇਸ ਤਰ੍ਹਾਂ ਦੀ ਹਾਲਤ ਦੇਖਕੇ ਮੈਨੂੰ ਦਯਾ ਆ ਗਈ ਅਤੇ ਮੈਂ ਉਸ ਨੂੰ ਕਿਹਾ ਕਿ ਕ੍ਰਿਪਾ ਕਰਕੇ ਹੁਣ

।"

"ਜਲਦੀ ਹੀ ਇਕ ਨਿਸ਼ਚਤ ਥਾਂ ਚੁਣ ਲਉ" ਇਨ੍ਹਾਂ ਸ਼ਬਦਾਂ ਨਾਲ ਠਕਰ ਦੀ ਸਮਝ ਵਿਚ ਤੁਰੰਤ ਆ ਗਿਆ ਕਿ ਇਹ ਬਿਲਕੁਲ ਮੇਰੀ ਹੀ ਕਹਾਣੀ ਹੈ। ਉਨ੍ਹਾਂ ਦੀ ਇੱਛਾ ਸੀ ਕਿ ਕਾਕਾ ਵੀ ਸਾਡੇ ਨਾਲ ਹੀ ਵਾਪਸ ਜਾਣ। ਬਾਬਾ ਨੇ ਉਨ੍ਹਾਂ ਦਾ ਇਹ ਵਿਚਾਰ ਜਾਣਕੇ ਕਾਕਾ ਨੂੰ ਸੇਠ ਦੇ ਨਾਲ ਹੀ ਵਾਪਸੀ ਦੀ ਆਗਿਆ ਦੇ ਦਿੱਤੀ। ਕਿਸੇ ਨੂੰ ਵਿਸ਼ਵਾਸ ਨਹੀਂ ਸੀ ਕਿ ਕਾਕਾ ਏਨੀ ਜਲਦੀ ਸ਼ਿਰਡੀ ਤੋਂ ਵਾਪਸ ਜਾ ਸਕਣਗੇ। ਇਸ ਤਰ੍ਹਾਂ ਠਕਰ ਨੂੰ ਬਾਬਾ ਵੱਲੋਂ ਵਿਚਾਰ ਜਾਣਨ ਦਾ ਇਕ ਹੋਰ ਸਬੂਤ ਮਿਲ ਗਿਆ।

ਉਦੋਂ ਬਾਬਾ ਨੇ ਕਾਕਾ ਕੋਲੋਂ 15 ਰੁਪਏ ਦਕਸ਼ਿਣਾ ਮੰਗੀ ਅਤੇ ਕਹਿਣ ਲਗੇ ਕਿ, ਜੇ ਮੈਂ ਕਿਸੇ ਕੋਲੋਂ ਇਕ ਰੁਪਇਆ ਦਕਸ਼ਿਣਾ ਲੈਂਦਾ ਹਾਂ ਤਾਂ ਉਸ ਨੂੰ ਦਸਗੁਣਾ ਵਾਪਸ ਕਰਦਾ ਹਾਂ। ਮੈਂ ਕਿਸੇ ਦੀ ਕੋਈ ਚੀਜ਼ ਬਿਨਾਂ ਮੁਲ ਨਹੀਂ ਲੈਂਦਾ ਅਤੇ ਨਾ ਹੀ ਹਰੇਕ ਕੋਲੋਂ ਮੰਗਦਾ ਹਾਂ। ਜਿਸ ਵੱਲ ਫ਼ਕੀਰ (ਈਸ਼ਵਰ) ਇਸ਼ਾਰਾ ਕਰਦੇ ਹਨ, ਉਸ ਕੋਲੋਂ ਹੀ ਮੈਂ ਮੰਗਦਾ ਹਾਂ ਅਤੇ ਜਿਹੜਾ ਪਿੱਛਲੇ ਜਨਮ ਦਾ ਕਰਜ਼ਾਈ ਹੁੰਦਾ ਹੈ, ਉਸ ਦੀ ਦਕਸ਼ਿਣਾ ਸਵੀਕਾਰ ਹੋ ਜਾਂਦੀ ਹੈ। । ਧਨ ਦੀ ਵਰਤੋਂ ਧਰਮ ਦੇ ਕਾਰਜਾਂ ਲਈ ਹੋਣੀ ਚਾਹੀਦੀ। ਜੇ ਧਨ ਆਪਣੀਆਂ ਲੋੜਾਂ ਲਈ ਖਰਚ ਕੀਤਾ ਗਿਆ ਤਾਂ ਇਹ ਉਸ ਦੀ ਦੁਰਵਰਤੋਂ ਹੈ। ਜੇ ਤੁਸੀਂ ਪਿੱਛਲੇ ਜਨਮਾਂ ਵਿਚ ਦਾਨ ਨਹੀਂ ਦਿਤਾ ਹੈ ਤਾਂ ਇਸ ਜਨਮ ਵਿਚ ਲੈਣ ਦੀ ਆਸ ਕਿਸ ਤਰ੍ਹਾਂ ਕਰ ਸਕਦੇ ਹੋ ? ਇਸ ਲਈ—

ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਸ੍ਰੀ ਠਕਰ ਨੇ ਵੀ ਆਪਣਾ ਇਰਾਦਾ ਭੁੱਲ ਕੇ ਬਾਬਾ ਨੂੰ 15 ਰੁਪਏ ਭੇਟ ਕੀਤੇ। ਉਨ੍ਹਾਂ ਨੇ ਸੋਚਿਆ ਕਿ ਚੰਗਾ ਹੀ ਹੋਇਆ ਜਿਹੜਾ ਮੈਂ ਸ਼ਿਰਡੀ ਆ ਗਿਆ। ਇਥੇ ਮੇਰੇ ਸਾਰੇ ਸ਼ੱਕ ਖ਼ਤਮ ਹੋ ਗਏ ਅਤੇ ਮੈਨੂੰ ਬਹੁਤ ਕੁਝ ਸਿਖਿਆ ਮਿਲ ਗਈ।

ਇਸ ਤਰ੍ਹਾਂ ਦੇ ਮਾਮਲੇ ਵਿਚ ਬਾਬਾ ਦੀ ਯੋਗਤਾ ਬੜੀ ਅਦੁੱਤੀ ਸੀ। ਭਾਵੇਂ ਉਹ ਸਭ ਕੁਝ ਕਰਦੇ ਸੀ, ਫੇਰ ਵੀ ਉਹ ਇਸ ਸਭ ਤੋਂ ਨਿਰਲੇਪ ਰਹਿੰਦੇ ਸੀ। ਨਮਸਕਾਰ ਕਰਨ ਜਾਂ ਨਾ ਕਰਨ ਵਾਲੇ, ਦੋਵੇਂ ਹੀ ਉਨ੍ਹਾਂ

ਦੇ ਲਈ ਇਕੋ ਜਿਹੇ ਸੀ। ਉਨ੍ਹਾਂ ਨੇ ਕਦੀ ਕਿਸੇ ਦਾ ਅਨਾਦਰ ਨਹੀਂ ਕੀਤਾ। ਜੇ ਭਗਤ ਉਨ੍ਹਾਂ ਦੀ ਪੂਜਾ ਕਰਦੇ ਤਾਂ ਇਸ ਨਾਲ ਉਨ੍ਹਾਂ ਨੂੰ ਨਾ ਕੋਈ ਖੁਸ਼ੀ ਹੁੰਦੀ ਅਤੇ ਜੇ ਕੋਈ ਉਨ੍ਹਾਂ ਦੀ ਅਣਦੇਖੀ ਕਰਦਾ ਤਾਂ ਨਾ ਕੋਈ ਦੁੱਖ ਹੀ ਹੁੰਦਾ। ਉਹ ਸੁੱਖ ਅਤੇ ਦੁੱਖ ਦੀ ਭਾਵਨਾ ਤੋਂ ਪਰੇ ਹੋ ਚੁੱਕੇ ਸੀ।

ਬਾਂਦਰਾ ਦੇ ਇਕ ਸੱਜਣ ਕਾਇਸਥ ਪ੍ਰਭੂ ਬਹੁਤ ਦਿਨਾਂ ਤੋਂ ਨੀਂਦ ਨਾ ਆਉਣ ਕਰਕੇ ਬਿਮਾਰ ਸੀ। ਜਿਵੇਂ ਹੀ ਉਹ ਸੌਣ ਲਗਦੇ, ਉਨ੍ਹਾਂ ਦੇ ਸਵਰਗਵਾਸੀ ਪਿਤਾ ਸੁਪਨੇ ਵਿਚ ਆ ਕੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਗਾਲਾਂ ਕਢਦੇ ਹੋਏ ਦਿਖਣ ਲਗਦੇ ਸੀ। ਇਸ ਲਈ ਨੀਂਦ ਭੰਗ ਹੋ ਜਾਂਦੀ ਅਤੇ ਉਹ ਰਾਤ ਭਰ ਬੇਚੈਨੀ ਮਹਿਸੂਸ ਕਰਦੇ ਸੀ। ਹਰ ਰਾਤ ਨੂੰ ਇਸ ਤਰ੍ਹਾਂ ਹੀ ਹੁੰਦਾ ਸੀ, ਜਿਸ ਨਾਲ ਉਹ ਪਰੇਸ਼ਾਨ ਹੋ ਗਏ। ਇਕ ਦਿਨ ਬਾਬਾ ਦੇ ਇਕ ਭਗਤ ਨਾਲ ਉਨ੍ਹਾਂ ਨੇ ਇਸ ਬਾਰੇ ਵਿਚ ਸਲਾਹ ਕੀਤੀ। ਉਸ ਨੇ ਕਿਹਾ ਕਿ ਮੈਂ ਤਾਂ ਸੰਕਟਮੋਚਨ ਸਭ ਦੁੱਖਾਂ ਨੂੰ ਦੂਰ ਕਰਨ ਵਾਲੀ ਉਦੀ ਨੂੰ ਹੀ ਇਸ ਦੀ ਰਾਮਬਾਣ ਦਵਾਈ ਮੰਨਦਾ ਹਾਂ, ਜਿਹੜੀ ਛੇਤੀ ਹੀ ਲਾਭਵੰਦ ਸਿੱਧ ਹੋਏਗੀ। ਉਨ੍ਹਾਂ ਨੇ ਇਕ ਉਦੀ ਦੀ ਪੁੜੀ ਦੇ ਕੇ ਕਿਹਾ ਕਿ ਇਸ ਨੂੰ ਸੌਣ ਤੋਂ ਪਹਿਲਾਂ ਮੱਥੇ 'ਤੇ ਲਾ ਕੇ ਆਪਣੇ ਸਰਹਾਣੇ ਰੱਖੋ। ਫੇਰ ਤਾਂ ਉਨ੍ਹਾਂ ਨੂੰ ਗੂੜ੍ਹੀ ਨੀਂਦ ਆਉਣ ਲਗੀ। ਇਹ ਦੇਖ ਕੇ ਉਨ੍ਹਾਂ ਨੂੰ ਬਹੁਤ ਹੈਰਾਨੀ ਅਤੇ ਖੁਸ਼ੀ ਹੋਈ। ਇਹ ਨੇਮ ਸ਼ੁਰੂ ਰਖ ਕੇ ਉਹ ਹੁਣ ਸਾਈਂਬਾਬਾ ਦਾ ਧਿਆਨ ਕਰਨ ਲਗ ਪਏ। ਬਜ਼ਾਰ ਵਿਚੋਂ ਬਾਬਾ ਦੀ ਇਕ ਤਸਵੀਰ ਲਿਆ ਕੇ ਉਨ੍ਹਾਂ ਨੇ ਆਪਣੇ ਸਰਹਾਣੇ ਦੇ ਕੋਲ ਲਗਾਕੇ ਉਨ੍ਹਾਂ ਦੀ ਰੋਜ਼ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਹਰੇਕ ਵੀਰਵਾਰ ਨੂੰ ਉਹ ਹਾਰ ਅਤੇ ਨੈਵੇਦ ਅਰਪਣ ਕਰਨ ਲੱਗ ਪਏ। ਉਹ ਹੁਣ ਪੂਰੇ ਤੰਦਰੁਸਤ ਹੋ ਗਏ ਅਤੇ ਪਹਿਲੇ ਦੀਆਂ ਸਾਰੀਆਂ ਤਕਲੀਫਾਂ ਨੂੰ ਭੁੱਲ ਗਏ।

ਇਹ ਬਾਬਾ ਦੇ ਪਰਮ ਭਗਤ ਸੀ। ਇਹ ਉਨ੍ਹਾਂ ਦੀ ਨਿਸ਼ਕਾਮ ਸੇਵਾ ਕਰਦੇ ਸੀ। ਦਿਨ ਵਿਚ ਜਿਸ ਜਿਸ ਰਾਹ ਵਿਚੋਂ ਬਾਬਾ ਨਿਕਲਦੇ ਸੀ, ਉਸ ਨੂੰ ਉਹ ਸਵੇਰੇ ਹੀ ਉਠਕੇ ਝਾੜੂ ਲਾ ਕੇ ਪੂਰਾ ਸਾਫ ਰੱਖਦੇ ਸੀ। ਇਨ੍ਹਾਂ ਦੇ ਬਾਅਦ ਇਹ ਕੰਮ ਬਾਬਾ ਦੀ ਪਰਮ ਭਗਤ ਔਰਤ ਰਾਧਾਕ੍ਰਿਸ਼ਨਾਮਾਈ ਨੇ ਕੀਤਾ ਅਤੇ ਫੇਰ ਅਬਦੁਲ ਨੇ। ਬਾਲਾ ਜੀ ਜਦੋਂ ਆਪਣੀ ਫਸਲ ਕੱਟ ਕੇ ਲਿਆਉਂਦੇ ਤਾਂ ਸਾਰਾ ਅਨਾਜ ਬਾਬਾ ਨੂੰ ਭੇਟ ਕਰ ਦਿੰਦੇ ਸੀ। ਉਸ ਵਿਚੋਂ ਜੋ ਕੁਝ ਬਾਬਾ ਉਨ੍ਹਾਂ ਨੂੰ ਵਾਪਸ ਦਿੰਦੇ, ਉਸੇ ਨਾਲ ਉਹ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਸੀ। ਇਹ ਨੇਮ ਅਨੇਕ ਸਾਲਾਂ ਤੱਕ ਚਲਿਆ ਅਤੇ ਉਨ੍ਹਾਂ ਦੀ ਮੌਤ ਪਿਛੋਂ ਵੀ ਉਨ੍ਹਾਂ ਦੇ ਪੁੱਤਰ ਨੇ ਇਸ ਨੂੰ ਜਾਰੀ ਰੱਖਿਆ।

ਇਕ ਵਾਰੀ ਬਾਲਾ ਜੀ ਦੇ ਸ਼ਰਾਧ ਦੇ ਮੌਕੇ 'ਤੇ ਕੁਝ ਲੋਕ ਸੱਦੇ ਗਏ। ਜਿਨ੍ਹੇ ਲੋਕਾਂ ਦੇ ਲਈ ਭੋਜਨ

ਤਿਆਰ ਕੀਤਾ ਗਿਆ, ਉਸ ਨਾਲੋਂ ਤਿੰਨ ਗੁਣਾ ਲੋਕ ਭੋਜਨ ਦੇ ਵੇਲੇ ਇਕੱਠੇ ਹੋ ਗਏ। ਇਹ ਦੇਖ ਕੇ ਸ੍ਰੀਮਤੀ ਨੇਵਾਸਕਰ ਪਰੇਸ਼ਾਨ ਹੋ ਗਈ। ਉਨ੍ਹਾਂ ਨੇ ਸੋਚਿਆ ਕਿ ਇਹ ਭੋਜਨ ਸਾਰਿਆਂ ਦੇ ਲਈ ਕਾਫ਼ੀ ਨਹੀਂ ਹੋਏਗਾ ਅਤੇ ਕਿਤੇ ਘੱਟ ਗਿਆ ਤਾਂ ਪਰਿਵਾਰ ਦੀ ਬਦਨਾਮੀ ਹੋਏਗੀ। ਉਦੋਂ ਉਨ੍ਹਾਂ ਦੀ ਸੱਸ ਨੇ ਉਨ੍ਹਾਂ ਨੂੰ ਤਸੱਲੀ ਦੇ ਕੇ ਕਿਹਾ ਕਿ ਫਿਕਰ ਨਾ ਕਰੋ, ਇਹ ਭੋਜਨ ਸਾਡਾ ਨਹੀਂ, ਇਹ ਤਾਂ ਸ੍ਰੀ ਸਾਈਂਬਾਬਾ ਦਾ ਹੈ। ਹਰੇਕ ਬਰਤਨ ਵਿਚ ਉਦੀ ਪਾਕੇ ਉਸ ਨੂੰ ਕਪੜੇ ਨਾਲ ਕੱਜ ਦਿਉ ਅਤੇ ਬਿਨਾਂ ਕਪੜਾ ਚੁੱਕੇ ਸਾਰਿਆਂ ਨੂੰ ਪਰੋਸ ਦਿਉ। ਉਹ ਹੀ ਸਾਡੀ ਇੱਜ਼ਤ ਬਚਾਉਣਗੇ। ਸਲਾਹ ਦੇ ਅਨੁਸਾਰ ਇਸ ਤਰ੍ਹਾਂ ਹੀ ਕੀਤਾ ਗਿਆ। ਸਾਰਿਆਂ ਦੇ ਰੱਜ ਕੇ ਭੋਜਨ ਕਰਨ ਦੇ ਬਾਅਦ ਵੀ ਭੋਜਨ ਕਾਫ਼ੀ ਦੇਖਕੇ ਉਨ੍ਹਾਂ ਲੋਕਾਂ ਨੂੰ ਬਹੁਤ ਹੈਰਾਨੀ ਅਤੇ ਖੁਸ਼ੀ ਹੋਈ। ਅਸਲ ਵਿਚ ਦੇਖਿਆ ਜਾਏ ਤਾਂ ਜਿਵੇਂ ਦਾ ਜਿਸ ਦਾ ਭਾਵ ਹੁੰਦਾ ਹੈ, ਉਸ ਦੇ ਮੁਤਾਬਿਕ ਹੀ ਅਨੁਭਵ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਦੀ ਹੀ ਘਟਨਾ ਮੈਨੂੰ ਪਹਿਲੇ ਦਰਜੇ ਦੇ ਉਪ ਜੱਜ ਅਤੇ ਬਾਬਾ ਦੇ ਪਰਮ ਭਗਤ ਸ੍ਰੀ ਬੀ.ਏ. ਚੋਗੁਲੇ ਨੇ ਦੱਸੀ। ਫਰਵਰੀ, ਸੰਨ 1934 ਵਿਚ ਕਰਜਤ (ਜ਼ਿਲ੍ਹਾ ਅਹਿਮਦਨਗਰ) ਵਿਚ ਪੂਜਾ ਦਾ ਉਤਸਵ ਹੋ ਰਿਹਾ ਸੀ, ਉਦੋਂ ਇਸ ਮੌਕੇ 'ਤੇ ਇਕ ਭੋਜ ਦਾ ਪ੍ਰਬੰਧ ਹੋਇਆ ਸੀ। ਭੋਜਨ ਦੇ ਵੇਲੇ ਸੱਦੇ ਲੋਕਾਂ ਨਾਲੋਂ ਲਗਭਗ ਪੰਜ ਗੁਣਾ ਜ਼ਿਆਦਾ ਭੋਜਨ ਕਰਨ ਲਈ ਆਏ, ਫੇਰ ਵੀ ਭੋਜਨ ਘੱਟਿਆ ਨਹੀਂ, ਬਾਬਾ ਦੀ ਕ੍ਰਿਪਾ ਨਾਲ ਸਾਰਿਆ ਨੂੰ ਭੋਜਨ ਮਿਲਿਆ, ਇਹ ਦੇਖ ਕੇ ਸਾਰਿਆਂ ਨੂੰ ਹੈਰਾਨੀ ਹੋਈ।

ਸ਼ਿਰਡੀ ਦੇ ਰਘੁ ਪਾਟਿਲ ਇਕ ਵਾਰੀ ਨੇਵਾਸੇ ਦੇ ਬਾਲਾ ਜੀ ਪਾਟਿਲ ਦੇ ਕੋਲ ਗਏ, ਜਿਥੇ ਸ਼ਾਮ ਨੂੰ ਉਨ੍ਹਾਂ ਨੂੰ ਪਤਾ ਲੱਗਾ ਕਿ ਇਕ ਸੱਪ ਫੁੰਕਾਰਦਾ ਹੋਇਆ ਗਊਸ਼ਾਲਾ ਵਿਚ ਵੜ ਗਿਆ ਹੈ। ਸਾਰੇ ਪਸ਼ੂ ਡਰ ਕੇ ਇਧਰ ਉਧਰ ਭੱਜਣ ਲੱਗੇ। ਘਰ ਦੇ ਲੋਕ ਵੀ ਘਬਰਾ ਗਏ, ਪਰ ਬਾਲਾਜੀ ਨੇ ਸੋਚਿਆ ਕਿ ਸ੍ਰੀ ਸਾਈਂ ਹੀ ਇਸ ਰੂਪ ਵਿਚ ਇਥੇ ਪ੍ਰਗਟ ਹੋਏ ਹਨ। ਤਾਂ ਉਹ ਇਕ ਕੱਪ ਵਿਚ ਦੁੱਧ ਲੈ ਆਏ ਅਤੇ ਨਿਡਰ ਹੋ ਕੇ ਉਸ ਸੱਪ ਦੇ ਸਾਹਮਣੇ ਰੱਖ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਕਹਿਣ ਲੱਗੇ ਕਿ, "ਬਾਬਾ! ਤੁਸੀਂ ਫੁਫਕਾਰ ਕੇ ਰੌਲਾ ਕਿਉਂ ਪਾ ਰਹੇ ਹੋ? ਕੀ ਤੁਸੀਂ ਮੈਨੂੰ ਡਰਾਉਣਾ ਚਾਹੁੰਦੇ ਹੋ? ਇਹ ਦੁੱਧ ਦਾ ਕੱਪ ਲਉ ਅਤੇ ਆਰਾਮ ਨਾਲ ਪੀ ਲਉ।" ਇਸ ਤਰ੍ਹਾਂ ਕਹਿ ਕੇ ਉਹ ਬਿਨਾਂ ਕਿਸੇ ਡਰ ਦੇ ਉਸਦੇ ਕੋਲ ਹੀ ਬੈਠ ਗਏ। ਘਰ ਦੇ ਹੋਰ ਲੋਕ ਤਾਂ ਬਹੁਤ ਘਬਰਾ ਗਏ ਅਤੇ ਉਨ੍ਹਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਹੁਣ ਉਹ ਕੀ ਕਰਨ? ਥੋੜ੍ਹੀ ਦੇਰ ਵਿਚ ਹੀ ਸੱਪ ਗਾਇਬ ਹੋ ਗਿਆ ਅਤੇ ਕਿਸੇ ਨੂੰ ਵੀ ਪਤਾ ਨਾ ਲੱਗਾ ਕਿ ਉਹ ਕਿਥੇ ਗਿਆ। ਗਊਸ਼ਾਲਾ ਵਿਚ ਸਾਰੀ ਥਾਂ ਦੇਖਣ 'ਤੇ ਵੀ ਉਥੇ ਉਸਦਾ ਕੋਈ ਨਿਸ਼ਾਨ ਨਹੀਂ ਦਿਸਿਆ।





# ॥ ਅਧਿਆਇ-36 ॥

## *ਹੈਰਾਨੀਜਨਕ ਕਥਾਵਾਂ : 1. ਗੋਆ ਦੇ ਦੋ ਸੱਜਣ 2. ਸ੍ਰੀਮਤੀ ਔਰੰਗਾਬਾਦਕਰ*

ਇਸ ਅਧਿਆਇ ਵਿਚ ਗੋਆ ਦੇ ਦੋ ਸੱਜਣਾਂ ਅਤੇ ਸ੍ਰੀਮਤੀ ਔਰੰਗਾਬਾਦਕਰ ਦੀਆਂ ਅਦਭੁਤ ਕਥਾਵਾਂ ਦਾ ਵਰਣਨ ਹੈ।

ਇਕ ਵਾਰ ਗੋਆ ਤੋਂ ਦੋ ਸੱਜਣ ਸ੍ਰੀ ਸਾਈਂਬਾਬਾ ਦੇ ਦਰਸ਼ਨ ਕਰਨ ਸ਼ਿਰਡੀ ਆਏ। ਉਨ੍ਹਾਂ ਨੇ ਆ ਕੇ ਬਾਬਾ ਨੂੰ ਨਮਸਕਾਰ ਕੀਤਾ। ਭਾਵੇਂ ਉਹ ਦੋਵੇਂ ਇਕੱਠੇ ਹੀ ਆਏ ਸੀ, ਫੇਰ ਵੀ ਬਾਬਾ ਨੇ ਸਿਰਫ਼ ਇਕ ਹੀ ਬੰਦੇ ਕੋਲੋਂ ਪੰਦਰਾ ਰੁਪਏ ਦਕਸ਼ਿਣਾ ਮੰਗੀ, ਜਿਹੜੀ ਉਨ੍ਹਾਂ ਨੂੰ ਆਦਰ ਨਾਲ ਦੇ ਦਿੱਤੀ ਗਈ। ਦੂਜਾ ਬੰਦਾ ਵੀ ਉਨ੍ਹਾਂ ਨੂੰ ਖ਼ੁਸ਼ੀ ਨਾਲ 35 ਰੁਪਏ ਦਕਸ਼ਿਣਾ ਦੇਣ ਲੱਗਾ ਤਾਂ ਉਨ੍ਹਾਂ ਨੇ ਉਸਦੀ ਦਕਸ਼ਿਣਾ ਲੈਣ ਤੋਂ ਨਾ ਕਰ ਦਿੱਤੀ। ਲੋਕਾਂ ਨੂੰ ਬੜੀ ਹੈਰਾਨੀ ਹੋਈ। ਉਸ ਵੇਲੇ ਸ਼ਾਮਾ ਵੀ ਉਥੇ ਹਾਜ਼ਰ ਸੀ। ਉਨ੍ਹਾਂ ਨੇ ਕਿਹਾ ਕਿ "ਦੇਵਾ! ਇਹ ਕੀ, ਇਹ ਦੋਵੇਂ ਇਕੱਠੇ ਹੀ ਤਾਂ ਆਏ ਹਨ। ਇਨ੍ਹਾਂ ਵਿਚੋਂ ਇਕ ਦੀ ਦਕਸ਼ਿਣਾ ਤਾਂ ਤੁਸੀਂ ਸਵੀਕਾਰ ਕਰਦੇ ਹੋ ਅਤੇ ਦੂਜਾ ਜਿਹੜਾ ਆਪਣੀ ਮਰਜ਼ੀ ਨਾਲ ਭੇਟ ਦੇ ਰਿਹਾ ਹੈ ਉਸਨੂੰ ਨਾਮਨਜ਼ੂਰ ਕਰ ਰਹੇ ਹੋ? ਇਹ ਵਿਤਕਰਾ ਕਿਉ?" ਤਾਂ ਬਾਬਾ ਨੇ ਜਵਾਬ ਦਿੱਤਾ ਕਿ, "ਸ਼ਾਮਾ! ਤੂੰ ਨਾਦਾਨ ਹੈਂ। ਮੈਂ ਕਿਸੇ ਕੋਲੋਂ ਕਦੀ ਕੁਝ ਨਹੀਂ ਲੈਂਦਾ। ਇਥੇ ਤਾਂ ਮਸਜਿਦਮਾਈ ਹੀ ਆਪਣਾ ਕਰਜ਼ਾ ਮੰਗਦੀ ਹੈ ਅਤੇ ਇਸ ਲਈ ਦੇਣ ਵਾਲਾ ਆਪਣਾ ਕਰਜ਼ਾ ਉਤਾਰ ਕੇ ਮੁਕਤ ਹੋ ਜਾਂਦਾ ਹੈ। ਕੀ ਮੇਰੇ ਕੋਈ ਘਰ ਜਾਇਦਾਦ ਜਾਂ ਬਾਲ ਬੱਚੇ ਹਨ, ਜਿਨ੍ਹਾਂ ਦੇ ਲਈ ਮੈਨੂੰ ਫ਼ਿਕਰ ਹੋਏ? ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਮੈਂ ਤਾਂ ਸਦਾ ਆਜ਼ਾਦ ਹਾਂ। ਕਰਜ਼ਾ, ਦੁਸ਼ਮਨੀ ਅਤੇ ਹਤਿਆ ਇਨ੍ਹਾਂ ਸਾਰਿਆਂ ਦਾ ਪਛਤਾਵਾ ਜ਼ਰੂਰ ਕਰਨਾ ਪੈਂਦਾ ਹੈ, ਅਤੇ ਇਨ੍ਹਾਂ ਤੋਂ ਕਿਸੇ ਤਰ੍ਹਾਂ ਵੀ ਛੁਟਕਾਰਾ ਸੰਭਵ ਨਹੀਂ ਹੈ।

ਆਪਣੇ ਜੀਵਨ ਦੇ ਪਹਿਲੇ ਸਾਲਾਂ ਵਿਚ ਇਹ ਸੱਜਣ ਗਰੀਬ ਸੀ। ਇਨ੍ਹਾਂ ਨੇ ਈਸ਼ਵਰ ਕੋਲ ਪ੍ਰਤਿਗਿਆ ਕੀਤੀ ਕਿ ਜੇ ਮੈਨੂੰ ਨੌਕਰੀ ਮਿਲ ਗਈ ਤਾਂ ਮੈਂ ਇਕ ਮਹੀਨੇ ਦੀ ਤਨਖਾਹ ਤੁਹਾਨੂੰ ਅਰਪਣ ਕਰਾਂਗਾ। ਇਨ੍ਹਾਂ ਨੂੰ 15 ਰੁਪਏ ਮਹੀਨੇ ਦੀ ਇਕ ਨੌਕਰੀ ਮਿਲ ਗਈ। ਫੇਰ ਲਗਾਤਾਰ ਉਨਤੀ ਹੁੰਦੇ ਹੁੰਦੇ 30,60, 100, 200 ਅਤੇ ਅੰਤ ਵਿਚ 700 ਰੁਪਏ ਤਕ ਮਹੀਨੇ ਦੀ ਤਨਖਾਹ ਹੋ ਗਈ। ਪਰ ਧਨ ਮਿਲਣ 'ਤੇ ਇਹ ਆਪਣਾ ਵਚਨ ਭੁੱਲ ਗਏ ਅਤੇ ਉਸ ਨੂੰ ਪੂਰਾ ਨਾ ਕਰ ਸਕੇ। ਹੁਣ ਆਪਣੇ ਸ਼ੁਭ ਕਰਮਾਂ ਕਰਕੇ ਹੀ ਇਨ੍ਹਾਂ ਨੂੰ ਇਥੇ ਤੱਕ ਪਹੁੰਚਣ ਦਾ ਚੰਗਾ ਭਾਗ ਪ੍ਰਾਪਤ ਹੋਇਆ ਹੈ। ਇਸ ਲਈ ਮੈਂ ਇਨ੍ਹਾਂ ਕੋਲੋਂ ਸਿਰਫ਼ 15 ਰੁਪਏ ਹੀ ਦਕਸ਼ਿਣਾ ਮੰਗੀ, ਜਿਹੜੀ ਇਨ੍ਹਾਂ ਦੇ ਪਹਿਲੇ ਮਹੀਨੇ ਦੀ ਤਨਖ਼ਾਹ ਸੀ।"

"ਸਮੁੰਦਰ ਦੇ ਕੰਢੇ ਫਿਰਦੇ-ਫਿਰਦੇ ਮੈਂ ਇਕ ਵਿਸ਼ਾਲ ਸੁੰਦਰ ਮਹਿਲ ਦੇ ਕੋਲ ਪਹੁੰਚਿਆ ਅਤੇ ਉਸ ਦੇ ਦਲਾਨ ਵਿਚ ਆਰਾਮ ਕਰਨ ਲਗਾ। ਉਸ ਮਹਿਲ ਦੇ ਬ੍ਰਾਹਮਣ ਸਵਾਮੀ ਨੇ ਮੇਰਾ ਮੁਨਾਸਿਬ ਸਵਾਗਤ ਕਰਕੇ ਮੈਨੂੰ ਵਧੀਆ ਸੁਆਦ ਭੋਜਨ ਖਾਣ ਨੂੰ ਦਿੱਤਾ। ਭੋਜਨ ਦੇ ਬਾਅਦ ਉਸ ਨੇ ਮੈਨੂੰ ਅਲਮਾਰੀ ਦੇ ਕੋਲ ਇਕ ਸਾਫ਼ ਥਾਂ ਸੌਣ ਦੇ ਲਈ ਦੱਸੀ ਅਤੇ ਮੈਂ ਉਥੇ ਹੀ ਸੌਂ ਗਿਆ। ਜਦੋਂ ਮੈਂ ਗੂੜੀ ਨੀਂਦ ਵਿਚ ਸੀ ਤਾਂ ਉਸ ਨੇ ਪੱਥਰ ਖਿਸਕਾ ਕੇ ਕੰਧ ਵਿਚ ਸੰਧ ਲਾਈ ਅਤੇ ਉਸ ਵਿਚੋਂ ਅੰਦਰ ਵੜ ਕੇ ਉਸ ਨੇ ਮੇਰਾ ਖੀਸਾ ਕੱਟ ਲਿਆ। ਨੀਂਦ ਤੋਂ ਉਠਣ 'ਤੇ ਮੈਂ ਦੇਖਿਆ ਕਿ ਮੇਰੇ 30 ਹਜ਼ਾਰ ਰੁਪਏ ਚੋਰੀ ਹੋ ਗਏ ਸਨ। ਮੈਂ ਬੜੀ ਮੁਸੀਬਤ ਵਿਚ ਪੈ ਗਿਆ ਅਤੇ ਦੁੱਖੀ ਹੋ ਕੇ ਰੋਂਦਾ ਹੋਇਆ ਬੈਠ ਗਿਆ। ਸਿਰਫ ਨੋਟ ਹੀ ਨੋਟ ਚੁਰਾ ਲਏ ਸੀ, ਇਸ ਲਈ ਮੈਂ ਸੋਚਿਆ ਕਿ ਇਹ ਕੰਮ ਉਸ ਬ੍ਰਾਹਮਣ ਦੇ ਇਲਾਵਾ ਹੋਰ ਕਿਸੇ ਦਾ ਨਹੀਂ ਹੈ। ਮੈਨੂੰ ਖਾਣਾ-ਪੀਣਾ ਕੁਝ ਵੀ ਚੰਗਾ ਨਾ ਲਗਾ ਅਤੇ ਮੈਂ ਇਕ ਪਖਵਾੜੇ ਤੱਕ ਦਲਾਨ ਵਿਚ ਹੀ ਬੈਠੇ-ਬੈਠੇ ਚੋਰੀ ਦਾ ਦੁੱਖ ਮਨਾਉਂਦਾ ਰਿਹਾ। ਇਸ ਤਰ੍ਹਾਂ 15 ਦਿਨ ਬੀਤਣ 'ਤੇ ਰਾਹ ਵਿਚ ਜਾਣ ਵਾਲੇ ਇਕ ਫਕੀਰ ਨੇ ਮੈਨੂੰ ਦੁੱਖ ਨਾਲ ਰੋਂਦੇ ਦੇਖਕੇ ਮੇਰੇ ਰੋਣ ਦਾ ਕਾਰਨ ਪੁਛਿਆ ਤਾਂ ਮੈਂ ਸਾਰਾ ਹਾਲ ਉਸ ਨੂੰ ਸੁਣਾ ਦਿੱਤਾ। ਉਸ ਨੇ ਮੈਨੂੰ ਕਿਹਾ ਕਿ ਜੇ ਤੁਸੀਂ ਮੇਰੇ ਕਹਿਣ ਮੁਤਾਬਿਕ ਕਰੋਗੇ ਤਾਂ ਤੁਹਾਡਾ ਚੋਰੀ ਹੋਇਆ ਧਨ ਵਾਪਸ ਮਿਲ ਜਾਏਗਾ। ਮੈਂ ਇਕ ਫਕੀਰ ਦਾ ਪਤਾ ਤੈਨੂੰ ਦਸ ਦਿੰਦਾ ਹਾਂ ਤੁਸੀਂ ਉਸਦੀ ਸ਼ਰਨ ਵਿਚ ਜਾਉ ਅਤੇ ਉਸਦੀ ਕ੍ਰਿਪਾ ਨਾਲ ਤੁਹਾਨੂੰ ਤੁਹਾਡਾ ਧਨ ਦੁਬਾਰਾ ਮਿਲ ਜਾਏਗਾ। ਪਰ ਜਦੋਂ ਤਕ ਤੁਹਾਨੂੰ ਆਪਣਾ ਧਨ ਵਾਪਸ ਨਹੀਂ ਮਿਲਦਾ, ਉਸ ਵੇਲੇ ਤਕ ਤੁਸੀਂ ਆਪਣਾ ਪਿਆਰਾ ਭੋਜਨ ਤਿਆਗ ਦਿਉ। ਮੈਂ ਉਸ ਫਕੀਰ ਦਾ ਕਹਿਣਾ ਮੰਨ ਲਿਆ ਅਤੇ ਮੇਰਾ ਚੋਰੀ ਹੋਇਆ ਧਨ ਮਿਲ ਗਿਆ। ਤਾਂ ਮੈਂ ਸਮੁੰਦਰ ਕੰਢੇ 'ਤੇ ਆਇਆ, ਜਿਥੇ ਇਕ ਜਹਾਜ਼ ਖੜਾ ਸੀ, ਜਿਹੜਾ ਯਾਤਰੀਆਂ ਨਾਲ ਖੱਚਾਖੱਚ ਭਰ ਚੁੱਕਾ ਸੀ। ਕਿਸਮਤ ਨਾਲ ਉਥੇ ਇਕ ਦਿਆਲੂ ਸੁਭਾਅ ਵਾਲੇ ਚਪੜਾਸੀ ਦੀ ਮਦਦ ਨਾਲ ਮੈਨੂੰ ਇਕ ਥਾਂ ਮਿਲ ਗਈ। ਇਸ ਤਰ੍ਹਾਂ ਮੈਂ ਦੂਜੇ ਕੰਢੇ 'ਤੇ ਪਹੁੰਚਿਆ ਅਤੇ ਉਥੋਂ ਰੇਲ ਗੱਡੀ ਵਿਚ ਬੈਠ ਕੇ ਮਸਜਿਦ ਮਾਈ ਆ ਪਹੁੰਚਿਆ।

ਕਥਾ ਖ਼ਤਮ ਹੁੰਦੇ ਹੀ ਬਾਬਾ ਨੇ ਸ਼ਾਮਾ ਨੂੰ ਇਨ੍ਹਾਂ ਮਹਿਮਾਨਾਂ ਨੂੰ ਆਪਣੇ ਨਾਲ ਲੈ ਜਾਣ ਅਤੇ ਭੋਜਨ ਦਾ ਪ੍ਰਬੰਧ ਕਰਨ ਲਈ ਕਿਹਾ। ਤਾਂ ਸ਼ਾਮਾ ਉਨ੍ਹਾਂ ਨੂੰ ਆਪਣੇ ਘਰ ਲੈ ਗਏ ਅਤੇ ਉਨ੍ਹਾਂ ਨੂੰ ਭੋਜਨ ਕਰਾਇਆ। ਭੋਜਨ ਕਰਨ ਵੇਲੇ ਸ਼ਾਮਾ ਨੇ ਉਨ੍ਹਾਂ ਨੂੰ ਕਿਹਾ, "ਬਾਬਾ ਦੀ ਕਹਾਣੀ ਬੜੀ ਹੀ ਅਜ਼ੀਬ ਹੈ, ਕਿਉਂਕਿ ਨਾ ਤਾਂ ਉਹ ਕਦੀ ਸਮੁੰਦਰ ਵਲ ਗਏ ਹਨ ਅਤੇ ਨਾ ਉਨ੍ਹਾਂ ਕੋਲ 30 ਹਜ਼ਾਰ ਰੁਪਏ ਹੀ ਸੀ। ਉਨ੍ਹਾਂ ਨੇ ਨਾ ਕਿਤੇ ਵੀ ਯਾਤਰਾ ਕੀਤੀ, ਨਾ ਹੀ ਉਨ੍ਹਾਂ ਦੀ ਕੋਈ ਰਕਮ ਚੋਰੀ ਗਈ ਅਤੇ ਨਾ ਵਾਪਸ ਆਈ।" ਫੇਰ ਸ਼ਾਮਾ ਨੇ ਉਨ੍ਹਾਂ ਲੋਕਾਂ ਨੂੰ ਪੁਛਿਆ ਕਿ, "ਤੁਹਾਨੂੰ ਲੋਕਾਂ ਨੂੰ ਕੁਝ ਸਮਝ ਵਿਚ ਆਇਆ ਕਿ ਇਸ ਦਾ ਅਰਥ ਕੀ ਸੀ ?" ਦੋਵੇਂ ਮਹਿਮਾਨਾਂ ਦਾ ਗੱਲਾ ਭਰ ਆਇਆ ਅਤੇ ਉਨ੍ਹਾਂ ਦੀਆਂ ਅੱਖਾਂ ਵਿਚੋਂ ਅਥਰੂਆਂ ਦੀਆਂ ਧਾਰਾਂ

ਵੱਗਣ ਲਗੀਆਂ। ਉਨ੍ਹਾਂ ਨੇ ਰੋਂਦੇ-ਰੋਂਦੇ ਕਿਹਾ ਕਿ, "ਬਾਬਾ ਤਾਂ ਸਰਵ ਵਿਆਪੀ, ਬੇਅੰਤ ਅਤੇ ਪਾਰਬ੍ਰਹਮ ਸਰੂਪ ਹਨ। ਜਿਹੜੀ ਕਥਾ ਉਨ੍ਹਾਂ ਨੇ ਸੁਣਾਈ ਹੈ, ਉਹ ਬਿਲਕੁਲ ਸਾਡੀ ਹੀ ਕਹਾਣੀ ਹੈ ਅਤੇ ਉਹ ਮੇਰੇ 'ਤੇ ਬੀਤ ਚੁੱਕੀ ਹੈ। ਇਹ ਮਹਾਨ ਅਸਚਰਜ ਹੈ ਕਿ ਉਨ੍ਹਾਂ ਨੂੰ ਇਹ ਸਭ ਕਿਸ ਤਰ੍ਹਾਂ ਪਤਾ ਲੱਗ ਗਿਆ? ਭੋਜਨ ਦੇ ਬਾਅਦ ਅਸੀਂ ਇਸ ਦਾ ਪੂਰਾ ਵਿਸਥਾਰ ਤੁਹਾਨੂੰ ਸੁਣਾਵਾਂਗੇ।"

ਭੋਜਨ ਤੋਂ ਬਾਅਦ ਪਾਨ ਖਾਂਧੇ ਹੋਏ ਉਨ੍ਹਾਂ ਨੇ ਆਪਣੀ ਕਥਾ ਸੁਣਾਉਣੀ ਸ਼ੁਰੂ ਕਰ ਦਿਤੀ। ਉਨ੍ਹਾਂ ਵਿਚੋਂ ਇਕ ਕਹਿਣ ਲੱਗਾ—

ਘਾਟ ਵਿਚ ਇਕ ਪਹਾੜੀ ਥਾਂ 'ਤੇ ਸਾਡਾ ਘਰ ਹੈ। ਮੈਂ ਆਪਣੇ ਜੀਵਨ ਦੇ ਗੁਜ਼ਾਰੇ ਦੇ ਲਈ ਨੌਕਰੀ ਲਭਣ ਗੋਆ ਆਇਆ ਸੀ। ਤਾਂ ਮੈਂ ਭਗਵਾਨ ਦਤਾਤ੍ਰੇਯ ਨੂੰ ਵਚਨ ਦਿੱਤਾ ਸੀ ਕਿ ਜੇ ਮੈਨੂੰ ਨੌਕਰੀ ਮਿਲ ਗਈ ਤਾਂ ਮੈਂ ਤੁਹਾਨੂੰ ਇਕ ਮਹੀਨੇ ਦੀ ਤਨਖਾਹ ਭੇਟ ਚੜ੍ਹਾਵਾਂਗਾ। ਉਨ੍ਹਾਂ ਦੀ ਕ੍ਰਿਪਾ ਨਾਲ ਮੈਨੂੰ ਪੰਦਰਾਂ ਰੁਪਏ ਮਹੀਨੇ ਦੀ ਨੌਕਰੀ ਮਿਲ ਗਈ ਅਤੇ ਜਿਵੇਂ ਕਿ ਬਾਬਾ ਨੇ ਕਿਹਾ, ਉਸੇ ਤਰ੍ਹਾਂ ਮੇਰੀ ਉਨਤੀ ਹੋਈ। ਮੈਂ ਆਪਣਾ ਵਚਨ ਬਿਲਕੁਲ ਭੁੱਲ ਗਿਆ ਸੀ। ਬਾਬਾ ਨੇ ਉਸ ਦੀ ਯਾਦ ਕਰਾਈ ਅਤੇ ਮੇਰੇ ਕੋਲੋਂ ਪੰਦਰਾਂ ਰੁਪਏ ਵਸੂਲ ਕਰ ਲਏ। ਤੁਸੀਂ ਲੋਕ ਇਸ ਨੂੰ ਦਕਸ਼ਿਣਾ ਨਾ ਸਮਝੋ। ਇਹ ਤਾਂ ਇਕ ਪੁਰਾਣੇ ਕਰਜ਼ੇ ਦਾ ਭੁਗਤਾਨ ਹੈ, ਬਹੁਤ ਦੇਰ ਤੋਂ ਭੁੱਲੀ ਹੋਈ ਪ੍ਰਤਿਗਿਆ ਅੱਜ ਪੂਰੀ ਹੋਈ ਹੈ।

ਅਸਲ ਵਿਚ ਬਾਬਾ ਨੇ ਕਦੀ ਕਿਸੇ ਕੋਲੋਂ ਪੈਸਾ ਨਹੀਂ ਮੰਗਿਆ ਅਤੇ ਨਾ ਹੀ ਆਪਣੇ ਭਗਤਾਂ ਨੂੰ ਹੀ ਮੰਗਣ ਦਿੱਤਾ। ਉਹ ਅਧਿਆਤਮਿਕ ਉਨਤੀ ਵਿਚ ਪੈਸੇ ਨੂੰ ਰੁਕਾਵਟ ਸਮਝਦੇ ਸੀ ਅਤੇ ਭਗਤਾਂ ਨੂੰ ਉਸ ਦੇ ਜਾਲ ਤੋਂ ਹਮੇਸ਼ਾਂ ਬਚਾਉਂਦੇ ਸੀ। ਭਗਤ ਮਹਾਲਸਾਪਤਿ ਇਸ ਦੀ ਉਦਾਹਰਣ ਹਨ। ਉਹ ਬਹੁਤ ਗਰੀਬ ਸੀ ਅਤੇ ਬੜੀ ਮੁਸ਼ਕਿਲ ਨਾਲ ਹੀ ਆਪਣਾ ਜੀਵਨ ਗੁਜ਼ਾਰਦੇ ਸੀ। ਬਾਬਾ ਉਨ੍ਹਾਂ ਨੂੰ ਕਦੀ ਪੈਸਾ ਮੰਗਣ ਨਹੀਂ ਦਿੰਦੇ ਸੀ ਅਤੇ ਨਾ ਹੀ ਉਹ ਆਪਣੇ ਕੋਲੋਂ ਦਕਸ਼ਿਣਾ ਵਿਚੋਂ ਉਨ੍ਹਾਂ ਨੂੰ ਕੁਝ ਦਿੰਦੇ ਸੀ। ਇਕ ਵਾਰੀ ਇਕ ਦਿਆਲੂ ਵਪਾਰੀ ਹੰਸਰਾਜ ਨੇ ਬਾਬਾ ਦੀ ਹਾਜ਼ਰੀ ਵਿਚ ਹੀ ਇਕ ਵੱਡੀ ਰਕਮ ਮਹਾਲਸਾਪਤਿ ਨੂੰ ਦਿੱਤੀ, ਪਰ ਬਾਬਾ ਨੇ ਉਨ੍ਹਾਂ ਨੂੰ ਉਹ ਨਾਮਨਜੂਰ ਕਰਨ ਲਈ ਕਹਿ ਦਿੱਤਾ।

ਹੁਣ ਦੂਜਾ ਮਹਿਮਾਨ ਆਪਣੀ ਕਹਾਣੀ ਸੁਣਾਉਣ ਲਗਾ। "ਮੇਰੇ ਕੋਲ ਇਕ ਬ੍ਰਾਹਮਣ ਰਸੋਈਆ ਸੀ, ਜਿਹੜਾ ਪਿੱਛਲੇ 35 ਸਾਲਾਂ ਤੋਂ ਇਮਾਨਦਾਰੀ ਨਾਲ ਮੇਰੇ ਕੋਲ ਕੰਮ ਕਰਦਾ ਰਿਹਾ ਸੀ। ਬੁਰੀਆਂ ਆਦਤਾਂ ਵਿਚ ਪੈ ਕੇ ਉਸ ਦਾ ਦਿਲ ਬਦਲ ਗਿਆ ਅਤੇ ਉਸ ਨੇ ਮੇਰੇ ਸਾਰੇ ਰੁਪਏ ਚੋਰੀ ਕਰ ਲਏ। ਮੇਰੀ ਅਲਮਾਰੀ ਕੰਧ ਵਿਚ ਲਗੀ ਸੀ ਅਤੇ ਜਿਸ ਵੇਲੇ ਅਸੀਂ ਲੋਕ ਗੂੜੀ ਨੀਂਦ ਵਿਚ ਸੀ, ਉਸ ਨੇ ਪਿਛੋਂ ਪੱਥਰ ਹਟਾ ਕੇ ਮੇਰੇ 30 ਹਜ਼ਾਰ ਰੁਪਇਆ ਦੇ ਨੋਟ ਚੋਰੀ ਕਰ ਲਏ। ਮੈਂ ਨਹੀਂ ਜਾਣਦਾ ਕਿ ਬਾਬਾ ਨੂੰ ਇਹ ਠੀਕ-ਠੀਕ ਧਨ-ਰਾਸ਼ੀ ਕਿਵੇਂ ਪਤਾ ਲਗ ਗਈ? ਮੈਂ ਦਿਨ-ਰਾਤ ਰੋਂਦਾ ਅਤੇ ਦੁੱਖੀ ਰਹਿੰਦਾ ਸੀ। ਇਕ ਦਿਨ ਜਦੋਂ ਮੈਂ



ਇਸੇ ਤਰ੍ਹਾਂ ਨਾਉਮੀਦ ਅਤੇ ਉਦਾਸ ਹੋ ਕੇ ਬਰਾਂਡੇ ਵਿਚ ਬੈਠਾ ਸੀ, ਉਸੇ ਵੇਲੇ ਰਾਹ ਵਿਚ ਜਾਣ ਵਾਲੇ ਇਕ ਫਕੀਰ ਨੇ ਮੇਰੀ ਹਾਲਤ ਦੇਖ ਕੇ ਮੇਰੇ ਕੋਲੋਂ ਇਸ ਦਾ ਕਾਰਨ ਪੁਛਿਆ। ਮੈਂ ਉਸ ਨੂੰ ਸਾਰਾ ਹਾਲ ਸੁਣਾ ਦਿੱਤਾ। ਤਾਂ ਉਸਨੇ ਦਸਿਆ ਕਿ ਕੋਪਰਗਾਂਵ ਤਲੁਕੇ ਦੇ ਸ਼ਿਰਡੀ ਪਿੰਡ ਵਿਚ ਸ੍ਰੀ ਸਾਈਂਬਾਬਾ ਨਾਂਅ ਦੇ ਇਕ ਔਲੀਆ ਰਹਿੰਦੇ ਹਨ। ਉਨ੍ਹਾਂ ਨੂੰ ਵਚਨ ਦਿਉ ਅਤੇ ਆਪਣੀ ਪਸੰਦ ਦਾ ਭੋਜਨ ਪਦਾਰਥ ਤਿਆਗ ਕੇ, ਦਿਲ ਵਿਚ ਆਖੋ ਕਿ ਜਦੋਂ ਤਕ ਮੈਂ ਤੁਹਾਡੇ ਦਰਸ਼ਨ ਨਾ ਕਰ ਲਵਾਂ, ਉਸ ਪਦਾਰਥ ਨੂੰ ਕਦੀ ਵੀ ਨਹੀਂ ਖਾਵਾਂਗਾ। ਤਾਂ ਮੈਂ ਚੋਲ ਖਾਣੇ ਛੱਡ ਦਿੱਤੇ ਅਤੇ ਬਾਬਾ ਨੂੰ ਵਚਨ ਦਿੱਤਾ, "ਬਾਬਾ! ਜਦੋਂ ਤੱਕ ਮੈਨੂੰ ਤੁਹਾਡੇ ਦਰਸ਼ਨ ਨਹੀਂ ਹੁੰਦੇ ਅਤੇ ਮੇਰੀ ਚੋਰੀ ਹੋਈ ਧਨ ਰਾਸ਼ੀ ਨਹੀਂ ਮਿਲਦੀ ਉਦੋਂ ਤਕ ਚੋਲ ਨਹੀਂ ਖਾਵਾਂਗਾ।" ਇਸ ਤਰ੍ਹਾਂ ਜਦੋਂ ਪੰਦਰਾਂ ਦਿਨ ਬੀਤ ਗਏ, ਤਾਂ ਉਹ ਬ੍ਰਾਹਮਣ ਆਪ ਹੀ ਆਇਆ ਅਤੇ ਸਾਰੀ ਧਨ ਰਾਸ਼ੀ ਵਾਪਸ ਕਰਕੇ ਮਾਫ਼ੀ ਮੰਗਕੇ ਕਹਿਣ ਲੱਗਾ ਕਿ ਮੇਰੀ ਮਤ ਮਾਰੀ ਗਈ ਸੀ, ਜਿਹੜਾ ਮੇਰੇ ਕੋਲੋਂ ਇਸ ਤਰ੍ਹਾਂ ਦਾ ਅਪਰਾਧ ਹੋਇਆ ਹੈ। ਮੈਂ ਤੁਹਾਡੇ ਪੈਰੀ ਪੈਂਦਾ ਹਾਂ, ਮੈਨੂੰ ਮਾਫ ਕਰੋ। ਇਸ ਤਰ੍ਹਾਂ ਸਭ ਠੀਕ ਠਾਕ ਹੋ ਗਿਆ। ਜਿਸ ਫਕੀਰ ਨਾਲ ਮੇਰੀ ਮੁਲਾਕਾਤ ਹੋਈ ਸੀ ਅਤੇ ਜਿਸਨੇ ਮੈਨੂੰ ਮਦਦ ਪਹੁੰਚਾਈ ਸੀ, ਉਹ ਫਕੀਰ ਮੇਰੇ ਦੇਖਣ ਵਿਚ ਕਦੀ ਨਹੀਂ ਆਇਆ। ਮੇਰੇ ਦਿਲ ਵਿਚ ਸ੍ਰੀ ਸਾਈਂਬਾਬਾ ਦੇ ਦਰਸ਼ਨਾਂ ਦੀ, ਜਿਨ੍ਹਾਂ ਦੇ ਲਈ ਫ਼ਕੀਰ ਨੇ ਮੈਨੂੰ ਕਿਹਾ ਸੀ, ਬੜੀ ਤੀਬਰ ਇੱਛਾ ਹੋਈ। ਮੈਂ ਸੋਚਿਆ ਕਿ ਜਿਹੜਾ ਫਕੀਰ ਮੇਰੇ ਘਰ ਆਇਆ ਸੀ, ਉਹ ਸਾਈਂਬਾਬਾ ਦੇ ਇਲਾਵਾ ਹੋਰ ਕੋਈ ਨਹੀਂ ਹੋ ਸਕਦਾ। ਜਿਨ੍ਹਾਂ ਨੇ ਮੈਨੂੰ ਕ੍ਰਿਪਾ ਕਰਕੇ ਦਰਸ਼ਨ ਦਿੱਤੇ ਅਤੇ ਮੇਰੀ ਇਸ ਤਰ੍ਹਾਂ ਮਦਦ ਕੀਤੀ, ਉਨ੍ਹਾਂ ਨੂੰ 35 ਰੁਪਏ ਦਾ ਲਾਲਚ ਕਿਵੇਂ ਹੋ ਸਕਦਾ ਹੈ? ਇਸ ਦੇ ਉਲਟ ਉਹ ਕ੍ਰਿਪਾ ਕਰਕੇ ਅਧਿਆਤਮਿਕ ਉਨਤੀ ਦੇ ਰਾਹ ਲੈ ਜਾਂਦੇ ਹਨ।"

"ਜਦੋਂ ਚੋਰੀ ਹੋਈ ਰਾਸ਼ੀ ਦੁਬਾਰਾ ਮਿਲ ਗਈ ਤਾਂ ਮੇਰੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਮੇਰੀ ਅਕਲ ਭਰਮ 'ਚ ਪੈ ਗਈ ਅਤੇ ਆਪਣਾ ਵਚਨ ਭੁੱਲ ਗਿਆ। ਇਕ ਸ਼ਾਮ ਮੈਂ ਸਾਈਂਬਾਬਾ ਨੂੰ ਸੁਪਨੇ ਵਿਚ ਦੇਖਿਆ। ਉਦੋਂ ਮੈਨੂੰ ਆਪਣੀ ਸ਼ਿਰਡੀ ਯਾਤਰਾ ਦੇ ਵਚਨ ਦੀ ਯਾਦ ਆ ਗਈ। ਮੈਂ ਗੋਆ ਪਹੁੰਚਿਆ ਅਤੇ ਉਥੋਂ ਇਕ ਸਟੀਮਰ 'ਚ ਬੈਠ ਕੇ ਬੰਬਈ ਪਹੁੰਚ ਕੇ ਸ਼ਿਰਡੀ ਜਾਣਾ ਚਾਹੁੰਦਾ ਸੀ। ਪਰ ਜਦੋਂ ਮੈਂ ਕੰਢੇ 'ਤੇ ਪੁੱਜਾ ਤਾਂ ਦੇਖਿਆ ਕਿ ਸਟੀਮਰ ਖਚਾਖਚ ਭਰ ਚੁੱਕਾ ਹੈ ਅਤੇ ਉਸ ਵਿਚ ਬਿਲਕੁਲ ਥਾਂ ਨਹੀਂ ਹੈ। ਕੈਪਟਨ ਨੇ ਤਾਂ ਮੈਨੂੰ ਚੜ੍ਹਨ ਨਾ ਦਿੱਤਾ, ਪਰ ਇਕ ਅਣਜਾਣ ਚਪੜਾਸੀ ਦੇ ਕਹਿਣ 'ਤੇ ਮੈਨੂੰ ਸਟੀਮਰ ਵਿਚ ਬੈਠਣ ਦੀ ਆਗਿਆ ਮਿਲ ਗਈ ਅਤੇ ਮੈਂ ਇਸ ਤਰ੍ਹਾਂ ਬੰਬਈ ਪਹੁੰਚਿਆ। ਫੇਰ ਰੇਲਗੱਡੀ ਵਿਚ ਬੈਠ ਕੇ ਇਥੇ ਪਹੁੰਚ ਗਿਆ। ਬਾਬਾ ਦੇ ਸਰਵਵਿਆਪੀ ਅਤੇ ਸਰਵਵਿਦਿਤ ਹੋਣ ਵਿਚ ਮੈਨੂੰ ਕੋਈ ਸ਼ੱਕ ਨਹੀਂ ਹੈ। ਦੇਖੋ ਤਾਂ, ਅਸੀਂ ਕੌਣ ਹਾਂ ਅਤੇ ਕਿਥੇ ਸਾਡਾ ਘਰ? ਸਾਡੀ ਕਿਸਮਤ ਕਿੰਨੀ ਚੰਗੀ ਹੈ ਕਿ ਬਾਬਾ ਸਾਡੀ ਚੋਰੀ ਗਈ ਰਕਮ ਵਾਪਸ ਦਵਾ ਕੇ ਸਾਨੂੰ ਇਥੇ ਖਿੱਚ ਕੇ ਲਿਆਏ।

। ਸ੍ਰੀ ਸਾਈਂ ਹੀ ਸਾਡੇ ਲਈ ਦਤ ਹਨ। ਉਨ੍ਹਾਂ ਨੇ ਹੀ ਸਾਡੇ ਕੋਲੋਂ ਪ੍ਰਤਿਗਿਆ ਕਰਾਈ ਅਤੇ ਜਹਾਜ਼ ਵਿਚ ਥਾਂ ਦੁਆਈ ਅਤੇ ਸਾਨੂੰ ਇਥੇ ਲਿਆ ਕੇ ਆਪਣੀ ਸਰਵਵਿਆਪਕਤਾ ਅਤੇ ਸਰਵਵਿਦਿਤਾ ਦਾ ਅਨੁਭਵ ਕਰਾਇਆ।"

ਸ਼ੋਲਾਪੁਰ ਦੇ ਸਖਾਰਾਮ ਔਰੰਗਾਬਾਦਕਰ ਦੀ ਪਤਨੀ 27 ਸਾਲ ਦੀ ਹੋਣ ਦੇ ਬਾਅਦ ਵੀ ਬੇਔਲਾਦ ਹੀ ਸੀ। ਉਨ੍ਹਾਂ ਨੇ ਔਲਾਦ ਦੀ ਪ੍ਰਾਪਤੀ ਦੇ ਲਈ ਦੇਵੀ ਅਤੇ ਦੇਵਤਾਵਾਂ ਦੀਆਂ ਬਹੁਤ ਸੁੱਖਣਾ ਸੁਖੀਆਂ, ਪਰ ਫੇਰ ਵੀ ਉਨ੍ਹਾਂ ਦੀ ਮਨੋਕਾਮਨਾ ਪੂਰੀ ਨਾ ਹੋਈ। ਤਾਂ ਉਹ ਸਾਰੇ ਪਾਸਿਆਂ ਤੋਂ ਨਾਉਮੀਦ ਹੋ ਕੇ ਆਖਰੀ ਕੋਸ਼ਿਸ਼ ਕਰਨ ਦੇ ਵਿਚਾਰ ਨਾਲ ਆਪਣੇ ਮਤਰਏ ਪੁਤਰ ਸ੍ਰੀ ਵਿਸ਼ਵਾਨਾਥ ਨੂੰ ਨਾਲ ਲੈ ਕੇ ਸ਼ਿਰਡੀ ਆਈ ਅਤੇ ਉਥੇ ਬਾਬਾ ਦੀ ਸੇਵਾ ਕਰਦੇ ਹੋਏ, ਦੋ ਮਹੀਨੇ ਰੁਕੀ। ਜਦੋਂ ਉਹ ਮਸਜਿਦ ਵਿਚ ਜਾਂਦੀ ਤਾਂ ਬਾਬਾ ਨੂੰ ਭਗਤਾਂ ਨਾਲ ਘਿਰੇ ਹੋਏ ਦੇਖਦੀ। ਉਸ ਦੀ ਮਰਜ਼ੀ ਬਾਬਾ ਨਾਲ ਇਕਾਂਤ ਵਿਚ ਮੁਲਾਕਾਤ ਕਰਕੇ ਔਲਾਦ ਪ੍ਰਾਪਤੀ ਦੇ ਲਈ ਪ੍ਰਾਰਥਨਾ ਕਰਨ ਦੀ ਸੀ, ਪਰ ਕੋਈ ਸਹੀ ਮੌਕਾ ਉਸ ਦੇ ਹੱਥ ਨਾ ਲੱਗ ਸਕਿਆ। ਅੰਤ ਵਿਚ ਉਨ੍ਹਾਂ ਨੇ ਸ਼ਾਮਾ ਨੂੰ ਕਿਹਾ ਕਿ, "ਜਦੋਂ ਬਾਬਾ ਇਕਾਂਤ ਵਿਚ ਹੋਣ ਤਾਂ ਮੇਰੇ ਲਈ ਪ੍ਰਾਰਥਨਾ ਕਰ ਦੇਣਾ।" ਸ਼ਾਮਾ ਨੇ ਕਿਹਾ ਕਿ, "ਬਾਬਾ ਦਾ ਤਾਂ ਖੁਲ੍ਹਾ ਦਰਬਾਰ ਹੈ। ਫੇਰ ਵੀ ਜੇ ਤੁਹਾਡੀ ਇਹ ਹੀ ਇੱਛਾ ਹੈ ਤਾਂ ਮੈਂ ਜ਼ਰੂਰ ਕੋਸ਼ਿਸ਼ ਕਰਾਂਗਾ, ਪਰ ਯਸ਼ ਦੇਣਾ ਤਾਂ ਈਸ਼ਵਰ ਦੇ ਹੀ ਹੱਥ ਵਿਚ ਹੈ। ਭੋਜਨ ਵੇਲੇ ਤੁਸੀਂ ਵਿਹੜੇ ਵਿਚ ਨਾਰੀਅਲ ਅਤੇ ਅਗਰਬਤੀ ਲੈ ਕੇ ਬੈਠਣਾ ਅਤੇ ਜਦੋਂ ਮੈਂ ਇਸ਼ਾਰਾ ਕਰਾਂ ਤਾ ਖੜੀ ਹੋ ਜਾਣਾ।" ਇਕ ਦਿਨ ਭੋਜਨ ਤੋਂ ਬਾਅਦ ਜਦੋਂ ਸ਼ਾਮਾ ਬਾਬਾ ਦੇ ਗਿਲੇ ਹੱਥ ਤੋਲੀਏ ਨਾਲ ਪੂੰਝ ਰਹੇ ਸੀ, ਉਦੋਂ ਬਾਬਾ ਨੇ ਉਨ੍ਹਾਂ ਦੀ ਗੱਲ 'ਤੇ ਚੂੰਢੀ ਵੱਢ ਦਿੱਤੀ ਤਾਂ ਸ਼ਾਮਾ ਗੁੱਸੇ ਹੋ ਕੇ ਕਹਿਣ ਲਗੇ ਕਿ, "ਦੇਵਾ! ਇਹ ਕੀ ਤੁਹਾਡੇ ਲਈ ਠੀਕ ਹੈ ਕਿ ਤੁਸੀਂ ਇਸ ਤਰ੍ਹਾਂ ਮੇਰੀ ਗੱਲ 'ਤੇ ਚੂੰਢੀ ਵੱਢੋ? ਮੈਨੂੰ ਇਵੇਂ ਦੇ ਸ਼ਰਾਰਤੀ ਦੇਵ ਦੀ ਬਿਲਕੁਲ ਲੋੜ ਨਹੀਂ, ਜਿਹੜਾ ਇਸ ਤਰ੍ਹਾਂ ਦਾ ਆਚਰਣ ਕਰੇ। ਅਸੀਂ ਤੁਹਾਡੇ ਆਸਰੇ ਹਾਂ, ਤਾਂ ਕੀ ਇਹੀ ਸਾਡੀ ਨਜ਼ਦੀਕੀ ਦਾ ਫਲ ਹੈ?" ਬਾਬਾ ਨੇ ਕਿਹਾ, "ਅਰੇ! ਤੁਸੀਂ ਤਾਂ 72 ਜਨਮਾਂ ਤੋਂ ਮੇਰੇ ਨਾਲ ਹੋ। ਮੈਂ ਹੁਣ ਤਕ ਤੁਹਾਡੇ ਨਾਲ ਇਸ ਤਰ੍ਹਾਂ ਕਦੀ ਨਹੀਂ ਕੀਤਾ। ਫੇਰ ਹੁਣ ਤੁਸੀਂ ਮੇਰੀ ਛੋਹ ਦਾ ਬੁਰਾ ਕਿਉਂ ਮੰਨਦੇ ਹੋ?" ਸ਼ਾਮਾ ਬੋਲੇ ਕਿ, "ਮੈਨੂੰ ਤਾਂ ਇਸ ਤਰ੍ਹਾਂ ਦਾ ਦੇਵ ਚਾਹੀਦਾ, ਜਿਹੜਾ ਸਾਨੂੰ ਸਦਾ ਪਿਆਰ ਕਰੇ ਅਤੇ ਰੋਜ਼ ਨਵੀਂ-ਨਵੀਂ ਮਠਿਆਈ ਖਾਣ ਲਈ ਦੇਵੇ। ਮੈਂ ਤੁਹਾਡੇ ਕੋਲੋਂ ਕਿਸੇ ਤਰ੍ਹਾਂ ਦੀ ਇੱਛਾ ਨਹੀਂ ਰੱਖਦਾ ਅਤੇ ਨਾ ਮੈਨੂੰ ਸਵਰਗ ਆਦਿ ਹੀ ਚਾਹੀਦਾ। ਮੇਰਾ ਤਾਂ ਵਿਸ਼ਵਾਸ ਹਮੇਸ਼ਾਂ ਤੁਹਾਡੇ ਚਰਣਾਂ ਵਿਚ ਹੀ ਜਾਗਦਾ ਰਹੇ, ਇਹੀ ਮੇਰੀ ਕਾਮਨਾ ਹੈ।" ਉਦੋਂ ਬਾਬਾ ਬੋਲੇ ਕਿ "ਹਾਂ, ਸੱਚਮੁਚ ਮੈਂ ਇਸ ਲਈ ਇਥੇ ਆਇਆ ਹਾਂ। ਮੈਂ ਹਮੇਸ਼ਾਂ ਤੁਹਾਡਾ ਪਾਲਣ ਅਤੇ ਪੇਟ ਪੂਜਾ ਕਰਦਾ ਆਇਆ ਹਾਂ, ਇਸ ਲਈ ਮੈਨੂੰ ਤੁਹਾਡੇ ਨਾਲ ਜ਼ਿਆਦਾ ਪਿਆਰ ਹੈ।"

ਜਦੋਂ ਬਾਬਾ ਆਪਣੀ ਗੱਦੀ 'ਤੇ ਬਿਰਾਜਮਾਨ ਹੋ ਗਏ, ਤਾਂ ਸ਼ਾਮਾ ਨੇ ਉਸ ਔਰਤ ਨੂੰ ਇਸ਼ਾਰਾ ਕੀਤਾ।

ਉਸ ਨੇ ਉਪਰ ਆ ਕੇ ਬਾਬਾ ਨੂੰ ਪ੍ਰਨਾਮ ਕਰ ਕੇ ਉਨ੍ਹਾਂ ਨੂੰ ਨਾਰੀਅਲ ਅਤੇ ਧੂਪਬੱਤੀ ਭੇਟ ਕੀਤੀ। ਬਾਬਾ ਨੇ ਨਾਰੀਅਲ ਹਿਲਾ ਕੇ ਦੇਖਿਆ ਤਾਂ ਉਹ ਸੁੱਕਾ ਸੀ ਅਤੇ ਖੜਕਦਾ ਸੀ। ਬਾਬਾ ਨੇ ਸ਼ਾਮਾ ਨੂੰ ਕਿਹਾ ਕਿ, "ਇਹ ਤਾਂ ਹਿਲਦਾ ਹੈ। ਸੁਣੋ, ਇਹ ਕੀ ਕਹਿੰਦਾ ਹੈ?" ਤਾਂ ਸ਼ਾਮਾ ਨੇ ਤੁਰੰਤ ਕਿਹਾ ਕਿ, "ਇਹ ਬਾਈ ਪ੍ਰਾਰਥਨਾ ਕਰਦੀ ਹੈ ਕਿ ਠੀਕ ਇਸੇ ਤਰ੍ਹਾਂ ਇਸ ਦੇ ਪੇਟ ਵਿਚ ਵੀ ਬੱਚਾ ਗੁੜ ਗੁੜ ਕਰੇ, ਇਸ ਲਈ ਆਸ਼ੀਰਵਾਦ ਨਾਲ ਇਹ ਨਾਰੀਅਲ ਇਸ ਨੂੰ ਵਾਪਸ ਦੇ ਦਿਉ।" ਤਾਂ ਫੇਰ ਬਾਬਾ ਬੋਲੇ ਕਿ, "ਕੀ ਨਾਰੀਅਲ ਨਾਲ ਵੀ ਔਲਾਦ ਪੈਦਾ ਹੁੰਦੀ ਹੈ? ਲੋਕ ਕਿੰਨੇ ਮੂਰਖ ਹਨ, ਜਿਹੜੇ ਇਸ ਤਰ੍ਹਾਂ ਦੀਆਂ ਗੱਲਾਂ ਘੜਦੇ ਹਨ।" ਸ਼ਾਮਾ ਨੇ ਕਿਹਾ ਕਿ, "ਮੈਂ ਤੁਹਾਡੇ ਵਚਨਾਂ ਅਤੇ ਅਸੀਸ ਦੀ ਸ਼ਕਤੀ ਤੋਂ ਪੂਰਾ ਜਾਣੂ ਹਾਂ ਅਤੇ ਤੁਹਾਡੇ ਇਕ ਸ਼ਬਦ ਨਾਲ ਹੀ ਇਸ ਬਾਈ ਨੂੰ ਬੱਚਿਆਂ ਦਾ ਤਾਂਤਾ ਲਗ ਜਾਏਗਾ। ਤੁਸੀਂ ਤਾਂ ਟਾਲ ਰਹੇ ਹੋ ਅਤੇ ਆਸ਼ੀਰਵਾਦ ਨਹੀਂ ਦੇ ਰਹੇ ਹੋ। ਇਸ ਤਰ੍ਹਾਂ ਕੁਝ ਦੇਰ ਤੱਕ ਗੱਲਬਾਤ ਚਲਦੀ ਰਹੀ। ਬਾਬਾ ਬਾਰ-ਬਾਰ ਨਾਰੀਅਲ ਤੋੜਨ ਨੂੰ ਕਹਿੰਦੇ ਸੀ, ਪਰ ਸ਼ਾਮਾ ਬਾਰ-ਬਾਰ ਇਹੀ ਜ਼ਿਦ ਕਰ ਰਿਹਾ ਸੀ ਕਿ ਬਾਬਾ ਇਸ ਨੂੰ ਉਸ ਬਾਈ ਨੂੰ ਦੇ ਦੇਣ। ਆਖੀਰ ਵਿਚ ਬਾਬਾ ਨੇ ਆਖ ਦਿੱਤਾ ਕਿ, "ਇਸ ਨੂੰ ਪੁੱਤਰ ਦੀ ਪ੍ਰਾਪਤੀ ਹੋਏਗੀ।" ਤਾਂ ਸ਼ਾਮਾ ਨੇ ਪੁਛਿਆ ਕਿ, "ਕਦੋਂ ਤਕ?" ਬਾਬਾ ਨੇ ਜਵਾਬ ਦਿੱਤਾ ਕਿ, "12 ਮਹੀਨੇ ਵਿਚ।" ਹੁਣ ਨਾਰੀਅਲ ਨੂੰ ਤੋੜ ਕੇ ਉਸ ਦੇ ਦੋ ਟੋਟੇ ਕੀਤੇ ਗਏ। ਇਕ ਹਿਸਾ ਤਾਂ ਉਨ੍ਹਾਂ ਦੋਵਾਂ ਨੇ ਖਾਧਾ ਅਤੇ ਦੂਜਾ ਹਿੱਸਾ ਉਸ ਔਰਤ ਨੂੰ ਦਿੱਤਾ।

ਉਦੋਂ ਸ਼ਾਮਾ ਨੇ ਉਸ ਬਾਈ ਨੂੰ ਕਿਹਾ ਕਿ, "ਪਿਆਰੀ ਭੈਣ! ਤੁਸੀਂ ਮੇਰੇ ਵਚਨਾਂ ਦੀ ਗਵਾਹ ਹੋ। ਜੇ 12 ਮਹੀਨੇ ਵਿਚ ਤੁਹਾਨੂੰ ਔਲਾਦ ਨਾ ਹੋਈ ਤਾਂ ਮੈਂ ਇਸ ਦੇਵ ਦੇ ਸਿਰ ਉਪਰ ਹੀ ਨਾਰੀਅਲ ਤੋੜਕੇ ਇਸ ਨੂੰ ਮਸਜਿਦ ਵਿਚੋਂ ਕੱਢ ਦੇਵਾਂਗਾ ਅਤੇ ਜੇ ਮੈਂ ਇਸ ਵਿਚ ਫੇਲ ਹੋਇਆ ਤਾਂ ਮੈਂ ਆਪਣੇ ਆਪ ਨੂੰ ਮਾਧਵ ਨਹੀਂ ਆਖਾਂਗਾ। ਜੋ ਕੁਝ ਵੀ ਮੈਂ ਆਖ ਰਿਹਾ ਹਾਂ, ਇਸ ਦੀ ਅਸਲੀਅਤ ਤੁਹਾਨੂੰ ਜਲਦੀ ਹੀ ਪਤਾ ਲਗ ਜਾਏਗੀ।

ਇਕ ਸਾਲ ਵਿਚ ਹੀ ਉਸ ਨੂੰ ਪੁਤਰ ਰਤਨ ਦੀ ਪ੍ਰਾਪਤੀ ਹੋਈ ਅਤੇ ਜਦੋਂ ਬੱਚਾ ਪੰਜ ਮਹੀਨੇ ਦਾ ਹੋਇਆ, ਉਸ ਨੂੰ ਲੈ ਕੇ ਉਹ ਆਪਣੇ ਪਤੀ ਨਾਲ ਬਾਬਾ ਦੇ ਸ੍ਰੀਚਰਣਾਂ ਵਿਚ ਹਾਜ਼ਰ ਹੋਈ। ਪਤੀ-ਪਤਨੀ ਦੋਵਾਂ ਨੇ ਉਨ੍ਹਾਂ ਨੂੰ ਪ੍ਰਨਾਮ ਕੀਤਾ ਅਭਾਰੀ ਪਿਤਾ (ਸ੍ਰੀਮਾਨ ਔਰੰਗਾਬਾਦਕਰ) ਨੇ ਪੰਜ ਸੋ ਰੁਪਏ ਭੇਟ ਕੀਤੇ, ਜਿਹੜੇ ਬਾਬਾ ਦੇ ਘੋੜੇ ਸ਼ਾਮਕਰਨ ਦੇ ਲਈ ਛੱਤ ਬਣਾਉਣ ਦੇ ਕੰਮ ਆਏ।







# ॥ ਅਧਿਆਇ-37 ॥

## *ਚਾਵੜੀ ਸਮਾਰੋਹ*

ਇਸ ਅਧਿਆਇ ਵਿਚ ਅਸੀਂ ਕੁਝ ਵੇਦਾਂਤਿਕ ਵਿਸ਼ਿਆ 'ਤੇ ਸ਼ੁਰੂਆਤੀ ਨਜ਼ਰ ਨਾਲ ਪਰਖ ਕਰਕੇ ਚਾਵੜੀ ਦੇ ਸ਼ਾਨਦਾਰ ਉਤਸਵ ਦਾ ਵਰਨਣ ਕਰਾਂਗੇ।

ਧੰਨ ਹਨ ਸ੍ਰੀ ਸਾਈਂ, ਜਿਨ੍ਹਾਂ ਦਾ ਜਿਸ ਤਰ੍ਹਾਂ ਦਾ ਜੀਵਨ ਸੀ, ਉਸੇ ਹੀ ਤਰ੍ਹਾਂ ਦੀਆਂ ਆਨੰਦਦਾਇਕ ਲੀਲ੍ਹਾਵਾਂ, ਅਤੇ ਅਦਭੁੱਤ ਕ੍ਰਿਆਵਾਂ ਨਾਲ ਭਰੇ ਰੋਜ਼ ਦੇ ਪ੍ਰੋਗਰਾਮ ਵੀ। ਕਦੀ ਤਾਂ ਉਹ ਸਾਰੇ ਸੰਸਾਰਿਕ ਕਾਰਜਾਂ ਤੋਂ ਨਿਰਲੇਪ ਰਹਿ ਕੇ ਕਰਮਕਾਂਡੀ ਜਿਹੇ ਲੱਗਦੇ ਅਤੇ ਬ੍ਰਹਮਾਨੰਦ ਅਤੇ ਆਤਮਗਿਆਨ ਵਿਚ ਮਸਤ ਰਹਿੰਦੇ ਸੀ। ਕਦੀ ਉਹ ਅਨੇਕ ਕਾਰਜ ਕਰਦੇ ਹੋਏ ਵੀ ਉਨ੍ਹਾਂ ਕੋਲੋਂ ਦੂਰ ਰਹਿੰਦੇ ਸੀ। ਭਾਵੇਂ ਕਦੀ-ਕਦੀ ਉਹ ਪੂਰੇ ਬੇਕਾਰ ਲਗਦੇ ਪਰ ਉਹ ਆਲਸੀ ਨਹੀਂ ਸੀ। ਪ੍ਰਸ਼ਾਂਤ ਮਹਾਸਾਗਰ ਦੇ ਵਾਂਗ ਹਮੇਸ਼ਾਂ ਜਾਗਰੂਕ ਰਹਿ ਕੇ ਵੀ ਉਹ ਗੰਭੀਰ, ਪ੍ਰਸ਼ਾਂਤ ਅਤੇ ਨਿਸ਼ਚਲ ਦਿੱਖਦੇ ਸੀ। ਉਨ੍ਹਾਂ ਦੇ ਸੁਭਾਅ ਦਾ ਵਰਣਨ ਤਾਂ ਸਮਰਥਾ ਤੋਂ ਬਾਹਰ ਹੈ।

ਇਹ ਤਾਂ ਸਾਰਿਆਂ ਨੂੰ ਪਤਾ ਹੈ ਕਿ ਉਹ ਬਾਲਬ੍ਰਹਮਚਾਰੀ ਸੀ। ਉਹ ਹਮੇਸ਼ਾਂ ਆਦਮੀਆਂ ਨੂੰ ਭਰਾ ਅਤੇ ਔਰਤਾਂ ਨੂੰ ਮਾਂ ਜਾਂ ਭੈਣ ਵਾਂਗ ਹੀ ਸਮਝਦੇ ਸੀ। ਉਨ੍ਹਾਂ ਦੀ ਸੰਗਤ ਵਿਚ ਸਾਨੂੰ ਜਿਸ ਅਨੁਪਮ ਗਿਆਨ ਦੀ ਪ੍ਰਾਪਤੀ ਹੋਈ ਹੈ, ਉਹ ਸਾਨੂੰ ਮਰਨ ਤਕ ਵੀ ਨਾ ਭੁੱਲੇ, ਇਹ ਉਨ੍ਹਾਂ ਦੇ ਸ੍ਰੀਚਰਣਾਂ ਵਿਚ ਸਾਡੀ ਝੁੱਕ ਕੇ ਨਿਮਰ ਪ੍ਰਾਰਥਨਾ ਹੈ। ਅਸੀਂ ਸਾਰੇ ਜੀਵਾਂ ਵਿਚ ਈਸ਼ਵਰ ਦਾ ਹੀ ਦਰਸ਼ਨ ਕਰੀਏ ਅਤੇ ਨਾਮ ਸਿਮਰਨ ਰੱਸ ਮਾਨਦੇ ਹੋਏ ਅਸੀਂ ਉਨ੍ਹਾਂ ਦੇ ਮੋਹ ਵਿਨਾਸ਼ਕ ਚਰਣਾਂ ਦੀ ਇਕਾਗਰ ਭਾਵ ਨਾਲ ਸੇਵਾ ਕਰਦੇ ਰਹੀਏ, ਇਹ ਹੀ ਸਾਡੀ ਮਨੋਕਾਮਨਾ ਹੈ।

ਹੇਮਾਂਡਪੰਤ ਨੇ ਆਪਣੇ ਦ੍ਰਿਸ਼ਟੀਕੋਣ ਨਾਲ ਲੋੜ ਮੁਤਾਬਿਕ ਵੇਦਾਂਤ ਦਾ ਵਿਵਰਣ ਦੇ ਕੇ ਚਾਵੜੀ ਦੇ ਉਤਸਵ ਦਾ ਵਰਨਣ ਹੇਠਾਂ ਕੀਤਾ ਹੈ—

ਬਾਬਾ ਦੇ ਸੌਣ ਦਾ ਵਰਨਣ ਪਹਿਲੇ ਹੀ ਹੋ ਚੁੱਕਾ ਹੈ। ਉਹ ਇਕ ਦਿਨ ਮਸਜਿਦ ਵਿਚ ਅਤੇ ਦੂਜੇ ਦਿਨ ਚਾਵੜੀ ਵਿਚ ਆਰਾਮ ਕਰਦੇ ਸੀ, ਅਤੇ ਇਹ ਪ੍ਰੋਗਰਾਮ ਉਨ੍ਹਾਂ ਦੀ ਮਹਾਂਸਮਾਧੀ ਤਕ ਚਾਲੂ ਰਿਹਾ। ਭਗਤਾਂ ਨੇ ਚਾਵੜੀ ਵਿਚ ਮਰਿਆਦਾ ਨਾਲ ਉਨ੍ਹਾਂ ਦੀ ਪੂਜਾ ਅਰਚਣਾ 10 ਦਸੰਬਰ, ਸੰਨ 1909 ਤੋਂ ਸ਼ੁਰੂ ਕਰ ਦਿੱਤੀ ਸੀ।

ਹੁਣ ਉਨ੍ਹਾਂ ਦੇ ਚਰਣਾਂ ਦਾ ਧਿਆਨ ਕਰਕੇ, ਅਸੀਂ ਚਾਵੜੀ ਦੇ ਉਤਸਵ ਦਾ ਵਰਨਣ ਕਰਾਂਗੇ। ਏਨਾ ਮਨਮੋਹਕ ਨਜ਼ਾਰਾ ਸੀ ਕਿ ਦੇਖਣ ਵਾਲੇ ਠਿਠਕ-ਠਿਠਕ ਜਾਂਦੇ ਸੀ ਅਤੇ ਆਪਣੀ ਸੁੱਧ-ਬੁੱਧ ਭੁਲ ਕੇ ਇਹੀ

ਉਮੀਦ ਕਰਦੇ ਸੀ ਕਿ ਉਹ ਨਜ਼ਾਰਾ ਕਦੀ ਸਾਡੀਆਂ ਅੱਖਾਂ ਤੋਂ ਪਰੇ ਨਾ ਹੋਏ। ਜਦੋਂ ਚਾਵੜੀ ਵਿਚ ਆਰਾਮ ਕਰਨ ਦੀ ਉਨ੍ਹਾਂ ਦੀ ਨਿਸ਼ਚਤ ਰਾਤ ਆਉਂਦੀ ਤਾਂ ਉਸ ਰਾਤ ਨੂੰ ਭਗਤਾਂ ਦਾ ਅਪਾਰ ਜਨ-ਸਮੂਹ ਮਸਜਿਦ ਦੇ ਵਿਚ ਇਕੱਠਾ ਹੋ ਕੇ ਘੰਟਿਆਂ ਤਕ ਭਜਨ ਕਰਦਾ ਰਹਿੰਦਾ ਸੀ। ਮਸਜਿਦ ਦੇ ਇਕ ਪਾਸੇ ਸਜਿਆ ਦਾ ਰੱਥ ਹੁੰਦਾ ਸੀ ਅਤੇ ਦੂਜੇ ਪਾਸੇ ਤੁਲਸੀ ਵਰਿੰਦਾਵਨ ਸੀ। ਸਾਰੇ ਪ੍ਰੇਮੀ ਮੰਡਪ ਵਿਚ ਤਾਲ, ਚਿਪਲਿਸ, ਕਰਤਾਲ, ਮ੍ਰਿਦੰਗ, ਖਜਰੀ ਅਤੇ ਢੋਲ ਆਦਿ ਤਰ੍ਹਾਂ-ਤਰ੍ਹਾਂ ਦੇ ਸਾਜ ਲੈ ਕੇ ਭਜਨ ਸ਼ੁਰੂ ਕਰ ਦਿੰਦੇ ਸੀ। ਇਨ੍ਹਾਂ ਸਾਰੇ ਭਜਨ ਕਰਨ ਵਾਲੇ ਭਗਤਾਂ ਨੂੰ ਚੁੰਬਕ ਵਾਂਗ ਖਿੱਚਣ ਵਾਲੇ ਤਾਂ ਸਾਈਂਬਾਬਾ ਹੀ ਸੀ।

ਮਸਜਿਦ ਦੇ ਵਿਹੜੇ ਨੂੰ ਦੇਖੋ ਤਾਂ ਭਗਤ ਬੜੀਆਂ ਰੀਝਾਂ ਨਾਲ ਹਰ ਤਰ੍ਹਾਂ ਦੇ ਖੁਸ਼ੀ ਦੇ ਕਾਰਜ ਪੂਰੇ ਕਰਨ ਵਿਚ ਮਸਤ ਸੀ। ਕੋਈ ਤੋਰਨ ਬੰਨ੍ਹ ਕੇ ਦੀਵੇ ਜਗਾ ਰਹੇ ਸੀ ਅਤੇ ਕੋਈ ਪਾਲਕੀ ਅਤੇ ਰੱਥ ਦਾ ਸ਼ਿੰਗਾਰ ਕਰਕੇ ਨਿਸ਼ਾਨ ਆਦਿ ਹੱਥਾਂ ਵਿਚ ਫੜੇ ਹੋਏ ਸੀ। ਕਿਤੇ-ਕਿਤੇ ਸ੍ਰੀ ਸਾਈਂਬਾਬਾ ਦੇ ਜੈ ਜੈ ਕਾਰ ਨਾਲ ਅਸਮਾਨ ਗੂੰਜ ਰਿਹਾ ਸੀ। ਦੀਵਿਆਂ ਦੀ ਰੌਸ਼ਨੀ ਨਾਲ ਜਗਮਗਾਉਂਦੀ ਮਸਜਿਦ ਇਸ ਤਰ੍ਹਾਂ ਲੱਗ ਰਹੀ ਸੀ, ਸਮਝੋ ਅਜ ਖੁਸ਼ੀਆਂ ਦੇਣ ਦੀਵਾਲੀ ਆਪ ਸ਼ਿਰਡੀ ਵਿਚ ਆ ਕੇ ਬਿਰਾਜਮਾਨ ਹੋ ਗਈ ਹੋਵੇ। ਮਸਜਿਦ ਦੇ ਬਾਹਰ ਨਜ਼ਰ ਮਾਰੋ ਤਾਂ ਦਰਵਾਜ਼ੇ 'ਤੇ ਸ੍ਰੀ ਸਾਈਂਬਾਬਾ ਦਾ ਪੂਰਾ ਸਜਿਆ ਹੋਇਆ ਘੋੜਾ ਸ਼ਾਮਕਰਨ ਖੜਾ ਸੀ। ਸ੍ਰੀ ਸਾਈਂਬਾਬਾ ਆਪਣੀ ਗੱਦੀ 'ਤੇ ਸ਼ਾਂਤੀ ਨਾਲ ਬਿਰਾਜਮਾਨ ਸੀ ਕਿ ਇਸ ਵੇਲੇ ਭਗਤ ਮੰਡਲੀ ਨਾਲ ਤਾਤਿਆ ਪਾਟਿਲ ਨੇ ਆ ਕੇ ਉਨ੍ਹਾਂ ਨੂੰ ਤਿਆਰ ਹੋਣ ਦੀ ਸੂਚਨਾ ਦਿੰਦੇ ਹੋਏ ਖੜੇ ਹੋਣ ਵਿਚ ਮਦਦ ਕੀਤੀ। ਗੂੜਾ ਰਿਸ਼ਤਾ ਹੋਣ ਕਰਕੇ ਤਾਤਿਆ ਪਾਟਿਲ ਉਨ੍ਹਾਂ ਨੂੰ 'ਮਾਮਾ' ਕਹਿ ਕੇ ਬੁਲਾਉਂਦੇ ਸੀ। ਬਾਬਾ ਹਮੇਸ਼ਾਂ ਦੀ ਤਰ੍ਹਾਂ ਆਪਣੀ ਉਹੀ ਕਫ਼ਨੀ ਪਾ ਕੇ ਕੱਛ ਵਿਚ ਸਟਕਾ ਦੱਬ ਕੇ ਚਿਲਮ ਅਤੇ ਤੰਬਾਕੂ ਨਾਲ ਲੈ ਕੇ ਮੋਢੇ 'ਤੇ ਇਕ ਕੱਪੜਾ ਪਾ ਕੇ ਜਾਣ ਲਈ ਤਿਆਰ ਹੋ ਗਏ। ਉਦੋਂ ਤਾਤਿਆ ਪਾਟਿਲ ਨੇ ਉਨ੍ਹਾਂ ਦੇ ਮੋਢਿਆਂ ਉਪਰ ਇਕ ਸੁਨਹਿਰੀ ਜ਼ਰੀ ਦਾ ਸ਼ਾਲ ਪਾ ਦਿੱਤਾ। ਉਸ ਦੇ ਬਾਅਦ ਆਪ ਬਾਬਾ ਨੇ ਧੂਣੀ ਨੂੰ ਬਲਦੀ ਰੱਖਣ ਦੇ ਲਈ ਉਸ ਵਿਚ ਕੁਝ ਲਕੜਾਂ ਪਾ ਕੇ ਅਤੇ ਧੂਣੀ ਨੇੜੇ ਦੇ ਦੀਵੇ ਨੂੰ ਖੱਬੇ ਹੱਥ ਨਾਲ ਬੁਝਾ ਕੇ ਚਾਵੜੀ ਨੂੰ ਰਵਾਨਾ ਹੋਏ। ਹੁਣ ਤਰ੍ਹਾਂ-ਤਰ੍ਹਾਂ ਦੇ ਸਾਜ ਵਜਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਵਿਚੋਂ ਵੱਖਰੀਆਂ-ਵੱਖਰੀਆਂ ਅਵਾਜ਼ਾਂ ਆਉਣ ਲਗੀਆਂ। ਸਾਹਮਣੇ ਰੰਗ ਬਰੰਗੀ ਆਤਿਸ਼ਬਾਜੀ ਚੱਲਣ ਲਗੀ ਅਤੇ ਨਰ-ਨਾਰੀ ਤਰ੍ਹਾਂ-ਤਰ੍ਹਾਂ ਦੇ ਸਾਜ ਵੱਜਾ ਕੇ ਉਨ੍ਹਾਂ ਦੀ ਕੀਰਤੀ ਦੇ ਭਜਨ ਗਾਉਂਦੇ ਹੋਏ ਅੱਗੇ-ਅੱਗੇ ਚਲਣ ਲਗੇ। ਕੋਈ ਖੁਸ਼ ਹੋ ਕੇ ਨਾਚ ਕਰਨ ਲਗਾ ਤਾਂ ਕੋਈ ਅਨੇਕ ਤਰ੍ਹਾਂ ਦੇ ਝੰਡੇ ਅਤੇ ਨਿਸ਼ਾਨ ਲੈ ਕੇ ਚੱਲਣ ਲਗੇ। ਜਿਵੇਂ ਹੀ ਬਾਬਾ ਨੇ ਮਸਜਿਦ ਦੀ ਪੌੜੀ 'ਤੇ ਆਪਣੇ ਚਰਣ ਰੱਖੇ, ਉਵੇਂ ਹੀ ਭਾਲਦਾਰ ਨੇ ਲਲਕਾਰ ਕੇ ਉਨ੍ਹਾਂ ਦੇ ਚੱਲਣ ਦੀ ਸੂਚਨਾ ਦਿੱਤੀ। ਦੋਵਾਂ ਪਾਸੇ 'ਤੇ ਲੋਕ ਚੌਰ ਲੈ ਕੇ ਖੜੇ ਹੋ ਗਏ ਅਤੇ ਉਨ੍ਹਾਂ ਤੇ ਪੱਖਾ ਝਲਣ ਲਗੇ। ਫੇਰ ਰਾਹ 'ਤੇ ਦੂਰ ਤਕ ਵਿਛੇ ਹੋਏ ਕਪੜਿਆਂ ਉਪਰ ਜਲੂਸ ਅਗੇ ਵਧਣ ਲਗਾ। ਤਾਤਿਆ ਪਾਟਿਲ ਉਨ੍ਹਾਂ ਦਾ ਖੱਬਾ ਅਤੇ ਮਹਾਲਸਾਪਤਿ ਸੱਜਾ ਹੱਥ ਫੜ ਕੇ ਅਤੇ ਬਾਪੂ ਸਾਹਿਬ ਜੋਗ ਉਨ੍ਹਾਂ ਦੇ ਪਿਛੇ ਛੱਤਰ ਲੈ ਕੇ ਤੁਰਨ ਲਗੇ। ਇਨ੍ਹਾਂ ਦੇ ਅੱਗੇ-ਅੱਗੇ ਪੂਰਾ ਸਜਿਆ ਹੋਇਆ ਅਸ਼ਵ ਸ਼ਾਮਕਰਨ ਤੁਰ ਰਿਹਾ ਸੀ ਅਤੇ ਉਸਦੇ ਪਿਛੇ ਭਜਨ ਮੰਡਲੀ ਅਤੇ ਭਗਤਾਂ

ਦੀ ਭੀੜ ਸਾਜਾਂ ਦੀ ਅਵਾਜ਼ ਨਾਲ ਹਰੀ ਅਤੇ ਸਾਈਂ ਨਾਮ ਦੀ ਅਵਾਜ਼ ਜਿਸ ਨਾਲ ਅਸਮਾਨ ਗੂੰਜ ਉੱਠਦਾ ਸੀ, ਬੋਲਦੇ ਹੋਏ ਚਲ ਰਹੀ ਸੀ। ਹੁਣ ਜਲੂਸ ਚਾਵੜੀ ਦੀ ਨੁਕਰ 'ਤੇ ਪਹੁੰਚਿਆ ਅਤੇ ਸਾਰੀ ਭਗਤਾਂ ਦੀ ਭੀੜ ਬਹੁਤ ਖੁਸ਼ ਦਿਖਣ ਲਗੀ। ਜਦੋਂ ਨੁਕਰ 'ਤੇ ਪਹੁੰਚ ਕੇ ਬਾਬਾ ਚਾਵੜੀ ਦੇ ਸਾਹਮਣੇ ਖੜੇ ਹੋ ਗਏ, ਉਸ ਵੇਲੇ ਉਨ੍ਹਾਂ ਦੇ ਚਿਹਰੇ ਦਾ ਅਲੌਕਿਕ ਨੂਰ ਬੜਾ ਅਨੌਖਾ ਸੀ ਇਸ ਤਰ੍ਹਾਂ ਲਗਣ ਲਗਾ ਕਿ ਪਹੁ ਦੀ ਲਾਲੀ ਉਨ੍ਹਾਂ ਦੇ ਚਿਹਰੇ ਉਤੇ ਆ ਗਈ ਹੋਏ। ਉਤਰ ਵੱਲ ਮੂੰਹ ਕਰ ਕੇ ਉਹ ਇਹੋ ਜਿਹੀ ਮੁਦਰਾ ਵਿਚ ਖੜੇ ਹੋ ਗਏ, ਜਿਵੇਂ ਕੋਈ ਕਿਸੇ ਦੇ ਆਉਣ ਦੀ ਉਡੀਕ ਕਰ ਰਿਹਾ ਹੈ। ਸਾਜ ਪਹਿਲੇ ਵਾਂਗ ਹੀ ਵਜਦੇ ਰਹੇ ਅਤੇ ਉਹ ਆਪਣਾ ਸੱਜਾ ਹੱਥ ਥੋੜ੍ਹੀ ਦੇਰ ਉਪਰ ਥਲੇ ਕਰਦੇ ਰਹੇ। ਸਾਜ ਵਜਾਉਣ ਵਾਲੇ ਜ਼ੋਰ ਨਾਲ ਸਾਜ ਵਜਾਉਣ ਲਗੇ ਅਤੇ ਇਸ ਵੇਲੇ ਕਾਕਾਸਾਹਿਬ ਦਿਕਸ਼ਿਤ ਗੁਲਾਲ ਦੀ ਵਰਖਾ ਕਰਨ ਲਗੇ। ਬਾਬਾ ਦੇ ਮੁੱਖ-ਮੰਡਲ ਦੀ ਲਾਲੀ ਦੀ ਚਮਕ ਜਗ ਮਗਾਉਣ ਲਗੀ ਅਤੇ ਸਾਰੇ ਲੋਕ ਦਿਲ ਭਰ ਕੇ ਉਸ ਦਾ ਆਨੰਦ ਮਾਣਨ ਲਗੇ। ਇਸ ਮਨਮੋਹਕ ਨਜ਼ਾਰੇ ਦਾ ਵਰਨਣ ਸ਼ਬਦਾਂ ਵਿਚ ਕਰਨ 'ਚ ਕਲਮ ਸਮਰਥ ਨਹੀਂ ਹੈ। ਖੁਸ਼ੀ ਦੇ ਭਾਵ ਵਿਚ ਭਗਤ ਮਹਾਲਸਾਪਤਿ ਤਾਂ ਨਚਣ ਲਗੇ, ਪਰ ਬਾਬਾ ਦੀ ਅਖੰਡ ਇਕਾਗਰਤਾ ਦੇਖ ਕੇ ਸਾਰੇ ਭਗਤਾਂ ਨੂੰ ਮਹਾਨ ਅਸਚਰਜ ਹੋਣ ਲੱਗਾ। ਇਕ ਹੱਥ ਵਿਚ ਲਾਲਟੇਨ ਫੜ ਕੇ ਤਾਤਿਆ ਪਾਟਿਲ ਬਾਬਾ ਦੇ ਖੱਬੇ ਪਾਸੇ ਅਤੇ ਗਹਿਣੇ ਲੈ ਕੇ ਮਹਾਲਸਾਪਤਿ ਸੱਜੇ ਪਾਸੇ ਚਲ ਰਹੇ ਹਨ। ਦੇਖੋ ਤਾਂ, ਕਿਸ ਤਰ੍ਹਾਂ ਦੇ ਸੁੰਦਰ ਜਲੂਸ ਦੀ ਸ਼ੋਭਾ ਅਤੇ ਭਗਤੀ ਦਾ ਦਰਸ਼ਨ ਹੋ ਰਿਹਾ ਹੈ। ਇਸ ਨਜ਼ਾਰੇ ਦੀ ਝਾਕੀ ਦੇਖਣ ਲਈ ਹੀ ਹਜ਼ਾਰਾਂ ਨਰ-ਨਾਰੀ, ਕੀ ਅਮੀਰ ਅਤੇ ਕੀ ਫਕੀਰ, ਸਾਰੇ ਉਥੇ ਇਕੱਠੇ ਹੋਏ ਸੀ। ਹੁਣ ਬਾਬਾ ਹੌਲੀ-ਹੌਲੀ ਅੱਗੇ ਵਧਣ ਲਗੇ ਅਤੇ ਚਾਰੇ ਪਾਸੇ ਖੁਸ਼ੀ ਦਾ ਮਹੌਲ ਦਿਖਾਈ ਦੇਣ ਲਗਾ। ਸੰਪੂਰਨ ਵਾਯੂ ਮੰਡਲ ਵੀ ਖੁਸ਼ੀ ਨਾਲ ਝੂਮਣ ਲੱਗਾ ਅਤੇ ਇਸ ਤਰ੍ਹਾਂ ਜਲੂਸ ਚਾਵੜੀ ਪਹੁੰਚਿਆ। ਹੁਣ ਉਸ ਤਰ੍ਹਾਂ ਦਾ ਨਜ਼ਾਰਾ ਭਵਿੱਖ ਵਿਚ ਕੋਈ ਨਹੀਂ ਦੇਖ ਸਕੇਗਾ। ਹੁਣ ਤਾਂ ਸਿਰਫ਼ ਉਸ ਦੀ ਯਾਦ ਕਰਕੇ ਅੱਖਾਂ ਦੇ ਸਾਹਮਣੇ ਉਸ ਮਨੋਹਰ ਅਤੀਤ ਦੀ ਕਲਪਨਾ ਨਾਲ ਹੀ ਆਪਣੇ ਦਿਲ ਦੀ ਪਿਆਸ ਸ਼ਾਂਤ ਕਰਨੀ ਪਏਗੀ।

ਚਾਵੜੀ ਦੀ ਸਜ਼ਾਵਟ ਵੀ ਅਤਿ ਉਤਮ ਤਰੀਕੇ ਨਾਲ ਕੀਤੀ ਗਈ ਸੀ। ਉੱਤਮ ਚਾਂਦਨੀ, ਸ਼ੀਸ਼ੇ ਅਤੇ ਤਰ੍ਹਾਂ-ਤਰ੍ਹਾਂ ਦੇ ਹਾਂਡੀ-ਲਾਲ ਟੈਨ (ਗੈਸਬਤੀ) ਲਗੇ ਹੋਏ ਸੀ। ਚਾਵੜੀ ਪਹੁੰਚਣ 'ਤੇ ਤਾਤਿਆ ਪਾਟਿਲ ਅੱਗੇ ਵੱਧੇ ਅਤੇ ਆਸਨ ਵਿਛਾਕੇ ਸਰਹਾਣੇ ਦੇ ਸਹਾਰੇ ਉਨ੍ਹਾਂ ਨੇ ਬਾਬਾ ਨੂੰ ਬਿਠਾਇਆ। ਫੇਰ ਉਨ੍ਹਾਂ ਨੂੰ ਇਕ ਵੱਧੀਆ ਅੰਗਰਖਾ ਪੁਆਇਆ ਅਤੇ ਭਗਤਾਂ ਨੇ ਤਰ੍ਹਾਂ-ਤਰ੍ਹਾਂ ਨਾਲ ਉਨ੍ਹਾਂ ਦੀ ਪੂਜਾ ਕੀਤੀ, ਉਨ੍ਹਾਂ ਨੂੰ ਸੋਨੇ ਦਾ ਮੁਕਟ ਧਾਰਨ ਕਰਾਇਆ, ਅਤੇ ਫੁਲਾਂ ਅਤੇ ਜਵਾਹਰਾਂ ਦੇ ਹਾਰ ਉਨ੍ਹਾਂ ਦੇ ਗਲ ਵਿਚ ਪਾਏ। ਫੇਰ ਮੱਥੇ 'ਤੇ ਕਸਤੂਰੀ ਦਾ ਵੈਸ਼ਣਵੀ ਤਿਲਕ ਅਤੇ ਵਿਚਕਾਰ ਬਿੰਦੀ ਲਾ ਕੇ ਦੇਰ ਤੱਕ ਉਨ੍ਹਾਂ ਵੱਲ ਦੇਖਦੇ ਰਹੇ। ਉਨ੍ਹਾਂ ਦੇ ਸਿਰ ਦਾ ਕਪੜਾ ਬਦਲ ਦਿੱਤਾ ਗਿਆ ਅਤੇ ਉਸ ਨੂੰ ਉਪਰ ਹੀ ਚੁੱਕੀ ਰੱਖਿਆ ਕਿਉਂਕਿ ਸਭ ਨੂੰ ਸ਼ੱਕ ਸੀ ਕਿ ਕਿਤੇ ਬਾਬਾ ਉਸ ਨੂੰ ਸੁੱਟ ਨਾ ਦੇਣ, ਪਰ ਬਾਬਾ ਤਾਂ ਅੰਤਰਯਾਮੀ ਸੀ, ਉਨ੍ਹਾਂ ਨੇ ਭਗਤਾਂ ਨੂੰ ਉਨ੍ਹਾਂ ਦੀ ਮਰਜ਼ੀ ਨਾਲ ਹੀ ਪੂਜਾ ਕਰਨ ਦਿੱਤੀ। ਇਨ੍ਹਾਂ ਗਹਿਣਿਆਂ ਦੇ ਨਾਲ ਸੱਜਣ ਤੋਂ ਬਾਅਦ ਤਾਂ ਉਨ੍ਹਾਂ ਦੀ

ਸ਼ੋਭਾ ਅਨੌਖੀ ਸੀ।

ਨਾਨਾਸਾਹਿਬ ਨਿਮੋਣਕਰ ਨੇ ਇਕ ਸੁੰਦਰ ਛੱਤਰ ਲਗਾਇਆ, ਜਿਸ ਦੇ ਵਿਚਕਾਰ ਇਕ ਡੰਡੀ ਲਗੀ ਹੋਈ ਸੀ। ਬਾਪੂਸਾਹਿਬ ਜੋਗ ਨੇ ਇਕ ਚਾਂਦੀ ਦੀ ਸੁੰਦਰ ਥਾਲੀ ਵਿਚ ਪੈਰ ਧੋਤੇ ਅਤੇ ਅਰਧ ਦੇਣ ਦੇ ਬਾਅਦ ਉਤਮ ਤਰੀਕੇ ਨਾਲ ਉਨ੍ਹਾਂ ਦੀ ਪੂਜਾ ਕੀਤੀ ਅਤੇ ਉਨ੍ਹਾਂ ਦੇ ਹੱਥਾਂ 'ਤੇ ਚੰਦਨ ਲਗਾ ਕੇ ਪਾਨ ਦਾ ਬੀੜਾ ਦਿੱਤਾ। ਉਨ੍ਹਾਂ ਨੂੰ ਆਸਨ ਉਪਰ ਬਿਠਾਇਆ ਗਿਆ। ਫੇਰ ਤਾਤਿਆ ਪਾਟਿਲ ਅਤੇ ਹੋਰ ਸਾਰੇ ਭਗਤ ਉਨ੍ਹਾਂ ਦੇ ਸ੍ਰੀਚਰਣਾਂ 'ਤੇ ਆਪਣੇ-ਆਪਣੇ ਸਿਰ ਝੁਕਾਕੇ ਪ੍ਰਨਾਮ ਕਰਨ ਲੱਗੇ। ਜਦੋਂ ਉਹ ਸਰਹਾਣੇ ਦੇ ਸਹਾਰੇ ਬੈਠ ਗਏ, ਤਾਂ ਭਗਤ ਦੋਵਾਂ ਪਾਸਿਆਂ ਤੋਂ ਚੌਰ ਅਤੇ ਪੱਖੇ ਝੱਲਣ ਲਗੇ। ਸ਼ਾਮਾ ਨੇ ਚਿਲਮ ਤਿਆਰ ਕਰਕੇ ਤਾਤਿਆ ਪਾਟਿਲ ਨੂੰ ਦਿੱਤੀ। ਉਨ੍ਹਾਂ ਨੇ ਇਕ ਫੂਕ ਮਾਰ ਕੇ ਚਿਲਮ ਭਖਾਈ ਅਤੇ ਉਹ ਬਾਬਾ ਨੂੰ ਪੀਣ ਲਈ ਦਿੱਤੀ। ਉਨ੍ਹਾਂ ਦੇ ਚਿਲਮ ਪੀਣ ਤੋਂ ਬਾਅਦ ਫੇਰ ਉਹ ਭਗਤ ਮਹਾਲਸਾਪਤਿ ਨੂੰ ਅਤੇ ਬਾਅਦ ਵਿਚ ਸਾਰੇ ਭਗਤਾਂ ਨੂੰ ਦਿੱਤੀ ਗਈ। ਧੰਨ ਹੈ ਉਹ ਬੇਜਾਨ ਚਿਲਮ। ਕਿੰਨਾ ਮਹਾਨ ਤਪ ਹੈ ਉਸਦਾ, ਜਿਸ ਨੇ ਘੁਮਿਆਰ ਦੇ ਪਹਿਲੇ ਚਕਰ 'ਤੇ ਘੁਮਾਉਣ, ਧੁੱਪ ਵਿਚ ਸੁਕਾਉਣ, ਫੇਰ ਅੱਗ ਵਿਚ ਤਪਾਉਣ ਵਰਗੇ ਅਨੇਕ ਸੰਸਕਾਰ ਪਾਏ। ਤਾਂ ਕਿਤੇ ਉਸ ਨੂੰ ਬਾਬਾ ਦੀ ਛੋਹ ਅਤੇ ਚੁੰਮਨ ਦਾ ਚੰਗਾ ਭਾਗ ਪ੍ਰਾਪਤ ਹੋਇਆ। ਜਦੋਂ ਇਹ ਸਾਰਾ ਕਾਰਜ ਖ਼ਤਮ ਹੋ ਗਿਆ, ਤਾਂ ਭਗਤਾਂ ਨੇ ਬਾਬਾ ਨੂੰ ਫੂਲਾਂ ਦੇ ਹਾਰਾਂ ਨਾਲ ਲਦ ਦਿੱਤਾ ਅਤੇ ਖ਼ੁਸ਼ਬੂਦਾਰ ਫੁਲਾਂ ਦੇ ਗੁਲਦਸਤੇ ਉਨ੍ਹਾਂ ਨੂੰ ਭੇਟ ਕੀਤੇ। ਬਾਬਾ ਤਾਂ ਵੈਰਾਗ ਦੇ ਪੂਰਨ ਅਵਤਾਰ ਸੀ, ਉਹ ਉਨ੍ਹਾਂ ਹੀਰਿਆਂ ਜਵਾਹਰਾਂ ਅਤੇ ਫੁਲਾਂ ਦੇ ਹਾਰਾਂ ਅਤੇ ਇਸ ਤਰ੍ਹਾਂ ਦੀ ਸੱਜ ਧੱਜ ਵਿਚ ਕਦੋਂ ਰੁਚੀ ਲੈਣ ਵਾਲੇ ਸਨ? ਪਰ ਭਗਤਾਂ ਦੇ ਸਚੇ ਪ੍ਰੇਮ ਦੇ ਵਸ ਹੀ ਉਨ੍ਹਾਂ ਦੀ ਮਰਜ਼ੀ ਨਾਲ ਪੂਜਾ ਕਰਨ ਵਿਚ ਉਨ੍ਹਾਂ ਨੇ ਕੋਈ ਵਿਰੋਧ ਨਹੀਂ ਕੀਤਾ। ਅੰਤ ਵਿਚ ਖੁਸ਼ੀ ਵਿਚ ਸਾਜ ਵਜਣ ਲਗੇ ਅਤੇ ਬਾਪੂਸਾਹਿਬ ਜੋਗ ਨੇ ਬਾਬਾ ਦੀ ਆਰਤੀ ਕੀਤੀ। ਆਰਤੀ ਖ਼ਤਮ ਹੋਣ 'ਤੇ ਭਗਤਾਂ ਨੇ ਬਾਬਾ ਨੂੰ ਪ੍ਰਨਾਮ ਕੀਤਾ ਅਤੇ ਉਨ੍ਹਾਂ ਦੀ ਆਗਿਆ ਲੈ ਕੇ ਸਾਰੇ ਇਕ ਇਕ ਕਰਕੇ ਆਪਣੇ ਘਰ ਵਾਪਸ ਜਾਣ ਲਗੇ। ਉਦੋਂ ਤਾਤਿਆ ਪਾਟਿਲ ਨੇ ਉਨ੍ਹਾਂ ਨੂੰ ਚਿਲਮ ਪਿਲਾ ਕੇ ਗੁਲਾਬ ਜਲ, ਇੱਤਰ ਆਦਿ ਲਗਾਇਆ ਅਤੇ ਆਗਿਆ ਲੈਣ ਵੇਲੇ ਗੁਲਾਬ ਦਾ ਇਕ ਫੁੱਲ ਦਿੱਤਾ। ਤਾਂ ਬਾਬਾ ਪ੍ਰੇਮ ਨਾਲ ਕਹਿਣ ਲਗੇ ਕਿ, "ਤਾਤਿਆ, ਮੇਰੀ ਦੇਖਭਾਲ ਚੰਗੀ ਤਰ੍ਹਾਂ ਕਰਨਾ ਤੁਸੀਂ ਘਰ ਜਾਣਾ ਹੈ ਤਾਂ ਜਾਉ, ਪਰ ਰਾਤ ਨੂੰ ਕਦੀ ਕਦੀ ਆ ਕੇ ਮੈਨੂੰ ਦੇਖ ਵੀ ਜਾਣਾ, ਤਾਂ ਹਾਂ ਕਹਿ ਕੇ ਤਾਤਿਆ ਪਾਟਿਲ ਚਾਵੜੀ ਤੋਂ ਆਪਣੇ ਘਰ ਚਲੇ ਗਏ। ਫੇਰ ਬਾਬਾ ਨੇ ਬਹੁਤ ਸਾਰੀਆਂ ਚਾਦਰਾਂ ਵਿਛਾ ਕੇ ਆਪਣਾ ਬਿਤਸਰਾ ਬਣਾ ਕੇ ਆਰਾਮ ਕੀਤਾ।

ਹੁਣ ਅਸੀਂ ਵੀ ਆਰਾਮ ਕਰੀਏ ਅਤੇ ਇਸ ਅਧਿਆਇ ਨੂੰ ਖ਼ਤਮ ਕਰਦੇ ਹੋਏ ਅਸੀਂ ਪਾਠਕਾਂ ਨੂੰ ਪ੍ਰਾਰਥਨਾ ਕਰਦੇ ਹਾਂ ਕਿ

।

# ॥ ਅਧਿਆਇ-38 ॥

***ਬਾਬਾ ਦੀ ਹਾਂਡੀ, ਨਾਨਾ ਸਾਹਿਬ ਵੱਲੋਂ ਦੇਵ-ਮੂਰਤੀ ਦੀ ਅਣਦੇਖੀ, ਨੈਵੇਦ ਵੰਡ, ਲੱਸੀ ਦਾ ਪ੍ਰਸ਼ਾਦ।***

ਪਿਛਲੇ ਅਧਿਆਇ ਵਿਚ ਚਾਵੜੀ ਦੇ ਉਤਸਵ ਦਾ ਵਰਨਣ ਕੀਤਾ ਗਿਆ ਹੈ। ਹੁਣ ਇਸ ਅਧਿਆਇ ਵਿਚ ਬਾਬਾ ਦੀ ਹਾਂਡੀ ਅਤੇ ਕੁਝ ਹੋਰ ਵਿਸ਼ਿਆਂ ਦਾ ਵਰਨਣ ਹੋਏਗਾ।

ਹੇ ਸਤਿਗੁਰੂ ਸਾਈਂ! ਤੁਸੀਂ ਧੰਨ ਹੋ! ਅਸੀਂ ਤੁਹਾਨੂੰ ਨਮਨ ਕਰਦੇ ਹਾਂ। ਤੁਸੀਂ ਸੰਸਾਰ ਨੂੰ ਸੁੱਖ ਪਹੁੰਚਾਇਆ ਅਤੇ ਭਗਤਾਂ ਦਾ ਭਲਾ ਕੀਤਾ। ਤੁਸੀਂ ਦਿਆਲੂ ਹੋ। ਜਿਹੜੇ ਭਗਤ ਤੁਹਾਡੇ ਨਿਰਭੈਅ ਚਰਣ-ਕਮਲਾਂ ਵਿਚ ਆਪਣੇ ਆਪ ਨੂੰ ਅਰਪਣ ਕਰ ਦਿੰਦੇ ਹਨ, ਤੁਸੀਂ ਉਨ੍ਹਾਂ ਦੀ ਹਮੇਸ਼ਾਂ ਰੱਖਿਆ ਅਤੇ ਮੁਕਤੀ ਕਰਦੇ ਹੋ। ਭਗਤਾਂ ਦੇ ਭੱਲੇ ਅਤੇ ਰੱਖਿਆ ਦੇ ਲਈ ਹੀ ਤੁਸੀਂ ਅਵਤਾਰ ਲੈਂਦੇ ਹੋ। ਬ੍ਰਹਮਾ ਦੇ ਸੰਚੇ ਵਿਚ ਸ਼ੁੱਧ ਆਤਮਾ ਰੂਪੀ ਸਮਗਰੀ ਪਾਈ ਗਈ ਅਤੇ ਉਸ ਵਿਚੋਂ ਢੱਲ ਕੇ ਜਿਹੜੀ ਮੂਰਤੀ ਨਿਕਲੀ, ਉਹ ਸੰਤਾਂ ਦੇ ਸੰਤ ਸ੍ਰੀ ਸਾਈਂਬਾਬਾ ਹਨ। ਸਾਈਂ ਆਪ ਹੀ "ਆਤਮਾਰਾਮ" ਅਤੇ ਚਿਰਆਨੰਦ ਧਾਮ ਹਨ। ਇਸ ਜੀਵਨ ਦੇ ਸਾਰੇ ਕਾਰਜਾਂ ਨੂੰ ਨਾਸ਼ਵਾਨ ਜਾਣਕੇ ਉਨ੍ਹਾਂ ਨੇ ਭਗਤਾਂ ਨੂੰ ਕਾਮਨਾਰਹਿਤ ਅਤੇ ਮੁਕਤ ਕੀਤਾ।

ਮਾਨਵ ਧਰਮ-ਸ਼ਾਸਤਰ ਵਿਚ ਅਲੱਗ-ਅਲੱਗ ਯੁਗਾਂ ਦੇ ਲਈ ਤਰ੍ਹਾਂ ਤਰ੍ਹਾਂ ਦੀਆਂ ਸਾਧਨਾਵਾਂ ਦਾ ਵਰਣਨ ਕੀਤਾ ਗਿਆ।

। ਜਦੋਂ ਦੁਪਹਿਰ ਵੇਲੇ ਸਾਨੂੰ ਭੋਜਨ ਨਹੀਂ ਮਿਲਦਾ, ਤਾਂ ਅਸੀਂ ਬੇਚੈਨ ਹੋ ਜਾਂਦੇ ਹਾਂ। ਇਸ ਤਰ੍ਹਾਂ ਦੀ ਹਾਲਤ ਬਾਕੀ ਪ੍ਰਾਣੀਆਂ ਦੀ ਮਹਿਸੂਸ ਕਰਕੇ ਜਿਹੜਾ ਕਿਸੇ ਭਿਖਾਰੀ ਜਾਂ ਭੁੱਖੇ ਨੂੰ ਭੋਜਨ ਦਿੰਦਾ ਹੈ, ਉਹੀ ਸਰਵੋਤਮ ਦਾਨੀ ਹੈ। ਤੈਤਿਰੀਯਉਪਨਿਸ਼ਦ ਵਿਚ ਲਿਖਿਆ ਹੈ ਕਿ ਅੰਨ ਹੀ ਬ੍ਰਹਮ ਹੈ ਅਤੇ ਉਸੇ ਨਾਲ ਸਾਰੇ ਪ੍ਰਾਣੀ ਪੈਦਾ ਹੋਏ ਹਨ ਅਤੇ ਉਸੇ ਨਾਲ ਹੀ ਉਹ ਜਿਉਂਦੇ ਰਹਿੰਦੇ ਹਨ ਅਤੇ ਮਰਨ ਦੇ ਬਾਅਦ ਉਸੇ ਵਿਚ ਮਿਲ ਜਾਂਦੇ ਹਨ। ਜਦੋਂ ਕੋਈ ਮਹਿਮਾਨ ਦੁਪਹਿਰ ਦੇ ਵੇਲੇ ਸਾਡੇ ਘਰ ਆਉਂਦਾ ਹੈ ਤਾਂ ਸਾਡਾ ਫ਼ਰਜ਼ ਹੈ ਕਿ ਅਸੀਂ ਉਸ ਦਾ ਸਵਾਗਤ ਕਰਕੇ ਉਸ ਨੂੰ ਭੋਜਨ ਕਰਾਈਏ, ਹੋਰ ਦਾਨ ਜਿਵੇਂ ਧਨ, ਭੂਮੀ ਅਤੇ ਕਪੜੇ ਆਦਿ ਦੇਣ ਵੇਲੇ ਤਾਂ ਲੈਣ ਵਾਲੇ ਦੀ ਯੋਗਤਾ ਦਾ ਖ਼ਿਆਲ ਕਰਨਾ ਪੈਂਦਾ ਹੈ, ਪਰ ਅੰਨ ਦੇ ਲਈ ਖ਼ਾਸ ਸੋਚਣ ਦੀ ਲੋੜ ਨਹੀਂ ਹੈ। ਦੁਪਹਿਰ ਵੇਲੇ ਕੋਈ ਵੀ ਆਪਣੇ ਦਰਵਾਜੇ 'ਤੇ ਆਏ, ਉਸ ਨੂੰ ਭੋਜਨ ਕਰਾਉਣਾ ਸਾਡਾ ਫਰਜ਼ ਹੈ। ਪਹਿਲੇ ਲੂਲੇ, ਲੰਗੜੇ, ਅੰਨੇ ਜਾਂ ਰੋਗੀ ਭਿਖਾਰੀਆਂ ਨੂੰ ਫੇਰ ਉਨ੍ਹਾਂ ਨੂੰ ਜਿਨ੍ਹਾਂ ਦੇ ਹੱਥ ਪੈਰ ਠੀਕ ਹਨ, ਅਤੇ ਉਨ੍ਹਾਂ ਸਾਰਿਆਂ ਤੋਂ ਬਾਅਦ ਆਪਣੇ ਰਿਸ਼ਤੇਦਾਰਾਂ ਨੂੰ ਭੋਜਨ ਕਰਾਉਣਾ ਚਾਹੀਦਾ ਹੈ। ਹੋਰ ਸਾਰਿਆਂ ਦੇ ਮੁਕਾਬਲੇ ਲੂਲੇ ਲੰਗੜਿਆਂ ਨੂੰ ਭੋਜਨ ਕਰਾਉਣ ਦਾ ਮਹੱਤਵ ਜ਼ਿਆਦਾ ਹੈ। ਅੰਨਦਾਨ ਦੇ ਬਿਨਾਂ ਬਾਕੀ ਸਭ ਤਰ੍ਹਾਂ ਦੇ ਦਾਨ ਉਵੇਂ ਹੀ ਅਧੂਰੇ

ਹਨ, ਜਿਵੇਂ ਕਿ ਚੰਨ ਬਿਨਾਂ ਤਾਰੇ, ਤਗਮੇ ਬਿਨਾਂ ਹਾਰ, ਕਲਸ਼ ਬਿਨਾਂ ਮੰਦਿਰ, ਕਮਲ ਬਿਨਾਂ ਤਲਾਅ, ਭਗਤੀ ਬਿਨਾਂ ਭਜਨ, ਸੰਦੂਰ ਬਿਨਾਂ ਸੁਹਾਗਣ, ਸੁੰਦਰ ਅਵਾਜ਼ ਤੋਂ ਬਗੈਰ ਗਾਣਾ, ਲੂਣ ਬਿਨਾਂ ਭੋਜਨ। ਜਿਸ ਤਰ੍ਹਾਂ ਬਾਕੀ ਭੋਜਨ ਦੀਆਂ ਚੀਜ਼ਾਂ ਵਿਚ ਦਾਲ ਉਤਮ ਸਮਝੀ ਜਾਂਦੀ ਹੈ ਉਸ ਤਰ੍ਹਾਂ ਸਾਰੇ ਦਾਨਾਂ ਵਿਚ ਅੰਨਦਾਨ ਸਰਵੋਤਮ ਹੈ। ਹੁਣ ਦੇਖੀਏ ਕਿ ਬਾਬਾ ਕਿਸ ਤਰ੍ਹਾਂ ਭੋਜਨ ਤਿਆਰ ਕਰਾ ਕੇ ਉਸ ਦੀ ਵੰਡ ਕਰਦੇ ਸੀ।

ਅਸੀਂ ਪਹਿਲੇ ਹੀ ਦੱਸ ਚੁੱਕੇ ਹਾਂ ਕਿ ਬਾਬਾ ਬਹੁਤ ਘੱਟ ਖਾਂਧੇ ਸੀ ਅਤੇ ਉਹ ਥੋੜ੍ਹਾ ਬਹੁਤ ਜੋ ਕੁਝ ਵੀ ਖਾਂਧੇ ਸੀ, ਉਹ ਉਨ੍ਹਾਂ ਨੂੰ ਕੇਵਲ ਦੋ ਘਰਾਂ ਵਿਚੋਂ ਹੀ ਭਿਖਿਆ ਵਿਚ ਮਿਲ ਜਾਂਦਾ ਸੀ। ਪਰ ਜਦੋਂ ਉਨ੍ਹਾਂ ਦੇ ਦਿਲ ਵਿਚ ਸਾਰੇ ਭਗਤਾਂ ਨੂੰ ਭੋਜਨ ਕਰਾਉਣ ਦੀ ਇੱਛਾ ਹੁੰਦੀ ਤਾਂ ਸ਼ੁਰੂ ਤੋਂ ਲੈ ਕੇ ਆਖੀਰ ਤਕ ਸਾਰਾ ਇੰਤਜ਼ਾਮ ਉਹ ਆਪ ਕਰਦੇ ਸੀ। ਉਹ ਕਿਸੇ ਉਪਰ ਨਿਰਭਰ ਨਹੀਂ ਰਹਿੰਦੇ ਸੀ ਅਤੇ ਨਾ ਹੀ ਕਿਸੇ ਨੂੰ ਇਸ ਸਬੰਧ ਵਿਚ ਤਕਲੀਫ਼ ਦਿੰਦੇ ਸੀ। ਪਹਿਲੇ ਉਹ ਆਪ ਬਜ਼ਾਰ ਜਾ ਕੇ ਸਾਰੀਆਂ ਚੀਜ਼ਾਂ ਅਨਾਜ, ਆਟਾ, ਲੂਣ, ਮਿਰਚ, ਜ਼ੀਰਾ, ਖੋਪਾ ਅਤੇ ਹੋਰ ਮਸਾਲੇ ਆਦਿ ਨਗਦ ਮੁੱਲ ਦੇ ਕੇ ਖ਼ਰੀਦ ਲਿਆਉਦੇ ਸੀ। ਇਥੋਂ ਤੱਕ ਕਿ ਪੀਹਨ ਦਾ ਕੰਮ ਵੀ ਉਹ ਆਪ ਹੀ ਕਰਦੇ ਸੀ। ਮਸਜਿਦ ਦੇ ਵਿਹੜੇ ਵਿਚ ਇਕ ਭੱਠੀ ਬਣਾ ਕੇ ਉਸ ਵਿਚ ਅੱਗ ਬਾਲ ਕੇ ਹਾਂਡੀ ਵਿਚ ਠੀਕ ਨਾਪ ਕੇ ਪਾਣੀ ਭਰ ਕੇ ਰੱਖ ਦਿੰਦੇ ਸੀ। ਹਾਂਡੀ ਦੋ ਤਰ੍ਹਾਂ ਦੀ ਸੀ—ਇਕ ਛੋਟੀ ਅਤੇ ਦੂਜੀ ਵੱਡੀ। ਇਕ ਵਿਚ ਸੌ ਅਤੇ ਦੂਜੀ ਵਿਚ ਪੰਜ ਸੌ ਆਦਮੀਆਂ ਦਾ ਭੋਜਨ ਤਿਆਰ ਹੋ ਸਕਦਾ ਸੀ। ਕਦੀ ਉਹ ਮਿੱਠੇ ਚੋਲ ਬਣਾਉਂਦੇ ਅਤੇ ਕਦੇ ਮੀਟ ਵਾਲੇ ਚੋਲ ਬਣਾਉਂਦੇ ਸੀ। ਕਦੀ-ਕਦੀ ਦਾਲ ਅਤੇ ਮੁਟਕੁਲੇ ਵੀ ਬਣਾ ਲੈਂਦੇ ਸੀ, ਪੱਥਰ ਦੀ ਸਿਲ 'ਤੇ ਬਾਰੀਕ ਮਸਾਲਾ ਪੀਹ ਕੇ ਹਾਂਡੀ ਵਿਚ ਪਾ ਦਿੰਦੇ ਸੀ। ਭੋਜਨ ਸੁਆਦ ਬਣੇ ਇਸ ਦੀ ਉਹ ਪੂਰੀ ਕੋਸ਼ਿਸ਼ ਕਰਦੇ ਸੀ। ਜਵਾਰ ਦੇ ਆਟੇ ਨੂੰ ਪਾਣੀ ਵਿਚ ਉਬਾਲ ਕੇ ਉਸ ਵਿਚ ਲੱਸੀ ਮਿਲਾ ਕੇ ਅੰਬਿਲ ਬਣਾਉਂਦੇ ਅਤੇ ਭੋਜਨ ਦੇ ਨਾਲ ਸਾਰੇ ਭਗਤਾਂ ਨੂੰ ਬਰਾਬਰ ਬਰਾਬਰ ਦਿੰਦੇ ਸੀ। ਭੋਜਨ ਠੀਕ ਬਣ ਰਿਹਾ ਹੈ ਜਾਂ ਨਹੀਂ, ਇਹ ਦੇਖਣ ਲਈ ਉਹ ਆਪਣੀ ਕਫਨੀ ਦੀਆਂ ਬਾਹਾਂ ਉਪਰ ਚੜ੍ਹਾ ਕੇ ਨਿਰਡਰ ਹੋ ਕੇ ਉਬਲਦੀ ਹਾਂਡੀ ਵਿਚ ਹੱਥ ਪਾ ਦਿੰਦੇ ਅਤੇ ਉਸ ਨੂੰ ਚਾਰੇ ਪਾਸੇ ਘੁੰਮਾ ਦਿੰਦੇ ਸੀ। ਇਸ ਤਰ੍ਹਾਂ ਕਰਨ ਨਾਲ ਵੀ ਉਨ੍ਹਾਂ ਦੇ ਹੱਥ 'ਤੇ ਕੋਈ ਸੜਨ ਦਾ ਨਿਸ਼ਾਨ ਅਤੇ ਨਾ ਹੀ ਚਿਹਰੇ 'ਤੇ ਕੋਈ ਪੀੜ ਦੀ ਲਕੀਰ ਦਿਖਦੀ ਸੀ। ਜਦੋਂ ਭੋਜਨ ਤਿਆਰ ਹੋ ਜਾਂਦਾ, ਤਾਂ ਉਹ ਮਸਜਿਦ ਤੋਂ ਭਾਂਡਾ ਮੰਗਵਾ ਕੇ ਮੋਲਵੀ ਨੂੰ ਫਾਤਿਆ ਪੜ੍ਹਨ ਲਈ ਕਹਿੰਦੇ ਸੀ, ਫੇਰ ਉਹ ਮਹਾਲਸਾਪਤਿ ਅਤੇ ਤਾਤਿਆ ਪਾਟਿਲ ਦੇ ਪ੍ਰਸ਼ਾਦ ਦਾ ਹਿੱਸਾ ਅਲਗ ਰੱਖ ਕੇ ਬਾਕੀ ਭੋਜਨ ਗਰੀਬ ਅਤੇ ਅਨਾਥ ਲੋਕਾਂ ਨੂੰ ਖੁਆ ਕੇ ਉਨ੍ਹਾਂ ਨੂੰ ਤ੍ਰਿਪਤ ਕਰਦੇ ਸੀ। ਸੱਚਮੁੱਚ ਉਹ ਲੋਕ ਧੰਨ ਸੀ। ਕਿੰਨੇ ਖੁਸ਼ ਕਿਸਮਤ ਸੀ ਉਹ, ਜਿਨ੍ਹਾਂ ਨੂੰ ਬਾਬਾ ਦੇ ਹੱਥ ਦਾ ਬਣਿਆ ਅਤੇ ਪਰੋਸਿਆ ਭੋਜਨ ਖਾਣ ਨੂੰ ਮਿਲਿਆ।

ਇਥੇ ਕੋਈ ਇਹ ਸ਼ੰਕਾ ਕਰ ਸਕਦਾ ਹੈ ਕਿ ਬਾਬਾ ਸ਼ਾਕਾਹਾਰੀ ਅਤੇ ਮਾਸਾਹਾਰੀ ਭੋਜਨ ਦਾ ਪ੍ਰਸ਼ਾਦ ਸਾਰਿਆਂ ਨੂੰ ਵੰਡਦੇ ਸੀ। ਇਸ ਦਾ ਜਵਾਬ ਬਿਲਕੁਲ ਸਿਧਾ ਅਤੇ ਸੋਖਾ ਹੈ। ਜਿਹੜੇ ਲੋਕ ਮਾਸਾਹਾਰੀ ਸੀ, ਉਨ੍ਹਾਂ ਨੂੰ ਹਾਂਡੀ ਵਿਚੋਂ ਦਿੱਤਾ ਜਾਂਦਾ ਸੀ ਅਤੇ ਸ਼ਾਕਾਹਾਰੀਆਂ ਨੂੰ ਉਸ ਨੂੰ ਛੂਹਨ ਤਕ ਨਹੀਂ ਦਿੰਦੇ ਸੀ।

ਨਾ ਕਦੀ ਉਨ੍ਹਾਂ ਨੇ ਕਿਸੇ ਨੂੰ ਮਾਸਾਹਾਰ ਦਾ ਉਤਸਾਹ ਹੀ ਦਿੱਤਾ ਅਤੇ ਨਾ ਹੀ ਉਨ੍ਹਾਂ ਦੀ ਅੰਦਰੂਨੀ ਇੱਛਾ ਸੀ ਕਿ ਕਿਸੇ ਨੂੰ ਇਸ ਦੇ ਖਾਣ ਦੀ ਆਦਤ ਪੈ ਜਾਏ। ਇਹ ਇਕ ਅਤਿ ਪੁਰਾਤਨ ਅਸੂਲ ਹੈ ਕਿ,

। ਇਹ ਦੇਖਣ ਦੇ ਲਈ ਕਿ ਚੇਲੇ ਇਸ ਅਸੂਲ ਦਾ ਕਿਸ ਹਦ ਤੱਕ ਪਾਲਣ ਕਰਦੇ ਹਨ ਉਹ ਕਦੀ-ਕਦੀ ਪਰੀਖਿਆ ਵੀ ਲੈ ਲੈਂਦੇ ਸੀ। ਉਦਾਹਰਣ ਲਈ ਇਕ ਇਕਾਦਸ਼ੀ ਦੇ ਦਿਨ ਉਨ੍ਹਾਂ ਨੇ ਦਾਦਾ ਕੇਲਕਰ ਨੂੰ ਕੁਝ ਰੁਪਏ ਦੇ ਕੇ ਕੁਝ ਮਾਸ ਖ਼ਰੀਦ ਕੇ ਲਿਆਉਣ ਲਈ ਕਿਹਾ। ਦਾਦਾ ਕੇਲਕਰ ਪੂਰੇ ਕਰਮਕਾਂਡੀ ਸੀ ਅਤੇ ਆਮ ਤੌਰ 'ਤੇ ਸਾਰੇ ਅਸੂਲਾਂ ਦਾ ਜੀਵਨ ਵਿਚ ਪਾਲਣ ਕਰਦੇ ਸੀ। ਉਨ੍ਹਾਂ ਦੀ ਇਹ ਪੱਕੀ ਭਾਵਨਾ ਸੀ ਕਿ ਧਨ, ਅੰਨ ਅਤੇ ਕਪੜੇ ਆਦਿ ਗੁਰੂ ਨੂੰ ਭੇਟ ਕਰਨਾ ਕਾਫ਼ੀ ਨਹੀਂ ਹੈ। ਕੇਵਲ ਉਨ੍ਹਾਂ ਦੀ ਆਗਿਆ ਹੀ ਜਲਦੀ ਮੰਨ ਕੇ ਕੰਮ ਪੂਰਾ ਕਰਨ ਨਾਲ ਉਹ ਖੁਸ਼ ਹੋ ਜਾਂਦੇ ਹਨ। ਇਹੀ ਉਨ੍ਹਾਂ ਦੀ ਦਕਸ਼ਿਣਾ ਹੈ। ਦਾਦਾ ਫਟਾਫੱਟ ਕਪੜੇ ਪਾ ਕੇ ਇਕ ਥੈਲਾ ਲੈ ਕੇ ਬਜ਼ਾਰ ਜਾਣ ਲਈ ਤਿਆਰ ਹੋ ਗਏ। ਤਾਂ ਬਾਬਾ ਨੇ ਉਨ੍ਹਾਂ ਨੂੰ ਵਾਪਸ ਬੁਲਾ ਲਿਆ ਅਤੇ ਕਿਹਾ ਕਿ ਤੁਸੀਂ ਨਾ ਜਾਉ, ਹੋਰ ਕਿਸੇ ਨੂੰ ਭੇਜ ਦਿਉ। ਦਾਦਾ ਨੇ ਆਪਣੇ ਨੌਕਰ ਪਾਂਡੂ ਨੂੰ ਇਸ ਕੰਮ ਲਈ ਭੇਜਿਆ। ਉਸ ਨੂੰ ਜਾਂਦੇ ਦੇਖ ਕੇ ਬਾਬਾ ਨੇ ਉਸ ਨੂੰ ਵੀ ਵਾਪਸ ਬੁਲਾਉਣ ਲਈ ਕਹਿ ਕੇ ਪ੍ਰੋਗਰਾਮ ਮੁਲਤਵੀ ਕਰ ਦਿੱਤਾ।

ਇਵੇਂ ਹੀ ਦੇ ਇਕ ਹੋਰ ਮੌਕੇ 'ਤੇ ਉਨ੍ਹਾਂ ਨੇ ਦਾਦਾ ਨੂੰ ਕਿਹਾ ਕਿ, ਦੇਖੋ ਤਾਂ ਨਮਕੀਨ ਪੁਲਾਅ ਕਿਸ ਤਰ੍ਹਾਂ ਦਾ ਬਣਿਆ ਹੈ? ਦਾਦਾ ਨੇ ਐਵੇਂ ਹੀ ਕਹਿ ਦਿੱਤਾ ਕਿ ਚੰਗਾ ਹੈ। ਤਾਂ ਉਹ ਕਹਿਣ ਲਗੇ ਕਿ ਤੁਸੀਂ ਨਾ ਆਪਣੀਆਂ ਅੱਖਾਂ ਨਾਲ ਹੀ ਦੇਖਿਆ ਅਤੇ ਨਾ ਜ਼ੀਭ ਨਾਲ ਸੁਆਦ ਦੇਖਿਆ, ਫੇਰ ਤੁਸੀਂ ਇਹ ਕਿਵੇਂ ਕਹਿ ਦਿੱਤਾ ਕਿ ਚੰਗਾ ਬਣਿਆ ਹੈ? ਜ਼ਰਾ ਢਕਣ ਚੁੱਕ ਕੇ ਤਾਂ ਦੇਖੋ। ਬਾਬਾ ਨੇ ਦਾਦਾ ਦੀ ਬਾਂਹ ਫੜੀ ਅਤੇ ਜਬਰਦਸਤੀ ਬਰਤਨ ਵਿਚ ਪਾ ਕੇ ਬੋਲੇ—ਥੋੜ੍ਹਾ ਜਿਹਾ ਇਸ ਵਿਚੋਂ ਕੱਢੋ ਅਤੇ ਆਪਣਾ ਕਟੜਪਣ ਛੱਡ ਕੇ ਚੱਖ ਕੇ ਦੇਖੋ। ਜਦੋਂ ਮਾਂ ਦਾ ਸੱਚਾ ਪਿਆਰ ਬੱਚੇ 'ਤੇ ਉਮੜ ਆਉਂਦਾ ਹੈ, ਤਾਂ ਮਾਂ ਉਸ ਨੂੰ ਚੂੰਢੀ ਵੱਢਦੀ ਹੈ, ਪਰ ਉਸ ਦਾ ਚੀਕਣਾ ਜਾਂ ਰੋਣਾ ਦੇਖ ਕੇ ਉਹ ਉਸ ਨੂੰ ਆਪਣੇ ਦਿਲ ਨਾਲ ਲਗਾਉਂਦੀ ਹੈ। ਇਸੇ ਤਰ੍ਹਾਂ ਬਾਬਾ ਨੇ ਸੱਚੇ ਮਾਂ ਵਾਲੇ ਪਿਆਰ ਦੇ ਵਸ ਹੋ ਕੇ ਹੀ ਦਾਦਾ ਦਾ ਇਸ ਤਰ੍ਹਾਂ ਹੱਥ ਫੜਿਆ। ਅਸਲ ਵਿਚ ਕੋਈ ਵੀ ਸੰਤ ਜਾਂ ਗੁਰੂ ਕਦੀ ਵੀ ਆਪਣੇ ਕਰਮਕਾਂਡੀ ਚੇਲੇ ਨੂੰ ਮਨਾਹੀ ਵਾਲੇ ਭੋਜਨ ਲਈ ਅਨੁਰੋਧ ਕਰਕੇ ਆਪਣੀ ਬਦਨਾਮੀ ਕਰਾਉਣਾ ਪਸੰਦ ਨਹੀਂ ਕਰੇਗਾ।

ਇਸ ਤਰ੍ਹਾਂ ਇਹ ਹਾਂਡੀ ਦਾ ਪ੍ਰੋਗਰਾਮ ਸੰਨ 1910 ਤਕ ਚਲਿਆ ਅਤੇ ਫੇਰ ਬੰਦ ਹੋ ਗਿਆ। ਜਿਸ ਤਰ੍ਹਾਂ ਪਹਿਲੇ ਦੱਸਿਆ ਜਾਂ ਚੁੱਕਾ ਹੈ, ਦਾਸਗਣੂ ਨੇ ਆਪਣੇ ਕੀਰਤਨ ਨਾਲ ਸਾਰੇ ਬੰਬਈ ਪ੍ਰਾਂਤ ਵਿਚ ਬਾਬਾ ਦੀ ਬਹੁਤ ਕੀਰਤੀ ਫੈਲਾਈ। ਇਸ ਲਈ ਸਾਰੇ ਪ੍ਰਾਂਤ ਤੋਂ ਲੋਕਾਂ ਦੇ ਝੁੰਡਾਂ ਦੇ ਝੁੰਡ ਸ਼ਿਰਡੀ ਆਉਣ ਲਗੇ ਅਤੇ ਥੋੜ੍ਹੇ ਹੀ ਦਿਨਾਂ ਵਿਚ ਸ਼ਿਰਡੀ ਪਵਿੱਤਰ ਤੀਰਥ ਸਥਾਨ ਬਣ ਗਿਆ। ਭਗਤ ਬਾਬਾ ਨੂੰ ਨੈਵੇਦ ਅਰਪਣ ਕਰਨ ਦੇ ਲਈ ਤਰ੍ਹਾਂ ਤਰ੍ਹਾਂ ਦੇ ਸੁਆਦੀ ਪਦਾਰਥ ਲਿਆਉਂਦੇ ਸੀ, ਜਿਹੜੇ ਇਨੇ ਜ਼ਿਆਦਾ ਇਕੱਠੇ ਹੋ ਜਾਂਦੇ

ਸੀ ਕਿ ਫਕੀਰਾਂ ਅਤੇ ਭਿਖਾਰੀਆਂ ਨੂੰ ਰੱਜ ਕੇ ਭੋਜਨ ਕਰਾਉਣ ਤੋਂ ਬਾਅਦ ਵੀ ਬੱਚ ਜਾਂਦੇ ਸੀ। ਨੈਵੇਦ ਵੰਡਨ ਦੇ ਤਰੀਕੇ ਦਾ ਵਰਨਣ ਕਰਨ ਤੋਂ ਪਹਿਲਾਂ ਅਸੀਂ ਨਾਨਾਸਾਹਿਬ ਚਾਂਦੋਰਕਰ ਦੀ ਉਸ ਕਥਾ ਦਾ ਵਰਨਣ ਕਰਾਂਗੇ, ਜਿਹੜਾ ਉਥੋਂ ਦੇ ਦੇਵੀ-ਦੇਵਤਾਵਾਂ ਅਤੇ ਮੂਰਤੀਆਂ ਦੇ ਲਈ ਬਾਬਾ ਦੀ ਬਰਾਬਰ ਦੀ ਭਾਵਨਾ ਦਾ ਸਬੂਤ ਹੈ।

ਕੁਝ ਲੋਕ ਆਪਣੀ ਕਲਪਨਾ ਦੇ ਮੁਤਾਬਿਕ ਬਾਬਾ ਨੂੰ ਬ੍ਰਾਹਮਣ ਅਤੇ ਕੁਝ ਉਨ੍ਹਾਂ ਨੂੰ ਯਵਨ ਸਮਝਦੇ ਸੀ, ਪਰ ਅਸਲ ਵਿਚ ਉਨ੍ਹਾਂ ਦੀ ਕੋਈ ਜਾਤ ਨਹੀਂ ਸੀ। ਉਨ੍ਹਾਂ ਦੀ ਅਤੇ ਈਸ਼ਵਰ ਦੀ ਕੇਵਲ ਇਕ ਜਾਤ ਸੀ। ਕੋਈ ਵੀ ਯਕੀਨਨ ਇਹ ਨਹੀਂ ਸੀ ਜਾਣਦਾ ਕਿ ਉਹ ਕਿਸ ਕੁਲ ਵਿਚ ਜੰਮੇ ਅਤੇ ਉਨ੍ਹਾਂ ਦੇ ਮਾਂ-ਪਿਉ ਕੌਣ ਸੀ। ਫੇਰ ਉਨ੍ਹਾਂ ਨੂੰ ਹਿੰਦੂ ਜਾਂ ਯਵਨ ਕਿਸ ਤਰ੍ਹਾਂ ਐਲਾਨਿਆ ਜਾ ਸਕਦਾ ਸੀ ? ਜੇ ਉਹ ਯਵਨ ਹੁੰਦੇ ਤਾਂ ਮਸਜਿਦ ਵਿਚ ਹਮੇਸ਼ਾਂ ਧੂਣੀ ਅਤੇ ਤੁਲਸੀ ਹੀ ਕਿਉਂ ਲਗਾਉਂਦੇ ਅਤੇ ਸ਼ੰਖ, ਘੰਟੇ ਅਤੇ ਹੋਰ ਸੰਗੀਤ ਸਾਜ਼ ਕਿਉ ਵਜਣ ਦਿੰਦੇ। ਹਿੰਦੂਆਂ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਪੂਜਾ ਨੂੰ ਕਿਉਂ ਸਵੀਕਾਰ ਕਰਦੇ ? ਜੇ ਸਚਮੁੱਚ ਯਵਨ ਹੁੰਦੇ ਤਾਂ ਉਨ੍ਹਾਂ ਦੇ ਕੰਨ ਕਿਉਂ ਵਿੰਨੇ ਹੁੰਦੇ ਅਤੇ ਉਹ ਹਿੰਦੂ ਮੰਦਿਰਾਂ ਦੀ ਆਪ ਮੁਰੰਮਤ ਕਿਉਂ ਕਰਵਾਉਂਦੇ ? ਉਨ੍ਹਾਂ ਨੇ ਹਿੰਦੂਆਂ ਦੀਆਂ ਮੂਰਤੀਆਂ ਅਤੇ ਦੇਵੀ-ਦੇਵਤਾਵਾਂ ਦੀ ਜ਼ਰਾ ਵੀ ਅਣਦੇਖੀ ਕਦੀ ਬਰਦਾਸ਼ਤ ਨਹੀਂ ਕੀਤੀ।

ਇਕ ਵਾਰੀ ਨਾਨਾਸਾਹਿਬ ਚਾਂਦੋਰਕਰ ਆਪਣੇ ਸਾਂਢੂ (ਸਾਲੀ ਦੇ ਪਤੀ) ਸ੍ਰੀ ਬਿਨੀਵਲੇ ਦੇ ਨਾਲ ਸ਼ਿਰਡੀ ਆਏ। ਜਦੋਂ ਉਹ ਮਸਜਿਦ ਵਿਚ ਪਹੁੰਚੇ, ਬਾਬਾ ਗੱਲਬਾਤ ਕਰਦੇ ਹੋਏ ਅਚਾਨਕ ਹੀ ਗੁੱਸੇ ਹੋ ਕੇ ਕਹਿਣ ਲੱਗੇ, "ਤੁਸੀਂ ਬਹੁਤ ਦੇਰ ਤੋਂ ਮੇਰੀ ਸੰਗਤ ਵਿਚ ਹੋ, ਫੇਰ ਵੀ ਏਦਾਂ ਦਾ ਵਿਹਾਰ ਕਿਉਂ ਕਰਦੇ ਹੋ ?" ਨਾਨਾਸਾਹਿਬ ਪਹਿਲਾਂ ਇਨ੍ਹਾਂ ਸ਼ਬਦਾਂ ਦਾ ਕੁਝ ਵੀ ਅਰਥ ਨਾ ਸਮਝ ਸਕੇ। ਆਖ਼ੀਰ ਉਨ੍ਹਾਂ ਨੇ ਆਪਣਾ ਕਸੂਰ ਸਮਝਾਉਣ ਦੀ ਬੇਨਤੀ ਕੀਤੀ। ਜਵਾਬ ਵਿਚ ਬਾਬਾ ਨੇ ਕਿਹਾ, "ਤੁਸੀਂ ਕੋਪਰਗਾਂਵ ਕਦੋਂ ਆਏ ਅਤੇ ਫੇਰ ਉਥੋਂ ਕਿਸ ਤਰ੍ਹਾਂ ਸ਼ਿਰਡੀ ਆ ਪਹੁੰਚੇ ?" ਤਾਂ ਨਾਨਾਸਾਹਿਬ ਨੂੰ ਆਪਣੀ ਭੁੱਲ ਤੁਰੰਤ ਹੀ ਪਤਾ ਲੱਗ ਗਈ। ਉਨ੍ਹਾਂ ਦਾ ਇਹ ਅਸੂਲ ਸੀ ਕਿ ਸ਼ਿਰਡੀ ਆਉਣ ਤੋਂ ਪਹਿਲਾਂ ਉਹ ਕੋਪਰਗਾਂਵ ਵਿਚ ਗੋਦਾਵਰੀ ਦੇ ਕੰਢੇ 'ਤੇ ਸ੍ਰੀ ਦਤ ਦੀ ਪੂਜਾ ਕਰਦੇ ਸੀ। ਪਰ ਰਿਸ਼ਤੇਦਾਰ ਦੇ ਦਤ-ਭਗਤ ਹੋਣ 'ਤੇ ਵੀ ਇਸ ਵਾਰੀ ਦੇਰ ਹੋਣ ਦੇ ਡਰ ਨਾਲ ਉਨ੍ਹਾਂ ਨੇ ਉਸ ਨੂੰ ਦਤ ਮੰਦਿਰ ਜਾਣ ਤੋਂ ਨਿਰਾਸ਼ ਕੀਤਾ ਅਤੇ ਉਹ ਦੋਵੇਂ ਸਿੱਧੇ ਸ਼ਿਰਡੀ ਆ ਗਏ ਸੀ। ਆਪਣਾ ਕਸੂਰ ਮੰਨ ਕੇ ਉਨ੍ਹਾਂ ਨੇ ਕਿਹਾ, "ਗੋਦਾਵਰੀ ਵਿਚ ਇਸ਼ਨਾਨ ਕਰਨ ਵੇਲੇ ਪੈਰ ਵਿਚ ਇਕ ਵੱਡਾ ਕੰਢਾ ਚੁਭਣ ਕਰਕੇ ਬਹੁਤ ਹੀ ਤਕਲੀਫ਼ ਹੋ ਗਈ ਸੀ।" ਬਾਬਾ ਨੇ ਕਿਹਾ, "ਇਹ ਤਾਂ ਬਹੁਤ ਛੋਟੀ ਜਿਹੀ ਸਜ਼ਾ ਸੀ।" ਅਤੇ ਉਨ੍ਹਾਂ ਨੂੰ ਭਵਿੱਖ ਵਿਚ ਇਸ ਤਰ੍ਹਾਂ ਦੇ ਵਿਹਾਰ ਦੇ ਲਈ ਹਮੇਸ਼ਾਂ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ।

ਹੁਣ ਅਸੀਂ ਨੈਵੇਦ-ਵੰਡ ਦਾ ਵਰਨਣ ਕਰਾਂਗੇ। ਆਰਤੀ ਖ਼ਤਮ ਹੋਣ 'ਤੇ ਬਾਬਾ ਕੋਲੋਂ ਆਸ਼ੀਰਵਾਦ ਅਤੇ ਉਦੀ ਲੈ ਕੇ ਜਦੋਂ ਭਗਤ ਆਪਣੇ-ਆਪਣੇ ਘਰ ਚਲੇ ਜਾਂਦੇ, ਤਾਂ ਬਾਬਾ ਪਰਦੇ ਦੇ ਅੰਦਰ ਨਿੰਬਰ ਦੇ ਸਹਾਰੇ ਪਿੱਠ ਲਾ ਕੇ ਭੋਜਨ ਲਈ ਆਸਨ 'ਤੇ ਬੈਠ ਜਾਂਦੇ ਸੀ, ਭਗਤਾਂ ਦੀਆਂ ਦੋ ਪੰਗਤਾਂ ਉਨ੍ਹਾਂ ਦੇ ਕੋਲ ਬੈਠਦੀਆਂ ਸੀ। ਭਗਤ ਤਰ੍ਹਾਂ-ਤਰ੍ਹਾਂ ਦੇ ਨੈਵੇਦ, ਪੂਰੀ, ਮਾਂਡੇ, ਪੇੜੇ, ਬਰਫ਼ੀ, ਬਾਸੁੰਦੀ ਉਪਮਾ (ਸਾਂਜਾ) ਅੰਬੇਮੋਹਰ (ਭਾਤ ਆਦਿ) ਥਾਲੀ ਵਿਚ ਸਜਾ-ਸਜਾ ਕੇ ਲਿਆਉਂਦੇ ਅਤੇ ਜਦੋਂ ਤਕ ਉਹ ਨੈਵੇਦ ਸਵੀਕਾਰ ਨਾ ਕਰ ਲੈਂਦੇ, ਉਦੋਂ ਤਕ ਭਗਤ ਬਾਹਰ ਹੀ ਉਡੀਕ ਕਰਦੇ ਸੀ। ਸਾਰਾ ਨੈਵੇਦ ਇੱਕਠਾ ਕਰ ਦਿੱਤਾ ਜਾਂਦਾ ਤਾਂ ਉਹ ਆਪ ਭਗਵਾਨ ਨੂੰ ਨੈਵੇਦ ਅਰਪਣ ਕਰਕੇ ਆਪ ਖਾਂਧੇ ਸੀ। ਉਸ ਵਿਚੋਂ ਕੁਝ ਹਿੱਸਾ ਬਾਹਰ ਉਡੀਕ ਕਰਨ ਵਾਲਿਆਂ ਨੂੰ ਦੇ ਕੇ ਬਾਕੀ ਅੰਦਰ ਬੈਠੇ ਭਗਤਾਂ ਨੂੰ ਮਿਲ ਜਾਂਦਾ ਸੀ। ਜਦੋਂ ਬਾਬਾ ਸਾਰਿਆਂ ਦੇ ਵਿਚ ਆ ਬਿਰਾਜਦੇ, ਤਾਂ ਦੋਨਾਂ ਕਤਾਰਾਂ ਵਿਚ ਬੈਠੇ ਹੋਏ ਭਗਤ ਤ੍ਰਿਪਤ ਹੋ ਕੇ ਭੋਜਨ ਕਰਦੇ ਸੀ। ਬਾਬਾ ਆਮ ਤੌਰ 'ਤੇ ਸ਼ਾਮਾ ਅਤੇ ਨਿਮੋਣਕਰ ਨੂੰ ਭਗਤਾਂ ਨੂੰ ਚੰਗੀ ਤਰ੍ਹਾਂ ਭੋਜਨ ਕਰਾਉਣ ਅਤੇ ਹਰੇਕ ਦੀ ਲੋੜ ਦਾ ਸਾਵਧਾਨੀ ਨਾਲ ਧਿਆਨ ਰੱਖਣ ਲਈ ਕਹਿੰਦੇ ਸੀ। ਉਹ ਦੋਵੇਂ ਵੀ ਇਸ ਕੰਮ ਨੂੰ ਬੜੀ ਲਗਨ ਅਤੇ ਖੁਸ਼ੀ ਨਾਲ ਕਰਦੇ ਸੀ। ਇਸ ਤਰ੍ਹਾਂ ਪ੍ਰਾਪਤ ਹਰੇਕ ਗਰਾਈ ਨਾਲ ਭਗਤਾਂ ਨੂੰ ਸੰਤੋਖ ਮਿਲਦਾ ਸੀ। ਕਿੰਨਾ ਮਿੱਠਾ, ਪ੍ਰੇਮਰਸ ਭਰਿਆ ਭੋਜਨ ਸੀ ਉਹ! ਸਦਾ ਖੁਸ਼ੀਆਂ ਭਰਿਆ ਅਤੇ ਪਵਿੱਤਰ।

ਇਸ ਸਤਿਸੰਗ ਵਿਚ ਬੈਠ ਕੇ ਇਕ ਦਿਨ ਜਦੋਂ ਹੇਮਾਂਡਪੰਤ ਰੱਜ ਕੇ ਭੋਜਨ ਖਾ ਚੁੱਕੇ, ਤਾਂ ਬਾਬਾ ਨੇ ਉਨ੍ਹਾਂ ਨੂੰ ਇਕ ਕੱਪ ਲੱਸੀ ਪੀਣ ਲਈ ਦਿੱਤੀ। ਉਸਦੇ ਚਿੱਟੇ ਰੰਗ ਤੋਂ ਉਹ ਖੁਸ਼ ਤਾਂ ਹੋਏ, ਪਰ ਪੇਟ ਵਿਚ ਜ਼ਰਾ ਜਿਹੀ ਵੀ ਗੁੰਜਾਇਸ਼ ਨਾ ਹੋਣ ਕਰਕੇ ਉਨ੍ਹਾਂ ਨੇ ਸਿਰਫ਼ ਇਕ ਘੁੱਟ ਹੀ ਪੀਤਾ। ਉਨ੍ਹਾਂ ਦਾ ਇਹ ਲਾਪਰਵਾਹੀ ਵਾਲਾ ਤਰੀਕਾ ਦੇਖ ਕੇ ਬਾਬਾ ਨੇ ਕਿਹਾ, "ਸਾਰੀ ਪੀ ਜਾਉ। ਇਸ ਤਰ੍ਹਾਂ ਦਾ ਸ਼ੁਭ ਮੌਕਾ ਹੁਣ ਕਦੀ ਨਹੀਂ ਮਿਲੇਗਾ।" ਤਾਂ ਉਨ੍ਹਾਂ ਨੇ ਪੂਰੀ ਲੱਸੀ ਪੀ ਲਈ, ਪਰ ਉਨ੍ਹਾਂ ਨੂੰ ਬਾਬਾ ਦੇ ਵਚਨਾਂ ਦੇ ਇਸ਼ਾਰੇ ਦਾ ਮਤਲਬ ਜਲਦੀ ਹੀ ਪਤਾ ਲਗ ਗਿਆ, ਕਿਉਂਕਿ ਇਸ ਘਟਨਾ ਦੇ ਥੋੜ੍ਹੇ ਦਿਨਾਂ ਬਾਅਦ ਹੀ ਬਾਬਾ ਨੇ ਸਮਾਧੀ ਲੈ ਲਈ।

ਪਾਠਕੋ! ਹੁਣ ਸਾਨੂੰ ਜ਼ਰੂਰ ਹੀ ਹੇਮਾਂਡਪੰਤ ਦਾ ਆਭਾਰੀ ਹੋਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਨੇ ਤਾਂ ਲੱਸੀ ਦਾ ਕੱਪ ਪੀਤਾ, ਪਰ ਉਹ ਸਾਡੇ ਲਈ ਕਾਫੀ ਮਿਕਦਾਰ ਵਿਚ ਸ੍ਰੀ ਸਾਈਂ-ਲੀਲ੍ਹਾ ਰੂਪੀ ਅੰਮ੍ਰਿਤ ਦੇ ਗਏ।



# ॥ ਅਧਿਆਇ-39 ॥

***ਬਾਬਾ ਦਾ ਸੰਸਕ੍ਰਿਤ ਗਿਆਨ, ਗੀਤਾ ਦੇ ਇਕ ਸਲੋਕ ਦੀ ਬਾਬਾ ਵੱਲੋਂ ਵਿਆਖਿਆ, ਸਮਾਧੀ ਮੰਦਿਰ ਦਾ ਨਿਰਮਾਣ।***

ਇਸ ਅਧਿਆਇ ਵਿਚ ਬਾਬਾ ਨੇ ਗੀਤਾ ਦੇ ਇਕ ਸਲੋਕ ਦਾ ਅਰਥ ਸਮਝਾਇਆ ਹੈ। ਕੁਝ ਲੋਕਾਂ ਦੀ ਇਹ ਧਾਰਨਾ ਸੀ ਕਿ ਬਾਬਾ ਜੀ ਨੂੰ ਸੰਸਕ੍ਰਿਤ ਭਾਸ਼ਾ ਦਾ ਗਿਆਨ ਨਹੀਂ ਸੀ ਅਤੇ ਨਾਨਾਸਾਹਿਬ ਦੀ ਵੀ ਉਨ੍ਹਾਂ ਬਾਰੇ ਇਹੀ ਧਾਰਨਾ ਸੀ। ਇਸ ਦਾ ਖੰਡਨ ਹੇਮਾਂਡਪੰਤ ਨੇ ਮੂਲ ਮਰਾਠੀ ਗ੍ਰੰਥ ਦੇ 50ਵੇਂ ਅਧਿਆਇ ਵਿਚ ਕੀਤਾ ਹੈ। ਦੋਨਾਂ ਅਧਿਆਇਆਂ ਦਾ ਵਿਸ਼ਾ ਇਕੋ ਜਿਹਾ ਹੋਣ ਕਰਕੇ ਉਹ ਇਥੇ ਇਕੱਠੇ ਹੀ ਦਿੱਤੇ ਜਾਂਦੇ ਹਨ।

ਸ਼ਿਰਡੀ ਦੇ ਚੰਗੇ ਭਾਗਾਂ ਦਾ ਵਰਨਣ ਕੌਣ ਕਰ ਸਕਦਾ ਹੈ ? ਸ੍ਰੀ ਦਵਾਰਕਾਮਾਈ ਵੀ ਧੰਨ ਹੈ, ਜਿਥੇ ਸ੍ਰੀ ਸਾਈਂ ਨੇ ਆ ਕੇ ਨਿਵਾਸ ਕੀਤਾ ਅਤੇ ਸਮਾਧੀ ਵਿਚ ਲੀਨ ਹੋਏ।

ਸ਼ਿਰਡੀ ਦੇ ਨਰ-ਨਾਰੀ ਵੀ ਧੰਨ ਹਨ, ਜਿਨ੍ਹਾਂ ਨੂੰ ਸਾਈਂ ਨੇ ਪਧਾਰ ਕੇ ਮਸ਼ਕੂਰ ਕੀਤਾ ਅਤੇ ਜਿਨ੍ਹਾਂ ਦੇ ਪ੍ਰੇਮ ਕਰਕੇ ਹੀ ਉਹ ਦੂਰੋਂ ਤੁਰ ਕੇ ਉਥੇ ਆਏ। ਸ਼ਿਰਡੀ ਤਾਂ ਪਹਿਲਾਂ ਇਕ ਛੋਟਾ ਜਿਹਾ ਪਿੰਡ ਸੀ, ਪਰ ਸ੍ਰੀ ਸਾਈਂ ਦੇ ਆਉਣ ਨਾਲ ਖ਼ਾਸ ਮਹੱਤਵ ਪਾ ਕੇ ਇਕ ਤੀਰਥ ਸਥਾਨ ਬਣ ਗਿਆ।

ਸ਼ਿਰਡੀ ਦੀਆਂ ਨਾਰੀਆਂ ਵੀ ਬੜੇ ਭਾਗਾਂ ਵਾਲੀਆਂ ਹਨ, ਜਿਨ੍ਹਾਂ ਦਾ ਬੇਹੱਦ ਅਤੇ ਅਡੋਲ ਵਿਸ਼ਵਾਸ ਤਾਰੀਫ਼ ਤੋਂ ਪਰੇ ਹੈ। ਅੱਠੇ ਪਹਿਰ ਕੰਮਕਾਰ ਕਰਦੇ, ਪੀਸਦੇ, ਅਨਾਜ ਕੱਢਦੇ, ਘਰ ਦਾ ਕੰਮ ਕਰਦੇ ਹੋਏ ਵੀ ਉਨ੍ਹਾਂ ਦੀ ਕੀਰਤੀ ਦਾ ਗੁਣ-ਗਾਣ ਕਰਦੀਆਂ ਰਹਿੰਦੀਆਂ ਸੀ, ਉਨ੍ਹਾਂ ਦੇ ਪ੍ਰੇਮ ਦੀ ਤੁਲਨਾ ਹੀ ਕੀ ਹੋ ਸਕਦੀ ਹੈ ? ਉਹ ਬਹੁਤ ਸੁੰਦਰ ਗਾਉਂਦੀਆਂ ਸੀ, ਜਿਸ ਨਾਲ ਗਾਉਣ ਵਾਲੇ ਅਤੇ ਸੁਨਣ ਵਾਲੇ ਦੇ ਮਨ ਨੂੰ ਬਹੁਤ ਸ਼ਾਂਤੀ ਮਿਲਦੀ ਸੀ।

ਕਿਸੇ ਨੂੰ ਸੁਪਨੇ ਵਿਚ ਵੀ ਪਤਾ ਨਹੀਂ ਸੀ ਕਿ ਬਾਬਾ ਸੰਸਕ੍ਰਿਤ ਦੇ ਵੀ ਜਾਣਕਾਰ ਹਨ। ਇਕ ਦਿਨ ਨਾਨਾਸਾਹਿਬ ਚਾਂਦੋਰਕਰ ਨੂੰ ਗੀਤਾ ਦੇ ਇਕ ਸਲੋਕ ਦਾ ਅਰਥ ਸਮਝਾ ਕੇ ਉਨ੍ਹਾਂ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਇਸ ਦਾ ਸੰਖੇਪ ਵਰਨਣ ਸੇਵਾ-ਮੁਕਤ ਮਾਮਲੇਦਾਰ ਸ੍ਰੀ ਬੀ.ਵੀ. ਦੇਵ ਨੇ ਮਰਾਠੀ ਸਾਈਂ-ਲੀਲ੍ਹਾ ਮੈਗਜ਼ੀਨ ਦੇ ਭਾਗ 4 (ਅੱਡ ਵਿਸ਼ੇ ਸਫ਼ਾ 563) ਵਿਚ ਛਪਵਾਇਆ ਹੈ, ਇਸ ਦਾ ਸੰਖੇਪ ਵਿਸਥਾਰ SAI 'BABA'S CHARTERS AND SAYINGS' ਕਿਤਾਬ ਦੇ 61ਵੇਂ ਸਫ਼ੇ 'ਤੇ ਅਤੇ 'The Wonderous Saint Sai Baba' ਦੇ ਸਫ਼ੇ 36 'ਤੇ ਵੀ ਛਪਿਆ ਹੈ। ਇਹ ਦੋਵੇਂ ਕਿਤਾਬਾਂ ਸ੍ਰੀ ਬੀ.ਵੀ. ਨਰਸਿੰਘ ਸਵਾਮੀ ਨੇ ਲਿਖੀਆਂ ਹਨ। ਸ੍ਰੀ ਬੀ.ਵੀ. ਦੇਵ ਨੇ ਅੰਗਰੇਜ਼ੀ ਵਿਚ ਤਾਰੀਕ 27-09-1936 ਨੂੰ ਇਕ ਬਿਆਨ ਦਿੱਤਾ

ਹੈ, ਜਿਹੜਾ ਕਿ ਨਰਸਿੰਘ ਸਵਾਮੀ ਦੀ ਲਿਖੀ ਕਿਤਾਬ 'ਭਗਤਾਂ ਦੇ ਅਨੁਭਵ' (ਭਾਗ–3) ਵਿਚ ਛਪਿਆ ਹੈ। ਸ੍ਰੀ ਦੇਵ ਨੂੰ ਇਸ ਬਾਰੇ ਪਹਿਲੀ ਖ਼ਬਰ ਨਾਨਾਸਾਹਿਬ ਚਾਂਦੋਰਕਰ ਕੋਲੋਂ ਮਿਲੀ ਸੀ। ਇਸ ਲਈ ਉਨ੍ਹਾਂ ਦਾ ਕਥਨ ਹੇਠਾਂ ਲਿਖਿਆ ਜਾਂਦਾ ਹੈ। ਨਾਨਾਸਾਹਿਬ ਵੇਦਾਂਤ ਦੇ ਵਿਦਵਾਨ ਵਿਦਿਆਰਥੀਆਂ ਵਿਚੋਂ ਇਕ ਸੀ। ਉਨ੍ਹਾਂ ਨੇ ਅਨੇਕ ਵਿਆਖਿਆਵਾਂ ਨਾਲ ਗੀਤਾ ਦਾ ਅਧਿਅਨ ਵੀ ਕੀਤਾ ਸੀ ਅਤੇ ਉਨ੍ਹਾਂ ਨੂੰ ਆਪਣੇ ਇਸ ਗਿਆਨ ਦਾ ਹੰਕਾਰ ਵੀ ਸੀ। ਉਨ੍ਹਾਂ ਦਾ ਖ਼ਿਆਲ ਸੀ ਕਿ ਬਾਬਾ ਸੰਸਕ੍ਰਿਤ ਭਾਸ਼ਾ ਤੋਂ ਬਿਲਕੁਲ ਅਨਜਾਣ ਸਨ। ਇਸ ਲਈ ਬਾਬਾ ਨੇ ਇਸ ਭੁਲੇਖੇ ਨੂੰ ਦੂਰ ਕਰਨ ਦਾ ਵਿਚਾਰ ਕੀਤਾ। ਇਹ ਉਸ ਵੇਲੇ ਦੀ ਗੱਲ ਹੈ, ਜਦੋਂ ਭਗਤ ਘੱਟ ਗਿਣਤੀ ਵਿਚ ਆਉਂਦੇ ਸੀ। ਬਾਬਾ ਭਗਤਾਂ ਨਾਲ ਇਕਾਂਤ ਵਿਚ ਦੇਰ ਤਕ ਗੱਲਬਾਤ ਕਰਦੇ ਹੁੰਦੇ ਸੀ। ਨਾਨਾਸਾਹਿਬ ਉਸ ਵੇਲੇ ਬਾਬਾ ਦੀ ਚਰਣ-ਸੇਵਾ ਕਰ ਰਹੇ ਸੀ ਅਤੇ ਮੂੰਹ ਵਿਚ ਹੀ ਕੁਝ ਗੁਣ-ਗੁਣਾ ਰਹੇ ਸੀ।

ਬਾਬਾ—ਨਾਨਾ, ਤੁਸੀਂ ਹੌਲੀ-ਹੌਲੀ ਕੀ ਬੋਲ ਰਹੇ ਹੋ?

ਨਾਨਾ—ਮੈਂ ਗੀਤਾ ਦੇ ਇਕ ਸਲੋਕ ਦਾ ਪਾਠ ਕਰ ਰਿਹਾ ਹਾਂ।

ਬਾਬਾ—ਉਹ ਕਿਹੜਾ ਸਲੋਕ ਹੈ?

ਨਾਨਾ—ਇਹ ਭਗਵਤਗੀਤਾ ਦਾ ਇਕ ਸਲੋਕ ਹੈ।

ਬਾਬਾ—ਜ਼ਰਾ ਉਸ ਨੂੰ ਉੱਚੀ ਆਵਾਜ਼ ਵਿਚ ਬੋਲੋ।

ਤਾਂ ਨਾਨਾ ਭਗਵਤਗੀਤਾ ਦੇ ਚੌਥੇ ਅਧਿਆਇ ਦਾ 34ਵਾਂ ਸਲੋਕ ਬੋਲਣ ਲੱਗੇ:

"ਤਦਿਦਿ ਪ੍ਰਣਿਪਾਤੇਨ ਪਰਿਪ੍ਰਸ਼ਨੇਨ ਸੇਵਯਾ।
ਉਪਦੇਸ਼ਯੰਤਿ ਤੇ ਗਿਆਨ ਗਿਆਨਿਨਸਤਤਵਦਰਸ਼ਿਨ:॥"

ਬਾਬਾ—ਨਾਨਾ, ਕੀ ਤੁਹਾਨੂੰ ਇਸ ਦਾ ਅਰਥ ਪਤਾ ਹੈ?

ਨਾਨਾ—ਜੀ, ਮਹਾਰਾਜ।

ਬਾਬਾ—ਜੇ ਪਤਾ ਹੈ ਤਾਂ ਮੈਨੂੰ ਵੀ ਸੁਣਾਉ।

ਨਾਨਾ—ਇਸ ਦਾ ਅਰਥ ਹੈ—ਤੱਤਾਂ ਨੂੰ ਜਾਣਨ ਵਾਲੇ ਗਿਆਨੀ ਪੁਰਖਾਂ ਨੂੰ ਚੰਗੀ ਤਰ੍ਹਾਂ ਦੰਡਵਤ ਕਰਕੇ, ਸੇਵਾ ਅਤੇ ਸਿੱਧੇ-ਸਾਧੇ ਭਾਵ ਨਾਲ ਕੀਤੇ ਗਏ ਪ੍ਰਸ਼ਨ ਨਾਲ ਉਸ ਗਿਆਨ ਨੂੰ ਜਾਣ। ਉਹ ਗਿਆਨੀ, ਜਿਨ੍ਹਾਂ ਨੂੰ ਬ੍ਰਹਮਾ ਦੀ ਪ੍ਰਾਪਤੀ ਹੋ ਚੁੱਕੀ ਹੈ, ਤੈਨੂੰ ਗਿਆਨ ਦਾ ਉਪਦੇਸ਼ ਦੇਣਗੇ।

ਬਾਬਾ—ਨਾਨਾ, ਮੈਂ ਇਸ ਤਰ੍ਹਾਂ ਦਾ ਸਮੂਹਿਕ ਭਾਵ ਅਰਥ ਨਹੀਂ ਚਾਹੁੰਦਾ। ਮੈਨੂੰ ਤਾਂ ਹਰੇਕ ਸ਼ਬਦ ਅਤੇ ਉਸ ਦਾ ਅਨੁਵਾਦ ਨਾਲ ਉਚਾਰਣ ਕਰਦੇ ਹੋਏ ਵਿਆਕਰਣ ਸਮੇਤ ਸਾਰਾ ਅਰਥ ਸਮਝਾਉ।

ਬਾਬਾ—ਨਾਨਾ, ਕੀ ਸਿਰਫ਼ ਸ਼ਸ਼ਟਾਂਗ ਨਮਸਕਾਰ ਕਰਨਾ ਹੀ ਕਾਫ਼ੀ ਹੈ?

ਨਾਨਾ—ਨਮਸਕਾਰ ਕਰਨ ਤੋਂ ਇਲਾਵਾ ਮੈਂ, 'ਪ੍ਰਣਿਪਾਤ' ਦਾ ਕੋਈ ਦੂਜਾ ਅਰਥ ਨਹੀਂ ਜਾਣਦਾ।

ਬਾਬਾ—'ਪਰਿਪ੍ਰਸ਼ਨ' ਦਾ ਕੀ ਅਰਥ ਹੈ?



ਨਾਨਾ—ਪ੍ਰਸ਼ਨ ਪੁੱਛਣਾ।

ਬਾਬਾ—'ਪ੍ਰਸ਼ਨ' ਦਾ ਕੀ ਅਰਥ ਹੈ?

ਨਾਨਾ—ਉਹੀ (ਪ੍ਰਸ਼ਨ ਪੁੱਛਣਾ)।

ਬਾਬਾ—ਜੇ 'ਪਰਿਪ੍ਰਸ਼ਨ' ਅਤੇ 'ਪ੍ਰਸ਼ਨ' ਦੋਵਾਂ ਦਾ ਅਰਥ ਇਕੋ ਹੀ ਹੈ ਤਾਂ ਫਿਰ ਵਿਆਸ ਨੇ ਪਰਿ ਧੁੰਨ ਚਿੰਨ੍ਹ ਦਾ ਪ੍ਰਯੋਗ ਕਿਉਂ ਕੀਤਾ? ਕੀ ਵਿਆਸ ਦੀ ਮਤ ਮਾਰੀ ਗਈ ਸੀ?

ਨਾਨਾ—ਮੈਨੂੰ ਤਾਂ ਪਰਿਪ੍ਰਸ਼ਨ ਦਾ ਹੋਰ ਅਰਥ ਪਤਾ ਨਹੀਂ ਹੈ।

ਬਾਬਾ—'ਸੇਵਾ', ਇਥੇ ਕਿਸ ਤਰ੍ਹਾਂ ਦੀ ਸੇਵਾ ਤੋਂ ਭਾਵ ਹੈ?

ਨਾਨਾ—ਉਹੀ ਜੋ ਅਸੀਂ ਲੋਕ ਸਦਾ ਤੁਹਾਡੀ ਕਰਦੇ ਰਹਿੰਦੇ ਹਾਂ।

ਬਾਬਾ—ਕੀ ਇਹ 'ਸੇਵਾ' ਕਾਫੀ ਹੈ?

ਨਾਨਾ—ਹੋਰ ਇਸ ਤੋਂ ਜ਼ਿਆਦਾ 'ਸੇਵਾ' ਦਾ ਕੋਈ ਖ਼ਾਸ ਅਰਥ ਮੈਨੂੰ ਪਤਾ ਨਹੀਂ ਹੈ।

ਬਾਬਾ—ਦੂਜੀ ਸਤਰ ਦੇ 'ਉਪਦੇਸ਼ਯੰਤਿ ਤੇ ਗਿਆਨ' ਵਿਚ ਕੀ ਤੁਸੀਂ ਗਿਆਨ ਸ਼ਬਦ ਦੇ ਥਾਂ 'ਤੇ ਦੂਜੇ ਸ਼ਬਦ ਦੀ ਵਰਤੋਂ ਕਰਕੇ ਇਸ ਦਾ ਅਰਥ ਦੱਸ ਸਕਦੇ ਹੋ?

ਨਾਨਾ—ਜੀ ਹਾਂ।

ਬਾਬਾ—ਕਿਹੜਾ ਸ਼ਬਦ?

ਨਾਨਾ—ਅਗਿਆਨਮ।

ਬਾਬਾ—'ਗਿਆਨ' ਦੀ ਬਜਾਇ ਉਸ ਸ਼ਬਦ ਨੂੰ ਜੋੜ ਕੇ ਕੀ ਇਸ ਸਲੋਕ ਦਾ ਅਰਥ ਨਿਕਲਦਾ ਹੈ?

ਨਾਨਾ—ਜੀ ਨਹੀਂ, ਸ਼ਾਂਕਰ ਭਾਸ਼ਾ ਵਿਚ ਇਸ ਤਰ੍ਹਾਂ ਦੀ ਕੋਈ ਵਿਆਖਿਆ ਨਹੀਂ ਹੈ।

ਬਾਬਾ—ਨਹੀਂ ਹੈ, ਤਾਂ ਕੀ ਹੋਇਆ? ਜੇ ਅਗਿਆਨ ਸ਼ਬਦ ਦੀ ਵਰਤੋਂ ਨਾਲ ਕੋਈ ਉੱਤਮ ਅਰਥ ਨਿਕਲ ਸਕਦਾ ਹੈ ਤਾਂ ਉਸ ਵਿਚ ਕੀ ਇਤਰਾਜ਼ ਹੈ?

ਨਾਨਾ—ਮੈਂ ਨਹੀਂ ਜਾਣਦਾ ਕਿ ਉਸ ਵਿਚ 'ਅਗਿਆਨ' ਸ਼ਬਦ ਦੀ ਕਿਸ ਤਰ੍ਹਾਂ ਵਰਤੋਂ ਹੋਏਗੀ?

ਬਾਬਾ—ਕ੍ਰਿਸ਼ਨ ਨੇ ਅਰਜੁਨ ਨੂੰ ਕਿਉਂ ਗਿਆਨੀਆਂ ਜਾਂ ਤੱਤਦਰਸ਼ੀਆਂ ਨੂੰ ਨਮਸਕਾਰ ਕਰਨ, ਉਨ੍ਹਾਂ ਕੋਲੋਂ ਪ੍ਰਸ਼ਨ ਪੁੱਛਣ ਅਤੇ ਸੇਵਾ ਕਰਨ ਦਾ ਉਪਦੇਸ਼ ਦਿੱਤਾ ਸੀ? ਕੀ ਆਪ ਕ੍ਰਿਸ਼ਨ ਤੱਤਦਰਸ਼ੀ ਨਹੀਂ ਸੀ? ਅਸਲ ਵਿਚ ਆਪ ਗਿਆਨ ਸਰੂਪ ਸਨ?

ਨਾਨਾ—ਜੀ ਹਾਂ, ਉਹ ਗਿਆਨਾਵਤਾਰ ਸੀ। ਪਰ ਮੈਨੂੰ ਇਹ ਸਮਝ ਵਿਚ ਨਹੀਂ ਆਉਂਦਾ ਕਿ ਉਨ੍ਹਾਂ ਨੇ ਅਰਜੁਨ ਨੂੰ ਹੋਰ ਗਿਆਨੀਆਂ ਲਈ ਕਿਉਂ ਕਿਹਾ?

ਬਾਬਾ—ਕੀ ਤੁਹਾਡੀ ਸਮਝ ਵਿਚ ਨਹੀਂ ਆਇਆ?

ਹੁਣ ਨਾਨਾ ਸ਼ਰਮਸ਼ਾਰ ਹੋ ਗਏ। ਉਨ੍ਹਾਂ ਦਾ ਘੁਮੰਡ ਚੂਰ-ਚੂਰ ਹੋ ਚੁੱਕਾ ਸੀ। ਤਾਂ ਬਾਬਾ ਆਪ ਇਸ ਤਰ੍ਹਾਂ ਅਰਥ ਸਮਝਾਉਣ ਲਗੇ।

1) ਗਿਆਨੀਆਂ ਨੂੰ ਸਿਰਫ਼ ਸਸ਼ਟਾਂਗ ਨਮਸਕਾਰ ਕਰਨਾ ਕਾਫੀ ਨਹੀਂ ਹੈ। ਸਾਨੂੰ ਸਤਿਗੁਰੂ ਦੇ ਲਈ ਇਕਾਗਰ ਭਾਵ ਨਾਲ ਸ਼ਰਨਾਗਤ ਹੋਣਾ ਚਾਹੀਦਾ ਹੈ।

2) ਸਿਰਫ਼ ਪ੍ਰਸ਼ਨ ਪੁੱਛਣਾ ਕਾਫੀ ਨਹੀਂ। ਕਿਸੇ ਗ਼ਲਤ ਰੁਚੀ ਜਾਂ ਪਾਖੰਡ ਜਾਂ ਸ਼ਬਦਾਂ ਦੇ ਜਾਲ ਵਿਚ ਫਸਾਉਣ, ਜਾਂ ਕੋਈ ਗ਼ਲਤੀ ਕੱਢਣ ਦੀ ਭਾਵਨਾ ਨਾਲ ਉਤਸ਼ਾਹਿਤ ਹੋ ਕੇ ਪ੍ਰਸ਼ਨ ਨਹੀਂ ਕਰਨਾ ਚਾਹੀਦਾ, ਬਲਕਿ ਪ੍ਰਸ਼ਨ ਤੀਬਰ ਚਾਹਤ ਨਾਲ ਕੇਵਲ ਮੋਕਸ਼ ਜਾਂ ਅਧਿਆਤਮਿਕ ਰਾਹ 'ਤੇ ਉੱਨਤੀ ਕਰਨ ਦੀ ਭਾਵਨਾ ਨਾਲ ਹੀ ਉਤਸ਼ਾਹਿਤ ਹੋ ਕੇ ਕਰਨਾ ਚਾਹੀਦਾ ਹੈ।

3) ਮੈਂ ਤਾਂ ਸੇਵਾ ਕਰਨ ਜਾਂ ਨਾਮਨਜ਼ੂਰ ਕਰਨ ਲਈ ਪੂਰਾ ਆਜ਼ਾਦ ਹਾਂ, ਜਿਹੜਾ ਇਸ ਤਰ੍ਹਾਂ ਦੀ ਭਾਵਨਾ ਨਾਲ ਕਾਰਜ ਕਰਦਾ ਹੈ, ਉਹ ਸੇਵਾ ਨਹੀਂ ਆਖੀ ਜਾ ਸਕਦੀ। ਉਸ ਨੂੰ ਮਹਿਸੂਸ ਕਰਨਾ ਚਾਹੀਦਾ ਹੈ ਕਿ ਮੈਨੂੰ ਆਪਣੇ ਸਰੀਰ 'ਤੇ ਕੋਈ ਹੱਕ ਨਹੀਂ ਹੈ। ਇਸ ਸਰੀਰ 'ਤੇ ਤਾਂ ਗੁਰੂ ਦਾ ਹੀ ਹੱਕ ਹੈ ਅਤੇ ਕੇਵਲ ਉਨ੍ਹਾਂ ਦੀ ਸੇਵਾ ਦੇ ਲਈ ਉਹ ਮੌਜੂਦ ਹੈ।

ਇਸ ਤਰ੍ਹਾਂ ਆਚਰਣ ਕਰਨ ਨਾਲ ਤੁਹਾਨੂੰ ਸਤਿਗੁਰੂ ਕੋਲੋਂ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ, ਜਿਵੇਂ ਕਿ ਪਿਛਲੇ ਸਲੋਕ ਵਿਚ ਦੱਸਿਆ ਗਿਆ ਹੈ।

ਨਾਨਾ ਨੂੰ ਇਹ ਸਮਝ ਵਿਚ ਨਹੀਂ ਆ ਸਕਿਆ ਕਿ ਗੁਰੂ ਕਿਸ ਤਰ੍ਹਾਂ 'ਅਗਿਆਨ' ਦੀ ਸਿੱਖਿਆ ਦਿੰਦੇ ਹਨ।

ਬਾਬਾ—ਗਿਆਨ ਦਾ ਉਪਦੇਸ਼ ਕਿਵੇਂ ਦਾ ਹੈ? ਭਾਵ ਭਵਿੱਖ ਵਿਚ ਪ੍ਰਾਪਤ ਹੋਣ ਵਾਲੀ ਆਤਮਾਨੁਭੂਤੀ ਦੀ ਸਿੱਖਿਆ। ਅਗਿਆਨ ਦਾ ਨਾਸ਼ ਕਰਨਾ ਗਿਆਨ ਹੈ।

(ਗੀਤਾ ਦੇ ਸਲੋਕ 18-66 'ਤੇ ਗਿਆਨੇਸ਼ਵਰੀ ਭਾਸ਼ਾ ਦੀ ਔਵੀ 1396 ਵਿਚ ਇਸ ਤਰ੍ਹਾਂ ਵਰਨਣ ਹੈ—ਹੇ ਅਰਜੁਨ! ਜੇ ਤੁਹਾਡੀ ਨੀਂਦ ਅਤੇ ਸੁਪਨਾ ਟੁੱਟ ਜਾਏ, ਤਾਂ ਤੁਸੀਂ ਆਪ ਹੋ। ਉਹ ਇਸੇ ਤਰ੍ਹਾਂ ਹੈ। ਗੀਤਾ ਦੇ ਅਧਿਆਇ 5-16 ਦੇ ਅੱਗੇ ਵਿਆਖਿਆ ਵਿਚ ਲਿਖਿਆ ਹੈ—ਕੀ ਗਿਆਨ ਵਿਚ ਅਗਿਆਨ ਨਸ਼ਟ ਕਰ ਦੇਣ ਦੇ ਇਲਾਵਾ ਕੋਈ ਹੋਰ ਭੇਦ ਵੀ ਹੈ?)

ਹਨੇਰਾ ਖ਼ਤਮ ਕਰਨ ਦਾ ਅਰਥ ਰੋਸ਼ਨੀ ਹੈ। ਜਦੋਂ ਅਸੀਂ ਭੇਦ-ਭਾਵ ਨਸ਼ਟ ਕਰਨ ਦੀ ਚਰਚਾ ਕਰਦੇ ਹਾਂ, ਤਾਂ ਅਸੀਂ ਭੇਦ-ਭਾਵ ਦੂਰ ਕਰਨ ਦੀ ਗੱਲ ਕਰਦੇ ਹਾਂ, ਜਦੋਂ ਅਸੀਂ ਹਨੇਰਾ ਖ਼ਤਮ ਕਰਨ ਦੀ ਗੱਲ ਕਰਦੇ ਹਾਂ ਤਾਂ ਉਸਦਾ ਮਤਲਬ ਹੈ ਕਿ ਅਸੀਂ ਰੋਸ਼ਨੀ ਦੀ ਗੱਲ ਕਰਦੇ ਹਾਂ। ਜੇ ਅਸੀਂ ਭੇਦ-ਭਾਵ ਰਹਿਤ ਹਾਲਤ ਮਹਿਸੂਸ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਭੇਦ-ਭਾਵ ਦੀ ਭਾਵਨਾ ਖ਼ਤਮ ਕਰਨੀ ਚਾਹੀਦੀ ਹੈ। ਇਹੀ ਭੇਦ-ਭਾਵ ਰਹਿਤ ਹਾਲਤ ਪ੍ਰਾਪਤ ਹੋਣ ਦੀ ਨਿਸ਼ਾਨੀ ਹੈ। ਭੇਦ-ਭਾਵ ਵਿਚ ਰਹਿ ਕੇ ਭੇਦ-ਭਾਵ ਰਹਿਤ ਦੀ ਚਰਚਾ ਕੌਣ ਕਰ ਸਕਦਾ ਹੈ? ਜਦੋਂ ਤਕ ਉਸ ਤਰ੍ਹਾਂ ਦੀ ਹਾਲਤ ਪ੍ਰਾਪਤ ਨਹੀਂ ਹੁੰਦੀ, ਉਦੋਂ ਤਕ ਕੀ ਕੋਈ ਉਸ ਨੂੰ ਮਹਿਸੂਸ ਕਰ ਸਕਦਾ ਹੈ।

ਚੇਲਾ ਸ੍ਰੀ ਸਤਿਗੁਰੂ ਦੇ ਬਰਾਬਰ ਹੀ ਗਿਆਨ ਦੀ ਮੂਰਤੀ ਹੈ। ਉਨ੍ਹਾਂ ਦੋਵਾਂ ਵਿਚ ਸਿਰਫ਼ ਅਵਸਥਾ,



ਉੱਚ ਅੰਤਰ-ਬੋਧ, ਅਦਭੁੱਤ ਅਲੌਕਿਕ ਸੱਚ, ਅਦੁੱਤੀ ਯੋਗਤਾ ਅਤੇ ਐਸ਼ਵਰਯ ਯੋਗ ਵਿਚ ਭਿੰਨਤਾ ਹੁੰਦੀ ਹੈ ਸਤਿਗੁਰੂ ਨਿਰਗੁਣ ਨਿਰਾਕਾਰ ਸਚਿਦਾਨੰਦ ਹੈ। ਅਸਲ ਵਿਚ ਉਹ ਕੇਵਲ ਮਨੁੱਖ ਜਾਤ ਅਤੇ ਸੰਸਾਰ ਦੇ ਭਲੇ ਲਈ ਆਪਣੀ ਇੱਛਾ ਨਾਲ ਮਾਨਵ ਸਰੀਰ ਧਾਰਨ ਕਰਦੇ ਹਨ, ਪਰ ਨਰ-ਦੇਹ ਧਾਰਨ ਕਰਨ 'ਤੇ ਵੀ ਉਨ੍ਹਾਂ ਦੀ ਸ਼ਕਤੀ ਦੀ ਬੇਅੰਤਤਾ ਵਿਚ ਕੋਈ ਰੁਕਾਵਟ ਪੈਦਾ ਨਹੀਂ ਹੁੰਦੀ। ਉਨ੍ਹਾਂ ਦੀ ਦੇਵਤਿਆਂ ਵਾਲੀ ਸ਼ਕਤੀ ਅਤੇ ਗਿਆਨ ਸਦਾ ਇਕੋ ਜਿਹੇ ਰਹਿੰਦੇ ਹਨ। ਚੇਲੇ ਦਾ ਵੀ ਤਾਂ ਅਸਲ ਵਿਚ ਉਹੀ ਸਰੂਪ ਹੈ, ਪਰ ਬੇਹਿਸਾਬ ਜਨਮਾਂ ਦੇ ਕਾਰਨ ਉਸ ਨੂੰ ਅਗਿਆਨ ਪੈਦਾ ਹੋ ਜਾਂਦਾ ਹੈ ਅਤੇ ਉਸੇ ਦੇ ਵੱਸ ਹੋ ਕੇ ਉਸ ਨੂੰ ਭੁਲੇਖਾ ਹੁੰਦਾ ਹੈ ਅਤੇ ਆਪਣੇ ਸ਼ੁੱਧ ਗਿਆਨ ਸਰੂਪ ਦੀ ਯਾਦ ਭੁੱਲ ਜਾਂਦੀ ਹੈ। ਗੀਤਾ ਦਾ ਅਧਿਆਇ 5 ਦੇਖੋ—"ਅਗਿਆਨੇਨਾਵ੍ਰਤ ਗਿਆਨ ਤੇਨ ਮੁਹਾਂਤਿ ਜੰਤਵਃ।" ਜਿਸ ਤਰ੍ਹਾਂ ਕਿ ਉਥੇ ਦੱਸਿਆ ਗਿਆ ਹੈ, ਉਸ ਨੂੰ ਭੁਲੇਖਾ ਹੋ ਜਾਂਦਾ ਹੈ ਕਿ 'ਮੈਂ' ਜੀਵ ਹਾਂ, ਇਕ ਪ੍ਰਾਣੀ ਹਾਂ, ਕਮਜ਼ੋਰ ਅਤੇ ਬੇਆਸਰਾ ਹਾਂ। ਗੁਰੂ ਇਸ ਅਗਿਆਨ ਰੂਪੀ ਜੜ੍ਹ ਨੂੰ ਕੱਟ ਕੇ ਸੁੱਟ ਦਿੰਦਾ ਹੈ ਅਤੇ ਇਸ ਲਈ ਉਸ ਨੂੰ ਉਪਦੇਸ਼ ਦੇਣਾ ਪੈਂਦਾ ਹੈ। ਇਵੇਂ ਦੇ ਚੇਲੇ ਨੂੰ ਜਿਹੜਾ ਜਨਮਾਂ-ਜਨਮਾਂ ਤੋਂ ਇਹ ਧਾਰਨਾ ਕਰਦਾ ਆਇਆ ਹੈ ਕਿ "ਮੈਂ ਤਾਂ ਜੀਵ, ਕਮਜ਼ੋਰ ਅਤੇ ਬੇਆਸਰਾ ਹਾਂ।" ਗੁਰੂ ਸੌਆਂ ਜਨਮਾਂ ਤਕ ਇਸ ਤਰ੍ਹਾਂ ਦੀ ਸਿੱਖਿਆ ਦਿੰਦੇ ਹਨ ਕਿ ਤੁਸੀਂ ਹੀ ਈਸ਼ਵਰ ਹੋ, ਸਰਵ-ਸ਼ਕਤੀਮਾਨ ਅਤੇ ਸਮਰਥ ਹੋ, ਤਾਂ ਕਿਤੇ ਜਾ ਕੇ ਉਸ ਨੂੰ ਜ਼ਰਾ ਜਿਹਾ ਮਹਿਸੂਸ ਹੁੰਦਾ ਹੈ ਕਿ ਅਸਲ ਵਿਚ "ਮੈਂ ਹੀ ਈਸ਼ਵਰ ਹਾਂ।" ਲਗਾਤਾਰ ਭੁਲੇਖੇ ਵਿਚ ਰਹਿਣ ਕਰਕੇ ਉਸ ਨੂੰ ਇਵੇਂ ਮਹਿਸੂਸ ਹੁੰਦਾ ਹੈ ਕਿ "ਮੈਂ ਸਰੀਰ ਹਾਂ, ਇਕ ਜੀਵ ਹਾਂ ਅਤੇ ਈਸ਼ਵਰ ਅਤੇ ਇਹ ਸੰਸਾਰ ਮੇਰੇ ਨਾਲੋਂ ਵੱਖਰੀ ਚੀਜ਼ ਹਨ।" ਇਹ ਤਾਂ ਸਿਰਫ਼ ਇਕ ਭੁਲੇਖਾ ਹੀ ਹੈ, ਜਿਹੜਾ ਅਨੇਕ ਜਨਮ ਧਾਰਨ ਕਰਨ ਕਰਕੇ ਪੈਦਾ ਹੋ ਗਿਆ ਹੈ। ਕਰਮਾਂ ਦੇ ਨਾਲ ਹੀ ਹਰੇਕ ਪ੍ਰਾਣੀ ਨੂੰ ਸੁੱਖ-ਦੁੱਖ ਦੀ ਪ੍ਰਾਪਤੀ ਹੁੰਦੀ ਹੈ। ਇਸ ਭੁਲੇਖੇ, ਇਸ ਗ਼ਲਤੀ ਅਤੇ ਇਸ ਅਗਿਆਨ ਦੀ ਜੜ੍ਹ ਨੂੰ ਨਾਸ਼ ਕਰਨ ਦੇ ਲਈ ਸਾਨੂੰ ਆਪਣੇ-ਆਪ ਕੋਲੋਂ ਪ੍ਰਸ਼ਨ ਕਰਨਾ ਚਾਹੀਦਾ ਹੈ ਕਿ ਇਹ ਅਗਿਆਨ ਕਿਵੇਂ ਪੈਦਾ ਹੋ ਗਿਆ? ਉਹ ਅਗਿਆਨ ਕਿਥੇ ਹੈ? ਅਤੇ ਇਸ ਗਲਤੀ ਦਾ ਗਿਆਨ ਕਰਾਉਣ ਨੂੰ ਹੀ ਉਪਦੇਸ਼ ਕਹਿੰਦੇ ਹਨ।

ਅਗਿਆਨ ਦੇ ਹੇਠਾਂ ਲਿਖੇ ਉਦਾਹਰਣ ਹਨ—

1) ਮੈਂ ਇਕ ਜੀਵ (ਪ੍ਰਾਣੀ) ਹਾਂ।
2) ਸਰੀਰ ਹੀ ਆਤਮਾ ਹੈ। (ਮੈਂ ਸਰੀਰ ਹਾਂ)
3) ਈਸ਼ਵਰ, ਸੰਸਾਰ ਅਤੇ ਜੀਵ ਵੱਖ-ਵੱਖ ਤੱਤ ਹਨ।
4) ਮੈਂ ਈਸ਼ਵਰ ਨਹੀਂ ਹਾਂ।
5) ਸਰੀਰ ਆਤਮਾ ਨਹੀਂ ਹੈ—ਇਸਦਾ ਗਿਆਨ ਨਾ ਹੋਣਾ।
6) ਇਸ ਦਾ ਗਿਆਨ ਨਾ ਹੋਣਾ ਕਿ ਈਸ਼ਵਰ, ਸੰਸਾਰ ਅਤੇ ਜੀਵ ਇਕ ਹੀ ਹਨ।

ਜਦੋਂ ਤਕ ਇਨ੍ਹਾਂ ਭੁੱਲਾਂ ਦਾ ਉਸ ਨੂੰ ਗਿਆਨ ਨਹੀਂ ਕਰਾਇਆ ਜਾਂਦਾ, ਉਦੋਂ ਤਕ ਚੇਲੇ ਨੂੰ ਇਹ ਕਦੀ

ਅਨੁਭਵ ਨਹੀਂ ਹੋ ਸਕਦਾ ਕਿ ਈਸ਼ਵਰ, ਜੀਵ ਅਤੇ ਸਰੀਰ ਕੀ ਹਨ, ਉਨ੍ਹਾਂ ਵਿਚ ਕੀ ਆਪਸੀ ਰਿਸ਼ਤਾ ਹੈ ਅਤੇ ਉਹ ਵੱਖਰੇ ਹਨ ਜਾਂ ਵੱਖਰੇ ਨਹੀਂ ਹਨ ਭਾਵ ਇਕ ਹੀ ਹਨ ? ਇਸ ਤਰ੍ਹਾਂ ਦੀ ਸਿੱਖਿਆ ਦੇਣਾ ਅਤੇ ਭੁਲੇਖਾ ਦੂਰ ਕਰਨਾ 'ਅਗਿਆਨ' ਦਾ ਗਿਆਨ ਉਪਦੇਸ਼ ਅਖਵਾਉਂਦਾ ਹੈ। ਹੁਣ ਪ੍ਰਸ਼ਨ ਇਹ ਹੈ ਕਿ ਜੀਵ ਜਿਹੜਾ ਆਪ ਗਿਆਨ-ਮੂਰਤੀ ਹੈ, ਉਸ ਨੂੰ ਗਿਆਨ ਦੀ ਕੀ ਲੋੜ ਹੈ ? ਉਪਦੇਸ਼ ਦਾ ਮਤਲਬ ਤਾਂ ਸਿਰਫ਼ ਭੁੱਲਾਂ ਨੂੰ ਉਸ ਦੀ ਨਜ਼ਰ ਵਿਚ ਲਿਆ ਕੇ ਅਗਿਆਨ ਦਾ ਨਾਸ਼ ਕਰਨਾ ਹੈ। ਬਾਬਾ ਨੇ ਅੱਗੇ ਕਿਹਾ—

1) 'ਪ੍ਰਣਿਪਾਤ' ਦਾ ਅਰਥ ਹੈ 'ਸ਼ਰਨਾਗਤੀ'।

2) ਸ਼ਰਨਾਗਤ ਹੋਣਾ ਚਾਹੀਦਾ ਹੈ ਤਨ, ਮਨ, ਧਨ ਨਾਲ (ਭਾਵ ਇਕਾਗਰ ਭਾਵ ਨਾਲ)।

3) ਕ੍ਰਿਸ਼ਨ ਹੋਰ ਗਿਆਨੀਆਂ ਦੇ ਵੱਲ ਕਿਉਂ ਇਸ਼ਾਰਾ ਕਰਦੇ ਹਨ ? ਸੱਚੇ ਭਗਤ ਦੇ ਲਈ ਹਰੇਕ ਤੱਤ ਵਾਸੂਦੇਵ ਹੈ। (ਭਗਵਤਗੀਤਾ ਅਧਿਆਇ 7-19 ਭਾਵ ਕੋਈ ਵੀ ਗੁਰੂ ਆਪਣੇ ਭਗਤ ਦੇ ਲਈ ਕ੍ਰਿਸ਼ਨ ਹੈ) ਅਤੇ ਗੁਰੂ ਚੇਲੇ ਨੂੰ ਵਾਸੂਦੇਵ ਮੰਨਦਾ ਹੈ ਅਤੇ ਕ੍ਰਿਸ਼ਨ ਇਨ੍ਹਾਂ ਦੋਨਾਂ ਨੂੰ ਆਪਣੇ ਪ੍ਰਾਣ ਅਤੇ ਆਤਮਾ। (ਭਗਵਤਗੀਤਾ ਅਧਿਆਇ 7-18 'ਤੇ ਗਿਆਨ ਦੇਵ ਦੀ ਵਿਆਖਿਆ) ਕਿਉਂਕਿ ਸ੍ਰੀ ਕ੍ਰਿਸ਼ਨ ਨੂੰ ਪਤਾ ਸੀ ਕਿ ਏਦਾਂ ਦੇ ਅਨੇਕ ਭਗਤ ਅਤੇ ਗੁਰੂ ਮੌਜੂਦ ਹਨ, ਇਸ ਲਈ ਉਨ੍ਹਾਂ ਦਾ ਮਹੱਤਵ ਵਧਾਉਣ ਦੇ ਲਈ ਸ੍ਰੀ ਕ੍ਰਿਸ਼ਨ ਨੇ ਅਰਜੁਨ ਨਾਲ ਇਸ ਤਰ੍ਹਾਂ ਜ਼ਿਕਰ ਕੀਤਾ।

ਬਾਬਾ ਜੋ ਕੁਝ ਵੀ ਕਰਨਾ ਚਾਹੁੰਦੇ ਸੀ, ਉਸ ਦੀ ਚਰਚਾ ਉਹ ਕਦੀ ਨਹੀਂ ਕਰਦੇ ਸੀ, ਪਰ ਆਸੇ ਪਾਸੇ ਇਸ ਤਰ੍ਹਾਂ ਦਾ ਮਾਹੌਲ ਅਤੇ ਹਾਲਾਤ ਬਣਾ ਦਿੰਦੇ ਸੀ। ਲੋਕਾਂ ਨੂੰ ਬਾਅਦ ਵਿਚ ਉਨ੍ਹਾਂ ਦਾ ਮਿਥਿਆ ਨਤੀਜਾ ਦੇਖਕੇ ਬੜੀ ਹੈਰਾਨਗੀ ਹੁੰਦੀ ਸੀ। ਸਮਾਧੀ-ਮੰਦਿਰ ਇਸ ਦਾ ਉਦਾਹਰਣ ਹੈ। ਨਾਗਪੁਰ ਦੇ ਮਸ਼ਹੂਰ ਲੱਖਪਤੀ ਸ੍ਰੀਮਾਨ ਬਾਪੂ ਸਾਹਿਬ ਬੂਟੀ ਪਰਿਵਾਰ ਨਾਲ ਸ਼ਿਰਡੀ ਵਿਚ ਰਹਿੰਦੇ ਸੀ। ਇਕ ਵਾਰੀ ਉਨ੍ਹਾਂ ਨੂੰ ਖ਼ਿਆਲ ਆਇਆ ਕਿ ਸ਼ਿਰਡੀ ਵਿਚ ਆਪਣਾ ਇਕ ਵਾੜਾ ਹੋਣਾ ਚਹੀਦਾ। ਕੁਝ ਦੇਰ ਬਾਅਦ ਜਦੋਂ ਉਹ ਦਿਕਸ਼ਿਤ ਵਾੜੇ ਵਿਚ ਸੁੱਤੇ ਹੋਏ ਸੀ ਤਾਂ ਉਨ੍ਹਾਂ ਨੂੰ ਇਕ ਸੁਪਨਾ ਆਇਆ। ਬਾਬਾ ਨੇ ਸੁਪਨੇ ਵਿਚ ਆ ਕੇ ਉਨ੍ਹਾਂ ਨੂੰ ਕਿਹਾ, "ਤੁਸੀਂ ਆਪਣਾ ਇਕ ਵਾੜਾ ਅਤੇ ਇਕ ਮੰਦਿਰ ਬਣਵਾਉ।" ਸ਼ਾਮਾ ਵੀ ਉਥੇ ਹੀ ਸੁੱਤਾ ਹੋਇਆ ਸੀ ਅਤੇ ਉਸ ਨੇ ਵੀ ਠੀਕ ਉਸ ਤਰ੍ਹਾਂ ਦਾ ਸੁਪਨਾ ਦੇਖਿਆ। ਬਾਪੂ ਸਾਹਿਬ ਜਦੋਂ ਉਠੇ ਤਾਂ ਉਨ੍ਹਾਂ ਨੇ ਸ਼ਾਮਾ ਨੂੰ ਰੋਂਦੇ ਦੇਖ ਕੇ ਉਸ ਕੋਲੋਂ ਰੋਣ ਦਾ ਕਾਰਨ ਪੁੱਛਿਆ ਤਾਂ ਸ਼ਾਮਾ ਕਹਿਣ ਲੱਗਾ—"ਹੁਣੇ-ਹੁਣੇ ਮੈਨੂੰ ਇਕ ਸੁਪਨਾ ਆਇਆ ਕਿ ਬਾਬਾ ਮੇਰੇ ਬਿਲਕੁਲ ਕੋਲ ਆਏ ਅਤੇ ਸਾਫ਼-ਸਾਫ਼ ਸ਼ਬਦਾਂ ਵਿਚ ਕਹਿਣ ਲਗੇ, "ਮੰਦਿਰ ਦੇ ਨਾਲ ਵਾੜਾ ਬਣਵਾਉ। ਮੈਂ ਸਾਰੇ ਭਗਤਾਂ ਦੀਆਂ ਇੱਛਾਵਾਂ ਪੂਰੀਆਂ ਕਰਾਂਗਾ।" ਬਾਬਾ ਦੇ ਸੁੰਦਰ ਪ੍ਰੇਮ ਭਰੇ ਸ਼ਬਦ ਸੁਣ ਕੇ ਮੇਰਾ ਪਿਆਰ ਉਮੜ ਪਿਆ ਅਤੇ ਗਲਾ ਭਰ ਆਇਆ ਅਤੇ ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਵਗਣ ਲੱਗੀ। ਇਸ ਲਈ ਮੈਂ ਜ਼ੋਰ ਨਾਲ ਰੋਣ ਲੱਗਾ।" ਬਾਪੂ ਸਾਹਿਬ ਬੂਟੀ ਨੂੰ ਹੈਰਾਨੀ ਹੋਈ ਕਿ ਦੋਵਾਂ ਦੇ ਸੁਪਨੇ



ਇਕੋ ਜਿਹੇ ਹੀ ਹਨ। ਅਮੀਰ ਤਾਂ ਉਹ ਸੀ ਹੀ, ਉਨ੍ਹਾਂ ਨੇ ਵਾੜਾ ਨਿਰਮਾਣ ਕਰਨ ਦਾ ਫ਼ੈਸਲਾ ਕਰ ਲਿਆ ਅਤੇ ਸ਼ਾਮਾ ਦੇ ਨਾਲ ਬੈਠ ਕੇ ਇਕ ਨਕਸ਼ਾ ਬਣਾਇਆ। ਕਾਕਾ ਸਾਹਿਬ ਦਿਕਸ਼ਿਤ ਨੇ ਵੀ ਉਸ ਨੂੰ ਮਨਜ਼ੂਰ ਕੀਤਾ ਅਤੇ ਜਦੋਂ ਨਕਸ਼ਾ ਬਾਬਾ ਦੇ ਸਾਹਮਣੇ ਪੇਸ਼ ਕੀਤਾ ਗਿਆ, ਉਨ੍ਹਾਂ ਨੇ ਵੀ ਤੁਰੰਤ ਮਨਜ਼ੂਰੀ ਦੇ ਦਿੱਤੀ। ਤਾਂ ਨਿਰਮਾਣ ਦਾ ਕੰਮ ਸ਼ੁਰੂ ਹੋ ਗਿਆ ਅਤੇ ਸ਼ਾਮਾ ਦੀ ਦੇਖ-ਰੇਖ ਵਿਚ ਥੱਲੇ ਦੀ ਮੰਜ਼ਿਲ, ਤਹਿਖਾਨਾ ਅਤੇ ਖੂਹ ਬਣ ਕੇ ਤਿਆਰ ਹੋ ਗਏ। ਬਾਬਾ ਵੀ ਲੇਂਡੀ ਵੱਲ ਆਉਂਦੇ-ਜਾਂਦੇ ਵੇਲੇ ਸਲਾਹ ਦੇ ਦਿੰਦੇ ਸੀ। ਅੱਗੋਂ ਇਹ ਕੰਮ ਬਾਪੂ ਸਾਹਿਬ ਜੋਗ ਨੂੰ ਸੌਂਪ ਦਿੱਤਾ ਗਿਆ। ਜਦੋਂ ਕੰਮ ਇਸ ਤਰ੍ਹਾਂ ਚੱਲ ਹੀ ਰਿਹਾ ਸੀ, ਉਸੇ ਵੇਲੇ ਬਾਪੂ ਸਾਹਿਬ ਜੋਗ ਨੂੰ ਇਕ ਵਿਚਾਰ ਆਇਆ ਕਿ ਕੁਝ ਖੁੱਲ੍ਹੀ ਥਾਂ ਵੀ ਜ਼ਰੂਰ ਹੋਣੀ ਚਾਹੀਦੀ ਹੈ, ਜਿਸ ਦੇ ਵਿਚਕਾਰ 'ਮੁਰਲੀਧਰ' ਦੀ ਮੂਰਤੀ ਦੀ ਵੀ ਸਥਾਪਨਾ ਕੀਤੀ ਜਾਏ। ਉਨ੍ਹਾਂ ਨੇ ਆਪਣਾ ਵਿਚਾਰ ਸ਼ਾਮਾ ਨੂੰ ਦੱਸਿਆ ਅਤੇ ਬਾਬਾ ਕੋਲੋਂ ਆਗਿਆ ਪ੍ਰਾਪਤ ਕਰਨ ਲਈ ਕਿਹਾ। ਜਦੋਂ ਬਾਬਾ ਵਾੜੇ ਦੇ ਕੋਲੋਂ ਜਾ ਰਹੇ ਸੀ, ਉਦੋਂ ਸ਼ਾਮਾ ਨੇ ਬਾਬਾ ਨੂੰ ਪ੍ਰਸ਼ਨ ਕਰ ਦਿੱਤਾ। ਸ਼ਾਮਾ ਦਾ ਪ੍ਰਸ਼ਨ ਸੁਣ ਕੇ ਬਾਬਾ ਨੇ ਮਨਜ਼ੂਰੀ ਦਿੰਦੇ ਹੋਏ ਕਿਹਾ, "ਜਦੋਂ ਮੰਦਿਰ ਦਾ ਕੰਮ ਪੂਰਾ ਹੋ ਜਾਏਗਾ ਤਾਂ ਮੈਂ ਆਪ ਉਥੇ ਨਿਵਾਸ ਕਰਾਂਗਾ।" ਅਤੇ ਵਾੜੇ ਵੱਲ ਨਜ਼ਰ ਮਾਰਦੇ ਹੋਏ ਕਿਹਾ, "ਜਦੋਂ ਵਾੜਾ ਪੂਰਾ ਬਣ ਜਾਏਗਾ, ਉਦੋਂ ਅਸੀਂ ਸਾਰੇ ਲੋਕ ਉਸ ਦੀ ਵਰਤੋਂ ਕਰਾਂਗੇ। ਉਥੇ ਹੀ ਰਹਾਂਗੇ, ਘੁੰਮਾਂਗੇ, ਫਿਰਾਂਗੇ ਅਤੇ ਇਕ-ਦੂਜੇ ਨੂੰ ਦਿਲ ਨਾਲ ਲਗਾਵਾਂਗੇ ਅਤੇ ਖੁਸ਼ੀ ਨਾਲ ਵਿਚਰਾਂਗੇ।" ਜਦੋਂ ਸ਼ਾਮਾ ਨੇ ਬਾਬਾ ਨੂੰ ਪੁੱਛਿਆ ਕਿ ਕੀ ਇਹ ਮੂਰਤੀ ਲਈ ਵਿਚਕਾਰ ਦੀ ਨੀਂਹ ਦੇ ਕੰਮ ਸ਼ੁਰੂ ਕਰਨ ਦਾ ਸ਼ੁਭ ਮਹੂਰਤ ਹੈ ? ਤਾਂ ਉਨ੍ਹਾਂ ਨੇ ਹਾਂ ਵਿਚ ਜਵਾਬ ਦੇ ਦਿੱਤਾ। ਉਦੋਂ ਸ਼ਾਮਾ ਨੇ ਇਕ ਨਾਰੀਅਲ ਲਿਆ ਕੇ ਤੋੜਿਆ ਅਤੇ ਕੰਮ ਸ਼ੁਰੂ ਕਰ ਦਿੱਤਾ। ਠੀਕ ਵਕਤ ਸਿਰ ਸਾਰਾ ਕੰਮ ਪੂਰਾ ਹੋ ਗਿਆ ਅਤੇ 'ਮੁਰਲੀਧਰ' ਦੀ ਇਕ ਸੁੰਦਰ ਮੂਰਤੀ ਬਣਵਾਉਣ ਦਾ ਪ੍ਰਬੰਧ ਕੀਤਾ ਗਿਆ। ਹਾਲੇ ਉਸ ਦੇ ਨਿਰਮਾਣ ਦਾ ਕੰਮ ਸ਼ੁਰੂ ਵੀ ਨਹੀਂ ਹੋ ਸਕਿਆ ਸੀ ਕਿ ਇਕ ਨਵੀਂ ਘਟਨਾ ਹੋ ਗਈ। ਬਾਬਾ ਦੀ ਹਾਲਤ ਚਿੰਤਾਜਨਕ ਹੋ ਗਈ ਅਤੇ ਇਸ ਤਰ੍ਹਾਂ ਲੱਗਣ ਲੱਗਾ ਕਿ ਬਾਬਾ ਹੁਣ ਦੇਹ ਤਿਆਗ ਦੇਣਗੇ। ਬਾਪੂਸਾਹਿਬ ਬਹੁਤ ਉਦਾਸ ਅਤੇ ਬੇਆਸ ਜਿਹੇ ਹੋ ਗਏ। ਉਨ੍ਹਾਂ ਨੇ ਸੋਚਿਆ ਕਿ ਜੇ ਬਾਬਾ ਚਲੇ ਗਏ ਤਾਂ ਵਾੜਾ ਉਨ੍ਹਾਂ ਦੀ ਪਵਿੱਤਰ ਚਰਣ-ਛੋਹ ਤੋਂ ਵਾਂਝਾ ਰਹਿ ਜਾਏਗਾ ਅਤੇ ਮੇਰਾ (ਲਗਭਗ ਇਕ ਲੱਖ) ਸਾਰਾ ਰੁਪਇਆ ਵਿਅਰਥ ਹੋ ਜਾਏਗਾ ਪਰ ਆਖ਼ਰੀ ਵੇਲੇ ਬਾਬਾ ਦੇ ਸ੍ਰੀ ਮੁੱਖ ਤੋਂ ਨਿਕਲੇ ਵਚਨਾਂ ਨੇ ('ਮੈਨੂੰ ਵਾੜੇ ਵਿਚ ਹੀ ਰੱਖਣਾ') ਕੇਵਲ ਬੂਟੀਸਾਹਿਬ ਨੂੰ ਹੀ ਤਸੱਲੀ ਨਹੀਂ ਦਿੱਤੀ ਬਲਕਿ ਹੋਰ ਲੋਕਾਂ ਨੂੰ ਵੀ ਸ਼ਾਂਤੀ ਦਿੱਤੀ। ਕੁਝ ਵਕਤ ਦੇ ਬਾਅਦ ਬਾਬਾ ਦਾ ਪਵਿੱਤਰ ਸਰੀਰ ਮੁਰਲੀਧਰ ਦੀ ਮੂਰਤੀ ਦੀ ਥਾਂ 'ਤੇ ਰੱਖ ਦਿੱਤਾ ਗਿਆ। ਬਾਬਾ ਆਪ 'ਮੁਰਲੀਧਰ' ਬਣ ਗਏ ਅਤੇ ਵਾੜਾ 'ਸਾਈਂ ਬਾਬਾ ਦਾ ਸਮਾਧੀ-ਮੰਦਿਰ'।

ਉਨ੍ਹਾਂ ਦੀਆਂ ਬੇਅੰਤ ਲੀਲ੍ਹਾਵਾਂ ਦੀ ਥਾਹ ਕੋਈ ਨਹੀਂ ਪਾ ਸਕਿਆ। ਸ੍ਰੀ ਬਾਪੂਸਾਹਿਬ ਬੂਟੀ ਧੰਨ ਹਨ, ਜਿਨ੍ਹਾਂ ਦੇ ਵਾੜੇ ਵਿਚ ਬਾਬਾ ਦਾ ਅਲੌਕਿਕ ਅਤੇ ਪਵਿੱਤਰ ਸਰੀਰ ਹੁਣ ਆਰਾਮ ਕਰ ਰਿਹਾ ਹੈ।





# ॥ ਅਧਿਆਇ-40 ॥

## *ਸ੍ਰੀ ਸਾਈਂ ਬਾਬਾ ਦੀਆਂ ਕਥਾਵਾਂ—1) ਸ੍ਰੀ ਬੀ.ਵੀ. ਦੇਵ ਦੀ ਮਾਤਾ ਦੇ ਪੂਜਾ ਸਮਾਰੋਹ ਵਿਚ ਸ਼ਾਮਲ ਹੋਣਾ ਅਤੇ 2) ਹੇਮਾਂਡਪੰਤ ਦੇ ਘਰ ਤਸਵੀਰ ਦੇ ਰੂਪ ਵਿਚ ਪ੍ਰਗਟ ਹੋਣਾ।*

ਇਸ ਅਧਿਆਇ ਵਿਚ ਦੋ ਕਥਾਵਾਂ ਦਾ ਵਰਨਣ ਹੈ—ਬਾਬਾ ਕਿਸ ਤਰ੍ਹਾਂ ਸ੍ਰੀਮਾਨ ਦੇਵ ਦੀ ਮਾਂ ਦੇ ਘਰ ਪੂਜਾ ਵਿਚ ਸ਼ਾਮਲ ਹੋਏ ਅਤੇ ਬਾਬਾ ਕਿਸ ਤਰ੍ਹਾਂ ਹੋਲੀ ਦੇ ਤਿਉਹਾਰ ਦੇ ਭੋਜਨ ਸਮਾਰੋਹ ਦੇ ਮੌਕੇ 'ਤੇ ਬਾਂਦਰਾ ਵਿਚ ਹੇਮਾਂਡਪੰਤ ਦੇ ਘਰ ਪਧਾਰੇ।

ਸ੍ਰੀ ਸਾਈਂ ਸਮਰੱਥ ਧੰਨ ਹਨ, ਜਿਨ੍ਹਾਂ ਦਾ ਨਾਂਅ ਬੜਾ ਸੁੰਦਰ ਹੈ। ਉਹ ਸੰਸਾਰਿਕ ਅਤੇ ਅਧਿਆਤਮਿਕ ਦੋਨਾਂ ਹੀ ਵਿਸ਼ਿਆਂ ਵਿਚ ਆਪਣੇ ਭਗਤਾਂ ਨੂੰ ਉਪਦੇਸ਼ ਦਿੰਦੇ ਹਨ ਅਤੇ ਭਗਤਾਂ ਨੂੰ ਆਪਣਾ ਜੀਵਨ ਦਾ ਉਦੇਸ਼ ਪ੍ਰਾਪਤ ਕਰਨ ਵਿਚ ਮਦਦ ਦੇ ਕੇ ਉਨ੍ਹਾਂ ਨੂੰ ਆਪਣੀ ਸ਼ਕਤੀ ਦੇ ਦਿੰਦੇ ਹਨ। ਉਹ ਭੇਦ-ਭਾਵ ਦੀ ਭਾਵਨਾ ਨੂੰ ਨਾਸ਼ ਕਰਕੇ ਉਨ੍ਹਾਂ ਨੂੰ ਦੁਰਲੱਭ ਚੀਜ਼ ਦੀ ਪ੍ਰਾਪਤੀ ਕਰਾਉਂਦੇ ਹਨ। ਭਗਤ ਲੋਕ ਸਾਈਂ ਦੇ ਚਰਣਾਂ 'ਤੇ ਭਗਤੀ ਨਾਲ ਡਿੱਗਦੇ ਹਨ ਅਤੇ ਸ੍ਰੀ ਸਾਈਂ ਬਾਬਾ ਵੀ ਭੇਦ-ਭਾਵ ਬਿਨਾਂ ਪ੍ਰੇਮ ਨਾਲ ਭਗਤਾਂ ਨੂੰ ਗਲ ਨਾਲ ਲਗਾਉਂਦੇ ਹਨ। ਉਹ ਭਗਤਾਂ ਵਿਚ ਏਦਾਂ ਘੁਲ-ਮਿਲ ਜਾਂਦੇ ਹਨ, ਜਿਵੇਂ ਬਰਸਾਤ ਵਿਚ ਪਾਣੀ ਨਦੀਆਂ ਵਿਚ ਮਿਲਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਸ਼ਕਤੀ ਅਤੇ ਮਾਨ ਦਿੰਦਾ ਹੈ।

ਸ੍ਰੀ ਬੀ.ਵੀ. ਦੇਵ ਡਹਾਣੂ (ਜ਼ਿਲ੍ਹਾ ਠਾਣੇ) ਦੇ ਮਾਮਲੇਦਾਰ ਸੀ। ਉਨ੍ਹਾਂ ਦੀ ਮਾਤਾ ਨੇ ਲਗਭਗ 25 ਜਾਂ 30 ਵਰਤ ਰੱਖੇ ਸੀ, ਇਸ ਲਈ ਹੁਣ ਉਨ੍ਹਾਂ ਦੀ ਪੂਜਾ ਕਰਨਾ ਜ਼ਰੂਰੀ ਸੀ। ਪੂਜਾ ਦੇ ਨਾਲ-ਨਾਲ ਸੌ ਦੋ ਸੌ ਬ੍ਰਾਹਮਣਾਂ ਦਾ ਭੋਜਨ ਵੀ ਕਰਨਾ ਸੀ। ਸ੍ਰੀ ਦੇਵ ਨੇ ਇਕ ਤਾਰੀਕ ਮਿੱਥ ਕੇ ਬਾਪੂਸਾਹਿਬ ਜੋਗ ਨੂੰ ਇਕ ਖ਼ਤ ਸ਼ਿਰਡੀ ਲਿਖਿਆ। ਉਸ ਵਿਚ ਉਨ੍ਹਾਂ ਨੇ ਲਿਖਿਆ, "ਤੁਸੀਂ ਮੇਰੇ ਵੱਲੋਂ ਸ੍ਰੀ ਸਾਈਂ ਬਾਬਾ ਨੂੰ ਪੂਜਾ ਅਤੇ ਭੋਜਨ ਵਿਚ ਸ਼ਾਮਿਲ ਹੋਣ ਦਾ ਸੱਦਾ ਦੇ ਦੇਣਾ ਅਤੇ ਉਨ੍ਹਾਂ ਨੂੰ ਬੇਨਤੀ ਕਰਨਾ ਕਿ ਉਨ੍ਹਾਂ ਦੀ ਗ਼ੈਰਹਾਜ਼ਰੀ ਵਿਚ ਉਤਸਵ ਅਧੂਰਾ ਹੀ ਰਹੇਗਾ। ਮੈਨੂੰ ਪੂਰੀ ਆਸ ਹੈ ਕਿ ਉਹ ਜ਼ਰੂਰ ਡਹਾਣੂ ਪਧਾਰ ਕੇ ਦਾਸ ਨੂੰ ਅਭਾਰੀ ਕਰਨਗੇ।"

ਬਾਪੂਸਾਹਿਬ ਜੋਗ ਨੇ ਬਾਬਾ ਨੂੰ ਉਹ ਖ਼ਤ ਪੜ੍ਹ ਕੇ ਸੁਣਾਇਆ। ਉਨ੍ਹਾਂ ਨੇ ਉਸ ਨੂੰ ਧਿਆਨ ਨਾਲ ਸੁਣਿਆ ਅਤੇ ਸੱਚੇ ਦਿਲ ਨਾਲ ਭੇਜਿਆ ਸੱਦਾ ਸਮਝ ਕੇ ਉਹ ਕਹਿਣ ਲੱਗੇ,

।" ਉਸ ਨੂੰ ਇਕ ਸੁਖਦਾਈ ਖ਼ਤ ਲਿਖ ਦਿਉ ਕਿ ਮੈਂ ਹੋਰ ਦੋ ਆਦਮੀਆਂ ਦੇ ਨਾਲ

ਜ਼ਰੂਰ ਆਵਾਂਗਾ। ਜੋ ਕੁਝ ਬਾਬਾ ਨੇ ਕਿਹਾ ਸੀ, ਜੋਗ ਨੇ ਸ੍ਰੀ ਦੇਵ ਨੂੰ ਖ਼ਤ ਵਿਚ ਲਿਖ ਕੇ ਭੇਜ ਦਿੱਤਾ। ਖ਼ਤ ਪੜ੍ਹ ਕੇ ਦੇਵ ਨੂੰ ਬਹੁਤ ਖੁਸ਼ੀ ਹੋਈ, ਪਰ ਉਨ੍ਹਾਂ ਨੂੰ ਪਤਾ ਸੀ ਕਿ ਬਾਬਾ ਕੇਵਲ ਰਾਹਾਤਾ, ਰੂਈ ਅਤੇ ਨੀਮਗਾਂਵ ਦੇ ਇਲਾਵਾ ਹੋਰ ਕਿਤੇ ਵੀ ਨਹੀਂ ਜਾਂਦੇ ਹਨ। ਫੇਰ ਉਨ੍ਹਾਂ ਨੂੰ ਵਿਚਾਰ ਆਇਆ ਕਿ ਉਨ੍ਹਾਂ ਦੇ ਲਈ ਕੀ ਨਾ-ਮੁਮਕਿਨ ਹੈ ? ਉਨ੍ਹਾਂ ਦੀ ਜੀਵਨੀ ਅਪਾਰ ਚਮਤਕਾਰਾਂ ਨਾਲ ਭਰੀ ਹੋਈ ਹੈ। ਉਹ ਤਾਂ ਸਰਵ-ਵਿਆਪੀ ਹਨ। ਉਹ ਕਿਸੇ ਵੀ ਭੇਸ ਵਿਚ ਅਚਾਨਕ ਹੀ ਪ੍ਰਗਟ ਹੋ ਕੇ ਆਪਣਾ ਵਚਨ ਪੂਰਾ ਕਰ ਸਕਦੇ ਹਨ।

ਪੂਜਾ ਦੇ ਕੁਝ ਦਿਨ ਪਹਿਲਾਂ ਇਕ ਸੰਨਿਆਸੀ ਡਹਾਣੂ ਸਟੇਸ਼ਨ 'ਤੇ ਉਤਰਿਆ, ਜਿਹੜਾ ਬੰਗਾਲੀ ਸੰਨਿਆਸੀਆਂ ਵਰਗੀ ਪੋਸ਼ਾਕ ਧਾਰਨ ਕੀਤੇ ਹੋਏ ਸੀ। ਦੂਰ ਤੋਂ ਦੇਖਣ 'ਤੇ ਏਦਾਂ ਲੱਗਦਾ ਸੀ ਕਿ ਉਹ ਗਊ ਰੱਖਿਆ ਸੰਸਥਾ ਦਾ ਸੇਵਕ ਹੈ। ਉਹ ਸਿੱਧਾ ਸਟੇਸ਼ਨ ਮਾਸਟਰ ਦੇ ਕੋਲ ਗਿਆ ਅਤੇ ਉਨ੍ਹਾਂ ਨੂੰ ਚੰਦੇ ਲਈ ਬੇਨਤੀ ਕਰਨ ਲੱਗਾ। ਸਟੇਸ਼ਨ ਮਾਸਟਰ ਨੇ ਉਸ ਨੂੰ ਸਲਾਹ ਦਿੱਤੀ ਕਿ ਤੁਸੀਂ ਇਥੋਂ ਦੇ ਮਾਮਲੇਦਾਰ ਕੋਲ ਜਾਉ ਅਤੇ ਉਨ੍ਹਾਂ ਦੀ ਮਦਦ ਨਾਲ ਹੀ ਜਿੰਨਾ ਚਾਹੀਦਾ ਓਨਾ ਚੰਦਾ ਪ੍ਰਾਪਤ ਕਰ ਸਕੋਗੇ। ਠੀਕ ਉਸੇ ਵੇਲੇ ਮਾਮਲੇਦਾਰ ਵੀ ਉਥੇ ਆ ਗਏ। ਤਾਂ ਸਟੇਸ਼ਨ ਮਾਸਟਰ ਨੇ ਸੰਨਿਆਸੀ ਦੀ ਪਹਿਚਾਣ ਉਨ੍ਹਾਂ ਨਾਲ ਕਰਾਈ ਅਤੇ ਉਹ ਦੋਵੇਂ ਸਟੇਸ਼ਨ ਦੇ ਪਲੇਟਫਾਰਮ 'ਤੇ ਬੈਠ ਕੇ ਗੱਲਬਾਤ ਕਰਦੇ ਰਹੇ। ਮਾਮਲੇਦਾਰ ਨੇ ਦੱਸਿਆ ਕਿ ਇਥੋਂ ਦੇ ਮੁੱਖ ਸ਼ਹਿਰੀ ਸ੍ਰੀ ਰਾਵ ਸਾਹਿਬ ਨਰੋਤਮ ਸੇਠ ਨੇ ਧਾਰਮਿਕ ਕੰਮਾਂ ਦੇ ਲਈ ਚੰਦਾ ਇਕੱਠਾ ਕਰਨ ਦੀ ਇਕ ਸੂਚੀ ਬਣਾਈ ਹੈ। ਇਸ ਲਈ ਹੁਣ ਇਕ ਹੋਰ ਦੂਜੀ ਸੂਚੀ ਬਣਾਉਣਾ ਕੁਝ ਠੀਕ ਨਹੀਂ ਲੱਗਦਾ। ਇਸ ਲਈ ਚੰਗਾ ਤਾਂ ਇਹੀ ਹੋਏਗਾ ਕਿ ਤੁਸੀਂ ਦੋ-ਚਾਰ ਮਹੀਨੇ ਬਾਅਦ ਫੇਰ ਇਥੇ ਦਰਸ਼ਨ ਦਿਉ। ਇਹ ਸੁਣ ਕੇ ਸੰਨਿਆਸੀ ਉਥੋਂ ਚਲਾ ਗਿਆ ਅਤੇ ਇਕ ਮਹੀਨੇ ਬਾਅਦ ਸ੍ਰੀ ਦੇਵ ਦੇ ਘਰ ਦੇ ਸਾਹਮਣੇ ਟਾਂਗੇ ਵਿਚੋਂ ਉਤਰਿਆ। ਤਾਂ ਉਸ ਨੂੰ ਦੇਖ ਕੇ ਦੇਵ ਨੇ ਮਨ ਹੀ ਮਨ ਸੋਚਿਆ ਕਿ ਉਹ ਚੰਦਾ ਮੰਗਣ ਹੀ ਆਇਆ ਹੈ। ਉਸ ਨੇ ਸ੍ਰੀ ਦੇਵ ਨੂੰ ਕੰਮ 'ਚ ਲਗੇ ਦੇਖ ਕੇ ਉਨ੍ਹਾਂ ਨੂੰ ਕਿਹਾ, "ਸ੍ਰੀਮਾਨ! ਮੈਂ ਚੰਦੇ ਲਈ ਨਹੀਂ, ਬਲਕਿ ਭੋਜਨ ਕਰਨ ਦੇ ਲਈ ਆਇਆ ਹਾਂ।" ਦੇਵ ਨੇ ਕਿਹਾ, "ਬਹੁਤ ਖੁਸ਼ੀ ਦੀ ਗੱਲ ਹੈ, ਤੁਹਾਡਾ ਖੁਸ਼ੀ ਨਾਲ ਸੁਆਗਤ ਹੈ।"

ਸੰਨਿਆਸੀ—ਮੇਰੇ ਨਾਲ ਦੋ ਬਾਲਕ ਹੋਰ ਹਨ।

ਦੇਵ-ਕ੍ਰਿਪਾ ਕਰਕੇ ਉਨ੍ਹਾਂ ਨੂੰ ਵੀ ਨਾਲ ਲੈ ਆਉ।

ਭੋਜਨ ਵਿਚ ਹਾਲੇ ਦੋ ਘੰਟੇ ਦੀ ਦੇਰੀ ਹੈ। ਇਸ ਲਈ ਦੇਵ ਨੇ ਪੁੱਛਿਆ—ਜੇ ਆਗਿਆ ਹੋਵੇ ਤਾਂ ਮੈਂ ਕਿਸੇ ਨੂੰ ਉਨ੍ਹਾਂ ਨੂੰ ਬੁਲਾਉਣ ਲਈ ਭੇਜ ਦੇਵਾਂ।

ਸੰਨਿਆਸੀ—ਤੁਸੀਂ ਚਿੰਤਾ ਨਾ ਕਰੋ, ਮੈਂ ਠੀਕ ਵਕਤ 'ਤੇ ਹਾਜ਼ਰ ਹੋ ਜਾਵਾਂਗਾ। ਦੇਵ ਨੇ ਉਨ੍ਹਾਂ ਨੂੰ ਦੁਪਹਿਰ ਨੂੰ ਪਧਾਰਨ ਦੀ ਬੇਨਤੀ ਕੀਤੀ। ਠੀਕ 12 ਵਜੇ ਉਹ ਤਿੰਨੋਂ ਉਥੇ ਪਹੁੰਚੇ ਅਤੇ ਭੋਜ ਵਿਚ ਸ਼ਾਮਿਲ ਹੋ ਕੇ ਭੋਜਨ ਕਰਕੇ ਉਥੋਂ ਚਲੇ ਗਏ।

ਉਤਸਵ ਖ਼ਤਮ ਹੋਣ 'ਤੇ ਦੇਵ ਨੇ ਬਾਪੂ ਸਾਹਿਬ ਜੋਗ ਨੂੰ ਖ਼ਤ ਵਿਚ ਗਿਲਾ ਕਰਦੇ ਹੋਏ ਬਾਬਾ 'ਤੇ ਵਚਨ ਭੰਗ ਕਰਨ ਦਾ ਇਲਜ਼ਾਮ ਲਗਾਇਆ। ਜੋਗ ਉਹ ਖ਼ਤ ਲੈ ਕੇ ਬਾਬਾ ਕੋਲ ਗਏ, ਪਰ ਖ਼ਤ ਪੜ੍ਹਨ ਤੋਂ ਪਹਿਲਾਂ ਹੀ ਬਾਬਾ ਉਨ੍ਹਾਂ ਨੂੰ ਕਹਿਣ ਲਗੇ, "ਅਰੇ! ਮੈਂ ਉਥੇ ਜਾਣ ਦਾ ਵਚਨ ਦਿੱਤਾ ਸੀ ਤਾਂ ਮੈਂ ਉਸ ਨੂੰ ਧੋਖਾ ਨਹੀਂ ਦਿੱਤਾ। ਉਸ ਨੂੰ ਖ਼ਬਰ ਕਰੋ ਕਿ ਮੈਂ ਹੋਰ ਦੋ ਆਦਮੀਆਂ ਨਾਲ ਭੋਜਨ ਵਿਚ ਹਾਜ਼ਰ ਸੀ, ਪਰ ਜਦੋਂ ਉਹ ਮੈਨੂੰ ਪਹਿਚਾਣ ਹੀ ਨਹੀਂ ਸਕਿਆ ਤਾਂ ਸੱਦਾ ਦੇਣ ਦੀ ਤਕਲੀਫ਼ ਹੀ ਕਿਉਂ ਕੀਤੀ? ਉਸ ਨੂੰ ਲਿਖੋ ਕਿ ਉਸ ਨੇ ਸੋਚਿਆ ਹੋਏਗਾ ਕਿ ਉਹ ਸੰਨਿਆਸੀ ਚੰਦਾ ਮੰਗਣ ਆਇਆ ਹੈ। ਪਰ ਕੀ ਮੈਂ ਉਸ ਦਾ ਸ਼ੱਕ ਦੂਰ ਨਹੀਂ ਕਰ ਦਿੱਤਾ ਸੀ ਕਿ ਦੋ ਹੋਰ ਆਦਮੀਆਂ ਦੇ ਨਾਲ ਮੈਂ ਭੋਜਨ ਲਈ ਆਵਾਂਗਾ, ਕੀ ਉਹ ਤ੍ਰਿਮੂਰਤੀਆਂ ਠੀਕ ਵਕਤ 'ਤੇ ਭੋਜ ਵਿਚ ਸ਼ਾਮਿਲ ਨਹੀਂ ਹੋਈਆਂ? ਦੇਖੋ!

।" ਇਸ ਜਵਾਬ ਨਾਲ ਜੋਗ ਦੇ ਦਿਲ ਵਿਚ ਬਹੁਤ ਖ਼ੁਸ਼ੀ ਹੋਈ ਅਤੇ ਉਨ੍ਹਾਂ ਨੇ ਪੂਰਾ ਜਵਾਬ ਲਿਖ ਕੇ ਦੇਵ ਨੂੰ ਭੇਜ ਦਿੱਤਾ। ਜਦੋਂ ਦੇਵ ਨੇ ਜਵਾਬ ਪੜ੍ਹਿਆ ਤਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀਆਂ ਧਾਰਾਂ ਵਗਣ ਲਗੀਆਂ। ਉਨ੍ਹਾਂ ਨੂੰ ਆਪਣੇ-ਆਪ 'ਤੇ ਬੜਾ ਗੁੱਸਾ ਆ ਰਿਹਾ ਸੀ ਕਿ ਮੈਂ ਐਵੇਂ ਹੀ ਬਾਬਾ 'ਤੇ ਇਲਜ਼ਾਮ ਲਗਾਇਆ। ਉਹ ਹੈਰਾਨ ਜਿਹੇ ਹੋ ਗਏ ਕਿ ਕਿਸ ਤਰ੍ਹਾਂ ਮੈਂ ਸੰਨਿਆਸੀ ਦੀ ਪਹਿਲੀ ਯਾਤਰਾ ਤੋਂ ਧੋਖਾ ਖਾਧਾ, ਜਿਹੜਾ ਕਿ ਚੰਦਾ ਮੰਗਣ ਆਇਆ ਸੀ ਅਤੇ ਸੰਨਿਆਸੀ ਦੇ ਸ਼ਬਦਾਂ ਦਾ ਅਰਥ ਵੀ ਨਾ ਸਮਝ ਸਕਿਆ ਕਿ "ਹੋਰ ਦੋ ਆਦਮੀਆਂ ਦੇ ਨਾਲ ਮੈਂ ਭੋਜਨ 'ਤੇ ਆਵਾਂਗਾ।"

ਇਸ ਕਥਾ ਤੋਂ ਪਤਾ ਲਗਦਾ ਹੈ ਕਿ

।

ਹੁਣ ਅਸੀਂ ਦੂਜੀ ਕਥਾ, ਜਿਸ ਵਿਚ ਦੱਸਿਆ ਗਿਆ ਹੈ ਕਿ ਬਾਬਾ ਨੇ ਕਿਸ ਤਰ੍ਹਾਂ ਤਸਵੀਰ ਦੇ ਰੂਪ ਵਿਚ ਪ੍ਰਗਟ ਹੋ ਕੇ ਆਪਣੇ ਭਗਤਾਂ ਦੀ ਇੱਛਾ ਪੂਰੀ ਕੀਤੀ।

ਸੰਨ 1917 ਵਿਚ ਹੋਲੀ ਵਾਲੇ ਦਿਨ ਹੇਮਾਂਡਪੰਤ ਨੂੰ ਇਕ ਸੁਪਨਾ ਆਇਆ। ਬਾਬਾ ਉਨ੍ਹਾਂ ਨੂੰ ਇਕ ਸੰਨਿਆਸੀ ਦੇ ਭੇਸ ਵਿਚ ਦਿਸੇ ਅਤੇ ਉਨ੍ਹਾਂ ਨੇ ਹੇਮਾਂਡਪੰਤ ਨੂੰ ਜਗਾ ਕੇ ਕਿਹਾ, "ਮੈਂ ਅੱਜ ਦੁਪਹਿਰ ਨੂੰ ਤੁਹਾਡੇ ਘਰ ਭੋਜਨ ਕਰਨ ਆਵਾਂਗਾ।" ਜਗਾਉਣਾ ਵੀ ਸੁਪਨੇ ਦਾ ਇਕ ਹਿੱਸਾ ਹੀ ਸੀ। ਪਰ ਜਦੋਂ ਉਨ੍ਹਾਂ ਦੀ ਨੀਂਦ ਸੱਚਮੁਚ ਖੁੱਲ੍ਹੀ ਤਾਂ ਉਨ੍ਹਾਂ ਨੂੰ ਨਾ ਤਾਂ ਬਾਬਾ ਅਤੇ ਨਾ ਹੀ ਕੋਈ ਹੋਰ ਸੰਨਿਆਸੀ ਹੀ ਦਿਸਿਆ। ਉਹ ਆਪਣੀ ਯਾਦ ਦੁੜਾਉਣ ਲੱਗੇ ਅਤੇ ਹੁਣ ਉਨ੍ਹਾਂ ਨੂੰ ਸੰਨਿਆਸੀ ਦੇ ਹਰੇਕ ਸ਼ਬਦ ਦੀ ਯਾਦ ਆ ਗਈ। ਭਾਵੇਂ ਉਹ ਬਾਬਾ ਦੀ ਸੰਗਤ ਦਾ ਲਾਭ ਪਿੱਛਲੇ ਸੱਤ ਸਾਲਾਂ ਤੋਂ ਉਠਾ ਰਹੇ ਸੀ ਅਤੇ ਉਨ੍ਹਾਂ ਦਾ ਹੀ ਲਗਾਤਾਰ ਧਿਆਨ

ਕਰਦੇ ਸੀ, ਪਰ ਇਹ ਕਦੀ ਵੀ ਆਸ ਨਹੀਂ ਸੀ ਕਿ ਬਾਬਾ ਕਦੀ ਉਨ੍ਹਾਂ ਦੇ ਘਰ ਪਧਾਰ ਕੇ ਭੋਜਨ ਕਰਕੇ ਉਨ੍ਹਾਂ ਨੂੰ ਸੰਤੁਸ਼ਟ ਕਰਨਗੇ। ਬਾਬਾ ਦੇ ਸ਼ਬਦਾਂ ਨਾਲ ਬਹੁਤ ਖੁਸ਼ ਹੋ ਕੇ ਉਹ ਆਪਣੀ ਪਤਨੀ ਕੋਲ ਗਏ ਅਤੇ ਕਿਹਾ, "ਅੱਜ ਹੋਲੀ ਦਾ ਦਿਨ ਹੈ। ਇਕ ਸੰਨਿਆਸੀ ਮਹਿਮਾਨ ਭੋਜਨ ਲਈ ਸਾਡੇ ਘਰ ਪਧਾਰਨਗੇ। ਇਸ ਲਈ ਚੌਲ ਥੋੜ੍ਹੇ ਜ਼ਿਆਦਾ ਬਣਾਉਣਾ।" ਉਨ੍ਹਾਂ ਦੀ ਪਤਨੀ ਨੇ ਮਹਿਮਾਨ ਬਾਰੇ ਪੁੱਛਗਿੱਛ ਕੀਤੀ ਤਾਂ ਜਵਾਬ ਵਿਚ ਹੇਮਾਂਡਪੰਤ ਨੇ ਗੱਲ ਗੁਪਤ ਨਾ ਰੱਖ ਕੇ ਸੁਪਨੇ ਦੀ ਗੱਲ ਸੱਚ-ਸੱਚ ਦੱਸ ਦਿੱਤੀ। ਤਾਂ ਉਹ ਪੁੱਛਣ ਲਗੀ ਕਿ ਕੀ ਇਹ ਵੀ ਕਦੀ ਸੰਭਵ ਹੈ ਕਿ ਉਹ ਸ਼ਿਰਡੀ ਦੇ ਉੱਤਮ ਭੋਜਨ ਛੱਡ ਕੇ ਏਨੀ ਦੂਰ ਬਾਂਦਰਾ ਵਿਚ ਸਾਡਾ ਰੁਖਾ-ਸੁੱਕਾ ਭੋਜਨ ਕਰਨ ਲਈ ਪਧਾਰਨਗੇ? ਹੇਮਾਂਡਪੰਤ ਨੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੇ ਲਈ ਕੀ ਸੰਭਵ ਨਹੀਂ ਹੈ। ਹੋ ਸਕਦਾ ਹੈ, ਉਹ ਆਪ ਨਾ ਆਉਣ ਅਤੇ ਕੋਈ ਹੋਰ ਸਰੂਪ ਧਾਰਨ ਕਰਕੇ ਇਥੇ ਪਧਾਰਨ। ਇਸ ਕਰਕੇ ਥੋੜ੍ਹੇ ਜ਼ਿਆਦਾ ਚੌਲ ਬਣਾਉਣ ਵਿਚ ਕੀ ਨੁਕਸਾਨ ਹੈ? ਇਸ ਦੇ ਬਾਅਦ ਭੋਜਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਹੋਲੀ ਦੀ ਪੂਜਾ ਸ਼ੁਰੂ ਹੋ ਗਈ ਅਤੇ ਪਤਲਾਂ ਵਿਛਾ ਕੇ ਉਨ੍ਹਾਂ ਦੇ ਚਾਰੇ ਪਾਸੇ ਰੰਗੋਲੀ ਪਾ ਦਿੱਤੀ ਗਈ। ਦੋ ਪੰਗਤਾਂ ਬਣਾਈਆਂ ਗਈਆਂ ਅਤੇ ਵਿਚਕਾਰ ਮਹਿਮਾਨ ਦੇ ਲਈ ਥਾਂ ਛੱਡ ਦਿੱਤੀ ਗਈ। ਘਰ ਦੇ ਸਾਰੇ ਜਣੇ—ਪੁੱਤਰ, ਪੋਤਰੇ, ਧੀਆਂ ਅਤੇ ਜਵਾਈ ਵਗੈਰਾ ਆਪਣੀ-ਆਪਣੀ ਥਾਂ 'ਤੇ ਬੈਠ ਗਏ ਅਤੇ ਭੋਜਨ ਪਰੋਸਣਾ ਵੀ ਸ਼ੁਰੂ ਹੋ ਗਿਆ। ਜਦੋਂ ਭੋਜਨ ਪਰੋਸਿਆ ਜਾ ਰਿਹਾ ਸੀ ਤਾਂ ਹਰੇਕ ਆਦਮੀ ਉਸ ਅਨਜਾਣ ਮਹਿਮਾਨ ਦੀ ਬੇਚੈਨੀ ਨਾਲ ਰਾਹ ਦੇਖ ਰਿਹਾ ਸੀ। ਜਦੋਂ ਦੁਪਹਿਰ ਵੀ ਹੋ ਗਈ ਅਤੇ ਕੋਈ ਵੀ ਨਾ ਆਇਆ ਤਾਂ ਦਰਵਾਜ਼ਾ ਬੰਦ ਕਰਕੇ ਕੁੰਡੀ ਲਾ ਦਿੱਤੀ ਗਈ। ਅੰਨ ਸ਼ੁਧੀ ਲਈ ਘਿਉ ਵੰਡਿਆ ਗਿਆ, ਜਿਹੜਾ ਕਿ ਭੋਜਨ ਸ਼ੁਰੂ ਕਰਨ ਦਾ ਇਸ਼ਾਰਾ ਹੈ। ਅਗਨੀ ਨੂੰ ਆਹੂਤੀ ਦੇ ਕੇ ਸ੍ਰੀ ਕ੍ਰਿਸ਼ਨ ਨੂੰ ਨੈਵੇਦ ਅਰਪਣ ਕੀਤਾ ਗਿਆ। ਫੇਰ ਸਭ ਲੋਕ ਜਿਵੇਂ ਹੀ ਭੋਜਨ ਸ਼ੁਰੂ ਕਰਨ ਵਾਲੇ ਸੀ ਕਿ ਏਨੇ ਨੂੰ ਪੌੜੀਆਂ 'ਤੇ ਕਿਸੇ ਦੇ ਚੜ੍ਹਨ ਦੀ ਆਵਾਜ਼ ਆਉਣ ਲੱਗੀ। ਹੇਮਾਂਡਪੰਤ ਨੇ ਜਲਦੀ ਨਾਲ ਉਠ ਕੇ ਕੁੰਡੀ ਖੋਲ੍ਹੀ ਅਤੇ ਦੋ ਆਦਮੀਆਂ—1) ਅਲੀ ਮੁਹੰਮਦ ਅਤੇ 2) ਮੌਲਾਨਾ ਇਸਮੂ ਮੁਜ਼ਾਵਰ ਨੂੰ ਦਰਵਾਜ਼ੇ 'ਤੇ ਖੜੇ ਦੇਖਿਆ। ਇਨ੍ਹਾਂ ਲੋਕਾਂ ਨੇ ਜਦੋਂ ਦੇਖਿਆ ਕਿ ਭੋਜਨ ਪਰੋਸਿਆ ਜਾ ਚੁੱਕਾ ਹੈ ਅਤੇ ਸਿਰਫ਼ ਸ਼ੁਰੂ ਕਰਨਾ ਹੀ ਬਾਕੀ ਹੈ ਤਾਂ ਉਨ੍ਹਾਂ ਨੇ ਨਿਮਰ ਭਾਵ ਵਿਚ ਕਿਹਾ ਕਿ ਤੁਹਾਨੂੰ ਬੜੀ ਤਕਲੀਫ਼ ਹੋਈ। ਇਸ ਲਈ ਅਸੀਂ ਮਾਫ਼ੀ ਚਾਹੁੰਦੇ ਹਾਂ। ਤੁਸੀਂ ਆਪਣੀ ਥਾਲੀ ਛੱਡ ਕੇ ਦੌੜ੍ਹੇ ਆਏ ਹੋ ਅਤੇ ਬਾਕੀ ਲੋਕ ਵੀ ਤੁਹਾਡੀ ਉਡੀਕ ਵਿਚ ਹਨ, ਇਸ ਲਈ ਤੁਸੀਂ ਆਪਣੀ ਅਮਾਨਤ ਸੰਭਾਲੋ। ਇਸ ਦੇ ਬਾਰੇ 'ਚ ਹੈਰਾਨੀਜਨਕ ਘਟਨਾ ਕਿਸੇ ਹੋਰ ਮੌਕੇ 'ਤੇ ਸੁਣਾਵਾਂਗੇ—ਇਵੇਂ ਕਹਿ ਕੇ ਉਨ੍ਹਾਂ ਨੇ ਪੁਰਾਣੇ ਅਖ਼ਬਾਰਾਂ ਵਿਚ ਲਪੇਟਿਆ ਹੋਇਆ ਇਕ ਪੈਕਟ ਕੱਢ ਕੇ ਉਸ ਨੂੰ ਖੋਲ੍ਹ ਕੇ ਮੇਜ਼ ਉੱਪਰ ਰੱਖ ਦਿੱਤਾ। ਕਾਗਜ਼ ਨੂੰ ਜਿਵੇਂ ਹੀ ਹੇਮਾਂਡਪੰਤ ਨੇ ਹਟਾਇਆ ਤਾਂ ਉਨ੍ਹਾਂ ਨੂੰ ਬਾਬਾ ਦੀ ਇਕ ਵੱਡੀ ਸੁੰਦਰ ਤਸਵੀਰ ਦੇਖ ਕੇ ਬਹੁਤ ਹੈਰਾਨੀ ਹੋਈ। ਬਾਬਾ ਦੀ ਤਸਵੀਰ ਦੇਖ ਕੇ ਉਹ ਭਾਵੁਕ ਹੋ ਗਏ। ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਵਗਣ ਲੱਗੀ ਅਤੇ ਉਨ੍ਹਾਂ ਦੇ ਸਾਰੇ ਸਰੀਰ 'ਤੇ ਖੁਸ਼ੀ ਨਾਲ ਲੂੰ ਕੰਡੇ ਖੜੇ ਹੋ ਗਏ। ਉਨ੍ਹਾਂ ਦਾ ਸਿਰ ਬਾਬਾ ਦੇ ਸ੍ਰੀ ਚਰਣਾਂ 'ਤੇ ਝੁਕ ਗਿਆ। ਉਹ

ਸੋਚਣ ਲਗੇ ਕਿ ਬਾਬਾ ਨੇ ਇਸ ਲੀਲ੍ਹਾ ਦੇ ਰੂਪ ਵਿਚ ਹੀ ਮੈਨੂੰ ਆਸ਼ੀਰਵਾਦ ਦਿੱਤਾ ਹੈ। ਹੈਰਾਨੀ ਨਾਲ ਉਨ੍ਹਾਂ ਨੇ ਅਲੀ ਮੁਹੰਮਦ ਨੂੰ ਸੁਆਲ ਕੀਤਾ ਕਿ ਬਾਬਾ ਦੀ ਇਹ ਮਨੋਹਰ ਤਸਵੀਰ ਤੁਹਾਨੂੰ ਕਿਥੋਂ ਮਿਲੀ? ਉਨ੍ਹਾਂ ਨੇ ਦੱਸਿਆ ਕਿ ਮੈਂ ਇਕ ਦੁਕਾਨ ਤੋਂ ਖ਼ਰੀਦੀ ਸੀ। ਇਸ ਦਾ ਪੂਰਾ ਵਿਸਥਾਰ ਮੈਂ ਕਿਸੇ ਹੋਰ ਵੇਲੇ ਦੱਸਾਂਗਾ। ਕ੍ਰਿਪਾ ਕਰਕੇ ਭੋਜਨ ਕਰੋ, ਕਿਉਂਕਿ ਸਾਰੇ ਤੁਹਾਡੀ ਉਡੀਕ ਕਰ ਰਹੇ ਹਨ। ਹੇਮਾਂਡਪੰਤ ਨੇ ਉਨ੍ਹਾਂ ਦਾ ਧੰਨਵਾਦ ਕਰਕੇ ਨਮਸਕਾਰ ਕੀਤਾ ਅਤੇ ਭੋਜਨ ਵਾਲੀ ਥਾਂ 'ਤੇ ਆ ਕੇ ਮਹਿਮਾਨ ਦੀ ਥਾਂ 'ਤੇ ਤਸਵੀਰ ਨੂੰ ਵਿਚਕਾਰ ਰੱਖਿਆ ਅਤੇ ਵਿਧੀ ਨਾਲ ਨੈਵੇਦ ਅਰਪਣ ਕੀਤਾ। ਸਾਰੇ ਲੋਕਾਂ ਨੇ ਠੀਕ ਵਕਤ 'ਤੇ ਭੋਜਨ ਸ਼ੁਰੂ ਕੀਤਾ। ਤਸਵੀਰ ਵਿਚ ਬਾਬਾ ਦਾ ਸੁੰਦਰ ਮਨੋਹਰ ਰੂਪ ਦੇਖ ਕੇ ਹਰੇਕ ਆਦਮੀ ਨੂੰ ਪ੍ਰਸੰਨਤਾ ਹੋਈ ਅਤੇ ਇਸ ਘਟਨਾ 'ਤੇ ਹੈਰਾਨੀ ਵੀ ਹੋਈ ਕਿ ਉਹ ਸਭ ਕਿਵੇਂ ਹੋਇਆ? ਇਸ ਤਰ੍ਹਾਂ ਬਾਬਾ ਨੇ ਹੇਮਾਂਡਪੰਤ ਨੂੰ ਸੁਪਨੇ ਵਿਚ ਦਿੱਤੇ ਆਪਣੇ ਵਚਨਾਂ ਨੂੰ ਪੂਰਾ ਕੀਤਾ।

ਇਸ ਤਸਵੀਰ ਦੀ ਕਥਾ ਦਾ ਪੂਰਾ ਵਿਸਥਾਰ, ਭਾਵ ਅਲੀ ਮੁਹੰਮਦ ਨੂੰ ਤਸਵੀਰ ਕਿਵੇਂ ਮਿਲੀ ਅਤੇ ਕਿਸ ਕਰਕੇ ਉਨ੍ਹਾਂ ਨੇ ਉਸ ਨੂੰ ਲਿਆ ਕੇ ਹੇਮਾਂਡਪੰਤ ਨੂੰ ਭੇਟ ਕੀਤੀ। ਇਸ ਦਾ ਵਰਨਣ ਅਗਲੇ ਅਧਿਆਇ ਵਿਚ ਕੀਤਾ ਜਾਏਗਾ।





# ॥ ਅਧਿਆਇ-41 ॥

***ਤਸਵੀਰ ਦੀ ਕਥਾ, ਚਿਥੜਿਆਂ ਦੀ ਚੋਰੀ ਅਤੇ ਗਿਆਨੇਸ਼ਵਰੀ ਦੇ ਪਾਠ ਦੀ ਕਥਾ।***

ਪਿੱਛਲੇ ਅਧਿਆਇ ਵਿਚ ਵਰਨਣ ਘਟਨਾ ਦੇ ਨੌ ਸਾਲ ਬਾਅਦ ਅਲੀ ਮੁਹੰਮਦ ਹੇਮਾਂਡਪੰਤ ਨੂੰ ਮਿਲੇ ਅਤੇ ਉਸ ਨੇ ਪਿਛਲੀ ਕਥਾ ਹੇਠ ਲਿਖੇ ਰੂਪ ਵਿਚ ਸੁਣਾਈ—

"ਇਕ ਦਿਨ ਬੰਬਈ ਵਿਚ ਘੁੰਮਦੇ-ਫਿਰਦੇ ਮੈਂ ਇਕ ਦੁਕਾਨਦਾਰ ਕੋਲੋਂ ਬਾਬਾ ਦੀ ਤਸਵੀਰ ਖ਼ਰੀਦੀ। ਉਸ ਨੂੰ ਫਰੇਮ ਕਰਾਇਆ ਅਤੇ ਆਪਣੇ ਘਰ (ਬੰਬਈ ਦੀ ਬਸਤੀ ਵਿਚ) ਲਿਆ ਕੇ ਕੰਧ 'ਤੇ ਲਗਾ ਦਿੱਤਾ। ਮੈਨੂੰ ਬਾਬਾ ਨਾਲ ਸੁਭਾਵਿਕ ਪ੍ਰੇਮ ਸੀ। ਇਸ ਲਈ ਮੈਂ ਹਰ ਰੋਜ਼ ਉਨ੍ਹਾਂ ਦਾ ਸ੍ਰੀਦਰਸ਼ਨ ਕਰਦਾ ਸੀ। ਜਦੋਂ ਮੈਂ ਤੁਹਾਨੂੰ (ਹੇਮਾਂਡਪੰਤ) ਉਹ ਤਸਵੀਰ ਭੇਟ ਕੀਤੀ, ਉਸ ਤੋਂ ਤਿੰਨ ਮਹੀਨੇ ਪਹਿਲਾਂ ਮੇਰੇ ਪੈਰ 'ਚ ਸੋਜ ਹੋਣ ਦੇ ਕਾਰਨ ਆਪਰੇਸ਼ਨ ਵੀ ਹੋਇਆ ਸੀ। ਮੈਂ ਆਪਣੇ ਸਾਲੇ ਨੂਰ ਮੁਹੰਮਦ ਦੇ ਘਰ ਪਿਆ ਸੀ। ਮੇਰੇ ਆਪਣੇ ਘਰ ਤਿੰਨ ਮਹੀਨੇ ਤੋਂ ਤਾਲਾ ਲਗਿਆ ਸੀ ਅਤੇ ਉਸ ਵੇਲੇ ਉਥੇ ਕੋਈ ਨਹੀਂ ਸੀ। ਸਿਰਫ਼ ਪ੍ਰਸਿੱਧ ਬਾਬਾ ਅਬਦੁਲ ਰਹਿਮਾਨ, ਮੌਲਾਨਾ ਸਾਹਿਬ, ਮੁਹੰਮਦ ਹੁਸੈਨ, ਸਾਈਂਬਾਬਾ ਅਤੇ ਹੋਰ ਸੰਤ ਤਸਵੀਰਾਂ ਦੇ ਰੂਪ ਵਿਚ ਹੀ ਉਥੇ ਬਿਰਾਜਮਾਨ ਸੀ, ਪਰ ਕਾਲ-ਚੱਕਰ ਨੇ ਉਨ੍ਹਾਂ ਨੂੰ ਵੀ ਨਹੀਂ ਛੱਡਿਆ। ਮੈਂ ਉਥੇ (ਬੰਬਈ) ਬਿਮਾਰ ਪਿਆ ਸੀ ਤਾਂ ਫੇਰ ਮੇਰੇ ਘਰ ਵਿਚ ਉਨ੍ਹਾਂ ਲੋਕਾਂ (ਤਸਵੀਰਾਂ) ਨੂੰ ਤਕਲੀਫ਼ ਕਿਉਂ ਹੋਵੇ ? ਏਦਾਂ ਸਮਝ ਵਿਚ ਆਉਂਦਾ ਹੈ ਕਿ ਉਹ ਵੀ ਆਵਾਗਮਨ (ਜਨਮ ਅਤੇ ਮੌਤ) ਦੇ ਚੱਕਰ ਤੋਂ ਮੁਕਤ ਨਹੀਂ ਹਨ। ਹੋਰ ਤਸਵੀਰਾਂ ਦੀ ਗਤੀ ਤਾਂ ਉਨ੍ਹਾਂ ਦੀ ਕਿਸਮਤ ਮੁਤਾਬਿਕ ਹੀ ਹੋਈ, ਪਰ ਸਿਰਫ਼ ਸ੍ਰੀ ਸਾਈਂਬਾਬਾ ਦੀ ਹੀ ਤਸਵੀਰ ਕਿਵੇਂ ਬਚ ਗਈ, ਇਸ ਦਾ ਭੇਦ ਅਜੇ ਤਕ ਕੋਈ ਨਹੀਂ ਜਾਣ ਸਕਿਆ। ਇਸ ਤੋਂ ਸ੍ਰੀ ਸਾਈਂਬਾਬਾ ਦੀ ਸਰਵਵਿਆਪਕਤਾ ਅਤੇ ਉਨ੍ਹਾਂ ਦੀ ਬੇਅੰਤ ਸ਼ਕਤੀ ਦਾ ਪਤਾ ਲੱਗਦਾ ਹੈ।"

"ਕੁਝ ਸਾਲ ਪਹਿਲਾਂ ਮੈਨੂੰ ਮੁਹੰਮਦ ਹੁਸੈਨ ਥਾਰਿਆ ਟੋਪਣ ਕੋਲੋਂ ਸੰਤ ਬਾਬਾ ਅਬਦੁਲ ਰਹਿਮਾਨ ਦੀ ਤਸਵੀਰ ਮਿਲੀ ਸੀ, ਜਿਹੜੀ ਮੈਂ ਆਪਣੇ ਸਾਲੇ ਨੂਰ ਮੁਹੰਮਦ ਪੀਰਭਾਈ ਨੂੰ ਦੇ ਦਿੱਤੀ, ਜਿਹੜੀ ਪਿੱਛਲੇ ਅੱਠ ਸਾਲਾਂ ਤੋਂ ਉਸ ਦੀ ਮੇਜ਼ 'ਤੇ ਪਈ ਸੀ। ਇਕ ਦਿਨ ਉਸਦੀ ਨਜ਼ਰ ਇਸ ਤਸਵੀਰ 'ਤੇ ਪਈ, ਤਾਂ ਉਸ ਨੇ ਉਹ ਫ਼ੋਟੋਗ੍ਰਾਫ਼ਰ ਦੇ ਕੋਲ ਲੈ ਜਾ ਕੇ ਉਸਦੀ ਵੱਡੀ ਤਸਵੀਰ ਬਣਵਾਈ ਅਤੇ ਉਸ ਦੀਆਂ ਕਾਪੀਆਂ ਆਪਣੇ ਕਈ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਵੰਡੀਆਂ। ਉਨ੍ਹਾਂ ਵਿਚੋਂ ਇਕ ਕਾਪੀ ਮੈਨੂੰ ਮਿਲੀ ਸੀ, ਜਿਸ ਨੂੰ ਮੈਂ ਆਪਣੇ ਘਰ ਦੀ ਕੰਧ 'ਤੇ ਲਗਾਇਆ ਸੀ। ਨੂਰ ਮੁਹੰਮਦ ਸੰਤ ਅਬਦੁਲ ਰਹਿਮਾਨ ਦਾ ਚੇਲਾ ਸੀ। ਜਦੋਂ ਸੰਤ ਅਬਦੁਲ ਰਹਿਮਾਨ ਸਾਹਿਬ ਦਾ ਆਮ ਦਰਬਾਰ ਲਗਾ ਹੋਇਆ ਸੀ, ਉਦੋਂ ਨੂਰ ਮੁਹੰਮਦ ਉਨ੍ਹਾਂ ਨੂੰ ਉਨ੍ਹਾਂ ਦੀ ਉਹ ਤਸਵੀਰ ਭੇਟ ਕਰਨ ਲਈ ਉਨ੍ਹਾਂ ਅੱਗੇ ਹਾਜ਼ਰ ਹੋਇਆ। ਤਸਵੀਰ ਨੂੰ ਦੇਖਦੇ ਹੀ ਉਹ ਬਹੁਤ ਗੁੱਸੇ ਵਿਚ ਨੂਰ ਮੁਹੰਮਦ ਨੂੰ ਮਾਰਨ ਲਈ ਦੌੜੇ ਅਤੇ ਉਸ ਨੂੰ ਬਾਹਰ ਕੱਢ ਦਿੱਤਾ। ਤਾਂ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਫੇਰ ਉਨ੍ਹਾਂ ਨੂੰ ਖ਼ਿਆਲ ਆਇਆ ਕਿ ਮੈਂ ਏਨੇ ਰੁਪਏ ਫ਼ਜ਼ੂਲ ਹੀ ਖ਼ਰਚ ਕੀਤੇ, ਜਿਸ ਦਾ ਨਤੀਜਾ

ਆਪਣੇ ਗੁਰੂ ਦੇ ਗੁੱਸੇ ਅਤੇ ਨਰਾਜ਼ਗੀ ਦਾ ਕਾਰਨ ਬਣਿਆ। ਉਨ੍ਹਾਂ ਦੇ ਗੁਰੂ ਮੂਰਤੀ ਪੂਜਾ ਦੇ ਖ਼ਿਲਾਫ਼ ਸੀ, ਇਸ ਲਈ ਉਹ ਹੱਥ ਵਿਚ ਤਸਵੀਰ ਲੈ ਕੇ ਅਪੋਲੋ ਬੰਦਰ ਪਹੁੰਚੇ ਅਤੇ ਇਕ ਬੇੜੀ ਕਿਰਾਏ 'ਤੇ ਲੈ ਕੇ ਸਮੁੰਦਰ ਵਿਚ ਉਹ ਤਸਵੀਰ ਪਰਵਾਹ ਕਰ ਆਏ। ਨੂਰ ਮੁਹੰਮਦ ਨੇ ਆਪਣੇ ਸਾਰੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਵੀ ਬੇਨਤੀ ਕਰਕੇ ਸਭ ਤਸਵੀਰਾਂ ਵਾਪਸ ਲੈ ਲਈਆਂ (ਕੁਲ 6 ਤਸਵੀਰਾਂ ਸੀ) ਅਤੇ ਇਕ ਮਛੇਰੇ ਦੇ ਹੱਥੋਂ ਬਾਂਦਰਾ ਦੇ ਕੋਲ ਸਮੁੰਦਰ ਵਿਚ ਪਰਵਾਹ ਕਰਾ ਦਿੱਤੀਆਂ।"

"ਇਸ ਵਕਤ ਮੈਂ ਆਪਣੇ ਸਾਲੇ ਦੇ ਘਰ ਵਿਚ ਹੀ ਸੀ। ਨੂਰ ਮੁਹੰਮਦ ਨੇ ਮੈਨੂੰ ਕਿਹਾ ਕਿ ਜੇ ਤੁਸੀਂ ਸੰਤਾਂ ਦੀਆਂ ਸਾਰੀਆਂ ਤਸਵੀਰਾਂ ਨੂੰ ਸਮੁੰਦਰ ਵਿਚ ਪਰਵਾਹ ਕਰਾ ਦਿਉਗੇ ਤਾਂ ਤੁਸੀਂ ਜਲਦੀ ਠੀਕ ਹੋ ਜਾਉਗੇ। ਇਹ ਸੁਣ ਕੇ ਮੈਂ ਮੈਨੇਜਰ ਮਹਿਤਾ ਨੂੰ ਆਪਣੇ ਘਰ ਭੇਜਿਆ ਅਤੇ ਉਸ ਜ਼ਰੀਏ ਘਰ ਵਿਚ ਲਗੀਆ ਹੋਈਆਂ ਸਾਰੀਆਂ ਤਸਵੀਰਾਂ ਨੂੰ ਸਮੁੰਦਰ ਵਿਚ ਸੁਟਵਾ ਦਿੱਤਾ। ਦੋ ਮਹੀਨੇ ਬਾਅਦ ਜਦੋਂ ਮੈਂ ਆਪਣੇ ਘਰ ਵਾਪਸ ਗਿਆ ਤਾਂ ਬਾਬਾ ਦੀ ਤਸਵੀਰ ਪਹਿਲਾਂ ਵਾਂਗ ਲਗੀ ਦੇਖ ਕੇ ਮੈਨੂੰ ਬਹੁਤ ਹੈਰਾਨੀ ਹੋਈ। ਮੈਂ ਸਮਝ ਨਹੀਂ ਸਕਿਆ ਕਿ ਮਹਿਤਾ ਨੇ ਬਾਕੀ ਸਭ ਤਸਵੀਰਾਂ ਤਾਂ ਕੱਢ ਕੇ ਪਰਵਾਹ ਕਰ ਦਿੱਤੀਆਂ, ਪਰ ਸਿਰਫ਼ ਇਹੀ ਤਸਵੀਰ ਕਿਵੇਂ ਬਚ ਗਈ? ਤਾਂ ਮੈਂ ਉਸੇ ਵੇਲੇ ਉਸ ਨੂੰ ਉਤਾਰ ਲਿਆ ਅਤੇ ਸੋਚਣ ਲਗਾ ਕਿ ਕਿਤੇ ਮੇਰੇ ਸਾਲੇ ਦੀ ਨਜ਼ਰ ਇਸ ਤਸਵੀਰ 'ਤੇ ਪੈ ਗਈ ਤਾਂ ਉਹ ਇਸ ਦਾ ਵੀ ਕੰਮ ਤਮਾਮ ਕਰ ਦੇਵੇਗਾ। ਜਦੋਂ ਮੈਂ ਇਵੇਂ ਸੋਚ ਰਿਹਾ ਸੀ ਕਿ ਕੌਣ ਇਸ ਤਸਵੀਰ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਰੱਖ ਸਕੇਗਾ, ਤਾਂ ਆਪ ਸ੍ਰੀ ਸਾਈਂਬਾਬਾ ਨੇ ਸੁਝਾਇਆ ਕਿ ਮੌਲਾਨਾ ਇਸਮੂ ਮੁਜ਼ਾਵਰ ਦੇ ਕੋਲ ਜਾ ਕੇ ਉਨ੍ਹਾਂ ਨਾਲ ਸਲਾਹ ਕਰੋ ਅਤੇ ਉਨ੍ਹਾਂ ਦੀ ਮਰਜ਼ੀ ਨਾਲ ਹੀ ਕੰਮ ਕਰੋ। ਮੈਂ ਮੌਲਾਨਾ ਸਾਹਿਬ ਨਾਲ ਮੁਲਾਕਾਤ ਕੀਤੀ ਅਤੇ ਸਾਰੀਆਂ ਗੱਲਾਂ ਉਨ੍ਹਾਂ ਨੂੰ ਦੱਸੀਆਂ। ਕੁਝ ਦੇਰ ਵਿਚਾਰ ਕਰਨ ਤੋਂ ਬਾਅਦ ਉਹ ਇਸ ਫ਼ੈਸਲੇ 'ਤੇ ਪੁੱਜੇ ਕਿ ਇਸ ਤਸਵੀਰ ਨੂੰ ਤੁਹਾਨੂੰ (ਹੇਮਾਂਡਪੰਤ) ਹੀ ਭੇਟ ਕਰਨਾ ਠੀਕ ਹੈ, ਕਿਉਂਕਿ ਸਿਰਫ਼ ਤੁਸੀਂ ਹੀ ਇਸ ਨੂੰ ਚੰਗੀ ਤਰ੍ਹਾਂ ਨਾਲ ਸੰਭਾਲਣ ਦੇ ਲਈ ਬਿਲਕੁਲ ਸਹੀ ਪਾਤਰ ਹੋ। ਤਾਂ ਅਸੀਂ ਦੋਵੇਂ ਤੁਹਾਡੇ ਘਰ ਆਏ ਅਤੇ ਠੀਕ ਵਕਤ 'ਤੇ ਹੀ ਇਹ ਤਸਵੀਰ ਤੁਹਾਨੂੰ ਭੇਟ ਕਰ ਦਿੱਤੀ। ਇਸ ਕਥਾ ਤੋਂ ਪਤਾ ਲਗਦਾ ਹੈ ਕਿ ਬਾਬਾ ਤ੍ਰਿਕਾਲ ਗਿਆਨੀ ਸੀ ਅਤੇ ਕਿੰਨੀ ਸਫ਼ਾਈ ਨਾਲ ਮਸਲੇ ਹੱਲ ਕਰਕੇ ਭਗਤਾਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਹੁੰਦੇ ਸੀ। ਹੇਠਾਂ ਲਿਖੀ ਕਥਾ ਇਸ ਗੱਲ ਦੀ ਨਿਸ਼ਾਨੀ ਹੈ ਕਿ ਅਧਿਆਤਮਿਕ ਜਗਿਆਸੂਆਂ 'ਤੇ ਬਾਬਾ ਕਿਸ ਤਰ੍ਹਾਂ ਸਨੇਹ ਰੱਖਦੇ ਅਤੇ ਕਿਵੇਂ ਉਨ੍ਹਾਂ ਦੀ ਤਕਲੀਫ਼ ਦੂਰ ਕਰਕੇ ਉਨ੍ਹਾਂ ਨੂੰ ਸੁੱਖ ਪਹੁੰਚਾਉਂਦੇ ਸੀ।

ਸ੍ਰੀ ਬੀ.ਵੀ. ਦੇਵ, ਜਿਹੜੇ ਉਸ ਵੇਲੇ ਡਹਾਣੂ ਦੇ ਮਾਮਲੇਦਾਰ ਸੀ, ਨੂੰ ਬਹੁਤ ਦੇਰ ਤੋਂ ਧਾਰਮਿਕ ਗ੍ਰੰਥਾਂ ਦੇ ਨਾਲ-ਨਾਲ ਗਿਆਨੇਸ਼ਵਰੀ ਦੇ ਪਾਠ ਦੀ ਤੀਬਰ ਇੱਛਾ ਸੀ। (ਗਿਆਨੇਸ਼ਵਰੀ ਭਗਵਤਗੀਤਾ 'ਤੇ ਸ੍ਰੀ ਗਿਆਨੇਸ਼ਵਰ ਮਹਾਰਾਜ ਦੀ ਰਚੀ ਮਰਾਠੀ ਵਿਆਖਿਆ ਹੈ) ਉਹ ਭਗਵਤਗੀਤਾ ਦੇ ਇਕ ਅਧਿਆਇ ਦਾ

ਰੋਜ਼ ਪਾਠ ਕਰਦੇ ਅਤੇ ਥੋੜ੍ਹਾ ਬਹੁਤ ਹੋਰ ਗ੍ਰੰਥਾਂ ਦਾ ਵੀ ਅਧਿਅਨ ਕਰਦੇ ਸੀ। ਪਰ ਜਦੋਂ ਵੀ ਉਹ ਗਿਆਨੇਸ਼ਵਰੀ ਦਾ ਪਾਠ ਸ਼ੁਰੂ ਕਰਦੇ ਤਾਂ ਉਨ੍ਹਾਂ ਅੱਗੇ ਅਨੇਕ ਮੁਸ਼ਕਿਲਾਂ ਪੈਦਾ ਹੋ ਜਾਂਦੀਆਂ, ਜਿਸ ਨਾਲ ਉਹ ਪਾਠ ਕਰਨ ਤੋਂ ਬਿਲਕੁਲ ਵਾਂਝੇ ਰਹਿ ਜਾਂਦੇ ਸੀ। ਤਿੰਨ ਮਹੀਨੇ ਦੀ ਛੁੱਟੀ ਲੈ ਕੇ ਉਹ ਸ਼ਿਰਡੀ ਪਧਾਰੇ ਅਤੇ ਉਸ ਤੋਂ ਬਾਅਦ ਉਹ ਆਪਣੇ ਘਰ ਪੌਂਡ ਵਿਚ ਆਰਾਮ ਕਰਨ ਲਈ ਵੀ ਗਏ। ਹੋਰ ਗ੍ਰੰਥ ਤਾਂ ਉਹ ਪੜ੍ਹਦੇ ਹੀ ਸੀ, ਪਰ ਜਦੋਂ ਗਿਆਨੇਸ਼ਵਰੀ ਦਾ ਪਾਠ ਸ਼ੁਰੂ ਕਰਦੇ ਤਾਂ ਕਈ ਤਰ੍ਹਾਂ ਦੇ ਭੈੜੇ ਖ਼ਿਆਲ ਉਨ੍ਹਾਂ ਨੂੰ ਇਸ ਤਰ੍ਹਾਂ ਘੇਰ ਲੈਂਦੇ ਕਿ ਲਾਚਾਰ ਹੋ ਕੇ ਉਸ ਦਾ ਪਾਠ ਛੱਡਣਾ ਪੈਂਦਾ ਸੀ। ਬਹੁਤ ਕੋਸ਼ਿਸ਼ ਕਰਨ 'ਤੇ ਵੀ ਜਦੋਂ ਉਨ੍ਹਾਂ ਨੂੰ ਕੇਵਲ ਦੋ ਚਾਰ ਔਵੀਆਂ ਪੜ੍ਹਨਾ ਵੀ ਮੁਸ਼ਕਿਲ ਹੋ ਗਿਆ, ਤਾਂ ਉਨ੍ਹਾਂ ਨੇ ਇਹ ਇਰਾਦਾ ਕੀਤਾ ਕਿ ਜਦੋਂ ਦਯਾਵਾਨ ਸ੍ਰੀ ਸਾਈਂ ਹੀ ਕ੍ਰਿਪਾ ਕਰਕੇ ਇਸ ਗ੍ਰੰਥ ਦੇ ਪਾਠ ਦੀ ਆਗਿਆ ਦੇਣਗੇ, ਉਦੋਂ ਹੀ ਉਸ ਨੂੰ ਸ਼ੁਰੂ ਕਰਾਂਗਾ। ਸੰਨ 1914 ਦੇ ਫਰਵਰੀ ਮਹੀਨੇ ਵਿਚ ਉਹ ਪਰਿਵਾਰ ਸਮੇਤ ਸ਼ਿਰਡੀ ਪਧਾਰੇ ਤਾਂ ਸ੍ਰੀ ਜੋਗ ਨੇ ਉਨ੍ਹਾਂ ਨੂੰ ਪੁਛਿਆ ਕਿ ਕੀ ਤੁਸੀਂ ਗਿਆਨੇਸ਼ਵਰੀ ਦਾ ਰੋਜ਼ ਪਾਠ ਕਰਦੇ ਹੋ ? ਸ੍ਰੀ ਦੇਵ ਨੇ ਜਵਾਬ ਦਿੱਤਾ, "ਮੇਰੀ ਇੱਛਾ ਤਾਂ ਬਹੁਤ ਹੈ, ਪਰ ਮੈਂ ਪਾਠ ਕਰਨ ਵਿਚ ਕਾਮਯਾਬ ਨਹੀਂ ਹੋ ਰਿਹਾ ਹਾਂ। ਹੁਣ ਤਾਂ ਜਦੋਂ ਬਾਬਾ ਦੀ ਆਗਿਆਂ ਹੋਏਗੀ, ਉਦੋਂ ਹੀ ਸ਼ੁਰੂ ਕਰਾਂਗਾ।" ਸ੍ਰੀ ਜੋਗ ਨੇ ਸਲਾਹ ਦਿੱਤੀ ਕਿ ਗ੍ਰੰਥ ਦੀ ਇਕ ਕਾਪੀ ਖ਼ਰੀਦ ਕੇ ਬਾਬਾ ਨੂੰ ਭੇਟ ਕਰੋ ਅਤੇ ਜਦੋਂ ਉਹ ਆਪਣੇ ਕਰਕਮਲਾਂ ਨਾਲ ਛੂਹ ਕੇ ਉਸ ਨੂੰ ਵਾਪਸ ਦੇਣ ਤਾਂ ਉਸ ਦਾ ਪਾਠ ਸ਼ੁਰੂ ਕਰ ਦੇਣਾ। ਸ੍ਰੀ ਦੇਵ ਨੇ ਕਿਹਾ, "ਮੈਂ ਇਸ ਤਰੀਕੇ ਨੂੰ ਠੀਕ ਨਹੀਂ ਸਮਝਦਾ, ਕਿਉਂਕਿ ਬਾਬਾ ਤਾਂ ਅੰਤਰਯਾਮੀ ਹਨ ਅਤੇ ਮੇਰੇ ਦਿਲ ਦੀ ਇੱਛਾ ਉਨ੍ਹਾਂ ਤੋਂ ਕਿਵੇਂ ਗੁਪਤ ਰਹਿ ਸਕਦੀ ਹੈ ? ਕੀ ਉਹ ਸਾਫ਼ ਸ਼ਬਦਾਂ ਵਿਚ ਆਗਿਆ ਦੇ ਕੇ ਮੇਰੀ ਮਨੋਕਾਮਨਾ ਪੂਰੀ ਨਹੀਂ ਕਰਨਗੇ।

ਸ੍ਰੀ ਦੇਵ ਨੇ ਜਾ ਕੇ ਬਾਬਾ ਦੇ ਦਰਸ਼ਨ ਕੀਤੇ ਅਤੇ ਇਕ ਰੁਪਇਆ ਦਕਸ਼ਿਣਾ ਭੇਟ ਕੀਤੀ। ਉਦੋਂ ਬਾਬਾ ਨੇ ਉਨ੍ਹਾਂ ਕੋਲੋਂ 20 ਰੁਪਏ ਦਕਸ਼ਿਣਾ ਹੋਰ ਮੰਗੀ, ਜਿਹੜੀ ਉਨ੍ਹਾਂ ਨੇ ਖੁਸ਼ੀ ਨਾਲ ਦੇ ਦਿੱਤੀ। ਰਾਤ ਵੇਲੇ ਸ੍ਰੀ ਦੇਵ ਨੇ ਬਾਲਕਰਾਮ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਕਿਸ ਤਰ੍ਹਾਂ ਬਾਬਾ ਦੀ ਭਗਤੀ ਅਤੇ ਕ੍ਰਿਪਾ ਪ੍ਰਾਪਤ ਕੀਤੀ ?" ਬਾਲਕਰਾਮ ਨੇ ਕਿਹਾ, "ਮੈਂ ਅਗਲੇ ਦਿਨ ਆਰਤੀ ਖ਼ਤਮ ਹੋਣ ਤੋਂ ਬਾਅਦ ਤੁਹਾਨੂੰ ਪੂਰਾ ਵਿਸਥਾਰ ਸੁਣਾਵਾਂਗਾ। ਦੂਜੇ ਦਿਨ ਜਦੋਂ ਸ੍ਰੀ ਦੇਵ ਸਾਹਿਬ ਦਰਸ਼ਨਾਂ ਲਈ ਮਸਜਿਦ ਵਿਚ ਆਏ ਤਾਂ ਬਾਬਾ ਨੇ ਫੇਰ 20 ਰੁਪਏ ਦਕਸ਼ਿਣਾ ਮੰਗੀ, ਜਿਹੜੀ ਉਨ੍ਹਾਂ ਨੇ ਖੁਸ਼ੀ ਨਾਲ ਭੇਟ ਕਰ ਦਿੱਤੀ। ਮਸਜਿਦ ਵਿਚ ਭੀੜ ਜ਼ਿਆਦਾ ਹੋਣ ਕਰਕੇ ਉਹ ਇਕ ਪਾਸੇ ਇਕਾਂਤ ਵਿਚ ਜਾ ਕੇ ਬੈਠ ਗਏ। ਬਾਬਾ ਨੇ ਉਨ੍ਹਾਂ ਨੂੰ ਬੁਲਾ ਕੇ ਆਪਣੇ ਕੋਲ ਬਿਠਾ ਲਿਆ। ਆਰਤੀ ਖ਼ਤਮ ਹੋਣ ਦੇ ਬਾਅਦ ਜਦੋਂ ਸਾਰੇ ਲੋਕ ਆਪਣੇ ਘਰ ਵਾਪਸ ਚਲੇ ਗਏ ਤਾਂ ਸ੍ਰੀ ਦੇਵ ਨੇ ਬਾਲਕਰਾਮ ਨਾਲ ਮੁਲਾਕਾਤ ਕਰਕੇ ਉਨ੍ਹਾਂ ਕੋਲੋਂ ਉਨ੍ਹਾਂ ਦਾ ਪਿਛਲਾ ਵਕਤ ਜਾਣਨ ਦੀ ਇੱਛਾ ਪ੍ਰਗਟ ਕੀਤੀ ਅਤੇ ਬਾਬਾ ਕੋਲੋਂ ਪ੍ਰਾਪਤ ਉਪਦੇਸ਼ ਅਤੇ ਧਿਆਨ ਆਦਿ ਦੇ ਬਾਰੇ ਪੁੱਛਗਿਛ ਕੀਤੀ। ਬਾਲਕਰਾਮ ਇਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਦੇਣ ਹੀ ਵਾਲੇ ਸੀ ਕਿ ਏਨੇ ਵਿਚ ਚੰਦੂ ਕੋਹੜੀ ਨੇ ਆ ਕੇ ਕਿਹਾ ਕਿ ਸ੍ਰੀ ਦੇਵ ਨੂੰ ਬਾਬਾ ਨੇ ਯਾਦ ਕੀਤਾ ਹੈ। ਜਦੋਂ ਦੇਵ ਬਾਬਾ ਦੇ ਕੋਲ ਪਹੁੰਚੇ ਤਾਂ ਉਨ੍ਹਾਂ ਨੇ ਸੁਆਲ

ਕੀਤਾ ਕਿ ਉਹ ਕਿਸ ਨਾਲ ਅਤੇ ਕੀ ਗੱਲਬਾਤ ਕਰ ਰਹੇ ਸੀ ? ਸ੍ਰੀ ਦੇਵ ਨੇ ਜਵਾਬ ਦਿੱਤਾ ਕਿ ਉਹ ਬਾਲਕਰਾਮ ਕੋਲੋਂ ਉਨ੍ਹਾਂ ਦੀ ਕੀਰਤੀ ਦਾ ਗੁਣਗਾਣ ਸੁਣ ਰਹੇ ਸੀ ਤਾਂ ਬਾਬਾ ਨੇ ਉਨ੍ਹਾਂ ਕੋਲੋਂ ਦੁਬਾਰਾ 25 ਰੁਪਏ ਦਕਸ਼ਿਣਾ ਮੰਗੀ, ਜਿਹੜੀ ਉਨ੍ਹਾਂ ਨੇ ਖੁਸ਼ੀ ਨਾਲ ਦੇ ਦਿੱਤੀ। ਫੇਰ ਬਾਬਾ ਉਨ੍ਹਾਂ ਨੂੰ ਅੰਦਰ ਲੈ ਗਏ ਅਤੇ ਆਪਣੇ ਆਸਨ 'ਤੇ ਬੈਠਣ ਦੇ ਬਾਅਦ ਉਨ੍ਹਾਂ 'ਤੇ ਇਲਜ਼ਾਮ ਲਗਾ ਕੇ ਕਹਿਣ ਲਗੇ, "ਮੇਰੀ ਆਗਿਆ ਤੋਂ ਬਿਨਾਂ ਤੁਸੀਂ ਮੇਰੇ ਚਿਥੜਿਆਂ ਦੀ ਚੋਰੀ ਕੀਤੀ ਹੈ।" ਸ੍ਰੀ ਦੇਵ ਨੇ ਜਵਾਬ ਦਿੱਤਾ, "ਭਗਵਨ! ਜਿਥੋਂ ਤਕ ਮੈਨੂੰ ਯਾਦ ਹੈ, ਮੈਂ ਇਸ ਤਰ੍ਹਾਂ ਦਾ ਕੋਈ ਕੰਮ ਨਹੀਂ ਕੀਤਾ ਹੈ।" ਪਰ ਬਾਬਾ ਕਿਥੇ ਮੰਨਣ ਵਾਲੇ ਸੀ ? ਉਨ੍ਹਾਂ ਨੇ ਚੰਗੀ ਤਰ੍ਹਾਂ ਨਾਲ ਲੱਭਣ ਲਈ ਕਿਹਾ। ਉਨ੍ਹਾਂ ਨੇ ਖੋਜ ਕੀਤੀ, ਪਰ ਕਿਤੇ ਕੁਝ ਵੀ ਨਹੀਂ ਮਿਲਿਆ। ਤਾਂ ਬਾਬਾ ਨੇ ਗੁੱਸੇ ਹੋ ਕੇ ਕਿਹਾ ਕਿ ਤੁਹਾਡੇ ਇਲਾਵਾ ਇਥੇ ਹੋਰ ਕੋਈ ਨਹੀਂ ਹੈ। ਤੁਸੀਂ ਚੋਰ ਹੋ। ਤੁਹਾਡੇ ਵਾਲ ਤਾਂ ਚਿੱਟੇ ਹੋ ਗਏ ਹਨ ਅਤੇ ਏਨੇ ਬਜ਼ੁਰਗ ਹੋ ਕੇ ਵੀ ਤੁਸੀਂ ਇਥੇ ਚੋਰੀ ਕਰਨ ਲਈ ਆਏ ਹੋ ? ਇਸ ਤੋਂ ਬਾਅਦ ਬਾਬਾ ਆਪੇ ਤੋਂ ਬਾਹਰ ਹੋ ਗਏ ਅਤੇ ਉਨ੍ਹਾਂ ਦੀਆਂ ਅੱਖਾਂ ਗੁੱਸੇ ਨਾਲ ਲਾਲ ਹੋ ਗਈਆਂ। ਉਹ ਬੁਰੀ ਤਰ੍ਹਾਂ ਗਾਲ੍ਹਾਂ ਕੱਢਣ ਲਗੇ। ਦੇਵ ਸ਼ਾਂਤੀ ਨਾਲ ਸਭ ਕੁਝ ਸੁਣਦੇ ਰਹੇ। ਉਹ ਮਾਰ ਪੈਣ ਦੀ ਵੀ ਉਮੀਦ ਕਰ ਰਹੇ ਸੀ ਕਿ ਇਕ ਘੰਟੇ ਬਾਅਦ ਹੀ ਬਾਬਾ ਨੇ ਉਨ੍ਹਾਂ ਨੂੰ ਵਾੜੇ ਵਾਪਸ ਜਾਣ ਲਈ ਕਿਹਾ। ਵਾੜੇ ਵਾਪਸ ਆ ਕੇ ਉਨ੍ਹਾਂ ਨੇ ਜੋ ਕੁਝ ਹੋਇਆ ਸੀ, ਉਸ ਦਾ ਪੂਰਾ ਵਿਸਥਾਰ ਜੋਗ ਅਤੇ ਬਾਲਕ ਰਾਮ ਨੂੰ ਸੁਣਾਇਆ। ਦੁਪਹਿਰ ਤੋਂ ਬਾਅਦ ਬਾਬਾ ਨੇ ਸਾਰਿਆਂ ਦੇ ਨਾਲ ਦੇਵ ਨੂੰ ਵੀ ਬੁਲਾਇਆ ਅਤੇ ਕਹਿਣ ਲਗੇ ਕਿ ਸ਼ਾਇਦ ਮੇਰੇ ਸ਼ਬਦਾਂ ਨੇ ਇਸ ਬਜ਼ੁਰਗ ਨੂੰ ਦੁੱਖ ਦਿੱਤਾ ਹੋਏਗਾ। ਇਨ੍ਹਾਂ ਨੇ ਚੋਰੀ ਕੀਤੀ ਹੈ ਅਤੇ ਇਸ ਨੂੰ ਇਹ ਮੰਨਦੇ ਨਹੀਂ ਹਨ। ਉਨ੍ਹਾਂ ਨੇ ਦੇਵ ਕੋਲੋਂ ਫੇਰ ਬਾਰਾਂ ਰੁਪਏ ਦਕਸ਼ਿਣਾ ਮੰਗੀ, ਜੋ ਉਨ੍ਹਾਂ ਨੇ ਇਕੱਠੀ ਕਰਕੇ ਖੁਸ਼ੀ ਨਾਲ ਭੇਟ ਕਰਕੇ ਉਨ੍ਹਾਂ ਨੂੰ ਨਮਸਕਾਰ ਕੀਤਾ ਤਾਂ ਬਾਬਾ ਦੇਵ ਨੂੰ ਕਹਿਣ ਲਗੇ, "ਤੁਸੀਂ ਅੱਜ ਕਲ ਕੀ ਕਰ ਰਹੇ ਹੋ ?" ਦੇਵ ਨੇ ਜਵਾਬ ਦਿੱਤਾ, "ਕੁਝ ਵੀ ਨਹੀਂ।" ਤਾਂ ਬਾਬਾ ਨੇ ਕਿਹਾ, "ਰੋਜ਼ ਪੋਥੀ (ਗਿਆਨੇਸ਼ਵਰੀ) ਦਾ ਪਾਠ ਕਰਿਆ ਕਰੋ। ਜਾਉ, ਵਾੜੇ ਵਿਚ ਬੈਠ ਕੇ ਨੇਮ ਨਾਲ ਰੋਜ਼ ਪਾਠ ਕਰੋ ਅਤੇ ਜੋ ਕੁਝ ਵੀ ਤੁਸੀਂ ਪੜ੍ਹੋ, ਉਸ ਦਾ ਅਰਥ ਦੂਜਿਆਂ ਨੂੰ ਪ੍ਰੇਮ ਅਤੇ ਭਗਤੀ ਨਾਲ ਸਮਝਾਉ। ਮੈਂ ਤਾਂ ਤੁਹਾਨੂੰ ਸੁਨਹਿਰੀ ਸ਼ਾਲ ਭੇਟ ਦੇਣਾ ਚਾਹੁੰਦਾ ਹਾਂ, ਫੇਰ ਤੁਸੀਂ ਦੂਜਿਆਂ ਦੇ ਕੋਲ ਚਿਥੜਿਆਂ ਦੀ ਆਸ ਨਾਲ ਕਿਉਂ ਜਾਂਦੇ ਹੋ ? ਕੀ ਤੁਹਾਨੂੰ ਇਹ ਸ਼ੋਭਾ ਦਿੰਦਾ ਹੈ ?"

ਪੋਥੀ ਪੜ੍ਹਨ ਦੀ ਆਗਿਆ ਪ੍ਰਾਪਤ ਕਰਕੇ ਦੇਵ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਸੋਚਿਆ ਕਿ ਮੈਨੂੰ ਮਨਚਾਹੀ ਚੀਜ਼ ਮਿਲ ਗਈ ਹੈ ਅਤੇ ਹੁਣ ਆਨੰਦ ਨਾਲ ਪੋਥੀ ਪੜ੍ਹ ਸਕਾਂਗਾ।

ਉਨ੍ਹਾਂ ਨੇ ਦੁਬਾਰਾ ਸਸ਼ਟਾਂਗ ਨਮਸਕਾਰ ਕੀਤਾ ਅਤੇ ਕਿਹਾ, "ਹੇ ਪ੍ਰਭੂ! ਮੈਂ ਤੁਹਾਡੀ ਸ਼ਰਨ ਹਾਂ। ਤੁਹਾਡਾ ਅਗਿਆਨੀ ਬੱਚਾ ਹਾਂ। ਮੈਨੂੰ ਪਾਠ ਵਿਚ ਮਦਦ ਕਰੋ।" ਹੁਣ ਉਨ੍ਹਾਂ ਨੂੰ ਚਿਥੜਿਆਂ ਦਾ ਅਰਥ ਸਾਫ਼-ਸਾਫ਼ ਪਤਾ ਲਗ ਗਿਆ ਸੀ। ਉਨ੍ਹਾਂ ਨੇ ਬਾਲਕ ਰਾਮ ਕੋਲੋਂ ਜੋ ਕੁਝ ਪੁੱਛਿਆ ਸੀ, ਉਹ ਚਿਥੜੇ ਸਰੂਪ ਸੀ। ਇਨ੍ਹਾਂ ਮਾਮਲਿਆਂ ਵਿਚ ਬਾਬਾ ਨੂੰ ਇਸ ਤਰ੍ਹਾਂ ਦਾ ਕੰਮ ਪਸੰਦ ਨਹੀਂ ਸੀ ਕਿਉਂਕਿ ਉਹ ਆਪ ਹਰੇਕ ਮਸਲੇ ਦਾ

ਹੱਲ ਕਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਸੀ। ਦੂਜਿਆਂ ਕੋਲੋਂ ਬੇਮਤਲਬ ਪੁੱਛਗਿਛ ਕਰਨਾ ਉਹ ਚੰਗਾ ਨਹੀਂ ਸਮਝਦੇ ਸੀ, ਇਸ ਲਈ ਉਨ੍ਹਾਂ ਨੇ ਝਿੜਕਿਆ ਅਤੇ ਗੁੱਸੇ ਹੋਏ, ਦੇਵ ਨੇ ਇਨ੍ਹਾਂ ਸ਼ਬਦਾਂ ਨੂੰ ਬਾਬਾ ਦਾ ਸ਼ੁਭ ਆਸ਼ੀਰਵਾਦ ਸਮਝਿਆ ਅਤੇ ਉਹ ਸੰਤੁਸ਼ਟ ਹੋ ਕੇ ਘਰ ਵਾਪਸ ਚਲੇ ਗਏ।

ਇਹ ਕਥਾ ਇਥੇ ਹੀ ਖ਼ਤਮ ਨਹੀਂ ਹੁੰਦੀ। ਆਗਿਆ ਦੇਣ ਦੇ ਬਾਅਦ ਵੀ ਬਾਬਾ ਸ਼ਾਂਤ ਨਹੀਂ ਬੈਠੇ ਅਤੇ ਇਕ ਸਾਲ ਦੇ ਬਾਅਦ ਉਹ ਸ੍ਰੀ ਦੇਵ ਦੇ ਕੋਲ ਗਏ ਅਤੇ ਉਨ੍ਹਾਂ ਕੋਲੋਂ ਤਰੱਕੀ ਦੇ ਬਾਰੇ ਪੁੱਛਗਿਛ ਕੀਤੀ। 2 ਅਪ੍ਰੈਲ, ਸੰਨ 1914 ਐਤਵਾਰ ਨੂੰ ਸਵੇਰੇ ਬਾਬਾ ਨੇ ਸੁਪਨੇ ਵਿਚ ਦੇਵ ਨੂੰ ਪੁੱਛਿਆ, “ਕੀ ਤੁਹਾਨੂੰ ਪੋਥੀ ਸਮਝ ’ਚ ਆਈ ?” ਜਦੋਂ ਦੇਵ ਨੇ ਹਾਂ ਵਿਚ ਜਵਾਬ ਨਾ ਦਿੱਤਾ ਤਾਂ ਬਾਬਾ ਬੋਲੇ, “ਹੁਣ ਤੁਸੀਂ ਕਦੋਂ ਸਮਝੋਗੇ ?” ਦੇਵ ਦੀਆਂ ਅੱਖਾਂ ਵਿਚੋਂ ਟਪ-ਟਪ ਕਰਕੇ ਅੱਥਰੂ ਆਉਣ ਲਗੇ ਅਤੇ ਉਹ ਰੋਂਦੇ ਹੋਏ ਬੋਲੇ, “ਮੈਂ ਯਕੀਨ ਨਾਲ ਕਹਿ ਰਿਹਾ ਹਾਂ ਕਿ ਹੇ ਭਗਵਾਨ! ਜਦੋਂ ਤਕ ਤੁਹਾਡੀ ਕ੍ਰਿਪਾ ਰੂਪੀ ਬਾਰਿਸ਼ ਨਹੀਂ ਹੁੰਦੀ, ਉਦੋਂ ਤਕ ਉਸ ਦਾ ਅਰਥ ਸਮਝਣਾ ਮੇਰੇ ਲਈ ਮੁਮਕਿਨ ਨਹੀਂ ਹੈ ਅਤੇ ਇਹ ਪਾਠ ਤਾਂ ਭਾਰ ਢੋਣ ਵਾਂਗ ਹੀ ਹੈ।” ਤਾਂ ਬਾਬਾ ਬੋਲੇ, “ਮੇਰੇ ਸਾਹਮਣੇ ਮੈਨੂੰ ਪੜ੍ਹ ਕੇ ਸੁਣਾਉ। ਤੁਸੀਂ ਪੜ੍ਹਨ ਵਿਚ ਬਹੁਤ ਜਲਦੀ ਕਰਦੇ ਹੋ।” ਫੇਰ ਪੁੱਛਣ ’ਤੇ ਉਨ੍ਹਾਂ ਨੇ ਅਧਿਆਤਮ ਵਿਸ਼ੇ ਵਾਲਾ ਹਿੱਸਾ ਪੜ੍ਹਨ ਲਈ ਕਿਹਾ। ਦੇਵ ਪੋਥੀ ਲੈਣ ਗਏ ਅਤੇ ਜਦੋਂ ਉਨ੍ਹਾਂ ਨੇ ਅੱਖਾਂ ਖੋਲ੍ਹੀਆਂ ਤਾਂ ਉਨ੍ਹਾਂ ਦੀ ਨੀਂਦ ਖੁੱਲ੍ਹ ਗਈ। ਹੁਣ ਪਾਠਕ ਆਪ ਹੀ ਇਸ ਗੱਲ ਦਾ ਅੰਦਾਜ਼ਾ ਲਾਉਣ ਕਿ ਦੇਵ ਨੂੰ ਇਸ ਸੁਪਨੇ ਦੇ ਬਾਅਦ ਕਿੰਨੀ ਖੁਸ਼ੀ ਮਿਲੀ ਹੋਏਗੀ ?

ਸ੍ਰੀ ਦੇਵ ਹਾਲੇ (ਸੰਨ 1944) ਜਿੰਦੇ ਹਨ ਅਤੇ ਮੈਨੂੰ 4-5 ਸਾਲ ਪਹਿਲਾਂ ਉਨ੍ਹਾਂ ਨਾਲ ਮੁਲਾਕਾਤ ਕਰਨ ਦੇ ਚੰਗੇ ਭਾਗ ਪ੍ਰਾਪਤ ਹੋਏ ਸੀ। ਜਿਥੋਂ ਤਕ ਮੈਨੂੰ ਪਤਾ ਲਗਾ ਹੈ, ਉਹ ਇਥੇ ਹੀ ਹਨ ਕਿ ਉਹ ਅਜੇ ਵੀ ਗਿਆਨੇਸ਼ਵਰੀ ਦਾ ਪਾਠ ਕਰਦੇ ਹਨ। ਉਨ੍ਹਾਂ ਦਾ ਗਿਆਨ ਬੇਅੰਤ ਅਤੇ ਪੂਰਨ ਹੈ। ਇਹ ਉਨ੍ਹਾਂ ਦੇ ਸਾਈਂਲੀਲ੍ਹਾ ਦੇ ਲੇਖ ਤੋਂ ਸਾਫ਼ ਪਤਾ ਲੱਗਦਾ ਹੈ। (ਤਾਰੀਕ 19-10-1944)







# ॥ ਅਧਿਆਇ-42 ॥

## *ਮਹਾਂਸਮਾਧੀ ਵੱਲ (1)*

### *ਭਵਿੱਖ ਦੀ ਜਾਣਕਾਰੀ, ਰਾਮਚੰਦਰ ਦਾਦਾ ਪਾਟਿਲ ਅਤੇ ਤਾਤਿਆ ਕੋਤੇ ਪਾਟਿਲ ਦੀ ਮੌਤ ਟਾਲਨਾ, ਲਕਸ਼ਮੀ ਬਾਈ ਸ਼ਿੰਦੇ ਨੂੰ ਦਾਨ, ਸਾਰੇ ਪ੍ਰਾਣੀਆਂ ਵਿਚ ਬਾਬਾ ਦਾ ਵਾਸ, ਆਖਰੀ ਪਲ।*

ਬਾਬਾ ਨੇ ਕਿਸ ਤਰ੍ਹਾਂ ਸਮਾਧੀ ਲਈ, ਇਸ ਦਾ ਵਰਨਣ ਇਸ ਅਧਿਆਇ ਵਿਚ ਕੀਤਾ ਗਿਆ ਹੈ।

ਪਿਛਲੇ ਅਧਿਆਇਆਂ ਦੀਆਂ ਕਥਾਵਾਂ ਤੋਂ ਇਹ ਸਾਫ ਲਗਦਾ ਹੈ ਕਿ ਗੁਰੂ ਦੀ ਕ੍ਰਿਪਾ ਦੀ ਸਿਰਫ਼ ਇਕ ਕਿਰਨ ਹੀ ਭਵਸਾਗਰ ਦੇ ਡਰ ਤੋਂ ਸਦਾ ਦੇ ਲਈ ਮੁਕਤ ਕਰ ਦਿੰਦੀ ਹੈ ਅਤੇ ਮੋਕਸ਼ ਦਾ ਰਾਹ ਸੋਖਾ ਕਰ ਕੇ ਦੁੱਖ ਨੂੰ ਸੁੱਖ ਵਿਚ ਬਦਲ ਦਿੰਦੀ ਹੈ। ਜੇ ਸਤਿਗੁਰੂ ਦੇ ਪੂਜਣ ਯੋਗ ਮੋਹ ਤੋੜਣ ਵਾਲੇ ਚਰਣਾਂ ਨੂੰ ਹਮੇਸ਼ਾਂ ਯਾਦ ਕਰਦੇ ਰਹੋਗੇ ਤਾਂ ਤੁਹਾਡੀਆਂ ਸਾਰੀਆਂ ਤਕਲੀਫ਼ਾਂ ਅਤੇ ਭਵਸਾਗਰ ਦੇ ਦੁੱਖਾਂ ਦਾ ਅੰਤ ਹੋ ਕੇ ਜਨਮ-ਮਰਨ ਦੇ ਚਕਰ ਤੋਂ ਛੁਟਕਾਰਾ ਹੋ ਜਾਏਗਾ। ਇਸ ਲਈ ਜਿਹੜੇ ਆਪਣੇ ਕਲਿਆਣ ਬਾਰੇ ਫ਼ਿਕਰਮੰਦ ਹਨ, ਉਨ੍ਹਾਂ ਨੂੰ ਸਾਈਂ ਸਮਰਥ ਦੇ ਅਲੌਕਿਕ ਸੁੰਦਰ ਲੀਲ੍ਹਾ ਅੰਮ੍ਰਿਤ ਦਾ ਪਾਨ ਕਰਨਾ ਚਾਹੀਦਾ ਹੈ। ਏਦਾਂ ਕਰਨ ਨਾਲ ਉਨ੍ਹਾਂ ਦੀ ਬੁੱਧ ਸ਼ੁੱਧ ਹੋ ਜਾਏਗੀ। ਸ਼ੁਰੂ ਵਿਚ ਡਾਕਟਰ ਪੰਡਿਤ ਦੀ ਪੂਜਾ ਅਤੇ ਕਿਸ ਤਰ੍ਹਾਂ ਉਨ੍ਹਾਂ ਨੇ ਬਾਬਾ ਨੂੰ ਤ੍ਰਿਪੁੰਡ ਲਗਾਇਆ, ਇਸ ਦਾ ਵਰਨਣ ਮੂਲ ਗ੍ਰੰਥ ਵਿਚ ਕੀਤਾ ਗਿਆ ਹੈ। ਇਸ ਵਾਰਤਾ ਦਾ ਵਰਨਣ 11ਵੇਂ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ, ਇਸ ਲਈ ਇਥੇ ਉਸਨੂੰ ਦੁਹਰਾਨਾ ਠੀਕ ਨਹੀਂ ਹੈ।

ਪਾਠਕੋ! ਤੁਸੀਂ ਅਜੇ ਤਕ ਸਿਰਫ਼ ਬਾਬਾ ਦੇ ਜੀਵਨ-ਕਾਲ ਦੀਆਂ ਕਥਾਵਾਂ ਸੁਣੀਆਂ ਹਨ। ਹੁਣ ਤੁਸੀਂ ਬਾਬਾ ਦੇ ਨਿਰਵਾਨ ਕਾਲ ਦਾ ਵਰਨਣ ਸੁਣੋ। 28 ਸਤੰਬਰ, ਸੰਨ 1918 ਨੂੰ ਬਾਬਾ ਨੂੰ ਆਮ ਬੁਖਾਰ ਚੜ੍ਹਿਆ ਇਹ ਬੁਖਾਰ 2-3 ਦਿਨ ਤਕ ਰਿਹਾ। ਇਸ ਦੇ ਬਾਅਦ ਹੀ ਬਾਬਾ ਨੇ ਭੋਜਨ ਕਰਨਾ ਬਿਲਕੁਲ ਛੱਡ ਦਿੱਤਾ। ਇਸ ਨਾਲ ਉਨ੍ਹਾਂ ਦਾ ਸਰੀਰ ਦਿਨੋ ਦਿਨ ਕਮਜ਼ੋਰ ਹੋਣ ਲਗਾ। 17 ਦਿਨਾਂ ਦੇ ਬਾਅਦ ਯਾਨਿ ਕਿ 15 ਅਕਤੂਬਰ, ਸੰਨ 1918 ਨੂੰ 2 ਵੱਜ ਕੇ 30 ਮਿੰਟ 'ਤੇ ਉਨ੍ਹਾਂ ਨੇ ਆਪਣਾ ਸਰੀਰ ਤਿਆਗ ਦਿੱਤਾ। ਇਹ ਵਕਤ ਪ੍ਰੋ. ਜੀ.ਜੀ. ਨਾਰਕੇ ਦੇ ਤਾਰੀਕ 5.11.1918 ਦੇ ਖੱਤ ਮੁਤਾਬਿਕ ਹੈ, ਜੋ ਉਨ੍ਹਾਂ ਨੇ ਦਾਦਾਸਾਹਿਬ ਖਾਪਰਡੇ ਨੂੰ ਲਿਖਿਆ ਸੀ ਅਤੇ ਸਾਈਂਲੀਲ੍ਹਾ ਮੈਗਜ਼ੀਨ ਦੇ ਸਫ਼ਾ 7-8 (ਪਹਿਲੇ ਸਾਲ) ਵਿਚ ਛੱਪਿਆ ਸੀ। ਇਸ ਤੋਂ ਦੋ ਸਾਲ ਪਹਿਲਾ ਵੀ ਬਾਬਾ ਨੇ ਆਪਣੇ ਨਿਰਵਾਨ ਦੇ ਦਿਨ ਦਾ ਇਸ਼ਾਰਾ ਕਰ ਦਿੱਤਾ ਸੀ, ਪਰ ਉਸ ਵੇਲੇ ਕੋਈ ਵੀ ਸਮਝ ਨਹੀਂ ਸਕਿਆ। ਘਟਨਾ ਇਸ ਤਰ੍ਹਾਂ ਹੈ। ਦੁਸਹਿਰੇ ਵਾਲੇ ਦਿਨ ਜਦੋਂ ਲੋਕ ਸ਼ਾਮ ਵੇਲੇ ਸੀਮੋਉਲਘਨ

ਤੋਂ ਵਾਪਸ ਆ ਰਹੇ ਸੀ ਤਾਂ ਬਾਬਾ ਅਚਾਨਕ ਹੀ ਗੁੱਸੇ ਹੋ ਗਏ। ਸਿਰ ਦਾ ਕਪੜਾ ਕਫਨੀ ਅਤੇ ਲੰਗੋਟੀ ਲਾਹ ਕੇ ਉਨ੍ਹਾਂ ਨੇ ਉਸ ਦੇ ਟੋਟੇ-ਟੋਟੇ ਕਰਕੇ ਬਲਦੀ ਹੋਈ ਧੂਣੀ ਵਿਚ ਸੁੱਟ ਦਿੱਤੇ। ਬਾਬਾ ਦੀ ਆਹੁਤੀ ਪ੍ਰਾਪਤ ਕਰਕੇ ਧੂਣੀ ਦੁਗਣੀ ਹੋ ਕੇ ਚਮਕਣ ਲਗੀ ਅਤੇ ਉਸ ਨਾਲੋਂ ਵੀ ਕਿਤੇ ਜ਼ਿਆਦਾ ਬਾਬਾ ਦੇ ਚਿਹਰੇ ਦੀ ਚਮਕ ਸੀ। ਉਹ ਪੂਰੇ ਨੰਗੇ ਖੜੇ ਸੀ ਅਤੇ ਉਨ੍ਹਾਂ ਦੀਆਂ ਅੱਖਾਂ ਅੰਗਾਰਿਆਂ ਵਾਂਗ ਚਮਕ ਰਹੀਆਂ ਸੀ, ਉਨ੍ਹਾਂ ਨੇ ਜੋਸ਼ ਵਿਚ ਆ ਕੇ ਉਚੀ ਆਵਾਜ਼ ਵਿਚ ਕਿਹਾ ਕਿ, "ਲੋਕੋ! ਇਥੇ ਆਉ, ਮੈਨੂੰ ਦੇਖ ਕੇ ਫੈਸਲਾ ਕਰ ਲਵੋ ਕਿ ਮੈਂ ਹਿੰਦੂ ਹਾਂ ਜਾਂ ਮੁਸਲਮਾਨ।" ਸਾਰੇ ਡਰ ਨਾਲ ਕੰਬ ਰਹੇ ਸੀ। ਕਿਸੇ ਨੂੰ ਵੀ ਉਨ੍ਹਾਂ ਦੇ ਨੇੜੇ ਜਾਣ ਦੀ ਹਿੰਮਤ ਨਹੀਂ ਹੋ ਰਹੀ ਸੀ। ਕੁਝ ਦੇਰ ਬਾਅਦ ਉਨ੍ਹਾਂ ਦੇ ਭਗਤ ਭਾਗੋ ਜੀ ਸ਼ਿੰਦੇ, ਜਿਹੜੇ ਕੋਹੜੀ ਸੀ, ਹਿੰਮਤ ਕਰਕੇ ਬਾਬਾ ਕੋਲ ਗਏ ਅਤੇ ਕਿਸੇ ਤਰ੍ਹਾਂ ਉਨ੍ਹਾਂ ਨੇ ਬਾਬਾ ਨੂੰ ਲੰਗੋਟੀ ਬੰਨ੍ਹ ਦਿੱਤੀ ਅਤੇ ਉਨ੍ਹਾਂ ਨੂੰ ਕਿਹਾ ਕਿ, "ਬਾਬਾ! ਇਹ ਕੀ ਗੱਲ ਹੈ? ਦੇਵ! ਅੱਜ ਦੁਸਹਿਰੇ ਦਾ ਤਿਉਹਾਰ ਹੈ।" ਉਦੋਂ ਉਨ੍ਹਾਂ ਨੇ ਜਮੀਨ 'ਤੇ ਸਟਕਾ ਮਾਰ ਕੇ ਕਿਹਾ ਕਿ, ਇਹ ਮੇਰਾ ਸੀਮੋਉਲਘਨ ਹੈ। ਲਗਭਗ 11 ਵਜੇ ਤੱਕ ਵੀ ਉਨ੍ਹਾਂ ਦਾ ਗੁੱਸਾ ਠੰਡਾ ਨਹੀਂ ਹੋਇਆ ਅਤੇ ਭਗਤਾਂ ਨੂੰ ਚਾਵੜੀ ਜਲੂਸ ਨਿਕਲਣ ਦਾ ਵੀ ਸ਼ੱਕ ਹੋਣ ਲਗਾ। ਇਕ ਘੰਟੇ ਬਾਅਦ ਉਹ ਆਪਣੀ ਸਹਿਜ ਹਾਲਤ ਵਿਚ ਆ ਗਏ ਅਤੇ ਹਮੇਸ਼ਾਂ ਦੀ ਤਰ੍ਹਾਂ ਪੌਸ਼ਾਕ ਪਾ ਕੇ ਚਾਵੜੀ ਜਲੂਸ ਵਿਚ ਸ਼ਾਮਲ ਹੋ ਗਏ, ਜਿਸਦਾ ਵਰਨਣ ਪਹਿਲੇ ਕੀਤਾ ਜਾ ਚੁੱਕਾ ਹੈ। ਇਸ ਘਟਨਾ ਨਾਲ ਬਾਬਾ ਨੇ ਇਸ਼ਾਰਾ ਕੀਤਾ ਕਿ ਜੀਵਨ-ਰੇਖਾ ਪਾਰ ਕਰਨ ਦੇ ਲਈ ਦੁਸਹਿਰਾ ਹੀ ਠੀਕ ਵਕਤ ਹੈ। ਪਰ ਉਸ ਵੇਲੇ ਕਿਸੇ ਨੂੰ ਵੀ ਉਸਦਾ ਅਸਲੀ ਅਰਥ ਸਮਝ ਵਿਚ ਨਾ ਆਇਆ। ਬਾਬਾ ਨੇ ਹੋਰ ਵੀ ਕਈ ਇਸ਼ਾਰੇ ਕੀਤੇ, ਜੋ ਇਸ ਤਰ੍ਹਾਂ ਹਨ—

ਕੁਝ ਵਕਤ ਦੇ ਬਾਅਦ ਰਾਮਚੰਦਰ ਪਾਟਿਲ ਬਹੁਤ ਬਿਮਾਰ ਹੋ ਗਏ। ਉਨ੍ਹਾਂ ਨੂੰ ਬਹੁਤ ਤਕਲੀਫ਼ ਹੋ ਰਹੀ ਸੀ। ਸਾਰੀ ਤਰ੍ਹਾਂ ਦੇ ਇਲਾਜ ਕੀਤੇ ਗਏ, ਪਰ ਕੋਈ ਲਾਭ ਨਹੀਂ ਹੋਇਆ ਅਤੇ ਜ਼ਿੰਦਗੀ ਤੋਂ ਤੰਗ ਆ ਕੇ ਉਹ ਆਪਣੀ ਮੌਤ ਦੇ ਆਖੀਰੀ ਪਲਾਂ ਦੀ ਉਡੀਕ ਕਰਨ ਲਗੇ। ਤਾਂ ਇਕ ਦਿਨ ਅੱਧੀ ਰਾਤ ਨੂੰ ਬਾਬਾ ਅਚਾਨਕ ਉਨ੍ਹਾਂ ਦੇ ਸਰਹਾਣੇ ਪ੍ਰਗਟ ਹੋਏ। ਪਾਟਿਲ ਉਨ੍ਹਾਂ ਦੇ ਚਰਣ ਫੜ ਕੇ ਕਹਿਣ ਲਗੇ ਕਿ ਮੈਂ ਆਪਣੇ ਜੀਵਨ ਦੀਆਂ ਸਾਰੀਆਂ ਉਮੀਦਾਂ ਛੱਡ ਦਿੱਤੀਆਂ ਹਨ। ਹੁਣ ਕ੍ਰਿਪਾ ਕਰਕੇ ਮੈਨੂੰ ਇਹ ਤਾਂ ਪੱਕਾ ਦਸ ਦਿਉ ਕਿ ਮੇਰੇ ਪ੍ਰਾਣ ਹੁਣ ਕਦੋਂ ਨਿਕਲਣਗੇ, ਦਿਆਲੂ ਬਾਬਾ ਨੇ ਕਿਹਾ ਕਿ, 'ਘਬਰਾਉ ਨਹੀਂ। ਤੁਹਾਡੀ ਹੁੰਡੀ ਵਾਪਸ ਲੈ ਲਈ ਗਈ ਹੈ ਅਤੇ ਤੁਸੀਂ ਛੇਤੀ ਹੀ ਠੀਕ ਹੋ ਜਾਉਗੇ। ਮੈਨੂੰ ਤਾਂ ਕੇਵਲ ਤਾਤਿਆ ਦਾ ਡਰ ਹੈ ਕਿ ਸੰਨ 1918 ਵਿਚ ਦੁਸਹਿਰੇ ਦੇ ਦਿਨ ਉਸ ਦੀ ਮੌਤ ਹੋ ਜਾਏਗੀ। ਪਰ ਇਹ ਭੇਦ ਕਿਸੇ ਨੂੰ ਨਾ ਦਸਣਾ ਅਤੇ ਨਾ ਹੀ ਉਸ ਨੂੰ ਦਸਣਾ। ਨਹੀਂ ਤਾਂ ਉਹ ਹੋਰ ਡਰ ਜਾਏਗਾ। ਰਾਮਚੰਦਰ ਹੁਣ ਪੂਰੀ ਤਰ੍ਹਾਂ ਠੀਕ ਤਾਂ ਹੋ ਗਏ, ਪਰ ਉਹ ਤਾਤਿਆ ਦੇ ਜੀਵਨ ਬਾਰੇ ਨਾਉਮੀਦ ਹੋ ਗਏ। ਉਨ੍ਹਾਂ ਨੂੰ ਪਤਾ ਸੀ ਕਿ ਬਾਬਾ ਦੇ

ਸ਼ਬਦ ਕਦੀ ਝੂਠੇ ਨਹੀਂ ਹੋ ਸਕਦੇ ਅਤੇ ਦੋ ਸਾਲ ਬਾਅਦ ਹੀ ਤਾਤਿਆ ਇਸ ਸੰਸਾਰ ਤੋਂ ਚਲਾ ਜਾਏਗਾ। ਉਨ੍ਹਾਂ ਨੇ ਇਹ ਭੇਦ ਬਾਲਾ ਸ਼ਿੰਪੀ ਦੇ ਇਲਾਵਾ ਕਿਸੇ ਨੂੰ ਵੀ ਨਹੀਂ ਦੱਸਿਆ। ਸਿਰਫ਼ ਦੋ ਹੀ ਆਦਮੀ ਰਾਮਚੰਦਰ ਦਾਦਾ ਅਤੇ ਬਾਲਾ ਸ਼ਿੰਪੀ, ਤਾਤਿਆ ਦੇ ਜੀਵਨ ਦੇ ਲਈ ਫਿਰਕਮੰਦ ਅਤੇ ਦੁਖੀ ਸੀ।

ਰਾਮਚੰਦਰ ਨੇ ਮੰਜਾ ਛੱਡ ਦਿੱਤਾ ਅਤੇ ਉਹ ਤੁਰਨ-ਫਿਰਨ ਲਗੇ। ਵਕਤ ਤੇਜ਼ੀ ਨਾਲ ਬੀਤਣ ਲੱਗਾ। ਸ਼ਕੇ 1840 ਦਾ ਭਾਦਰਪਦ ਖ਼ਤਮ ਹੋ ਕੇ ਅਸੂ ਮਹੀਨਾ ਸ਼ੁਰੂ ਹੋਣ ਹੀ ਵਾਲਾ ਸੀ ਕਿ ਬਾਬਾ ਦੇ ਵਚਨ ਪੂਰੇ ਸੱਚ ਨਿਕਲੇ। ਤਾਤਿਆ ਬਿਮਾਰ ਪੈ ਗਏ ਅਤੇ ਉਨ੍ਹਾਂ ਨੇ ਮੰਜਾ ਫੜ ਲਿਆ। ਉਨ੍ਹਾਂ ਦੀ ਹਾਲਤ ਏਨੀ ਖ਼ਰਾਬ ਹੋ ਗਈ ਕਿ ਹੁਣ ਉਹ ਬਾਬਾ ਦੇ ਦਰਸ਼ਨ ਕਰਨ ਲਈ ਜਾਣ ਦੇ ਕਾਬਿਲ ਵੀ ਨਾ ਰਹੇ। ਏਧਰ ਬਾਬਾ ਵੀ ਬੁਖ਼ਾਰ ਨਾਲ ਬਿਮਾਰ ਸੀ। ਤਾਤਿਆ ਦਾ ਪੂਰਾ ਵਿਸ਼ਵਾਸ ਬਾਬਾ 'ਤੇ ਸੀ ਅਤੇ ਬਾਬਾ ਦਾ ਭਗਵਾਨ ਸ੍ਰੀ ਹਰੀ 'ਤੇ, ਜਿਹੜੇ ਉਨ੍ਹਾਂ ਦੇ ਰਖਿਅਕ ਸਨ। ਤਾਤਿਆ ਦੀ ਹਾਲਤ ਹੁਣ ਹੋਰ ਜ਼ਿਆਦਾ ਚਿੰਤਾਜਨਕ ਹੋ ਗਈ। ਉਹ ਹਿਲਜੁਲ ਵੀ ਨਹੀਂ ਸਕਦੇ ਸੀ ਅਤੇ ਹਮੇਸ਼ਾਂ ਬਾਬਾ ਦਾ ਹੀ ਸਿਮਰਨ ਕਰਦੇ ਸੀ। ਏਧਰ ਬਾਬਾ ਦੀ ਵੀ ਹਾਲਤ ਲਗਾਤਾਰ ਖ਼ਰਾਬ ਹੋਣ ਲਗੀ। ਬਾਬਾ ਵਲੋਂ ਦੱਸਿਆ ਹੋਇਆ ਦੁਸਹਿਰੇ ਦਾ ਦਿਨ ਵੀ ਨੇੜੇ ਆ ਗਿਆ। ਉਦੋਂ ਰਾਮਚੰਦਰ ਦਾਦਾ ਅਤੇ ਬਾਲਾ ਸ਼ਿੰਪੀ ਬਹੁਤ ਘਬਰਾ ਗਏ। ਉਨ੍ਹਾਂ ਦੇ ਸਰੀਰ ਕੰਬ ਰਹੇ ਸੀ, ਪਸੀਨੇ ਦੀਆਂ ਧਾਰਾਂ ਵਗ ਰਹੀਆਂ ਸੀ, ਕਿ ਹੁਣ ਤਾਤਿਆ ਦਾ ਆਖਰੀ ਸਾਥ ਹੈ। ਜਿਵੇਂ ਹੀ ਦੁਸਹਿਰੇ ਦਾ ਦਿਨ ਆਇਆ, ਤਾਤਿਆ ਦੀ ਨਬਜ਼ ਦੀ ਗਤੀ ਹੌਲੀ ਹੋਣ ਲਗੀ ਅਤੇ ਉਸ ਦੀ ਮੌਤ ਨੇੜੇ ਦਿਸਣ ਲਗੀ। ਉਸ ਵੇਲੇ ਇਕ ਅਜ਼ੀਬ ਘਟਨਾ ਘਟੀ। ਤਾਤਿਆ ਦੀ ਮੌਤ ਟਲ ਗਈ ਅਤੇ ਉਸਦੇ ਪ੍ਰਾਣ ਬਚ ਗਏ, ਪਰ ਉਸਦੀ ਥਾਂ 'ਤੇ ਬਾਬਾ ਆਪ ਚਲਾਣਾ ਕਰ ਗਏ ਅਤੇ ਏਦਾਂ ਲੱਗਾ, ਜਿਵੇਂ ਕਿ ਆਪਸ ਵਿਚ ਅਦਲਾ ਬਦਲੀ ਹੋ ਗਈ ਹੋਵੇ। ਸਾਰੇ ਲੋਕ ਕਹਿਣ ਲਗੇ ਕਿ ਬਾਬਾ ਨੇ ਤਾਤਿਆ ਦੇ ਲਈ ਪ੍ਰਾਣ ਤਿਆਗੇ। ਇਸ ਤਰ੍ਹਾਂ ਉਨ੍ਹਾਂ ਨੇ ਕਿਉਂ ਕੀਤਾ, ਇਹ ਤਾਂ ਉਹ ਜਾਣਨ, ਕਿਉਂਕਿ ਇਹ ਸਾਡੀ ਬੁੱਧੀ ਦੇ ਬਾਹਰ ਹੈ। ਏਦਾਂ ਹੀ ਲੱਗਦਾ ਹੈ ਕਿ ਬਾਬਾ ਨੇ ਆਪਣੇ ਆਖਰੀ ਵਕਤ ਦਾ ਇਸ਼ਾਰਾ ਤਾਤਿਆ ਦਾ ਨਾਂਅ ਲੈ ਕੇ ਹੀ ਕੀਤਾ ਸੀ।

ਦੂਜੇ ਦਿਨ 16 ਅਕਤੂਬਰ ਨੂੰ ਸਵੇਰੇ ਬਾਬਾ ਨੇ ਦਾਸਗਣੂ ਨੂੰ ਪੰਡਰਪੁਰ ਵਿਚ ਸੁਪਨੇ ਵਿਚ ਦੱਸਿਆ ਕਿ ਮਸਜਿਦ ਟੁੱਟ ਕੇ ਡਿਗ ਗਈ ਹੈ। ਸ਼ਿਰਡੀ ਦੇ ਆਮ ਤੌਰ 'ਤੇ ਸਾਰੇ ਤੇਲੀ ਤਬੋਲੀ ਮੈਨੂੰ ਦੁੱਖ ਦਿੰਦੇ ਸੀ। ਇਸ ਲਈ ਮੈਂ ਆਪਣੀ ਥਾਂ ਛੱਡ ਦਿੱਤੀ ਹੈ। ਮੈਂ ਤੁਹਾਨੂੰ ਇਹ ਖ਼ਬਰ ਦੇਣ ਆਇਆ ਹਾਂ ਕਿ ਛੇਤੀ ਉਥੇ ਜਾ ਕੇ ਮੇਰੇ ਸਰੀਰ 'ਤੇ ਹਰ ਤਰ੍ਹਾਂ ਦੇ ਫੁੱਲ ਇਕੱਠੇ ਕਰਕੇ ਚੜਾਉ। ਦਾਸਗਣੂ ਨੂੰ ਸ਼ਿਰਡੀ ਤੋਂ ਵੀ ਇਕ ਖੱਤ ਮਿਲਿਆ ਅਤੇ ਉਹ ਆਪਣੇ ਚੇਲਿਆਂ ਨੂੰ ਨਾਲ ਲੈ ਕੇ ਸ਼ਿਰਡੀ ਆਏ ਅਤੇ ਉਨ੍ਹਾਂ ਨੇ ਬਾਬਾ ਦੀ ਸਮਾਧੀ ਦੇ ਸਾਹਮਣੇ ਅਖੰਡ ਕੀਰਤਨ ਅਤੇ ਹਰੀਨਾਮ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪ ਫੁੱਲਾਂ ਦਾ ਹਾਰ ਗੁੰਦਿਆ ਅਤੇ ਈਸ਼ਵਰ ਦਾ ਨਾਂਅ ਲੈ ਕੇ ਸਮਾਧੀ 'ਤੇ ਚੜ੍ਹਾਇਆ ਬਾਬਾ ਦੇ ਨਾਂਅ 'ਤੇ ਇਕ ਵੱਡੇ ਭੋਜ ਦਾ ਵੀ ਪ੍ਰਬੰਧ ਕੀਤਾ ਗਿਆ।

ਦੁਸਹਿਰੇ ਦਾ ਦਿਨ ਹਿੰਦੂਆਂ ਦੇ ਲਈ ਬਹੁਤ ਸ਼ੁਭ ਹੈ ਅਤੇ ਜੀਵਨ ਦੀ ਹੱਦ ਪਾਰ ਕਰਨ ਲਈ ਬਾਬਾ ਵੱਲੋਂ ਇਸ ਦਿਨ ਦਾ ਚੁਣਨਾ ਬਿਲਕੁਲ ਠੀਕ ਹੀ ਹੈ। ਇਸ ਤੋਂ ਕੁਝ ਦਿਨ ਪਹਿਲਾਂ ਤੋਂ ਹੀ ਉਨ੍ਹਾਂ ਨੂੰ ਬੇਹੱਦ ਤਕਲੀਫ ਹੋ ਰਹੀ ਸੀ। ਪਰ ਅੰਦਰੂਨੀ ਤੌਰ 'ਤੇ ਉਹ ਪੂਰੇ ਸੁਚੇਤ ਸੀ। ਆਖ਼ਰੀ ਪਲਾਂ ਤੋਂ ਪਹਿਲਾਂ ਉਹ ਬਿਨਾਂ ਕਿਸੇ ਦੀ ਮਦਦ ਲਏ ਉਠ ਕੇ ਸਿਧੇ ਬੈਠ ਗਏ ਅਤੇ ਤੰਦਰੁਸਤ ਨਜ਼ਰ ਆਉਣ ਲੱਗੇ। ਲੋਕਾਂ ਨੇ ਸੋਚਿਆ ਕਿ ਖ਼ਤਰਾ ਟਲ ਗਿਆ ਅਤੇ ਹੁਣ ਡਰ ਦੀ ਕੋਈ ਗੱਲ ਨਹੀਂ ਹੈ। ਅਤੇ ਹੁਣ ਉਹ ਛੇਤੀ ਹੀ ਨਿਰੋਗ ਹੋ ਜਾਣਗੇ। ਪਰ ਉਹ ਤਾਂ ਜਾਣਦੇ ਸੀ ਕਿ ਮੈਂ ਹੁਣ ਜਲਦੀ ਹੀ ਜਾਣ ਵਾਲਾ ਹਾਂ ਅਤੇ ਇਸ ਲਈ ਉਨ੍ਹਾਂ ਨੇ ਲਕਸ਼ਮੀਬਾਈ ਸ਼ਿੰਦੇ ਨੂੰ ਕੁਝ ਦਾਨ ਦੇਣ ਦੀ ਇੱਛਾ ਪ੍ਰਗਟ ਕੀਤੀ।

ਲਕਸ਼ਮੀਬਾਈ ਇਕ ਉਚੀ ਕੁਲ ਦੀ ਔਰਤ ਸੀ। ਉਹ ਮਸਜਿਦ ਵਿਚ ਬਾਬਾ ਦੀ ਦਿਨ-ਰਾਤ ਸੇਵਾ ਕਰਦੀ ਸੀ। ਸਿਰਫ਼ ਭਗਤ ਮਹਾਲਸਾਪਤਿ, ਤਾਤਿਆ ਅਤੇ ਲਕਸ਼ਮੀਬਾਈ ਦੇ ਇਲਾਵਾ ਰਾਤ ਨੂੰ ਮਸਜਿਦ ਦੀਆਂ ਪੌੜੀਆਂ 'ਤੇ ਕੋਈ ਨਹੀਂ ਚੱੜ੍ਹ ਸਕਦਾ ਸੀ। ਇਕ ਵਾਰੀ ਸ਼ਾਮ ਵੇਲੇ ਜਦੋਂ ਬਾਬਾ ਤਾਤਿਆ ਦੇ ਨਾਲ ਮਸਜਿਦ ਵਿਚ ਬੈਠੇ ਹੋਏ ਸੀ, ਉਦੋਂ ਲਕਸ਼ਮੀਬਾਈ ਨੇ ਆ ਕੇ ਉਨ੍ਹਾਂ ਨੂੰ ਨਮਸਕਾਰ ਕੀਤਾ। ਤਾਂ ਬਾਬਾ ਕਹਿਣ ਲਗੇ ਕਿ, "ਅਰੀ ਲਕਸ਼ਮੀ, ਮੈਂ ਬਹੁਤ ਭੁੱਖਾ ਹਾਂ।" ਉਹ ਇਹ ਕਹਿ ਕੇ ਵਾਪਸ ਮੁੜੀ ਕਿ "ਬਾਬਾ, ਥੋੜ੍ਹੀ ਦੇਰ ਠਹਿਰੋ, ਮੈਂ ਹੁਣੇ ਤੁਹਾਡੇ ਲਈ ਰੋਟੀ ਲੈ ਕੇ ਆਉਂਦੀ ਹਾਂ।" ਉਸ ਨੇ ਰੋਟੀ ਅਤੇ ਸਾਗ ਲਿਆ ਕੇ ਬਾਬਾ ਅੱਗੇ ਰੱਖ ਦਿੱਤਾ, ਜਿਹੜਾ ਉਨ੍ਹਾਂ ਨੇ ਇਕ ਭੁੱਖੇ ਕੁੱਤੇ ਨੂੰ ਪਾ ਦਿੱਤਾ। ਤਾਂ ਲਕਸ਼ਮੀਬਾਈ ਕਹਿਣ ਲਗੀ ਕਿ, "ਬਾਬਾ ਇਹ ਕੀ ? ਮੈਂ ਤਾਂ ਛੇਤੀ ਛੇਤੀ ਗਈ ਆਪਣੇ ਹੱਥਾਂ ਨਾਲ ਤੁਹਾਡੇ ਲਈ ਰੋਟੀ ਬਣਾ ਕੇ ਲਿਆਈ। ਤੁਸੀਂ ਇਕ ਵੀ ਗਰਾਹੀ ਖਾਣ ਤੋਂ ਬਿਨਾਂ ਉਸ ਨੂੰ ਕੁੱਤੇ ਦੇ ਅੱਗੇ ਪਾ ਦਿੱਤਾ। ਤਾਂ ਤੁਸੀਂ ਫਜ਼ੂਲ ਹੀ ਮੈਨੂੰ ਤਕਲੀਫ ਕਿਉਂ ਦਿੱਤੀ ?" ਬਾਬਾ ਨੇ ਜਵਾਬ ਦਿੱਤਾ ਕਿ, "ਫਜ਼ੂਲ ਦੁੱਖ ਨਾ ਕਰੋ।

। ਇਹ ਇਕ ਅਟਲ ਸਚ ਹੈ।" ਇਸ ਸਧਾਰਣ ਜਿਹੀ ਘਟਨਾ ਨਾਲ ਬਾਬਾ ਨੇ ਇਕ ਮਹਾਨ ਅਧਿਆਤਮਿਕ ਸਚ ਦੀ ਸਿਖਿਆ ਦਿੱਤੀ ਕਿ ਬਿਨਾਂ ਕਿਸੇ ਦੀਆਂ ਭਾਵਨਾਵਾਂ ਨੂੰ ਤਕਲੀਫ ਪਹੁੰਚਾਏ ਜਿਸ ਤਰ੍ਹਾਂ ਉਸ ਨੂੰ ਰੋਜ਼ ਵਿਹਾਰ ਵਿਚ ਲਿਆਇਆ ਜਾ ਸਕਦਾ ਹੈ। ਇਸ ਤੋਂ ਬਾਅਦ ਲਕਸ਼ਮੀਬਾਈ ਉਨ੍ਹਾਂ ਨੂੰ ਰੋਜ਼ ਹੀ ਪ੍ਰੇਮ ਅਤੇ ਭਗਤੀ ਨਾਲ ਦੁੱਧ, ਰੋਟੀ ਅਤੇ ਹੋਰ ਭੋਜਨ ਦੇਣ ਲਗੀ, ਜਿਸ ਨੂੰ ਉਹ ਸਵੀਕਾਰ ਕਰਕੇ ਬੜੀ ਰੀਝ ਨਾਲ ਖਾਂਧੇ ਸੀ। ਉਹ ਉਸ ਵਿਚੋਂ ਕੁਝ ਖਾ ਕੇ ਬਾਕੀ ਲਕਸ਼ਮੀਬਾਈ ਦੇ ਹੱਥ ਹੀ ਰਾਧਾਕ੍ਰਿਸ਼ਨਾਮਾਈ

ਦੇ ਕੋਲ ਭੇਜ ਦਿੰਦੇ ਸੀ। ਇਸ ਪਵਿੱਤਰ ਅੰਨ ਨੂੰ ਪ੍ਰਸ਼ਾਦ ਸਮਝ ਕੇ ਉਹ ਪ੍ਰੇਮ ਨਾਲ ਖਾਂਧੀ ਸੀ। ਇਸ ਰੋਟੀ ਦੀ ਕਥਾ ਨੂੰ ਐਵੇਂ ਨਹੀਂ ਸਮਝਣਾ ਚਾਹੀਦਾ। ਇਸ ਤੋਂ ਸਿੱਧ ਹੁੰਦਾ ਹੈ ਕਿ ਸਾਰੇ ਪ੍ਰਾਣੀਆਂ ਵਿਚ ਬਾਬਾ ਦਾ ਨਿਵਾਸ ਹੈ, ਜਿਹੜੇ ਸਰਵਵਿਆਪੀ, ਜਨਮ-ਮਰਨ ਤੋਂ ਪਰੇ ਅਤੇ ਅਮਰ ਹਨ।

ਬਾਬਾ ਨੇ ਲਕਸ਼ਮੀਬਾਈ ਦੀ ਸੇਵਾ ਨੂੰ ਹਮੇਸ਼ਾਂ ਯਾਦ ਰੱਖਿਆ। ਬਾਬਾ ਉਨ੍ਹਾਂ ਨੂੰ ਭੁੱਲਾ ਵੀ ਕਿਵੇਂ ਸਕਦੇ ਸੀ ? ਦੇਹ ਤਿਆਗਣ ਤੋਂ ਬਿਲਕੁਲ ਪਹਿਲਾਂ ਬਾਬਾ ਨੇ ਆਪਣੀ ਜੇਬ ਵਿਚ ਹੱਥ ਪਾਇਆ ਅਤੇ ਪਹਿਲੇ ਉਨ੍ਹਾਂ ਨੇ ਲਕਸ਼ਮੀ ਨੂੰ ਪੰਜ ਰੁਪਏ ਅਤੇ ਬਾਅਦ ਵਿਚ ਚਾਰ ਰੁਪਏ, ਇਸ ਤਰ੍ਹਾਂ ਕੁਲ ਨੌਂ ਰੁਪਏ ਦਿੱਤੇ। ਇਹ ਨੌਂ ਦੀ ਗਿਣਤੀ ਇਸ ਕਿਤਾਬ ਦੇ ਅਧਿਆਇ 12 ਵਿਚ ਵਰਣਨ ਨਵਵਿਦਾ ਭਗਤੀ ਦਾ ਇਸ਼ਾਰਾ ਹੈ ਜਾਂ ਇਹ ਜੀਵਨ ਹੱਦ ਪਾਰ ਕਰਨ ਵੇਲੇ ਦਿੱਤੀ ਜਾਣ ਵਾਲੀ ਦਕਸ਼ਿਣਾ ਵੀ ਹੋ ਸਕਦੀ ਹੈ। ਲਕਸ਼ਮੀਬਾਈ ਇਕ ਰੱਜੀ ਪੁਜੀ ਔਰਤ ਸੀ। ਉਨ੍ਹਾਂ ਨੂੰ ਰੁਪਇਆ ਦੀ ਕੋਈ ਲੋੜ ਨਹੀਂ ਸੀ। ਇਸ ਕਰਕੇ ਮੁਮਕਿਨ ਹੈ ਕਿ ਬਾਬਾ ਨੇ ਉਨ੍ਹਾਂ ਦਾ ਧਿਆਨ ਮੁੱਖ ਰੂਪ 'ਚ ਸ੍ਰੀਮਦ ਭਾਗਵਤ ਦੇ ਸਕੰਦ 11 ਅਧਿਆਇ 10 ਦੇ ਸਲੋਕ ਨੰ. 6 ਦੇ ਵੱਲ ਖਿਚਿਆ ਹੋਵੇ, ਜਿਸ ਵਿਚ ਉੱਤਮ ਕੋਟੀ ਦੇ ਭਗਤ ਦੇ ਨੌਂ ਗੁਣਾਂ ਦਾ ਵਰਨਣ ਹੈ, ਜਿਸ ਵਿਚ ਪਹਿਲੇ 5 ਅਤੇ ਬਾਅਦ ਵਿਚ 4 ਗੁਣਾ ਦਾ ਵਾਰੀ ਵਾਰੀ ਪਹਿਲੇ ਅਤੇ ਦੂਜੇ ਹਿਸੇ ਵਿਚ ਵਰਨਣ ਹੋਇਆ ਹੈ। ਬਾਬਾ ਨੇ ਉਸੇ ਨੇਮ ਦਾ ਪਾਲਣ ਕੀਤਾ (ਪਹਿਲੇ 5 ਅਤੇ ਬਾਅਦ ਵਿਚ 4 ਕੁਲ 9) ਕੇਵਲ 9 ਰੁਪਏ ਹੀ ਨਹੀਂ, ਬਲਕਿ ਨੌਂ ਦੇ ਕਈ ਗੁਣਾਂ ਰੁਪਏ ਲਕਸ਼ਮੀਬਾਈ ਦੇ ਹੱਥਾਂ ਵਿਚ ਆ ਗਏ ਹੋਣਗੇ, ਪਰ ਬਾਬਾ ਵੱਲੋਂ ਦਿੱਤੇ ਇਹ ਨੌਂ ਰੁਪਏ ਦਾ ਤੋਹਫਾ ਉਹ ਔਰਤ ਹਮੇਸ਼ਾਂ ਯਾਦ ਰਖੇਗੀ।

ਬਾਬਾ ਹਮੇਸ਼ਾਂ ਸੁਚੇਤ ਅਤੇ ਜਾਗਰੂਕ ਰਹਿੰਦੇ ਸੀ ਅਤੇ ਉਨ੍ਹਾਂ ਨੇ ਆਖ਼ਰੀ ਵਕਤ ਵੀ ਸਾਵਧਾਨੀ ਤੋਂ ਕੰਮ ਲਿਆ। ਉਨ੍ਹਾਂ ਨੇ ਆਖਰੀ ਵਕਤ ਸਾਰਿਆਂ ਨੂੰ ਉਥੋਂ ਚਲੇ ਜਾਣ ਦਾ ਹੁਕਮ ਦਿੱਤਾ। ਚਿੰਤਾ 'ਚ ਡੂਬੇ ਕਾਕਾਸਾਹਿਬ, ਬੂਟੀ ਅਤੇ ਹੋਰ ਸੱਜਣ, ਜਿਹੜੇ ਮਸਜਿਦ ਵਿਚ ਬਾਬਾ ਦੀ ਸੇਵਾ ਵਿਚ ਹਾਜ਼ਰ ਸਨ, ਉਨ੍ਹਾਂ ਨੂੰ ਵੀ ਬਾਬਾ ਨੇ ਵਾੜੇ ਵਿਚ ਜਾ ਕੇ ਭੋਜਨ ਕਰਕੇ ਵਾਪਸ ਆਉਣ ਨੂੰ ਕਿਹਾ। ਇਸ ਤਰ੍ਹਾਂ ਦੀ ਹਾਲਤ ਵਿਚ ਉਹ ਬਾਬਾ ਨੂੰ ਇਕਲੇ ਛੱਡਣਾ ਤਾਂ ਨਹੀਂ ਚਾਹੁੰਦੇ ਸੀ, ਪਰ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਨ ਤੋਂ ਨਾ ਵੀ ਨਹੀਂ ਕਰ ਸਕਦੇ ਸੀ। ਇਸ ਲਈ ਇੱਛਾ ਨਾ ਹੁੰਦੇ ਹੋਏ ਵੀ ਉਦਾਸ ਅਤੇ ਦੁਖੀ ਦਿਲ ਨਾਲ ਉਨ੍ਹਾਂ ਨੂੰ ਵਾੜੇ ਨੂੰ ਜਾਣਾ ਪਿਆ। ਉਨ੍ਹਾਂ ਨੂੰ ਪਤਾ ਸੀ ਕਿ ਬਾਬਾ ਦੀ ਹਾਲਤ ਬਹੁਤ ਚਿੰਤਾਜਨਕ ਹੈ ਅਤੇ ਇਸ ਤਰ੍ਹਾ ਉਨ੍ਹਾਂ ਨੂੰ ਇਕੱਲੇ ਛੱਡਣਾ ਠੀਕ ਨਹੀਂ ਹੈ। ਉਹ ਭੋਜਨ ਕਰਨ ਲਈ ਬੈਠੇ ਤਾਂ ਸੀ, ਪਰ ਉਨ੍ਹਾਂ ਦਾ ਮਨ ਕਿਤੇ ਹੋਰ (ਬਾਬਾ ਦੇ ਨਾਲ) ਸੀ। ਅਜੇ ਭੋਜਨ ਖ਼ਤਮ ਵੀ ਨਹੀਂ ਹੋਇਆ ਸੀ ਕਿ ਬਾਬਾ ਦੇ ਨਾਸ਼ਵਾਨ ਸਰੀਰ ਤਿਆਗਣ ਦੀ ਖ਼ਬਰ ਉਨ੍ਹਾਂ ਦੇ ਕੋਲ ਪਹੁੰਚੀ ਅਤੇ ਉਹ ਆਪਣੀ-ਆਪਣੀ ਥਾਲੀ ਛੱਡ ਕੇ ਮਸਜਿਦ ਵੱਲ ਦੌੜੇ ਅਤੇ ਜਾ ਕੇ ਦੇਖਿਆ ਕਿ ਬਾਬਾ ਸਦਾ ਦੇ ਲਈ ਬਿਯਾਜੀ ਅਪਾ ਕੋਤੇ ਦੀ ਗੋਦ ਵਿਚ ਆਖਰੀ

ਆਰਾਮ ਕਰ ਰਹੇ ਹਨ। ਨਾ ਉਹ ਥੱਲੇ ਲੰਮਕੇ ਅਤੇ ਨਾ ਹੀ ਮੰਜੇ 'ਤੇ ਲੰਮੇ ਪਏ, ਆਪਣੇ ਹੀ ਆਸਨ 'ਤੇ ਸ਼ਾਂਤੀ ਨਾਲ ਬੈਠੇ ਹੋਏ ਆਪਣੇ ਹੱਥਾਂ ਨਾਲ ਦਾਨ ਦਿੰਦੇ ਹੋਏ ਉਨ੍ਹਾਂ ਨੇ ਇਹ ਮਨੁੱਖੀ ਸਰੀਰ ਤਿਆਗ ਦਿੱਤਾ। ਸੰਤ ਆਪ ਹੀ ਦੇਹ ਧਾਰਨ ਕਰਦੇ ਅਤੇ ਕੋਈ ਮੰਤਵ ਲੈ ਕੇ ਇਸ ਸੰਸਾਰ ਵਿਚ ਪ੍ਰਗਟ ਹੁੰਦੇ ਹਨ ਅਤੇ ਜਦੋਂ ਖ਼ਾਸ ਮੰਤਵ ਪੂਰਾ ਹੋ ਜਾਂਦਾ ਹੈ ਤਾਂ ਉਹ ਜਿਸ ਆਸਾਨੀ ਅਤੇ ਅਸਚਰਜਤਾ ਦੇ ਨਾਲ ਪ੍ਰਗਟ ਹੁੰਦੇ ਹਨ, ਉਸੇ ਤਰ੍ਹਾਂ ਗਾਇਬ ਵੀ ਹੋ ਜਾਂਦੇ ਹਨ।







# ॥ ਅਧਿਆਇ-43-44 ॥

## *ਮਹਾਂਸਮਾਧੀ ਵੱਲ (2)*

***ਪਹਿਲਾਂ ਤਿਆਰੀ—ਸਮਾਧੀ ਮੰਦਿਰ, ਇੱਟ ਦਾ ਖੰਡਨ, 72 ਘੰਟੇ ਦੀ ਸਮਾਧੀ, ਬਾਪੂਸਾਹਿਬ ਜੋਗ ਦਾ ਸੰਨਿਆਸ, ਬਾਬਾ ਦੇ ਅੰਮ੍ਰਿਤ ਤੁੱਲ ਵਚਨ।***

ਇਨ੍ਹਾਂ 43 ਅਤੇ 44 ਅਧਿਆਇਆਂ ਵਿਚ ਬਾਬਾ ਦੇ ਨਿਰਵਾਨ ਦਾ ਵਰਨਣ ਕੀਤਾ ਗਿਆ ਹੈ, ਇਸ ਲਈ ਇਥੇ ਇਕੱਠੇ ਲਿਖੇ ਜਾ ਰਹੇ ਹਨ।

ਹਿੰਦੂਆਂ ਵਿਚ ਇਹ ਰਿਵਾਜ਼ ਮਸ਼ਹੂਰ ਹੈ ਕਿ ਜਦੋਂ ਕਿਸੇ ਮਨੁੱਖ ਦਾ ਆਖ਼ਰੀ ਵਕਤ ਨੇੜੇ ਆ ਜਾਂਦਾ ਹੈ ਤਾਂ ਉਸ ਨੂੰ ਧਾਰਮਿਕ ਗ੍ਰੰਥ ਆਦਿ ਪੜ੍ਹ ਕੇ ਸੁਣਾਏ ਜਾਂਦੇ ਹਨ। ਇਸ ਦਾ ਮੁੱਖ ਕਾਰਨ ਸਿਰਫ਼ ਇਹੀ ਹੈ ਕਿ ਜਿਸ ਨਾਲ ਉਸ ਦਾ ਮਨ ਸੰਸਾਰਿਕ ਝੰਝਟਾਂ ਤੋਂ ਮੁਕਤ ਹੋ ਕੇ ਅਧਿਆਤਮਿਕ ਵਿਸ਼ਿਆਂ ਵਿਚ ਲਗ ਜਾਏ ਅਤੇ ਉਹ ਪ੍ਰਾਣੀ ਕਰਮਾਂ ਕਰਕੇ ਅਗਲੇ ਜਨਮ ਵਿਚ ਜਿਸ ਜੂਨ ਨੂੰ ਧਾਰਨ ਕਰੇ, ਉਸ ਵਿਚ ਉਸ ਨੂੰ ਸਦਗਤੀ ਪ੍ਰਾਪਤ ਹੋਵੇ। ਇਹ ਸਾਰਿਆਂ ਨੂੰ ਪਤਾ ਹੀ ਹੈ ਕਿ ਜਦੋਂ ਰਾਜਾ ਪਰੀਕਸ਼ਿਤ ਨੂੰ ਇਕ ਬ੍ਰਾਹਮਣ ਰਿਸ਼ੀ ਦੇ ਪੁੱਤਰ ਨੇ ਸਰਾਪ ਦਿੱਤਾ ਅਤੇ ਇਕ ਹਫ਼ਤੇ ਦੇ ਬਾਅਦ ਹੀ ਉਨ੍ਹਾਂ ਦਾ ਅੰਤਕਾਲ ਨੇੜੇ ਆਇਆ ਤਾਂ ਮਹਾਤਮਾ ਸ਼ੁਕਦੇਵ ਨੇ ਉਨ੍ਹਾਂ ਨੂੰ ਉਸ ਹਫ਼ਤੇ ਵਿਚ ਸ੍ਰੀਮਦਭਾਗਵਤ ਪੁਰਾਣ ਦਾ ਪਾਠ ਸੁਣਾਇਆ, ਜਿਸ ਨਾਲ ਉਨ੍ਹਾਂ ਨੂੰ ਮੋਕਸ਼ ਦੀ ਪ੍ਰਾਪਤੀ ਹੋਈ। ਇਹ ਰਿਵਾਜ਼ ਹੁਣ ਵੀ ਹੈ। ਮਹਾਂਨਿਰਵਾਨ ਦੇ ਵਕਤ ਗੀਤਾ, ਭਾਗਵਤ ਅਤੇ ਹੋਰ ਗ੍ਰੰਥਾਂ ਦਾ ਪਾਠ ਕੀਤਾ ਜਾਂਦਾ ਹੈ। ਬਾਬਾ ਤਾਂ ਆਪ ਅਵਤਾਰ ਸੀ, ਇਸ ਲਈ ਉਨ੍ਹਾਂ ਨੂੰ ਬਾਹਰੀ ਸਾਧਨਾ ਦੀ ਲੋੜ ਨਹੀਂ ਸੀ, ਪਰ ਕੇਵਲ ਦੂਜਿਆਂ ਦੇ ਸਾਹਮਣੇ ਉਦਾਹਰਣ ਪੇਸ਼ ਕਰਨ ਦੇ ਲਈ ਹੀ ਉਨ੍ਹਾਂ ਨੇ ਇਸ ਰਿਵਾਜ਼ ਦੀ ਅਣਦੇਖੀ ਨਹੀਂ ਕੀਤੀ। ਜਦੋਂ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਮੈਂ ਹੁਣ ਜਲਦੀ ਇਸ ਨਾਸ਼ਵਾਨ ਦੇਹ ਦਾ ਤਿਆਗ ਕਰਾਂਗਾ, ਤਾਂ ਉਨ੍ਹਾਂ ਨੇ ਸ੍ਰੀ ਵਝੇ ਨੂੰ 'ਰਾਮ ਵਿਜੇ' ਦਾ ਪਾਠ ਸੁਣਾਉਣ ਦੀ ਆਗਿਆ ਦਿੱਤੀ। ਸ੍ਰੀ ਵਝੇ ਨੇ ਇਕ ਹਫ਼ਤਾ ਹਰ ਰੋਜ਼ ਪਾਠ ਸੁਣਾਇਆ। ਉਸ ਤੋਂ ਬਾਅਦ ਬਾਬਾ ਨੇ ਉਨ੍ਹਾਂ ਨੂੰ ਅੱਠੇ ਪਹਿਰ ਪਾਠ ਕਰਨ ਦੀ ਆਗਿਆ ਦਿੱਤੀ। ਸ੍ਰੀ ਵਝੇ ਨੇ ਉਸ ਅਧਿਆਇ ਦਾ ਦੂਜੀ ਵਾਰ ਪਾਠ ਤਿੰਨ ਦਿਨ ਵਿਚ ਪੂਰਾ ਕਰ ਦਿੱਤਾ ਅਤੇ ਇਸ ਤਰ੍ਹਾਂ 11 ਦਿਨ ਬੀਤ ਗਏ। ਫੇਰ ਤਿੰਨ ਦਿਨ ਹੋਰ ਉਨ੍ਹਾਂ ਨੇ ਪਾਠ ਕੀਤਾ। ਹੁਣ ਸ੍ਰੀ ਵਝੇ ਬਿਲਕੁਲ ਥਕ ਗਏ। ਇਸ ਲਈ ਉਨ੍ਹਾਂ ਨੂੰ ਆਰਾਮ ਕਰਨ ਦੀ ਆਗਿਆ ਹੋਈ। ਬਾਬਾ ਹੁਣ ਬਿਲਕੁਲ ਸ਼ਾਂਤ ਬੈਠ ਗਏ ਅਤੇ ਉਹ ਆਖ਼ਰੀ ਪਲ ਦੀ ਉਡੀਕ ਕਰਨ ਲਗੇ। ਦੋ-ਤਿੰਨ ਦਿਨ ਪਹਿਲਾਂ ਹੀ ਸਵੇਰ ਤੋਂ ਬਾਬਾ ਨੇ ਭਿਖਿਆ ਮੰਗਣਾ ਬੰਦ ਕਰ ਦਿੱਤਾ ਅਤੇ ਉਹ ਮਸਜਿਦ

ਵਿਚ ਹੀ ਬੈਠੇ ਰਹੇ। ਉਹ ਆਪਣੇ ਆਖ਼ਰੀ ਪਲ ਦੇ ਲਈ ਪੂਰੇ ਸੁਚੇਤ ਸੀ, ਇਸ ਲਈ ਉਹ ਆਪਣੇ ਭਗਤਾਂ ਨੂੰ ਧੀਰਜ ਤਾਂ ਦਿੰਦੇ ਰਹਿੰਦੇ, ਪਰ ਉਨ੍ਹਾਂ ਨੇ ਕਿਸੇ ਨੂੰ ਵੀ ਆਪਣੇ ਮਹਾਂਨਿਰਵਾਨ ਦਾ ਪੱਕਾ ਵਕਤ ਪ੍ਰਗਟ ਨਾ ਕੀਤਾ। ਇਨ੍ਹਾਂ ਦਿਨਾਂ 'ਚ ਕਾਕਾਸਾਹਿਬ ਦਿਕਸ਼ਿਤ ਅਤੇ ਸ੍ਰੀਮਾਨ ਬੂਟੀ, ਬਾਬਾ ਦੇ ਨਾਲ ਮਸਜਿਦ ਵਿਚ ਹੀ ਰੋਜ਼ ਭੋਜਨ ਕਰਦੇ ਸੀ। ਮਹਾਂਨਿਰਵਾਨ ਦੇ ਦਿਨ (15 ਅਕਤੂਬਰ) ਆਰਤੀ ਖ਼ਤਮ ਹੋਣ ਤੋਂ ਬਾਅਦ ਬਾਬਾ ਨੇ ਉਨ੍ਹਾਂ ਲੋਕਾਂ ਨੂੰ ਵੀ ਆਪਣੇ ਘਰ ਹੀ ਭੋਜਨ ਕਰਕੇ ਆਉਣ ਲਈ ਕਿਹਾ। ਫੇਰ ਵੀ ਲਕਸ਼ਮੀਬਾਈ ਸ਼ਿੰਦੇ, ਭਾਗੋ ਜੀ ਸ਼ਿੰਦੇ, ਬਯਾਜੀ, ਲਕਸ਼ਮਣ ਬਾਲਾ ਸ਼ਿੰਪੀ ਅਤੇ ਨਾਨਾਸਾਹਿਬ ਨਿਮੋਣਕਰ ਉਥੇ ਹੀ ਰਹਿ ਗਏ। ਸ਼ਾਮਾ ਹੇਠਾਂ ਮਸਜਿਦ ਦੀਆਂ ਪੌੜੀਆਂ 'ਤੇ ਬੈਠਾ ਸੀ। ਲਕਸ਼ਮੀਬਾਈ ਸ਼ਿੰਦੇ ਨੂੰ 9 ਰੁਪਏ ਦੇਣ ਤੋਂ ਬਾਅਦ ਬਾਬਾ ਨੇ ਕਿਹਾ, "ਮੈਨੂੰ ਮਸਜਿਦ ਵਿਚ ਹੁਣ ਚੰਗਾ ਨਹੀਂ ਲਗਦਾ ਹੈ, ਇਸ ਲਈ ਮੈਨੂੰ ਬੂਟੀ ਦੇ ਪੱਥਰ ਵਾੜੇ ਵਿਚ ਲੈ ਚਲੋ, ਜਿਥੇ ਮੈਂ ਸੁਖੀ ਰਹਾਂਗਾ।" ਇਹ ਹੀ ਆਖ਼ਰੀ ਸ਼ਬਦ ਉਨ੍ਹਾਂ ਦੇ ਸ੍ਰੀਮੁੱਖ ਤੋਂ ਨਿਕਲੇ। ਇਸੇ ਵੇਲੇ ਬਾਬਾ ਬਯਾਜੀ ਦੇ ਸਰੀਰ ਵੱਲ ਝੁਕ ਗਏ ਅਤੇ ਆਖ਼ਰੀ ਸਾਹ ਛੱਡ ਦਿੱਤਾ। ਭਾਗੋ ਜੀ ਨੇ ਦੇਖਿਆ ਕਿ ਬਾਬਾ ਦੀ ਸਾਹ ਰੁਕ ਗਈ ਹੈ ਤਾਂ ਉਨ੍ਹਾਂ ਨੇ ਨਾਨਾਸਾਹਿਬ ਨਿਮੋਣਕਰ ਨੂੰ ਆਵਾਜ਼ ਮਾਰ ਕੇ ਇਹ ਗੱਲ ਦੱਸੀ। ਨਾਨਾਸਾਹਿਬ ਨੇ ਕੁਝ ਪਾਣੀ ਲਿਆ ਕੇ ਬਾਬਾ ਦੇ ਸ੍ਰੀ ਮੁੱਖ ਵਿਚ ਪਾਇਆ, ਜਿਹੜਾ ਬਾਹਰ ਨਿਕਲ ਗਿਆ। ਉਦੋਂ ਉਨ੍ਹਾਂ ਨੇ ਜ਼ੋਰ ਨਾਲ ਆਵਾਜ਼ ਮਾਰੀ, "ਅਰੇ! ਦੇਵਾ!" ਤਾਂ ਬਾਬਾ ਇਸ ਤਰ੍ਹਾਂ ਦਿਸੇ, ਜਿਵੇਂ ਉਨ੍ਹਾਂ ਨੇ ਹੌਲੀ ਜਿਹੇ ਅੱਖਾਂ ਖੋਲ੍ਹ ਕੇ ਹੌਲੀ ਆਵਾਜ਼ 'ਚ 'ਓਹ' ਕਿਹਾ ਹੋਵੇ। ਪਰ ਹੁਣ ਸਾਫ਼ ਪਤਾ ਲਗ ਗਿਆ ਕਿ ਉਨ੍ਹਾਂ ਨੇ ਸੱਚਮੁੱਚ ਹੀ ਪੰਜਭੂਤ ਸਰੀਰ ਤਿਆਗ ਦਿੱਤਾ ਹੈ।

"ਬਾਬਾ ਸਮਾਧੀ 'ਚ ਲੀਨ ਹੋ ਗਏ"—ਇਹ ਦੁਖਦਾਈ ਖ਼ਬਰ ਜੰਗਲ ਦੀ ਅੱਗ ਵਾਂਗ ਤੁਰੰਤ ਹੀ ਚਾਰੋ ਪਾਸੇ ਫੈਲ ਗਈ। ਸ਼ਿਰਡੀ ਦੇ ਸਾਰੇ ਨਰ-ਨਾਰੀ ਅਤੇ ਬੱਚੇ ਮਸਜਿਦ ਦੇ ਵੱਲ ਦੌੜੇ। ਚਾਰੋਂ ਪਾਸੇ ਹਾਹਾਕਾਰ ਮਚ ਗਿਆ। ਸਾਰਿਆਂ ਦੇ ਦਿਲ 'ਤੇ ਮੁਸੀਬਤਾਂ ਦਾ ਪਹਾੜ ਡਿੱਗ ਪਿਆ। ਉਨ੍ਹਾਂ ਦੇ ਦਿਲ ਘਬਰਾਉਣ ਲਗੇ। ਕੋਈ ਜ਼ੋਰ-ਜ਼ੋਰ ਨਾਲ ਚੀਕ ਕੇ ਰੋਣ ਲਗਾ। ਕੋਈ ਸੜਕਾਂ 'ਤੇ ਲੇਟਣ ਲਗਾ ਅਤੇ ਬਹੁਤ ਸਾਰੇ ਬੇਹੋਸ਼ ਹੋ ਕੇ ਉਥੇ ਹੀ ਡਿਗ ਪਏ। ਹਰੇਕ ਦੀਆਂ ਅੱਖਾਂ ਵਿਚੋਂ ਛਮ-ਛਮ ਅੱਥਰੂ ਡਿੱਗ ਰਹੇ ਸੀ। ਪਰਲੋ ਵਰਗੇ ਮਾਹੌਲ ਵਿਚ ਜਿਵੇਂ ਤਾਂਡਵ ਨਾਚ ਵਾਂਗ ਨਜ਼ਾਰਾ ਪੇਸ਼ ਹੋ ਜਾਂਦਾ ਹੈ, ਉਹੀ ਹਾਲਤ ਸ਼ਿਰਡੀ ਦੇ ਨਰ-ਨਾਰੀਆਂ ਦੇ ਰੋਣ ਨਾਲ ਹੋ ਗਈ ਸੀ। ਉਨ੍ਹਾਂ ਦੇ ਇਸ ਮਹਾਨ ਦੁੱਖ ਵਿਚ ਕੌਣ ਆ ਕੇ ਉਨ੍ਹਾਂ ਨੂੰ ਧੀਰਜ ਦਿੰਦਾ, ਜਦੋਂ ਕਿ ਉਨ੍ਹਾਂ ਨੇ ਪ੍ਰਤੱਖ ਸਗੁਣ ਪਾਰਬ੍ਰਹਮ ਦਾ ਸਾਥ ਗਵਾ ਦਿੱਤਾ ਸੀ? ਇਸ ਦੁੱਖ ਦਾ ਵਰਨਣ ਭਲਾ ਕਰ ਹੀ ਕੌਣ ਸਕਦਾ ਹੈ?

ਹੁਣ ਕੁਝ ਭਗਤਾਂ ਨੂੰ ਸ੍ਰੀ ਸਾਈਂ ਬਾਬਾ ਦੇ ਵਚਨ ਯਾਦ ਆਉਣ ਲਗੇ। ਕਿਸੇ ਨੇ ਕਿਹਾ ਕਿ ਮਹਾਰਾਜ (ਸਾਈਂ ਬਾਬਾ) ਨੇ ਆਪਣੇ ਭਗਤਾਂ ਨੂੰ ਕਿਹਾ, "ਭਵਿੱਖ ਵਿਚ ਮੈਂ ਅੱਠ ਸਾਲ ਦੇ ਬਾਲਕ ਦੇ ਰੂਪ ਵਿਚ ਫੇਰ ਪ੍ਰਗਟ ਹੋਵਾਂਗਾ।" ਕ੍ਰਿਸ਼ਨ ਅਵਤਾਰ ਵਿਚ ਵੀ ਚਕਰਪਾਣਿ (ਭਗਵਾਨ ਵਿਸ਼ਨੂੰ) ਨੇ ਇਹੋ ਜਿਹੀ ਹੀ ਲੀਲ੍ਹਾ ਕੀਤੀ ਸੀ। ਸ੍ਰੀ ਕ੍ਰਿਸ਼ਨ ਮਾਤਾ ਦੇਵਕੀ ਦੇ ਸਾਹਮਣੇ ਅੱਠ ਸਾਲ ਦੀ ਉਮਰ ਦੇ ਇਕ ਬੱਚੇ ਦੇ ਰੂਪ ਵਿਚ

ਪ੍ਰਗਟ ਹੋਏ ਸੀ, ਜਿਨ੍ਹਾਂ ਦਾ ਅਲੌਕਿਕ ਤੇਜਸਵੀ ਸਰੂਪ ਸੀ ਅਤੇ ਜਿਨ੍ਹਾਂ ਦੇ ਚਾਰਾਂ ਹੱਥਾਂ ਵਿਚ ਸ਼ੰਖ, ਚੱਕਰ, ਗਦਾ ਅਤੇ ਪਦਮ ਸ਼ੋਭਾ ਦੇ ਰਹੇ ਸੀ। ਆਪਣੇ ਉਸ ਅਵਤਾਰ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਧਰਤੀ ਦਾ ਭਾਰ ਹਲਕਾ ਕੀਤਾ ਸੀ। ਸਾਈਂਬਾਬਾ ਦਾ ਇਹ ਅਵਤਾਰ ਆਪਣੇ ਭਗਤਾਂ ਦੀ ਉਨਤੀ ਦੇ ਲਈ ਹੋਇਆ। ਸੰਤਾਂ ਦਾ ਕੰਮ ਕਰਨ ਦਾ ਤਰੀਕਾ ਅਨੋਖਾ ਹੁੰਦਾ ਹੈ। ਸਾਈਂ ਬਾਬਾ ਦਾ ਆਪਣੇ ਭਗਤਾਂ ਨਾਲ ਇਹ ਰਿਸ਼ਤਾ ਸਿਰਫ਼ ਇਕ ਪੀੜ੍ਹੀ ਦਾ ਨਹੀਂ, ਬਲਕਿ ਪਿਛਲੇ ਕਈ ਜਨਮਾਂ ਦਾ ਰਿਸ਼ਤਾ ਹੈ। ਏਦਾਂ ਲਗਦਾ ਹੈ ਕਿ ਇਸ ਤਰ੍ਹਾਂ ਦਾ ਪਿਆਰ ਦਾ ਰਿਸ਼ਤਾ ਬਣਾ ਕੇ ਮਹਾਰਾਜ (ਸ੍ਰੀ ਸਾਈਂ ਬਾਬਾ) ਦੌਰੇ 'ਤੇ ਚਲੇ ਗਏ ਹਨ ਅਤੇ ਭਗਤਾਂ ਨੂੰ ਪੱਕਾ ਯਕੀਨ ਹੈ ਕਿ ਉਹ ਛੇਤੀ ਫੇਰ ਵਾਪਸ ਆ ਜਾਣਗੇ।"

ਹੁਣ ਮੁਸ਼ਕਿਲ ਪੈਦਾ ਹੋਈ ਕਿ ਬਾਬਾ ਦੇ ਸਰੀਰ ਦੀ ਆਖ਼ਰੀ ਕ੍ਰਿਆ ਕਿਸ ਤਰ੍ਹਾਂ ਕੀਤੀ ਜਾਏ ? ਕੁਝ ਯਵਨ ਲੋਕ ਕਹਿਣ ਲਗੇ ਕਿ ਉਨ੍ਹਾਂ ਦੇ ਸਰੀਰ ਨੂੰ ਕਬਰਸਤਾਨ ਵਿਚ ਦਫ਼ਨ ਕਰਕੇ ਉਸ ਦੇ ਉਪਰ ਇਕ ਮਕਬਰਾ ਬਣਾ ਦੇਣਾ ਚਾਹੀਦਾ ਹੈ। ਖ਼ੁਸ਼ਾਲ ਚੰਦ ਅਤੇ ਅਮੀਰ ਸ਼ਕਰ ਦੀ ਵੀ ਇਹੀ ਧਾਰਨਾ ਸੀ, ਪਰ ਗ੍ਰਾਮ ਅਧਿਕਾਰੀ ਸ੍ਰੀ ਰਾਮਚੰਦਰ ਪਾਟਿਲ ਨੇ ਦ੍ਰਿੜ ਅਤੇ ਫ਼ੈਸਲਾਕੁੰਨ ਆਵਾਜ਼ ਵਿਚ ਕਿਹਾ, "ਤੁਹਾਡਾ ਫ਼ੈਸਲਾ ਮੈਨੂੰ ਮਨਜ਼ੂਰ ਨਹੀਂ ਹੈ। ਸਰੀਰ ਨੂੰ ਵਾੜੇ ਤੋਂ ਇਲਾਵਾ ਹੋਰ ਕਿਤੇ ਵੀ ਨਹੀਂ ਰਖਿਆ ਜਾਏਗਾ। ਇਸ ਤਰ੍ਹਾਂ ਲੋਕਾਂ ਵਿਚ ਮਤਭੇਦ ਪੈਦਾ ਹੋ ਗਿਆ ਅਤੇ ਉਹ ਬਹਿਸ 36 ਘੰਟੇ ਤਕ ਚਲਦੀ ਰਹੀ।

ਬੁੱਧਵਾਰ ਦੇ ਦਿਨ ਸਵੇਰੇ ਬਾਬਾ ਲਕਸ਼ਮਣ ਮਾਮਾ ਜੋਸ਼ੀ ਨੂੰ ਸੁਪਨੇ ਵਿਚ ਆਏ ਅਤੇ ਉਨ੍ਹਾਂ ਨੂੰ ਹੱਥ ਨਾਲ ਖਿੱਚ ਕੇ ਕਿਹਾ, "ਜਲਦੀ ਉਠੋ, ਬਾਪੂਸਾਹਿਬ ਸਮਝਦਾ ਹੈ ਕਿ ਮੈਂ ਮਰ ਗਿਆ ਹਾਂ। ਇਸ ਲਈ ਉਹ ਤਾਂ ਆਏਗਾ ਨਹੀਂ। ਤੁਸੀਂ ਪੂਜਾ ਅਤੇ ਕਾਕੜ ਆਰਤੀ ਕਰੋ।" ਲਕਸ਼ਮਣ ਮਾਮਾ ਪਿੰਡ ਦੇ ਜੋਤਸ਼ੀ, ਸ਼ਾਮਾ ਦੇ ਮਾਮਾ ਅਤੇ ਕਰਮਕਾਂਡੀ ਬ੍ਰਾਹਮਣ ਸੀ। ਉਹ ਹਰ ਰੋਜ਼ ਬਾਬਾ ਦੀ ਪੂਜਾ ਕਰਦੇ ਸੀ, ਉਸ ਤੋਂ ਬਾਅਦ ਹੀ ਪਿੰਡ ਦੀਆਂ ਦੇਵੀਆਂ ਅਤੇ ਦੇਵਤਾਵਾਂ ਦੀ। ਉਨ੍ਹਾਂ ਦੀ ਬਾਬਾ 'ਤੇ ਪੱਕੀ ਸ਼ਰਧਾ ਸੀ, ਇਸ ਲਈ ਉਹ ਇਸ ਸੁਪਨੇ ਤੋਂ ਬਾਅਦ ਪੂਜਾ ਦੀ ਸਾਰੀ ਸਮਗਰੀ ਲੈ ਕੇ ਉਥੇ ਆਏ ਅਤੇ ਜਿਵੇਂ ਹੀ ਉਨ੍ਹਾਂ ਨੇ ਬਾਬਾ ਦੇ ਮੁੱਖ ਦਾ ਕੱਪੜਾ ਹਟਾਇਆ ਤਾਂ ਉਹ ਬੇਜਾਨ ਅਲੌਕਿਕ ਜਗਮਗਾਉਂਦੇ ਚਿਹਰੇ ਦੇ ਦਰਸ਼ਨ ਕਰਕੇ ਹੱਕੇ-ਬੱਕੇ ਹੋ ਗਏ, ਸਮਝੋ ਚੰਦਰਮਾ ਨੇ ਉਨ੍ਹਾਂ ਨੂੰ ਆਪਣੇ ਬੰਧਨ ਵਿਚ ਕੈਦ ਕਰਕੇ ਅਚੇਤਨ ਕਰ ਦਿੱਤਾ ਹੋਵੇ। ਸੁਪਨੇ ਦੀ ਯਾਦ ਨੇ ਉਨ੍ਹਾਂ ਨੂੰ ਆਪਣਾ ਫ਼ਰਜ਼ ਨਿਭਾਉਣ ਲਈ ਉਤਸਾਹਿਤ ਕਰ ਦਿੱਤਾ। ਫੇਰ ਉਨ੍ਹਾਂ ਨੇ ਮੌਲਵੀਆਂ ਦੇ ਵਿਰੋਧ ਦੀ ਕੋਈ ਚਿੰਤਾ ਨਾ ਕਰਕੇ ਵਿਧੀ ਨਾਲ ਪੂਜਾ ਅਤੇ ਕਾਕੜ ਆਰਤੀ ਕੀਤੀ। ਦੁਪਹਿਰ ਨੂੰ ਬਾਪੂਸਾਹਿਬ ਜੋਗ ਵੀ ਹੋਰ ਭਗਤਾਂ ਦੇ ਨਾਲ ਆਏ ਅਤੇ ਹਮੇਸ਼ਾਂ ਦੀ ਤਰ੍ਹਾਂ ਦੁਪਹਿਰ ਦੀ ਆਰਤੀ ਕੀਤੀ।

ਬਾਬਾ ਦੇ ਆਖ਼ਰੀ ਸ੍ਰੀ ਵਚਨਾ ਨੂੰ ਆਦਰ ਨਾਲ ਮੰਨ ਕੇ ਲੋਕਾਂ ਨੇ ਉਨ੍ਹਾਂ ਦੇ ਸਰੀਰ ਨੂੰ ਬੂਟੀ ਵਾੜੇ ਵਿਚ ਹੀ ਰੱਖਣ ਦਾ ਫ਼ੈਸਲਾ ਕੀਤਾ ਅਤੇ ਉਥੇ ਦਾ ਵਿਚਲਾ ਹਿੱਸਾ ਪੁੱਟਣਾ ਸ਼ੁਰੂ ਕਰ ਦਿੱਤਾ। ਮੰਗਲਵਾਰ ਦੀ ਸ਼ਾਮ ਨੂੰ ਰਾਹਾਤਾ ਤੋਂ ਸਬ-ਇੰਸਪੈਕਟਰ ਅਤੇ ਵੱਖ-ਵੱਖ ਥਾਵਾਂ ਤੋਂ ਅਨੇਕ ਲੋਕ ਆ ਕੇ ਉਥੇ ਇਕੱਠੇ ਹੋ ਗਏ। ਸਾਰੇ ਲੋਕਾਂ ਨੇ ਉਸ ਮਤੇ ਨੂੰ ਮਨਜ਼ੂਰ ਕਰ ਲਿਆ। ਦੂਜੇ ਦਿਨ ਸਵੇਰੇ ਬੰਬਈ ਤੋਂ ਅਮੀਰ ਭਾਈ



ਅਤੇ ਕੋਪਰਗਾਂਵ ਤੋਂ ਮਾਮਲੇਦਾਰ ਵੀ ਉਥੇ ਆ ਪਹੁੰਚੇ। ਉਨ੍ਹਾਂ ਨੇ ਦੇਖਿਆ ਕਿ ਲੋਕ ਅਜੇ ਵੀ ਇਕਮਤ ਨਹੀਂ ਹਨ। ਤਾਂ ਉਨ੍ਹਾਂ ਨੇ ਮਤਦਾਨ ਕਰਵਾਇਆ ਅਤੇ ਦੇਖਿਆ ਕਿ ਜ਼ਿਆਦਾ ਲੋਕਾਂ ਦਾ ਬਹੁਮਤ ਵਾੜੇ ਦੇ ਹੱਕ ਵਿਚ ਹੀ ਹੈ। ਫੇਰ ਵੀ ਉਹ ਇਸ ਮਾਮਲੇ ਵਿਚ ਕੁਲੈਕਟਰ ਦੀ ਮਨਜ਼ੂਰੀ ਬਹੁਤ ਜ਼ਰੂਰੀ ਸਮਝਦੇ ਸੀ। ਤਾਂ ਕਾਕਾਸਾਹਿਬ ਆਪ ਅਹਿਮਦ ਨਗਰ ਜਾਣ ਲਈ ਤਿਆਰ ਹੋ ਗਏ, ਪਰ ਬਾਬਾ ਦੀ ਪ੍ਰੇਰਨਾ ਨਾਲ ਵਿਰੋਧੀਆਂ ਨੇ ਵੀ ਮਤਾ ਖੁਸ਼ੀ ਨਾਲ ਮੰਨ ਲਿਆ ਅਤੇ ਉਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਆਪਣਾ ਮਤ ਵੀ ਵਾੜੇ ਦੇ ਹੀ ਹੱਕ ਵਿਚ ਦੇ ਦਿੱਤਾ। ਆਖ਼ੀਰ ਬੁੱਧਵਾਰ ਸ਼ਾਮ ਨੂੰ ਬਾਬਾ ਦਾ ਪਵਿੱਤਰ ਸਰੀਰ ਬੜੀ ਧੂਮਧਾਮ ਅਤੇ ਜਲੂਸ ਦੇ ਨਾਲ ਵਾੜੇ ਵਿਚ ਲਿਆਉਂਦਾ ਗਿਆ ਅਤੇ ਵਿਧੀਪੂਰਵਕ ਉਸ ਥਾਂ 'ਤੇ ਸਮਾਧੀ ਬਣਾ ਦਿੱਤੀ ਗਈ, ਜਿਥੇ 'ਮੁਰਲੀਧਰ' ਦੀ ਮੂਰਤੀ ਸਥਾਪਿਤ ਹੋਣੀ ਸੀ। ਸੱਚ ਤਾਂ ਇਹ ਹੈ ਕਿ ਬਾਬਾ 'ਮੁਰਲੀਧਰ' ਬਣ ਗਏ ਅਤੇ ਵਾੜਾ, ਸਮਾਧੀ ਮੰਦਿਰ ਅਤੇ ਭਗਤਾਂ ਦਾ ਇਕ ਪਵਿੱਤਰ ਦੇਵ ਸਥਾਨ ਜਿਥੇ ਅਨੇਕਾਂ ਭਗਤ ਆਉਂਦੇ ਜਾਂਦੇ ਹਨ ਅਤੇ ਹੁਣ ਵੀ ਹਰ ਰੋਜ਼ ਉਥੇ ਆ ਕੇ ਸੁੱਖ ਅਤੇ ਸ਼ਾਂਤੀ ਪ੍ਰਾਪਤ ਕਰਦੇ ਹਨ। ਬਾਲਾ ਸਾਹਿਬ ਭਾਟੇ ਅਤੇ ਬਾਬਾ ਦੇ ਪਰਮ ਭਗਤ ਸ੍ਰੀ ਉਪਾਸਨੀ ਨੇ ਬਾਬਾ ਦੀ ਰੀਤੀ ਨਾਲ ਅੰਤਿਮ ਕ੍ਰਿਆ ਕੀਤੀ।

ਜਿਵੇਂ ਪ੍ਰੋਫ਼ੈਸਰ ਨਾਰਕੇ ਨੇ ਦੇਖਿਆ, ਇਹ ਗੱਲ ਖ਼ਾਸ ਧਿਆਨ ਦੇਣ ਵਾਲੀ ਹੈ ਕਿ ਬਾਬਾ ਦਾ ਸਰੀਰ 36 ਘੰਟੇ ਦੇ ਪਿਛੋਂ ਵੀ ਆਕੜਿਆ ਨਹੀਂ ਅਤੇ ਉਨ੍ਹਾਂ ਦੇ ਸਰੀਰ ਦਾ ਹਰੇਕ ਅੰਗ ਲਚਕੀਲਾ ਬਣਿਆ ਰਿਹਾ, ਜਿਸ ਨਾਲ ਉਨ੍ਹਾਂ ਦੇ ਸਰੀਰ ਤੋਂ ਕਫ਼ਨੀ ਬਿਨਾਂ ਚੀਰੇ ਹੀ ਅਸਾਨੀ ਨਾਲ ਲਾਹੀ ਜਾ ਸਕੀ।

ਬਾਬਾ ਦੇ ਨਿਰਵਾਨ ਦੇ ਕੁਝ ਵਕਤ ਪਹਿਲਾਂ ਇਕ ਬਦਸ਼ਗਨੀ ਹੋਈ, ਜਿਹੜੀ ਇਸ ਘਟਨਾ ਦੀ ਅਗਲੇਰੀ ਸੂਚਨਾ ਸੀ। ਮਸਜਿਦ ਵਿਚ ਇਕ ਪੁਰਾਣੀ ਇੱਟ ਸੀ, ਜਿਸ 'ਤੇ ਬਾਬਾ ਆਪਣਾ ਹੱਥ ਰੱਖ ਕੇ ਬੈਠਦੇ ਸੀ। ਰਾਤ ਵੇਲੇ ਬਾਬਾ ਉਸ 'ਤੇ ਸਿਰ ਰੱਖ ਕੇ ਸੌਂਦੇ ਸੀ। ਇਹ ਅਨੇਕ ਸਾਲਾਂ ਤਕ ਚਲਿਆ। ਇਕ ਦਿਨ ਬਾਬਾ ਦੀ ਗ਼ੈਰ-ਮੌਜੂਦਗੀ ਵਿਚ ਇਕ ਬੱਚੇ ਨੇ ਮਸਜਿਦ ਵਿਚ ਝਾੜੂ ਲਗਾਉਣ ਵੇਲੇ ਉਹ ਇੱਟ ਆਪਣੇ ਹੱਥ ਵਿਚ ਚੁੱਕੀ। ਬਦਕਿਸਮਤੀ ਨਾਲ ਉਹ ਇੱਟ ਉਸਦੇ ਹੱਥ ਵਿਚੋਂ ਡਿੱਗ ਪਈ ਅਤੇ ਉਸ ਦੇ ਦੋ ਟੋਟੇ ਹੋ ਗਏ। ਜਦੋਂ ਬਾਬਾ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੂੰ ਉਸ ਦਾ ਬੜਾ ਦੁਖ ਹੋਇਆ ਅਤੇ ਉਹ ਕਹਿਣ ਲਗੇ, "ਇਹ ਇੱਟ ਨਹੀਂ ਟੁੱਟੀ ਹੈ, ਮੇਰੀ ਕਿਸਮਤ ਹੀ ਫੁਟ ਗਈ ਹੈ। ਇਹ ਤਾਂ ਮੇਰੀ ਜੀਵਨ-ਸਾਥੀ ਸੀ ਅਤੇ ਇਸ ਨੂੰ ਆਪਣੇ ਕੋਲ ਰੱਖ ਕੇ ਮੈਂ ਆਤਮ-ਚਿੰਤਨ ਕਰਦਾ ਹੁੰਦਾ ਸੀ। ਇਹ ਮੈਨੂੰ ਆਪਣੇ ਪ੍ਰਾਣਾਂ ਦੇ ਵਾਂਗ ਪਿਆਰੀ ਸੀ ਅਤੇ ਉਸ ਨੇ ਮੇਰਾ ਸਾਥ ਛੱਡ ਦਿੱਤਾ ਹੈ।" ਕੁਝ ਲੋਕ ਇਥੇ ਸ਼ੱਕ ਕਰ ਸਕਦੇ ਹਨ ਕਿ ਬਾਬਾ ਨੂੰ ਇੱਟ ਵਰਗੀ ਇਕ ਤੁਛ ਚੀਜ਼ ਦੇ ਲਈ ਇੰਨਾ ਅਫ਼ਸੋਸ ਕਿਉਂ ਕਰਨਾ ਚਾਹੀਦਾ ਹੈ ? ਇਸ ਦਾ ਜਵਾਬ ਹੇਮਾਂਡਪੰਤ ਇਸ ਤਰ੍ਹਾਂ ਦਿੰਦੇ ਹਨ ਕਿ ਸੰਤ ਦੁਨੀਆ ਦੇ ਸੁਧਾਰ ਅਤੇ ਕਮਜ਼ੋਰ ਅਤੇ ਬੇਆਸਰਿਆਂ ਦੇ ਭਲੇ ਲਈ ਹੀ ਅਵਤਾਰ ਲੈਂਦੇ ਹਨ। ਜਦੋਂ ਉਹ ਮਨੁੱਖੀ ਸਰੀਰ ਧਾਰਨ ਕਰਦੇ ਹਨ ਅਤੇ ਲੋਕਾਂ ਨਾਲ ਮਿਲਦੇ ਹਨ ਤਾਂ ਉਹ

ਵੀ ਇਸੇ ਤਰ੍ਹਾਂ ਆਚਰਣ ਕਰਦੇ ਹਨ, ਭਾਵ ਬਾਹਰੀ ਰੂਪ 'ਚ ਉਹ ਹੋਰ ਲੋਕਾਂ ਵਾਂਗ ਹੀ ਹੱਸਦੇ, ਖੇਡਦੇ ਅਤੇ ਰੋਂਦੇ ਹਨ, ਪਰ ਅੰਦਰੂਨੀ ਤੌਰ 'ਤੇ ਉਹ ਆਪਣੇ ਅਵਤਾਰ ਕਾਰਜ ਅਤੇ ਉਸਦੇ ਮੰਤਵ ਦੇ ਲਈ ਹਮੇਸ਼ਾਂ ਸੁਚੇਤ ਰਹਿੰਦੇ ਹਨ।

ਇਸ ਤੋਂ 32 ਸਾਲ ਪਹਿਲਾਂ ਵੀ ਬਾਬਾ ਨੇ ਆਪਣੀ ਜੀਵਨ-ਰੇਖਾ ਪਾਰ ਕਰਨ ਦੀ ਇਕ ਕੋਸ਼ਿਸ਼ ਕੀਤੀ ਸੀ। 1886 ਵਿਚ ਮਾਘ ਦੀ ਪੂਰਨਮਾਸ਼ੀ ਵਾਲੇ ਦਿਨ ਬਾਬਾ ਨੂੰ ਦਮੇ ਨਾਲ ਜ਼ਿਆਦਾ ਤਕਲੀਫ਼ ਹੋਈ ਅਤੇ ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਦੇ ਲਈ ਉਨ੍ਹਾਂ ਨੇ ਪ੍ਰਾਣ ਉਪਰ ਚੜ੍ਹਾ ਕੇ ਸਮਾਧੀ ਲਗਾਉਣ ਦਾ ਵਿਚਾਰ ਕੀਤਾ। ਇਸ ਲਈ ਉਨ੍ਹਾਂ ਨੇ ਭਗਤ ਮਹਾਲਸਾਪਤਿ ਨੂੰ ਕਿਹਾ, "ਤੁਸੀਂ ਮੇਰੇ ਸਰੀਰ ਦੀ ਤਿੰਨ ਦਿਨ ਤਕ ਰੱਖਿਆ ਕਰਨਾ ਅਤੇ ਜੇ ਮੈਂ ਵਾਪਸ ਆਇਆ ਤਾਂ ਠੀਕ ਹੈ, ਨਹੀਂ ਤਾਂ ਉਸ ਥਾਂ (ਇਕ ਥਾਂ ਵੱਲ ਇਸ਼ਾਰਾ ਕਰਦੇ ਹੋਏ) 'ਤੇ ਮੇਰੀ ਸਮਾਧੀ ਬਣਾ ਦੇਣਾ ਅਤੇ ਦੋ ਝੰਡੇ ਨਿਸ਼ਾਨੀ ਲਈ ਲਹਿਰਾ ਦੇਣਾ"—ਇਵੇਂ ਕਹਿ ਕੇ ਬਾਬਾ ਰਾਤ ਨੂੰ ਲਗਭਗ 10 ਵਜੇ ਜ਼ਮੀਨ 'ਤੇ ਲੇਟ ਗਏ। ਉਨ੍ਹਾਂ ਦਾ ਸਾਹ ਬੰਦ ਹੋ ਗਿਆ ਅਤੇ ਇਸ ਤਰ੍ਹਾਂ ਲੱਗਣ ਲਗਾ ਕਿ ਜਿਵੇਂ ਉਨ੍ਹਾਂ ਦੇ ਸਰੀਰ ਵਿਚ ਪ੍ਰਾਣ ਹੀ ਨਾ ਹੋਣ। ਸਾਰੇ ਲੋਕ, ਜਿਨ੍ਹਾਂ ਵਿਚ ਪਿੰਡ ਵਾਸੀ ਵੀ ਸੀ, ਉਥੇ ਇਕੱਠੇ ਹੋਏ ਅਤੇ ਸਰੀਰ ਦੀ ਜਾਂਚ ਕਰਨ ਦੇ ਬਾਅਦ ਸਰੀਰ ਨੂੰ ਉਨ੍ਹਾਂ ਦੀ ਦੱਸੀ ਹੋਈ ਥਾਂ 'ਤੇ ਸਮਾਧੀ ਲੀਨ ਕਰ ਦੇਣ ਦਾ ਇਰਾਦਾ ਕਰਨ ਲਗੇ। ਪਰ ਭਗਤ ਮਹਾਲਸਾਪਤਿ ਨੇ ਉਨ੍ਹਾਂ ਨੂੰ ਇਵੇਂ ਕਰਨ ਤੋਂ ਰੋਕਿਆ ਅਤੇ ਉਨ੍ਹਾਂ ਦੇ ਸਰੀਰ ਨੂੰ ਆਪਣੀ ਗੋਦ ਵਿਚ ਰੱਖ ਕੇ ਉਹ ਤਿੰਨ ਦਿਨ ਤਕ ਉਸ ਦੀ ਰੱਖਿਆ ਕਰਦੇ ਰਹੇ। ਤਿੰਨ ਦਿਨ ਬੀਤ ਜਾਣ 'ਤੇ ਰਾਤ ਨੂੰ ਲਗਭਗ ਤਿੰਨ ਵਜੇ ਪ੍ਰਾਣ ਵਾਪਸ ਆਉਣ ਦੇ ਚਿੰਨ੍ਹ ਦਿਸਣ ਲਗੇ। ਸਾਹ ਦੁਬਾਰਾ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਦੇ ਅੰਗ ਹਿੱਲਣ-ਜੁਲਣ ਲਗੇ। ਉਨ੍ਹਾਂ ਨੇ ਅੱਖਾਂ ਖੋਲ੍ਹੀਆਂ ਅਤੇ ਪਾਸਾ ਬਦਲ ਕੇ ਪੂਰੀ ਤਰ੍ਹਾਂ ਹੋਸ਼ ਵਿਚ ਆ ਗਏ।

ਇਸ ਵਾਰਤਾ ਅਤੇ ਹੋਰ ਵਾਰਤਾਵਾਂ 'ਤੇ ਨਜ਼ਰ ਪਾ ਕੇ ਹੁਣ ਅਸੀਂ ਇਹ ਪਾਠਕਾਂ 'ਤੇ ਛੱਡਦੇ ਹਾਂ ਕਿ ਉਹ ਹੀ ਇਸਦਾ ਫ਼ੈਸਲਾ ਕਰਨ ਕਿ ਕੀ ਬਾਬਾ ਹੋਰ ਲੋਕਾਂ ਦੀ ਤਰ੍ਹਾਂ ਹੀ ਸਾਢੇ ਤਿੰਨ ਹੱਥ ਲੰਮੇ ਇਕ ਦੇਹਧਾਰੀ ਮਾਨਵ ਸਨ, ਜਿਸ ਦੇਹ ਨੂੰ ਉਨ੍ਹਾਂ ਨੇ ਕੁਝ ਸਾਲਾਂ ਤਕ ਧਾਰਨ ਕਰਨ ਪਿਛੋਂ ਛੱਡ ਦਿੱਤਾ ਜਾਂ ਉਹ ਆਪ ਆਤਮ-ਜੋਤੀ ਸਰੂਪ ਸੀ। ਪੰਜ ਮਹਾਭੂਤਾਂ ਦਾ ਸਰੀਰ ਹੋਣ ਕਰਕੇ ਉਸ ਦਾ ਨਾਸ਼ ਅਤੇ ਅੰਤ ਤਾਂ ਯਕੀਨੀ ਹੈ, ਪਰ ਜਿਹੜੀ ਸਦਵਸਤੂ (ਆਤਮਾ) ਦਿਲ ਵਿਚ ਹੈ, ਉਹੀ ਅਸਲ ਵਿਚ ਸੱਚ ਹੈ। ਉਸ ਦਾ ਨਾ ਰੂਪ ਹੈ, ਨਾ ਅੰਤ ਅਤੇ ਨਾ ਨਾਸ਼। ਇਹ ਸ਼ੁਧ ਗਿਆਨ ਜਾਂ ਬ੍ਰਹਮਾ—ਇੰਦਰੀਆਂ ਅਤੇ ਮਨ 'ਤੇ ਰਾਜ ਜਾਂ ਕੰਟਰੋਲ ਰੱਖਣ ਵਾਲਾ ਜਿਹੜਾ ਤੱਤ ਹੈ, ਉਹੀ ਸਾਈਂ ਹੈ, ਜਿਹੜਾ ਸੰਸਾਰ ਦੇ ਸਾਰੇ ਪ੍ਰਾਣੀਆਂ ਵਿਚ ਮੌਜੂਦ ਹੈ ਅਤੇ ਜਿਹੜਾ ਸਰਵਵਿਆਪੀ ਹੈ। ਆਪਣਾ ਅਵਤਾਰ ਕਾਰਜ ਕਰਨ ਲਈ ਹੀ ਉਨ੍ਹਾਂ ਨੇ ਦੇਹ ਧਾਰਨ ਕੀਤੀ ਸੀ ਅਤੇ ਉਹ ਕਾਰਜ ਪੂਰਾ ਹੋਣ 'ਤੇ ਉਨ੍ਹਾਂ ਨੇ ਉਸ ਨੂੰ ਤਿਆਗ ਕੇ ਫੇਰ ਆਪਣਾ ਸਦੀਵੀ ਅਤੇ ਬੇਅੰਤ ਸਰੂਪ

ਧਾਰਨ ਕਰ ਲਿਆ। ਸ੍ਰੀ ਦਤਾਤ੍ਰੇਯ ਦੇ ਪੂਰਨ ਅਵਤਾਰ ਗਾਣਗਾਪੁਰ ਦੇ ਸ੍ਰੀ ਨਰਸਿੰਘ ਸਰਸਵਤੀ ਦੇ ਵਾਂਗ ਹੀ ਸਾਈਂ ਵੀ ਹਮੇਸ਼ਾਂ ਵਰਤਮਾਨ ਹਨ। ਉਨ੍ਹਾਂ ਦਾ ਨਿਰਵਾਨ ਤਾਂ ਇਕ ਰਸਮੀ ਗੱਲ ਹੈ। ਉਹ ਧਰਤੀ ਦੇ ਅੰਦਰ ਬਾਹਰ ਸਾਰੀਆਂ ਚੀਜ਼ਾਂ ਵਿਚ ਵਿਆਪਕ ਹਨ ਅਤੇ ਸਾਰੇ ਪ੍ਰਾਣੀਆਂ ਦੇ ਮਨ ਨੂੰ ਚਲਾਉਣ ਅਤੇ ਕੰਟਰੋਲ ਕਰਨ ਵਾਲੇ ਹਨ। ਇਸ ਦਾ ਹੁਣ ਵੀ ਅਨੁਭਵ ਕੀਤਾ ਜਾ ਸਕਦਾ ਹੈ ਅਤੇ ਅਨੇਕਾਂ ਦੇ ਅਨੁਭਵ ਵਿਚ ਆ ਵੀ ਚੁੱਕਾ ਹੈ, ਜਿਹੜੇ ਇਕ ਚਿੱਤ ਹੋ ਕੇ ਉਨ੍ਹਾਂ ਦੇ ਸ਼ਰਨਾਗਤ ਹੋ ਚੁੱਕੇ ਹਨ ਅਤੇ ਜਿਹੜੇ ਦਿਲੋਂ ਉਨ੍ਹਾਂ ਦੇ ਭਗਤ ਹਨ।

ਭਾਵੇਂ ਬਾਬਾ ਦਾ ਸਰੂਪ ਹੁਣ ਦੇਖਣ ਨੂੰ ਨਹੀਂ ਮਿਲ ਸਕਦਾ ਹੈ, ਫੇਰ ਵੀ ਜੇ ਅਸੀਂ ਸ਼ਿਰਡੀ ਜਾਈਏ ਤਾਂ ਸਾਨੂੰ ਉਥੇ ਉਨ੍ਹਾਂ ਦੀ ਜਿਉਂਦੀ-ਜਾਗਦੀ ਤਸਵੀਰ ਮਸਜਿਦ (ਦਵਾਰਕਾ ਮਾਈ) ਵਿਚ ਸ਼ੋਭਾ ਦਿੰਦੀ ਹੋਈ ਹੁਣ ਵੀ ਦੇਖੀ ਜਾ ਸਕਦੀ ਹੈ। ਇਹ ਤਸਵੀਰ ਬਾਬਾ ਦੇ ਭਗਤ ਪ੍ਰਸਿੱਧ ਕਲਾਕਾਰ ਸ੍ਰੀ ਸ਼ਾਮਰਾਵ ਜਯਕਰ ਨੇ ਬਣਾਈ ਸੀ। ਇਕ ਕਲਪਨਾਸ਼ੀਲ ਅਤੇ ਭਗਤ ਨੂੰ ਇਹ ਤਸਵੀਰ ਹੁਣ ਵੀ ਬਾਬਾ ਦੇ ਪ੍ਰਤੱਖ ਦਰਸ਼ਨ ਦੇ ਵਾਂਗ ਹੀ ਸੰਤੋਖ ਅਤੇ ਸੁੱਖ ਪਹੁੰਚਾਉਂਦੀ ਹੈ। ਬਾਬਾ ਹੁਣ ਸਰੀਰ ਵਿਚ ਨਹੀਂ ਹਨ, ਪਰ ਉਹ ਸਾਰੇ ਜੀਵਾਂ ਵਿਚ ਵਿਆਪਕ ਹਨ ਅਤੇ ਭਗਤਾਂ ਦਾ ਕਲਿਆਣ ਪਹਿਲੇ ਵਾਂਗ ਹੀ ਕਰਦੇ ਹਨ, ਕਰਦੇ ਰਹਿਣਗੇ, ਜਿਵੇਂ ਕਿ ਉਹ ਸਰੀਰ 'ਚ ਰਹਿ ਕੇ ਕਰਦੇ ਹੁੰਦੇ ਸੀ। ਬਾਬਾ ਅਮਰ ਹਨ, ਭਾਵੇਂ ਉਹ ਮਾਨਵ ਸਰੀਰ ਧਾਰਨ ਕਰ ਲੈਣ, ਜਿਹੜਾ ਕਿ ਇਕ ਪਰਦਾ ਹੀ ਹੈ, ਪਰ ਉਹ ਤਾਂ ਆਪ ਭਗਵਾਨ ਸ੍ਰੀ ਹਰੀ ਹਨ, ਜਿਹੜੇ ਵਕਤ-ਵਕਤ 'ਤੇ ਧਰਤੀ 'ਤੇ ਅਵਤਾਰ ਲੈਂਦੇ ਹਨ।

ਜੋਗ ਦੇ ਸੰਨਿਆਸ ਦੀ ਚਰਚਾ ਕਰਕੇ ਹੇਮਾਂਡਪੰਤ ਇਹ ਅਧਿਆਇ ਖ਼ਤਮ ਕਰਦੇ ਹਨ। ਸ੍ਰੀ ਸਖਾਰਾਮ ਹਰੀ ਉਰਫ਼ ਬਾਪੂਸਾਹਿਬ ਜੋਗ ਪੂਨੇ ਦੇ ਪ੍ਰਸਿੱਧ ਵਾਰਕਾਰੀ ਵਿਸ਼ਨੂੰ ਬੁਵਾ ਜੋਗ ਦੇ ਚਾਚਾ ਸੀ। ਉਹ ਲੋਕ ਨਿਰਮਾਣ ਵਿਭਾਗ (P.W.D.) ਵਿਚ ਸੁਪਰਵਾਈਜ਼ਰ ਸੀ। ਸੇਵਾ-ਮੁਕਤੀ ਦੇ ਬਾਅਦ ਉਹ ਪਤਨੀ ਨਾਲ ਸ਼ਿਰਡੀ ਆ ਕੇ ਰਹਿਣ ਲਗੇ। ਉਨ੍ਹਾਂ ਦੀ ਕੋਈ ਔਲਾਦ ਨਹੀਂ ਸੀ। ਪਤੀ-ਪਤਨੀ ਦੋਵਾਂ ਦੀ ਹੀ ਸਾਈਂ ਚਰਣਾਂ ਵਿਚ ਅਟਲ ਸ਼ਰਧਾ ਸੀ। ਉਹ ਦੋਵੇਂ ਬਾਬਾ ਦੀ ਪੂਜਾ ਅਤੇ ਸੇਵਾ ਵਿਚ ਹੀ ਆਪਣੇ ਦਿਨ ਬਤੀਤ ਕਰਦੇ ਸੀ। ਮੇਘਾ ਦੀ ਮੌਤ ਦੇ ਬਾਅਦ ਬਾਪੂ ਸਾਹਿਬ ਜੋਗ ਨੇ ਬਾਬਾ ਦੀ ਮਹਾਂਸਮਾਧੀ ਤਕ ਮਸਜਿਦ ਅਤੇ ਚਾਵੜੀ ਵਿਚ ਆਰਤੀ ਕੀਤੀ। ਉਨ੍ਹਾਂ ਨੂੰ ਸਾਠੇਵਾੜਾ ਵਿਚ ਸ੍ਰੀ ਗਿਆਨੇਸ਼ਵਰ ਅਤੇ ਏਕਨਾਥੀ ਭਾਗਵਤ ਦੀ ਕਥਾ ਅਤੇ ਉਸ ਦਾ ਭਾਵ ਅਰਥ ਸਰੋਤਿਆਂ ਨੂੰ ਸਮਝਾਉਣ ਦਾ ਕੰਮ ਵੀ ਦਿੱਤਾ ਸੀ। ਇਸ ਤਰ੍ਹਾਂ ਅਨੇਕ ਸਾਲਾਂ ਤਕ ਸੇਵਾ ਕਰਨ ਦੇ ਬਾਅਦ ਉਨ੍ਹਾਂ ਨੇ ਇਕ ਵਾਰੀ ਬਾਬਾ ਨੂੰ ਪ੍ਰਾਰਥਨਾ ਕੀਤੀ ਕਿ—"ਹੇ ਮੇਰੇ ਜੀਵਨ ਦੇ ਇਕ ਹੀ ਸਹਾਰੇ! ਤੁਹਾਡੇ ਪੂਜਨੀਕ ਚਰਣਾਂ ਦੇ ਦਰਸ਼ਨ ਕਰਕੇ ਸਾਰੇ ਪ੍ਰਾਣੀਆਂ ਨੂੰ ਪਰਮ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਮੈਂ ਇਨ੍ਹਾਂ ਚਰਣਾਂ ਦੀ ਬਹੁਤ ਸਾਲਾਂ ਤੋਂ ਲਗਾਤਾਰ ਸੇਵਾ ਕਰ ਰਿਹਾ ਹਾਂ, ਪਰ ਕੀ ਕਾਰਨ ਹੈ ਕਿ ਤੁਹਾਡੇ

ਚਰਣਾਂ ਦੀ ਛਾਂ ਦੇ ਥੱਲੇ ਹੁੰਦੇ ਵੀ ਮੈਂ ਉਨ੍ਹਾਂ ਦੀ ਠੰਡਕ ਤੋਂ ਵਾਂਝਾ ਹਾਂ। ਮੇਰੇ ਇਸ ਜੀਵਨ ਵਿਚ ਕਿਹੜਾ ਸੁੱਖ ਹੈ, ਜੇ ਮੇਰਾ ਚੰਚਲ ਮਨ ਸ਼ਾਂਤ ਅਤੇ ਟਿਕ ਕੇ ਤੁਹਾਡੇ ਚਰਣਾਂ ਵਿਚ ਲੀਨ ਨਹੀਂ ਹੁੰਦਾ ? ਕੀ ਏਨੇ ਸਾਲਾਂ ਦੀ ਮੇਰੀ ਸੰਤਾਂ ਦੀ ਸੰਗਤ ਫ਼ਜ਼ੂਲ ਹੀ ਜਾਏਗੀ ? ਮੇਰੇ ਜੀਵਨ ਵਿਚ ਉਹ ਸ਼ੁਭ ਘੜੀ ਕਦੋਂ ਆਏਗੀ, ਜਦੋਂ ਤੁਹਾਡੀ ਕ੍ਰਿਪਾ ਦੀ ਨਜ਼ਰ ਮੇਰੇ 'ਤੇ ਹੋਏਗੀ ?"

ਭਗਤ ਦੀ ਬੇਨਤੀ ਸੁਣ ਕੇ ਬਾਬਾ ਨੂੰ ਦਯਾ ਆ ਗਈ। ਉਨ੍ਹਾਂ ਨੇ ਜਵਾਬ ਦਿੱਤਾ ਕਿ ਥੋੜ੍ਹੇ ਹੀ ਦਿਨਾਂ ਵਿਚ ਹੁਣ ਤੁਹਾਡੇ ਮਾੜੇ ਕਰਮ ਖ਼ਤਮ ਹੋ ਜਾਣਗੇ ਅਤੇ ਪਾਪ ਅਤੇ ਪੁੰਨ ਸੜ ਕੇ ਛੇਤੀ ਹੀ ਭਸਮ ਹੋ ਜਾਣਗੇ। ਮੈਂ ਤੁਹਾਨੂੰ ਉਸ ਦਿਨ ਹੀ ਖੁਸ਼ਕਿਸਮਤ ਸਮਝਾਂਗਾ, ਜਿਸ ਦਿਨ ਤੁਸੀਂ ਸੰਸਾਰਿਕ ਸੁੱਖਾਂ ਨੂੰ ਤੁਛ ਸਮਝ ਕੇ ਸਾਰੀਆਂ ਚੀਜ਼ਾਂ ਤੋਂ ਬੇਮੁਖ ਹੋ ਕੇ ਪੂਰੀ ਤਰ੍ਹਾਂ ਇਕਾਗਰ ਭਾਵ ਨਾਲ ਈਸ਼ਵਰ ਦੀ ਭਗਤੀ ਕਰਕੇ ਸੰਨਿਆਸ ਧਾਰਨ ਕਰ ਲਓਗੇ। ਕੁਝ ਵਕਤ ਬਾਅਦ ਬਾਬਾ ਦੇ ਵਚਨ ਸੱਚ ਹੋਏ। ਉਨ੍ਹਾਂ ਦੀ ਪਤਨੀ ਦੀ ਮੌਤ ਹੋ ਜਾਣ 'ਤੇ ਉਨ੍ਹਾਂ ਦੀ ਹੋਰ ਕੋਈ ਜ਼ਿੰਮੇਵਾਰੀ ਬਾਕੀ ਨਹੀਂ ਰਹੀ। ਉਹ ਹੁਣ ਆਜ਼ਾਦ ਹੋ ਗਏ ਅਤੇ ਉਨ੍ਹਾਂ ਨੇ ਆਪਣੀ ਮੌਤ ਤੋਂ ਪਹਿਲਾਂ ਸੰਨਿਆਸ ਧਾਰਨ ਕਰ ਆਪਣੇ ਜੀਵਨ ਦਾ ਉਦੇਸ਼ ਪ੍ਰਾਪਤ ਕਰ ਲਿਆ।

ਦਿਆਲੂ, ਕ੍ਰਿਪਾਲੂ ਸ੍ਰੀ ਸਾਈਂ ਸਮਰਥ ਨੇ ਮਸਜਿਦ (ਦਵਾਰਕਾਮਾਈ) ਵਿਚ ਅਨੇਕ ਵਾਰ ਹੇਠਾਂ ਲਿਖੇ ਅੰਮ੍ਰਿਤ ਵਚਨ ਕਹੇ ਸੀ—

ਸ੍ਰੀ ਸਾਈਂ ਬਾਬਾ ਨੇ ਅਨੇਕ ਵਾਰੀ ਸਮਝਾਇਆ ਕਿ ਇਹ 'ਮੈਂ' ਕੌਣ ਹੈ। ਇਸ 'ਮੈਂ' ਨੂੰ ਲੱਭਣ ਦੇ ਲਈ ਜ਼ਿਆਦਾ ਦੂਰ ਜਾਣ ਦੀ ਲੋੜ ਨਹੀਂ ਹੈ। ਤੁਹਾਡੇ ਨਾਂਅ ਅਤੇ ਸ਼ਕਲ ਤੋਂ ਪਰੇ ਮੈਂ ਤੁਹਾਡੇ ਦਿਲ ਅਤੇ



ਸਾਰੇ ਪ੍ਰਾਣੀਆਂ ਵਿਚ ਆਤਮਾ ਦੇ ਸਰੂਪ ਵਿਚ ਮੌਜੂਦ ਹਾਂ ਅਤੇ ਇਹੀ 'ਮੈਂ' ਦਾ ਸਰੂਪ ਹੈ।

।

ਹੇਮਾਂਡਪੰਤ ਪਾਠਕਾਂ ਨੂੰ ਨਮਨ ਕਰਕੇ ਉਨ੍ਹਾਂ ਨੂੰ ਪ੍ਰੇਮ ਅਤੇ ਆਦਰ ਨਾਲ ਨਿਮਰ ਪ੍ਰਾਰਥਨਾ ਕਰਦੇ ਹਨ ਕਿ ਉਨ੍ਹਾਂ ਨੂੰ ਸਾਰੇ ਦੇਵਤਾਵਾਂ, ਸੰਤਾਂ ਅਤੇ ਭਗਤਾਂ ਦਾ ਆਦਰ ਕਰਨਾ ਚਾਹੀਦਾ ਹੈ। ਬਾਬਾ ਹਮੇਸ਼ਾਂ ਕਹਿੰਦੇ ਹੁੰਦੇ ਸੀ ਕਿ

। ਬਾਬਾ ਸਾਰੇ ਪ੍ਰਾਣੀਆਂ ਵਿਚ ਮੌਜੂਦ ਹਨ ਅਤੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਰੱਖਿਆ ਕਰਦੇ ਹਨ। ਸਾਰੇ ਜੀਵਾਂ ਨਾਲ ਪਿਆਰ ਕਰੋ, ਇਹੀ ਉਨ੍ਹਾਂ ਦੀ ਅੰਦਰੂਨੀ ਇੱਛਾ ਹੈ। ਇਸ ਤਰ੍ਹਾਂ ਦਾ ਸ਼ੁੱਧ ਅੰਮ੍ਰਿਤ ਉਨ੍ਹਾਂ ਦੇ ਸ੍ਰੀ ਮੁੱਖ ਤੋਂ ਹਮੇਸ਼ਾਂ ਝਰਦਾ ਰਹਿੰਦਾ ਸੀ। ਜਿਹੜੇ ਪਿਆਰ ਨਾਲ ਬਾਬਾ ਦਾ ਲੀਲ੍ਹਾ-ਗਾਣ ਕਰਨਗੇ ਜਾਂ ਉਨ੍ਹਾਂ ਨੂੰ ਭਗਤੀ ਭਾਵ ਨਾਲ ਸਰਵਣ ਕਰਨਗੇ, ਉਨ੍ਹਾਂ ਨੂੰ 'ਸਾਈਂ' ਨਾਲ ਜ਼ਰੂਰ ਅਭਿੰਨਤਾ ਪ੍ਰਾਪਤ ਹੋਏਗੀ।







# ॥ ਅਧਿਆਇ-45 ॥

***ਸੰਦੇਹ ਨਿਵਾਰਣ—ਕਾਕਾਸਾਹਿਬ ਦਿਕਸ਼ਿਤ ਦਾ ਸੰਦੇਹ ਅਤੇ ਆਨੰਦਰਾਵ ਦਾ ਸੁਪਨਾ, ਬਾਬਾ ਦੇ ਸੌਣ ਲਈ ਲਕੜੀ ਦਾ ਫੱਟਾ।***

ਪਿੱਛਲੇ ਤਿੰਨ ਅਧਿਆਇਆਂ ਵਿਚ ਬਾਬਾ ਦੇ ਨਿਰਵਾਣ ਦਾ ਵਰਨਣ ਕੀਤਾ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਬਾਬਾ ਦਾ ਸਾਕਾਰ ਸਰੂਪ ਗਾਇਬ ਹੋ ਗਿਆ ਹੈ, ਪਰ ਉਨ੍ਹਾਂ ਦਾ ਨਿਰਾਕਾਰ ਸਰੂਪ ਹਮੇਸ਼ਾਂ ਮੌਜੂਦ ਰਹੇਗਾ। ਹੁਣ ਤਕ ਸਿਰਫ਼ ਉਨ੍ਹਾਂ ਘਟਨਾਵਾਂ ਅਤੇ ਲੀਲ੍ਹਾਵਾਂ ਦਾ ਵਰਨਣ ਕੀਤਾ ਗਿਆ ਹੈ, ਜਿਹੜੀਆ ਬਾਬਾ ਦੇ ਜੀਵਨ ਵਿਚ ਹੋਈਆਂ ਸੀ। ਉਨ੍ਹਾਂ ਦੇ ਸਮਾਧੀ 'ਚ ਲੀਨ ਹੋਣ ਦੇ ਬਾਅਦ ਵੀ ਅਨੇਕ ਲੀਲ੍ਹਾਵਾਂ ਹੋ ਚੁੱਕੀਆਂ ਹਨ ਅਤੇ ਅਜੇ ਵੀ ਦੇਖਣ ਵਿਚ ਆ ਰਹੀਆਂ ਹਨ, ਜਿਨ੍ਹਾਂ ਨਾਲ ਇਹ ਸਿੱਧ ਹੁੰਦਾ ਹੈ ਕਿ

। ਬਾਬਾ ਦੇ ਜੀਵਨ ਵਿਚ ਜਿਹੜੇ ਆਦਮੀਆਂ ਨੂੰ ਉਨ੍ਹਾਂ ਦੀ ਸੰਗਤ ਜਾਂ ਸਤਿਸੰਗ ਪ੍ਰਾਪਤ ਹੋਇਆ, ਅਸਲ ਵਿਚ ਉਨ੍ਹਾਂ ਦੀ ਕਿਸਮਤ ਦੀ ਸਿਫ਼ਤ ਕੌਣ ਕਰ ਸਕਦਾ ਹੈ? ਜੇ ਕਿਸੇ ਨੂੰ ਫੇਰ ਵੀ ਇੰਦਰੀਆਂ ਦੇ ਸੁੱਖ ਅਤੇ ਸੰਸਾਰਿਕ ਸੁੱਖਾਂ ਤੋਂ ਵੈਰਾਗ ਪ੍ਰਾਪਤ ਨਹੀਂ ਹੋ ਸਕਿਆ ਤਾਂ ਇਸ ਨੂੰ ਬਦਕਿਸਮਤੀ ਤੋਂ ਇਲਾਵਾ ਹੋਰ ਕੀ ਕਿਹਾ ਜਾ ਸਕਦਾ ਹੈ? ਜੋ ਉਸ ਵੇਲੇ ਆਚਰਣ ਵਿਚ ਲਿਆਇਆ ਜਾਣਾ ਚਾਹੀਦਾ ਸੀ ਅਤੇ ਹੁਣ ਵੀ ਲਿਆਇਆ ਜਾਣਾ ਚਾਹੀਦਾ, ਉਹ ਹੈ ਇਕਾਗਰ ਭਾਵ ਨਾਲ ਬਾਬਾ ਦੀ ਭਗਤੀ। ਸਾਰੀਆਂ ਵਿਚਾਰਾਂ, ਇੰਦਰੀਆਂ ਦੇ ਚਕਰਾਂ ਅਤੇ ਮਨ ਨੂੰ ਇਕਾਗਰ ਕਰ ਕੇ ਬਾਬਾ ਦੀ ਪੂਜਾ ਅਤੇ ਸੇਵਾ ਵੱਲ ਲਗਾਉਣਾ ਚਾਹੀਦਾ ਹੈ। ਨਕਲੀ ਪੂਜਾ ਨਾਲ ਕੀ ਲਾਭ? ਜੇ ਪੂਜਾ ਜਾਂ ਧਿਆਨ ਆਦਿ ਕਰਨ ਦੀ ਕਾਮਨਾ ਹੈ ਤਾਂ ਉਹ ਸ਼ੁੱਧ ਮਨ ਅਤੇ ਦਿਲ ਨਾਲ ਹੋਣੀ ਚਾਹੀਦੀ ਹੈ।

ਜਿਸ ਤਰ੍ਹਾਂ ਪਤੀਵਰਤਾ ਔਰਤ ਦਾ ਸ਼ੁੱਧ ਪ੍ਰੇਮ ਆਪਣੇ ਪਤੀ 'ਤੇ ਹੁੰਦਾ ਹੈ, ਇਸ ਪ੍ਰੇਮ ਦੀ ਤੁਲਨਾ ਕਦੀ-ਕਦੀ ਲੋਕ ਚੇਲੇ ਅਤੇ ਗੁਰੂ ਦੇ ਪ੍ਰੇਮ ਨਾਲ ਵੀ ਕਰ ਦਿੰਦੇ ਹਨ। ਪਰ ਫੇਰ ਵੀ ਚੇਲੇ ਅਤੇ ਗੁਰੂ ਦੇ ਅੱਗੇ ਪਤੀਵਰਤਾ ਔਰਤ ਦਾ ਪ੍ਰੇਮ ਫਿੱਕਾ ਹੈ ਅਤੇ ਉਸ ਦੀ ਬਰਾਬਰੀ ਨਹੀਂ ਕੀਤੀ ਜਾ ਸਕਦੀ। ਮਾਤਾ, ਪਿਤਾ, ਭਰਾ ਅਤੇ ਹੋਰ ਰਿਸ਼ਤੇਦਾਰ ਜੀਵਨ ਦਾ ਮੰਤਵ ਪ੍ਰਾਪਤ ਕਰਨ ਵਿਚ ਕੋਈ ਮਦਦ ਨਹੀਂ ਪਹੁੰਚਾ ਸਕਦੇ। ਇਸ ਲਈ ਸਾਨੂੰ ਆਪ ਆਪਣਾ ਰਾਹ ਖੋਜ ਕੇ ਆਤਮਾਨੁਭੂਤੀ ਦੇ ਰਾਹ 'ਤੇ ਅਗੇ ਤੁਰਨਾ ਪੈਂਦਾ ਹੈ, ਅਸਲੀ ਅਤੇ ਨਕਲੀ ਦੇ ਵਿਚ ਫਰਕ, ਇਸ ਲੋਕ ਅਤੇ ਪਰਲੋਕ ਦੇ ਸੁੱਖਾਂ ਦਾ ਤਿਆਗ, ਇੰਦਰੀਆਂ 'ਤੇ ਕਾਬੂ ਅਤੇ ਸਿਰਫ਼ ਮੋਕਸ਼ ਦੀ ਧਾਰਨਾ ਨਾਲ ਅਗੇ ਵੱਧਣਾ ਪੈਂਦਾ ਹੈ। ਦੂਜਿਆਂ 'ਤੇ ਨਿਰਭਰ ਰਹਿਣ ਦੇ ਬਦਲੇ ਸਾਨੂੰ ਆਤਮ ਵਿਸ਼ਵਾਸ ਵੱਧਾਣਾ ਠੀਕ ਹੈ। ਜਦੋਂ ਅਸੀਂ ਇਸ ਤਰ੍ਹਾਂ ਬੁੱਧੀ ਅਤੇ ਵਿਚਾਰ ਨਾਲ ਕੰਮ ਕਰਨ ਦਾ ਅਭਿਆਸ ਕਰਾਂਗੇ ਤਾਂ ਸਾਨੂੰ ਮਹਿਸੂਸ ਹੋਏਗਾ ਕਿ ਇਹ ਸੰਸਾਰ ਨਾਸ਼ਵਾਨ ਅਤੇ ਨਕਲੀ ਹੈ। ਇਸ ਤਰ੍ਹਾਂ ਦੀ ਧਾਰਨਾ ਨਾਲ

ਦੁਨੀਆਵੀ ਚੀਜ਼ਾਂ ਵਿਚ ਸਾਡਾ ਮੋਹ ਹੌਲੀ-ਹੌਲੀ ਘਟਦਾ ਜਾਏਗਾ ਅਤੇ ਅੰਤ ਵਿਚ ਸਾਨੂੰ ਉਨ੍ਹਾਂ ਨਾਲ ਵੈਰਾਗ ਪੈਦਾ ਹੋ ਜਾਏਗਾ। ਤਾਂ ਕਿਤੇ ਅੱਗੇ ਜਾ ਕੇ ਇਹ ਭੇਦ ਪ੍ਰਗਟ ਹੋਏਗਾ ਕਿ ਬ੍ਰਹਮਾਂ ਸਾਡੇ ਗੁਰੂ ਦੇ ਇਲਾਵਾ ਦੂਜਾ ਕੋਈ ਨਹੀਂ, ਬਲਕਿ ਅਸਲ ਵਿਚ ਉਹ ਹੀ ਸਦਵਸਤੂ (ਪ੍ਰਮਾਤਮਾ) ਹਨ ਅਤੇ ਫਿਰ ਭੇਦ ਖੁੱਲਦਾ ਹੈ ਕਿ ਇਹ ਸਾਰਾ ਸੰਸਾਰ ਉਨ੍ਹਾਂ ਦਾ ਹੀ ਪਰਛਾਵਾ ਹੈ। ਇਸ ਕਰਕੇ ਅਸੀਂ ਇਸ ਤਰ੍ਹਾਂ ਸਾਰੇ ਪ੍ਰਾਣੀਆਂ ਵਿਚ ਉਨ੍ਹਾਂ ਦੇ ਹੀ ਰੂਪ ਦਾ ਦਰਸ਼ਨ ਕਰਕੇ ਉਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੰਦੇ ਹਾਂ ਅਤੇ ਇਹੀ ਪੂਜਾ ਭਾਵ ਸੰਸਾਰ ਤੋਂ ਉਦਾਸੀਨਤਾ ਪ੍ਰਾਪਤ ਕਰਨ ਕਰਾਉਣ ਵਾਲਾ ਮੂਲ ਮੰਤਰ ਹੈ। ਇਸ ਤਰ੍ਹਾਂ ਜਦੋਂ ਅਸੀਂ ਬ੍ਰਹਮਾਂ ਜਾਂ ਗੁਰੂ ਦੀ ਇਕਾਗਰ ਭਾਵ ਨਾਲ ਭਗਤੀ ਕਰਾਂਗੇ ਤਾਂ ਸਾਨੂੰ ਉਨ੍ਹਾਂ ਨਾਲ ਅਭਿੰਨਤਾ ਦੀ ਪ੍ਰਾਪਤੀ ਹੋਏਗੀ ਅਤੇ ਆਤਮਾਨੁਭੂਤੀ ਦੀ ਪ੍ਰਾਪਤੀ ਸਹਿਜੇ ਹੋ ਜਾਏਗੀ। ਸੰਖੇਪ ਵਿਚ ਇਹ ਕਿ ਹਮੇਸ਼ਾਂ ਗੁਰੂ ਦਾ ਕੀਰਤਨ ਅਤੇ ਉਨ੍ਹਾਂ ਦਾ ਧਿਆਨ ਕਰਨਾ ਹੀ ਸਾਨੂੰ ਸਾਰੇ ਪ੍ਰਾਣੀਆਂ ਵਿਚ ਭਗਵਤ ਦਰਸ਼ਨ ਕਰਨ ਦੀ ਯੋਗਤਾ ਦਿੰਦਾ ਹੈ ਅਤੇ ਇਸੇ ਨਾਲ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ। ਹੇਠਾਂ ਲਿਖੀ ਕਥਾ ਇਸ ਤੱਥ ਦਾ ਸਬੂਤ ਹੈ।

ਇਹ ਤਾਂ ਸਾਰਿਆਂ ਨੂੰ ਪਤਾ ਹੀ ਹੈ ਕਿ ਬਾਬਾ ਨੇ ਕਾਕਾਸਾਹਿਬ ਦਿਕਸ਼ਿਤ ਨੂੰ ਸ੍ਰੀ ਏਕਨਾਥ ਮਹਾਰਾਜ ਦੇ ਦੋ ਗ੍ਰੰਥ (1) ਸ੍ਰੀਮਦਭਾਗਵਤ ਅਤੇ ਭਾਵਅਰਥ ਰਾਮਾਯਣ ਦਾ ਹਰ ਰੋਜ਼ ਪਾਠ ਕਰਨ ਦੀ ਆਗਿਆ ਦਿੱਤੀ ਸੀ। ਕਾਕਾਸਾਹਿਬ ਇਨ੍ਹਾਂ ਗ੍ਰੰਥਾਂ ਦਾ ਨੇਮ ਨਾਲ ਪਾਠ ਬਾਬਾ ਦੇ ਵਕਤ ਤੋਂ ਕਰਦੇ ਆਏ ਹਨ ਅਤੇ ਬਾਬਾ ਦੇ ਸਮਾਧੀ 'ਚ ਲੀਨ ਹੋਣ ਦੇ ਬਾਅਦ ਅਜੇ ਵੀ ਉਹ ਉਸੇ ਤਰ੍ਹਾਂ ਅਧਿਅਨ ਕਰ ਰਹੇ ਹਨ। ਇਕ ਵਕਤ ਚੋਪਾਟੀ (ਬੰਬਈ) ਵਿਚ ਕਾਕਾਸਾਹਿਬ ਸਵੇਰੇ ਏਕਨਾਥੀ ਭਾਗਵਤ ਦਾ ਪਾਠ ਕਰ ਰਹੇ ਸੀ। ਮਾਧਰਾਵ ਦੇਸ਼ਪਾਂਡੇ (ਸ਼ਾਮਾ) ਅਤੇ ਕਾਕਾ ਮਹਾਜਨੀ ਵੀ ਉਸ ਵੇਲੇ ਉਥੇ ਹਾਜ਼ਰ ਸੀ ਅਤੇ ਇਹ ਦੋਵੇਂ ਧਿਆਨ ਨਾਲ ਪਾਠ ਸਰਵਣ ਕਰ ਰਹੇ ਸੀ। ਉਸ ਵੇਲੇ 11ਵੇਂ ਸਕੰਦ ਦੇ ਦੂਜੇ ਅਧਿਆਇ ਦਾ ਪਾਠ ਚਲ ਰਿਹਾ ਸੀ, ਜਿਸ ਵਿਚ ਨਵਨਾਥ ਭਾਵ ਰਿਸ਼ਭ ਵੰਸ਼ ਦੇ ਸਿੱਧ ਭਾਵ ਕਵਿ, ਹਰੀ, ਅੰਤਰਿਕਸ਼, ਪ੍ਰਬੁਦ, ਪਿਪਲਾਯਨ, ਆਵਿਹੋਤਰ, ਦੁਰੁਮਿਲ, ਚਮਸ ਅਤੇ ਕਰਭਾਜਨ ਦਾ ਵਰਨਣ ਹੈ, ਜਿਨ੍ਹਾਂ ਨੇ ਭਾਗਵਤ ਧਰਮ ਦੀ ਮਹਿਮਾ ਰਾਜਾ ਜਨਕ ਨੂੰ ਸਮਝਾਈ ਸੀ। ਰਾਜਾ ਜਨਕ ਨੇ ਇਨ੍ਹਾਂ ਨਵਨਾਥਾਂ ਨੂੰ ਬਹੁਤ ਮਹੱਤਵ ਪੂਰਨ ਸੁਆਲ ਪੁੱਛੇ ਅਤੇ ਇਨ੍ਹਾਂ ਸਾਰਿਆਂ ਨੇ ਉਨ੍ਹਾਂ ਦੇ ਸ਼ੱਕਾਂ ਦਾ ਬੜੀ ਤੱਸਲੀ ਨਾਲ ਹਲ ਕੀਤਾ ਸੀ, ਭਾਵ ਕਵਿ ਨੇ ਭਾਗਵਤ ਧਰਮ, ਹਰੀ ਨੇ ਭਗਤੀ ਦੀਆਂ ਵਿਸ਼ੇਸ਼ਤਾਵਾਂ, ਅੰਤਰਿਕਸ਼ ਨੇ ਮਾਇਆ ਕੀ ਹੈ, ਪ੍ਰਬੁਦ ਨੇ ਮਾਇਆ ਤੋਂ ਮੁਕਤ ਹੋਣ ਦਾ ਢੰਗ, ਪਿਪਲਾਯਨ ਨੇ ਪਰਬ੍ਰਹਮ ਦੇ ਸਰੂਪ, ਆਵਿਹੋਤਰ ਨੇ ਕਰਮ ਦੇ ਸਰੂਪ ਦੁਰੁਮਿਲ ਨੇ ਪਰਮਾਤਮਾ ਦੇ ਅਵਤਾਰ ਅਤੇ ਉਸ ਦੇ ਕਾਰਜ, ਚਮਸ ਨੇ ਨਾਸਤਿਕ ਦੀ ਮੌਤ ਦੇ ਬਾਅਦ ਦੀ ਗਤੀ ਅਤੇ ਕਰਭਾਜਨ ਨੇ ਭਗਤੀ ਦੀਆਂ ਰੀਤੀਆਂ ਦਾ ਤਰੀਕੇ ਨਾਲ ਵਰਨਣ ਕੀਤਾ। ਇਨ੍ਹਾਂ ਸਾਰਿਆਂ ਦਾ ਅਰਥ ਇਹੀ ਸੀ ਕਿ ਕਲਯੁੱਗ ਵਿਚ ਮੋਕਸ਼ ਪ੍ਰਾਪਤ ਕਰਨ ਦਾ ਇਕੋ ਇਕ ਸਾਧਨ ਸਿਰਫ਼ ਹਰੀ ਕੀਰਤਨ ਜਾਂ ਗੁਰੂ-ਚਰਣਾਂ ਦਾ ਧਿਆਨ

ਹੀ ਹੈ। ਪਾਠ ਖ਼ਤਮ ਹੋਣ 'ਤੇ ਕਾਕਾਸਾਹਿਬ ਬਹੁਤ ਨਾਉਮੀਦ ਹੋ ਕੇ ਮਾਧਵਰਾਵ ਅਤੇ ਹੋਰ ਲੋਕਾਂ ਨੂੰ ਕਹਿਣ ਲਗੇ ਕਿ ਨਵਨਾਥਾਂ ਦੀ ਭਗਤੀ ਦੀ ਰੀਤ ਦਾ ਕੀ ਕਹਿਣਾ ਹੈ, ਪਰ ਉਸ ਨੂੰ ਆਚਰਣ ਵਿਚ ਲਿਆਉਣਾ ਕਿੰਨਾ ਮੁਸ਼ਕਿਲ ਹੈ ? ਨਾਥ ਤਾਂ ਸਿੱਧ ਸਨ, ਪਰ ਸਾਡੇ ਵਰਗੇ ਮੂਰਖਾਂ ਵਿਚ ਇਸ ਤਰ੍ਹਾਂ ਦੀ ਭਗਤੀ ਦਾ ਪੈਦਾ ਹੋਣਾ ਕੀ ਕਦੀ ਮੁਮਕਿਨ ਹੋ ਸਕਦਾ ਹੈ ? ਅਨੇਕ ਜਨਮ ਧਾਰਨ ਕਰਨ 'ਤੇ ਵੀ ਉਸ ਤਰ੍ਹਾਂ ਦੀ ਭਗਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਤਾਂ ਫੇਰ ਸਾਨੂੰ ਮੋਕਸ਼ ਕਿਸ ਤਰ੍ਹਾਂ ਪ੍ਰਾਪਤ ਹੋ ਸਕੇਗਾ ? ਏਦਾਂ ਲਗਦਾ ਹੈ ਕਿ ਸਾਡੇ ਲਈ ਤਾਂ ਕੋਈ ਆਸ ਹੀ ਨਹੀਂ ਹੈ। ਮਾਧਵਰਾਵ ਨੂੰ ਇਹ ਨਾਉਮੀਦੀ ਵਾਲੀ ਧਾਰਨਾ ਚੰਗੀ ਨਹੀਂ ਲਗੀ। ਉਹ ਕਹਿਣ ਲਗੇ ਕਿ ਸਾਡੇ ਚੰਗੇ ਭਾਗ ਹਨ, ਜਿਸ ਦੇ ਫਲਸਰੂਪ ਹੀ ਸਾਈਂ ਵਰਗਾ ਅਮੁਲ ਹੀਰਾ ਹੱਥ ਲਗ ਗਿਆ ਹੈ, ਤਾਂ ਫੇਰ ਇਸ ਤਰ੍ਹਾਂ ਨਾਉਮੀਦੀ ਦਾ ਰਾਗ ਅਲਾਪਣਾ ਠੀਕ ਨਹੀਂ ਹੈ। ਜੇ ਤੁਹਾਨੂੰ ਬਾਬਾ 'ਤੇ ਅਟਲ ਵਿਸ਼ਵਾਸ ਹੈ ਤਾਂ ਫੇਰ ਇਸ ਤਰ੍ਹਾਂ ਫਿਕਰ ਕਰਨ ਦੀ ਲੋੜ ਹੀ ਕੀ ਹੈ ? ਮੰਨਿਆ ਕਿ ਨਵਨਾਥਾਂ ਦੀ ਭਗਤੀ ਸਾਡੇ ਨਾਲੋਂ ਜ਼ਿਆਦਾ ਪੱਕੀ ਅਤੇ ਬਲਵਾਨ ਹੋਏਗੀ, ਪਰ ਕੀ ਅਸੀਂ ਲੋਕ ਵੀ ਪ੍ਰੇਮ ਨਾਲ ਭਗਤੀ ਨਹੀਂ ਕਰ ਰਹੇ ਹਾਂ ? ਕੀ ਬਾਬਾ ਨੇ ਜ਼ੋਰਦਾਰ ਸ਼ਬਦਾਂ ਵਿਚ ਨਹੀਂ ਕਿਹਾ ਹੈ ਕਿ ਸ਼੍ਰੀ ਹਰੀ ਜਾਂ ਗੁਰੂ ਦੇ ਨਾਮ ਜਾਪ ਨਾਲ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ ? ਤਾਂ ਫੇਰ ਡਰ ਅਤੇ ਚਿੰਤਾ ਦੀ ਗੁਜਾਇਸ਼ ਹੀ ਕਿਥੇ ਰਹਿ ਗਈ ਹੈ ? ਪਰ ਫੇਰ ਵੀ ਮਾਧਵਰਾਵ ਦੇ ਵਚਨਾ ਨਾਲ ਕਾਕਾਸਾਹਿਬ ਦੀ ਪਰੇਸ਼ਾਨੀ ਦਾ ਹੱਲ ਨਹੀਂ ਹੋਇਆ। ਉਹ ਫੇਰ ਵੀ ਦਿਨ ਭਰ ਬੇਚੈਨ ਅਤੇ ਫਿਕਰਮੰਦ ਹੀ ਰਹੇ। ਇਹ ਵਿਚਾਰ ਉਨ੍ਹਾਂ ਦੇ ਦਿਮਾਗ ਵਿਚ ਬਾਰ-ਬਾਰ ਘੁੰਮ ਰਿਹਾ ਸੀ ਕਿਸ ਤਰੀਕੇ ਨਾਲ ਨਵਨਾਥਾਂ ਵਰਗੀ ਭਗਤੀ ਦੀ ਪ੍ਰਾਪਤੀ ਸੰਭਵ ਹੋ ਸਕੇਗੀ ?

ਇਕ ਸੱਜਣ, ਜਿਨ੍ਹਾਂ ਦਾ ਨਾਂਅ ਆਨੰਦਰਾਵ ਪਾਖਾਡੇ ਸੀ, ਮਾਧਵਰਾਵ ਨੂੰ ਲਭਦੇ-ਲਭਦੇ ਉਥੇ ਆ ਪਹੁੰਚੇ। ਉਸ ਵੇਲੇ ਭਾਗਵਤ ਦਾ ਪਾਠ ਹੋ ਰਿਹਾ ਸੀ। ਸ੍ਰੀ ਪਾਖਾਡੇ ਵੀ ਮਾਧਵਰਾਵ ਦੇ ਕੋਲ ਹੀ ਜਾ ਕੇ ਬੈਠ ਗਏ। ਅਤੇ ਉਨ੍ਹਾਂ ਨਾਲ ਹੌਲੀ-ਹੌਲੀ ਕੁਝ ਗੱਲਾਂ ਕਰਨ ਲਗੇ। ਉਹ ਆਪਣਾ ਸੁਪਨਾ ਮਾਧਵਰਾਵ ਨੂੰ ਸੁਣਾ ਰਹੇ ਸੀ। ਇਨ੍ਹਾਂ ਦੀ ਕਾਨਾਫੂਸੀ ਦੇ ਨਾਲ ਪਾਠ ਵਿਚ ਵਿਘਨ ਪੈਦਾ ਹੋਣ ਲਗਾ। ਇਸ ਲਈ ਕਾਕਾਸਾਹਿਬ ਨੇ ਪਾਠ ਬੰਦ ਕਰਕੇ ਮਾਧਵਰਾਵ ਨੂੰ ਪੁਛਿਆ ਕਿ ਕਿਉਂ ਕੀ ਗੱਲ ਹੋ ਰਹੀ ਹੈ ? ਮਾਧਵਰਾਵ ਨੇ ਕਿਹਾ ਕਲ ਤੁਸੀਂ ਜਿਹੜਾ ਸ਼ਕ ਪ੍ਰਗਟ ਕੀਤਾ ਸੀ, ਇਹ ਚਰਚਾ ਵੀ ਉਸੇ ਦਾ ਹੱਲ ਹੈ। ਕਲ ਬਾਬਾ ਸ੍ਰੀ ਪਾਖਾਡੇ ਦੇ ਸੁਪਨੇ ਵਿਚ ਆਏ ਸੀ, ਉਸ ਨੂੰ ਤੁਸੀਂ ਇਨ੍ਹਾਂ ਕੋਲੋਂ ਹੀ ਸੁਣੋ। ਇਸ ਵਿਚ ਦੱਸਿਆ ਗਿਆ ਹੈ ਕਿ

। ਸਾਰਿਆਂ ਨੂੰ ਸੁਪਨਾ ਸੁਣਨ ਦੀ ਤੀਬਰ ਇੱਛਾ ਸੀ ਅਤੇ ਸਭ ਤੋਂ ਜ਼ਿਆਦਾ ਕਾਕਾਸਾਹਿਬ ਨੂੰ। ਸਾਰਿਆਂ ਦੇ ਕਹਿਣ 'ਤੇ ਸ੍ਰੀ ਪਾਖਾਡੇ ਆਪਣਾ ਸੁਪਨਾ ਸੁਣਾਉਣ ਲਗੇ, ਜਿਹੜਾ ਇਸ ਤਰ੍ਹਾਂ ਹੈ "ਮੈਂ ਦੇਖਿਆ ਕਿ ਮੈਂ ਇਕ ਡੂੰਘੇ ਸਮੁੰਦਰ ਵਿਚ ਖੜਾ ਹਾਂ। ਪਾਣੀ ਮੇਰੇ ਲਕ ਤਕ ਹੈ ਅਤੇ ਅਚਾਨਕ ਹੀ ਜਦੋਂ ਮੈਂ ਉਪਰ ਦੇਖਿਆ ਤਾਂ ਸਾਈਂ ਬਾਬਾ ਦੇ ਸ੍ਰੀ ਦਰਸ਼ਨ ਹੋਏ। ਉਹ ਇਕ ਹੀਰੇ ਜੜ੍ਹੇ ਸਿੰਘਾਸਨ 'ਤੇ ਬਿਰਾਜਮਾਨ ਸੀ ਅਤੇ ਉਨ੍ਹਾਂ ਦੇ ਸ੍ਰੀਚਰਣ ਪਾਣੀ ਦੇ ਅੰਦਰ ਸੀ। ਇਹ ਸੁੰਦਰ ਨਜ਼ਾਰਾ ਅਤੇ ਬਾਬਾ ਦਾ ਮਨੋਹਰ ਸਰੂਪ ਦੇਖ ਕੇ ਮੇਰਾ ਚਿੱਤ ਬਹੁਤ ਪ੍ਰਸੰਨ

ਹੋਇਆ। ਇਸ ਸੁਪਨੇ ਨੂੰ ਭਲਾ ਕੌਣ ਸੁਪਨਾ ਕਹਿ ਸਕੇਗਾ ? ਮੈਂ ਦੇਖਿਆ ਕਿ ਮਾਧਵਰਾਵ ਵੀ ਬਾਬਾ ਦੇ ਕੋਲ ਹੀ ਖੜੇ ਹਨ ਅਤੇ ਉਨ੍ਹਾਂ ਨੇ ਮੈਨੂੰ ਭਾਵ ਭਰੇ ਸ਼ਬਦਾਂ ਵਿਚ ਕਿਹਾ ਕਿ, "ਅਨੰਦਰਾਵ ! ਬਾਬਾ ਦੇ ਸ੍ਰੀਚਰਣਾਂ 'ਤੇ ਡਿਗੋ।" ਮੈਂ ਜਵਾਬ ਦਿੱਤਾ ਕਿ, "ਮੈਂ ਵੀ ਤਾਂ ਇਹੀ ਕਰਨਾ ਚਾਹੁੰਦਾ ਹਾਂ, ਪਰ ਉਨ੍ਹਾਂ ਦੇ ਸ੍ਰੀਚਰਣ ਤਾਂ ਪਾਣੀ ਦੇ ਅੰਦਰ ਹਨ। ਹੁਣ ਦਸੋ ਕਿ ਮੈਂ ਕਿਵੇਂ ਆਪਣਾ ਸਿਰ ਉਨ੍ਹਾਂ ਦੇ ਪੈਰਾਂ 'ਤੇ ਰਖਾਂ। ਮੈਂ ਤਾਂ ਮਜ਼ਬੂਰ ਹਾਂ।" ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਸ਼ਾਮਾ ਨੇ ਬਾਬਾ ਨੂੰ ਕਿਹਾ ਕਿ, "ਅਰੇ ਦੇਵਾ ! ਪਾਣੀ ਵਿਚੋਂ ਕ੍ਰਿਪਾ ਕਰਕੇ ਆਪਣੇ ਚਰਣ ਬਾਹਰ ਕੱਢੋ ਨਾ।" ਬਾਬਾ ਨੇ ਤੁਰੰਤ ਚਰਣ ਬਾਹਰ ਕੱਢੇ ਅਤੇ ਮੈਂ ਤੁਰੰਤ ਉਨ੍ਹਾਂ ਨਾਲ ਚਿੰਬੜ ਗਿਆ। ਬਾਬਾ ਨੇ ਮੈਨੂੰ ਇਹ ਕਹਿੰਦੇ ਹੋਏ ਆਸ਼ੀਰਵਾਦ ਦਿੱਤਾ ਕਿ ਹੁਣ ਤੁਸੀਂ ਖੁਸ਼ੀ ਨਾਲ ਜਾਉ। ਘਬਰਾਉਣ ਜਾਂ ਫਿਕਰ ਕਰਨ ਦੀ ਕੋਈ ਲੋੜ ਨਹੀਂ। ਹੁਣ ਤੁਹਾਡਾ ਕਲਿਆਣ ਹੋਏਗਾ। ਉਨ੍ਹਾਂ ਨੇ ਮੈਨੂੰ ਇਹ ਵੀ ਕਿਹਾ ਕਿ, ਇਕ ਜ਼ਰੀ ਦੇ ਕਿਨਾਰਿਆਂ ਵਾਲੀ ਧੋਤੀ ਮੇਰੇ ਸ਼ਾਮਾ ਨੂੰ ਦੇ ਦੇਣਾ, ਇਸ ਨਾਲ ਤੁਹਾਨੂੰ ਲਾਭ ਹੋਏਗਾ।"

ਬਾਬਾ ਦੀ ਆਗਿਆ ਨੂੰ ਪੂਰੀ ਕਰਨ ਦੇ ਲਈ ਹੀ ਸ੍ਰੀ ਪਾਖਾੜੇ ਧੋਤੀ ਲਿਆਏ ਅਤੇ ਕਾਕਾਸਾਹਿਬ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਇਹ ਮਾਧਵਰਾਵ ਨੂੰ ਦੇ ਦਿਉ, ਪਰ ਮਾਧਵਰਾਵ ਨੇ ਉਹ ਲੈਣਾ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਕਿ ਜਦੋਂ ਤਕ ਬਾਬਾ ਕੋਲੋਂ ਮੈਨੂੰ ਕੋਈ ਹੁਕਮ ਜਾਂ ਆਗਿਆ ਪ੍ਰਾਪਤ ਨਹੀਂ ਹੁੰਦੀ ਇਸ ਤਰ੍ਹਾਂ ਕਰਨ ਵਿਚ ਮੈਂ ਸਮਰਥ ਨਹੀਂ ਹਾਂ। ਕੁਝ ਨਾ ਨੁਕਰ ਦੇ ਬਾਅਦ ਕਾਕਾ ਨੇ ਦੈਵੀ ਹੁਕਮ ਵਾਲੀਆਂ ਪਰਚੀਆਂ ਕੱਢ ਕੇ ਇਸ ਗੱਲ ਦਾ ਫੈਸਲਾ ਕਰਨ ਦਾ ਵਿਚਾਰ ਕੀਤਾ। ਕਾਕਾਸਾਹਿਬ ਦਾ ਇਹ ਨੇਮ ਸੀ ਕਿ ਜਦੋਂ ਉਨ੍ਹਾਂ ਨੂੰ ਕੋਈ ਸ਼ੱਕ ਹੋ ਜਾਂਦਾ ਸੀ ਤਾਂ ਉਹ ਕਾਗਜ਼ ਦੀਆਂ ਦੋ ਪਰਚੀਆਂ 'ਤੇ 'ਮਨਜ਼ੂਰ–ਨਾ ਮਨਜ਼ੂਰ' ਲਿਖ ਕੇ ਉਸ ਵਿਚੋਂ ਇਕ ਪਰਚੀ ਕੱਢਦੇ ਅਤੇ ਜੋ ਕੁਝ ਜਵਾਬ ਪ੍ਰਾਪਤ ਹੁੰਦਾ ਸੀ, ਉਸਦੇ ਮੁਤਾਬਿਕ ਹੀ ਕੰਮ ਕਰਦੇ ਸੀ। ਇਸਦਾ ਵੀ ਨਿਪਟਾਰਾ ਕਰਨ ਲਈ ਉਨ੍ਹਾਂ ਨੇ ਇਸ ਤਰੀਕੇ ਨਾਲ ਹੀ ਦੋ ਪਰਚੀਆਂ ਲਿਖ ਕੇ ਬਾਬਾ ਦੀ ਤਸਵੀਰ ਦੇ ਅੱਗੇ ਰੱਖ ਕੇ ਇਕ ਨਾਸਮਝ ਬਚੇ ਨੂੰ ਉਸ ਵਿਚੋਂ ਇਕ ਪਰਚੀ ਚੁੱਕਣ ਲਈ ਕਿਹਾ। ਬੱਚੇ ਵੱਲੋਂ ਚੁਕੀ ਗਈ ਪਰਚੀ ਜਦੋਂ ਖੋਲ੍ਹ ਕੇ ਦੇਖੀ ਗਈ ਤਾਂ ਉਹ ਮਨਜ਼ੂਰ ਵਾਲੀ ਪਰਚੀ ਨਿਕਲੀ ਅਤੇ ਉਦੋਂ ਮਾਧਵਰਾਵ ਨੂੰ ਧੋਤੀ ਸਵੀਕਾਰ ਕਰਨੀ ਪਈ। ਇਸ ਤਰ੍ਹਾਂ ਆਨੰਦਰਾਵ ਅਤੇ ਮਾਧਵਰਾਵ ਸੰਤੁਸ਼ਟ ਹੋ ਗਏ ਅਤੇ ਕਾਕਾਸਾਹਿਬ ਦਾ ਸ਼ੱਕ ਦੂਰ ਹੋ ਗਿਆ।

ਇਸ ਨਾਲ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ

ਬਾਬਾ ਦੇ ਹੇਠਾਂ ਲਿਖੇ ਵਚਨਾਂ ਨੂੰ ਦਿਲ 'ਤੇ ਲਿਖ ਲਵੋ—

। ਸੰਖੇਪ ਵਿਚ ਨਿਚੋੜ ਇਹੀ ਹੈ ਕਿ ਸ਼ੁੱਧ ਦਿਲ

ਨਾਲ ਆਪਣੇ ਗੁਰੂ ਨੂੰ ਪ੍ਰੇਮ ਕਰਕੇ, ਉਨ੍ਹਾਂ ਦੀ ਸ਼ਰਨ ਜਾਉ ਅਤੇ ਉਨ੍ਹਾਂ ਨੂੰ ਸ਼ਰਧਾ ਨਾਲ ਸ਼ਸ਼ਟਾਂਗ ਨਮਸਕਾਰ ਕਰੋ। ਉਦੋਂ ਤੁਸੀਂ ਦੇਖੋਗੇ ਕਿ ਤੁਹਾਡੇ ਸਾਹਮਣੇ ਭਵਸਾਗਰ ਦੀ ਹੋਂਦ ਉਵੇਂ ਹੀ ਹੈ, ਜਿਵੇਂ ਸੂਰਜ ਦੇ ਅੱਗੇ ਹਨੇਰੇ ਦੀ।"

ਬਾਬਾ ਆਪਣੇ ਜੀਵਨ ਦੇ ਪਹਿਲੇ ਦਿਨਾਂ ਵਿਚ ਇਕ ਲਕੜੀ ਦੇ ਫਟੇ 'ਤੇ ਸੌਂਦੇ ਹੁੰਦੇ ਸੀ। ਉਹ ਫੱਟਾ ਚਾਰ ਹੱਥ ਲੰਮਾ ਅਤੇ ਇਕ ਹੱਥ ਚੋੜਾ ਸੀ, ਜਿਸ ਦੇ ਚਾਰਾਂ ਕਿਨਾਰਿਆ 'ਤੇ ਚਾਰ ਮਿਟੀ ਦੇ ਬੱਲਦੇ ਦੀਵੇ ਰੱਖੇ ਹੁੰਦੇ ਸੀ। ਬਾਅਦ ਵਿਚ ਬਾਬਾ ਨੇ ਉਸ ਦੇ ਟੋਟੇ-ਟੋਟੇ ਕਰ ਦਿੱਤੇ ਸੀ। ਜਿਸ ਦਾ ਵਰਨਣ ਪਿੱਛਲੇ ਅਧਿਆਇ ਦਸ ਵਿਚ ਹੋ ਚੁੱਕਾ ਹੈ। ਇਕ ਵਕਤ ਬਾਬਾ ਉਸ ਫੱਟੇ ਦੀ ਮਹੱਤਤਾ ਦਾ ਵਰਨਣ ਕਾਕਾਸਾਹਿਬ ਨੂੰ ਸੁਣਾ ਰਹੇ ਸੀ, ਜਿਸ ਨੂੰ ਸੁਣ ਕੇ ਕਾਕਾਸਾਹਿਬ ਨੇ ਬਾਬਾ ਨੂੰ ਕਿਹਾ ਕਿ ਜੇ ਅਜੇ ਵੀ ਤੁਹਾਨੂੰ ਉਸ ਨਾਲ ਖ਼ਾਸ ਲਗਾਉ ਹੈ ਤਾਂ ਮੈਂ ਮਸਜਿਦ ਵਿਚ ਇਕ ਦੂਜਾ ਫੱਟਾ ਲਟਕਵਾ ਦਿੰਦਾ ਹਾਂ। ਤੁਸੀਂ ਸੁੱਖ ਨਾਲ ਉਸ 'ਤੇ ਸੌਂਇਆ ਕਰਨਾ। ਤਾਂ ਬਾਬਾ ਕਹਿਣ ਲਗੇ ਕਿ, "ਹੁਣ ਮਹਾਲਸਾਪਤਿ ਨੂੰ ਥੱਲੇ ਛੱਡ ਕੇ ਮੈਂ ਉਪਰ ਨਹੀਂ ਸੌਂਣਾ ਚਾਹੁੰਦਾ।" ਕਾਕਾਸਾਹਿਬ ਨੇ ਕਿਹਾ ਕਿ, "ਜੇ ਆਗਿਆ ਦੇਵੋ ਤਾਂ ਮੈਂ ਇਕ ਹੋਰ ਫੱਟਾ ਮਹਾਲਸਾਪਤਿ ਦੇ ਲਈ ਵੀ ਟੰਗ ਦੇਵਾਂ।"

ਬਾਬਾ ਬੋਲੇ ਕਿ, "ਉਹ ਇਸ 'ਤੇ ਕਿਵੇਂ ਸੌਂ ਸਕਦੇ ਹਨ? ਕੀ ਇਹ ਕੋਈ ਸੌਖਾ ਕੰਮ ਹੈ? ਜਿਹੜਾ ਉਸ ਗੁਣ ਵਿਚ ਮਾਹਿਰ ਹੋਵੇ, ਉਹੀ ਇਸ ਤਰ੍ਹਾਂ ਕੰਮ ਕਰ ਸਕਦਾ ਹੈ। ਜਿਹੜਾ ਖੁਲ੍ਹੀਆਂ ਅੱਖਾਂ ਰੱਖ ਕੇ ਨੀਂਦ ਲੈ ਸਕਦਾ ਹੈ, ਉਹੀ ਇਸ ਦੇ ਯੋਗ ਹੈ, ਜਦੋਂ ਮੈਂ ਸੌਂਦਾ ਹਾਂ ਤਾਂ ਅਕਸਰ ਮਹਾਲਸਾਪਤਿ ਨੂੰ ਆਪਣੇ ਕੋਲ ਬਿਠਾ ਕੇ ਕਹਿੰਦਾ ਹਾਂ ਕਿ ਮੇਰੇ ਦਿਲ 'ਤੇ ਆਪਣਾ ਹੱਥ ਰੱਖ ਕੇ ਦੇਖਦੇ ਰਹੋ ਕਿ ਕਿਤੇ ਮੇਰਾ ਭਗਵਤ ਦਾ ਜਾਪ ਬੰਦ ਨਾ ਹੋ ਜਾਏ ਅਤੇ ਮੈਨੂੰ ਜੇ ਥੋੜ੍ਹਾ ਜਿਹਾ ਵੀ ਨੀਂਦ 'ਚ ਦੇਖੋ ਤਾਂ ਤੁਰੰਤ ਜਗਾ ਦੇਣਾ, ਪਰ ਉਸ ਕੋਲੋਂ ਤਾਂ ਇਹ ਵੀ ਨਹੀਂ ਹੋ ਸਕਦਾ। ਉਹ ਤਾਂ ਆਪ ਹੀ ਝਪਕੀ ਲੈਣ ਲੱਗਦਾ ਹੈ ਅਤੇ ਨੀਂਦ 'ਚ ਮਗਨ ਹੋ ਕੇ ਆਪਣਾ ਸਿਰ ਹਿਲਾਉਣ ਲਗਦਾ ਹੈ ਤਾਂ ਮੈਂ ਜ਼ੋਰ ਨਾਲ ਅਵਾਜ਼ ਦਿੰਦਾ ਹਾਂ ਕਿ "ਐ ਭਗਤ।" ਤਾਂ ਕਿਤੇ ਉਹ ਘਬਰਾ ਕੇ ਅੱਖਾਂ ਖੋਲ੍ਹਦਾ ਹੈ। ਜਿਹੜਾ ਜ਼ਮੀਨ 'ਤੇ ਹੀ ਚੰਗੀ ਤਰ੍ਹਾਂ ਬੈਠ ਅਤੇ ਸੌਂ ਨਹੀਂ ਸਕਦਾ ਅਤੇ ਜਿਸ ਦਾ ਆਸਨ ਸਿੱਧ ਨਹੀਂ ਹੈ, ਅਤੇ ਜਿਹੜਾ ਨੀਂਦ ਦਾ ਦਾਸ ਹੈ, ਉਹ ਕੀ ਫੱਟੇ 'ਤੇ ਸੌਂ ਸਕੇਗਾ? ਹੋਰ ਅਨੇਕ ਮੌਕਿਆ 'ਤੇ ਉਹ ਭਗਤਾਂ ਦੇ ਪਿਆਰ ਦੇ ਵੱਸ ਵਿਚ ਇਵੇਂ ਕਹਿੰਦੇ ਹੁੰਦੇ ਸੀ ਕਿ,



# ॥ ਅਧਿਆਇ-46 ॥

### *ਬਾਬਾ ਦੀ ਗਯਾ ਯਾਤਰਾ, ਬਕਰਿਆਂ ਦੇ ਪਿੱਛਲੇ ਜਨਮ ਦੀ ਕਥਾ*

ਇਸ ਅਧਿਆਇ ਵਿਚ ਸ਼ਾਮਾ ਦੀ ਕਾਂਸ਼ੀ, ਪ੍ਰਯਾਗ ਅਤੇ ਗਯਾ ਦੀ ਯਾਤਰਾ ਅਤੇ ਬਾਬਾ ਕਿਸ ਤਰ੍ਹਾਂ ਉਥੇ ਇਨ੍ਹਾਂ ਤੋਂ ਪਹਿਲਾਂ ਹੀ (ਤਸਵੀਰ ਦੇ ਰੂਪ ਵਿਚ) ਪਹੁੰਚ ਗਏ ਅਤੇ ਦੋ ਬਕਰਿਆਂ ਦੇ ਪਿੱਛਲੇ ਜਨਮਾਂ ਦੇ ਇਤਿਹਾਸ ਆਦਿ ਦਾ ਵਰਨਣ ਕੀਤਾ ਗਿਆ ਹੈ।

ਹੇ ਸਾਈਂ! ਤੁਹਾਡੇ ਸ੍ਰੀਚਰਣ ਧੰਨ ਹਨ ਅਤੇ ਉਨ੍ਹਾਂ ਦਾ ਸਿਮਰਨ ਕਿੰਨਾ ਸੁਖਦਾਈ ਹੈ। ਤੁਹਾਡੇ ਸੰਸਾਰ ਦਾ ਡਰ ਦੂਰ ਕਰਨ ਵਾਲੇ ਦਰਸ਼ਨ ਵੀ ਧੰਨ ਹਨ, ਜਿਸ ਦੇ ਫਲਸਰੂਪ ਕਰਮਾਂ ਦਾ ਬੰਧਨ ਤੋਂ ਛੁਟਕਾਰਾ ਹੋ ਜਾਂਦਾ ਹੈ। ਭਾਵੇਂ ਹੁਣ ਸਾਨੂੰ ਤੁਹਾਡੇ ਸਗੁਣ ਸਰੂਪ ਦਾ ਦਰਸ਼ਨ ਨਹੀਂ ਹੋ ਸਕਦਾ, ਫੇਰ ਵੀ ਜੇ ਭਗਤ ਤੁਹਾਡੇ ਸ੍ਰੀਚਰਣਾਂ ਵਿਚ ਸ਼ਰਧਾ ਰੱਖੇ ਤਾਂ ਤੁਸੀਂ ਉਨ੍ਹਾਂ ਨੂੰ ਪ੍ਰਤੱਖ ਅਨੁਭਵ ਕਰਾ ਦਿੰਦੇ ਹੋ। ਤੁਸੀਂ ਇਕ ਅਪਰੀਚਿਤ ਚੁੰਬਕੀ ਸ਼ਕਤੀ ਨਾਲ ਦੂਰ ਜਾਂ ਨੇੜੇ ਦੇ ਭਗਤਾਂ ਨੂੰ ਆਪਣੇ ਕੋਲ ਖਿਚ ਕੇ ਉਨ੍ਹਾਂ ਨੂੰ ਇਕ ਦਿਆਲੂ ਮਾਤਾ ਦੇ ਵਾਂਗ ਗਲੇ ਲਗਾਉਂਦੇ ਹੋ। ਹੇ ਸਾਈਂ! ਭਗਤ ਨਹੀਂ ਜਾਣਦੇ ਕਿ ਤੁਹਾਡਾ ਨਿਵਾਸ ਕਿਥੇ ਹੈ, ਪਰ ਤੁਸੀਂ ਇਸ ਚਤੁਰਾਈ ਨਾਲ ਉਨ੍ਹਾਂ ਨੂੰ ਉਤਸ਼ਾਹਿਤ ਕਰਦੇ ਹੋ, ਜਿਸ ਦੇ ਨਤੀਜੇ ਨਾਲ ਮਹਿਸੂਸ ਹੋਣ ਲੱਗਦਾ ਹੈ ਕਿ ਤੁਹਾਡਾ ਨਿਰਭਉ ਹੱਥ ਉਨ੍ਹਾਂ ਦੇ ਸਿਰ 'ਤੇ ਹੈ ਅਤੇ ਇਹ ਤੁਹਾਡੀ ਹੀ ਕ੍ਰਿਪਾ ਦਾ ਨਤੀਜਾ ਹੈ ਕਿ ਉਨ੍ਹਾਂ ਨੂੰ ਅਪਰਿਚਿਤ ਮਦਦ ਹਮੇਸ਼ਾਂ ਮਿਲਦੀ ਰਹਿੰਦੀ ਹੈ। ਹੰਕਾਰ ਦੇ ਵੱਸ ਹੋ ਕੇ ਉਚ ਕੋਟੀ ਦੇ ਵਿਦਵਾਨ ਅਤੇ ਚਲਾਕ ਪੁਰਖ ਵੀ ਇਸ ਭਵਸਾਗਰ ਦੀ ਦਲਦਲ ਵਿਚ ਫਸ ਜਾਂਦੇ ਹਨ। ਪਰ ਹੇ ਸਾਈਂ! ਤੁਸੀਂ ਸਿਰਫ਼ ਆਪਣੀ ਸ਼ਕਤੀ ਨਾਲ ਹੀ ਬੇਆਸਰੇ ਅਤੇ ਸੱਚੇ ਦਿਲ ਵਾਲੇ ਭਗਤਾਂ ਨੂੰ ਇਸ ਦਲਦਲ ਵਿਚੋਂ ਕੱਢ ਕੇ ਉਨ੍ਹਾਂ ਦੀ ਰਖਿਆ ਕਰਦੇ ਹੋ। ਪਰਦੇ ਪਿਛੇ ਲੁੱਕੇ ਰਹਿ ਕੇ ਤੁਸੀਂ ਹੀ ਤਾਂ ਸਾਰੇ ਇਨਸਾਫ ਕਰ ਰਹੇ ਹੋ। ਫੇਰ ਵੀ ਤੁਸੀਂ ਇਵੇਂ ਪ੍ਰਗਟ ਕਰਦੇ ਹੋ, ਜਿਵੇਂ ਉਸ ਨਾਲ ਕੋਈ ਵਾਸਤਾ ਹੀ ਨਾ ਹੋਵੇ। ਕੋਈ ਵੀ ਤੁਹਾਡੀ ਪੂਰੀ ਜੀਵਨ ਲੀਲ੍ਹਾ ਨਾ ਜਾਣ ਸਕਿਆ। ਇਸ ਲਈ ਇਹੀ ਬਿਹਤਰ ਹੈ ਕਿ ਅਸੀਂ ਇਕਾਗਰ ਭਾਵ ਨਾਲ ਤੁਹਾਡੇ ਸ੍ਰੀਚਰਣਾਂ ਦੀ ਸ਼ਰਨ ਵਿਚ ਆ ਜਾਈਏ ਅਤੇ ਆਪਣੇ ਪਾਪਾਂ ਤੋਂ ਮੁਕਤ ਹੋਣ ਦੇ ਲਈ ਇਕ ਤੁਹਾਡਾ ਹੀ ਨਾਮ ਸਿਮਰਨ ਕਰਦੇ ਰਹੀਏ। ਤੁਸੀਂ ਆਪਣੇ ਨਿਸ਼ਕਾਮ ਭਗਤਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਕੇ ਉਨ੍ਹਾਂ ਨੂੰ ਪਰਮਾਨੰਦ ਦੀ ਪ੍ਰਾਪਤੀ ਕਰਾ ਦਿੰਦੇ ਹੋ। ਸਿਰਫ ਤੁਹਾਡੇ ਸੁੰਦਰ ਨਾਮ ਦਾ ਉਚਾਰਣ ਹੀ ਭਗਤਾਂ ਲਈ ਬਹੁਤ ਸੌਖਾ ਰਾਹ ਹੈ, ਇਸ ਨਾਲ ਉਨ੍ਹਾਂ ਵਿਚ ਰਾਜਸਿਕ ਅਤੇ ਤਾਮਸਿਕ ਗੁਣਾਂ ਦਾ ਨਾਸ਼ ਹੋ ਕੇ ਸਾਤਵਿਕ ਅਤੇ ਧਾਰਮਿਕ ਗੁਣਾਂ ਦਾ ਵਿਕਾਸ ਹੋਏਗਾ। ਇਸ ਦੇ ਨਾਲ ਹੀ ਨਾਲ ਉਨ੍ਹਾਂ ਨੂੰ ਅਕਸਰ ਵਿਵੇਕ, ਵੈਰਾਗ ਅਤੇ ਗਿਆਨ ਦੀ ਵੀ ਪ੍ਰਾਪਤੀ ਹੋ ਜਾਏਗੀ। ਤਾਂ ਉਨ੍ਹਾਂ ਨੂੰ ਆਤਮਸਥਿਤ ਹੋ ਕੇ ਗੁਰੂ ਨਾਲ ਹੀ ਅਭਿੰਨਤਾ ਪ੍ਰਾਪਤ ਹੋਏਗੀ, ਅਤੇ ਇਸ ਦਾ ਹੀ ਦੂਜਾ ਅਰਥ ਹੈ ਗੁਰੂ ਲਈ ਇਕਾਗਰ ਭਾਵ ਨਾਲ ਸ਼ਰਨਾਗਤ ਹੋਣਾ। ਇਸ ਦਾ ਯਕੀਨੀ ਸਬੂਤ ਸਿਰਫ਼ ਇਹੀ ਹੈ ਕਿ ਉਦੋਂ ਸਾਡਾ ਮਨ ਟਿਕ ਕੇ ਸ਼ਾਂਤ ਹੋ ਜਾਂਦਾ ਹੈ। ਇਸ ਸ਼ਰਨਾਗਤੀ, ਭਗਤੀ

ਅਤੇ ਗਿਆਨ ਦੀ ਮਹੱਤਤਾ ਮਹਾਨ ਹੈ, ਕਿਉਂਕਿ ਇਨ੍ਹਾਂ ਨਾਲ ਹੀ ਸ਼ਾਂਤੀ, ਵੈਰਾਗ, ਕੀਰਤੀ ਅਤੇ ਮੋਕਸ਼ ਆਦਿ ਦੀ ਵੀ ਪ੍ਰਾਪਤੀ ਸੌਖੀ ਹੀ ਹੋ ਜਾਂਦੀ ਹੈ।

ਜੇ ਬਾਬਾ ਆਪਣੇ ਭਗਤਾਂ 'ਤੇ ਕ੍ਰਿਪਾ ਕਰਦੇ ਹਨ ਤਾਂ ਉਹ ਹਮੇਸ਼ਾਂ ਹੀ ਉਨ੍ਹਾਂ ਦੇ ਕੋਲ ਰਹਿੰਦੇ ਹਨ, ਭਾਵੇਂ ਭਗਤ ਕਿਤੇ ਵੀ ਕਿਉਂ ਨਾ ਚਲਾ ਜਾਏ, ਪਰ ਉਹ ਤਾਂ ਕਿਸੇ ਨਾ ਕਿਸੇ ਰੂਪ ਵਿਚ ਪਹਿਲੇ ਹੀ ਉਥੇ ਪਹੁੰਚ ਜਾਂਦੇ ਹਨ। ਇਹ ਹੇਠਾਂ ਲਿਖੀ ਕਥਾ ਤੋਂ ਸਪਸ਼ਟ ਹੈ।

ਬਾਬਾ ਨਾਲ ਪਹਿਚਾਣ ਹੋਣ ਦੇ ਕੁਝ ਵਕਤ ਬਾਅਦ ਹੀ ਕਾਕਾਸਾਹਿਬ ਦਿਕਸ਼ਿਤ ਨੇ ਆਪਣੇ ਵੱਡੇ ਪੁੱਤਰ ਬਾਪੂ ਦਾ ਨਾਗਪੁਰ ਵਿਚ ਉਪਨਯਨ ਸੰਸਕਾਰ ਕਰਨ ਦਾ ਫੈਸਲਾ ਕੀਤਾ ਅਤੇ ਲਗਭਗ ਉਸੇ ਵਕਤ ਨਾਨਾਸਾਹਿਬ ਚਾਂਦੋਰਕਰ ਨੇ ਆਪਣੇ ਵੱਡੇ ਪੁਤਰ ਦਾ ਗਵਾਲੀਅਰ ਵਿਚ ਵਿਆਹ ਕਰਨ ਦਾ ਪ੍ਰੋਗਰਾਮ ਬਣਾਇਆ। ਦਿਕਸ਼ਿਤ ਅਤੇ ਚਾਂਦੋਰਕਰ ਦੋਵੇਂ ਹੀ ਸ਼ਿਰਡੀ ਆਏ ਅਤੇ ਪਿਆਰ ਨਾਲ ਉਨ੍ਹਾਂ ਨੇ ਬਾਬਾ ਨੂੰ ਸੱਦਾ ਦਿੱਤਾ। ਤਾਂ ਉਨ੍ਹਾਂ ਨੇ ਆਪਣੇ ਨੁਮਾਇਦੇ ਸ਼ਾਮਾ ਨੂੰ ਲੈ ਜਾਣ ਲਈ ਕਿਹਾ, ਪਰ ਜਦੋਂ ਉਨ੍ਹਾਂ ਨੇ ਆਪੇ ਪਧਾਰਨ ਦੇ ਲਈ ਉਨ੍ਹਾਂ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਜਵਾਬ ਦਿਤਾ ਕਿ "ਬਨਾਰਸ ਅਤੇ ਪ੍ਰਯਾਗ ਨਿਕਲ ਜਾਣ ਦੇ ਬਾਅਦ ਮੈਂ ਸ਼ਾਮਾ ਤੋਂ ਪਹਿਲੇ ਹੀ ਪਹੁੰਚ ਜਾਵਾਂਗਾ।" ਪਾਠਕ! ਕ੍ਰਿਪਾ ਕਰਕੇ ਇਨ੍ਹਾਂ ਸ਼ਬਦਾਂ ਨੂੰ ਥੋੜ੍ਹਾ ਧਿਆਨ ਵਿਚ ਰੱਖਣ, ਕਿਉਂਕਿ ਇਹ ਸ਼ਬਦ ਬਾਬਾ ਦੀ ਸਰਵਵਿਦਿਤਾ ਦਾ ਗਿਆਨ ਕਰਾਉਣ ਵਾਲੇ ਹਨ।

ਬਾਬਾ ਦੀ ਆਗਿਆ ਲੈ ਕੇ ਸ਼ਾਮਾ ਨੇ ਇਨ੍ਹਾਂ ਉਤਸਵਾਂ ਵਿਚ ਸ਼ਾਮਿਲ ਹੋਣ ਦੇ ਲਈ ਪਹਿਲੇ ਨਾਗਪੁਰ, ਗਵਾਲੀਅਰ ਅਤੇ ਇਸ ਦੇ ਬਾਅਦ ਕਾਂਸ਼ੀ, ਪ੍ਰਯਾਗ ਅਤੇ ਗਯਾ ਜਾਣ ਦਾ ਇਰਾਦਾ ਬਣਾਇਆ। ਅਪਾ ਕੋਤੇ ਵੀ ਸ਼ਾਮਾ ਦੇ ਨਾਲ ਜਾਣ ਲਈ ਤਿਆਰ ਹੋ ਗਏ। ਪਹਿਲੇ ਤਾਂ ਉਹ ਦੋਵੇਂ ਉਪਨਯਨ ਸੰਸਕਾਰ ਵਿਚ ਸ਼ਾਮਿਲ ਹੋਣ ਲਈ ਨਾਗਪੁਰ ਪਹੁੰਚੇ। ਉਥੇ ਕਾਕਾਸਾਹਿਬ ਦਿਕਸ਼ਿਤ ਨੇ ਸ਼ਾਮਾ ਨੂੰ 200 ਰੁਪਏ ਖਰਚੇ ਦੇ ਲਈ ਦਿੱਤੇ। ਉਥੋਂ ਉਹ ਲੋਕ ਵਿਆਹ ਵਿਚ ਸ਼ਾਮਿਲ ਹੋਣ ਲਈ ਗਵਾਲੀਅਰ ਗਏ। ਉਥੇ ਨਾਨਾਸਾਹਿਬ ਚਾਂਦੋਰਕਰ ਨੇ ਸੌ ਰੁਪਏ ਅਤੇ ਉਨ੍ਹਾਂ ਦੇ ਕੁੜਮ ਸ੍ਰੀ ਜਠਾਰ ਨੇ ਵੀ ਸੌ ਰੁਪਏ ਸ਼ਾਮਾ ਨੂੰ ਭੇਟ ਕੀਤੇ। ਫੇਰ ਸ਼ਾਮਾ ਕਾਂਸ਼ੀ ਪਹੁੰਚੇ, ਜਿਥੇ ਜਠਾਰ ਨੇ ਲਕਸ਼ਮੀ ਨਾਰਾਇਣ ਜੀ ਦੇ ਸ਼ਾਨਦਾਰ ਮੰਦਿਰ ਵਿਚ ਉਨ੍ਹਾਂ ਦਾ ਵਧੀਆ ਸਵਾਗਤ ਕੀਤਾ। ਅਯੋਧਿਆਂ ਵਿਚ ਜਠਾਰ ਦੇ ਮੈਨੇਜ਼ਰ ਨੇ ਵੀ ਸ਼ਾਮਾ ਦਾ ਚੰਗਾ ਸਵਾਗਤ ਕੀਤਾ। ਸ਼ਾਮਾ ਅਤੇ ਕੋਤੇ ਅਯੋਧਿਆਂ ਵਿਚ 21 ਦਿਨ ਅਤੇ ਕਾਂਸ਼ੀ (ਬਨਾਰਸ) ਵਿਚ ਦੋ ਮਹੀਨੇ ਰੁੱਕ ਕੇ ਫੇਰ ਗਯਾ ਲਈ ਰਵਾਨਾ ਹੋ ਗਏ। ਗਯਾ ਵਿਚ ਪਲੇਗ ਫੈਲਣ ਦੀ ਖਬਰ ਰੇਲਗੱਡੀ ਵਿਚ ਸੁਣ ਕੇ ਇਨ੍ਹਾਂ ਲੋਕਾਂ ਨੂੰ ਥੋੜ੍ਹਾ ਫ਼ਿਕਰ ਹੋਣ ਲਗਾ। ਫੇਰ ਵੀ ਰਾਤ ਨੂੰ ਉਹ ਗਯਾ ਸਟੇਸ਼ਨ 'ਤੇ ਉਤਰੇ ਅਤੇ ਇਕ ਧਰਮਸ਼ਾਲਾ ਵਿਚ ਜਾ ਕੇ ਠਹਿਰੇ। ਸਵੇਰੇ ਗਯਾ ਵਾਲਾ ਪੁਜਾਰੀ (ਪਾਂਡਾ), ਜਿਹੜਾ ਯਾਤਰੀਆਂ ਦੇ ਰਹਿਣ ਅਤੇ ਖਾਣ ਦਾ ਬੰਦੋਬਸਤ ਕਰਦਾ ਸੀ, ਆਇਆ ਅਤੇ ਕਹਿਣ ਲਗਾ ਕਿ ਸਾਰੇ ਯਾਤਰੀ ਤਾਂ ਜਾ ਚੁੱਕੇ ਹਨ, ਇਸ ਲਈ ਹੁਣ ਤੁਸੀਂ ਵੀ ਜਲਦੀ



ਕਰੋ। ਸ਼ਾਮਾ ਨੇ ਉਵੇਂ ਹੀ ਉਸ ਕੋਲੋਂ ਪੁਛਿਆ ਕਿ ਕੀ ਗਯਾ ਵਿਚ ਪਲੇਗ ਫੈਲੀ ਹੈ ? ਤਾਂ ਪੁਜਾਰੀ ਨੇ ਕਿਹਾ, "ਨਹੀਂ। ਤੁਸੀਂ ਨਿਰਵਿਘਨ ਮੇਰੇ ਇਥੇ ਪਧਾਰ ਕੇ ਹਾਲਾਤ ਆਪ ਦੇਖ ਲਉ।" ਤਾਂ ਉਹ ਉਸ ਦੇ ਨਾਲ ਉਸ ਦੇ ਮਕਾਨ 'ਤੇ ਪਹੁੰਚੇ। ਉਸ ਦਾ ਮਕਾਨ ਕੀ, ਇਕ ਵਿਸ਼ਾਲ ਇਮਾਰਤ ਸੀ, ਜਿਸ ਵਿਚ ਕਾਫੀ ਯਾਤਰੀ ਆਰਾਮ ਕਰ ਸਕਦੇ ਸੀ। ਸ਼ਾਮਾ ਨੂੰ ਵੀ ਉਸੇ ਥਾਂ ਠਹਿਰਾਇਆ ਗਿਆ, ਜੋ ਉਨ੍ਹਾਂ ਨੂੰ ਬਹੁਤ ਚੰਗਾ ਲਗਾ। ਬਾਬਾ ਦੀ ਇਕ ਵੱਡੀ ਤਸਵੀਰ, ਜਿਹੜੀ ਕਿ ਮਕਾਨ ਦੇ ਅਗਲੇ ਹਿੱਸੇ ਦੇ ਠੀਕ ਵਿਚਕਾਰ ਲਗੀ ਸੀ, ਦੇਖਕੇ ਸ਼ਾਮਾ ਬਹੁਤ ਖੁਸ਼ ਹੋ ਗਏ। ਉਨ੍ਹਾਂ ਦਾ ਦਿਲ ਭਰ ਆਇਆ ਅਤੇ ਉਨ੍ਹਾਂ ਨੂੰ ਬਾਬਾ ਦੇ ਸ਼ਬਦ ਯਾਦ ਆਏ ਕਿ, "ਮੈਂ ਕਾਂਸ਼ੀ ਅਤੇ ਪ੍ਰਯਾਗ ਨਿਕਲ ਜਾਣ ਦੇ ਬਾਅਦ ਸ਼ਾਮਾ ਤੋਂ ਪਹਿਲੇ ਹੀ ਪਹੁੰਚ ਜਾਵਾਂਗਾ।" ਸ਼ਾਮਾ ਦੀਆਂ ਅੱਖਾਂ ਵਿਚੋਂ ਅਥਰੂਆਂ ਦੀ ਧਾਰ ਵੱਗਣ ਲਗੀ ਅਤੇ ਅਤੇ ਉਨ੍ਹਾਂ ਦੇ ਲੂ ਕੰਡੇ ਖੜੇ ਹੋ ਗਏ ਅਤੇ ਗਲਾ ਭਰ ਆਇਆ ਅਤੇ ਰੋਂਦੇ ਰੋਂਦੇ ਉਨ੍ਹਾਂ ਨੂੰ ਹਿਚਕੀਆਂ ਆਉਣ ਲਗੀਆਂ। ਪੁਜਾਰੀ ਨੇ ਸ਼ਾਮਾ ਦੀ ਇਹ ਹਾਲਤ ਦੇਖੀ ਤਾਂ ਉਸ ਨੇ ਸੋਚਿਆ ਕਿ ਇਹ ਆਦਮੀ ਪਲੇਗ ਦੀ ਖ਼ਬਰ ਨਾਲ ਡਰ ਕੇ ਰੋ ਰਿਹਾ ਹੈ, ਪਰ ਸ਼ਾਮਾ ਨੇ ਉਸ ਦੀ ਕਲਪਨਾ ਦੇ ਉਲਟ ਹੀ ਸੁਆਲ ਕੀਤਾ ਕਿ ਇਹ ਬਾਬਾ ਦੀ ਤਸਵੀਰ ਤੁਹਾਨੂੰ ਕਿਥੋਂ ਮਿਲੀ ? ਉਸਨੇ ਜਵਾਬ ਦਿੱਤਾ ਕਿ ਮੇਰੇ ਦੋ-ਤਿੰਨ ਸੌ ਦਲਾਲ ਮਨਮਾਡ ਅਤੇ ਪੁਨਤਾਬੇ ਖੇਤਰ ਵਿਚ ਕੰਮ ਕਰਦੇ ਹਨ ਅਤੇ ਉਸ ਇਲਾਕੇ ਤੋਂ ਗਯਾ ਆਉਣ ਵਾਲੇ ਯਾਤਰੀਆਂ ਦੀਆਂ ਸਹੂਲਤਾਂ ਦਾ ਖ਼ਾਸ ਧਿਆਨ ਰੱਖਦੇ ਹਨ। ਉਥੇ ਸ਼ਿਰਡੀ ਦੇ ਸਾਂਈਂ ਮਹਾਰਾਜ ਦੀ ਕੀਰਤੀ ਮੈਂ ਸੁਣੀ। ਲਗਭਗ ਬਾਰਾਂ ਸਾਲ ਹੋਏ ਮੈਂ ਆਪ ਸ਼ਿਰਡੀ ਜਾ ਕੇ ਬਾਬਾ ਦੇ ਸ੍ਰੀਦਰਸ਼ਨ ਦਾ ਲਾਭ ਉਠਾਇਆ ਸੀ ਅਤੇ ਉਥੇ ਹੀ ਸ਼ਾਮਾ ਦੇ ਘਰ ਵਿਚ ਲਗੀ ਹੋਈ ਤਸਵੀਰ ਮੈਨੂੰ ਚੰਗੀ ਲਗੀ ਸੀ। ਤਾਂ ਬਾਬਾ ਦੀ ਆਗਿਆ ਨਾਲ ਸ਼ਾਮਾ ਨੇ ਜਿਹੜੀ ਤਸਵੀਰ ਮੈਨੂੰ ਭੇਟ ਕੀਤੀ ਸੀ, ਇਹ ਉਹੀ ਤਸਵੀਰ ਹੈ। ਸ਼ਾਮਾ ਨੂੰ ਪੁਰਾਣੀ ਯਾਦ ਆ ਗਈ ਅਤੇ ਜਦੋਂ ਗਯਾ ਵਾਲੇ ਪੁਜਾਰੀ ਨੂੰ ਇਹ ਪਤਾ ਲਗਾ ਕਿ ਇਹ ਉਹੀ ਸ਼ਾਮਾ ਹੈ, ਜਿਨ੍ਹਾਂ ਨੇ ਮੈਨੂੰ ਇਸ ਤਸਵੀਰ ਨਾਲ ਧੰਨਵਾਦੀ ਕੀਤਾ ਸੀ ਅਤੇ ਅੱਜ ਉਹ ਮੇਰੇ ਇਥੇ ਮਹਿਮਾਨ ਬਣਕੇ ਠਹਿਰੇ ਹਨ ਤਾਂ ਉਸ ਦੀ ਖੁਸ਼ੀ ਦੀ ਹੱਦ ਨਾ ਰਹੀ। ਦੋਵੇਂ ਬੜੇ ਪਿਆਰ ਨਾਲ ਮਿਲਕੇ ਖੁਸ਼ ਹੋਏ। ਫੇਰ ਪੁਜਾਰੀ ਨੇ ਸ਼ਾਮਾ ਦਾ ਸ਼ਾਹੀ ਢੰਗ ਨਾਲ ਸ਼ਾਨਦਾਰ ਸਵਾਗਤ ਕੀਤਾ। ਉਹ ਇਕ ਧਨਾਢ ਆਦਮੀ ਸੀ। ਆਪ ਪਾਲਕੀ ਵਿਚ ਅਤੇ ਸ਼ਾਮਾ ਨੂੰ ਹਾਥੀ 'ਤੇ ਬੈਠਾ ਕੇ ਖ਼ੂਬ ਘੁਮਾਇਆ ਅਤੇ ਹਰ ਤਰ੍ਹਾਂ ਨਾਲ ਉਨ੍ਹਾਂ ਦੀਆਂ ਸੁੱਖ-ਸਹੂਲਤਾਂ ਦਾ ਧਿਆਨ ਰੱਖਿਆ। ਇਸ ਕਥਾ ਨੇ ਸਿੱਧ ਕਰ ਦਿੱਤਾ ਕਿ ਬਾਬਾ ਦੇ ਵਚਨ ਸੱਚੇ ਨਿਕਲੇ। ਉਨ੍ਹਾਂ ਦਾ ਆਪਣੇ ਭਗਤਾਂ 'ਤੇ ਕਿੰਨਾ ਪਿਆਰ ਸੀ, ਇਸ ਨੂੰ ਤਾਂ ਛਡੋ। ਉਹ ਤਾਂ ਸਾਰੇ ਪ੍ਰਾਣੀਆਂ 'ਤੇ ਇਕੋ ਜਿਹਾ ਪਿਆਰ ਕਰਦੇ ਹੁੰਦੇ ਸੀ ਅਤੇ ਉਨ੍ਹਾਂ ਨੂੰ ਆਪਣਾ ਹੀ ਸਰੂਪ ਸਮਝਦੇ ਸੀ। ਇਹ ਹੇਠਾਂ ਲਿਖੀ ਕਥਾ ਤੋਂ ਵੀ ਪਤਾ ਲੱਗ ਜਾਏਗਾ।

ਇਕ ਵਾਰੀ ਜਦੋਂ ਬਾਬਾ ਲੇਂਡੀ ਬਾਗ ਤੋਂ ਵਾਪਸ ਆ ਰਹੇ ਸੀ ਤਾਂ ਉਨ੍ਹਾਂ ਨੇ ਬਕਰਿਆਂ ਦਾ ਇਕ

ਝੁੰਡ ਆਉਂਦੇ ਦੇਖਿਆ। ਉਨ੍ਹਾਂ ਵਿਚੋਂ ਦੋ ਬਕਰਿਆਂ ਨੇ ਉਨ੍ਹਾਂ ਨੂੰ ਆਪਣੇ ਵਲ ਖਿਚ ਲਿਆ। ਬਾਬਾ ਨੇ ਜਾ ਕੇ ਪਿਆਰ ਨਾਲ ਉਨ੍ਹਾਂ ਦਾ ਸਰੀਰ ਪਲੋਸਿਆ ਅਤੇ ਉਨ੍ਹਾਂ ਨੂੰ 32 ਰੁਪਏ ਵਿਚ ਖਰੀਦ ਲਿਆ। ਬਾਬਾ ਦਾ ਇਹ ਅਦਭੁੱਤ ਵਿਹਾਰ ਦੇਖ ਕੇ ਭਗਤਾਂ ਨੂੰ ਹੈਰਾਨੀ ਹੋਈ ਅਤੇ ਉਨ੍ਹਾਂ ਨੇ ਸੋਚਿਆ ਕਿ ਬਾਬਾ ਤਾਂ ਇਸ ਸੌਦੇ ਵਿਚ ਠੱਗੇ ਗਏ ਹਨ, ਕਿਉਂਕਿ ਇਕ ਬਕਰੇ ਦਾ ਮੁਲ ਉਸ ਵਕਤ 3-4 ਰੁਪਏ ਤੋਂ ਜ਼ਿਆਦਾ ਨਹੀਂ ਸੀ ਅਤੇ ਦੋ ਬਕਰੇ ਜ਼ਿਆਦਾ ਤੋਂ ਜ਼ਿਆਦਾ 8 ਰੁਪਏ ਵਿਚ ਮਿਲ ਸਕਦੇ ਸੀ।

ਉਨ੍ਹਾਂ ਨੇ ਬਾਬਾ ਨੂੰ ਕੋਸਣਾ ਸ਼ੁਰੂ ਕੀਤਾ, ਪਰ ਬਾਬਾ ਚੁੱਪ ਬੈਠੇ ਰਹੇ। ਜਦੋਂ ਸ਼ਾਮਾ ਅਤੇ ਤਾਤਿਆ ਨੇ ਬਕਰੇ ਮੁਲ ਲੈਣ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ, "ਮੇਰੇ ਕੋਈ ਘਰ ਜਾਂ ਪਤਨੀ ਤਾਂ ਹੈ ਨਹੀਂ, ਜਿਸ ਦੇ ਲਈ ਮੈਂ ਪੈਸੇ ਜਮ੍ਹਾਂ ਕਰਨੇ ਹਨ।" ਫੇਰ ਉਨ੍ਹਾਂ ਨੇ ਚਾਰ ਸੇਰ ਦਾਲ ਬਜ਼ਾਰੋਂ ਮੰਗਵਾਂ ਕੇ ਬਕਰਿਆਂ ਨੂੰ ਖੁਆਈ। ਜਦੋਂ ਉਨ੍ਹਾਂ ਨੂੰ ਖੁਆ-ਪਿਆ ਚੁੱਕੇ ਤਾਂ ਉਨ੍ਹਾਂ ਨੇ ਫੇਰ ਉਨ੍ਹਾਂ ਦੇ ਮਾਲਕ ਨੂੰ ਬਕਰੇ ਵਾਪਸ ਕਰ ਦਿੱਤੇ। ਉਸ ਤੋਂ ਬਾਅਦ ਹੀ ਉਨ੍ਹਾਂ ਨੇ ਉਨ੍ਹਾਂ ਬਕਰਿਆਂ ਦੇ ਪਿੱਛਲੇ ਜਨਮ ਦੀ ਕਥਾ ਇਸ ਤਰ੍ਹਾਂ ਸੁਣਾਈ—"ਸ਼ਾਮਾ ਅਤੇ ਤਾਤਿਆ, ਤੁਸੀਂ ਸੋਚਦੇ ਹੋ ਕਿ ਮੈਂ ਇਸ ਸੌਦੇ ਵਿਚ ਠੱਗਿਆ ਗਿਆ ਹਾਂ ? ਪਰ ਇਵੇਂ ਨਹੀਂ ਇਨ੍ਹਾਂ ਦੀ ਕਥਾ ਸੁਣੋ। ਪਿੱਛਲੇ ਜਨਮ ਵਿਚ ਦੋਵੇਂ ਸੱਕੇ ਭਰਾ ਸੀ ਅਤੇ ਪਹਿਲੇ ਇਨ੍ਹਾਂ ਵਿਚ ਆਪਸੀ ਬਹੁਤ ਪਿਆਰ ਸੀ, ਪਰ ਬਾਅਦ ਵਿਚ ਇਹ ਇਕ ਦੂਜੇ ਦੇ ਕਟੜ ਦੁਸ਼ਮਣ ਬਣ ਗਏ। ਵੱਡਾ ਭਰਾ ਬੜਾ ਆਲਸੀ ਸੀ, ਲੇਕਿਨ ਛੋਟਾ ਭਰਾ ਬਹੁਤ ਮਿਹਨਤੀ ਸੀ, ਉਸ ਨੇ ਕਾਫ਼ੀ ਧਨ ਕੰਮਾ ਲਿਆ ਸੀ, ਜਿਸ ਕਰਕੇ ਵੱਡਾ ਭਰਾ ਆਪਣੇ ਭਰਾ ਨਾਲ ਈਰਖਾ ਕਰਦਾ ਸੀ। ਇਸ ਲਈ ਉਸਨੇ ਛੋਟੇ ਭਰਾ ਦਾ ਕਤਲ ਕਰਕੇ ਉਸ ਦਾ ਧਨ ਹੜਪਨ ਦੀ ਧਾਰੀ ਅਤੇ ਆਪਣਾ ਖ਼ੂਨ ਦਾ ਰਿਸ਼ਤਾ ਭੁਲ ਕੇ ਉਹ ਇਕ ਦੂਜੇ ਨਾਲ ਬੁਰੀ ਤਰ੍ਹਾਂ ਝਗੜਨ ਲਗੇ। ਵੱਡੇ ਭਰਾ ਨੇ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਛੋਟੇ ਭਰਾ ਦਾ ਕਤਲ ਨਾ ਕਰ ਸਕਿਆ। ਤਾਂ ਉਹ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ। ਇਕ ਦਿਨ ਵੱਡੇ ਭਰਾ ਨੇ ਛੋਟੇ ਭਰਾ ਦੇ ਸਿਰ 'ਤੇ ਸੋਟੀ ਨਾਲ ਵਾਰ ਕੀਤਾ। ਉਦੋਂ ਬਦਲੇ ਵਿਚ ਛੋਟੇ ਭਰਾ ਨੇ ਵੀ ਵੱਡੇ ਭਰਾ ਦੇ ਸਿਰ ਵਿਚ ਕੁਹਾੜੀ ਮਾਰੀ ਅਤੇ ਉਥੇ ਹੀ ਦੋਵਾਂ ਦੀ ਮੌਤ ਹੋ ਗਈ। ਫੇਰ ਆਪਣੇ ਕਰਮਾਂ ਅਨੁਸਾਰ ਇਹ ਦੋਵੇਂ ਬਕਰੇ ਦੀ ਜੂਨ ਨੂੰ ਪ੍ਰਾਪਤ ਹੋਏ। ਜਿਵੇਂ ਹੀ ਉਹ ਮੇਰੇ ਕੋਲੋਂ ਲੰਘੇ ਤਾਂ ਮੈਨੂੰ ਉਨ੍ਹਾਂ ਦਾ ਪਿਛਲਾ ਇਤਿਹਾਸ ਯਾਦ ਆ ਗਿਆ ਅਤੇ ਮੈਨੂੰ ਦਯਾ ਆ ਗਈ ਇਸ ਲਈ ਮੈਂ ਉਨ੍ਹਾਂ ਨੂੰ ਕੁਝ ਖਵਾਉਣ ਪਿਲਾਉਣ ਅਤੇ ਸੁੱਖ ਦੇਣ ਦਾ ਵਿਚਾਰ ਕੀਤਾ। ਇਸ ਕਰਕੇ ਮੈਂ ਇਨ੍ਹਾਂ ਦੇ ਲਈ ਪੈਸੇ ਖਰਚ ਕੀਤੇ, ਜੋ ਤੁਹਾਨੂੰ ਮਹਿੰਗਾਂ ਲਗਿਆ। ਤੁਹਾਨੂੰ ਲੋਕਾਂ ਨੂੰ ਇਹ ਲੈਣ-ਦੇਣ ਚੰਗਾ ਨਹੀਂ ਲਗਾ, ਇਸ ਲਈ ਮੈਂ ਉਨ੍ਹਾਂ ਬਕਰਿਆਂ ਨੂੰ ਗੰਡੇਰੀਏ ਨੂੰ ਵਾਪਸ ਕਰ ਦਿੱਤਾ। ਸਿਰਫ਼ ਮਨੁੱਖ ਹੀ ਨਹੀਂ, ਸਾਰੇ ਪ੍ਰਾਣੀਆਂ ਦੇ ਲਈ ਬਾਬਾ ਦੇ ਦਿਲ ਵਿਚ ਬੇਹੱਦ ਪਿਆਰ ਸੀ।



# ॥ ਅਧਿਆਇ-47 ॥

## ਪੁਨਰ ਜਨਮ-ਵੀਰਭਦਰਪਾ ਅਤੇ ਚੇਨਬਸਾਪਾ (ਸੱਪ ਅਤੇ ਡੱਡੂ) ਦੀ ਵਾਰਤਾ

ਪਿੱਛਲੇ ਅਧਿਆਇ ਵਿਚ ਬਾਬਾ ਵੱਲੋਂ ਦੱਸੀ ਗਈ ਦੋ ਬਕਰਿਆਂ ਦੇ ਪਿੱਛਲੇ ਜਨਮਾਂ ਦੀ ਵਾਰਤਾ ਸੀ। ਇਸ ਅਧਿਆਇ ਵਿਚ ਕੁਝ ਹੋਰ ਵੀ ਪਿੱਛਲੇ ਜਨਮਾਂ ਦੀਆਂ ਯਾਦਾਂ ਦਾ ਵਰਨਣ ਕੀਤਾ ਜਾਂਦਾ ਹੈ। ਪੇਸ਼ ਕਥਾ ਵੀਰਭਦਰਪਾ ਅਤੇ ਚੇਨਬਸਾਪਾ ਦੇ ਬਾਰੇ ਵਿਚ ਹੈ।

ਹੇ ਤਿੰਨਾਂ ਗੁਣਾਂ (ਰਜ, ਸਤ, ਤਮ) ਦੇ ਮਾਲਕ, ਗਿਆਨ ਦੇ ਅਵਤਾਰ ਸ੍ਰੀ ਸਾਈਂ! ਤੁਹਾਡੀ ਮੂਰਤੀ ਕਿੰਨੀ ਸ਼ਾਨਦਾਰ ਅਤੇ ਸੁੰਦਰ ਹੈ। ਹੇ ਅੰਤਰਯਾਮੀ: ਤੁਹਾਡੇ ਸ੍ਰੀਮੁੱਖ ਦੀ ਸ਼ੋਭਾ ਧੰਨ ਹੈ। ਉਸ ਦਾ ਪਲ ਭਰ ਵੀ ਦਰਸ਼ਨ ਕਰਨ ਨਾਲ ਪਿੱਛਲੇ ਜਨਮਾਂ ਦੇ ਦੁੱਖਾਂ ਦਾ ਨਾਸ ਹੋ ਕੇ ਸੁੱਖ ਦਾ ਰਾਹ ਖੁੱਲ੍ਹ ਜਾਂਦਾ ਹੈ। ਪਰ ਹੇ ਮੇਰੇ ਪਿਆਰੇ ਸ੍ਰੀ ਸਾਈਂ! ਜੇ ਤੁਸੀਂ ਆਪਣੇ ਸੁਭਾਅ ਵੱਸ ਹੀ ਕੁਝ ਕ੍ਰਿਪਾ ਕਰੋ, ਤਾਂ ਹੀ ਇਸ ਦੀ ਕੁਝ ਉਮੀਦ ਹੋ ਸਕਦੀ ਹੈ। ਤੁਹਾਡੀ ਇਕ ਨਜ਼ਰ ਨਾਲ ਹੀ ਸਾਡੇ ਕਰਮਾਂ ਦੇ ਬੰਧਨ ਟੁੱਟ ਜਾਂਦੇ ਹਨ ਅਤੇ ਸਾਨੂੰ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਗੰਗਾ ਵਿਚ ਇਸ਼ਨਾਨ ਕਰਨ ਨਾਲ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ, ਪਰ ਗੰਗਾਮਾਈ ਵੀ ਸੰਤਾਂ ਦੇ ਆਉਣ ਦੀ ਹਮੇਸ਼ਾਂ ਬੇਚੈਨੀ ਨਾਲ ਰਾਹ ਦੇਖਦੀ ਹੈ ਕਿ ਉਹ ਕਦੋਂ ਪਧਾਰਨ ਅਤੇ ਮੈਨੂੰ ਆਪਣੀ ਚਰਣ-ਧੂੜ ਨਾਲ ਪਵਿੱਤਰ ਕਰਨ। ਸ੍ਰੀ ਸਾਈਂ ਤਾਂ ਸੰਤਾਂ ਦੇ ਸੰਤ ਹਨ। ਹੁਣ ਉਨ੍ਹਾਂ ਦੀ ਹੀ ਦਿਲ ਪਵਿੱਤਰ ਬਨਾਉਣ ਵਾਲੀ ਇਹ ਕਥਾ ਸੁਣੋ।

ਸ੍ਰੀ ਸਾਈਂ ਬਾਬਾ ਨੇ ਕਿਹਾ—ਇਕ ਦਿਨ ਸਵੇਰੇ 8 ਵਜੇ ਮੈਂ ਚਾਹ ਪਾਣੀ ਦੇ ਬਾਅਦ ਘੁੰਮਣ ਨਿਕਲਿਆ। ਤੁਰਦੇ-ਤੁਰਦੇ ਮੈਂ ਇਕ ਛੋਟੀ ਜਿਹੀ ਨਦੀ ਦੇ ਕੰਢੇ ਪਹੁੰਚਿਆ। ਮੈਂ ਬਹੁਤ ਥੱਕ ਗਿਆ ਸੀ, ਇਸ ਕਰ ਕੇ ਉਥੇ ਬੈਠ ਕੇ ਕੁਝ ਆਰਾਮ ਕਰਨ ਲਗਾ। ਕੁਝ ਦੇਰ ਦੇ ਬਾਅਦ ਹੀ ਮੈਂ ਹੱਥ-ਪੈਰ ਧੋਤੇ ਅਤੇ ਇਸ਼ਨਾਨ ਕੀਤਾ, ਤਾਂ ਕਿਤੇ ਮੇਰੀ ਥਕਾਨ ਦੂਰ ਹੋਈ ਅਤੇ ਮੈਨੂੰ ਕੁਝ ਠੰਡਕ ਦਾ ਅਨੁਭਵ ਹੋਣ ਲਗਾ। ਉਸ ਥਾਂ ਤੋਂ ਇਕ ਪਗਡੰਡੀ ਅਤੇ ਬੈਲਗੱਡੀ ਦੇ ਜਾਣ ਦਾ ਰਾਹ ਸੀ, ਜਿਸ ਦੇ ਦੋਵੇਂ ਪਾਸੇ ਸੰਘਣੇ ਦਰਖ਼ੱਤ ਸੀ। ਹਵਾ ਹੌਲੀ-ਹੌਲੀ ਵੱਗ ਰਹੀ ਸੀ। ਮੈਂ ਚਿਲਮ ਭਰ ਹੀ ਰਿਹਾ ਸੀ ਕਿ ਮੇਰੇ ਕੰਨਾਂ 'ਚ ਇਕ ਡੱਡੂ ਦੇ ਬੁਰੀ ਤਰ੍ਹਾਂ ਟਰਾਉਣ ਦੀ ਆਵਾਜ਼ ਪਈ। ਮੈਂ ਚਕਮਕ ਸੁਲਗਾ ਹੀ ਰਿਹਾ ਸੀ ਕਿ ਏਨੇ ਨੂੰ ਇਕ ਯਾਤਰੀ ਉਥੇ ਆਇਆ ਅਤੇ ਮੇਰੇ ਕੋਲ ਆ ਕੇ ਉਸ ਨੇ ਮੈਨੂੰ ਪ੍ਰਨਾਮ ਕੀਤਾ ਅਤੇ ਘਰ ਪਧਾਰ ਕੇ ਭੋਜਨ ਅਤੇ ਆਰਾਮ ਕਰਨ ਲਈ ਬੇਨਤੀ ਕਰਨ ਲਗਾ। ਉਸ ਨੇ ਚਿਲਮ ਸੁਲਗਾ ਕੇ ਮੇਰੇ ਵੱਲ ਪੀਣ ਦੇ ਲਈ ਵਧਾਈ। ਡੱਡੂ ਦੇ ਟਰਾਉਣ ਦੀ ਆਵਾਜ਼ ਸੁਣ ਕੇ ਉਹ ਉਸਦਾ ਭੇਦ ਜਾਣਨ ਦੇ ਲਈ ਬੇਚੈਨ ਹੋ ਗਿਆ। ਮੈਂ ਉਸ ਨੂੰ ਦੱਸਿਆ ਕਿ ਇਕ ਡੱਡੂ ਮੁਸੀਬਤ ਵਿਚ ਹੈ, ਜਿਹੜਾ ਪਿਛਲੇ ਜਨਮ ਦੇ ਕਰਮਾਂ ਦਾ ਫਲ ਭੋਗ ਰਿਹਾ ਹੈ।

। ਇਕ ਸੂਟਾ ਲਾ ਕੇ ਉਸ ਨੇ ਚਿਲਮ ਮੈਨੂੰ ਦਿੱਤੀ। “ਥੋੜ੍ਹਾ ਦੇਖਾਂ ਤਾਂ, ਆਖ਼ਿਰ ਗੱਲ ਕੀ ਹੈ?” ਏਦਾਂ ਕਹਿ ਕੇ ਉਹ ਉਧਰ ਜਾਣ ਲੱਗਾ। ਮੈਂ ਉਸ ਨੂੰ ਦੱਸਿਆ ਕਿ ਇਕ ਵੱਡੇ ਸੱਪ ਨੇ ਇਕ ਡੱਡੂ ਨੂੰ ਮੂੰਹ ਵਿਚ ਦੱਬ ਲਿਆ ਹੈ, ਇਸ ਕਰ ਕੇ ਉਹ ਚੀਕ ਰਿਹਾ ਹੈ। ਦੋਵੇਂ ਹੀ ਪਿੱਛਲੇ ਜਨਮ ਵਿਚ ਬੜੇ ਨੀਚ ਸੀ ਅਤੇ ਹੁਣ ਇਸ ਸਰੀਰ ਵਿਚ ਆਪਣੇ ਕਰਮਾਂ ਦਾ ਫਲ ਭੋਗ ਰਹੇ ਹਨ। ਯਾਤਰੀ ਨੇ ਘਟਨਾ ਵਾਲੀ ਥਾਂ ’ਤੇ ਜਾ ਕੇ ਦੇਖਿਆ ਕਿ ਸੱਚਮੁਚ ਇਕ ਵੱਡੇ ਸੱਪ ਨੇ ਇਕ ਵੱਡੇ ਡੱਡੂ ਨੂੰ ਮੂੰਹ ਵਿਚ ਦੱਬਿਆ ਹੋਇਆ ਹੈ।

ਉਸਨੇ ਵਾਪਸ ਆ ਕੇ ਦਸਿਆ ਕਿ ਇਕ-ਦੋ ਘੜੀ ’ਚ ਹੀ ਸੱਪ ਡੱਡੂ ਨੂੰ ਨਿਗਲ ਜਾਏਗਾ। ਮੈਂ ਕਿਹਾ—“ਨਹੀਂ, ਇਹ ਕਦੀ ਨਹੀਂ ਹੋ ਸਕਦਾ, ਮੈਂ ਉਸਦਾ ਰਖਿਅਕ ਪਿਤਾ ਹਾਂ ਅਤੇ ਇਸ ਵੇਲੇ ਇਥੇ ਹਾਜ਼ਰ ਹਾਂ। ਫੇਰ ਸੱਪ ਦੀ ਕੀ ਤਾਕਤ ਹੈ ਕਿ ਡੱਡੂ ਨੂੰ ਨਿਗਲ ਜਾਏ? ਕੀ ਮੈਂ ਫ਼ਜ਼ੂਲ ਹੀ ਇਥੇ ਬੈਠਾ ਹਾਂ? ਦੇਖੋ, ਮੈਂ ਹੁਣੇ ਉਸਦੀ ਕਿਸ ਤਰ੍ਹਾਂ ਰਖਿਆ ਕਰਦਾ ਹਾਂ।” ਦੁਬਾਰਾ ਚਿਲਮ ਪੀਣ ਤੋਂ ਬਾਅਦ ਅਸੀਂ ਲੋਕ ਉਸ ਥਾਂ ’ਤੇ ਗਏ। ਉਹ ਡਰਨ ਲੱਗਾ ਅਤੇ ਉਸਨੇ ਮੈਨੂੰ ਅੱਗੇ ਜਾਣ ਤੋਂ ਰੋਕਿਆ ਕਿ ਕਿਤੇ ਸੱਪ ਹਮਲਾ ਨਾ ਕਰ ਦੇਵੇ। ਮੈਂ ਉਸ ਦੀ ਗੱਲ ਦੀ ਪਰਵਾਹ ਨਾ ਕਰਕੇ ਅੱਗੇ ਵਧਿਆ ਅਤੇ ਦੋਵਾਂ ਨੂੰ ਕਹਿਣ ਲੱਗਾ ਕਿ, “ਅਰੇ ਵੀਰਭਦਰਪਾ: ਕੀ ਤੇਰੇ ਦੁਸ਼ਮਨ ਨੂੰ ਕਾਫ਼ੀ ਫਲ ਨਹੀਂ ਮਿਲ ਚੁੱਕਾ ਹੈ, ਜਿਹੜਾ ਉਸਨੂੰ ਡੱਡੂ ਦੀ ਅਤੇ ਤੈਨੂੰ ਇਹ ਸੱਪ ਦੀ ਜੂਨ ਪ੍ਰਾਪਤ ਹੋਈ ਹੈ? ਅਰੇ: ਹੁਣ ਤਾਂ ਆਪਣੀ ਦੁਸ਼ਮਨੀ ਛੱਡੋ। ਇਹ ਬੜੀ ਸ਼ਰਮ ਵਾਲੀ ਗੱਲ ਹੈ। ਹੁਣ ਤਾਂ ਇਸ ਈਰਖਾ ਨੂੰ ਤਿਆਗੋ ਅਤੇ ਚੈਨ ਨਾਲ ਰਹੋ।” ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਸੱਪ ਨੇ ਡੱਡੂ ਨੂੰ ਛੱਡ ਦਿੱਤਾ ਅਤੇ ਜਲਦੀ ਹੀ ਨਦੀ ਵਿਚ ਗਾਇਬ ਹੋ ਗਿਆ। ਡੱਡੂ ਵੀ ਛਾਲ ਮਾਰ ਕੇ ਝਾੜੀਆਂ ਵਿਚ ਲੁੱਕ ਗਿਆ।

ਉਸ ਯਾਤਰੀ ਨੂੰ ਬੜੀ ਹੈਰਾਨੀ ਹੋਈ। ਉਸ ਦੀ ਸਮਝ ਵਿਚ ਨਾ ਆਇਆ ਕਿ ਬਾਬਾ ਦੇ ਸ਼ਬਦਾਂ ਨੂੰ ਸੁਣ ਕੇ ਸੱਪ ਨੇ ਡੱਡੂ ਨੂੰ ਕਿਉਂ ਛੱਡ ਦਿੱਤਾ ਅਤੇ ਵੀਰਭਦਰਪਾ ਅਤੇ ਚੇਨਬਸਾਪਾ ਕੌਣ ਸੀ। ਉਨ੍ਹਾਂ ਦੀ ਦੁਸ਼ਮਣੀ ਦਾ ਕਾਰਨ ਕੀ ਸੀ। ਇਸ ਤਰ੍ਹਾਂ ਦੇ ਵਿਚਾਰ ਉਸ ਦੇ ਮਨ ਵਿਚ ਆਉਣ ਲੱਗੇ। ਮੈਂ ਉਸ ਦੇ ਨਾਲ ਉਸੇ ਦਰਖ਼ਤ ਥੱਲੇ ਵਾਪਸ ਆਇਆ ਅਤੇ ਚਿਲਮ ਪੀਣ ਤੋਂ ਬਾਅਦ ਇਸ ਦਾ ਭੇਦ ਸੁਨਾਉਣ ਲੱਗਾ।

ਮੇਰੇ ਨਿਵਾਸ ਸਥਾਨ ਤੋਂ ਲਗਭਗ 4–5 ਮੀਲ ਦੀ ਦੂਰੀ ’ਤੇ ਇਕ ਪਵਿੱਤਰ ਥਾਂ ਸੀ, ਜਿਥੇ ਮਹਾਂਦੇਵ ਦਾ ਇਕ ਮੰਦਿਰ ਸੀ। ਮੰਦਿਰ ਬਹੁਤ ਟੁੱਟੀ-ਫੁੱਟੀ ਹਾਲਤ ਵਿਚ ਸੀ, ਇਸ ਕਰਕੇ ਉਥੋਂ ਦੇ ਵਾਸੀਆਂ ਨੇ ਉਸ ਦੀ ਮੁਰੰਮਤ ਕਰਨ ਲਈ ਕੁਝ ਚੰਦਾ ਇਕੱਠਾ ਕੀਤਾ। ਕਾਫ਼ੀ ਧਨ ਇਕੱਠਾ ਹੋ ਗਿਆ ਅਤੇ ਉਥੇ ਰੋਜ਼ ਪੂਜਾ ਦਾ ਇੰਤਜ਼ਾਮ ਕਰ ਕੇ ਮੰਦਿਰ ਦੇ ਨਿਰਮਾਣ ਦੀ ਯੋਜਨਾ ਤਿਆਰ ਕੀਤੀ ਗਈ। ਇਕ ਧਨਾਢ ਆਦਮੀ ਨੂੰ ਖ਼ਜਾਨਚੀ ਬਣਾ ਕੇ ਉਸ ਨੂੰ ਸਾਰੇ ਕੰਮ ਦੀ ਦੇਖਭਾਲ ਦਾ ਭਾਰ ਸੌਂਪ ਦਿੱਤਾ ਗਿਆ। ਉਸ ਨੇ ਕੰਮ, ਖਰਚ ਆਦਿ ਦਾ ਠੀਕ-ਠੀਕ ਵੇਰਵਾ ਰਖ ਕੇ ਇਮਾਨਦਾਰੀ ਨਾਲ ਸਾਰਾ ਕੰਮ ਕਰਨਾ ਸੀ। ਸੇਠ ਤਾਂ ਬੜਾ ਹੀ ਕੰਜੂਸ ਸੀ। ਉਸ ਨੇ ਮੁਰੰਮਤ ਵਿਚ ਬਹੁਤ ਘੱਟ ਰਕਮ ਖਰਚ ਕੀਤੀ, ਇਸ ਕਰ ਕੇ ਮੰਦਿਰ ਦੀ ਮੁਰੰਮਤ ਵੀ ਉਨੀ

ਹੀ ਹੋਈ। ਉਸ ਨੇ ਸਾਰੀ ਰਕਮ ਖਰਚ ਕਰ ਦਿੱਤੀ ਅਤੇ ਕੁਝ ਹਿੱਸਾ ਆਪ ਹੜਪ ਲਿਆ ਅਤੇ ਉਸ ਨੇ ਆਪਣੀ ਜੇਬ ਵਿਚੋਂ ਇਕ ਪਾਈ ਵੀ ਖਰਚ ਨਾ ਕੀਤੀ। ਉਸ ਦੀ ਬੋਲੀ ਬਹੁਤ ਮਿੱਠੀ ਸੀ, ਇਸ ਲਈ ਉਸ ਨੇ ਲੋਕਾਂ ਨੂੰ ਕਿਸੇ ਤਰ੍ਹਾਂ ਸਮਝਾ ਬੁਝਾ ਲਿਆ ਅਤੇ ਕੰਮ ਪਹਿਲਾਂ ਵਾਂਗ ਹੀ ਅਧੂਰਾ ਰਹਿ ਗਿਆ। ਲੋਕ ਫੇਰ ਇਕੱਠੇ ਹੋ ਕੇ ਉਸ ਕੋਲ ਜਾ ਕੇ ਕਹਿਣ ਲੱਗੇ—ਸੇਠ ਸਾਹਿਬ! ਕ੍ਰਿਪਾ ਕਰ ਕੇ ਕੰਮ ਜਲਦੀ ਪੂਰਾ ਕਰੋ। ਤੁਹਾਡੀ ਕੋਸ਼ਿਸ਼ ਤੋਂ ਬਿਨਾਂ ਇਹ ਕੰਮ ਪੂਰਾ ਹੋਣਾ ਕਦੀ ਵੀ ਸੰਭਵ ਨਹੀਂ। ਇਸ ਲਈ ਤੁਸੀਂ ਦੁਬਾਰਾ ਯੋਜਨਾ ਬਣਾਉ। ਅਸੀਂ ਹੋਰ ਵੀ ਚੰਦਾ ਤੁਹਾਨੂੰ ਇਕੱਠਾ ਕਰ ਕੇ ਦੇਵਾਂਗੇ। ਲੋਕਾਂ ਨੇ ਫੇਰ ਚੰਦਾ ਇਕੱਠਾ ਕਰ ਕੇ ਸੇਠ ਨੂੰ ਦੇ ਦਿੱਤਾ। ਉਸ ਨੇ ਰੁਪਏ ਤਾਂ ਲੈ ਲਏ, ਪਰ ਪਹਿਲਾਂ ਵਾਂਗ ਹੀ ਸ਼ਾਂਤ ਬੈਠਾ ਰਿਹਾ। ਕੁਝ ਦਿਨਾਂ ਦੇ ਬਾਅਦ ਉਸ ਦੀ ਪਤਨੀ ਨੂੰ ਭਗਵਾਨ ਸ਼ੰਕਰ ਨੇ ਸੁਪਨੇ ਵਿਚ ਆ ਕੇ ਕਿਹਾ ਕਿ ਉਠੋ ਅਤੇ ਮੰਦਿਰ ’ਤੇ ਕਲਸ਼ ਚੜ੍ਹਾਉ। ਜੋ ਕੁਝ ਵੀ ਤੂੰ ਇਸ ਕੰਮ ਵਿਚ ਖਰਚ ਕਰੇਂਗੀ, ਮੈਂ ਉਸ ਦਾ ਸੌ ਗੁਣਾ ਜ਼ਿਆਦਾ ਤੈਨੂੰ ਦੇਵਾਂਗਾ। ਉਸ ਨੇ ਸੁਪਨਾ ਆਪਣੇ ਪਤੀ ਨੂੰ ਸੁਣਾ ਦਿੱਤਾ। ਸੇਠ ਡਰ ਕੇ ਸੋਚਣ ਲੱਗਾ ਕਿ ਇਹ ਕੰਮ ਤਾਂ ਜ਼ਿਆਦਾ ਰੁਪਏ ਖਰਚ ਕਰਾਉਣ ਵਾਲਾ ਹੈ ਇਸ ਲਈ ਉਸ ਨੇ ਇਹ ਗੱਲ ਹੱਸ ਕੇ ਟਾਲ ਦਿੱਤੀ ਕਿ ਇਹ ਤਾਂ ਇਕ ਨਿਰਾ ਸੁਪਨਾ ਹੀ ਹੈ ਅਤੇ ਉਸ ’ਤੇ ਵੀ ਕਿਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ? ਜੇ ਏਦਾਂ ਹੁੰਦਾ ਤਾਂ ਮਹਾਂਦੇਵ ਮੇਰੇ ਸਾਹਮਣੇ ਪ੍ਰਗਟ ਹੋ ਕੇ ਇਹ ਗੱਲ ਮੈਨੂੰ ਨਾ ਕਹਿ ਦਿੰਦੇ? ਮੈਂ ਕੀ ਤੇਰੇ ਤੋਂ ਜ਼ਿਆਦਾ ਦੂਰ ਸੀ? ਇਹ ਤਾਂ ਪਤੀ-ਪਤਨੀ ਦਾ ਰਿਸ਼ਤਾ ਵਿਗਾੜਨ ਵਾਲਾ ਹੈ। ਇਸ ਲਈ ਤੂੰ ਸ਼ਾਂਤ ਰਹਿ। ਭਗਵਾਨ ਨੂੰ ਏਦਾਂ ਦੇ ਪੈਸੇ ਦੀ ਲੋੜ ਹੀ ਕਿੱਥੇ ਹੈ, ਜਿਹੜਾ ਦਾਨੀਆਂ ਦੀ ਮਰਜ਼ੀ ਦੇ ਖ਼ਿਲਾਫ਼ ਇਕੱਠਾ ਕੀਤਾ ਗਿਆ ਹੋਵੇ। ਉਹ ਤਾਂ ਹਮੇਸ਼ਾਂ ਪ੍ਰੇਮ ਦੇ ਭੁੱਖੇ ਹਨ ਅਤੇ ਪ੍ਰੇਮ ਅਤੇ ਭਗਤੀ ਨਾਲ ਦਿੱਤੇ ਗਏ ਇਕ ਤੁੱਛ ਤਾਂਬੇ ਦਾ ਸਿੱਕਾ ਵੀ ਖ਼ੁਸ਼ੀ ਨਾਲ ਸਵੀਕਾਰ ਕਰ ਲੈਂਦੇ ਹਨ। ਮਹਾਂਦੇਵ ਨੇ ਫੇਰ ਸੇਠਾਨੀ ਨੂੰ ਸੁਪਨੇ ਵਿਚ ਕਹਿ ਦਿੱਤਾ ਕਿ ਤੂੰ ਆਪਣੇ ਪਤੀ ਦੀਆਂ ਫਜ਼ੂਲ ਗੱਲਾਂ ਅਤੇ ਉਹਦੇ ਕੋਲ ਜਮ੍ਹਾਂ ਧਨ ਵੱਲ ਧਿਆਨ ਨਾ ਦੇ ਅਤੇ ਨਾ ਉਸ ਨੂੰ ਮੰਦਿਰ ਬਨਵਾਉਣ ਦੇ ਲਈ ਬੇਨਤੀ ਹੀ ਕਰ। ਮੈਂ ਤਾਂ ਤੇਰੇ ਪ੍ਰੇਮ ਅਤੇ ਭਗਤੀ ਦਾ ਹੀ ਭੁੱਖਾ ਹਾਂ। ਜੋ ਕੁਝ ਵੀ ਤੇਰੀ ਖਰਚ ਕਰਨ ਦੀ ਇੱਛਾ ਹੋਵੇ, ਉਹ ਆਪਣੇ ਕੋਲੋਂ ਹੀ ਕਰੋ। ਉਸ ਨੇ ਆਪਣੇ ਪਤੀ ਨਾਲ ਸਲਾਹ ਕਰਕੇ ਆਪਣੇ ਪਿਤਾ ਕੋਲੋਂ ਮਿਲੇ ਗਹਿਣਿਆਂ ਨੂੰ ਵੇਚਣ ਦਾ ਫ਼ੈਸਲਾ ਕੀਤਾ, ਤਾਂ ਕੰਜੂਸ ਸੇਠ ਬੇਚੈਨ ਹੋ ਗਿਆ। ਇਸ ਵਾਰੀ ਉਸ ਨੇ ਭਗਵਾਨ ਨੂੰ ਵੀ ਧੋਖਾ ਦੇਣ ਦੀ ਠਾਣ ਲਈ। ਉਸ ਨੇ ਕੌਡੀਆਂ ਦੇ ਭਾਅ ਸਿਰਫ਼ ਇਕ ਹਜ਼ਾਰ ਰੁਪਏ ਵਿਚ ਹੀ ਆਪਣੀ ਪਤਨੀ ਦੇ ਸਾਰੇ ਗਹਿਣੇ ਆਪ ਖ਼ਰੀਦ ਲਏ ਅਤੇ ਇਕ ਬੰਜਰ ਜ਼ਮੀਨ ਦਾ ਹਿੱਸਾ ਮੰਦਿਰ ਦੇ ਨਾਂਅ ਲਾ ਦਿੱਤਾ, ਜਿਸ ਨੂੰ ਉਸ ਦੀ ਪਤਨੀ ਨੇ ਵੀ ਚੁੱਪਚਾਪ ਸਵੀਕਾਰ ਕਰ ਲਿਆ। ਸੇਠ ਨੇ ਜਿਹੜੀ ਜ਼ਮੀਨ ਦਿੱਤੀ, ਉਹ ਉਸ ਦੀ ਆਪਣੀ ਨਹੀਂ ਸੀ, ਬਲਕਿ ਇਕ ਗ਼ਰੀਬ ਔਰਤ ‘ਦੁਬਕੀ’ ਦੀ ਸੀ, ਜਿਹੜੀ ਇਸ ਦੇ ਕੋਲ ਦੋ ਸੌ ਰੁਪਏ ਵਿਚ ਗਹਿਣੇ ਰਖੀ ਹੋਈ ਸੀ। ਬਹੁਤ ਦੇਰ ਤਕ ਉਹ ਕਰਜ਼ਾ ਚੁਕਾ ਕੇ ਉਸ ਨੂੰ ਵਾਪਸ ਨਾ ਲੈ ਸਕੀ, ਇਸ ਲਈ ਉਸ ਚਾਲਬਾਜ਼ ਕੰਜੂਸ ਨੇ ਆਪਣੀ ਪਤਨੀ, ‘ਦੁਬਕੀ’ ਅਤੇ ਭਗਵਾਨ ਨੂੰ ਧੋਖਾ ਦੇ ਦਿੱਤਾ। ਜ਼ਮੀਨ ਪਥਰੀਲੀ ਹੋਣ ਦੇ ਕਾਰਨ ਉਸ ਵਿਚ ਚੰਗੀ ਰੁੱਤ ਵਿਚ ਵੀ

ਕੋਈ ਪੈਦਾਵਾਰ ਨਹੀਂ ਹੁੰਦੀ ਸੀ। ਇਸ ਤਰ੍ਹਾਂ ਲੈਣ-ਦੇਣ ਖ਼ਤਮ ਹੋਇਆ। ਜ਼ਮੀਨ ਉਸ ਮੰਦਿਰ ਦੇ ਪੁਜਾਰੀ ਨੂੰ ਦੇ ਦਿੱਤੀ ਗਈ, ਜਿਹੜਾ ਉਸ ਨੂੰ ਲੈ ਕੇ ਬਹੁਤ ਖ਼ੁਸ਼ ਹੋਇਆ।"

ਕੁਝ ਵਕਤ ਦੇ ਬਾਅਦ ਇਕ ਅਜ਼ੀਬ ਘਟਨਾ ਹੋਈ। ਇਕ ਦਿਨ ਬਹੁਤ ਤੇਜ਼ ਹਨ੍ਹੇਰੀ ਆਈ ਅਤੇ ਮੀਂਹ ਪਿਆ। ਉਸ ਕੰਜੂਸ ਦੇ ਘਰ 'ਤੇ ਬਿਜਲੀ ਡਿੱਗੀ ਅਤੇ ਪਤੀ-ਪਤਨੀ ਦੋਵਾਂ ਦੀ ਮੌਤ ਹੋ ਗਈ। ਦੁਬਕੀ ਨੇ ਵੀ ਆਖ਼ਰੀ ਸਾਹ ਛੱਡ ਦਿੱਤੀ। ਅਗਲੇ ਜਨਮ ਵਿਚ ਉਹ ਕੰਜੂਸ ਮਥੁਰਾ ਦੇ ਇਕ ਬ੍ਰਾਹਮਣ ਕੁਲ ਵਿਚ ਪੈਦਾ ਹੋਇਆ ਅਤੇ ਉਸ ਦਾ ਨਾਂਅ 'ਵੀਰਭਦਰਪਾ' ਰਖਿਆ ਗਿਆ। ਉਸ ਦੀ ਪਤਨੀ ਉਸ ਮੰਦਿਰ ਦੇ ਪੁਜਾਰੀ ਦੇ ਘਰ ਕੰਨਿਆ ਬਣ ਕੇ ਪੈਦਾ ਹੋਈ ਅਤੇ ਉਸ ਦਾ ਨਾਂਅ 'ਗੌਰੀ' ਰਖਿਆ ਗਿਆ। 'ਦੁਬਕੀ' ਮਰਦ ਬਣ ਕੇ ਮੰਦਿਰ ਦੇ ਸੇਵਕ ਵੰਸ਼ ਵਿਚ ਪੈਦਾ ਹੋਈ ਅਤੇ ਉਸ ਦਾ ਨਾਂਅ ਚੇਨਬਸਾਪਾ ਰਖਿਆ ਗਿਆ। ਪੁਜਾਰੀ ਮੇਰਾ ਦੋਸਤ ਸੀ ਅਤੇ ਅਕਸਰ ਮੇਰੇ ਕੋਲ ਆਉਂਦਾ ਜਾਂਦਾ, ਗੱਲਬਾਤ ਕਰਦਾ ਅਤੇ ਮੇਰੇ ਨਾਲ ਚਿਲਮ ਪੀਂਦਾ ਹੁੰਦਾ ਸੀ। ਉਸ ਦੀ ਧੀ ਗੌਰੀ ਵੀ ਮੇਰੀ ਭਗਤ ਸੀ। ਉਹ ਦਿਨੋਂ-ਦਿਨ ਸਿਆਣੀ ਹੋ ਰਹੀ ਸੀ, ਜਿਸ ਕਰ ਕੇ ਉਸ ਦਾ ਪਿਤਾ ਵੀ ਉਸ ਦੇ ਹੱਥ ਪੀਲੇ ਕਰਨ ਦੀ ਫ਼ਿਕਰ ਵਿਚ ਰਹਿੰਦਾ ਸੀ। ਮੈਂ ਉਸ ਨੂੰ ਕਿਹਾ ਕਿ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ, ਵਰ ਆਪ ਤੁਹਾਡੇ ਘਰ ਲੜਕੀ ਦੀ ਭਾਲ ਵਿਚ ਆ ਜਾਏਗਾ। ਕੁਝ ਦਿਨਾਂ ਦੇ ਬਾਅਦ ਹੀ ਉਸ ਦੀ ਜਾਤ ਦਾ ਵੀਰਭਦਰਪਾ ਨਾਂਅ ਦਾ ਇਕ ਜਵਾਨ ਭਿੱਖਿਆ ਮੰਗਦੇ-ਮੰਗਦੇ ਉਸ ਦੇ ਘਰ ਪਹੁੰਚਿਆ। ਮੇਰੀ ਸਲਾਹ ਨਾਲ ਗੌਰੀ ਦਾ ਵਿਆਹ ਉਸ ਦੇ ਨਾਲ ਹੋ ਗਿਆ। ਪਹਿਲੇ ਤਾਂ ਉਹ ਮੇਰਾ ਭਗਤ ਸੀ, ਲੇਕਿਨ ਹੁਣ ਉਹ ਅਕ੍ਰਿਤਘਣ ਬਣ ਗਿਆ। ਇਸ ਨਵੇਂ ਜਨਮ ਵਿਚ ਵੀ ਉਸ ਦੀ ਧਨ ਦੀ ਭੁੱਖ ਮਿਟੀ ਨਹੀਂ। ਉਸਨੇ ਮੈਨੂੰ ਕੰਮ ਧੰਦਾ ਦੱਸਣ ਲਈ ਕਿਹਾ, ਕਿਉਂਕਿ ਇਸ ਵੇਲੇ ਉਹ ਵਿਆਹੁਤਾ ਜੀਵਨ ਬਿਤਾ ਰਿਹਾ ਸੀ। ਉਦੋਂ ਇਕ ਅਜ਼ੀਬ ਘਟਨਾ ਹੋਈ। ਅਚਾਨਕ ਹੀ ਹਰੇਕ ਚੀਜ਼ ਦਾ ਭਾਅ ਵਧ ਗਿਆ। ਗੌਰੀ ਦੀ ਕਿਸਮਤ ਨਾਲ ਜ਼ਮੀਨ ਦੀ ਮੰਗ ਜ਼ਿਆਦਾ ਹੋਣ ਲਗੀ ਅਤੇ ਸਾਰੀ ਜ਼ਮੀਨ ਇਕ ਲੱਖ ਰੁਪਏ ਵਿਚ, ਗਹਿਣਿਆਂ ਦੇ ਮੁੱਲ ਤੋਂ 100 ਗੁਣਾਂ ਜ਼ਿਆਦਾ ਮੁੱਲ ਵਿਚ ਵਿਕ ਗਈ। ਇਹ ਫ਼ੈਸਲਾ ਹੋਇਆ ਕਿ 50 ਹਜ਼ਾਰ ਰੁਪਏ ਨਗਦ ਅਤੇ 2000 ਰੁਪਏ ਹਰ ਸਾਲ ਕਿਸ਼ਤਾਂ ਵਿਚ ਦਿੱਤੇ ਜਾਣਗੇ। ਸਾਰਿਆਂ ਨੂੰ ਇਹ ਲੈਣ-ਦੇਣ ਮਨਜ਼ੂਰ ਸੀ, ਪਰ ਧਨ ਵਿਚ ਹਿੱਸੇ ਕਰਕੇ ਉਨ੍ਹਾਂ ਦੀ ਆਪਸ ਵਿਚ ਬਹਿਸ ਹੋਣ ਲੱਗੀ। ਉਹ ਸਲਾਹ ਲੈਣ ਲਈ ਮੇਰੇ ਕੋਲ ਆਏ ਅਤੇ ਮੈਂ ਕਿਹਾ ਕਿ ਇਹ ਜ਼ਮੀਨ ਤਾਂ ਭਗਵਾਨ ਦੀ ਹੈ, ਜੋ ਪੁਜਾਰੀ ਨੂੰ ਸੌਂਪੀ ਗਈ ਸੀ। ਇਸ ਦੀ ਮਾਲਕਣ 'ਗੌਰੀ' ਹੀ ਹੈ, ਅਤੇ ਇਕ ਪੈਸਾ ਵੀ ਉਸ ਦੀ ਮਰਜ਼ੀ ਦੇ ਖ਼ਿਲਾਫ਼ ਖਰਚ ਕਰਨਾ ਠੀਕ ਨਹੀਂ ਅਤੇ ਉਸ ਦੇ ਪਤੀ ਦਾ ਇਸ 'ਤੇ ਕੋਈ ਹੱਕ ਨਹੀਂ ਹੈ। ਮੇਰਾ ਫ਼ੈਸਲਾ ਸੁਣ ਕੇ ਵੀਰਭਦਰਪਾ ਮੇਰੇ ਨਾਲ ਗੁੱਸੇ ਹੋ ਕੇ ਕਹਿਣ ਲੱਗਾ ਕਿ ਤੁਸੀਂ ਗੌਰੀ ਨੂੰ ਪੁਚਕਾਰ ਕੇ ਉਸ ਦਾ ਧਨ ਹੜਪਨਾ ਚਾਹੁੰਦੇ ਹੋ। ਇਹ ਸ਼ਬਦ ਸੁਣ ਕੇ ਮੈਂ ਭਗਵਤ ਨਾਮ ਲੈ ਕੇ ਚੁੱਪ ਹੋ ਗਿਆ। ਵੀਰਭਦਰਪਾ ਨੇ ਆਪਣੀ ਪਤਨੀ ਨੂੰ ਕੁਟਿਆ ਵੀ। ਗੌਰੀ ਨੇ ਦੁਪਹਿਰ ਵੇਲੇ ਆ ਕੇ ਮੈਨੂੰ ਕਿਹਾ ਕਿ ਤੁਸੀਂ ਉਨ੍ਹਾਂ ਲੋਕਾਂ ਦੇ ਕਹਿਣ ਦਾ ਬੁਰਾ ਨਾ ਮੰਨੋ। ਮੈਂ ਤਾਂ ਤੁਹਾਡੀ ਧੀ ਹਾਂ। ਮੇਰੇ 'ਤੇ ਕ੍ਰਿਪਾ ਦੀ ਨਜ਼ਰ ਰੱਖੋ। ਉਹ ਇਸ ਤਰ੍ਹਾਂ ਮੇਰੀ ਸ਼ਰਨ ਵਿਚ

ਆਈ ਤਾਂ ਮੈਂ ਉਸ ਨੂੰ ਵਚਨ ਦੇ ਦਿੱਤਾ ਕਿ ਮੈਂ ਸਤ ਸਮੁੰਦਰ ਪਾਰ ਵੀ ਤੇਰੀ ਰਖਿਆ ਕਰਾਂਗਾ। ਉਦੋਂ ਉਸ ਰਾਤ ਨੂੰ ਗੌਰੀ ਨੂੰ ਇਕ ਸੁਪਨਾ ਆਇਆ। ਮਹਾਂਦੇਵ ਨੇ ਆ ਕੇ ਕਿਹਾ ਕਿ ਇਹ ਸਾਰੀ ਜਾਇਦਾਦ ਤੇਰੀ ਹੀ ਹੈ ਅਤੇ ਇਸ ਵਿਚੋਂ ਕਿਸੇ ਨੂੰ ਕੁਝ ਨਾ ਦੇ। ਚੇਨਬਸਾਪਾ ਦੀ ਸਲਾਹ ਨਾਲ ਕੁਝ ਰਕਮ ਮੰਦਿਰ ਦੇ ਕੰਮ ਦੇ ਲਈ ਖਰਚ ਕਰੋ। ਜੇ ਹੋਰ ਕਿਸੇ ਵੀ ਕੰਮ ਵਿਚ ਤੇਰੀ ਖਰਚ ਕਰਨ ਦੀ ਮਰਜ਼ੀ ਹੋਵੇ ਤਾਂ ਮਸਜਿਦ ਵਿਚ ਜਾ ਕੇ ਬਾਬਾ ਦੀ (ਆਪ ਮੈਂ) ਸਲਾਹ ਨਾਲ ਕਰੋ। ਗੌਰੀ ਨੇ ਆਪਣਾ ਸੁਪਨਾ ਮੈਨੂੰ ਸੁਣਾਇਆ ਅਤੇ ਮੈਂ ਇਸ ਬਾਰੇ ਠੀਕ ਸਲਾਹ ਵੀ ਦਿੱਤੀ। ਮੈਂ ਉਸ ਨੂੰ ਕਿਹਾ ਕਿ ਮੂਲਧਨ ਤਾਂ ਤੂੰ ਆਪ ਰੱਖ ਲੈ ਅਤੇ ਵਿਆਜ਼ ਦੀ ਅੱਧੀ ਰਕਮ ਚੇਨਬਸਾਪਾ ਨੂੰ ਦੇ ਦੇ। ਵੀਰਭਦਰਪਾ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਜਦੋਂ ਮੈਂ ਇਹ ਗੱਲ ਕਰ ਹੀ ਰਿਹਾ ਸੀ, ਵੀਰਭਦਰਪਾ ਅਤੇ ਚੇਨਬਸਾਪਾ ਦੋਵੇਂ ਹੀ ਉਥੇ ਝਗੜਦੇ ਹੋਏ ਆਏ। ਮੈਂ ਦੋਵਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਗੌਰੀ ਨੂੰ ਆਇਆ ਮਹਾਂਦੇਵ ਦਾ ਸੁਪਨਾ ਵੀ ਸੁਣਾਇਆ। ਵੀਰਭਦਰਪਾ ਗੁੱਸੇ ਨਾਲ ਪਾਗਲ ਹੋ ਗਿਆ ਅਤੇ ਚੇਨਬਸਾਪਾ ਨੂੰ ਟੋਟੇ-ਟੋਟੇ ਕਰ ਕੇ ਮਾਰ ਦੇਣ ਦੀ ਧਮਕੀ ਦੇਣ ਲੱਗਾ। ਚੇਨਬਸਾਪਾ ਬੜਾ ਡਰਪੋਕ ਸੀ। ਉਹ ਮੇਰੇ ਪੈਰ ਫੜ ਕੇ ਰਖਿਆ ਦੀ ਬੇਨਤੀ ਕਰਨ ਲਗਾ। ਤਾਂ ਮੈਂ ਦੁਸ਼ਮਣ ਕੋਲੋਂ ਉਸ ਦਾ ਛੁਟਕਾਰਾ ਕਰਾ ਦਿੱਤਾ। ਕੁਝ ਵਕਤ ਬਾਅਦ ਦੋਵਾਂ ਦੀ ਮੌਤ ਹੋ ਗਈ। ਵੀਰਭਦਰਪਾ ਸੱਪ ਬਣਿਆ ਅਤੇ ਚੇਨਬਸਾਪਾ ਡੱਡੂ। ਚੇਨਬਸਾਪਾ ਦੀ ਆਵਾਜ਼ ਸੁਣ ਕੇ ਅਤੇ ਆਪਣੇ ਪਿੱਛਲੇ ਵਚਨ ਨੂੰ ਯਾਦ ਕਰ ਕੇ ਮੈਂ ਇਥੇ ਆਇਆ ਅਤੇ ਇਸ ਤਰ੍ਹਾਂ ਉਸ ਦੀ ਰਖਿਆ ਕਰ ਕੇ ਮੈਂ ਆਪਣਾ ਵਚਨ ਪੂਰਾ ਕੀਤਾ। ਮੁਸੀਬਤ ਦੇ ਵਕਤ ਭਗਵਾਨ ਦੌੜ ਕੇ ਆਪਣੇ ਭਗਤ ਦੇ ਕੋਲ ਜਾਂਦੇ ਹਨ।

।”

ਇਸ ਕਥਾ ਦੀ ਇਹੀ ਸਿੱਖਿਆ ਹੈ ਕਿ

। ਪਿੱਛਲਾ ਕਰਜ਼ਾ ਅਤੇ ਹੋਰ ਲੋਕਾਂ ਦੇ ਲੈਣ-ਦੇਣ ਦਾ ਵਿਹਾਰ ਜਦੋਂ ਤਕ ਪੂਰਾ ਨਹੀਂ ਹੁੰਦਾ, ਉਦੋਂ ਤਕ ਛੁਟਕਾਰਾ ਵੀ ਮੁਮਕਿਨ ਨਹੀਂ ਹੈ। ਧਨ ਦਾ ਲਾਲਚ ਮਨੁੱਖ ਦੀ ਅਧੋਗਤੀ ਕਰ ਦਿੰਦਾ ਹੈ ਅਤੇ ਅੰਤ ਵਿਚ ਇਸ ਨਾਲ ਉਹ ਬਰਬਾਦ ਹੋ ਜਾਂਦਾ ਹੈ।







# ॥ ਅਧਿਆਇ-48 ॥

## *ਸਤਿਗੁਰੂ ਦੀਆਂ ਨਿਸ਼ਾਨੀਆਂ—(1) ਸ੍ਰੀ ਸ਼ੇਵੜੇ ਅਤੇ (2) ਸ੍ਰੀ ਸਪਟਨੇਕਰ ਅਤੇ ਸ੍ਰੀਮਤੀ ਸਪਟਨੇਕਰ (3) ਔਲਾਦ ਦਾਨ*

ਅਧਿਆਇ ਸ਼ੁਰੂ ਕਰਨ ਤੋਂ ਪਹਿਲਾਂ ਕਿਸੇ ਨੇ ਹੇਮਾਂਡਪੰਤ ਨੂੰ ਸੁਆਲ ਕੀਤਾ ਕਿ ਸਾਈਂਬਾਬਾ ਗੁਰੂ ਸੀ ਜਾਂ ਸਤਿਗੁਰੂ ? ਇਸ ਦੇ ਜਵਾਬ ਵਿਚ ਹੇਮਾਂਡਪੰਤ ਸਤਿਗੁਰੂ ਦੀਆਂ ਨਿਸ਼ਾਨੀਆਂ ਦਾ ਹੇਠ ਲਿਖਿਆ ਵਰਨਣ ਕਰਦੇ ਹਨ।

ਜਿਹੜਾ ਵੇਦ ਅਤੇ ਵੇਦਾਂਤ ਅਤੇ ਛੇ ਸ਼ਾਸਤਰਾਂ ਦੀ ਸਿਖਿਆ ਦੇ ਕੇ ਬ੍ਰਹਮਾ ਬਾਰੇ ਸੁੰਦਰ ਭਾਸ਼ਨ ਦੇਣ ਵਿਚ ਨਿਪੁੰਨ ਹੋਏ ਅਤੇ ਜਿਹੜਾ ਆਪਣੇ ਸਵਾਸਾਂ ਨੂੰ ਕਾਬੂ ਕਰਕੇ ਆਸਾਨੀ ਨਾਲ ਆਸਨ ਲਗਾ ਕੇ ਆਪਣੇ ਚੇਲਿਆਂ ਨੂੰ ਮੰਤਰਾਂ ਦਾ ਉਪਦੇਸ਼ ਦੇਵੇ, ਮਿੱਥੇ ਵਕਤ ਵਿਚ ਕੁਝ ਗਿਣਤੀ ਵਿਚ ਜਾਪ ਕਰਨ ਦਾ ਆਦੇਸ਼ ਦੇਵੇ, ਅਤੇ ਆਪਣੀਆਂ ਗੱਲਾਂ ਦੀ ਚਤੁਰਾਈ ਨਾਲ ਹੀ ਉਨ੍ਹਾਂ ਨੂੰ ਜੀਵਨ ਦੇ ਆਖਰੀ ਮੰਤਵ ਦੇ ਦਰਸ਼ਨ ਕਰਾਉਂਦਾ ਹੋਵੇ ਅਤੇ ਜਿਸ ਨੂੰ ਆਪ ਪ੍ਰਭੂ-ਦਰਸ਼ਨ ਨਾ ਹੋਇਆ ਹੋਵੇ ਉਹ ਸਤਿਗੁਰੂ ਨਹੀਂ। ਬਲਕਿ ਜਿਹੜਾ ਆਪਣੇ ਆਚਰਣ ਨਾਲ ਲੌਕਿਕ ਅਤੇ ਪਰਲੋਕਿਕ ਸੁੱਖਾਂ ਤੋਂ ਉਦਾਸੀਨਤਾ ਦੀ ਭਾਵਨਾ ਦਾ ਨਿਰਮਾਣ ਕਰਕੇ ਸਾਨੂੰ ਆਤਮਾਨੁਭੂਤੀ ਦਾ ਸੁਆਦ ਦਿਖਾ ਦੇਵੇ ਅਤੇ ਜਿਹੜਾ ਆਪਣੇ ਚੇਲਿਆਂ ਨੂੰ ਸੱਚਮੁਚ ਕਰਕੇ ਦਿਖਾਏ ਅਤੇ ਪ੍ਰਤੱਖ ਗਿਆਨ (ਆਤਮਾਨੁਭੂਤੀ) ਕਰਾ ਦੇਵੇ, ਉਸਨੂੰ ਹੀ ਸਤਿਗੁਰੂ ਕਹਿੰਦੇ ਹਨ। ਜਿਹੜਾ ਆਪ ਹੀ ਆਤਮਸ਼ਾਕਸ਼ਾਤਕਾਰ ਤੋਂ ਵਾਂਝਾ ਹੈ, ਉਹ ਭਲਾ ਆਪਣੇ ਪੈਰੋਕਾਰਾਂ ਨੂੰ ਕਿਸ ਤਰ੍ਹਾਂ ਅਨੁਭੂਤੀ ਕਰਾ ਸਕਦਾ ਹੈ ? ਸਤਿਗੁਰੂ ਸੁਪਨੇ ਵਿਚ ਵੀ ਆਪਣੇ ਚੇਲੇ ਕੋਲੋਂ ਕੋਈ ਲਾਭ ਜਾਂ ਸੇਵਾ ਦੀ ਲਾਲਸਾ ਨਹੀਂ ਕਰਦੇ, ਬਲਕਿ ਆਪ ਉਨ੍ਹਾਂ ਦੀ ਸੇਵਾ ਕਰਨ ਲਈ ਹੀ ਤਿਆਰ ਰਹਿੰਦੇ ਹਨ। ਉਨ੍ਹਾਂ ਨੂੰ ਇਹ ਕਦੀ ਵੀ ਮਹਿਸੂਸ ਨਹੀਂ ਹੁੰਦਾ ਕਿ ਮੈਂ ਕੋਈ ਮਹਾਨ ਹਾਂ ਅਤੇ ਮੇਰਾ ਚੇਲਾ ਮੇਰੇ ਨਾਲੋਂ ਤੁੱਛ ਹੈ, ਪਰ ਉਸ ਨੂੰ ਆਪਣੇ ਹੀ ਵਰਗਾ (ਬ੍ਰਹਮਾਸਰੂਪ) ਸਮਝਦੇ ਹਨ। ਸਤਿਗੁਰੂ ਦੀ ਮੁਖ ਵਿਸ਼ੇਸ਼ਤਾ ਇਹੀ ਹੈ ਕਿ ਉਨ੍ਹਾਂ ਦੇ ਦਿਲ ਵਿਚ ਹਮੇਸ਼ਾਂ ਪਰਮ ਸ਼ਾਂਤੀ ਮੌਜੂਦ ਰਹਿੰਦੀ ਹੈ। ਉਹ ਕਦੀ ਡੋਲਦੇ ਜਾਂ ਬੇਚੈਨ ਨਹੀਂ ਹੁੰਦੇ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਗਿਆਨ ਦਾ ਹੀ ਜ਼ਰਾ ਵੀ ਮਾਨ ਹੁੰਦਾ ਹੈ। ਉਨ੍ਹਾਂ ਦੇ ਲਈ ਰਾਜਾ ਰੰਕ ਸਵਰਗ ਨਰਕ ਸਾਰੇ ਇਕ ਬਰਾਬਰ ਹਨ।

ਹੇਮਾਂਡਪੰਤ ਕਹਿੰਦੇ ਹਨ ਕਿ ਮੈਨੂੰ ਪਿੱਛਲੇ ਜਨਮਾਂ ਦੇ ਸ਼ੁਭ ਸੰਸਕਾਰਾਂ ਦੇ ਫਲਸਰੂਪ ਸ੍ਰੀ ਸਾਈਂਬਾਬਾ ਵਰਗੇ ਸਤਿਗੁਰੂ ਦੇ ਚਰਣਾਂ ਦੀ ਪ੍ਰਾਪਤੀ ਅਤੇ ਉਨ੍ਹਾਂ ਦੇ ਕ੍ਰਿਪਾ ਪਾਤਰ ਬਣਨ ਦੇ ਚੰਗੇ ਭਾਗ ਪ੍ਰਾਪਤ ਹੋਏ। ਉਹ ਆਪਣੀ ਜਵਾਨੀ ਵਿਚ ਚਿਲਮ ਤੋਂ ਇਲਾਵਾ ਕੁਝ ਇਕੱਠਾ ਨਹੀਂ ਕਰਦੇ ਸੀ ਨਾ ਉਨ੍ਹਾਂ ਦੇ ਬਾਲ-ਬਚੇ

ਅਤੇ ਦੋਸਤ ਸੀ, ਨਾ ਘਰ ਬਾਰ ਸੀ ਅਤੇ ਨਾ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਆਸਰਾ ਸੀ। 18 ਸਾਲ ਦੀ ਉਮਰ ਤੋਂ ਹੀ ਉਨ੍ਹਾਂ ਦਾ ਮਨ 'ਤੇ ਕਾਬੂ ਵਿਲੱਖਣ ਸੀ। ਉਹ ਨਿਡਰ ਹੋ ਕੇ ਉਜਾੜ ਥਾਵਾਂ ਵਿਚ ਫਿਰਦੇ ਸੀ ਅਤੇ ਸਦਾ ਆਤਮਲੀਨ ਰਹਿੰਦੇ ਸੀ। ਉਨ੍ਹਾਂ ਦਾ ਕਥਨ ਸੀ ਕਿ । ਜਦੋਂ ਉਹ ਸਰੀਰ ਵਿਚ ਸੀ, ਉਸ ਵੇਲੇ ਭਗਤਾਂ ਨੇ ਜੋ ਅਨੁਭਵ ਕੀਤੇ, ਉਨ੍ਹਾਂ ਦੇ ਸਮਾਧੀ 'ਚ ਲੀਨ ਹੋਣ ਦੇ ਬਾਅਦ ਅੱਜ ਵੀ ਜਿਹੜੇ ਉਨ੍ਹਾਂ ਦੇ ਸ਼ਰਨਾਗਤ ਹੋ ਚੁੱਕੇ ਹਨ, ਉਨ੍ਹਾਂ ਨੂੰ ਉਸੇ ਤਰ੍ਹਾਂ ਦੇ ਅਨੁਭਵ ਹੁੰਦੇ ਹਨ। ਭਗਤਾਂ ਨੂੰ ਤਾਂ ਸਿਰਫ਼ ਏਨਾ ਹੀ ਕਾਫੀ ਹੈ ਕਿ ਜੇ ਉਹ ਆਪਣੇ ਦਿਲ ਨੂੰ ਭਗਤੀ ਅਤੇ ਵਿਸ਼ਵਾਸ ਦਾ ਦੀਵਾ ਬਣਾ ਕੇ ਉਸ ਵਿਚ ਪ੍ਰੇਮ ਦੀ ਜੋਤ ਜਗਾਉਣ ਗਏ ਤਾਂ ਗਿਆਨ ਦੀ ਜੋਤ ਆਪ ਹੀ ਜਗ ਜਾਏਗੀ।

, ਪ੍ਰੇਮ ਦੀ ਘਾਟ ਵਿਚ ਸੰਤੋਖ ਨਹੀਂ ਹੁੰਦਾ। ਇਸ ਲਈ ਸਾਡਾ ਪ੍ਰੇਮ ਬੇਹੱਦ ਅਤੇ ਅਟੁੱਟ ਹੋਣਾ ਚਾਹੀਦਾ। ਪ੍ਰੇਮ ਦੀ ਕੀਰਤੀ ਦਾ ਗੁਣਗਾਣ ਕੌਣ ਕਰ ਸਕਦਾ ਹੈ, ਜਿਸ ਦੀ ਤੁਲਨਾ ਵਿਚ ਸਾਰੀਆਂ ਚੀਜ਼ਾਂ ਤੁੱਛ ਲਗਦੀਆਂ ਹਨ! ਪ੍ਰੇਮ ਤੋਂ ਬਿਨਾਂ ਪਾਠ ਆਦਿ ਦਾ ਫਲ ਨਹੀਂ ਹੈ। ਪ੍ਰੇਮ ਦਾ ਅੰਕੁਰ ਪੈਦਾ ਹੁੰਦੇ ਹੀ ਭਗਤੀ, ਵੈਰਾਗ, ਸ਼ਾਂਤੀ ਅਤੇ ਕਲਿਆਣ ਰੂਪੀ ਫਲ ਆਰਾਮ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ। ਜਦੋਂ ਤਕ ਕਿਸੇ ਚੀਜ਼ ਦੇ ਲਈ ਪ੍ਰੇਮ ਪੈਦਾ ਨਹੀਂ ਹੁੰਦਾ, ਉਦੋਂ ਤਕ ਉਸ ਨੂੰ ਪ੍ਰਾਪਤ ਕਰਨ ਦੀ ਭਾਵਨਾ ਹੀ ਪੈਦਾ ਨਹੀਂ ਹੁੰਦੀ। ਇਸ ਲਈ

। ਜੇ ਕੋਈ ਆਦਮੀ ਪਾਪੀ ਭਾਵ ਨਾਲ ਵੀ ਕਿਸੇ ਸੱਚੇ ਸੰਤ ਦੇ ਚਰਣ ਫੜ ਲਏ ਤਾਂ ਵੀ ਇਹ ਯਕੀਨੀ ਹੈ ਕਿ ਉਹ ਜ਼ਰੂਰ ਤਰ ਜਾਏਗਾ। ਇਸ ਤਰ੍ਹਾਂ ਦੀ ਹੀ ਕਥਾ ਹੇਠਾਂ ਦਸੀ ਗਈ ਹੈ।

"ਅਕਲਕੋਟ (ਸ਼ੋਲਾਪੁਰ ਜ਼ਿਲ੍ਹਾ) ਦੇ ਸ਼੍ਰੀ ਸਪਟਨੇਕਰ ਵਕਾਲਤ ਦਾ ਅਧਿਅਨ ਕਰ ਰਹੇ ਸੀ। ਇਕ ਦਿਨ ਉਨ੍ਹਾਂ ਦੀ ਆਪਣੇ ਸਹਿਪਾਠੀ ਸ੍ਰੀ ਸ਼ੇਵੜੇ ਨਾਲ ਮੁਲਾਕਾਤ ਹੋਈ। ਹੋਰ ਵੀ ਵਿਦਿਆਰਥੀ ਉਥੇ ਇਕੱਠੇ ਹੋਏ ਅਤੇ ਸਾਰਿਆਂ ਨੇ ਆਪਣੀ ਆਪਣੀ ਪੜ੍ਹਾਈ ਬਾਰੇ ਯੋਗਤਾ ਦੀ ਆਪਸ ਵਿਚ ਸਮੀਖਿਆ ਕੀਤੀ। ਸੁਆਲਾਂ ਜਵਾਬਾਂ ਤੋਂ ਪਤਾ ਲਗਾ ਕਿ ਸਾਰਿਆਂ ਤੋਂ ਘਟ ਅਧਿਅਨ ਸ੍ਰੀ ਸ਼ੇਵੜੇ ਦਾ ਹੈ ਅਤੇ ਉਹ ਪ੍ਰੀਖਿਆ ਵਿਚ ਬੈਠਣ ਦੇ ਕਾਬਿਲ ਨਹੀਂ ਹਨ। ਜਦੋਂ ਸਾਰਿਆਂ ਦੋਸਤਾਂ ਨੇ ਰਲਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਤਾਂ ਸ਼ੇਵੜੇ ਨੇ ਕਿਹਾ ਕਿ, "ਭਾਵੇਂ ਮੇਰਾ ਅਧਿਅਨ ਅਧੂਰਾ ਹੈ ਤਾਂ ਵੀ ਮੈਂ ਪ੍ਰੀਖਿਆ ਵਿਚ ਜ਼ਰੂਰ ਪਾਸ ਹੋ ਜਾਵਾਂਗਾ। ਮੇਰੇ ਸਾਈਂਬਾਬਾ ਹੀ ਸਾਰਿਆਂ ਨੂੰ ਕਾਮਯਾਬੀ ਦੇਣ ਵਾਲੇ ਹਨ।" ਸ੍ਰੀ ਸਪਟਨੇਕਰ ਨੂੰ ਇਹ ਸੁਣ ਕੇ ਹੈਰਾਨੀ ਹੋਈ ਅਤੇ ਉਨ੍ਹਾਂ ਨੇ ਸ੍ਰੀ ਸ਼ੇਵੜੇ ਨੂੰ ਪੁਛਿਆ ਕਿ, ਇਹ ਸਾਈਂਬਾਬਾ ਕੌਣ ਹਨ, ਜਿਨ੍ਹਾਂ ਦਾ ਤੁਸੀਂ ਏਨਾ ਗੁਣਗਾਣ ਕਰ ਰਹੇ ਹੋ ? ਉਨ੍ਹਾਂ ਨੇ ਜਵਾਬ ਦਿੱਤਾ ਕਿ, ਉਹ ਇਕ ਫਕੀਰ ਹਨ, ਜਿਹੜੇ ਸ਼ਿਰਡੀ (ਅਹਿਮਦਨਗਰ) ਦੀ

ਇਕ ਮਸਜਿਦ ਵਿਚ ਰਹਿੰਦੇ ਹਨ। ਉਹ ਮਹਾਨ ਸੱਚੇ ਪੁਰਖ ਹਨ। ਇਸ ਤਰ੍ਹਾਂ ਦੇ ਹੋਰ ਸੰਤ ਵੀ ਹੋ ਸਕਦੇ ਹਨ, ਪਰ ਉਹ ਉਨ੍ਹਾਂ ਨਾਲੋਂ ਨਿਰਾਲੇ ਹਨ।

। ਮੇਰੀ ਤਾਂ ਉਨ੍ਹਾਂ 'ਤੇ ਪੂਰੀ ਸ਼ਰਧਾ ਹੈ। ਉਨ੍ਹਾਂ ਦੇ ਸ੍ਰੀਮੁੱਖ ਤੋਂ ਨਿਕਲੇ ਵਚਨ ਕਦੀ ਝੂਠ ਨਹੀਂ ਹੁੰਦੇ। ਉਨ੍ਹਾਂ ਨੇ ਮੈਨੂੰ ਭਰੋਸਾ ਦਿਵਾਇਆ ਹੈ ਕਿ ਮੈਂ ਅਗਲੇ ਸਾਲ ਪ੍ਰੀਖਿਆ ਵਿਚ ਜ਼ਰੂਰ ਪਾਸ ਹੋ ਜਾਵਾਂਗਾ। ਮੇਰਾ ਵੀ ਅਟਲ ਵਿਸ਼ਵਾਸ ਹੈ। ਮੈਂ ਉਨ੍ਹਾਂ ਦੀ ਕ੍ਰਿਪਾ ਨਾਲ ਪ੍ਰੀਖਿਆ ਵਿਚ ਜ਼ਰੂਰ ਹੀ ਸਫਲ ਹੋਵਾਂਗਾ। ਸ੍ਰੀ ਸਪਟਨੇਕਰ ਨੂੰ ਆਪਣੇ ਦੋਸਤ ਦੇ ਇਵੇਂ ਦੇ ਵਿਸ਼ਵਾਸ 'ਤੇ ਹਾਸਾ ਆ ਗਿਆ ਨਾਲ ਹੀ ਸ੍ਰੀ ਸਾਈਂਬਾਬਾ ਦਾ ਵੀ ਉਨ੍ਹਾਂ ਨੇ ਮਜ਼ਾਕ ਉਡਾਇਆ। ਭਵਿੱਖ ਵਿਚ ਜਦੋਂ ਸ਼ੇਵੜੇ ਦੋਵਾਂ ਪ੍ਰੀਖਿਆਵਾਂ ਵਿਚ ਪਾਸ ਹੋ ਗਏ ਤਾਂ ਸਪਟਨੇਕਰ ਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ।

ਸ੍ਰੀ ਸਪਟਨੇਕਰ ਪ੍ਰੀਖਿਆ ਵਿਚ ਪਾਸ ਹੋਣ ਤੋਂ ਬਾਅਦ ਅਕਲਕੋਟ ਵਿਚ ਰਹਿਣ ਲਗੇ ਅਤੇ ਉਥੇ ਹੀ ਉਨ੍ਹਾਂ ਨੇ ਆਪਣੀ ਵਕਾਲਤ ਸ਼ੁਰੂ ਕਰ ਦਿੱਤੀ। ਦੱਸ ਸਾਲਾਂ ਬਾਅਦ ਸੰਨ 1913 ਵਿਚ ਉਨ੍ਹਾਂ ਦੇ ਇਕਲੌਤੇ ਪੁੱਤਰ ਦੀ ਗਲੇ ਦੀ ਬਿਮਾਰੀ ਨਾਲ ਮੌਤ ਹੋ ਗਈ, ਜਿਸ ਨਾਲ ਉਨ੍ਹਾਂ ਦਾ ਦਿਲ ਬੇਚੈਨ ਹੋ ਗਿਆ। ਮਾਨਸਿਕ ਸ਼ਾਂਤੀ ਪ੍ਰਾਪਤ ਕਰਨ ਲਈ ਉਨ੍ਹਾਂ ਨੇ ਪੰਡਰਪੁਰ, ਗਾਣਗਾਪੁਰ ਅਤੇ ਹੋਰ ਤੀਰਥਾਂ ਦੀ ਯਾਤਰਾ ਕੀਤੀ ਪਰ ਉਨ੍ਹਾਂ ਦੀ ਬੇਚੈਨੀ ਪਹਿਲੇ ਵਾਂਗ ਹੀ ਰਹੀ। ਉਨ੍ਹਾਂ ਨੇ ਵੇਦਾਂਤ ਦਾ ਸਰਵਣ ਕੀਤਾ, ਪਰ ਉਹ ਫ਼ਜ਼ੂਲ ਹੀ ਸਿੱਧ ਹੋਇਆ। ਅਚਾਨਕ ਉਨ੍ਹਾਂ ਨੂੰ ਸ਼ੇਵੜੇ ਦੇ ਵਚਨਾਂ ਅਤੇ ਸ੍ਰੀ ਸਾਈਂਬਾਬਾ ਦੇ ਵਾਸਤੇ ਉਨ੍ਹਾਂ ਦੇ ਵਿਸ਼ਵਾਸ ਦੀ ਯਾਦ ਆ ਗਈ ਅਤੇ ਉਨ੍ਹਾਂ ਨੇ ਵਿਚਾਰ ਕੀਤਾ ਕਿ ਮੈਨੂੰ ਵੀ ਸ਼ਿਰਡੀ ਜਾ ਕੇ ਦਰਸ਼ਨ ਕਰਨੇ ਚਾਹੀਦੇ ਹਨ। ਉਹ ਆਪਣੇ ਛੋਟੇ ਭਰਾ ਪੰਡਿਤਰਾਵ ਦੇ ਨਾਲ ਸ਼ਿਰਡੀ ਆਏ। ਬਾਬਾ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਬੜੀ ਖੁਸ਼ੀ ਹੋਈ। ਜਦੋਂ ਉਨ੍ਹਾਂ ਨੇ ਨੇੜੇ ਜਾ ਕੇ ਨਮਸਕਾਰ ਕਰਕੇ ਸ਼ੁਧ ਭਾਵਨਾ ਨਾਲ ਸ੍ਰੀਫਲ ਭੇਟ ਕੀਤਾ ਤਾਂ ਬਾਬਾ ਉਸੇ ਵੇਲੇ ਗੁੱਸੇ ਹੋ ਗਏ। ਅਤੇ ਬੋਲੇ ਕਿ, "ਇਥੋਂ ਨਿਕਲ ਜਾਉ।" ਸਪਟਨੇਕਰ ਦਾ ਸਿਰ ਝੁਕ ਗਿਆ ਅਤੇ ਉਹ ਕੁਝ ਪਿਛੇ ਹੋ ਕੇ ਬੈਠ ਗਏ। ਉਹ ਇਹ ਜਾਣਨਾ ਚਾਹੁੰਦੇ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਸਾਹਮਣੇ ਹਾਜ਼ਰ ਹੋਣਾ ਚਾਹੀਦਾ ਹੈ। ਕਿਸੇ ਨੇ ਉਨ੍ਹਾਂ ਨੂੰ ਬਾਲਾ ਸ਼ਿੰਪੀ ਦਾ ਨਾਂਅ ਸੁਝਾਇਆ। ਸਪਟਨੇਕਰ ਉਨ੍ਹਾ ਦੇ ਕੋਲ ਗਏ ਅਤੇ ਉਨ੍ਹਾਂ ਨੂੰ ਮਦਦ ਕਰਨ ਲਈ ਬੇਨਤੀ ਕਰਨ ਲਗੇ। ਤਾਂ ਉਹ ਦੋਵੇਂ ਬਾਬਾ ਦੀ ਇਕ ਤਸਵੀਰ ਮੁਲ ਲੈ ਕੇ ਮਸਜਿਦ ਵਿਚ ਆਏ। ਬਾਲਾ ਸ਼ਿੰਪੀ ਨੇ ਆਪਣੇ ਹੱਥ 'ਚ ਤਸਵੀਰ ਲੈ ਕੇ ਬਾਬਾ ਦੇ ਹੱਥ ਵਿਚ ਫੜਾ ਦਿੱਤੀ ਅਤੇ ਪੁਛਿਆ ਕਿ ਇਹ ਕਿਸ ਦੀ ਤਸਵੀਰ ਹੈ? ਬਾਬਾ ਨੇ ਸਪਟਨੇਕਰ ਵੱਲ ਇਸ਼ਾਰਾ ਕਰਕੇ ਕਿਹਾ ਕਿ, "ਇਹ ਤਾਂ ਮੇਰੇ ਯਾਰ ਦੀ ਹੈ।" ਇਹ ਕਹਿ ਕੇ ਉਹ ਹੱਸਣ ਲਗੇ ਅਤੇ ਨਾਲ ਹੀ ਸਾਰੀ ਭਗਤ ਮੰਡਲੀ ਵੀ ਹੱਸਣ ਲਗੀ। ਬਾਲਾ ਸ਼ਿੰਪੀ ਦੇ ਇਸ਼ਾਰੇ 'ਤੇ ਜਦੋਂ ਸਪਟਨੇਕਰ ਉਨ੍ਹਾਂ ਨੂੰ ਪ੍ਰਨਾਮ ਕਰਨ ਲਗੇ ਤਾਂ ਉਹ ਫੇਰ ਚੀਕ ਪਏ ਕਿ "ਬਾਹਰ ਨਿਕਲੋ।" ਸਪਟਨੇਕਰ ਦੀ ਸਮਝ ਵਿਚ ਨਹੀਂ ਸੀ ਆਉਂਦਾ ਕਿ ਉਹ ਕੀ ਕਰਨ।



ਉਦੋਂ ਉਹ ਦੋਵੇਂ ਹੱਥ ਜੋੜ ਕੇ ਪ੍ਰਾਰਥਨਾ ਕਰਦੇ ਹੋਏ ਬਾਬਾ ਦੇ ਸਾਹਮਣੇ ਬੈਠ ਗਏ, ਪਰ ਬਾਬਾ ਨੇ ਉਨ੍ਹਾਂ ਨੂੰ ਤੁਰੰਤ ਹੀ ਬਾਹਰ ਨਿਕਲਣ ਦੀ ਆਗਿਆ ਦਿੱਤੀ। ਉਹ ਦੋਵੇਂ ਬਹੁਤ ਹੀ ਨਾਉਮੀਦ ਹੋਏ। ਬਾਬਾ ਦੀ ਆਗਿਆ ਕੌਣ ਟਾਲ ਸਕਦਾ ਸੀ ? ਆਖੀਰ ਸਪਟਨੇਕਰ ਦੁਖੀ ਦਿਲ ਨਾਲ ਸ਼ਿਰਡੀ ਤੋਂ ਵਾਪਸ ਚਲੇ ਗਏ। ਉਨ੍ਹਾਂ ਨੇ ਮਨ ਹੀ ਮਨ ਪ੍ਰਾਰਥਨਾ ਕੀਤੀ ਕਿ, "ਹੇ ਸਾਈਂ ! ਮੈਂ ਤੁਹਾਡੇ ਕੋਲੋਂ ਦਯਾ ਦੀ ਭਿਖਿਆ ਮੰਗਦਾ ਹਾਂ। ਘਟੋ ਘਟ ਏਨਾ ਹੀ ਭਰੋਸਾ ਦੇ ਦਿਉ ਕਿ ਮੈਨੂੰ ਭਵਿੱਖ ਵਿਚ ਕਦੀ ਨਾ ਕਦੀ ਤੁਹਾਡੇ ਸ੍ਰੀਦਰਸ਼ਨਾਂ ਦੀ ਆਗਿਆ ਮਿਲੇਗੀ।"

ਇਕ ਸਾਲ ਲੰਘ ਗਿਆ, ਫੇਰ ਵੀ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਨਹੀਂ ਆਈ। ਉਹ ਗਾਣਗਾਪੁਰ ਗਏ, ਜਿਥੇ ਉਨ੍ਹਾਂ ਦੇ ਮਨ ਵਿਚ ਬੇਚੈਨੀ ਹੋਰ ਜ਼ਿਆਦਾ ਵੱਧ ਗਈ। ਉਹ ਮਾਡੇਗਾਂਵ ਆਰਾਮ ਦੇ ਲਈ ਪਹੁੰਚੇ ਅਤੇ ਉਥੋਂ ਹੀ ਕਾਂਸ਼ੀ ਜਾਣ ਦਾ ਫੈਸਲਾ ਕੀਤਾ। ਰਵਾਨਾ ਹੋਣ ਤੋਂ ਦੋ ਦਿਨ ਪਹਿਲਾਂ ਉਨ੍ਹਾਂ ਦੀ ਪਤਨੀ ਨੂੰ ਸੁਪਨਾ ਆਇਆ ਕਿ ਉਹ ਸੁਪਨੇ ਵਿਚ ਇਕ ਗਾਗਰ ਲੈ ਕੇ ਲਕੜਸ਼ਾਹ ਦੇ ਖ਼ੂਹ 'ਤੇ ਪਾਣੀ ਭਰਨ ਜਾ ਰਹੀ ਹੈ। ਉਥੇ ਨਿੰਮ ਦੇ ਹੇਠਾਂ ਇਕ ਫਕੀਰ ਬੈਠਾ ਹੈ। ਸਿਰ 'ਤੇ ਇਕ ਕਪੜਾ ਬੰਨ੍ਹਿਆ ਹੋਇਆ ਹੈ। ਫ਼ਕੀਰ ਉਹਦੇ ਕੋਲ ਆ ਕੇ ਕਹਿਣ ਲਗਾ ਕਿ, "ਮੇਰੀ ਪਿਆਰੀ ਬੱਚੀ ! ਤੂੰ ਕਿਉਂ ਫਜ਼ੂਲ ਤਕਲੀਫ ਕਰ ਰਹੀ ਹੈ ? ਮੈਂ ਤੇਰੀ ਗਾਗਰ ਨਿਰਮਲ ਪਾਣੀ ਨਾਲ ਭਰ ਦਿੰਦਾ ਹਾਂ।" ਤਾਂ ਫਕੀਰ ਦੇ ਡਰ ਨਾਲ ਉਹ ਖਾਲੀ ਗਾਗਰ ਲੈ ਕੇ ਹੀ ਵਾਪਸ ਮੁੜੀ। ਫਕੀਰ ਵੀ ਉਸ ਦੇ ਪਿਛੇ-ਪਿਛੇ ਆਇਆ। ਏਨੇ ਵਿਚ ਹੀ ਘਬਰਾਹਟ ਨਾਲ ਉਸ ਦੀ ਨੀਂਦ ਖੁਲ੍ਹ ਗਈ ਅਤੇ ਉਸਨੇ ਅੱਖਾਂ ਖੋਲ੍ਹ ਲਈਆਂ ਇਹ ਸੁਪਨਾ ਉਸਨੇ ਆਪਣੇ ਪਤੀ ਨੂੰ ਸੁਣਾਇਆ। ਉਨ੍ਹਾਂ ਨੇ ਇਸ ਨੂੰ ਸ਼ੁਭ ਸ਼ਗਨ ਸਮਝਿਆ ਅਤੇ ਉਹ ਦੋਵੇਂ ਸ਼ਿਰਡੀ ਨੂੰ ਰਵਾਨਾ ਹੋ ਗਏ। ਜਦੋਂ ਉਹ ਮਸਜਿਦ ਪਹੁੰਚੇ ਤਾਂ ਬਾਬਾ ਉਥੇ ਨਹੀਂ ਸੀ। ਉਹ ਲੇਂਡੀ ਬਾਗ ਗਏ ਹੋਏ ਸੀ। ਉਨ੍ਹਾਂ ਦੀ ਵਾਪਸੀ ਦੀ ਉਡੀਕ ਵਿਚ ਉਹ ਉਥੇ ਹੀ ਬੈਠੇ ਰਹੇ। ਜਦੋਂ ਬਾਬਾ ਵਾਪਸ ਆਏ ਤਾਂ ਉਨ੍ਹਾਂ ਨੂੰ ਦੇਖਕੇ ਉਨ੍ਹਾਂ ਦੀ ਪਤਨੀ ਨੂੰ ਬੜੀ ਹੈਰਾਨੀ ਹੋਈ, ਕਿਉਂਕਿ ਸੁਪਨੇ ਵਿਚ ਜਿਸ ਫਕੀਰ ਦੇ ਉਸਨੇ ਦਰਸ਼ਨ ਕੀਤੇ ਸੀ, ਉਨ੍ਹਾਂ ਦੀ ਸ਼ਕਲ ਬਾਬਾ ਨਾਲ ਬਿਲਕੁਲ ਮਿਲਦੀ-ਜੁਲਦੀ ਸੀ। ਉਸ ਨੇ ਬਹੁਤ ਆਦਰ ਨਾਲ ਬਾਬਾ ਨੂੰ ਪ੍ਰਨਾਮ ਕੀਤਾ ਅਤੇ ਉਥੇ ਬੈਠੇ-ਬੈਠੇ ਉਨ੍ਹਾਂ ਵੱਲ ਦੇਖਣ ਲਗੀ। ਉਸ ਦਾ ਨਿਮਰ ਸੁਭਾਵ ਦੇਖਕੇ ਬਾਬਾ ਬਹੁਤ ਪ੍ਰਸੰਨ ਹੋ ਗਏ। ਆਪਣੀ ਰੀਤ ਦੇ ਅਨੁਸਾਰ ਉਹ ਇਕ ਤੀਜੇ ਆਦਮੀ ਨੂੰ ਆਪਣੇ ਅਨੋਖੇ ਢੰਗ ਨਾਲ ਇਕ ਕਹਾਣੀ ਸੁਣਾਉਣ ਲਗੇ—"ਮੇਰੇ ਹੱਥ, ਪੇਟ, ਸਰੀਰ ਅਤੇ ਲਕ ਵਿਚ ਬਹੁਤ ਦਿਨਾਂ ਤੋ ਦਰਦ ਹੁੰਦਾ ਸੀ। ਮੈਂ ਅਨੇਕ ਇਲਾਜ ਕੀਤੇ, ਪਰ ਮੈਨੂੰ ਕੋਈ ਲਾਭ ਨਾ ਹੋਇਆ। ਮੈਂ ਦਵਾਈਆਂ ਤੋਂ ਤੰਗ ਆ ਗਿਆ, ਕਿਉਂਕਿ ਮੈਨੂੰ ਉਨ੍ਹਾਂ ਨਾਲ ਕੋਈ ਲਾਭ ਨਹੀਂ ਹੋ ਰਿਹਾ ਸੀ, ਪਰ ਹੁਣ ਮੈਨੂੰ ਬੜੀ ਹੈਰਾਨੀ ਹੋ ਰਹੀ ਹੈ ਕਿ ਮੇਰੀਆਂ ਸਾਰੀਆਂ ਤਕਲੀਫਾਂ ਇਕ ਦਮ ਹੀ ਠੀਕ ਹੋ ਗਈਆਂ ਹਨ।" ਭਾਵੇਂ ਕਿਸੇ ਦਾ ਨਾਂਅ ਨਹੀਂ ਲਿਆ ਗਿਆ ਸੀ, ਪਰ ਇਹ ਚਰਚਾ ਸ੍ਰੀਮਤੀ ਸਪਟਨੇਕਰ

ਦੀ ਆਪਣੀ ਸੀ। ਉਨ੍ਹਾਂ ਦੀ ਤਕਲੀਫ ਜਿਵੇਂ ਬਾਬਾ ਨੇ ਹੁਣੇ ਕਿਹਾ, ਬਿਲਕੁਲ ਮਿਟ ਗਈ ਉਹ ਬਹੁਤ ਖੁਸ਼ ਹੋ ਗਈ।

ਉਦੋਂ ਸ੍ਰੀ ਸਪਟਨੇਕਰ ਦਰਸ਼ਨਾ ਲਈ ਅੱਗੇ ਵੱਧੇ, ਪਰ ਉਨ੍ਹਾਂ ਦਾ ਪਹਿਲੇ ਵਾਲੇ ਵਚਨਾਂ ਨਾਲ ਹੀ ਸਵਾਗਤ ਹੋਇਆ ਕਿ, "ਬਾਹਰ ਨਿਕਲ ਜਾਉ।" ਇਸ ਵਾਰੀ ਉਹ ਬਹੁਤ ਧੀਰਜ ਅਤੇ ਹਲੀਮੀ ਧਾਰਨ ਕਰਕੇ ਆਏ ਸੀ। ਉਨ੍ਹਾਂ ਨੇ ਸੋਚਿਆ ਕਿ ਪਿੱਛਲੇ ਕਰਮਾਂ ਦੇ ਕਾਰਨ ਹੀ ਬਾਬਾ ਮੇਰੇ ਨਾਲ ਨਰਾਜ਼ ਹਨ ਅਤੇ ਉਨ੍ਹਾਂ ਨੇ ਆਪਣਾ ਚਾਲਚਲਣ ਸੁਧਾਰਨ ਅਤੇ ਬਾਬਾ ਨਾਲ ਇਕਾਂਤ ਵਿਚ ਮੁਲਾਕਾਤ ਕਰਕੇ ਆਪਣੇ ਪਿੱਛਲੇ ਕਰਮਾਂ ਦੀ ਮਾਫ਼ੀ ਮੰਗਣ ਦਾ ਇਰਾਦਾ ਕੀਤਾ। ਉਨ੍ਹਾਂ ਨੇ ਉਵੇਂ ਹੀ ਕੀਤਾ ਅਤੇ ਹੁਣ ਜਦੋਂ ਉਨ੍ਹਾਂ ਨੇ ਆਪਣਾ ਸਿਰ ਬਾਬਾ ਦੇ ਸ੍ਰੀਚਰਣਾਂ 'ਤੇ ਰੱਖਿਆ ਤਾਂ ਬਾਬਾ ਨੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ। ਹਾਲੇ ਸਪਟਨੇਕਰ ਉਨ੍ਹਾਂ ਦੇ ਚਰਣ ਘੁਟਦੇ ਹੋਏ ਬੈਠੇ ਹੀ ਸੀ ਕਿ ਏਨੇ ਵਿਚ ਇਕ ਗੰਡੇਰਣ ਆਈ ਅਤੇ ਬਾਬਾ ਦਾ ਲਕ ਘੁਟਨ ਲਗੀ। ਤਾਂ ਉਹ ਹਮੇਸ਼ਾਂ ਦੀ ਤਰ੍ਹਾਂ ਇਕ ਬਾਨੀਏ ਦੀ ਕਹਾਣੀ ਸੁਣਾਉਣ ਲਗੇ। ਜਦੋਂ ਉਨ੍ਹਾਂ ਨੇ ਉਸ ਦੇ ਜੀਵਨ ਦੀਆਂ ਅਨੇਕ ਤਬਦੀਲੀਆਂ ਅਤੇ ਉਸ ਦੇ ਇਕਲੌਤੇ ਪੁਤਰ ਦੀ ਮੌਤ ਦਾ ਹਾਲ ਸੁਣਾਇਆ ਤਾਂ ਸਪਟਨੇਕਰ ਨੂੰ ਬਹੁਤ ਹੈਰਾਨੀ ਹੋਈ ਕਿ ਜਿਹੜੀ ਕਥਾ ਉਹ ਸੁਣਾ ਰਹੇ ਹਨ, ਉਹ ਤਾਂ ਮੇਰੀ ਹੀ ਹੈ। ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ ਕਿ ਉਨ੍ਹਾਂ ਨੂੰ ਮੇਰੇ ਜੀਵਨ ਦੀ ਹਰੇਕ ਗੱਲ ਦਾ ਪਤਾ ਕਿਵੇਂ ਲੱਗ ਗਿਆ? ਹੁਣ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਬਾਬਾ ਅੰਤਰਯਾਮੀ ਹਨ ਅਤੇ ਸਾਰਿਆਂ ਦੇ ਦਿਲ ਦਾ ਪੂਰਾ-ਪੂਰਾ ਭੇਦ ਜਾਣਦੇ ਹਨ। ਇਹ ਖ਼ਿਆਲ ਉਨ੍ਹਾਂ ਦੇ ਦਿਲ ਵਿਚ ਆਇਆ ਹੀ ਸੀ ਕਿ ਗੰਡੇਰਣ ਨਾਲ ਗੱਲਬਾਤ ਕਰਦੇ ਹੋਏ ਬਾਬਾ ਸਪਟਨੇਕਰ ਵਲ ਇਸ਼ਾਰਾ ਕਰ ਕੇ ਕਹਿਣ ਲਗੇ ਕਿ, "ਇਹ ਭਲਾ ਆਦਮੀ ਮੇਰੇ 'ਤੇ ਤੋਹਮਤ ਲਾਉਂਦਾ ਹੈ ਕਿ ਮੈਂ ਹੀ ਇਸ ਦੇ ਪੁੱਤਰ ਨੂੰ ਮਾਰਿਆ ਹੈ। ਕੀ ਮੈਂ ਲੋਕਾਂ ਦੇ ਬੱਚਿਆਂ ਦੇ ਪ੍ਰਾਣ ਲੈਂਦਾ ਹਾਂ? ਫੇਰ ਇਹ ਸੱਜਣ ਮਸਜਿਦ ਵਿਚ ਆ ਕੇ ਹੁਣ ਕਿਉਂ ਚੀਕ ਕੇ ਰੋਲਾ ਪਾਉਂਦੇ ਹਨ? ਹੁਣ ਮੈਂ ਇਕ ਕੰਮ ਕਰਾਂਗਾ। ਹੁਣ ਮੈਂ ਉਸੇ ਬਚੇ ਨੂੰ ਫੇਰ ਇਨ੍ਹਾਂ ਦੀ ਪਤਨੀ ਦੇ ਗਰਭ ਵਿਚ ਲਿਆ ਦੇਵਾਂਗਾ।" ਏਦਾਂ ਕਹਿ ਕੇ ਬਾਬਾ ਨੇ ਆਪਣਾ ਮਿਹਰ ਭਰਿਆ ਹੱਥ ਸਪਟਨੇਕਰ ਦੇ ਸਿਰ 'ਤੇ ਰੱਖਿਆ ਅਤੇ ਉਸ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ,

ਸਪਟਨੇਕਰ ਦਾ ਦਿਲ ਗਦ ਗਦ ਹੋ ਗਿਆ। ਤਾਂ ਅਥਰੂਆਂ ਨਾਲ ਉਨ੍ਹਾਂ ਦੇ ਚਰਣ ਧੋ ਕੇ ਉਹ ਆਪਣੇ ਨਿਵਾਸ 'ਤੇ ਵਾਪਸ ਆਏ ਅਤੇ ਫੇਰ ਪੂਜਾ ਦੀ ਤਿਆਰੀ ਕਰਕੇ ਨੈਵੇਦ ਆਦਿ ਲੈ ਕੇ ਉਹ ਪਤਨੀ ਨਾਲ ਮਸਜਿਦ ਵਿਚ ਆਏ। ਉਹ ਇਸੇ ਤਰ੍ਹਾਂ ਰੋਜ਼ ਨੈਵੇਦ ਚੜ੍ਹਾਉਂਦੇ ਅਤੇ ਬਾਬਾ ਕੋਲੋਂ ਪ੍ਰਸ਼ਾਦ ਲੈਂਦੇ ਰਹੇ। ਮਸਜਿਦ ਵਿਚ ਬੇਹੱਦ ਭੀੜ ਹੁੰਦੇ ਹੋਏ ਵੀ ਉਹ ਉਥੇ ਜਾਕੇ ਬਾਬਾ ਨੂੰ ਬਾਰ ਬਾਰ ਨਮਸਕਾਰ ਕਰਦੇ ਸੀ। ਇਕ ਦੂਜੇ ਨਾਲ ਸਿਰ ਟਕਰਾਉਂਦੇ ਦੇਖ ਕੇ ਬਾਬਾ



ਨੇ ਉਨ੍ਹਾਂ ਨੂੰ ਕਿਹਾ ਕਿ,
ਉਸੇ ਰਾਤ ਨੂੰ ਉਨ੍ਹਾਂ ਨੂੰ ਚਾਵੜੀ ਦਾ ਉਸਤਵ ਦੇਖਣ ਦਾ ਵੀ ਮੌਕਾ ਮਿਲਿਆ ਅਤੇ ਉਨ੍ਹਾਂ ਨੂੰ ਬਾਬਾ ਨੇ ਪਾਂਡੁਰੰਗ ਦੇ ਰੂਪ ਵਿਚ ਦਰਸ਼ਨ ਦਿੱਤੇ।

ਜਦੋਂ ਉਹ ਦੂਜੇ ਦਿਨ ਬਾਬਾ ਕੋਲੋਂ ਰਵਾਨਾ ਹੋਣ ਲਗੇ ਤਾਂ ਉਨ੍ਹਾਂ ਨੇ ਵਿਚਾਰ ਕੀਤਾ ਕਿ ਪਹਿਲੇ ਦਕਸ਼ਿਣਾ ਵਿਚ ਬਾਬਾ ਨੂੰ ਇਕ ਰੁਪਇਆ ਦੇਵਾਂਗਾ। ਜੇ ਉਨ੍ਹਾਂ ਨੇ ਹੋਰ ਮੰਗੇ ਤਾਂ ਮਨ੍ਹਾ ਕਰਨ ਦੇ ਬਜਾਏ ਇਕ ਰੁਪਇਆ ਹੋਰ ਭੇਟ ਵਿਚ ਚੜ੍ਹਾ ਦੇਵਾਂਗਾ। ਫੇਰ ਵੀ ਯਾਤਰਾ ਦੇ ਲਈ ਬਾਕੀ ਪੈਸੇ ਕਾਫੀ ਹੋਣਗੇ। ਜਦੋਂ ਉਨ੍ਹਾਂ ਨੇ ਮਸਜਿਦ ਜਾ ਕੇ ਬਾਬਾ ਨੂੰ ਇਕ ਰੁਪਇਆ ਦਕਸ਼ਿਣਾ ਦਿੱਤੀ ਤਾਂ ਬਾਬਾ ਨੇ ਵੀ ਉਨ੍ਹਾਂ ਦੀ ਇੱਛਾ ਜਾਣ ਕੇ ਇਕ ਰੁਪਇਆ ਉਨ੍ਹਾਂ ਕੋਲੋਂ ਹੋਰ ਮੰਗਿਆ। ਜਦੋ ਸਮਟਨੇਕਰ ਨੇ ਉਹ ਖ਼ੁਸ਼ੀ ਨਾਲ ਦੇ ਦਿੱਤਾ ਤਾਂ ਬਾਬਾ ਨੇ ਵੀ ਉਨ੍ਹਾਂ ਨੂੰ ਆਸ਼ੀਰਵਾਦ ਦੇ ਕੇ ਕਿਹਾ ਕਿ, "ਇਹ ਸ੍ਰੀਫਲ ਲੈ ਜਾਉ ਅਤੇ ਇਸ ਨੂੰ ਆਪਣੀ ਪਤਨੀ ਦੀ ਗੋਦ ਵਿਚ ਰੱਖ ਕੇ ਬੇਫਿਕਰ ਹੋ ਕੇ ਘਰ ਜਾਉ।" ਉਨ੍ਹਾਂ ਨੇ ਉਵੇਂ ਹੀ ਕੀਤਾ ਅਤੇ ਇਕ ਸਾਲ ਬਾਅਦ ਹੀ ਉਨ੍ਹਾਂ ਨੂੰ ਇਕ ਪੁੱਤਰ ਪ੍ਰਾਪਤ ਹੋਇਆ। ਅੱਠ ਮਹੀਨੇ ਦਾ ਬੱਚਾ ਲੈ ਕੇ ਉਹ ਪਤੀ-ਪਤਨੀ ਫੇਰ ਸ਼ਿਰਡੀ ਨੂੰ ਆਏ ਅਤੇ ਬਾਬਾ ਦੇ ਚਰਣਾਂ ਵਿਚ ਬੱਚੇ ਨੂੰ ਰੱਖ ਕੇ ਫੇਰ ਇਸ ਤਰ੍ਹਾਂ ਪ੍ਰਾਰਥਨਾ ਕਰਨ ਲਗੇ ਕਿ, 'ਹੇ ਸ੍ਰੀ ਸਾਈਂਨਾਥ! ਤੁਹਾਡਾ ਕਰਜ਼ਾ ਅਸੀਂ ਕਿਸ ਤਰ੍ਹਾਂ ਦੇ ਸਕਾਂਗੇ? ਤੁਹਾਡੇ ਸ੍ਰੀਚਰਣਾਂ ਵਿਚ ਸਾਡਾ ਬਾਰ-ਬਾਰ ਪ੍ਰਨਾਮ ਹੈ। ਸਾਡੇ ਗਰੀਬਾਂ 'ਤੇ ਤੁਸੀਂ ਹਮੇਸ਼ਾਂ ਕ੍ਰਿਪਾ ਕਰਦੇ ਰਹਿਣਾ, ਕਿਉਂਕਿ ਸਾਡੇ ਦਿਲ ਵਿਚ ਸੌਂਦੇ-ਜਾਗਦੇ ਹਰ ਵੇਲੇ ਨਾ ਜਾਣੇ ਕੀ-ਕੀ ਚੰਗੇ-ਮਾੜੇ ਖਿਆਲ ਆਉਂਦੇ ਹਨ। ਤੁਹਾਡੇ ਭਜਨ ਵਿਚ ਹੀ ਸਾਡਾ ਦਿਲ ਲੀਨ ਹੋ ਜਾਏ, ਏਦਾਂ ਆਸ਼ੀਰਵਾਦ ਦਿਉ।"

ਉਸ ਪੁੱਤਰ ਦਾ ਨਾਂਅ 'ਮੁਰਲੀਧਰ' ਰਖਿਆ ਗਿਆ। ਬਾਅਦ ਵਿਚ ਉਨ੍ਹਾਂ ਦੇ ਦੋ ਪੁੱਤਰ (ਭਾਸਕਰ ਅਤੇ ਦਿਨਕਰ) ਹੋਰ ਪੈਦਾ ਹੋਏ। ਇਸ ਤਰ੍ਹਾਂ ਸਪਟਨੇਕਰ ਪਤੀ ਪਤਨੀ ਨੂੰ ਅਨੁਭਵ ਹੋ ਗਿਆ ਕਿ ਬਾਬਾ ਦੇ ਵਚਨ ਕਦੀ ਝੂਠੇ ਅਤੇ ਅਧੂਰੇ ਨਹੀਂ ਹੁੰਦੇ।



# ॥ ਅਧਿਆਇ-49 ॥

***ਪ੍ਰੀਖਿਆ : 1) ਹਰੀ ਕਾਨੋਬਾ, 2) ਸੋਮਦੇਵ ਸਵਾਮੀ, 3) ਨਾਨਾਸਾਹਿਬ ਚਾਂਦੋਰਕਰ ਦੀਆਂ ਕਥਾਵਾਂ।***

ਜਦੋਂ ਵੇਦ ਅਤੇ ਪੁਰਾਣ ਹੀ ਬ੍ਰਹਮਾ ਜਾਂ ਸਤਿਗੁਰੂ ਦਾ ਵਰਨਣ ਚੰਗੀ ਤਰ੍ਹਾਂ ਕਰਨ ਯੋਗ ਨਹੀਂ ਹਨ, ਤਾਂ ਮੈਂ ਇਕ ਨਾਸਮਝ ਪ੍ਰਾਣੀ ਆਪਣੇ ਸਤਿਗੁਰੂ ਸ੍ਰੀ ਸਾਈਂਬਾਬਾ ਦਾ ਵਰਨਣ ਕਿਵੇਂ ਕਰ ਸਕਦਾ ਹਾਂ ? ਮੇਰਾ ਆਪਣਾ ਤਾਂ ਇਹ ਮਤ ਹੈ ਕਿ ਇਸ ਮਾਮਲੇ ਵਿਚ ਚੁੱਪ ਰਹਿਣਾ ਹੀ ਅਤਿ ਉਤਮ ਹੈ। ਸੱਚ ਪੁੱਛੋ ਤਾਂ ਚੁੱਪ ਰਹਿਣਾ ਹੀ ਸਤਿਗੁਰੂ ਦੇ ਨਿਰਮਲ, ਸ਼ੁਧ, ਸੁੰਦਰ ਰੂਪ ਦਾ ਉਤਮ ਤਰ੍ਹਾਂ ਨਾਲ ਵਰਨਣ ਕਰਨਾ ਹੈ। ਪਰ ਉਨ੍ਹਾਂ ਵਿਚ ਜਿਹੜੇ ਉਤਮ ਗੁਣ ਹਨ, ਉਹ ਸਾਨੂੰ ਚੁੱਪ ਕਿਥੇ ਰਹਿਣ ਦਿੰਦੇ ਹਨ ? ਜੇ ਸੁਆਦ ਭੋਜਨ ਬਣੇ ਅਤੇ ਦੋਸਤ ਅਤੇ ਰਿਸ਼ਤੇਦਾਰ ਆਦਿ ਇਕੱਠੇ ਬੈਠ ਕੇ ਨਾ ਖਾਣ ਤਾਂ ਉਹ ਫਿਕਾ ਜਿਹਾ ਲਗਦਾ ਹੈ ਅਤੇ ਜਦੋਂ ਉਹੀ ਭੋਜਨ ਸਾਰੇ ਇਕੱਠੇ ਬੈਠ ਕੇ ਖਾਂਧੇ ਹਨ, ਤਾਂ ਉਸ ਵਿਚ ਇਕ ਖ਼ਾਸ ਤਰ੍ਹਾਂ ਦਾ ਸੁਆਦ ਆ ਜਾਂਦਾ ਹੈ। ਉਦਾਂ ਦੀ ਹੀ ਹਾਲਤ ਸਾਈਂਲੀਲ੍ਹਾ ਅੰਮ੍ਰਿਤ ਦੇ ਬਾਰੇ ਵਿਚ ਵੀ ਹੈ। ਇਸਦਾ ਇਕਾਂਤ ਵਿਚ ਰਸ ਕਦੀ ਨਹੀਂ ਆ ਸਕਦਾ। ਜੇ ਦੋਸਤ ਅਤੇ ਪਰਿਵਾਰ ਵਾਲੇ ਸਾਰੇ ਮਿਲ ਕੇ ਇਸ ਦਾ ਰਸ ਲੈਣ ਤਾਂ ਹੋਰ ਜ਼ਿਆਦਾ ਆਨੰਦ ਆ ਜਾਂਦਾ ਹੈ। ਸ੍ਰੀ ਸਾਈਂ ਬਾਬਾ ਆਪ ਹੀ ਦਿਲ 'ਚ ਪ੍ਰੇਰਨਾ ਦੇ ਕੇ ਆਪਣੀ ਮਰਜ਼ੀ ਨਾਲ ਹੀ ਏਨਾ ਕਥਾਵਾਂ ਨੂੰ ਮੇਰੇ ਕੋਲੋਂ ਵਰਨਣ ਕਰਾ ਰਹੇ ਹਨ। ਇਸ ਲਈ ਸਾਡਾ ਤਾਂ ਸਿਰਫ਼ ਏਨਾ ਹੀ ਫ਼ਰਜ਼ ਹੈ ਕਿ ਇਕਾਗਰ ਭਾਵ ਨਾਲ ਉਨ੍ਹਾਂ ਦੇ ਸ਼ਰਨਾਗਤ ਹੋ ਕੇ ਉਨ੍ਹਾਂ ਦਾ ਹੀ ਧਿਆਨ ਕਰੀਏ। ਤਪ-ਸਾਧਨਾ, ਤੀਰਥ-ਯਾਤਰਾ, ਵਰਤ, ਯੱਗ ਅਤੇ ਦਾਨ ਨਾਲੋਂ ਹਰੀ ਭਗਤੀ ਸ੍ਰੇਸ਼ਟ ਹੈ ਅਤੇ ਸਤਿਗੁਰੂ ਦਾ ਧਿਆਨ ਇਨ੍ਹਾਂ ਸਾਰਿਆਂ ਨਾਲੋਂ ਜ਼ਿਆਦਾ ਸ੍ਰੇਸ਼ਟ ਹੈ। ਇਸ ਲਈ ਹਮੇਸ਼ਾਂ ਮੁਖ ਤੋਂ, ਸਾਈਂਨਾਥ ਦਾ ਸਿਮਰਨ ਕਰਕੇ ਉਨ੍ਹਾਂ ਦੇ ਉਪਦੇਸ਼ਾਂ ਦਾ ਅਤੇ ਸਰੂਪ ਦਾ ਧਿਆਨ ਕਰਕੇ ਦਿਲ ਵਿਚ ਉਨ੍ਹਾਂ ਦੇ ਲਈ ਸੱਚ ਅਤੇ ਪ੍ਰੇਮ ਦੇ ਭਾਵ ਨਾਲ ਸਾਰੀਆਂ ਕੋਸ਼ਿਸ਼ਾਂ ਉਨ੍ਹਾਂ ਦੇ ਹੀ ਵਾਸਤੇ ਕਰਨੀਆਂ ਚਾਹੀਦੀਆਂ ਹਨ। ਭਾਵ ਬੰਧਨ ਤੋਂ ਮੁਕਤ ਹੋਣ ਦਾ ਇਸ ਨਾਲੋਂ ਉਤਮ ਸਾਧਨ ਕੋਈ ਨਹੀਂ। ਜੇ ਅਸੀਂ ਠੀਕ ਤਰੀਕੇ ਨਾਲ ਕਰਮ ਕਰਦੇ ਰਹੀਏ ਤਾਂ ਸਾਈਂ ਨੂੰ ਮਜ਼ਬੂਰ ਹੋ ਕੇ ਸਾਡੀ ਮਦਦ ਕਰਕੇ ਸਾਨੂੰ ਮੁਕਤੀ ਪ੍ਰਦਾਨ ਕਰਨੀ ਹੀ ਪਏਗੀ। ਹੁਣ ਇਸ ਅਧਿਆਇ ਦੀ ਕਥਾ ਸਰਵਣ ਕਰੋ।

ਬੰਬਈ ਦੇ ਹਰੀ ਕਾਨੋਬਾ ਨਾਂਅ ਦੇ ਇਕ ਸੱਜਣ ਨੇ ਆਪਣੇ ਕਈ ਦੋਸਤਾਂ ਅਤੇ ਰਿਸ਼ਤੇਦਾਰਾਂ ਕੋਲੋਂ ਸਾਈਂਬਾਬਾ ਦੀਆਂ ਅਨੇਕ ਲੀਲ੍ਹਾਵਾਂ ਸੁਣੀਆਂ ਸੀ, ਪਰ ਉਨ੍ਹਾਂ ਨੂੰ ਵਿਸ਼ਵਾਸ ਹੀ ਨਹੀਂ ਹੁੰਦਾ ਸੀ, ਕਿਉਂਕਿ ਉਹ ਸ਼ੱਕੀ ਸੁਭਾਅ ਦੇ ਆਦਮੀ ਸੀ। ਬੇਯਕੀਨੀ ਉਨ੍ਹਾਂ ਦੇ ਦਿਲ ਵਿਚ ਘਰ ਕਰ ਗਈ ਸੀ। ਉਹ ਆਪ ਬਾਬਾ



ਦੀ ਪ੍ਰੀਖਿਆ ਲੈਣ ਦਾ ਫ਼ੈਸਲਾ ਕਰਕੇ ਆਪਣੇ ਕੁਝ ਦੋਸਤਾਂ ਨਾਲ ਬੰਬਈ ਤੋਂ ਸ਼ਿਰਡੀ ਆਏ। ਉਨ੍ਹਾਂ ਨੇ ਸਿਰ 'ਤੇ ਇਕ ਜ਼ਰੀ ਦੀ ਪੱਗ ਅਤੇ ਪੈਰਾਂ ਵਿਚ ਨਵੇਂ ਸੈਂਡਲ ਪਾਏ ਹੋਏ ਸੀ। ਉਨ੍ਹਾਂ ਨੇ ਬਾਬਾ ਨੂੰ ਦੂਰੋਂ ਹੀ ਦੇਖ ਕੇ ਉਨ੍ਹਾਂ ਦੇ ਕੋਲ ਜਾ ਕੇ ਉਨ੍ਹਾਂ ਨੂੰ ਪ੍ਰਨਾਮ ਤਾਂ ਕਰਨਾ ਚਾਹਿਆ, ਪਰ ਉਨ੍ਹਾਂ ਦੇ ਨਵੇਂ ਸੈਂਡਲ ਇਸ ਕੰਮ ਵਿਚ ਰੋੜਾ ਬਣ ਗਏ। ਉਨ੍ਹਾਂ ਦੀ ਸਮਝ ਵਿਚ ਨਹੀਂ ਆਇਆ ਕਿ ਹੁਣ ਕੀ ਕੀਤਾ ਜਾਏ। ਤਾਂ ਉਨ੍ਹਾਂ ਨੇ ਆਪਣੇ ਸੈਂਡਲ ਮੰਡਪ ਦੀ ਇਕ ਨੁੱਕਰ ਵਿਚ ਰਖੇ ਅਤੇ ਮਸਜਿਦ ਵਿਚ ਜਾ ਕੇ ਬਾਬਾ ਦੇ ਦਰਸ਼ਨ ਕੀਤੇ। ਉਨ੍ਹਾਂ ਦਾ ਧਿਆਨ ਸੈਂਡਲਾਂ 'ਤੇ ਹੀ ਲੱਗਾ ਰਿਹਾ। ਉਨ੍ਹਾਂ ਨੇ ਬੜੀ ਨਿਮਰਤਾ ਨਾਲ ਬਾਬਾ ਨੂੰ ਪ੍ਰਨਾਮ ਕੀਤਾ ਅਤੇ ਉਨ੍ਹਾਂ ਕੋਲੋਂ ਪ੍ਰਸ਼ਾਦ ਅਤੇ ਉਦੀ ਲੈ ਕੇ ਵਾਪਸ ਆਏ। ਪਰ ਜਦੋਂ ਉਨ੍ਹਾਂ ਨੇ ਨੁੱਕਰ ਵਿਚ ਨਜ਼ਰ ਮਾਰੀ ਤਾਂ ਦੇਖਿਆ ਕਿ ਸੈਂਡਲ ਤਾਂ ਗਾਇਬ ਹੋ ਗਏ ਹਨ। ਕਾਫ਼ੀ ਜਾਂਚ-ਪੜਤਾਲ ਵੀ ਫ਼ਜ਼ੂਲ ਹੀ ਹੋਈ ਅਤੇ ਆਖ਼ੀਰ ਵਿਚ ਨਾਉਮੀਦ ਹੋ ਕੇ ਉਹ ਆਪਣੀ ਥਾਂ 'ਤੇ ਵਾਪਸ ਆ ਗਏ।

ਇਸ਼ਨਾਨ, ਪੂਜਾ ਅਤੇ ਨੈਵੇਦ ਆਦਿ ਅਰਪਣ ਕਰਕੇ ਉਹ ਭੋਜਨ ਕਰਨ ਤਾਂ ਬੈਠੇ, ਪਰ ਉਹ ਪੂਰਾ ਵਕਤ ਉਨ੍ਹਾਂ ਸੈਂਡਲਾਂ ਦੇ ਧਿਆਨ ਵਿਚ ਹੀ ਲਗੇ ਰਹੇ। ਭੋਜਨ ਕਰਕੇ ਮੂੰਹ ਹੱਥ ਧੋ ਕੇ ਜਦੋਂ ਉਹ ਬਾਹਰ ਆਏ ਤਾਂ ਉਨ੍ਹਾਂ ਨੇ ਇਕ ਮਰਾਠਾ ਬੱਚੇ ਨੂੰ ਆਪਣੇ ਵੱਲ ਆਉਂਦੇ ਦੇਖਿਆ, ਜਿਸਦੇ ਹੱਥ ਵਿਚ ਡੰਡੇ ਦੇ ਉੱਤੇ ਇਕ ਨਵੇਂ ਸੈਂਡਲਾਂ ਦਾ ਜੋੜਾ ਟੰਗਿਆ ਹੋਇਆ ਸੀ। ਉਸ ਬੱਚੇ ਨੇ ਹੱਥ ਧੋਣ ਲਈ ਬਾਹਰ ਆਉਣ ਵਾਲੇ ਲੋਕਾਂ ਨੂੰ ਕਿਹਾ ਕਿ ਬਾਬਾ ਨੇ ਮੈਨੂੰ ਇਹ ਡੰਡਾ ਹੱਥ ਵਿਚ ਫੜ ਕੇ ਰਸਤਿਆਂ ਵਿਚ ਘੁੰਮ-ਘੁੰਮ ਕੇ 'ਹਰੀ ਕਾ ਬੇਟਾ ਜ਼ਰੀ ਕਾ ਫੇਂਟਾ' ਦੀ ਆਵਾਜ਼ ਮਾਰਨ ਲਈ ਕਿਹਾ ਹੈ ਅਤੇ ਜਿਹੜਾ ਆਖੇ ਕਿ ਸੈਂਡਲ ਮੇਰੇ ਹਨ, ਉਸ ਕੋਲੋਂ ਪਹਿਲੇ ਪੁੱਛਣਾ ਕਿ ਕੀ ਉਸਦਾ ਨਾਂਅ ਹਰੀ ਅਤੇ ਉਸਦੇ ਪਿਤਾ 'ਕ' (ਭਾਵ ਕਾਨੋਬਾ) ਨਾਲ ਹੈ? ਨਾਲ ਹੀ ਇਹ ਵੀ ਦੇਖਣਾ ਕਿ ਉਸ ਨੇ ਜ਼ਰੀਦਾਰ ਸਾਫਾ ਬੰਨ੍ਹਿਆ ਹੋਇਆ ਹੈ ਜਾਂ ਨਹੀਂ, ਤਾਂ ਸੈਂਡਲ ਉਸ ਨੂੰ ਦੇ ਦੇਣਾ। ਬੱਚੇ ਦਾ ਕਥਨ ਸੁਣ ਕੇ ਹਰੀ ਕਾਨੋਬਾ ਨੂੰ ਬੇਹੱਦ ਖੁਸ਼ੀ ਅਤੇ ਹੈਰਾਨੀ ਹੋਈ। ਉਨ੍ਹਾਂ ਨੇ ਅੱਗੇ ਆ ਕੇ ਬੱਚੇ ਨੂੰ ਕਿਹਾ, "ਇਹ ਮੇਰੇ ਸੈਂਡਲ ਹਨ, ਮੇਰਾ ਹੀ ਨਾਂਅ ਹਰੀ ਅਤੇ ਮੈਂ ਹੀ 'ਕ' (ਕਾਨੋਬਾ) ਦਾ ਪੁੱਤਰ ਹਾਂ। ਇਹ ਮੇਰਾ ਜ਼ਰੀ ਦਾ ਸਾਫਾ ਦੇਖੋ।" ਬੱਚੇ ਦੀ ਤਸੱਲੀ ਹੋ ਗਈ ਅਤੇ ਸੈਂਡਲ ਉਨ੍ਹਾਂ ਨੂੰ ਦੇ ਦਿੱਤੇ। ਉਨ੍ਹਾਂ ਨੇ ਸੋਚਿਆ ਕਿ ਮੇਰੀ ਜ਼ਰੀਦਾਰ ਪੱਗ ਤਾਂ ਸਾਰਿਆਂ ਨੂੰ ਦਿਖ ਰਹੀ ਸੀ। ਹੋ ਸਕਦਾ ਹੈ ਕਿ ਬਾਬਾ ਦੀ ਨਜ਼ਰ ਵਿਚ ਆ ਗਈ ਹੋਵੇ। ਪਰ ਇਹ ਮੇਰੀ ਸ਼ਿਰਡੀ-ਯਾਤਰਾ ਦਾ ਪਹਿਲਾ ਮੌਕਾ ਹੈ, ਫੇਰ ਬਾਬਾ ਨੂੰ ਇਹ ਕਿਵੇਂ ਪਤਾ ਲਗ ਗਿਆ ਕਿ ਮੇਰਾ ਹੀ ਨਾਂਅ ਹਰੀ ਅਤੇ ਮੇਰੇ ਪਿਤਾ ਦਾ ਨਾਂਅ ਕਾਨੋਬਾ? ਉਹ ਤਾਂ ਸਿਰਫ਼ ਬਾਬਾ ਦੀ ਪ੍ਰੀਖਿਆ ਲਈ ਹੀ ਉਥੇ ਆਇਆ ਸੀ। ਉਸ ਨੂੰ ਇਸ ਘਟਨਾ ਤੋਂ ਬਾਬਾ ਦੀ ਮਹਾਨਤਾ ਪਤਾ ਲਗ ਗਈ। ਉਸ ਦੀ ਇੱਛਾ ਪੂਰੀ ਹੋ ਗਈ ਅਤੇ ਉਹ ਖੁਸ਼ੀ-ਖੁਸ਼ੀ ਘਰ ਵਾਪਸ ਚਲਾ ਗਿਆ।

ਹੁਣ ਇਕ ਦੂਜੇ ਸ਼ੱਕੀ ਆਦਮੀ ਦੀ ਕਥਾ ਸੁਣੋ, ਜਿਹੜਾ ਬਾਬਾ ਦੀ ਪ੍ਰੀਖਿਆ ਲੈਣ ਆਇਆ ਸੀ।

ਕਾਕਾਸਾਹਿਬ ਦਿਕਸ਼ਿਤ ਦੇ ਭਰਾ ਸ੍ਰੀ ਭਾਈਜੀ ਨਾਗਪੁਰ ਰਹਿੰਦੇ ਸੀ। ਜਦੋਂ ਉਹ ਸੰਨ 1906 ਵਿਚ ਹਿਮਾਲੀਆ ਗਏ ਸੀ, ਤਾਂ ਉਨ੍ਹਾਂ ਦੀ ਗੰਗੋਤਰੀ ਘਾਟੀ ਥੱਲੇ ਹਰਿਦੁਆਰ ਦੇ ਨੇੜੇ ਉਤਰਕਾਸ਼ੀ ਵਿਚ ਇਕ ਸੋਮਦੇਵ ਨਾਲ ਜਾਣ-ਪਛਾਣ ਹੋ ਗਈ। ਦੋਵਾਂ ਨੇ ਇਕ ਦੂਜੇ ਦੇ ਪਤੇ ਲਿਖ ਲਏ। ਪੰਜ ਸਾਲ ਬਾਅਦ ਸੋਮਦੇਵ ਸਵਾਮੀ ਨਾਗਪੁਰ ਆਏ ਅਤੇ ਭਾਈਜੀ ਦੇ ਕੋਲ ਠਹਿਰੇ। ਉਥੇ ਸ੍ਰੀ ਸਾਈਂਬਾਬਾ ਦੀ ਕੀਰਤੀ ਸੁਣ ਕੇ ਉਨ੍ਹਾਂ ਨੂੰ ਬੜੀ ਖੁਸ਼ੀ ਹੋਈ ਅਤੇ ਸ਼ਿਰਡੀ ਜਾ ਕੇ ਬਾਬਾ ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਹੋਈ। ਮਨਮਾਡ ਅਤੇ ਕੋਪਰਗਾਂਵ ਲੰਘ ਜਾਣ 'ਤੇ ਉਹ ਇਕ ਟਾਂਗੇ ਵਿਚ ਬੈਠ ਕੇ ਸ਼ਿਰਡੀ ਲਈ ਚਲ ਪਏ। ਸ਼ਿਰਡੀ ਦੇ ਨੇੜੇ ਪਹੁੰਚ ਕੇ ਉਨ੍ਹਾਂ ਨੇ ਦੂਰੋਂ ਹੀ ਮਸਜਿਦ 'ਤੇ ਦੋ ਝੰਡੇ ਝੂਲਦੇ ਦੇਖੇ। ਆਮ ਤੌਰ 'ਤੇ ਦੇਖਣ ਵਿਚ ਆਉਂਦਾ ਹੈ ਕਿ ਵੱਖ-ਵੱਖ ਸੰਤਾਂ ਦਾ ਵਰਤਾਉ, ਰਹਿਣ-ਸਹਿਣ ਅਤੇ ਬਾਹਰੀ ਸਮਾਨ ਅਕਸਰ ਵੱਖਰਾ ਹੀ ਹੁੰਦਾ ਹੈ। ਪਰ ਸਿਰਫ਼ ਇਨ੍ਹਾਂ ਤੋਂ ਹੀ ਸੰਤਾਂ ਦੀ ਯੋਗਤਾ ਦਾ ਅੰਦਾਜ਼ਾ ਲਗਾ ਲੈਣਾ ਵੱਡੀ ਭੁੱਲ ਹੈ। ਸੋਮਦੇਵ ਸਵਾਮੀ ਅਲੱਗ ਸੁਭਾਅ ਦੇ ਸੀ। ਉਨ੍ਹਾਂ ਨੇ ਜਿਵੇਂ ਹੀ ਝੰਡਿਆਂ ਨੂੰ ਝੂਲਦੇ ਦੇਖਿਆ ਤਾਂ ਉਹ ਸੋਚਣ ਲਗੇ ਕਿ ਬਾਬਾ ਸੰਤ ਹੋ ਕੇ ਝੰਡਿਆਂ ਵਿਚ ਦਿਲਚਸਪੀ ਕਿਉਂ ਰੱਖਦੇ ਹਨ ? ਕੀ ਇਸ ਨਾਲ ਉਨ੍ਹਾਂ ਦਾ ਸੰਤਪਣ ਪ੍ਰਗਟ ਹੁੰਦਾ ਹੈ ? ਏਦਾਂ ਲੱਗਦਾ ਹੈ ਕਿ ਇਹ ਸੰਤ ਆਪਣੀ ਕੀਰਤੀ ਦਾ ਚਾਹਵਾਨ ਹੈ। ਇਸ ਲਈ ਉਨ੍ਹਾਂ ਨੇ ਸ਼ਿਰਡੀ ਜਾਣ ਦਾ ਵਿਚਾਰ ਤਿਆਗ ਕੇ ਆਪਣੇ ਨਾਲ ਦੇ ਯਾਤਰੀਆ ਨੂੰ ਕਿਹਾ ਕਿ ਮੈਂ ਤਾਂ ਵਾਪਸ ਜਾਣਾ ਚਾਹੁੰਦਾ ਹਾਂ, ਤਾਂ ਉਹ ਲੋਕ ਕਹਿਣ ਲਗੇ ਕਿ ਫੇਰ ਵਿਅਰਥ ਹੀ ਏਨੀ ਦੂਰੀ ਤਕ ਕਿਉਂ ਆਏ ? ਹਾਲੇ ਸਿਰਫ਼ ਝੰਡੇ ਦੇਖ ਕੇ ਤੁਸੀਂ ਏਨੇ ਵਿਆਕੁਲ ਹੋ ਗਏ ਹੋ ਤਾਂ ਜਦੋਂ ਸ਼ਿਰਡੀ ਵਿਚ ਰੱਥ, ਪਾਲਕੀ, ਘੋੜਾ ਅਤੇ ਹੋਰ ਚੀਜ਼ਾਂ ਦੇਖੋਗੇ, ਤਾਂ ਤੁਹਾਡੀ ਕੀ ਹਾਲਤ ਹੋਏਗੀ ? ਸਵਾਮੀ ਨੂੰ ਹੁਣ ਹੋਰ ਵੀ ਜ਼ਿਆਦਾ ਘਬਰਾਹਟ ਹੋਣ ਲਗੀ ਅਤੇ ਉਸ ਨੇ ਕਿਹਾ ਕਿ ਮੈਂ ਅਨੇਕ ਸਾਧੂ-ਸੰਤਾਂ ਦੇ ਦਰਸ਼ਨ ਕੀਤੇ ਹਨ, ਪਰ ਇਹ ਸੰਤ ਕੋਈ ਨਿਰਾਲਾ ਹੀ ਹੈ, ਜਿਹੜਾ ਇਸ ਤਰ੍ਹਾਂ ਐਸ਼ੋ-ਆਰਾਮ ਦੀਆਂ ਚੀਜ਼ਾਂ ਇਕੱਠੀਆਂ ਕਰ ਰਿਹਾ ਹੈ। ਏਦਾਂ ਦੇ ਸਾਧੂ ਦੇ ਦਰਸ਼ਨ ਨਾ ਕਰਨਾ ਹੀ ਠੀਕ ਹੈ, ਏਦਾਂ ਕਹਿ ਕੇ ਉਹ ਵਾਪਸ ਮੁੜਨ ਲਗੇ। ਤੀਰਥ-ਯਾਤਰੀਆਂ ਨੇ ਉਨ੍ਹਾਂ ਨੂੰ ਰੋਕਿਆ ਅਤੇ ਅੱਗੇ ਜਾਣ ਦੀ ਸਲਾਹ ਦਿੱਤੀ ਅਤੇ ਸਮਝਾਇਆ ਕਿ ਤੁਸੀਂ ਇਹ ਤੰਗ ਸੋਚ ਛੱਡ ਦਿਉ। ਮਸਜਿਦ ਵਿਚ ਜਿਹੜਾ ਸੰਤ ਹੈ, ਉਹ ਇਨ੍ਹਾਂ ਝੰਡਿਆਂ ਅਤੇ ਬਾਕੀ ਚੀਜ਼ਾਂ ਜਾਂ ਆਪਣੀ ਕੀਰਤੀ ਦਾ ਸੁਪਨੇ ਵਿਚ ਵੀ ਨਹੀਂ ਸੋਚਦਾ, ਇਹ ਸਾਰਾ ਤਾਂ ਉਨ੍ਹਾਂ ਦੇ ਭਗਤ ਪ੍ਰੇਮ ਅਤੇ ਭਗਤੀ ਨਾਲ ਹੀ ਉਨ੍ਹਾਂ ਨੂੰ ਭੇਟ ਕਰਦੇ ਹਨ। ਆਖ਼ੀਰ ਵਿਚ ਉਹ ਸ਼ਿਰਡੀ ਜਾ ਕੇ ਬਾਬਾ ਦੇ ਦਰਸ਼ਨ ਕਰਨ ਲਈ ਤਿਆਰ ਹੋ ਗਏ। ਮਸਜਿਦ ਦੇ ਮੰਡਪ ਵਿਚ ਪਹੁੰਚ ਕੇ ਤਾਂ ਉਹ ਭਾਵੁਕ ਹੋ ਗਏ। ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਗਣ ਲਗੇ ਅਤੇ ਗਲਾ ਭਰ ਆਇਆ। ਹੁਣ ਉਨ੍ਹਾਂ ਦੇ ਸਾਰੇ ਭੈੜੇ ਵਿਚਾਰ ਖ਼ਤਮ ਹੋ ਗਏ ਅਤੇ ਉਨ੍ਹਾਂ ਨੂੰ ਆਪਣੇ ਗੁਰੂ ਦੇ ਸ਼ਬਦ ਯਾਦ ਆ ਗਏ ਕਿ—

ਉਹ ਬਾਬਾ ਦੀ ਚਰਣ-ਧੂੜ ਵਿਚ ਲੇਟਣਾ ਚਾਹੁੰਦੇ ਸੀ, ਪਰ ਜਦੋਂ ਉਹ ਉਨ੍ਹਾਂ ਦੇ ਨੇੜੇ ਗਏ ਤਾਂ ਬਾਬਾ ਗੁੱਸੇ ਹੋ ਕੇ ਉੱਚੀ-ਉੱਚੀ ਚੀਕ ਕੇ ਕਹਿਣ ਲਗੇ, "ਸਾਡਾ ਸਮਾਨ ਸਾਡੇ ਕੋਲ ਰਹਿਣ ਦਿਉ, ਤੁਸੀਂ ਆਪਣੇ ਘਰ



ਵਾਪਸ ਮੁੜ ਜਾਓ। ਸਾਵਧਾਨ! ਜੇ ਫੇਰ ਕਦੀ ਮਸਜਿਦ ਦੀ ਪੌੜ੍ਹੀ ਚੜ੍ਹੇ ਤਾਂ। ਏਦਾਂ ਦੇ ਸੰਤ ਦੇ ਦਰਸ਼ਨ ਹੀ ਕਿਉਂ ਕਰਨੇ ਚਾਹੀਦੇ ਹਨ, ਜਿਹੜਾ ਮਸਜਿਦ 'ਤੇ ਝੰਡੇ ਲਗਾ ਕੇ ਰੱਖੇ ? ਕੀ ਇਹ ਸੰਤਪਣ ਦੀਆਂ ਨਿਸ਼ਾਨੀਆਂ ਹਨ ? ਇਕ ਪਲ ਵੀ ਇਥੇ ਨਾ ਰੁਕੋ।" ਹੁਣ ਉਸ ਨੂੰ ਅਨੁਭਵ ਹੋ ਗਿਆ ਕਿ ਬਾਬਾ ਨੇ ਮੇਰੇ ਦਿਲ ਦੀ ਗੱਲ ਜਾਣ ਲਈ ਹੈ ਅਤੇ ਉਨ੍ਹਾਂ ਨੂੰ ਸਾਰਾ ਕੁਝ ਪਤਾ ਹੈ। ਉਸ ਨੂੰ ਆਪਣੀ ਸੋਚ 'ਤੇ ਹਾਸਾ ਆਉਣ ਲਗਾ ਅਤੇ ਉਸ ਨੂੰ ਪਤਾ ਲਗਾ ਗਿਆ ਕਿ ਬਾਬਾ ਕਿੰਨੇ ਵਿਕਾਰਾਂ ਤੋਂ ਰਹਿਤ ਅਤੇ ਪਵਿੱਤਰ ਹਨ। ਉਸ ਨੇ ਦੇਖਿਆ ਕਿ ਉਹ ਕਿਸੇ ਨੂੰ ਗਲੇ ਲਗਾਉਂਦੇ ਅਤੇ ਕਿਸੇ ਨੂੰ ਹੱਥ ਨਾਲ ਛੂੰਹਦੇ ਅਤੇ ਕਿਸੇ ਨੂੰ ਹੌਂਸਲਾ ਦੇ ਕੇ ਪ੍ਰੇਮ ਭਰੀ ਨਜ਼ਰ ਨਾਲ ਦੇਖਦੇ। ਕਿਸੇ ਨੂੰ ਉਦੀ ਪ੍ਰਸ਼ਾਦ ਦੇ ਕੇ ਸਾਰੀ ਤਰ੍ਹਾਂ ਨਾਲ ਭਗਤਾਂ ਨੂੰ ਸੁੱਖ ਅਤੇ ਸੰਤੋਖ ਪਹੁੰਚਾ ਰਹੇ ਹਨ ਤਾਂ ਫੇਰ ਮੇਰੇ ਨਾਲ ਏਦਾਂ ਦਾ ਰੁੱਖਾ ਵਰਤਾਉ ਕਿਉਂ ? ਜ਼ਿਆਦਾ ਸੋਚਣ 'ਤੇ ਉਹ ਇਸ ਨਤੀਜੇ 'ਤੇ ਪੁੱਜੇ ਕਿ ਇਸ ਦਾ ਕਾਰਨ ਮੇਰੇ ਅੰਦਰੂਨੀ ਵਿਚਾਰ ਹੀ ਸਨ ਅਤੇ ਇਸ ਤੋਂ ਸਿੱਖਿਆ ਮਿਲੀ ਕਿ ਮੈਨੂੰ ਆਪਣਾ ਆਚਰਣ ਸੁਧਾਰਨਾ ਚਾਹੀਦਾ ਹੈ। ਬਾਬਾ ਦਾ ਗੁੱਸਾ ਤਾਂ ਮੇਰੇ ਲਈ ਵਰਦਾਨ ਸਰੂਪ ਹੈ। ਹੁਣ ਇਹ ਕਹਿਣਾ ਫ਼ਜ਼ੂਲ ਹੀ ਹੋਏਗਾ ਕਿ ਉਹ ਬਾਬਾ ਦੀ ਸ਼ਰਨ ਵਿਚ ਆ ਗਏ ਅਤੇ ਉਨ੍ਹਾਂ ਦੇ ਪਰਮ ਭਗਤ ਬਣ ਗਏ।

ਆਖ਼ੀਰ ਵਿਚ ਨਾਨਾਸਾਹਿਬ ਚਾਂਦੋਰਕਰ ਦੀ ਕਥਾ ਲਿਖ ਕੇ ਹੇਮਾਂਡਪੰਤ ਨੇ ਇਹ ਅਧਿਆਇ ਖ਼ਤਮ ਕੀਤਾ ਹੈ। ਇਕ ਵਕਤ ਜਦੋਂ ਨਾਨਾਸਾਹਿਬ, ਮਹਾਲਸਾਪਤਿ ਅਤੇ ਹੋਰ ਲੋਕਾਂ ਦੇ ਨਾਲ ਮਸਜਿਦ ਵਿਚ ਬੈਠੇ ਹੋਏ ਸੀ ਤਾਂ ਬੀਜਾਪੁਰ ਤੋਂ ਇਕ ਮੁਸਲਮਾਨ ਪਰਿਵਾਰ ਸ੍ਰੀ ਸਾਈਂਬਾਬਾ ਦੇ ਦਰਸ਼ਨਾਂ ਲਈ ਆਇਆ। ਬੁਰਕੇ ਵਾਲੀਆਂ ਔਰਤਾਂ ਨੂੰ ਦੇਖ ਕੇ ਨਾਨਾਸਾਹਿਬ ਉਥੋਂ ਚਲੇ ਜਾਣਾ ਚਾਹੁੰਦੇ ਸੀ, ਪਰ ਬਾਬਾ ਨੇ ਉਨ੍ਹਾਂ ਨੂੰ ਰੋਕ ਲਿਆ। ਔਰਤਾਂ ਅੱਗੇ ਆਈਆ ਅਤੇ ਉਨ੍ਹਾਂ ਨੇ ਬਾਬਾ ਦੇ ਦਰਸ਼ਨ ਕੀਤੇ। ਉਨ੍ਹਾਂ ਵਿਚੋਂ ਇਕ ਔਰਤ ਨੇ ਆਪਣੇ ਮੂੰਹ ਤੋਂ ਘੁੰਡ ਚੁੱਕ ਕੇ ਬਾਬਾ ਦੇ ਚਰਣਾਂ ਵਿਚ ਪ੍ਰਨਾਮ ਕਰਕੇ ਫੇਰ ਘੁੰਡ ਕੱਢ ਲਿਆ। ਨਾਨਾਸਾਹਿਬ ਉਸ ਦੇ ਸੁਹੱਪਣ ਵੱਲ ਖਿੱਚੇ ਗਏ ਅਤੇ ਇਕ ਵਾਰੀ ਫੇਰ ਉਹ ਸੁੰਦਰ ਸ਼ਕਲ ਦੇਖਣ ਲਈ ਉਤਾਵਲੇ ਹੋ ਗਏ। ਨਾਨਾ ਦੇ ਮਨ ਦੀ ਹਾਲਤ ਜਾਣ ਕੇ ਉਨ੍ਹਾਂ ਲੋਕਾਂ ਦੇ ਚਲੇ ਜਾਣ ਤੋਂ ਬਾਅਦ ਬਾਬਾ ਉਨ੍ਹਾਂ ਨੂੰ ਕਹਿਣ ਲਗੇ, "ਨਾਨਾ, ਕਿਉਂ ਫ਼ਜ਼ੂਲ ਮੋਹਿਤ ਹੋ ਰਹੇ ਹੋ ? ਇੰਦਰੀਆਂ ਨੂੰ ਆਪਣਾ ਕੰਮ ਕਰਨ ਦਿਉ। ਸਾਨੂੰ ਉਨ੍ਹਾਂ ਦੇ ਕੰਮ ਵਿਚ ਰੁਕਾਵਟ ਨਹੀਂ ਪਾਉਣੀ ਚਾਹੀਦੀ। ਭਗਵਾਨ ਨੇ ਇਹ ਸੁੰਦਰ ਦੁਨੀਆਂ ਬਣਾਈ ਹੈ। ਸਾਡਾ ਫ਼ਰਜ਼ ਹੈ ਕਿ ਅਸੀਂ ਉਸ ਦੀ ਸੁੰਦਰਤਾ ਦੀ ਸਿਫ਼ਤ ਕਰੀਏ। ਇਹ ਮਨ ਤਾਂ ਅਕਸਰ ਹੀ ਟਿਕਿਆ ਹੁੰਦਾ ਹੈ ਅਤੇ ਜਦੋਂ ਸਾਹਮਣੇ ਦਰਵਾਜ਼ਾ ਖੁੱਲ੍ਹਾ ਹੈ, ਤਾਂ ਸਾਨੂੰ ਪਿਛਲੇ ਦਰਵਾਜ਼ੇ ਵਿਚੋਂ ਕਿਉਂ ਦਾਖ਼ਲ ਹੋਣਾ ? ਚਿੱਤ ਸ਼ੁੱਧ ਹੁੰਦੇ ਹੀ ਫੇਰ ਕਿਸੇ ਦੁੱਖ ਦਾ ਅਨੁਭਵ ਨਹੀਂ ਹੁੰਦਾ। ਜੇ ਸਾਡੇ ਮਨ ਵਿਚ ਮਾੜਾ ਵਿਚਾਰ ਨਹੀਂ ਹੈ ਤਾਂ ਸਾਨੂੰ ਕਿਸੇ ਕੋਲੋਂ ਡਰਨ ਦੀ ਲੋੜ ਨਹੀਂ। ਅੱਖਾਂ ਨੂੰ ਆਪਣਾ ਕੰਮ ਕਰਨ ਦਿਉ। ਇਸ ਲਈ ਤੁਹਾਨੂੰ ਸ਼ਰਮਿੰਦੇ ਅਤੇ

ਬੇਚੈਨ ਨਹੀਂ ਹੋਣਾ ਚਾਹੀਦਾ।" ਉਸ ਵੇਲੇ ਸ਼ਾਮਾ ਵੀ ਉਥੇ ਹੀ ਸੀ। ਉਨ੍ਹਾਂ ਦੀ ਸਮਝ ਵਿਚ ਨਾ ਆਇਆ ਕਿ ਆਖ਼ੀਰ ਬਾਬਾ ਦੇ ਕਹਿਣ ਦਾ ਕੀ ਮਤਲਬ ਹੈ? ਇਸ ਲਈ ਵਾਪਸੀ ਵੇਲੇ ਇਸ ਬਾਰੇ ਵਿਚ ਉਨ੍ਹਾਂ ਨੇ ਨਾਨਾ ਨੂੰ ਪੁੱਛਿਆ। ਉਸ ਪਰਮ ਸੁੰਦਰੀ ਦੇ ਸੁਹੱਪਣ ਨੂੰ ਦੇਖ ਕੇ ਜਿਸ ਤਰ੍ਹਾਂ ਉਹ ਮੋਹਿਤ ਹੋਏ ਅਤੇ ਇਹ ਹਾਲਤ ਦੇਖ ਕੇ ਬਾਬਾ ਨੇ ਇਸ ਵਿਸ਼ੇ 'ਤੇ ਜੋ ਉਪਦੇਸ਼ ਉਨ੍ਹਾਂ ਨੂੰ ਦਿੱਤਾ, ਉਨ੍ਹਾਂ ਨੇ ਉਸ ਦਾ ਪੂਰਾ-ਪੂਰਾ ਵਿਵਰਣ ਸ਼ਾਮਾ ਨੂੰ ਇਸ ਤਰ੍ਹਾਂ ਸਮਝਾਇਆ—"ਸਾਡਾ ਮਨ ਸੁਭਾਵਿਕ ਹੀ ਚੰਚਲ ਹੈ, ਪਰ ਸਾਨੂੰ ਉਸ ਨੂੰ ਬੇਕਾਬੂ ਨਹੀਂ ਹੋਣ ਦੇਣਾ ਚਾਹੀਦਾ। ਇੰਦਰੀਆਂ ਭਾਵੇਂ ਹੀ ਚੰਚਲ ਹੋ ਜਾਣ, ਪਰ ਸਾਨੂੰ ਆਪਣੇ ਮਨ 'ਤੇ ਕਾਬੂ ਰੱਖ ਕੇ ਉਸ ਨੂੰ ਬੇਚੈਨ ਨਹੀਂ ਹੋਣ ਦੇਣਾ ਚਾਹੀਦਾ ਹੈ। ਇੰਦਰੀਆਂ ਤਾਂ ਆਪਣੇ ਵਿਸ਼ੇ ਪਦਾਰਥਾਂ ਦੇ ਲਈ ਹਮੇਸ਼ਾਂ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ, ਪਰ ਸਾਨੂੰ ਉਨ੍ਹਾਂ ਦੇ ਵੱਸ ਹੋ ਕੇ, ਉਨ੍ਹਾਂ ਦੇ ਚਾਹੇ ਪਦਾਰਥਾਂ ਦੇ ਨੇੜੇ ਨਹੀਂ ਜਾਣਾ ਚਾਹੀਦਾ। ਆਮ ਕੋਸ਼ਿਸ਼ ਕਰਦੇ ਰਹਿਣ ਨਾਲ ਇਸ ਚੰਚਲਤਾ ਨੂੰ ਕਾਬੂ ਕੀਤਾ ਜਾ ਸਕਦਾ ਹੈ। ਭਾਵੇਂ ਉਨ੍ਹਾਂ 'ਤੇ ਪੂਰੀ ਤਰ੍ਹਾਂ ਕਾਬੂ ਕਰਨਾ ਮੁਮਕਿਨ ਨਹੀਂ ਹੈ ਤਾਂ ਵੀ ਸਾਨੂੰ ਉਨ੍ਹਾਂ ਦੇ ਵੱਸ ਵਿਚ ਨਹੀਂ ਹੋਣਾ ਚਾਹੀਦਾ। ਮੌਕੇ ਮੁਤਾਬਿਕ ਸਾਨੂੰ ਉਨ੍ਹਾਂ ਨੂੰ ਅਸਲ ਵਿਚ ਠੀਕ ਤਰੀਕੇ ਨਾਲ ਰੋਕਣਾ ਚਾਹੀਦਾ ਹੈ। ਸੁੰਦਰਤਾ ਤਾਂ ਦੇਖਣ ਵਾਲੀ ਚੀਜ਼ ਹੈ, ਇਸ ਲਈ ਸਾਨੂੰ ਨਿਡਰ ਹੋ ਕੇ ਸੁੰਦਰ ਚੀਜ਼ਾਂ ਵੱਲ ਦੇਖਣਾ ਚਾਹੀਦਾ ਹੈ। ਜੇ ਸਾਡੇ ਵਿਚ ਕਿਸੇ ਤਰ੍ਹਾਂ ਦੇ ਮਾੜੇ ਵਿਚਾਰ ਨਾ ਆਉਣ ਤਾਂ ਇਸ ਵਿਚ ਸ਼ਰਮ ਅਤੇ ਡਰ ਦੀ ਲੋੜ ਹੀ ਕੀ ਹੈ? ਜੇ ਮਨ ਨੂੰ ਇੱਛਾ ਰਹਿਤ ਬਣਾ ਕੇ ਈਸ਼ਵਰ ਦੇ ਸੁਹੱਪਣ ਨੂੰ ਦੇਖੋ ਤਾਂ ਇੰਦਰੀਆਂ ਸਹਿਜ ਅਤੇ ਸੁਭਾਵਿਕ ਰੂਪ ਨਾਲ ਆਪਣੇ ਵੱਸ ਵਿਚ ਆ ਜਾਣਗੀਆਂ ਅਤੇ ਵਿਸ਼ਿਆਨੰਦ ਲੈਣ ਵੇਲੇ ਵੀ ਤੁਹਾਨੂੰ ਈਸ਼ਵਰ ਦੀ ਯਾਦ ਆਉਂਦੀ ਰਹੇਗੀ। ਜੇ ਉਸ ਨੂੰ ਬਾਹਰੀ ਇੰਦਰੀਆਂ ਦੇ ਪਿਛੇ ਦੌੜਨ ਅਤੇ ਉਨ੍ਹਾਂ ਨਾਲ ਲੀਨ ਹੋਣ ਦਿਉਗੇ ਤਾਂ ਤੁਹਾਡਾ ਜਨਮ-ਮਰਨ ਦੇ ਚੱਕਰ ਵਿਚੋਂ ਕਦੀ ਵੀ ਛੁਟਕਾਰਾ ਨਹੀਂ ਹੋਏਗਾ। ਵਿਸ਼ੇ-ਪਦਾਰਥ ਇੰਦਰੀਆਂ ਨੂੰ ਸਦਾ ਰਾਹ ਤੋਂ ਭਟਕਾਉਣ ਵਾਲੇ ਹੁੰਦੇ ਹਨ। ਇਸ ਲਈ ਬੁੱਧੀ ਨੂੰ ਸਾਰਥੀ ਬਣਾ ਕੇ ਮਨ ਦੀ ਲਗਾਮ ਆਪਣੇ ਹੱਥ ਵਿਚ ਲੈ ਕੇ ਇੰਦਰੀਆਂ ਰੂਪੀ ਘੋੜਿਆਂ ਨੂੰ ਵਿਸ਼ੇ ਪਦਾਰਥਾਂ ਵੱਲ ਜਾਣ ਤੋਂ ਰੋਕ ਲੈਣਾ ਚਾਹੀਦਾ ਹੈ। ਏਦਾਂ ਬੁੱਧੀ ਰੂਪੀ ਸਾਰਥੀ ਸਾਨੂੰ ਵਿਸ਼ਨੂੰ-ਪਦ ਦੀ ਪ੍ਰਾਪਤੀ ਕਰਾ ਦੇਵੇਗਾ, ਜਿਹੜਾ ਸਾਡਾ ਅਸਲ ਵਿਚ ਪਰਮ ਸੱਚਾ ਘਰ ਹੈ ਅਤੇ ਜਿਥੇ ਗਿਆ ਹੋਇਆ ਪ੍ਰਾਣੀ ਫੇਰ ਇਥੇ ਵਾਪਸ ਨਹੀਂ ਮੁੜਦਾ।





# ॥ ਅਧਿਆਇ-50 ॥

### *1) ਕਾਕਾਸਾਹਿਬ ਦਿਕਸ਼ਿਤ, 2) ਸ੍ਰੀ ਟੇਂਬੇ ਸਵਾਮੀ, 3) ਬਾਲਾਰਾਮ ਧੁਰੰਧਰ ਦੀਆਂ ਕਥਾਵਾਂ।*

ਮੂਲ ਸੱਚਚਰਿੱਤਰ ਦੇ ਅਧਿਆਇ 39 ਅਤੇ 40 ਨੂੰ ਅਸੀਂ ਇਕੱਠੇ ਕਰਕੇ ਲਿਖਿਆ ਹੈ, ਕਿਉਂਕਿ ਏਨਾ ਦੋਵਾਂ ਅਧਿਆਇਆਂ ਦਾ ਵਿਸ਼ਾ ਕਰੀਬ-ਕਰੀਬ ਇਕੋ ਜਿਹਾ ਹੈ। ਹੁਣ ਸੱਚਚਰਿੱਤਰ ਦਾ ਅਧਿਆਇ 51ਵਾਂ ਇਥੇ 50ਵੇਂ ਅਧਿਆਇ ਦੇ ਰੂਪ ਵਿਚ ਲਿਖਿਆ ਜਾ ਰਿਹਾ ਹੈ। ਇਸ ਅਧਿਆਇ ਵਿਚ 1) ਕਾਕਸਾਹਿਬ ਦਿਕਸ਼ਿਤ, 2) ਸ੍ਰੀ ਟੇਂਬੇ ਸਵਾਮੀ, 3) ਬਾਲਾਰਾਮ ਧੁਰੰਧਰ ਦੀਆਂ ਕਥਾਵਾਂ ਹਨ।

ਉਨ੍ਹਾਂ ਸ੍ਰੀ ਸਾਈਂ ਮਹਾਰਾਜ ਦੀ ਜੈ ਹੋਵੇ, ਜਿਹੜੇ ਭਗਤਾਂ ਦੇ ਜੀਵਨ ਦਾ ਆਧਾਰ ਅਤੇ ਸਤਿਗੁਰੂ ਹਨ। ਹੇ ਸਾਈਂ, ਕ੍ਰਿਪਾ ਕਰਕੇ ਸਾਨੂੰ ਅਸੀਸ ਦਿਉ। ਜਿਵੇਂ ਮਲਾਯ ਪਹਾੜਾਂ 'ਤੇ ਹੋਣ ਵਾਲਾ ਚੰਦਨ ਦਾ ਦਰਖ਼ੱਤ ਸਾਰੀ ਗਰਮੀ ਦੂਰ ਕਰ ਦਿੰਦਾ ਹੈ ਜਾਂ ਜਿਵੇਂ ਬੱਦਲ ਮੀਂਹ ਨਾਲ ਪਾਣੀ ਵਰ੍ਹਾ ਕੇ ਲੋਕਾਂ ਨੂੰ ਠੰਡਕ ਅਤੇ ਖੁਸ਼ੀ ਦਿੰਦੇ ਹਨ, ਜਾਂ ਜਿਵੇਂ ਬਸੰਤ ਰੁੱਤ ਵਿਚ ਖਿੜੇ ਫੁੱਲ ਈਸ਼ਵਰ ਦੀ ਪੂਜਾ ਦੇ ਕੰਮ ਆਉਂਦੇ ਹਨ, ਇਸੇ ਤਰ੍ਹਾਂ ਸ੍ਰੀ ਸਾਈਂਬਾਬਾ ਦੀਆਂ ਕਥਾਵਾਂ ਪਾਠਕਾਂ ਅਤੇ ਸਰੋਤਿਆਂ ਨੂੰ ਧੀਰਜ ਅਤੇ ਹੌਂਸਲਾ ਦਿੰਦੀਆਂ ਹਨ। ਜਿਹੜੇ ਕਥਾ ਕਹਿੰਦੇ ਜਾਂ ਸੁਣਦੇ ਹਨ, ਉਹ ਦੋਵੇਂ ਹੀ ਧੰਨ ਹਨ, ਕਿਉਂਕਿ ਉਨ੍ਹਾਂ ਦੇ ਕਹਿਣ ਨਾਲ ਮੁੱਖ ਅਤੇ ਸਰਵਣ ਨਾਲ ਕੰਨ ਪਵਿੱਤਰ ਹੋ ਜਾਂਦੇ ਹਨ।

ਇਹ ਤਾਂ ਸਾਰੇ ਮੰਨਦੇ ਹਨ ਕਿ ਭਾਵੇਂ ਅਸੀਂ ਸੌ ਤਰ੍ਹਾਂ ਦੀਆਂ ਸਾਧਨਾਵਾਂ ਕਿਉਂ ਨਾ ਕਰੀਏ, ਜਦੋਂ ਤਕ ਸਤਿਗੁਰੂ ਦੀ ਕ੍ਰਿਪਾ ਨਹੀਂ ਹੁੰਦੀ, ਉਦੋਂ ਤਕ ਸਾਨੂੰ ਆਪਣੇ ਅਧਿਆਤਮਿਕ ਮੰਤਵ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸੇ ਵਿਸ਼ੇ ਵਿਚ ਇਹ ਹੇਠਾਂ ਲਿਖੀਆਂ ਕਥਾਵਾਂ ਸੁਣੋ—

ਸ੍ਰੀ ਹਰੀ ਸੀਤਾਰਾਮ ਉਪਨਾਮ ਕਾਕਾਸਾਹਿਬ ਦਿਕਸ਼ਿਤ ਸੰਨ 1864 ਵਿਚ ਵੜਨਗਰ ਦੇ ਨਾਗਰ ਬ੍ਰਾਹਮਣ ਕੁਲ ਵਿਚ ਖੰਡਵਾ ਵਿਚ ਪੈਦਾ ਹੋਏ ਸੀ। ਉਨ੍ਹਾਂ ਦੀ ਮੁੱਢਲੀ ਸਿੱਖਿਆ ਖੰਡਵਾ ਅਤੇ ਹਿੰਗਨਘਾਟ ਵਿਚ ਹੋਈ। ਸੈਕੰਡਰੀ ਸਿੱਖਿਆ ਨਾਗਪੁਰ ਵਿਚ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਨੇ ਪਹਿਲੇ ਵਿਲਸਨ ਅਤੇ ਬਾਅਦ ਵਿਚ ਐਲਫ਼ਿੰਸਟਨ ਕਾਲਜ ਵਿਚ ਪੜ੍ਹਾਈ ਕੀਤੀ। ਸੰਨ 1883 ਵਿਚ ਉਨ੍ਹਾਂ ਨੇ ਗ੍ਰੈਜੂਏਟ ਦੀ ਡਿਗਰੀ ਲੈ ਕੇ ਕਾਨੂੰਨੀ (L.L.B.) ਅਤੇ ਕਾਨੂੰਨੀ ਸਲਾਹਕਾਰ (Solicitor) ਦੀ ਪ੍ਰੀਖਿਆ ਪਾਸ ਕੀਤੀ ਅਤੇ ਫੇਰ ਉਹ ਸਰਕਾਰੀ ਸੋਲੀਸਿਟਰ ਫਰਮ ਮੈਸ. ਲਿਟਲ ਐਂਡ ਕੰਪਨੀ ਵਿਚ ਕੰਮ ਕਰਨ ਲਗੇ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੀ ਇਕ ਸੋਲੀਸਿਟਰ ਫਰਮ ਸ਼ੁਰੂ ਕਰ ਦਿੱਤੀ।

ਸੰਨ 1909 ਤੋਂ ਪਹਿਲਾਂ ਤਾਂ ਬਾਬਾ ਦੀ ਕੀਰਤੀ ਉਨ੍ਹਾਂ ਦੇ ਕੰਨਾਂ ਤਕ ਨਹੀਂ ਪਹੁੰਚੀ ਸੀ, ਪਰ ਇਸ ਤੋਂ ਬਾਅਦ ਉਹ ਜਲਦੀ ਬਾਬਾ ਦੇ ਪਰਮ ਭਗਤ ਬਣ ਗਏ। ਜਦੋਂ ਉਹ ਲੋਨਾਵਾਲਾ ਵਿਚ ਰਹਿੰਦੇ ਸੀ ਤਾਂ

ਉਨ੍ਹਾਂ ਦੀ ਅਚਾਨਕ ਮੁਲਾਕਾਤ ਆਪਣੇ ਪੁਰਾਣੇ ਦੋਸਤ ਨਾਨਾਸਾਹਿਬ ਚਾਂਦੋਰਕਰ ਨਾਲ ਹੋ ਗਈ। ਦੋਵੇਂ ਹੀ ਏਧਰ-ਉਧਰ ਦੀਆਂ ਗੱਲਾਂ ਕਰਕੇ ਵਕਤ ਬਿਤਾਉਂਦੇ ਸੀ। ਕਾਕਾਸਾਹਿਬ ਨੇ ਉਨ੍ਹਾਂ ਨੂੰ ਦੱਸਿਆ ਕਿ ਜਦੋਂ ਉਹ ਲੰਦਨ ਵਿਚ ਸੀ ਤਾਂ ਰੇਲਗੱਡੀ 'ਤੇ ਚੜ੍ਹਨ ਲਗੇ ਕਿਵੇਂ ਉਨ੍ਹਾਂ ਦਾ ਪੈਰ ਫਿਸਲਿਆ ਅਤੇ ਕਿਵੇਂ ਉਸ 'ਤੇ ਸੱਟ ਲਗੀ, ਇਸ ਦਾ ਪੂਰਾ ਵਿਸਥਾਰ ਸੁਣਾਇਆ। ਨਾਨਾਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਜੇ ਤੁਸੀਂ ਇਸ ਲੰਗੜੇਪਣ ਅਤੇ ਤਕਲੀਫ਼ ਤੋਂ ਮੁਕਤ ਹੋਣਾ ਚਾਹੁੰਦੇ ਹੋ ਤਾਂ ਮੇਰੇ ਸਤਿਗੁਰੂ ਸ੍ਰੀ ਸਾਈਂ ਬਾਬਾ ਦੀ ਸ਼ਰਨ ਵਿਚ ਜਾਉ। ਉਨ੍ਹਾਂ ਨੇ ਬਾਬਾ ਦਾ ਪੂਰਾ ਪਤਾ ਦੱਸ ਕੇ ਉਨ੍ਹਾਂ ਦੇ ਕਥਨ ਨੂੰ ਦੁਹਰਾਇਆ ਕਿ—

ਉਨ੍ਹਾਂ ਇਹ ਵੀ ਸਾਫ਼ ਕਰ ਦਿੱਤਾ ਕਿ ਜੇ ਤੁਸੀਂ ਬਾਬਾ ਦੇ ਨਿੱਜੀ ਆਦਮੀ ਨਾ ਹੋਵੋ ਤਾਂ ਤੁਹਾਨੂੰ ਉਨ੍ਹਾਂ ਵਾਸਤੇ ਖਿੱਚ ਵੀ ਨਹੀਂ ਹੋਏਗੀ ਅਤੇ ਨਾ ਹੀ ਉਨ੍ਹਾਂ ਦੇ ਦਰਸ਼ਨ ਪ੍ਰਾਪਤ ਹੋਣਗੇ। ਕਾਕਾਸਾਹਿਬ ਨੂੰ ਇਹ ਗੱਲਾਂ ਸੁਣ ਕੇ ਬੜੀ ਖੁਸ਼ੀ ਹੋਈ ਅਤੇ ਉਨ੍ਹਾਂ ਨੇ ਕਿਹਾ, "ਉਹ ਸ਼ਿਰਡੀ ਜਾ ਕੇ ਬਾਬਾ ਨੂੰ ਪ੍ਰਾਰਥਨਾ ਕਰਨਗੇ ਕਿ ਸਰੀਰ ਦੇ ਲੰਗੜੇਪਣ ਦੇ ਬਦਲੇ ਉਨ੍ਹਾਂ ਦੇ ਚੰਚਲ ਮਨ ਨੂੰ ਅਪਾਹਜ਼ ਬਣਾ ਕੇ ਪਰਮਾਨੰਦ ਦੀ ਪ੍ਰਾਪਤੀ ਕਰਾ ਦੇਣ।"

ਕੁਝ ਦਿਨਾਂ ਦੇ ਬਾਅਦ ਹੀ ਬੰਬਈ ਵਿਧਾਨ ਸਭਾ (Legislative Assembly) ਦੀ ਚੋਣ ਵਿਚ ਵੋਟਾਂ ਪ੍ਰਾਪਤ ਕਰਨ ਦੇ ਸਿਲਸਿਲੇ ਵਿਚ ਕਾਕਾਸਾਹਿਬ ਦਿਕਸ਼ਿਤ ਅਹਿਮਦਨਗਰ ਗਏ ਅਤੇ ਸਰਦਾਰ ਕਾਕਾਸਾਹਿਬ ਮਿਰੀਕਰ ਦੇ ਘਰ ਠਹਿਰੇ। ਸ੍ਰੀ ਬਾਲਾਸਾਹਿਬ ਮਿਰੀਕਰ ਜਿਹੜੇ ਕਿ ਕੋਪਰਗਾਂਵ ਦੇ ਮਾਮਲੇਦਾਰ ਅਤੇ ਕਾਕਾਸਾਹਿਬ ਮਿਰੀਕਰ ਦੇ ਸਪੁੱਤਰ ਸੀ, ਉਹ ਵੀ ਇਸੇ ਵਕਤ ਅਸ਼ਵ ਪ੍ਰਦਰਸ਼ਨੀ ਦੇਖਣ ਦੇ ਲਈ ਅਹਿਮਦਨਗਰ ਪਧਾਰੇ ਸੀ। ਚੋਣਾਂ ਦਾ ਕੰਮ ਖ਼ਤਮ ਹੋਣ ਦੇ ਬਾਅਦ ਕਾਕਾਸਾਹਿਬ ਦਿਕਸ਼ਿਤ ਸ਼ਿਰਡੀ ਜਾਣਾ ਚਾਹੁੰਦੇ ਸੀ। ਜਿਥੇ ਪਿਉ ਅਤੇ ਪੁੱਤਰ ਦੋਵੇਂ ਹੀ ਘਰ ਵਿਚ ਵਿਚਾਰ ਕਰ ਰਹੇ ਸੀ ਕਿ ਕਾਕਾਸਾਹਿਬ ਦੇ ਨਾਲ ਭੇਜਣ ਲਈ ਕਿਹੜਾ ਆਦਮੀ ਠੀਕ ਹੋਏਗਾ ਅਤੇ ਦੂਜੇ ਪਾਸੇ ਬਾਬਾ ਵੱਖਰੇ ਹੀ ਢੰਗ ਨਾਲ ਉਨ੍ਹਾਂ ਨੂੰ ਆਪਣੇ ਕੋਲ ਬੁਲਾਉਣ ਦਾ ਬੰਦੋਬਸਤ ਕਰ ਰਹੇ ਸੀ। ਸ਼ਾਮਾ ਨੂੰ ਇਕ ਤਾਰ ਆਇਆ ਕਿ ਉਨ੍ਹਾਂ ਦੀ ਸੱਸ ਦੀ ਹਾਲਤ ਬਹੁਤ ਖ਼ਰਾਬ ਹੈ ਅਤੇ ਉਨ੍ਹਾਂ ਨੂੰ ਦੇਖਣ ਉਹ ਜਲਦੀ ਹੀ ਅਹਿਮਦਨਗਰ ਆਉਣ। ਬਾਬਾ ਕੋਲੋਂ ਇਜਾਜ਼ਤ ਲੈ ਕੇ ਸ਼ਾਮਾ ਨੇ ਉਥੇ ਜਾ ਕੇ ਆਪਣੀ ਸੱਸ ਨੂੰ ਦੇਖਿਆ, ਜਿਨ੍ਹਾਂ ਦੀ ਹਾਲਤ ਵਿਚ ਹੁਣ ਕਾਫ਼ੀ ਸੁਧਾਰ ਹੋ ਚੁੱਕਾ ਸੀ। ਪ੍ਰਦਰਸ਼ਨੀ ਨੂੰ ਜਾਂਦੇ ਵਕਤ ਨਾਨਾਸਾਹਿਬ ਪਾਨਸੇ ਅਤੇ ਅਪਾਸਾਹਿਬ ਗਰਦੇ ਦੀ ਨਜ਼ਰ ਅਚਾਨਕ ਸ਼ਾਮਾ 'ਤੇ ਪਈ। ਉਨ੍ਹਾਂ ਨੇ ਸ਼ਾਮਾ ਨੂੰ ਮਿਰੀਕਰ ਦੇ ਘਰ ਜਾ ਕੇ ਕਾਕਾਸਾਹਿਬ ਦਿਕਸ਼ਿਤ ਨਾਲ ਮੁਲਾਕਾਤ ਕਰਨ ਅਤੇ ਉਨ੍ਹਾਂ ਨੂੰ ਆਪਣੇ ਨਾਲ ਸ਼ਿਰਡੀ ਲੈ ਜਾਣ ਲਈ ਕਿਹਾ। ਉਨ੍ਹਾਂ ਨੇ ਸ਼ਾਮਾ ਦੇ ਆਉਣ ਦੀ ਖ਼ਬਰ ਕਾਕਾਸਾਹਿਬ ਦਿਕਸ਼ਿਤ ਅਤੇ ਮਿਰੀਕਰ ਨੂੰ ਵੀ ਦੇ ਦਿੱਤੀ। ਸ਼ਾਮ ਵੇਲੇ ਸ਼ਾਮਾ ਮਿਰੀਕਰ ਦੇ ਘਰ ਆਏ। ਮਿਰੀਕਰ ਨੇ ਸ਼ਾਮਾ ਦੀ ਕਾਕਾਸਾਹਿਬ ਦਿਕਸ਼ਿਤ ਨਾਲ ਜਾਣ-ਪਛਾਣ ਕਰਾ ਦਿੱਤੀ ਫੇਰ ਏਦਾਂ ਤੈਅ ਹੋਇਆ ਕਿ ਕਾਕਾਸਾਹਿਬ ਦਿਕਸ਼ਿਤ ਉਨ੍ਹਾਂ ਦੇ ਨਾਲ ਰਾਤ 10 ਵਜੇ ਵਾਲੀ ਗੱਡੀ ਵਿਚ ਕੋਪਰਗਾਂਵ ਨੂੰ ਰਵਾਨਾ ਹੋ ਜਾਣ। ਇਸ ਫ਼ੈਸਲੇ



ਦੇ ਬਾਅਦ ਹੀ ਇਕ ਅਜ਼ੀਬ ਘਟਨਾ ਹੋਈ। ਬਾਲਾਸਾਹਿਬ ਮਿਰੀਕਰ ਨੇ ਬਾਬਾ ਦੀ ਇਕ ਵੱਡੀ ਤਸਵੀਰ ਤੋਂ ਪਰਦਾ ਚੁੱਕ ਕੇ ਕਾਕਾਸਾਹਿਬ ਦਿਕਸ਼ਿਤ ਨੂੰ ਉਨ੍ਹਾਂ ਦੇ ਦਰਸ਼ਨ ਕਰਾਏ ਤਾਂ ਉਨ੍ਹਾਂ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਜਿਨ੍ਹਾਂ ਦੇ ਦਰਸ਼ਨਾਂ ਲਈ ਮੈਂ ਸ਼ਿਰਡੀ ਜਾਣ ਵਾਲਾ ਹਾਂ, ਉਹ ਹੀ ਇਸ ਤਸਵੀਰ ਦੇ ਰੂਪ ਵਿਚ ਮੇਰੇ ਸਵਾਗਤ ਲਈ ਇਥੇ ਬਿਰਾਜਮਾਨ ਹਨ। ਉਦੋਂ ਬਹੁਤ ਭਾਵੁਕ ਹੋ ਕੇ ਉਹ ਬਾਬਾ ਦੀ ਵੰਦਨਾ ਕਰਨ ਲਗੇ। ਇਹ ਤਸਵੀਰ ਮੇਘਾ ਦੀ ਸੀ ਅਤੇ ਸ਼ੀਸ਼ਾ ਲਗਾਉਣ ਲਈ ਮਿਰੀਕਰ ਦੇ ਕੋਲ ਆਈ ਸੀ। ਦੂਜੀ ਸ਼ੀਸ਼ਾ ਲਗਵਾ ਕੇ ਉਸ ਨੂੰ ਕਾਕਾਸਾਹਿਬ ਦਿਕਸ਼ਿਤ ਅਤੇ ਸ਼ਾਮਾ ਦੇ ਹੱਥ ਸ਼ਿਰਡੀ ਵਾਪਸ ਭੇਜਣ ਦਾ ਪ੍ਰਬੰਧ ਕੀਤਾ ਗਿਆ। ਦਸ ਵਜੇ ਤੋਂ ਪਹਿਲਾਂ ਹੀ ਸਟੇਸ਼ਨ ’ਤੇ ਪਹੁੰਚ ਕੇ ਉਨ੍ਹਾਂ ਨੇ ਦੂਜੇ ਦਰਜੇ ਦਾ ਟਿਕਟ ਲੈ ਲਿਆ। ਜਦੋਂ ਗੱਡੀ ਸਟੇਸ਼ਨ ’ਤੇ ਆਈ ਤਾਂ ਦੂਜੇ ਦਰਜੇ ਦਾ ਡੱਬਾ ਖਚਾਖਚ ਭਰਿਆ ਹੋਇਆ ਸੀ। ਉਸ ਵਿਚ ਬੈਠਣ ਲਈ ਤਿਲ ਭਰ ਵੀ ਥਾਂ ਨਹੀਂ ਸੀ। ਕਿਸਮਤ ਨਾਲ ਗਾਰਡ ਸਾਹਿਬ ਕਾਕਾਸਾਹਿਬ ਦਿਕਸ਼ਿਤ ਦੀ ਪਛਾਣ ਦੇ ਨਿਕਲ ਆਏ ਅਤੇ ਉਨ੍ਹਾਂ ਨੇ ਇਨ੍ਹਾਂ ਦੋਵਾਂ ਨੂੰ ਪਹਿਲੇ ਦਰਜੇ ਦੇ ਡੱਬੇ ਵਿਚ ਬਿਠਾ ਦਿੱਤਾ। ਇਸ ਤਰ੍ਹਾਂ ਆਰਾਮ ਨਾਲ ਯਾਤਰਾ ਕਰਦੇ ਹੋਏ ਉਹ ਕੋਪਰਗਾਂਵ ਸਟੇਸ਼ਨ ’ਤੇ ਉਤਰੇ। ਸਟੇਸ਼ਨ ’ਤੇ ਹੀ ਸ਼ਿਰਡੀ ਜਾਣ ਵਾਲੇ ਨਾਨਾਸਾਹਿਬ ਚਾਂਦੋਰਕਰ ਨੂੰ ਦੇਖ ਕੇ ਉਨ੍ਹਾਂ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਸ਼ਿਰਡੀ ਪਹੁੰਚ ਕੇ ਉਨ੍ਹਾਂ ਨੇ ਮਸਜਿਦ ਵਿਚ ਜਾ ਕੇ ਬਾਬਾ ਦੇ ਦਰਸ਼ਨ ਕੀਤੇ। ਤਾਂ ਬਾਬਾ ਕਹਿਣ ਲਗੇ, “ਮੈਂ ਬੜੀ ਦੇਰ ਤੋਂ ਤੁਹਾਡੀ ਹੀ ਉਡੀਕ ਕਰ ਰਿਹਾ ਸੀ। ਸ਼ਾਮਾ ਨੂੰ ਮੈਂ ਹੀ ਤੁਹਾਨੂੰ ਲਿਆਉਣ ਦੇ ਲਈ ਭੇਜ ਦਿੱਤਾ ਸੀ।” ਇਸ ਦੇ ਬਾਅਦ ਕਾਕਾਸਾਹਿਬ ਨੇ ਅਨੇਕਾਂ ਸਾਲ ਬਾਬਾ ਦੀ ਸੰਗਤ ਵਿਚ ਬਤੀਤ ਕੀਤੇ। ਉਨ੍ਹਾਂ ਨੇ ਸ਼ਿਰਡੀ ਵਿਚ ਇਕ ਵਾੜਾ (ਦਿਕਸ਼ਿਤ ਵਾੜਾ) ਬਣਵਾਇਆ, ਜਿਹੜਾ ਉਨ੍ਹਾਂ ਦਾ ਕਰੀਬ-ਕਰੀਬ ਪੱਕਾ ਘਰ ਬਣ ਗਿਆ। ਉਨ੍ਹਾਂ ਨੂੰ ਬਾਬਾ ਕੋਲੋਂ ਜੋ ਅਨੁਭਵ ਪ੍ਰਾਪਤ ਹੋਏ, ਉਹ ਸਾਰੇ ਥਾਂ ਦੀ ਘਾਟ ਦੇ ਕਾਰਨ ਇਥੇ ਨਹੀਂ ਦਿੱਤੇ ਜਾ ਰਹੇ ਹਨ। ਪਾਠਕਾਂ ਨੂੰ ਪ੍ਰਾਰਥਨਾ ਹੈ ਕਿ ਉਹ ਸ੍ਰੀ ਸਾਈਂ ਲੀਲ੍ਹਾ ਮੈਗਜ਼ੀਨ ਦੇ ਵਿਸ਼ੇਸ਼ ਅੰਕ (ਕਾਕਾਸਾਹਿਬ ਦਿਕਸ਼ਿਤ) ਭਾਗ 12 ਦੇ ਅੰਕ 6-9 ਤਕ ਦੇਖਣ। ਉਨ੍ਹਾਂ ਦੇ ਸਿਰਫ਼ ਇਕ ਦੋ ਅਨੁਭਵ ਲਿਖ ਕੇ ਅਸੀਂ ਇਹ ਕਥਾ ਖ਼ਤਮ ਕਰਾਂਗੇ। ਬਾਬਾ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਆਖ਼ਰੀ ਵਕਤ ਆਉਣ ’ਤੇ ਬਾਬਾ ਉਨ੍ਹਾਂ ਨੂੰ ਜਹਾਜ਼ ਵਿਚ ਲੈ ਜਾਣਗੇ, ਜੋ ਸੱਚ ਨਿਕਲਿਆ। ਤਾਰੀਕ 5 ਜੁਲਾਈ ਸੰਨ 1926 ਨੂੰ ਉਹ ਹੇਮਾਂਡਪੰਤ ਦੇ ਨਾਲ ਰੇਲਗੱਡੀ ਵਿਚ ਸਫ਼ਰ ਕਰ ਰਹੇ ਸੀ। ਦੋਵਾਂ ਵਿਚ ਸਾਈਂਬਾਬਾ ਦੇ ਬਾਰੇ ਵਿਚ ਗੱਲਾਂ ਹੋ ਰਹੀਆਂ ਸੀ। ਉਹ ਸ੍ਰੀ ਸਾਈਂਬਾਬਾ ਦੇ ਧਿਆਨ ਵਿਚ ਜ਼ਿਆਦਾ ਮਗਨ ਹੋ ਗਏ, ਉਦੋਂ ਅਚਾਨਕ ਉਨ੍ਹਾਂ ਦੀ ਗਰਦਨ ਹੇਮਾਂਡਪੰਤ ਦੇ ਮੋਢੇ ਨਾਲ ਜਾ ਲਗੀ ਅਤੇ ਉਨ੍ਹਾਂ ਨੇ ਬਿਨਾਂ ਕਿਸੇ ਤਕਲੀਫ਼ ਅਤੇ ਘਬਰਾਹਟ ਦੇ ਆਪਣੀ ਆਖ਼ਰੀ ਸਾਹ ਛੱਡ ਦਿੱਤੀ।

ਹੁਣ ਅਸੀਂ ਦੂਜੀ ਕਥਾ ’ਤੇ ਆਉਂਦੇ ਹਾਂ, ਜਿਸ ਨਾਲ ਸਾਫ਼ ਹੁੰਦਾ ਹੈ ਕਿ ਸੰਤ ਆਪਸ ਵਿਚ ਇਕ-

ਦੂਜੇ ਨੂੰ ਕਿਸ ਤਰ੍ਹਾਂ ਭਰਾਵਾਂ ਵਾਂਗ ਪ੍ਰੇਮ ਕਰਦੇ ਹਨ। ਇਕ ਵਾਰੀ ਸ੍ਰੀ ਵਾਸੂਦੇਵਾਨੰਦ ਸਰਸਵਤੀ, ਜਿਹੜੇ ਸ੍ਰੀ ਟੇਂਬੇ ਸਵਾਮੀ ਦੇ ਨਾਂਅ ਨਾਲ ਪ੍ਰਸਿੱਧ ਹਨ, ਨੇ ਗੋਦਾਵਰੀ ਦੇ ਕੰਢੇ 'ਤੇ ਰਾਜਮਹੇਂਦਰੀ ਵਿਚ ਆ ਕੇ ਡੇਰਾ ਲਾਇਆ। ਉਹ ਭਗਵਾਨ ਦਤਾਤ੍ਰੇਯ ਦੇ ਕਰਮਕਾਂਡੀ, ਗਿਆਨੀ ਅਤੇ ਯੋਗੀ ਭਗਤ ਸੀ। ਨੰਦੇੜ (ਨਿਜ਼ਾਮ ਸਟੇਟ) ਦੇ ਇਕ ਵਕੀਲ ਆਪਣੇ ਦੋਸਤਾਂ ਦੇ ਨਾਲ ਉਨ੍ਹਾਂ ਨਾਲ ਮੁਲਾਕਾਤ ਕਰਨ ਆਏ ਗੱਲਬਾਤ ਕਰਦੇ-ਕਰਦੇ ਸ੍ਰੀ ਸਾਈਂਬਾਬਾ ਦਾ ਜ਼ਿਕਰ ਸ਼ੁਰੂ ਹੋ ਗਿਆ। ਬਾਬਾ ਦਾ ਨਾਂਅ ਸੁਣ ਕੇ ਸਵਾਮੀ ਜੀ ਨੇ ਉਨ੍ਹਾਂ ਨੂੰ ਹੱਥ ਜੋੜ ਕੇ ਪ੍ਰਨਾਮ ਕੀਤਾ ਅਤੇ ਪੁੰਡਲੀਕਰਾਵ (ਵਕੀਲ) ਨੂੰ ਇਕ ਸ੍ਰੀਫਲ ਦੇ ਕੇ ਉਨ੍ਹਾਂ ਨੇ ਕਿਹਾ ਕਿ ਤੁਸੀਂ ਜਾ ਕੇ ਮੇਰੇ ਭਰਾ ਸ੍ਰੀ ਸਾਈਂ ਨੂੰ ਪ੍ਰਨਾਮ ਕਰ ਕੇ ਕਹਿਣਾ ਕਿ ਮੈਨੂੰ ਨਾ ਭੁੱਲਣ ਅਤੇ ਹਮੇਸ਼ਾਂ ਮੇਰੇ 'ਤੇ ਕ੍ਰਿਪਾ ਦੀ ਨਜ਼ਰ ਰੱਖਣ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਆਮ ਤੌਰ 'ਤੇ ਇਕ ਸਵਾਮੀ ਦੂਜੇ ਨੂੰ ਪ੍ਰਨਾਮ ਨਹੀਂ ਕਰਦਾ, ਪਰ ਇਥੇ ਖ਼ਾਸ ਰੂਪ ਨਾਲ ਏਦਾਂ ਕੀਤਾ ਗਿਆ ਹੈ। ਸ੍ਰੀ ਪੁੰਡਲੀਕਰਾਵ ਨੇ ਸ੍ਰੀਫਲ ਲੈ ਕੇ ਕਿਹਾ, "ਮੈਂ ਇਹ ਬਾਬਾ ਨੂੰ ਦੇ ਦੇਵਾਂਗਾ ਅਤੇ ਤੁਹਾਡਾ ਸੁਨੇਹਾ ਵੀ ਦੇ ਦੇਵਾਂਗਾ।"

ਇਕ ਮਹੀਨੇ ਬਾਅਦ ਹੀ ਪੁੰਡਲੀਕਰਾਵ ਹੋਰ ਦੋਸਤਾਂ ਨਾਲ ਸ੍ਰੀਫਲ ਲੈ ਕੇ ਸ਼ਿਰਡੀ ਨੂੰ ਰਵਾਨਾ ਹੋਏ। ਜਦੋਂ ਉਹ ਮਨਮਾਡ ਪਹੁੰਚੇ ਤਾਂ ਪਿਆਸ ਲੱਗਣ ਕਰਕੇ ਇਕ ਨਾਲੇ 'ਤੇ ਪਾਣੀ ਪੀਣ ਗਏ। ਖਾਲੀ ਪੇਟ ਪਾਣੀ ਨਹੀਂ ਪੀਣਾ ਚਾਹੀਦਾ, ਇਹ ਸੋਚ ਕੇ ਉਨ੍ਹਾਂ ਨੇ ਕੁਝ ਚਿਵੜਾ ਖਾਣ ਲਈ ਕਢਿਆ, ਜੋ ਖਾਣ ਵਿਚ ਕੁਝ ਜ਼ਿਆਦਾ ਤੇਜ਼ ਲਗਿਆ, ਉਸ ਦਾ ਤਿੱਖਾਪਨ ਘੱਟ ਕਰਨ ਦੇ ਲਈ ਕਿਸੇ ਨੇ ਨਾਰੀਅਲ ਤੋੜ ਕੇ ਉਸ ਵਿਚ ਖੋਪਾ ਰਲਾ ਦਿੱਤਾ ਅਤੇ ਇਸ ਤਰ੍ਹਾਂ ਉਨ੍ਹਾਂ ਲੋਕਾਂ ਨੇ ਚਿਵੜਾ ਸੁਆਦ ਬਣਾ ਕੇ ਖਾਧਾ। ਬਦਕਿਸਮਤੀ ਨਾਲ ਜਿਹੜਾ ਨਾਰੀਅਲ ਉਨ੍ਹਾਂ ਦੇ ਹੱਥੋਂ ਟੁੱਟਾ, ਉਹ ਉਹੀ ਸੀ, ਜੋ ਸਵਾਮੀ ਜੀ ਨੇ ਪੁੰਡਲੀਕਰਾਵ ਨੂੰ ਭੇਂਟ ਵਿਚ ਦੇਣ ਲਈ ਦਿੱਤਾ ਸੀ। ਸ਼ਿਰਡੀ ਦੇ ਨੇੜੇ ਪਹੁੰਚਣ 'ਤੇ ਉਨ੍ਹਾਂ ਨੂੰ ਨਾਰੀਅਲ ਦੀ ਯਾਦ ਆਈ। ਉਨ੍ਹਾਂ ਨੂੰ ਇਹ ਜਾਣ ਕੇ ਬੜਾ ਦੁੱਖ ਹੋਇਆ ਕਿ ਭੇਟ ਸਰੂਪ ਦਿੱਤੇ ਜਾਣ ਵਾਲਾ ਨਾਰੀਅਲ ਹੀ ਤੋੜ ਦਿੱਤਾ ਗਿਆ ਹੈ। ਡਰਦੇ-ਡਰਦੇ ਅਤੇ ਕੰਬਦੇ ਹੋਏ ਉਹ ਸ਼ਿਰਡੀ ਪਹੁੰਚੇ ਅਤੇ ਉਥੇ ਜਾ ਕੇ ਉਨ੍ਹਾਂ ਨੇ ਬਾਬਾ ਦੇ ਦਰਸ਼ਨ ਕੀਤੇ। ਬਾਬਾ ਨੂੰ ਤਾਂ ਇਥੇ ਨਾਰੀਅਲ ਦੇ ਬਾਰੇ 'ਚ ਸਵਾਮੀ ਤੋਂ ਬਿਨਾਂ ਤਾਰ ਦਾ ਤਾਰ ਮਿਲ ਚੁੱਕਾ ਸੀ। ਇਸ ਲਈ ਉਨ੍ਹਾਂ ਨੇ ਪਹਿਲੇ ਹੀ ਪੁੰਡਲੀਕਰਾਵ ਨੂੰ ਸੁਆਲ ਕੀਤਾ ਕਿ "ਮੇਰੇ ਭਰਾ ਦੀ ਭੇਜੀ ਹੋਈ ਚੀਜ਼ ਲਿਆਉ।" ਉਨ੍ਹਾਂ ਨੇ ਬਾਬਾ ਦੇ ਚਰਣ ਫੜ ਕੇ ਆਪਣਾ ਕਸੂਰ ਮੰਨ ਕੇ ਆਪਣੀ ਭੁੱਲ ਦੇ ਲਈ ਉਨ੍ਹਾਂ ਕੋਲੋਂ ਮਾਫੀ ਮੰਗਣ ਲਗੇ। ਉਹ ਉਸ ਦੇ ਬਦਲੇ ਵਿਚ ਦੂਜਾ ਨਾਰੀਅਲ ਦੇਣ ਲਈ ਤਿਆਰ ਸੀ, ਪਰ ਬਾਬਾ ਨੇ ਇਹ ਕਹਿ ਕੇ ਉਸ ਨੂੰ ਨਾਮਨਜ਼ੂਰ ਕਰ ਦਿੱਤਾ ਕਿ "ਉਸ ਨਾਰੀਅਲ ਦਾ ਮੁੱਲ ਇਸ ਨਾਰੀਅਲ ਤੋਂ ਕਈ ਗੁਣਾ ਜ਼ਿਆਦਾ ਸੀ ਅਤੇ ਉਸ ਦਾ ਘਾਟਾ ਇਸ ਆਮ ਨਾਰੀਅਲ ਨਾਲ ਪੂਰਾ ਨਹੀਂ ਹੋ ਸਕਦਾ।" ਫੇਰ ਉਹ ਬੋਲੇ, "ਹੁਣ ਤੁਸੀਂ ਕੋਈ ਫ਼ਿਕਰ ਨਾ ਕਰੋ। ਮੇਰੀ ਹੀ ਮਰਜ਼ੀ ਨਾਲ ਉਹ ਨਾਰੀਅਲ ਤੁਹਾਨੂੰ ਦਿੱਤਾ ਗਿਆ ਅਤੇ ਰਾਹ ਵਿਚ ਤੋੜਿਆ ਗਿਆ ਹੈ। ਤੁਸੀਂ ਆਪਣੇ ਵਿਚ ਕਰਤਾਪਣ ਦੀ ਭਾਵਨਾ ਕਿਉਂ ਲਿਆਉਂਦੇ ਹੋ ? ਕੋਈ ਵੀ ਚੰਗਾ ਕਰਮ ਕਰਨ ਵਕਤ ਆਪਣੇ-ਆਪ ਨੂੰ ਕਰਤਾ ਨਾ ਸਮਝ ਕੇ ਮਾਨ ਅਤੇ ਹੰਕਾਰ ਤੋਂ ਦੂਰ ਹੋ ਕੇ ਹੀ ਕੰਮ

ਕਰੋ, ਤਾਂ ਹੀ ਤੁਹਾਡੀ ਜਲਦੀ ਨਾਲ ਉਨਤੀ ਹੋਵੇਗੀ।" ਕਿੰਨਾ ਸੁੰਦਰ ਸੀ ਉਨ੍ਹਾਂ ਦਾ ਇਹ ਅਧਿਆਤਮਿਕ ਉਪਦੇਸ਼।

ਸ਼ਾਂਤਾਕਰੂਜ਼ ਬੰਬਈ ਦੇ ਸ੍ਰੀ ਬਾਲਾਰਾਮ ਧੁਰੰਧਰ ਪ੍ਰਭੂ ਜਾਤ ਦੇ ਇਕ ਸੱਜਣ ਸੀ। ਉਹ ਬੰਬਈ ਦੇ ਹਾਈ ਕੋਰਟ ਵਿਚ ਐਡਵੋਕੇਟ ਸੀ ਅਤੇ ਕਿਸੇ ਵਕਤ ਸਰਕਾਰੀ ਲਾਅ ਸਕੂਲ ਬੰਬਈ ਦੇ ਪ੍ਰਿੰਸੀਪਲ ਵੀ ਸੀ। ਉਨ੍ਹਾਂ ਦਾ ਸਾਰਾ ਪਰਿਵਾਰ ਪਵਿੱਤਰ ਅਤੇ ਧਾਰਮਿਕ ਸੀ। ਸ੍ਰੀ ਬਾਲਾਰਾਮ ਨੇ ਆਪਣੀ ਬਰਾਦਰੀ ਦੀ ਯੋਗ ਸੇਵਾ ਕੀਤੀ ਅਤੇ ਇਸ ਬਾਰੇ ਵਿਚ ਇਕ ਕਿਤਾਬ ਵੀ ਛਪਵਾਈ। ਇਸ ਤੋਂ ਬਾਅਦ ਉਨ੍ਹਾਂ ਦਾ ਧਿਆਨ ਅਧਿਆਤਮਿਕ ਅਤੇ ਧਾਰਮਿਕ ਵਿਸ਼ਿਆਂ ਵੱਲ ਗਿਆ। ਉਨ੍ਹਾਂ ਨੇ ਧਿਆਨ ਨਾਲ ਗੀਤਾ, ਉਸਦੀ ਵਿਆਖਿਆ ਗਿਆਨੇਸ਼ਵਰੀ ਅਤੇ ਹੋਰ ਦਾਰਸ਼ਨਿਕ ਗ੍ਰੰਥਾਂ ਦਾ ਅਧਿਅਨ ਕੀਤਾ। ਉਹ ਪੰਡਰਪੁਰ ਦੇ ਭਗਵਾਨ ਵਿਠੋਬਾ ਦੇ ਪਰਮ ਭਗਤ ਸੀ। ਸੰਨ 1912 ਵਿਚ ਉਨ੍ਹਾਂ ਨੂੰ ਸ੍ਰੀ ਸਾਈਂਬਾਬਾ ਦੇ ਦਰਸ਼ਨਾਂ ਦਾ ਲਾਭ ਹੋਇਆ। ਛੇ ਮਹੀਨੇ ਪਹਿਲਾਂ ਉਨ੍ਹਾਂ ਦੇ ਭਰਾ ਬਾਬੁਲਜੀ ਅਤੇ ਵਾਮਨਰਾਵ ਨੇ ਸ਼ਿਰਡੀ ਜਾ ਕੇ ਬਾਬਾ ਦੇ ਦਰਸ਼ਨ ਕੀਤੇ ਸੀ ਅਤੇ ਉਨ੍ਹਾਂ ਨੇ ਘਰ ਵਾਪਸ ਆ ਕੇ ਆਪਣੇ ਸੁੰਦਰ ਅਨੁਭਵ ਵੀ ਸ੍ਰੀ ਬਾਲਾਰਾਮ ਅਤੇ ਪਰਿਵਾਰ ਦੇ ਹੋਰ ਲੋਕਾਂ ਨੂੰ ਸੁਣਾਏ। ਤਾਂ ਸਾਰਿਆਂ ਨੇ ਸ਼ਿਰਡੀ ਜਾ ਕੇ ਬਾਬਾ ਦੇ ਦਰਸ਼ਨ ਕਰਨ ਦਾ ਫ਼ੈਸਲਾ ਕੀਤਾ। ਇਥੇ ਸ਼ਿਰਡੀ ਵਿਚ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਬਾਬਾ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ, "ਅੱਜ ਮੇਰੇ ਬਹੁਤ ਸਾਰੇ ਦਰਬਾਰੀ ਆ ਰਹੇ ਹਨ।" ਹੋਰ ਲੋਕਾਂ ਕੋਲੋਂ ਬਾਬਾ ਦੇ ਇਹ ਵਚਨ ਸੁਣ ਕੇ ਧੁਰੰਧਰ ਪਰਿਵਾਰ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਨੇ ਆਪਣੀ ਯਾਤਰਾ ਦੇ ਬਾਰੇ ਵਿਚ ਕਿਸੇ ਨੂੰ ਵੀ ਪਹਿਲਾਂ ਇਸ ਦੀ ਖ਼ਬਰ ਨਹੀਂ ਦਿੱਤੀ ਸੀ। ਸਾਰਿਆਂ ਨੇ ਆ ਕੇ ਬਾਬਾ ਨੂੰ ਪ੍ਰਨਾਮ ਕੀਤਾ ਅਤੇ ਬੈਠ ਕੇ ਗੱਲਬਾਤ ਕਰਨ ਲਗੇ। ਬਾਬਾ ਨੇ ਬਾਕੀ ਲੋਕਾਂ ਨੂੰ ਦੱਸਿਆ, "ਇਹ ਮੇਰੇ ਦਰਬਾਰੀ ਹਨ, ਜਿਨ੍ਹਾਂ ਦੇ ਬਾਰੇ ਵਿਚ ਮੈਂ ਤੁਹਾਨੂੰ ਪਹਿਲੇ ਕਿਹਾ ਸੀ।" ਫੇਰ ਧੁਰੰਧਰ ਭਰਾਵਾਂ ਨੂੰ ਕਹਿਣ ਲਗੇ, "ਮੇਰੀ ਅਤੇ ਤੁਹਾਡੀ ਪਛਾਣ 60 ਜਨਮ ਪੁਰਾਣੀ ਹੈ।" ਉਹ ਸਾਰੇ ਨਿਮਰਤਾ ਨਾਲ ਹੱਥ ਜੋੜ ਕੇ ਬੈਠੇ-ਬੈਠੇ ਬਾਬਾ ਵੱਲ ਦੇਖਦੇ ਰਹੇ। ਉਨ੍ਹਾਂ ਵਿਚ ਸਾਰੀ ਤਰ੍ਹਾਂ ਦੇ ਪਵਿੱਤਰ ਭਾਵ ਜਿਵੇਂ ਅੱਥਰੂ ਆਉਣੇ, ਲੂੰ ਕੰਡੇ ਖੜੇ ਹੋਣੇ ਅਤੇ ਗਲਾ ਭਰ ਆਉਣਾ ਆਦਿ ਜਾਗ ਪਏ ਅਤੇ ਸਾਰਿਆਂ ਨੂੰ ਬੜੀ ਖੁਸ਼ੀ ਹੋਈ। ਇਸ ਤੋਂ ਬਾਅਦ ਉਹ ਸਾਰੇ ਆਪਣੇ ਨਿਵਾਸ 'ਤੇ ਗਏ ਅਤੇ ਭੋਜਨ ਅਤੇ ਥੋੜ੍ਹਾ ਆਰਾਮ ਕਰਕੇ ਫੇਰ ਮਸਜਿਦ ਵਿਚ ਆ ਕੇ ਬਾਬਾ ਦੇ ਚਰਨ ਘੁੱਟਣ ਲਗੇ। ਇਸ ਵੇਲੇ ਬਾਬਾ ਚਿਲਮ ਪੀ ਰਹੇ ਸੀ। ਉਨ੍ਹਾਂ ਨੇ ਬਾਲਾਰਾਮ ਨੂੰ ਵੀ ਚਿਲਮ ਦੇ ਕੇ ਇਕ ਫੂਕ ਮਾਰਨ ਲਈ ਕਿਹਾ। ਭਾਵੇਂ ਅਜੇ ਤਕ ਉਨ੍ਹਾਂ ਨੇ ਕਦੀ ਵੀ ਤੰਬਾਕੂ ਨਹੀਂ ਪੀਤਾ ਸੀ, ਫੇਰ ਵੀ ਚਿਲਮ ਹੱਥ ਵਿਚ ਲੈ ਕੇ ਬੜੀ ਮੁਸ਼ਕਿਲ ਨਾਲ ਉਨ੍ਹਾਂ ਨੇ ਇਕ ਫੂਕ ਮਾਰੀ ਅਤੇ ਆਦਰ ਨਾਲ ਬਾਬਾ ਨੂੰ ਵਾਪਸ ਦੇ ਦਿੱਤੀ। ਉਹ 6 ਸਾਲਾਂ ਤੋਂ ਸਾਹ-ਰੋਗ ਤੋਂ ਦੁਖੀ ਸੀ, ਪਰ ਚਿਲਮ ਪੀਂਦੇ ਹੀ ਉਹ ਠੀਕ ਹੋ ਗਏ। ਉਨ੍ਹਾਂ ਨੂੰ ਫੇਰ ਕਦੀ ਇਹ ਤਕਲੀਫ਼ ਨਹੀਂ ਹੋਈ 6 ਸਾਲ ਦੇ ਬਾਅਦ

ਉਨ੍ਹਾਂ ਨੂੰ ਇਕ ਦਿਨ ਫੇਰ ਸਾਹ-ਰੋਗ ਦਾ ਦੌਰਾ ਪਿਆ। ਇਹ ਉਹੀ ਮਹਾਂ ਪੁੰਨਸ਼ਾਲੀ ਦਿਨ ਸੀ, ਜਦੋਂ ਕਿ ਬਾਬਾ ਨੇ ਮਹਾਂਸਮਾਧੀ ਲਈ। ਉਹ ਵੀਰਵਾਰ ਵਾਲੇ ਦਿਨ ਸ਼ਿਰਡੀ ਆਏ ਸੀ। ਕਿਸਮਤ ਨਾਲ ਉਸੇ ਰਾਤ ਉਨ੍ਹਾਂ ਨੂੰ ਚਾਵੜੀ ਉਤਸਵ ਦੇਖਣ ਦਾ ਮੌਕਾ ਮਿਲ ਗਿਆ। ਆਰਤੀ ਦੇ ਵੇਲੇ ਬਾਲਾਰਾਮ ਨੂੰ ਚਾਵੜੀ ਵਿਚ ਬਾਬਾ ਦਾ ਚਿਹਰਾ ਭਗਵਾਨ ਪਾਂਡੂਰੰਗ ਵਰਗਾ ਦਿਸਿਆ। ਦੂਜੇ ਦਿਨ ਕਾਕੜ ਆਰਤੀ ਵੇਲੇ ਉਨ੍ਹਾਂ ਨੂੰ ਬਾਬਾ ਦੇ ਚਿਹਰੇ ਦੀ ਚਮਕ ਫੇਰ ਆਪਣੇ ਭਗਵਾਨ ਪਾਂਡੂਰੰਗ ਵਰਗੀ ਦਿਸੀ।

ਸ੍ਰੀ ਬਾਲਾਰਾਮ ਧੁਰੰਧਰ ਨੇ ਮਰਾਠੀ ਵਿਚ ਮਹਾਰਾਸ਼ਟਰ ਦੇ ਮਹਾਨ ਸੰਤ ਤੁਕਾਰਾਮ ਦਾ ਜੀਵਨ ਚਰਿੱਤਰ ਲਿਖਿਆ ਹੈ ਪਰ ਅਫ਼ਸੋਸ ਹੈ ਕਿ ਕਿਤਾਬ ਛਪਣ ਤਕ ਉਹ ਜਿੰਦਾ ਨਹੀਂ ਰਹਿ ਸਕੇ। ਉਨ੍ਹਾਂ ਦੇ ਭਰਾਵਾਂ ਨੇ ਇਸ ਕਿਤਾਬ ਨੂੰ ਸੰਨ 1928 ਵਿਚ ਛਪਵਾਇਆ। ਇਸ ਕਿਤਾਬ ਦੇ ਸ਼ੁਰੂ ਵਿਚ ਸਫ਼ਾ 6 ’ਤੇ ਉਨ੍ਹਾਂ ਦੀ ਜੀਵਨੀ ਦੇ ਬਾਰੇ ਵਿਚ ਇਕ ਸੰਖੇਪ ਵੇਰਵੇ ਵਿਚ ਉਨ੍ਹਾਂ ਦੀ ਸ਼ਿਰਡੀ ਯਾਤਰਾ ਦਾ ਪੂਰਾ ਵਰਨਣ ਹੈ।





# ॥ ਅਧਿਆਇ-51 ॥

## ਸਮਾਪਤੀ

ਅਧਿਆਇ-51 ਪੂਰਾ ਹੋ ਚੁੱਕਾ ਹੈ ਅਤੇ ਹੁਣ ਆਖ਼ਰੀ ਅਧਿਆਇ (ਮੂਲ ਗ੍ਰੰਥ ਦਾ 52ਵਾਂ ਅਧਿਆਇ) ਲਿਖਿਆ ਜਾ ਰਿਹਾ ਹੈ। ਇਸ ਵਿਚ ਹੇਮਾਂਡਪੰਤ ਨੇ ਆਖ਼ਰੀ ਪਰਖ ਕੀਤੀ ਹੈ ਅਤੇ ਉਸੇ ਤਰ੍ਹਾਂ ਸੂਚੀ ਲਿਖਣ ਦਾ ਵਚਨ ਦਿੱਤਾ ਹੈ, ਜਿਸ ਤਰ੍ਹਾਂ ਕਿ ਬਾਕੀ ਮਰਾਠੀ ਧਾਰਮਿਕ ਕਾਵਿ-ਗ੍ਰੰਥਾਂ ਵਿਚ ਵਿਸ਼ੇ ਦੀ ਸੂਚੀ ਅੰਤ ਵਿਚ ਲਿਖੀ ਜਾਂਦੀ ਹੈ। ਬਦਕਿਸਮਤੀ ਨਾਲ ਹੇਮਾਂਡਪੰਤ ਦੇ ਕਾਗਜ਼ਾਂ ਦੀ ਛਾਣਬੀਨ ਕਰਨ ’ਤੇ ਉਹ ਸੂਚੀ ਨਹੀਂ ਮਿਲ ਸਕੀ। ਤਾਂ ਬਾਬਾ ਦੇ ਇਕ ਯੋਗ ਅਤੇ ਧਾਰਮਿਕ ਭਗਤ ਠਾਣੇ ਦੇ ਸੇਵਾ ਮੁਕਤ ਮਾਮਲੇਦਾਰ ਸ੍ਰੀ ਬੀ.ਵੀ. ਦੇਵ ਨੇ ਉਸ ਨੂੰ ਰਚ ਕੇ ਪੇਸ਼ ਕੀਤਾ। ਕਿਤਾਬ ਦੇ ਸ਼ੁਰੂ ਵਿਚ ਹੀ ਵਿਸ਼ਾ-ਸੂਚੀ ਦੇਣ ਅਤੇ ਹਰੇਕ ਅਧਿਆਇ ਵਿਚ ਵਿਸ਼ੇ ਦਾ ਇਸ਼ਾਰੇ ਦੇ ਰੂਪ ਵਿਚ ਲਿਖਣਾ ਹੀ ਆਧੁਨਿਕ ਰਿਵਾਜ ਹੈ, ਇਸ ਲਈ ਇਥੇ ਤਤਕਰਾ ਨਹੀਂ ਦਿੱਤਾ ਜਾ ਰਿਹਾ। ਇਸ ਕਰਕੇ ਇਸ ਅਧਿਆਇ ਨੂੰ ਸਮਾਪਤੀ ਹੀ ਸਮਝਣਾ ਠੀਕ ਹੋਵੇਗਾ। ਬਦਕਿਸਮਤੀ ਨਾਲ ਹੇਮਾਂਡਪੰਤ ਉਸ ਵਕਤ ਤਕ ਜਿੰਦਾ ਨਹੀਂ ਰਹੇ ਕਿ ਉਹ ਆਪਣੇ ਲਿਖੇ ਹੋਏ ਇਸ ਅਧਿਆਇ ਨੂੰ ਸੋਧ ਕਰਕੇ ਛਪਣ ਦੇ ਯੋਗ ਬਣਾਉਂਦੇ।

“ਹੇ ਸਾਈਂ, ਮੈਂ ਤੁਹਾਡੇ ਚਰਣਾਂ ਦੀ ਵੰਦਨਾ ਕਰਕੇ ਤੁਹਾਡੀ ‘ਸ਼ਰਨ’ ਦੀ ਪ੍ਰਾਰਥਨਾ ਕਰਦਾ ਹਾਂ, ਕਿਉਂਕਿ ਤੁਸੀਂ ਹੀ ਇਸ ਅਖੰਡ ਸੰਸਾਰ ਦੇ ਇਕ ਹੀ ਆਧਾਰ ਹੋ।” ਜੇ ਇਸ ਹੀ ਧਾਰਨਾ ਨਾਲ ਅਸੀਂ ਉਨ੍ਹਾਂ ਦਾ ਭਜਨ ਅਤੇ ਪੂਜਾ ਕਰੀਏ ਤਾਂ ਇਹ ਪੱਕਾ ਹੈ ਕਿ ਸਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋਣਗੀਆਂ ਅਤੇ ਸਾਨੂੰ ਆਪਣੇ ਪਰਮ ਨਿਸ਼ਾਨੇ ਦੀ ਪ੍ਰਾਪਤੀ ਹੋ ਜਾਏਗੀ। ਅੱਜ ਬੁਰੇ ਵਿਚਾਰਾਂ ਦੇ ਕੰਢੇ ’ਤੇ ਮਾਇਆ-ਮੋਹ ਦੇ ਤੂਫ਼ਾਨ ਨਾਲ ਧੀਰਜ ਰੂਪੀ ਦਰਖ਼ੱਤ ਦੀਆਂ ਜੜ੍ਹਾਂ ਪੁੱਟੀਆਂ ਗਈਆਂ ਹਨ। ਹੰਕਾਰ ਰੂਪੀ ਹਵਾ ਦੀ ਤਾਕਤ ਨਾਲ ਦਿਲ ਰੂਪੀ ਸਮੁੰਦਰ ਵਿਚ ਤੂਫ਼ਾਨ ਉਠ ਖੜਾ ਹੋਇਆ ਹੈ, ਜਿਸ ਵਿਚ ਕ੍ਰੋਧ ਅਤੇ ਘ੍ਰਿਣਾ ਰੂਪੀ ਘੜਿਆਲ ਤਰਦੇ ਹਨ ਅਤੇ ਹੰਕਾਰ ਅਤੇ ਸ਼ੱਕ ਰੂਪੀ ਵੱਖ-ਵੱਖ ਤਰ੍ਹਾਂ ਦੇ ਚੰਗੇ-ਮਾੜੇ ਵਿਚਾਰਾਂ ਦੇ ਭੰਵਰਾਂ ਵਿਚ ਨਿੰਦਿਆ, ਘ੍ਰਿਣਾ ਅਤੇ ਈਰਖਾ ਰੂਪੀ ਬੇਅੰਤ ਮੱਛੀਆਂ ਘੁੰਮ ਰਹੀਆਂ ਹਨ। ਭਾਵੇਂ ਇਹ ਸਮੁੰਦਰ ਏਨਾ ਭਿਆਨਕ ਹੈ ਤਾਂ ਵੀ ਸਾਡੇ ਸਤਿਗੁਰੂ ਸਾਈਂ ਮਹਾਰਾਜ ਉਸ ਵਿਚ ਅਗਸਤਯ ਸਰੂਪ ਹੀ ਹਨ। ਇਸ ਲਈ ਭਗਤਾਂ ਨੂੰ ਜ਼ਰਾ ਵੀ ਡਰਨ ਦੀ ਕੋਈ ਲੋੜ ਨਹੀਂ ਹੈ। ਸਾਡੇ ਸਤਿਗੁਰੂ ਤਾਂ ਜਹਾਜ਼ ਹਨ ਅਤੇ ਉਹ ਸਾਨੂੰ ਖ਼ੈਰੀਅਤ ਨਾਲ ਇਸ ਭਿਆਨਕ ਭਵਸਾਗਰ ਤੋਂ ਪਾਰ ਉਤਾਰ ਦੇਣਗੇ।

ਸ੍ਰੀ ਸਚਿਦਾਨੰਦ ਸਾਈਂ ਮਹਾਰਾਜ ਨੂੰ ਸਸ਼ਟਾਂਗ ਨਮਸਕਾਰ ਕਰਕੇ ਉਨ੍ਹਾਂ ਦੇ ਚਰਣ ਫੜ ਕੇ ਅਸੀਂ ਸਾਰੇ ਭਗਤਾਂ ਦੇ ਭਲੇ ਲਈ ਉਨ੍ਹਾਂ ਨੂੰ ਪ੍ਰਾਰਥਨਾ ਕਰਦੇ ਹਾਂ ਕਿ—"ਹੇ ਸਾਈਂ! ਸਾਡੇ ਮਨ ਦੀ ਚੰਚਲਤਾ ਅਤੇ ਵਾਸਨਾਵਾਂ ਨੂੰ ਦੂਰ ਕਰੋ। ਹੇ ਪ੍ਰਭੂ! ਤੁਹਾਡੇ ਸ੍ਰੀਚਰਣਾਂ ਦੇ ਇਲਾਵਾ ਸਾਡੇ ਵਿਚ ਕਿਸੇ ਹੋਰ ਚੀਜ਼ ਦੀ ਲਾਲਸਾ ਨਾ ਰਹੇ। ਤੁਹਾਡਾ ਇਹ ਚਰਿੱਤਰ ਘਰ-ਘਰ ਪਹੁੰਚੇ ਅਤੇ ਇਸ ਦਾ ਹਰ ਰੋਜ਼ ਪਾਠ ਹੋਵੇ ਅਤੇ ਜਿਹੜਾ ਭਗਤ ਇਸ ਦਾ ਪ੍ਰੇਮ ਨਾਲ ਅਧਿਅਨ ਕਰੇ, ਉਸ ਦੀਆਂ ਸਾਰੀਆਂ ਮੁਸੀਬਤਾਂ ਦੂਰ ਹੋਣ।"

ਹੁਣ ਇਸ ਦੇ ਅਧਿਅਨ ਤੋਂ ਪ੍ਰਾਪਤ ਹੋਣ ਵਾਲੇ ਫਲ ਦੇ ਬਾਰੇ ਵਿਚ ਕੁਝ ਸ਼ਬਦ ਲਿਖਾਂਗਾ। ਇਸ ਗ੍ਰੰਥ ਦੇ ਪਾਠ ਕਰਨ ਨਾਲ ਮਨਚਾਹੇ ਫਲ ਦੀ ਪ੍ਰਾਪਤੀ ਹੋਏਗੀ। ਪਵਿੱਤਰ ਗੋਦਾਵਰੀ ਨਦੀ ਵਿਚ ਇਸ਼ਨਾਨ ਕਰਕੇ ਸ਼ਿਰਡੀ ਦੇ ਸਮਾਧੀ-ਮੰਦਿਰ ਵਿਚ ਸ੍ਰੀ ਸਾਈਂਬਾਬਾ ਦੀ ਸਮਾਧੀ ਦੇ ਦਰਸ਼ਨ ਕਰ ਲੈਣ ਦੇ ਬਾਅਦ ਇਸ ਗ੍ਰੰਥ ਦਾ ਪਾਠ ਜਾਂ ਸਰਵਣ ਸ਼ੁਰੂ ਕਰੋਗੇ ਤਾਂ ਤੁਹਾਡੀਆਂ ਤਿੰਨੇ ਤਰ੍ਹਾਂ ਦੀਆਂ ਮੁਸੀਬਤਾਂ ਵੀ ਦੂਰ ਹੋ ਜਾਣਗੀਆਂ। ਵਕਤ-ਵਕਤ 'ਤੇ ਸ੍ਰੀ ਸਾਈਂਬਾਬਾ ਦੀ ਕਥਾ-ਵਾਰਤਾ ਕਰਦੇ ਰਹਿਣ ਨਾਲ ਤੁਹਾਨੂੰ ਅਧਿਆਤਮਿਕ ਜਗਤ ਦੇ ਲਈ ਰੁਚੀ ਹੋ ਜਾਏਗੀ ਅਤੇ ਜੇ ਤੁਸੀਂ ਇਸ ਤਰ੍ਹਾਂ ਨੇਮ ਅਤੇ ਪ੍ਰੇਮ ਨਾਲ ਅਭਿਆਸ ਕਰਦੇ ਰਹੇ ਤਾਂ ਤੁਹਾਡੇ ਸਾਰੇ ਪਾਪ ਜ਼ਰੂਰ ਨਾਸ਼ ਹੋ ਜਾਣਗੇ। ਜੇ ਸੱਚਮੁਚ ਹੀ ਤੁਸੀਂ ਜਨਮ-ਮਰਨ ਤੋਂ ਮੁਕਤੀ ਚਾਹੁੰਦੇ ਹੋ ਤਾਂ ਸਾਈਂ ਕਥਾਵਾਂ ਦਾ ਨਿਤ ਪਾਠ, ਸਿਮਰਨ ਅਤੇ ਉਨ੍ਹਾਂ ਦੇ ਚਰਣਾਂ ਵਿਚ ਡੂੰਘੀ ਪ੍ਰੀਤ ਰੱਖਣੀ ਚਾਹੀਦੀ ਹੈ। ਸਾਈਂ ਕਥਾ-ਰੂਪੀ ਸਮੁੰਦਰ ਦਾ ਮੰਥਨ ਕਰਕੇ ਉਸ ਵਿਚੋਂ ਪ੍ਰਾਪਤ ਰਤਨਾਂ ਨੂੰ ਦੂਜਿਆਂ ਨੂੰ ਵੰਡੋ, ਜਿਸ ਨਾਲ ਤੁਹਾਨੂੰ ਰੋਜ਼ ਨਵੇਂ ਆਨੰਦ ਦਾ ਅਨੁਭਵ ਹੋਵੇਗਾ ਅਤੇ ਸਰੋਤੇ ਅਧੋਗਤੀ ਤੋਂ ਬਚ ਜਾਣਗੇ। ਜੇ ਭਗਤ ਇਕਾਗਰ ਭਾਵ ਨਾਲ ਉਨ੍ਹਾਂ ਦੀ ਸ਼ਰਨ ਆਏ ਤਾਂ ਉਨ੍ਹਾਂ ਦੀ 'ਮੈਂ' ਨਸ਼ਟ ਹੋ ਕੇ ਬਾਬਾ ਨਾਲ ਅਭਿੰਨਤਾ ਪ੍ਰਾਪਤ ਹੋ ਜਾਏਗੀ ਜਿਵੇਂ ਕਿ ਨਦੀ ਸਮੁੰਦਰ ਵਿਚ ਮਿਲ ਜਾਂਦੀ ਹੈ। ਜੇ ਤੁਸੀਂ ਤਿੰਨ ਅਵਸਥਾਵਾਂ (ਜਾਗਦੇ, ਸੁੱਤੇ ਅਤੇ ਸੁਪਨੇ) ਵਿਚੋਂ ਕਿਸੇ ਇਕ ਵਿਚ ਵੀ ਸਾਈਂ-ਧਿਆਨ ਵਿਚ ਲੀਨ ਹੋ ਜਾਉ ਤਾਂ ਤੁਹਾਡਾ ਸੰਸਾਰਿਕ ਚੱਕਰ ਤੋਂ ਛੁਟਕਾਰਾ ਹੋ ਜਾਏਗਾ। ਇਸ਼ਨਾਨ ਕਰਕੇ ਪ੍ਰੇਮ ਅਤੇ ਸ਼ਰਧਾਵਾਨ ਹੋ ਕੇ ਜਿਹੜੇ ਇਸ ਗ੍ਰੰਥ ਦਾ ਇਕ ਹਫ਼ਤੇ ਵਿਚ ਪਾਠ ਖ਼ਤਮ ਕਰਨਗੇ, ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਜਾਣਗੇ ਜਾਂ ਜਿਹੜੇ ਇਸ ਦਾ ਰੋਜ਼ ਪਾਠ ਜਾਂ ਸਰਵਣ ਕਰਨਗੇ, ਉਨ੍ਹਾਂ ਨੂੰ ਸਾਰੇ ਡਰ ਤੋਂ ਤੁਰੰਤ ਛੁਟਕਾਰਾ ਮਿਲ ਜਾਏਗਾ। ਇਸ ਦੇ ਅਧਿਅਨ ਨਾਲ ਹਰ ਇਕ ਨੂੰ ਆਪਣੀ ਸ਼ਰਧਾ ਅਤੇ ਭਗਤੀ ਦੇ ਮੁਤਾਬਿਕ ਫਲ ਮਿਲੇਗਾ। ਪਰ ਇਨ੍ਹਾਂ ਦੋਵਾਂ ਦੀ ਘਾਟ ਵਿਚ ਕਿਸੇ ਵੀ ਫਲ ਦੀ ਪ੍ਰਾਪਤੀ ਹੋਣਾ ਸੰਭਵ ਨਹੀਂ ਹੈ। ਜੇ ਤੁਸੀਂ ਇਸ ਗ੍ਰੰਥ ਦਾ ਆਦਰ ਨਾਲ ਪਾਠ ਕਰੋਗੇ ਤਾਂ ਸ੍ਰੀ ਸਾਈਂ ਖੁਸ਼ ਹੋ ਕੇ ਤੁਹਾਨੂੰ ਅਗਿਆਨ ਅਤੇ ਦਰਿਦਰਤਾ ਦੇ ਬੰਧਨ ਤੋਂ ਮੁਕਤ ਕਰਕੇ, ਗਿਆਨ, ਧਨ ਅਤੇ

ਅਮੀਰੀ ਪ੍ਰਦਾਨ ਕਰਨਗੇ। ਜੇ ਇਕਾਗਰ ਚਿੱਤ ਹੋ ਕੇ ਰੋਜ਼ ਇਕ ਅਧਿਆਇ ਹੀ ਪੜ੍ਹੋਗੇ ਤਾਂ ਤੁਹਾਨੂੰ ਬੇਹੱਦ ਸੁੱਖ ਦੀ ਪ੍ਰਾਪਤੀ ਹੋਏਗੀ। ਇਸ ਗ੍ਰੰਥ ਨੂੰ ਆਪਣੇ ਘਰ 'ਚ ਗੁਰੂ-ਪੂਰਨਿਮਾ, ਗੋਕੁਲ ਅਸ਼ਟਮੀ, ਰਾਮਨੌਮੀ, ਦੁਸਹਿਰੇ ਅਤੇ ਦੀਵਾਲੀ ਦੇ ਦਿਨ ਜ਼ਰੂਰ ਪੜ੍ਹਨਾ ਚਾਹੀਦਾ ਹੈ। ਜੇ ਧਿਆਨ ਨਾਲ ਤੁਸੀਂ ਸਿਰਫ਼ ਇਸੇ ਗ੍ਰੰਥ ਦਾ ਅਧਿਅਨ ਕਰਦੇ ਰਹੋਗੇ ਤਾਂ ਤੁਹਾਨੂੰ ਸੁੱਖ ਅਤੇ ਸੰਤੋਖ ਪ੍ਰਾਪਤ ਹੋਏਗਾ ਅਤੇ ਹਮੇਸ਼ਾਂ ਸ੍ਰੀ ਸਾਈਂਚਰਣਾਂ ਦੀ ਯਾਦ ਬਣੀ ਰਹੇਗੀ ਅਤੇ ਇਸ ਤਰ੍ਹਾਂ ਤੁਸੀਂ ਭਵਸਾਗਰ ਤੋਂ ਸਹਿਜੇ ਹੀ ਪਾਰ ਹੋ ਜਾਉਗੇ। ਇਸ ਦੇ ਅਧਿਅਨ ਨਾਲ ਰੋਗੀਆਂ ਨੂੰ ਸਿਹਤ, ਨਿਰਧਨਾਂ ਨੂੰ ਧਨ, ਦੁਖੀਆਂ ਅਤੇ ਪੀੜਤਾਂ ਨੂੰ ਸ਼ਾਂਤੀ ਮਿਲੇਗੀ ਅਤੇ ਮਨ ਦੇ ਸਾਰੇ ਦੋਸ਼ ਦੂਰ ਹੋ ਕੇ ਮਾਨਸਿਕ ਸ਼ਾਂਤੀ ਮਿਲੇਗੀ।

ਮੇਰੇ ਪਿਆਰੇ ਭਗਤ ਅਤੇ ਸਰੋਤਿਓ! ਤੁਹਾਨੂੰ ਪ੍ਰਨਾਮ ਕਰਦੇ ਹੋਏ ਮੇਰੀ ਤੁਹਾਨੂੰ ਇਕ ਖ਼ਾਸ ਬੇਨਤੀ ਹੈ ਕਿ ਜਿਸ ਦੀ ਕਥਾ ਤੁਸੀਂ ਏਨੇ ਦਿਨਾਂ ਅਤੇ ਮਹੀਨਿਆਂ ਤੋਂ ਸੁਣੀ ਹੈ, ਉਨ੍ਹਾਂ ਦੇ ਸੀਤਲ ਅਤੇ ਮਨੋਹਰ ਚਰਣਾਂ ਨੂੰ ਕਦੀ ਨਾ ਭੁੱਲ ਜਾਣਾ। ਜਿਸ ਉਤਸ਼ਾਹ, ਸ਼ਰਧਾ ਅਤੇ ਲਗਨ ਦੇ ਨਾਲ ਤੁਸੀਂ ਇਨ੍ਹਾਂ ਕਥਾਵਾਂ ਦਾ ਪਾਠ ਜਾਂ ਸਰਵਣ ਕਰੋਗੇ, ਸ੍ਰੀ ਸਾਈਂਬਾਬਾ ਉਵੇਂ ਹੀ ਸੇਵਾ ਕਰਨ ਦੀ ਬੁੱਧੀ ਸਾਨੂੰ ਦੇਣਗੇ। ਲੇਖਕ ਅਤੇ ਪਾਠਕ ਇਸ ਕੰਮ ਵਿਚ ਆਪਸੀ ਸਹਿਯੋਗ ਦੇ ਕੇ ਸੁਖੀ ਹੋਣ।

ਆਖ਼ੀਰ ਵਿਚ ਅਸੀਂ ਇਸ ਕਿਤਾਬ ਨੂੰ ਖ਼ਤਮ ਕਰਦੇ ਹੋਏ ਸਰਵਸ਼ਕਤੀਮਾਨ ਪ੍ਰਮਾਤਮਾ ਨੂੰ ਕ੍ਰਿਪਾ ਜਾਂ ਪ੍ਰਸ਼ਾਦ ਯਾਚਨਾ ਕਰਦੇ ਹਾਂ: "ਹੇ ਈਸ਼ਵਰ! ਪਾਠਕਾਂ ਅਤੇ ਭਗਤਾਂ ਨੂੰ ਸ੍ਰੀ ਸਾਈਂਚਰਣਾਂ ਵਿਚ ਪੂਰੀ ਅਤੇ ਇਕਾਗਰ ਭਗਤੀ ਦਿਉ। ਸ੍ਰੀ ਸਾਈਂ ਦਾ ਮਨੋਹਰ ਸਰੂਪ ਹੀ ਉਨ੍ਹਾਂ ਦੀਆਂ ਅੱਖਾਂ ਵਿਚ ਸਦਾ ਵੱਸਿਆ ਰਹੇ ਅਤੇ ਉਹ ਸਾਰੇ ਪ੍ਰਾਣੀਆਂ ਵਿਚ ਦੇਵਾਧਿਦੇਵ ਸਾਈਂ ਭਗਵਾਨ ਦਾ ਹੀ ਦਰਸ਼ਨ ਕਰਨ। ਆਸ਼ੀਰਵਾਦ।"





# ॥ ਆਰਤੀ ॥

**ਆਰਤੀ ਸਾਈਂਬਾਬਾ। ਸੌਂਖਯਦਾਤਾਰ ਜੀਵਾ। ਚਰਣਰਜਤਲੀ ਦਯਾਵਾ ਦਾਸਾ ਵਿਸਾਵਾ, ਭਗਤਾਂ ਵਿਸਾਵਾ। ਆਰਤੀ 0 ॥ ਜਾਲੁਨਿਯਾ ਅਨੰਗ। ਸਵਸਵਰੂਪੀ ਰਾਹੇ ਦੰਗ ਮੁਮੁਕਸ਼ੁ ਜਨਾ ਦਾਵੀ। ਜਿਨ ਡੋਲਾ ਸ੍ਰੀਰੰਗ। ਆਰਤੀ 1। ਜਯਾ ਮਨੀਂ ਜੈਸਾ ਭਾਵ। ਤਯਾ ਤੈਸਾ ਅਨੁਭਵ। ਦਾਵਿਸੀ ਦਯਾਘਨਾ ਏਸੀ ਤੁਝੀ ਹੀ ਮਾਵ। ਆਰਤੀ ॥2॥ ਤੁਮਚੇ ਨਾਮ ਧਯਾਤਾਂ। ਹਰੇ ਸੰਸ੍ਰਤਿ ਵਯਥਾ। ਅਗਾਧ ਤਵ ਕਰਨੀਂ। ਮਾਰਗ ਦਾਵਿਸੀ ਅਨਾਥਾ, ਦਾਵਿਸੀ ਆਨਾਥਾ। ਆਰਤੀ ॥3॥ ਕਲਿਜੁਗੀਂ ਅਵਤਾਰ। ਸਗੁਣ ਬ੍ਰਹਮਾ ਸਾਚਾਰ। ਅਵਤੀਰਣ ਝਾਲਾਸੀ। ਸਵਾਮੀ ਦਤ ਦਿਗੰਬਰ। ਦਤ ਦਿਗੰਬਰ। ਆਰਤੀ ॥4॥ ਆਠਾ ਦਿਵਸਾਂ ਗੁਰੂਵਾਰੀ। ਭਗਤ ਕਰੀਤਿ ਵਾਰੀ। ਪ੍ਰਭੁਪਦ ਪਹਾਵਯਾ। ਭਵ ਭਯ ਨਿਵਾਰੀ। ਭਯ ਨਿਵਾਰੀ। ਆਰਤੀ ॥5॥ ਮਾਝਾ ਨਿਜ ਦ੍ਰਵਯ ਠੇਵਾ। ਤਵ ਚਰਣਰਜ ਸੇਵਾ। ਮਾਗਣੇਂ ਹੇਚਿ ਆਤਾਂ। ਤੁਮਹਾਂ ਦੇਵਾਧਿਦੇਵਾ, ਦੇਵਾਧਿਦੇਵਾ। ਆਰਤੀ ॥6॥ ਇਛਿਤ ਦੀਨ ਚਾਤਕ। ਨਿਰਮਲ ਤੋਯ ਨਿਜਸੁਖ। ਪਾਜਾਵੇਂ ਮਾਧਵਾ ਯਾ। ਸਾਂਭਾਲ ਆਪੁਲੀ ਭਾਕ, ਆਪੁਲੀ ਭਾਕ। ਆਰਤੀ ਸਾਈਂਬਾਬਾ। ਸੌਂਖਯਦਾਤਾਰ ਜੀਵਾ ॥7॥**

## ਭਾਵ ਅਰਥ

ਹੇ ਜੀਵਾਂ ਨੂੰ ਸੁੱਖ ਦੇਣ ਵਾਲੇ ਸਾਈਂਬਾਬਾ! ਅਸੀਂ ਤੁਹਾਡੀ ਆਰਤੀ ਕਰਦੇ ਹਾਂ। ਆਪਣੇ ਦਾਸ ਅਤੇ ਭਗਤਾਂ ਨੂੰ ਆਪਣੇ ਚਰਣਾਂ ਦੀ ਠੰਡੀ ਛਾਂ ਵਿਚ ਥਾਂ ਦਿਉ। ਪ੍ਰਕਾਸ਼ਵਾਨ ਭਾਵ ਵਿਚ ਤੁਸੀਂ ਸਦਾ ਆਤਮਲੀਨ ਰਹਿੰਦੇ ਹੋ ਅਤੇ ਮੁਮੁਕਸ਼ੂਆਂ ਨੂੰ ਈਸ਼ਵਰ ਦੀ ਪ੍ਰਾਪਤੀ ਕਰਾ ਦਿੰਦੇ ਹੋ। ਜਿਵੇਂ ਜਿਸਦਾ ਭਾਵ ਹੁੰਦਾ ਹੈ, ਉਸ ਨੂੰ ਤੁਸੀਂ ਉਵੇਂ ਹੀ ਅਨੁਭਵ ਦਿੰਦੇ ਹੋ। ਹੇ ਦਿਆਲੂ! ਤੁਹਾਡੀ ਕੁਝ ਏਦਾਂ ਦੀ ਹੀ ਵਿਸ਼ੇਸ਼ਤਾ ਹੈ। ਤੁਹਾਡੇ ਸ੍ਰੀਚਰਣਾਂ ਦਾ ਸਿਰਫ਼ ਧਿਆਨ ਕਰਨ ਨਾਲ ਭਗਤ ਇਸ ਸੰਸਾਰ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਤੁਸੀਂ ਹਮੇਸ਼ਾਂ ਦੀਨ ਅਤੇ ਅਨਾਥਾਂ ਦੀ ਰੱਖਿਆ ਕਰਦੇ ਹੋ। ਤੁਹਾਡਾ ਕੰਮ ਕਰਨ ਦਾ ਤਰੀਕਾ ਅਪਰੰਪਾਰ ਹੈ। ਹੇ ਦਤ! ਇਸ ਕਲਯੁੱਗ ਵਿਚ ਤੁਸੀਂ ਸਗੁਣ ਬ੍ਰਹਮਾ ਦੇ ਰੂਪ ਵਿਚ ਅਵਤਾਰ ਲਿਆ ਹੈ। ਇਸ ਲਈ ਜਿਹੜੇ ਭਗਤ ਨਿਤ ਵੀਰਵਾਰ ਨੂੰ ਤੁਹਾਡੇ ਕੋਲ ਆਉਣ, ਉਨ੍ਹਾਂ ਨੂੰ ਸੰਸਾਰਿਕ ਡਰ ਤੋਂ ਮੁਕਤ ਕਰਕੇ ਭਗਵਦ-ਦਰਸ਼ਨ ਯੋਗ ਬਣਾਉ। ਹੇ ਦੇਵਾਧਿਦੇਵ! ਤੁਹਾਡੇ ਚਰਣਕਮਲ ਹੀ ਮੇਰੀ ਦੌਲਤ ਹਨ। ਜਿਸ ਤਰ੍ਹਾਂ ਬੱਦਲ ਸ਼ੁਭਕਾਰਕ ਨਛੱਤਰ ਦੀ ਬੂੰਦ ਨਾਲ ਚਾਤਕ ਪੰਛੀ ਦੀ ਪਿਆਸ ਬੁਝਾ ਦਿੰਦਾ ਹੈ, ਉਸੇ ਤਰ੍ਹਾਂ ਮਾਧਵ (ਇਥੇ ਆਪਣਾ ਨਾਂਅ ਲਗਾਉ) ਦੀ ਵੀ ਪਿਆਸ ਬੁਝਾ ਕੇ ਆਪਣੇ ਵਚਨਾਂ ਦਾ ਪਾਲਣ ਕਰੋ।